ਸਰਵਰਕ ਦਾ ਵੇਰਵਾ

ਸਰਦਾਰ ਬਘੇਲ ਸਿੰਘ ਝਬਾਲੀਏ ਦਿੱਲੀ ਫ਼ਤਹ ਕਰਨ ਉਪਰੰਤ
ਲਾਲ ਕਿਲ੍ਹੇ ਉਤੇ ਕੇਸਰੀ-ਪਰਚਮ ਲਹਿਰਾ ਕੇ ਪਰਤਦੇ ਹੋਏ!

ਰਾਜ ਕਰੇਗਾ ਖਾਲਸਾ!

ਪ੍ਰੋ: ਸ਼ੇਰ ਸਿੰਘ ਕੰਵਲ

RAJ KAREGA KHALSA !

PROF. SHER SINGH KANWAL

All rights are reserved by the Publisher
Copyright © 1996

Publisher: **SHER SINGH KANWAL**

Printed by: ***GURU GRAPHICS Inc.***
5025 Hertel Street, Pierrefonds, Quebec
H8Z-2R8 CANADA
Tel : (514) 696-6515 Fax: (514) 696-0788

ਸਮਰਪਣ

ਸਿੱਖ-ਆਜ਼ਾਦੀ ਦੀ ਸ਼ਮ੍ਹਾਂ ਦੇ ਪ੍ਰਵਾਨੇ ਭਾਈ ਬੋਤਾ ਸਿੰਘ - ਗਰਜਾ ਸਿੰਘ ਜੀ ਤੇ
ਜੁੱਤੀ ਦੀ ਨੋਕ ਤੋਂ ਨਵਾਬੀਆਂ ਵਾਰਨ ਵਾਲੇ ਨਵਾਬ ਕਪੂਰ ਸਿੰਘ ਜੀ
ਦੇ ਉਹਨਾਂ ਵਾਰਸਾਂ ਨੂੰ ਜੋ ਸੰਸਾਰਿਕ ਅਹੁਦਿਆਂ-ਗੱਦੀਆਂ
ਦੇ ਲਾਲਚਾਂ ਤੋਂ ਨਿਰਲੇਪ ਰਹਿ ਸਿੱਖਾਂ ਦੀ
ਵਰਤਮਾਨ ਜੰਗੇ-ਆਜ਼ਾਦੀ ਵਿਚ
ਆਪਣੀਆਂ ਜਾਨਾਂ ਨਿਛਾਵਰ
ਕਰ ਗਏ !

ਇਸੇ ਕਲਮ ਤੋਂ ਹੋਰ ਰਚਨਾਵਾਂ

ਆਨੰਦਪੁਰ ਬਨਾਮ ਦਿੱਲੀ	(ਕਾਵਿ ਸੰਗ੍ਰਹਿ)
ਗੁਲਾਬ ਫਾਨੂਸ ਤੇ ਬਰਫ	(ਕਾਵਿ ਸੰਗ੍ਰਹਿ)
ਪੱਥਰ ਦੀ ਅੱਖ	(ਕਾਵਿ ਸੰਗ੍ਰਹਿ)
ਮੋਹ-ਮਹਿਲ	(ਕਾਵਿ ਸੰਗ੍ਰਹਿ)

ਛਪਣ ਹਿਤ ਰਚਨਾਵਾਂ

ਖਾਲਸੇ ਦੀ ਸਿਰਜਣਾ-ਖਾਲਸੇ ਦੀ ਛਾਉਂਣਾ	
ਕਿੱਸਾ ਪ੍ਰਦੇਸੀ ਰਾਂਝਣ	(ਕਾਵਿ ਵਿਅੰਗ)
ਖੇਸ ਦੀ ਬੁੱਕਲ	(ਸਭਿਆਚਾਰਕ-ਕਾਵਿ)
ਪੰਜਾਬ ਦੇ ਮੇਲੇ	(ਸਭਿਆਚਾਰਕ ਲੇਖ)
ਗਜ਼ਲਾਂਜਲੀ	(ਗਜ਼ਲਾਂ)

ਸੂਚ-ਪਤਾ

ਸਚੁ ਸੁਣਾਇਸੀ ਸਚੁ ਕੀ ਬੇਲਾ !	1
ਸਾਕਾ ਸ੍ਰੀ ਅਕਾਲ ਤਖਤ ਸਾਹਿਬ !	6
ਰਾਜ ਕਰੇਗਾ ਖਾਲਸਾ !	18

ਪੰਥ ਤੇ ਪੰਜਾਬ ਦੇ ਦੁਖਾਂਤ ਦੀ ਦਾਸਤਾਨ !

(1978 ਤੋਂ 1996 ਤੀਕ)

ਚਾਨਣ ਦੇ ਵਣਜਾਰੇ	70
ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੈਂਚਾਂ ...	71
ਮੌਸਮ ਮੌਸਮ ਦੀ ਗੱਲ !	77
ਵਿਅੰਗ-ਵਢਾਂਗਾ	79
ਵਿਸਾਖੀ ਦੀ ਵੰਗਾਰ	80
ਪੈਗਾਮਿ-ਆਨੰਦਪੁਰ	85
ਵਿਅੰਗ-ਵਢਾਂਗਾ	89
ਅੱਧੀ ਤੇਰੀ ਹਾਂ ਮੁਲਾਹਜ਼ੇਦਾਰਾ ...	90
ਵਿਅੰਗ-ਵਢਾਂਗਾ	97
ਤੂ ਸਾਹੀਂ ਹੈਂ ਬਸੇਰਾ ਕਰ ...	98
ਵਿਅੰਗ-ਵਢਾਂਗਾ	102
ਜਗਾਏਂ ਹਮਸਫਰੋਂ ਕੋ ...	103
ਵਿਅੰਗ-ਵਢਾਂਗਾ	108
ਧਰਮ-ਯੁੱਧ ਤੇ ਕੁਰਸੀ-ਯੁੱਧ ਦੇ ਉਰਵਾਰ-ਪਾਰ ...	109
ਜੁਝਾਰੂ-ਸਿੰਘ ਦਸਮੇਸ਼-ਦਰਬਾਰ ਦੀ ਸਰਦਲ ਤੇ ...	116
ਵਿਅੰਗ-ਵਢਾਂਗਾ	120
ਸਮਝੌਤਾ ਤੇ ਅਜੋਕੀ ਸਿੱਖ-ਸਿਆਸਤ ...	121
ਇਕ ਕੋਮਰੀ ਗਜ਼ਲ	125
ਵਿਅੰਗ-ਵਢਾਂਗਾ	126
ਸਿੱਖ-ਸਿਆਸਤ ਦਾ ਦੁਖਾਂਤ : ਅਹੁਰ ਤੇ ਇਲਾਜ !	127
ਦੁੱਖ-ਸੁਖ	133
ਵਿਅੰਗ-ਵਢਾਂਗਾ	136
ਸ੍ਰੀ ਦਰਬਾਰ ਸਾਹਿਬ ਦੇ ਘੱਲੂਘਾਰੇ ਪਿੱਛੋਂ ਵਿਦੇਸ਼ੀ-ਸਿੱਖ ...	137
ਅਨਾੜੀ !	148
ਵਿਅੰਗ-ਵਢਾਂਗਾ	149

ਮੌਜੂਦਾ ਸਿੱਖ-ਸਿਆਸਤ ਦੇ ਉਘੁੜਦੇ ਨੈਣ-ਨਕਸ਼ ... 150
ਗਜ਼ਲ 153
ਵਿਅੰਗ-ਵਢਾਂਗਾ 154
ਮਾਮਲਾ ਗੜਬੜ ਹੈ ! *(ਇਕ)* 155
ਮਾਮਲਾ ਗੜਬੜ ਹੈ !! *(ਦੋ)* 161
ਮਾਮਲਾ ਗੜਬੜਹੈ !!! *(ਤਿੰਨ)* 165
ਲੀਡਰ 169
ਵਿਅੰਗ-ਵਢਾਂਗਾ 174
ਚੁਰਾਸੀ ਤੋਂ ਚੁਰਾਹੇ ਤੱਕ 175
... ਹੁਣ ਤਲਾਸ਼ ਹੈ 180
ਵਿਅੰਗ-ਵਢਾਂਗਾ 182
ਅਕਾਲੀਓ ! ਅਜੇ ਵੀ ਅਕਲ ਦੀ ਇਕ ਗੱਲ ਕਰੋ !! 183
ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲਦਾ ... 187
ਅੱਗਿਓਂ ਰਾਜਾ ਬੋਲਦਾ ... 193
ਦੋ ਸ਼ਬਦ ਸਪੱਸ਼ਟੀਕਰਣ ਪ੍ਰਥਾਏ 199
ਜਾਗਣ ਕੀ ਬੇਲਾ 200
ਪੱਗ ਦਾਹੜੀਆਂ ਦੀ ਰੱਖੋ ਲਾਜ ਯਾਰੋ ... 202
ਪੈਗਾਮ 205
ਵਿਅੰਗ-ਵਢਾਂਗਾ 207
ਦਾਰੂ-ਦੀਰਘ-ਰੋਗ ਦਾ 208
ਦੋ ਗੱਲਾਂ-ਕੌਮ ਦੇ ਯੋਧੇ-ਜਰਨੈਲ ਨਾਲ ... 211
ਕਿੱਥੇ ਪਹੁੰਚਾਏਗਾ ਤੁਹਾਨੂੰ ਇਹ ਆਪਸੀ-ਗੱਤਕਾ ? 213
ਸਿੱਖ ਕੀ ਕਰਨ ? 215
ਸ਼ਹੀਦੀ-ਸੁਹਾਗ 218
ਇਕ ਪੈਗਾਮ-ਪ੍ਰਦੇਸੀ ਸਿੱਖ-ਲੀਡਰਾਂ ਦੇ ਨਾਮ ! 219
ਦੋ ਗੱਲਾਂ 225
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ 228
ਚਿੱਠੀਆਂ ਦਰਦਾਂ ਦੀਆਂ ... 231
ਦਮਦਮੀ-ਟਕਸਾਲ ... 240
ਸਿੱਖ-ਸੰਘਰਸ਼ ਦੇ ਸੁਭਚਿੰਤਕੋ ! ਸੋਚੋ !! 243
ਇਕ ਵੰਗਾਰ ! 244
ਰਾਖਵੀਂ ਮੁਬਾਰਕਬਾਦ ! 245
ਗੁਰੂ ਕੇ ਗੋਲੇ ਸਿੱਖਾਂ ਦੇ ਇਹ ਚੀਨੇ ਲੀਡਰ ! 247
ਨਾਨਕ ਦੇ ਵਾਰਸ ਕਲਮਕਾਰੋ ! 256
ਸਾਡੀ ਜਿੱਤ ! ਸਾਡੀ ਹਾਰ !! 258
ਭੰਵਰ ਸੇ ਲੜੋ ... 262
ਸਿੱਖੋ ! ਸਿੱਖ-ਸੰਸਥਾਵਾਂ ਨੂੰ ਸੰਭਾਲੋ !! 269
ਖਾਲਸਾ ਜੀ-ਹੋਸ਼ਿਆਰ ! ਖ਼ਬਰਦਾਰ !! 273

ਕੇਸਰੀ-ਕਾਫ਼ਲਾ ਕਿੱਧਰ ਨੂੰ ? *(ਇਕ)* 275
ਕੇਸਰੀ-ਕਾਫ਼ਲਾ ਕਿੱਧਰ ਨੂੰ ? *(ਦੋ)* 281
ਮਨੂੰ ਸਾਡੀ ਦਾਤਰੀ ... 287
ਖਾਲਸਾ-ਪੰਥ 'ਚ ਖਾੜਕੂ-ਸੰਘਰਸ਼ ਦੇ ਬੋਲ-ਬਾਲੇ ! 292
ਕਸ਼ਮੀਰੀ-ਪੰਡਤਾਂ ਦੀ ਇਹ ਯਾਤਰਾ ... 395
ਤੇਰੀ ਗੱਠੜੀ ਨੂੰ ਲਾਗੇ ਚੋਰ ! ਪੰਥ ਜੀ ... 300
ਵਿਅੰਗ-ਵਢਾਂਗਾ 303
ਵਿਅੰਗ-ਵਢਾਂਗਾ 304
ਖਾਲਿਸਤਾਨ ਸੰਭਵ ਕਿਵੇਂ ? 306
ਵਿਅੰਗ-ਵਢਾਂਗਾ 315
ਵਿਅੰਗ-ਵਢਾਂਗਾ 317
ਵਿਅੰਗ-ਵਢਾਂਗਾ 319
ਅਖੌਤੀ 'ਵਿਸ਼ਵ ਸਿੱਖ-ਸੰਮੇਲਨ' ... 320
ਵਰਤਮਾਨ ਪੰਥਕ-ਹਾਲਾਤ ... 323
ਵਿਅੰਗ-ਵਢਾਂਗਾ ! 332
ਏਨੀ ਮੇਰੀ ਬਾਤ ! 334

ਸ਼ੇਰ ਸਿੰਘ ਕੰਵਲ ਸ: ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਨਜ਼ਰਾਂ 'ਚ

... ਵਰਤਮਾਨ ਸਮੇਂ ਵਿਚ ਪ੍ਰੋ: ਸ਼ੇਰ ਸਿੰਘ ਕੰਵਲ ਇਕ ਐਸੇ ਸਿੱਖ-ਸਾਹਿਤਕਾਰ ਹਨ ਜਿਹਨਾਂ ਦੀ ਇਨਕਲਾਬੀ-ਕਲਮ ਵਿਚ ਇਕ ਭੁਚਾਲ ਲਿਆਉਣ ਦੀ ਤਾਕਤ ਹੈ। ਪੱਤਰਕਾਰੀ ਦੇ ਖੇਤਰ ਵਿਚ ਆਪਣੀ ਪੰਥ-ਮੁਖੀ ਲੇਖਣੀ ਅਤੇ ਸਿੱਖ-ਦਾਇਰਿਆਂ ਵਿਚ ਸੁਧਾਰ ਹਿਤ ਲਿਖਤਾਂ ਕਾਰਣ, ਉਹਨਾਂ ਨੂੰ ਸਿੰਘ-ਸਭਾ ਲਹਿਰ ਦੇ ਮੁਖੀ ਲੇਖਕ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਵਾਰਸ ਕਿਹਾ ਜਾ ਸਕਦਾ ਹੈ। ਮੈਂ ਉਹਨਾਂ ਦੀਆਂ ਲਿਖਤਾਂ ਅਕਸਰ ਅਖਬਾਰਾਂ ਵਿਚ ਪੜ੍ਹਦਾ ਰਿਹਾ ਹਾਂ ਪਰ ਜਦ ਮੈਂ ਦੋ ਤਿੰਨ ਵਾਰ ਪੰਥਕ ਸਟੇਜਾਂ ਪਰ ਉਹਨਾਂ ਦੇ ਵਿਚਾਰ ਤੇ ਤਕਰੀਰਾਂ ਸੁਣੀਆਂ ਤਾਂ ਉਹ ਮੈਨੂੰ ਅਕਾਲੀ-ਲਹਿਰ ਦੇ ਦੂਜੇ ਗਿਆਨੀ ਸ਼ੇਰ ਸਿੰਘ ਹੀ ਪ੍ਰਤੀਤ ਹੋਏ ਹਨ ਜੋ ਪੰਥ ਦੇ ਹਿਤ ਵਿਚ ਜਾਂਦੀ ਗੱਲ ਕਹਿਣ ਤੋਂ ਕਦੇ ਝਿਜਕਦੇ ਖਿਝਕਦੇ ਨਹੀਂ। ਕੰਵਲ ਜੀ ਗੁਰੂ ਹੋਥੋਂ ਵਰੋਸਾਏ ਐਸੇ ਪੰਥਕ-ਲਿਖਾਰੀ ਹਨ ਜੋ ਲੰਕ ਝੁੰਨ ਕੇ ਜੇ ਏਵੇਂ ਪੰਥ ਦੇ ਹਿਤ ਵਿਚ ਲਿਖਦੇ ਰਹਿਣ ਤਾਂ ਸਿੱਖੀ ਦੀ ਮਹਾਨ ਸੇਵਾ ਕਰਕੇ ਨਿਸਚੇ ਹੀ ਪੰਥ ਦੇ ਹੀਰੇ ਹੋ ਚਮਕਣਗੇ!

ਪੇਪਰ *'ਪ੍ਰਸਿਧ ਸਿੱਖ-ਸਾਹਿਤਕਾਰ'* (**ਅਸ਼ੋਕ**) *- 1977*

ਵਰਤਮਾਨ ਕਾਲ ਦੇ ਅਗਾਂਹ-ਵਧੂ ਸਿੱਖ ਕਵੀਆਂ ਵਿਚ ਪ੍ਰੋਫੈਸਰ ਸ਼ੇਰ ਸਿੰਘ ਕੰਵਲ ਦਾ ਸਥਾਨ ਬੜਾ ਉਚਾ ਹੈ। ਇਸ ਸਬੰਧ ਵਿਚ ਉਨ੍ਹਾਂ ਦੀਆਂ ਤਿੰਨ ਕਾਵਯ-ਪੁਸਤਕਾਂ ਕ੍ਰਮਵਾਰ (1)'ਪੋਥਰ ਦੀ ਅੱਖ' ਦਿਸੰਬਰ, 1971/ਵਿਚ (2) 'ਗੁਲਾਬ, ਫਾਨੂਸ ਤੇ ਬਰਫ' ਤੇ (3) 'ਆਨੰਦਪੁਰ ਬਨਾਮ ਦਿੱਲੀ' ਅਕਤੂਬਰ, 1977 ਵਿਚ ਛਪੀਆਂ ਹਨ। ਇਹਨਾਂ ਵਿਚੋਂ ਦੂਜੀ ਪੁਸਤਕ 'ਗੁਲਾਬ, ਫਾਨੂਸ ਤੇ ਬਰਫ' ਨਾਮੀ ਕਾਵਯ-ਸੰਗ੍ਰਹਿ ਨੂੰ 'ਭਾਈ ਵੀਰ ਸਿੰਘ ਪੁਰਸਕਾਰ' ਮਿਲ ਚੁੱਕਾ ਹੈ ਤੇ ਤੀਜੀ ਪੁਸਤਕ 'ਆਨੰਦਪੁਰ ਬਨਾਮ ਦਿੱਲੀ' ਤੇ ਉਹਨਾਂ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵੱਲੋਂ ਸਨਮਾਨਤ ਕਰਨ ਦਾ ਐਲਾਨ ਹੋਇਆ ਹੈ।

ਇਹਨਾਂ ਕਾਵਯ-ਪੁਸਤਕਾਂ ਵਿਚ ਹੋਰ ਵੰਨ-ਸਵੰਨੀਆਂ ਕਵਿਤਾਵਾਂ ਦੇ ਨਾਲ ਹੀ ਕੰਵਲ ਹੋਰਾਂ ਦੀਆਂ ਪੰਜਾਬੀ ਗਜ਼ਲਾਂ ਦੇ ਉਤਮ ਨਮੂਨੇ ਮਿਲਦੇ ਹਨ। ਪ੍ਰੋ: ਸੰਤ ਸਿੰਘ ਸੇਖੋਂ ਦੇ ਕਥਨ ਅਨੁਸਾਰ ਪੰਜਾਬੀ ਦੇ ਚੰਗੇ ਗਜ਼ਲਗੋ ਕਵੀਆਂ ਵਿਚੋਂ ਪ੍ਰੋਫੈਸਰ ਮੋਹਨ ਸਿੰਘ ਤੇ ਤਖਤ ਸਿੰਘ ਤੋਂ ਬਾਅਦ ਪ੍ਰੋ: ਸ਼ੇਰ ਸਿੰਘ ਕੰਵਲ ਦਾ ਨਾਂ ਖਾਸ ਤੌਰ ਤੇ ਆਦਰਯੋਗ ਹੈ। ਇਸੇ ਕਾਰਣ ਸੇਖੋਂ ਸਾਹਿਬ ਦੀ ਪੁਰਜ਼ੋਰ ਸਿਫਾਰਿਸ ਹੈ ਕਿ ਜੇ ਪੰਜਾਬੀ ਵਿਚ ਗਜ਼ਲ ਲਿਖਣੀ ਹੈ ਤਾਂ ਪ੍ਰੋ: ਮੋਹਨ ਸਿੰਘ ਵਾਂਗ, ਤਖਤ ਸਿੰਘ ਵਾਂਗ ਜਾਂ ਕਵੀ ਸ਼ੇਰ ਸਿੰਘ ਕੰਵਲ ਵਾਂਗ ਲਿਖੋ। (ਦੇਖੋ, ਭੂਮਿਕਾ 'ਗੁਲਾਬ, ਫਾਨੂਸ ਤੇ ਬਰਫ' ਸਫਾ-8)

ਸਰਬ ਹਿੰਦ ਕੌਮੀ-ਕਾਂਗਰਸ ਤੇ ਅਕਾਲੀ-ਲਹਿਰ ਨਾਲ ਸਬੰਧਤ ਦੇਸ-ਭਗਤੀ ਦੇ ਨੁਕਤਾ-ਨਿਗਾਹ ਤੋਂ ਕੁਝ ਕੌਮੀ-ਲਹਿਰਾਂ ਜਿਹਨਾਂ ਵਿਚ ਸਿੱਖ-ਸਟੇਟ ਦੀ ਮੰਗ ਤੇ ਪੰਜਾਬੀ ਸੂਬਾ ਅੰਦੋਲਨ ਵੀ ਸ਼ਾਮਲ ਹਨ, ਸੰਨ 1920 ਤੋਂ 1977 ਤੱਕ ਸਿੱਖੀ ਜੀਵਨ ਦੇ ਅੰਗ ਬਣ ਕੇ ਰਹੀਆਂ ਹਨ ਕਿਉਂਕਿ ਅਗਾਂਹ-ਵਧੂ ਸਿੱਖ ਹਮੇਸ਼ਾਂ ਇਹਨਾਂ ਲਹਿਰਾਂ ਦੇ ਕਦਮ ਨਾਲ ਕਦਮ ਮਿਲਾ ਕੇ ਜਾਂ ਅੰਗ ਸੰਗ ਹੋ ਕੇ ਚਲਦੇ ਰਹੇ ਹਨ।

ਪ੍ਰੋ: ਸ਼ੇਰ ਸਿੰਘ ਕੰਵਲ ਨੇ ਪਹਿਲਾਂ ਪੰਜਾਬੀ ਸੂਬਾ ਅੰਦੋਲਨ ਵਿਚ ਤੇ ਫਿਰ ਸ੍ਰੀ ਮਤੀ ਇੰਦਰਾ ਗਾਂਧੀ ਦੀ ਅਪਣਾਈ ਐਮਰਜੈਂਸੀ ਤੋਂ ਵਿਰੁੱਧ ਸ਼੍ਰੋ: ਅਕਾਲੀ ਦਲ ਨਾਲ ਮਿਲ ਕੇ ਮਨ, ਬਚਨ, ਕਰਮ ਤੋਂ ਹਿੱਸਾ ਪਾਇਆ। ਇਸੇ ਕਾਰਣ ਆਪ ਨੇ ਕੈਦ ਕੱਟੀ ਤੇ ਬੜੀਆਂ ਔਕੜਾਂ ਦਾ ਸਾਹਮਣਾ ਵੀ ਕੀਤਾ। ਆਪਣੀਆਂ ਨਵੀਆਂ ਤਾਜ਼ੀਆਂ ਕਾਵਿ-ਰਚਨਾਵਾਂ ਜੋ ਸੰਨ 1977 ਵਿਚ ਛਪੀਆਂ ਹਨ, 'ਗੁਲਾਬ, ਫਾਨੂਸ ਤੇ ਬਰਫ' ਅਤੇ 'ਆਨੰਦਪੁਰ ਬਨਾਮ ਦਿੱਲੀ' ਇਸੇ ਕੌਮੀ ਜਦੋਜਹਿਦ ਦੇ ਪ੍ਰਤੀਬਿੰਬ ਹਨ। ਇਸੇ ਕਾਰਣ ਕਵਿਤਾਵਾਂ ਸਾਰੀਆਂ ਹੀ ਕੜਾਕੇਦਾਰ ਹੋਣ ਕਰਕੇ ਆਪ ਦੀ ਜਦੋਜਹਿਦ ਤੇ ਜ਼ਿੰਦਾ-ਦਿਲੀ ਦੇ ਪ੍ਰਮਾਣ ਪੇਸ਼ ਕਰਦੀਆਂ ਹਨ। ਪਿੰਡ ਤਲਵੰਡੀ ਮੱਲ੍ਹੀਆਂ, ਜ਼ਿਲਾ ਫਿਰੋਜ਼ਪੁਰ ਦੇ ਜੰਮਪਲ ਤੇ ਗੁਰੂ ਨਾਨਕ ਕਾਲਜ ਮੋਗਾ ਦੇ ਪੰਜਾਬੀ ਅਧਿਆਪਕ ਹੋਣ ਕਰਕੇ ਕੰਵਲ ਹੋਰੀਂ ਨਾ ਕੇਵਲ ਪੰਜਾਬੀ ਵਿਦਿਆਰਥੀਆਂ ਵਿਚ ਹੀ ਹਰਮਨ-ਪਿਆਰੇ ਹਨ ਸਗੋਂ ਇਸਤੋਂ ਕੁਝ ਚਿਰ ਪਹਿਲਾਂ ਆਪ ਕਲਕੱਤੇ ਦੇ ਪੰਜਾਬੀ ਦੈਨਿਕ 'ਨਵੀਂ ਪੁਭਾਤ' ਵਿਚ ਕਾਫੀ ਸੁਹਰਤ ਖੱਟ ਚੁੱਕੇ ਹਨ। ਇਹੋ ਕੌਮੀ ਸੁਹਰਤ ਹੁਣ ਪੰਥਕ-ਹਲਕਿਆਂ ਵਿਚ ਇਹਨਾਂ ਦਾ ਮਾਣ ਵਧਾ ਰਹੀ ਹੈ।

ਕੰਵਲ ਜੀ ਦੀਆਂ ਕੌਮੀ-ਜਜ਼ਬੇ ਵਿਚ ਪ੍ਰੋਤੀਆਂ ਨਜ਼ਮਾਂ, ਜੋ ਪੰਜਾਬੀ ਪਾਠਕਾਂ ਦੇ ਦਿਲਾਂ ਨੂੰ ਵਧੇਰੇ ਖਿਚ ਪਾਂਦੀਆਂ ਹਨ, ਉਹ ਸਾਰੀਆਂ ਹੀ ਉਹਨਾਂ ਦੇ ਪਿਛਲੇਰੇ ਸੰਨ 1977 ਦੇ ਨਵੇਂ ਛਪੇ ਕਾਵਯ-ਸੰਗ੍ਰਹਿ 'ਆਨੰਦਪੁਰ ਬਨਾਮ ਦਿੱਲੀ' ਵਿਚ ਹਨ ਤੇ ਉਹ ਸਾਰੀਆਂ ਹੀ ਪਿਛਲੇ ਵਰ੍ਹਿਆਂ ਵਿਚ ਇੰਦਰਾ ਕਾਂਗਰਸੀ ਹਕੂਮਤ ਦੀ ਲਾਈ ਐਮਰਜੈਂਸੀ ਤੋਂ ਵਿਰੁੱਧ ਇਨਸਾਨੀਅਤ ਦੇ ਉਭਰਵੇਂ ਜਜ਼ਬੇ ਦੀਆਂ ਪ੍ਰਤੀਕ ਹਨ, ਜਿਹਨਾਂ ਨੂੰ ਪੜ੍ਹ ਸੁਣ ਕੇ ਸਾਧਾਰਣ ਸ੍ਰੋਤੇ ਵੀ ਫੜਕ ਉਠਦੇ ਹਨ। ਮੈਂ ਸਮਝਦਾ ਹਾਂ ਕਿ ਅਜਿਹੀਆਂ ਉਚ-ਪਾਏ ਦੀਆਂ ਕਾਵਯ-ਰਚਨਾਵਾਂ ਪਾਠਕਾਂ ਨੂੰ ਸ਼ਾਇਦ ਕਿਸੇ ਹੋਰ ਕਾਵਯ-ਸੰਗ੍ਰਹਿ ਵਿਚੋਂ ਨਹੀਂ ਮਿਲ ਸਕਦੀਆਂ। ਕੰਵਲ ਹੋਰੀਂ ਇਸੇ ਖੂਬੀ ਦੇ ਕਾਰਣ ਪੰਜਾਬੀ ਗਗਨਾਂ ਦੇ ਸਿਤਾਰੇ ਹੋ ਕੇ ਚਮਕਦੇ ਨਜ਼ਰ ਆਉਂਦੇ ਹਨ। ਅਕਾਲ ਪੁਰਖ ਕਿਰਪਾ ਕਰੇ ਕਿ ਉਹ ਇਸੇ ਤਰਾਂ ਨਿਤ ਵਧਦੇ-ਫੁਲਦੇ ਰਹਿਣ ਅਤੇ ਉਹਨਾਂ ਨੂੰ ਹਰ ਮੈਦਾਨ ਵਿਚ ਫਤਹਿ ਹਾਸਲ ਹੋਵੇ।

ਸ਼ਮਸ਼ੇਰ ਸਿੰਘ ਅਸ਼ੋਕ
ਸਿੱਖ ਰੈਫਰੈਂਸ ਲਾਇਬ੍ਰੇਰੀ,
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ।
(ਰੋਜ਼ਾਨਾ 'ਅਕਾਲੀ ਪੱਤ੍ਰਕਾ' - 9 ਜੁਲਾਈ, 1978, 'ਚੋਂ')

ਸਚੁ ਸੁਣਾਇਸੀ ਸਚੁ ਕੀ ਬੇਲਾ !

(ਤਿਲੰਗ ਮ: ੧)

ਵਰਤਮਾਨ ਸਮੇਂ ਵਿਚ ਅਸੀਂ ਸਮੇਂ ਦੇ ਉਸ ਦੌਰ 'ਚੋਂ ਗੁਜ਼ਰ ਰਹੇ ਹਾਂ ਜਿਸ ਨੇ ਭਵਿੱਖ ਵਿਚ ਸਿੱਖ-ਇਤਿਹਾਸ ਦਾ ਇਕ ਅਹਿਮ ਤੇ ਉਘਾ ਅੰਗ ਬਣ ਜਾਣਾ ਹੈ। ਮਨੁੱਖ ਦਾ ਸੁਭਾਅ ਹੈ ਕਿ ਉਹ ਆਪਣੀਆਂ ਅੱਖਾਂ ਸਾਹਵੇਂ ਜਾਂ ਨਜ਼ਦੀਕ ਵਾਪਰਦੀਆਂ ਘਟਨਾਵਾਂ ਨੂੰ ਸਾਧਾਰਨਤਾ ਨਾਲ ਲੈਂਦਾ ਹੈ। ਪੰਥ ਤੇ ਪੰਜਾਬ ਦੇ ਹੋਣੀਆਂ ਤੇ ਘਟਨਾਵਾਂ ਨਾਲ ਭਰਪੂਰ ਇਸ ਸਮੇਂ ਨੂੰ ਸਾਡੇ 'ਚੋਂ ਕੁਝ ਲੋਕ ਭਾਵੇਂ ਅੱਜ ਸਰਸਰੀ ਲੈਣ ਪਰ ਜਿਉਂ ਜਿਉਂ ਸਮਾਂ ਗੁਜ਼ਰੇਗਾ ਇਸਨੇ ਸਾਡੀਆਂ ਆਉਂਦੀਆਂ ਸਿੱਖ-ਪੀਹੜੀਆਂ ਲਈ ਅਸਾਧਾਰਨ ਤੇ ਅਦਭੁੱਤ ਬਣਦਾ ਚਲੇ ਜਾਣਾ ਹੈ। ''ਸਾਕਾ ਨੀਲਾ-ਤਾਰਾ'' ਜਿਸਨੇ ਸਿੱਖ-ਮਾਨਸਿਕਤਾ ਨੂੰ ਗਹਿਰੀ ਸੱਟ ਮਾਰੀ ਹੈ, ਨੂੰ ਸਿੱਖ ਕਦੇ ਵੀ ਭੁਲਾ ਨਹੀਂ ਸਕਣਗੇ ਅਤੇ ਇਸ ਨੂੰ ਗਿਣਤੀ ਦੇ ਸਿੱਖ-ਸਰਦਾਰਾਂ ਵਲੋਂ ਆਪਣੇ ਪਿਆਰੇ ਗੁਰਧਾਮਾਂ ਦੀ ਰੱਖਿਆ ਕਰਨ ਦੇ ਪ੍ਰਸੰਗ ਵਿਚ ਧਾਤਵੀ-ਲਸਕਰਾਂ ਨਾਲ ਲੋਹਾ ਲੈਂਦਿਆਂ ਹੋਇਆਂ, ਸਵਾ ਲੱਖ ਨਾਲ ਇਕੱਲਿਆਂ ਲੜਨ ਅਥਵਾ ਬਾਬਾ ਦੀਪ ਸਿੰਘ ਜੀ ਦੀ ਬੀਰ-ਗਾਥਾ ਜਾਂ ਵਚਿਤੱਰ-ਕਥਾ ਵਾਂਗ ਸਦਾ ਯਾਦ ਕੀਤਾ ਜਾਂਦਾ ਰਹੇਗਾ। ਇਸਤੋਂ ਅੱਗੇ ਦੇ ਘੱਟੋ-ਘੱਟ ਦਸ ਵਰ੍ਹੇ ਦਾ ਸਮਾਂ ਸਿੱਖ-ਹਲਕਿਆਂ ਵਿਚ ਤੀਸਰੇ-ਘੱਲੂਘਾਰੇ ਵਜੋਂ ਜਾਣਿਆ ਜਾਂਦਾ ਰਹੇਗਾ। ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ ਤਿੱਖੜ ਅਥਵਾ ਸਿਖਰ-ਦੁਪਹਿਰੇ ਵਰਗਾ ਹੈ ਜਿਸ ਵਿਚ ਦਿੱਲੀ ਵਲੋਂ ਸਿੱਖਾਂ ਉਤੇ ਜ਼ੁਲਮ ਹੁੰਦਾ ਹੈ ਤਾਂ ਅੰਤਾਂ ਦਾ, ਦਸਮੇਸ਼-ਦੁਲਾਰੇ ਨੌਜਵਾਨ ਕੁਰਬਾਨੀ ਕਰਦੇ ਹਨ ਤਾਂ ਲਾਸਾਨੀ, ਪੰਜਾਬੀ ਜਬਰ ਜਰਦੇ ਹਨ ਤਾਂ ਪੁੱਜ ਕੇ, ਅਤੇ ਮੱਕਾਰ ਸੁਆਰਥੀ ਸਿੱਖ-ਲੀਡਰ ਗੱਦਾਰੀ ਕਰਦੇ ਹਨ ਤਾਂ ਸਿਰੇ ਦੀ ! ਇਸ ਸਮੇਂ ਸਿੱਖਾਂ ਦੇ ਧਾਰਮਿਕ-ਖੇਤਰ ਵਿਚ ਆਏ ਜੁਆਰ-ਭਾਟਿਆਂ, ਰਾਜਸੀ-ਪਿੜ ਅੰਦਰ ਆਏ ਪਰਿਵਰਤਨਾਂ ਅਤੇ ਸਮਾਜਿਕ-ਸਭਿਆਚਾਰਕ ਦਾਇਰਿਆਂ ਵਿਚ ਹੋਈ ਹਿੱਲ-ਜੁੱਲ ਤੇ ਉਥਲ-ਪੁੱਥਲ ਕਾਰਨ ਇਹ ਸਮਾਂ ਸਿੱਖ-ਇਤਿਹਾਸ ਦਾ ਇਕ ਧੜਕਦਾ-ਕਾਂਢ ਹੋ ਨਿਬੜਿਆ ਹੈ, ਜਿਸਨੂੰ ਆਉਂਦੀਆਂ ਸਿੱਖ-ਨਸਲਾਂ ਲਈ ਕਲਮਬੰਦ ਕਰਨਾ ਅਤਿਅੰਤ ਜ਼ਰੂਰੀ ਹੈ ਤਾਂ ਕਿ ਉਹ ਸਮੇਂ ਦੀ ਦੁਮੇਲ ਤੇ ਖੁੜ ਕੇ ਵਾਪਰੀਆਂ ਘਟਨਾਵਾਂ ਦੀ ਰੌਸ਼ਨੀ ਵਿਚ ਇਹਨਾਂ ਪਿਛਲੇ ਕਾਰਨਾਂ ਨੂੰ ਜਾਣਕੇ ਕੌਮ ਦੇ ਭਵਿੱਖ ਲਈ ਜ਼ਰੂਰੀ ਮੁੱਦਿਆਂ-ਮਸਲਿਆਂ ਬਾਰੇ ਸਹੀ ਨਿਰਣੇ ਲੈ ਸਕਣ। ਸਿੱਖਾਂ ਬਾਰੇ ਇਕ ਧਾਰਣਾ ਪ੍ਰਸਿੰਧ ਤੇ ਪ੍ਰਚੱਲਤ ਹੈ ਕਿ ਸਿੱਖ, ਇਤਿਹਾਸ ਸਿਰਜਣਾ ਜਾਣਦੇ ਹਨ ਪਰ ਸਾਂਭਣਾ ਨਹੀਂ! ਪੰਜਾਬ ਦਾ ਇਤਿਹਾਸ ਅੱਜ ਇਕ ਅਹਿਮ ਮੋੜ ਮੁੜ ਰਿਹਾ ਹੈ। ਪੰਜਾਬ ਦੇ ਮੰਚ ਉਤੇ ਪਿਛਲੇ ਦਹਾਕੇ ਤੋਂ ਘਟਦੀਆਂ ਘਟਨਾਵਾਂ ਨੂੰ ਵਿਭਿੰਨ ਤਰੀਕਿਆਂ ਨਾਲ ਆਉਂਦੀਆਂ ਸਿੱਖ-ਪੀਹੜੀਆਂ ਲਈ ਸਾਂਭਣ ਵਾਸਤੇ ਵਿਸ਼ੇਸ਼ ਹੀਲੇ-ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਕਿਤੇ ਅਜਿਹਾ ਨਾ ਹੋਵੇ ਕਿ ਸਾਡਾ ਇਹ ਇਤਿਹਾਸਕ-ਖਜ਼ਾਨਾ ਸਮੇਂ ਦੀ ਸਰਸਾ ਦੇ ਵਹਿਣ ਵਿਚ ਫਿਰ ਵਿਅਰਥ ਰੁੜ੍ਹ ਜਾਵੇ ! ਪੰਜਾਬ ਤੇ ਭਾਰਤ ਵਿਚ ਸਿੱਖਾਂ ਉਤੇ ਬੇਅੰਤ ਪਾਬੰਦੀਆਂ ਆਇਦ ਹਨ। ਉਹਨਾਂ ਉਤੇ ਇਸ ਦਬਾਓ ਕਾਰਨ ਇਹ ਫਰਜ਼ ਅੱਜ ਵਿਦੇਸ਼ੀ-ਸਿੱਖਾਂ ਦਾ ਬਣਦਾ ਹੈ ਕਿ ਉਹ ਉਪਲਬਧ-ਵਸੀਲੇ ਵਰਤ ਕੇ ਇਸ ਸਬੰਧ ਵਿਚ ਕੌਮ ਪ੍ਰਤੀ ਆਪਣੀ ਅਹਿਮ ਭੂਮਿਕਾ ਨਿਭਾਉਂਣ !

ਨਿਰਸੰਦੇਹ ਸਿੱਖਾਂ ਦਾ ਧਰਮ ਵੱਖਰਾ ਹੋਣ ਕਾਰਨ, ਬਹਾਦਰ ਤੇ ਉਦਮੀ ਸਿੱਖਾਂ ਦਾ ਘਰ 'ਪੰਜਾਬ' ਦੇਸ-ਵੰਡ ਮਗਰੋਂ ਦਿੱਲੀ ਦੇ ਅੱਖ-ਤਿਣ ਰਹਿਣ ਕਾਰਨ ਬੇਇਨਸਾਫੀ, ਅਨਿਆਂ ਤੇ ਧੱਕੇ ਦਾ ਸ਼ਿਕਾਰ ਰਿਹਾ ਹੈ। ਦਿੱਲੀ ਦੀ ਇਸੇ ਸੋਚ ਦਾ ਸਿੱਟਾ ਸਿੱਖਾਂ ਨੂੰ ਦਬਾਉਂਣ ਲਈ 'ਸਾਕਾ ਨੀਲਾ-ਤਾਰਾ', ਹੋਣ ਅਤੇ ਸਿੱਖਾਂ ਨੂੰ 'ਸਬਕ ਸਿਖਾਉਂਣ' ਲਈ ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਯੋਜਨਾਬਧ ਤਰੀਕੇ ਨਾਲ ਸਿੱਖਾਂ ਨੂੰ ਬਰਬਾਦ ਕਰਨ ਵਿਚ ਨਿਕਲਦਾ ਹੈ ਪਰ 'ਸਾਕਾ ਨੀਲਾ-ਤਾਰਾ' ਵਰਗਾ ਦੁਖਾਂਤ ਵਾਪਰਨ ਦੇ ਮਾਮਲੇ ਵਿਚ ਕੀ ਸਿੱਖ-ਲੀਡਰਸ਼ਿਪ ਨੂੰ ਦੁੱਧ-ਧੋਤੀ ਤੇ ਬੇਕਸੂਰ ਮੰਨ ਕੇ ਬਰੀ ਕੀਤਾ ਜਾ ਸਕਦਾ ਹੈ ? ਹਰਗਿਜ਼ ਨਹੀਂ ! ਮੇਰਾ ਖਿਆਲ ਹੈ ਕਿ ਸਿੱਖਾਂ ਨਾਲ ਵਾਪਰੀ ਇਸ ਹੋਣੀ ਨੂੰ ਬਹੁਤ ਹੱਦ ਤੱਕ ਟਾਲਿਆ ਜਾ ਸਕਦਾ ਸੀ ਜੇ ਕਦੇ ਸਿੱਖਾਂ ਨੇ ਆਪਣੀ ਲੀਡਰਸ਼ਿਪ ਦਾ ਮਸਲਾ ਪਹਿਲਾਂ ਹੱਲ ਕਰ ਲਿਆ ਹੁੰਦਾ।

ਅਸਲ ਵਿਚ ਦੇਸ਼-ਵੰਡ ਸਮੇਂ ਸਿੱਖ-ਖਿੱਤੇ ਦੀ ਪ੍ਰਾਪਤੀ ਲਈ ਸੁਆਰਥ ਤੋਂ ਉਠ ਕੇ ਸੁਹਿਰਦਤਾ ਨਾਲ ਸਿੱਖ-ਹਿਤਾਂ ਦੀ ਰਾਖੀ ਨਾ ਕਰਨ ਦੀ ਸਿੱਖ-ਲੀਡਰਸ਼ਿਪ ਦੀ ਸੰਗੀਨ-ਗਲਤੀ ਮਗਰੋਂ ਵੀ ਲੀਡਰਸ਼ਿਪ ਦੇ ਮਸਲੇ ਤੇ ਸਿੱਖਾਂ ਨੇ ਸੰਜੀਦਗੀ ਨਹੀਂ ਵਰਤੀ। ਮਾਸਟਰ ਜੀ ਦੇ ਜ਼ਮਾਨੇ ਤੋਂ ਲੈ ਕੇ ਹੁਣ ਤੱਕ ਸਿੱਖਾਂ ਦੇ ਲੀਡਰ ਅਨਪੜ੍ਹ ਤੇ ਉਜੱਡ ਜਾਂ ਫਿਰ ਖੋਟੇ-ਖੁਦਗਰਜ਼ ਲੋਕ ਬਣਦੇ ਚਲੇ ਆ ਰਹੇ ਹਨ ਜੋ ਪੰਥ ਪ੍ਰਤੀ ਬੁਨਿਆਦੀ ਤੌਰ ਤੇ ਸੁਹਿਰਦ ਤੇ ਦੂਰ-ਦ੍ਰਿਸ਼ਟ ਨਹੀਂ ਰਹੇ। ਇਹਨਾਂ ਦੇ ਇਕ ਇਕ ਇਸ਼ਾਰੇ ਉਤੇ ਸਿੱਧੇ-ਸਾਦੇ, ਭੋਲੇ-ਭਾਲੇ ਤੇ ਮਾਸੂਮ ਸਿੱਖ-ਮੋਰਚਿਆਂ ਦੀਆਂ ਅੱਗਾਂ 'ਚ ਛਾਲਾਂ ਮਾਰਦੇ, ਖਿੜੇ-ਮੱਥੇ ਡਾਗਾਂ-ਗੋਲੀਆਂ ਖਾਂਦੇ ਰਹੇ ਹਨ। ਪਰ ਕੌਮ ਦੇ ਸਵੈਮਾਨ ਨੂੰ ਦਾਅ ਤੇ ਲਾ ਕੇ ਇਹਨਾਂ ਸਮਾਂ ਆਉਣ ਤੇ ਸਿੱਖਾਂ ਨੂੰ ਦਗਾ ਤੇ ਡੱਬਾ ਦੇ ਕੇ ਕੌਮ ਦੀ ਝੋਲੀ ਵਿਚ ਨਮੋਸ਼ੀ, ਨਿਰਾਸਤਾ ਤੇ ਖੱਜਲ-ਖੁਆਰੀ ਹੀ ਪਾਈ ਹੈ। ਆਪਣੀਆਂ ਕਪਟ-ਚਾਲਾਂ ਨਾਲ ਇਹਨਾਂ ਸਿੱਖੀ ਲਈ ਸੁਹਿਰਦਤਾ ਤੇ ਕੁਰਬਾਨੀ ਦਾ ਜਜ਼ਬਾ ਰਖਦੇ ਚਿਤੰਨ-ਲੋਕਾਂ ਨੂੰ ਸਿੱਖ-ਸਫਾਂ 'ਚ ਅਗੇਰੇ ਆਉਣ ਤੋਂ ਰੋਕਾਂ-ਅਟਕਾਰਾਂ ਖੜੀਆਂ ਕੀਤੀਆਂ ਜਾਂ ਉਹਨਾਂ ਨੂੰ ਆਪਣੇ ਰਾਹ ਦੇ ਰੋੜੇ ਸਮਝ ਕੇ ਖਤਮ ਕਰਵਾ ਦਿੱਤਾ। ਅਜਿਹੇ ਕੁਰਸੀ-ਪ੍ਰੱਸਤ ਸੁਆਰਥੀ-ਲੀਡਰਾਂ ਨੂੰ ਕੁਰਸੀ ਸਦਾ ਪ੍ਰਥਮ ਤੇ ਪੰਥ ਦੋਮ ਰਿਹਾ ਹੈ। ਉਦਾਹਰਣ ਵਜੋਂ ਸਾਧ-ਜੋਤੀ (ਸੰਤ ਫਤਹ ਸਿੰਘ-ਚੰਨਣ ਸਿੰਘ) ਦਾ ਸ: ਦਰਸ਼ਨ ਸਿੰਘ ਫੇਰੂਮਾਨ ਦੇ ਮਰਨ-ਵਰਤ ਨੂੰ ਨਾ ਅਪਣਾਅ ਕੇ ਤੇ ਵਿੰਗੇ-ਟੇਢੇ ਢੰਗ ਨਾਲ ਸਰਕਾਰ ਨੂੰ ਸ਼ਹਿ ਦੇ ਕੇ ਫੇਰੂਮਾਨ ਨੂੰ ਤਿਲ-ਤਿਲ ਕਟ ਕੇ ਸ਼ਹੀਦ ਹੋ ਜਾਣ ਦੇਣਾ, ਦੋਹਾਂ ਸੰਤਾਂ ਦੀ ਪੰਥ ਨਾਲੋਂ ਹਉਮੈ ਨੂੰ ਪ੍ਰਾਥਮਿਕਤਾ ਦੇਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਸੀ। 'ਸਾਕਾ ਨੀਲਾ-ਤਾਰਾ' ਤੋਂ ਪਹਿਲੋਂ ਅੰਮ੍ਰਿਤਸਰ ਵਿਖੇ ਹੋਈ ਫੌਜੀ-ਕਨਵੈਨਸ਼ਨ ਵਿਚ ਸੰਤ ਜਰਨੈਲ ਸਿੰਘ ਖਾਲਸਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਥਾਪਣ ਦੀ ਮੰਗ ਨੂੰ ਨਜ਼ਰ-ਅੰਦਾਜ਼ ਕਰਕੇ ਤੇ ਸੰਪਰਦਾ-ਭਿੰਡਰਾਂ ਦੀ ਅੰਦਰੂਨੀ-ਕਸ਼ਮਕਸ਼ ਦੇ ਪਿਛੋਕੜ ਦਾ ਲਾਹਾ ਲੈ ਕੇ ਸੰਤਾਂ ਮੁਕਾਬਲੇ ਟੋਹੜਾ-ਜੁੰਡਲੀ ਵਲੋਂ ਗਿਆਨੀ ਕਿਰਪਾਲ ਸਿੰਘ ਵੈਰੋਕੇ ਨੂੰ ਜਥੇਦਾਰ ਥਾਪਣਾ ਤੇ ਫਿਰ ਸੰਤ ਜੀ ਦੇ ਧਾਰਮਿਕ-ਖੇਤਰ 'ਚ ਵਧ ਰਹੇ ਪ੍ਰਭਾਵ ਨੂੰ ਨਾ ਜਰਦਿਆਂ 'ਸਾਕਾ ਨੀਲਾ-ਤਾਰਾ' ਵਰਤਾਣ ਲਈ ਗਵਰਨਰ ਪਾਂਡੇ ਰਾਹੀਂ ਕੇਂਦਰ ਨੂੰ ਦੁਆਵਤ ਦੇਣਾ ਤੇ ਕੌਮ ਨੂੰ ਵਰਤਮਾਨ ਭੱਠ ਵਿਚ ਝੋਕ ਕੇ ਸਿੱਖ-ਲਹਿਰ ਦੀ ਸਰਦਾਰੀ ਬਣਾਏ ਰੱਖਣ ਲਈ ਅੰਦਰਖਾਤੇ ਖਾੜਕੂ-ਲਹਿਰ ਦਾ ਵਿਰੋਧ ਕਰਨਾ ਅਤੇ ਸਿੱਖ-ਸੰਸਥਾਵਾਂ ਨੂੰ ਆਪਣੇ ਹਿਤ ਲਈ ਵਰਤਣਾ, ਸੁਆਰਥੀ ਰਵਾਇਤੀ ਸਿੱਖ-ਲੀਡਰਸ਼ਿਪ ਦੇ ਨਿਘਾਰ ਤੇ ਅੰਤਾਂ ਦੀ ਨੀਵਾਣ ਦੀ ਨਿਸ਼ਾਨੀ ਹੈ। ਉਪਰੰਤ ਭਾਈ ਗੁਰਦੇਵ ਸਿੰਘ ਕਾਉਂਕੇ ਵਰਗੇ ਸਿੱਖੀ ਲਈ ਦ੍ਰਿੜ੍ਹ ਇਰਾਦੇ ਵਾਲੇ ਸਿੱਖ ਨੂੰ ਪੰਥ ਦੀ ਸੇਵਾ ਸੰਭਾਲਣ ਨਾਲੋਂ ਕੁਰਬਾਨ ਕਰਵਾ ਕੇ ਵੀ ਆਪਣੀ ਜ਼ੁਬਾਨ ਬੰਦ ਰੱਖਣਾ, ਅਜਿਹਾ ਸਿਰਫ ਸੁਆਰਥੀ ਸਿੱਖ-ਲੀਡਰਸ਼ਿਪ ਹੀ ਕਰ ਸਕਦੀ ਹੈ ਕਿਸੇ ਹੋਰਸ ਕੌਮ ਦੇ ਹਿੱਸੇ ਨਹੀਂ ਆ ਸਕਦਾ !

ਸਿੱਖ-ਸਿਆਸਤ ਦੇ ਅੰਗ-ਸੰਗ ਵਿਚਰਦਿਆਂ ਸਮੇਂ ਨਾਲ ਮੇਰਾ ਇਹ ਵਿਸ਼ਵਾਸ ਦਿਨੋਂ-ਦਿਨ ਹੋਰ ਵਧੇਰੇ ਪ੍ਰਪੱਕ ਤੇ ਬਲਵਾਨ ਹੁੰਦਾ ਗਿਆ ਹੈ ਕਿ ਪੰਥ ਦੇ ਰੌਸ਼ਨ-ਭਵਿੱਖ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਸਿੱਖ-ਲੀਡਰਸ਼ਿਪ ਸਮੇਂ ਦੀ ਹਾਣੀ, ਸੁਹਿਰਦ, ਨਿਰਸੁਆਰਥ ਤੇ ਸੁਜਾਗ ਹੋਵੇ। ਸਿੱਖਾਂ ਦੇ ਧਾਰਮਿਕ ਤੇ ਰਾਜਸੀ ਖੇਤਰਾਂ 'ਚ ਪਛੜੇਂਵੇਂ ਦਾ ਮੁੱਖ ਕਾਰਨ ਹੀ ਇਸਦੀ ਖੁਦਗਰਜ਼-ਖੁੰਢੀ ਲੀਡਰਸ਼ਿਪ ਹੈ। ਕੇਵਲ ਤੇ ਕੇਵਲ ਚਿਤੰਨ-ਚੰਗੇਰੀ ਲੀਡਰਸ਼ਿਪ ਹੀ ਕੌਮ ਦੀ ਪ੍ਰਗਤੀ ਦੀ ਜ਼ਾਮਨ ਹੋ ਸਕਦੀ ਹੈ। ਜਦੋਂ ਜਦੋਂ ਵੀ ਸਿੱਖਾਂ ਨੂੰ ਸੁਜਾਖੇ, ਸੁਜਾਗ ਤੇ ਚਿਤੰਨ ਹੋ ਕੇ ਨਿਸ਼ਕਾਮ, ਨਿਰਸੁਆਰਥ ਤੇ ਦਲੇਰ ਲੀਡਰਸ਼ਿਪ ਸਿਰਜਣ ਦੀ ਜਾਚ ਆਈ ਤਾਂ ਸਿੱਖ ਕੌਮ ਇਕ ਕਾਂਗ ਅਥਵਾ ਲਹਿਰ ਬਣ ਕੇ ਅਗੇਰੇ ਵਧੇਗੀ ਪਰ ਜਦੋਂ ਜਦੋਂ ਵੀ ਸਿੱਖ ਆਪਣੇ ਲੀਡਰਾਂ ਦੇ ਕਿਰਦਾਰ ਤੇ ਕਰਤੀ ਨਿਗਾਹਬਾਨੀ ਤੇ ਨਜ਼ਰਸਾਨੀ ਕੀਤੇ ਬਿਨਾ ਉਹਨਾਂ ਮਗਰ 'ਲਕੀਰ ਦੇ ਫਕੀਰ' 'ਸਤਿਬਚਨੀਏ' ਜਾਂ 'ਜੀ-ਹਜ਼ੂਰੀਏ' ਬਣ ਕੇ ਵਿਚਰਨਗੇ ਪੰਥ ਪ੍ਰਗਤੀ-ਪੰਧ ਤੇ ਅੱਗਰਸਰ ਨਹੀਂ ਹੋ ਸਕੇਗਾ ਤੇ ਇਸਦੇ ਰਾਹਾਂ 'ਚ ਰੋੜੇ, ਅਟਕਾਰਾਂ ਤੇ ਅੜਿੱਚਣਾਂ ਆਉਂਦੀਆਂ ਰਹਿਣਗੀਆਂ!

ਸਿੱਖਾਂ ਵੱਲੋਂ ਅੱਖਾਂ ਮੀਚ ਕੇ ਲੀਡਰਾਂ ਮਗਰ ਤੁਰਨ ਦੀ ਪ੍ਰਵਿਰਤੀ ਨੇ ਸਿੱਖ ਕੌਮ ਦਾ ਪਿਛਲੀ ਅੱਧੀ ਸਦੀ ਵਿਚ ਰਾਜਨੀਤਿਕ ਪੱਖੋਂ ਢੇਰ ਨੁਕਸਾਨ ਕੀਤਾ ਹੈ। ਅੱਜ ਜਦੋਂ ਕਿ ਸਿੱਖ ਆਪਣੀ ਅਜ਼ਾਦੀ ਦਾ ਨਾਅਰਾ ਲਾ ਕੇ ਇਸ ਲਈ ਜਦੋਜਹਿਦ ਕਰ ਰਹੇ ਹਨ, ਉਹਨਾਂ ਨੇ ਆਪਣੇ ਇਸ ਸੁਭਾਓ ਨੂੰ ਹਰ ਹਾਲਤ ਤਿਆਗਣਾ ਹੋਏਗਾ। ਵਰਤਮਾਨ ਸਮੇਂ ਵਿਚ ਲੀਡਰਸ਼ਿਪ ਦੇ ਖਲਾਅ ਨੂੰ ਭਰਨ-ਪੂਰਨ ਅਤੇ ਸਹੀ ਲੀਡਰਸ਼ਿਪ ਨੂੰ ਉਭਾਰਨ-ਨਿਖਾਰਨ ਲਈ ਸਿੱਖਾਂ ਨੇ ਅੱਜ ਉਸ ਲੀਡਰ ਅਥਵਾ ਲੀਡਰਸ਼ਿਪ ਨੂੰ ਉਸਾਰਨਾ ਹੋਏਗਾ ਜੋ ਅਜ਼ਾਦ ਸਿੱਖ-ਰਾਜ ਦੀ ਮੰਜ਼ਿਲ ਵੱਲ ਜਾਂਦੇ ਰਾਹ ਤੇ ਟੁਰੇ! ਕੋਈ ਵੀ ਸਿੱਖ-ਲੀਡਰ ਜੋ ਅੱਜ ਇਸ ਰਾਹ ਉਤੇ ਟੁਰਦਾ ਹੈ ਅਤੇ ਜਿੰਨਾ ਚਿਰ ਟੁਰਦਾ ਹੈ, ਸਿੱਖਾਂ ਨੂੰ ਡਟ ਕੇ ਉਸ ਦਾ ਸਾਥ ਦੇਣਾ ਚਾਹੀਦਾ ਹੈ ਪਰ ਜੇ ਇਸ ਪੰਧ ਤੇ ਟੁਰਦਿਆਂ ਕਿਸੇ ਵੀ ਪੜਾਅ ਉਤੇ ਉਸ ਦੇ ਕਦਮ ਡੋਲਦੇ-ਡਗਮਗਾਂਦੇ, ਕੁਰਾਹੇ ਪੈਂਦੇ ਜਾਂ ਉਹ ਕੌਮ ਦੇ ਉਪਰੋਕਤ ਰਾਜਨੀਤਿਕ-ਨਿਸ਼ਾਨੇ ਪ੍ਰਤੀ ਸੁਹਿਰਦਤਾ ਦਾ ਦਾਮਨ ਛਡਦਾ ਹੈ ਤਾਂ ਸਿੱਖਾਂ ਨੂੰ ਅੱਜ ਸਿਰ ਸੁੱਟ ਕੇ ਉਸ ਦੇ ਪਿਛੇ ਭੇਡ-ਚਾਲ ਚਲਣਾ ਜਾਂ ਮ੍ਰਿਗਾਵਲੀ ਬਣ ਉਸ ਮਗਰ ਅੰਨ੍ਹੇ-ਵਾਹ ਹਰਗਿਜ਼ ਦੌੜਨਾ ਨਹੀਂ ਚਾਹੀਦਾ ਸਗੋਂ ਅੱਜ ਹਰ ਸਿੱਖ ਨੂੰ ਸਿੰਘ ਅਥਵਾ ਸ਼ੇਰ-ਵਤ ਚੌਕਸੀ, ਚਿਤੰਨਤਾ ਤੇ ਨਿਰਭੈਤਾ ਵਰਤਦਿਆਂ ਅਜਿਹੇ 'ਵਿਅਕਤੀ-ਵਿਸ਼ੇਸ਼' ਨੂੰ ਅਲਵਿਦਾ ਆਖ ਆਪਣੀ ਅੱਖ ਕੌਮੀ-ਨਿਸ਼ਾਨੇ ਤੇ ਰੱਖਣੀ ਚਾਹੀਦੀ ਹੈ। ਕਾਸ਼ ! ਅਸੀਂ ਸਿੱਖ ਪਿਛਲੇ ਵਰ੍ਹਿਆਂ ਵਿਚ ਇਸ ਬਿਰਤੀ ਦੇ ਧਾਰਨੀ ਹੁੰਦੇ ਤਾਂ ਕੌਮ ਦਾ ਇਤਨਾ ਵੱਡਾ ਨੁਕਸਾਨ ਨਾ ਹੁੰਦਾ!

ਰਵਾਇਤੀ-ਅਕਾਲੀ ਅਥਵਾ ਸਿੱਖ-ਲੀਡਰਸ਼ਿਪ ਤੇ ਇਸਦੇ ਕਿਰਦਾਰ ਨੂੰ ਨੈਤਿਓਂ ਤੱਕਣ ਕਾਰਨ ਨਿਰਸੰਦੇਹ ਹਰ ਲਿਖਤ ਲਿਖਣ ਸਮੇਂ ਇਸ ਥਾਂਵੇਂ ਦਿਆਨਤਦਾਰ, ਨਵੀਂ-ਨਿਕੋਰ ਤੇ ਚਿਤੰਨ ਸਿੱਖ-ਲੀਡਰਸ਼ਿਪ ਨੂੰ ਉਭਾਰਨ ਦਾ ਵਿਚਾਰ ਅਚੇਤ ਤੌਰ ਤੇ ਸਦਾ ਮੇਰੇ ਅੰਤਰੀਵ ਮਨ 'ਚ ਪਿਛਲੇ ਲੰਬੇ ਸਮੇਂ ਤੋਂ ਪਲਦਾ ਰਿਹਾ ਹੈ ਤੇ ਇਸ ਮੰਤਵ ਲਈ ਲਿਖੀਆਂ ਲਿਖਤਾਂ ਵਿਚ ਮੇਰਾ ਸੁਰ ਕਈ ਥਾਈਂ ਇਸ ਖੁਦਗਰਜ਼-ਲੀਡਰਸ਼ਿਪ ਪ੍ਰਤੀ ਵਿਦਰੋਹੀ ਰਿਹਾ ਹੈ। ਪਰ 'ਸਾਕਾ ਨੀਲਾ-ਤਾਰਾ' ਉਪਰੰਤ ਵਿਸ਼ੇਸ਼ਕਰ ਵਿਦੇਸ਼ਾਂ 'ਚ ਉਭਰੀ ਨੌਜਵਾਨ-ਲੀਡਰਸ਼ਿਪ ਨੂੰ ਨੀਝ ਨਾਲ ਨਿਹਾਰਦਿਆਂ ਤੇ ਸਿੱਖ ਖਾੜਕੂ-ਲਹਿਰ ਦੀ ਲੀਡਰਸ਼ਿਪ ਦਾ ਇਕ ਉਤਸਕ-ਪਾਠਕ ਵਜੋਂ ਅਧਿਅਨ ਕਰਦਿਆਂ ਜਾਂ ਇਸਨੂੰ ਵਿਚਾਰਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਸ ਅਤਿ ਬਿਖੜੇ ਸਮੇਂ 'ਚੋਂ ਵਿਚਰਦੇ ਸਿੱਖਾਂ ਦੀ ਲੀਡਰਸ਼ਿਪ ਦੇ ਮਸਲੇ ਉਤੇ ਪ੍ਰਾਪਤੀ ਲਾ ਪਾ ਕੇ ਸੰਤੋਖ-ਜਨਕ ਨਹੀਂ ਰਹੀ। ਪਿਛਲੇ ਇਸ ਅਰਸੇ ਦੌਰਾਨ ਨੌਜਵਾਨਾਂ ਨੇ ਧਰਮ ਨੂੰ ਪ੍ਰਾਥਮਿਕਤਾ ਦੇਣ ਲਈ ਨਾ ਧੜੇ ਤਿਆਗੇ ਹਨ ਤੇ ਨਾ ਪੰਥ ਨੂੰ ਪਹਿਲਾਂ ਰੱਖਣ ਲਈ ਵਿਅਕਤੀ-ਵਿਸ਼ੇਸ਼ ਨੂੰ ਪਹਿਲ ਦੇਣੀ ਛੱਡੀ ਹੈ। ਸਿੱਖ-ਸੰਘਰਸ਼ ਦੀ ਮੁਹਰੈਲ ਬਹੁਤੀ ਖਾੜਕੂ-ਲੀਡਰਸ਼ਿਪ ਕੁਰਬਾਨ ਤਾਂ ਹੋ ਗਈ ਪਰ ਇਹ ਇੱਕਮੁੱਠ ਨਹੀਂ ਹੋ ਸਕੀ। ਦੇਸ਼ ਤੇ ਵਿਦੇਸ਼ ਵਿਚਲੀ ਰਵਾਇਤੀ-ਲੀਡਰਸ਼ਿਪ ਨਾ ਦਿਲੋਂ ਨੌਜਵਾਨਾਂ ਦੇ ਮਗਰ ਖੁੜੀ ਹੈ ਤੇ ਨਾ ਨੌਜਵਾਨਾਂ ਨੂੰ ਆਪਣੇ ਕਿਰਦਾਰ ਨਾਲ ਕਾਇਲ ਕਰਕੇ ਆਪਣੇ ਨਾਲ ਲੈ ਸਕੀ ਹੈ। ਕੌਮ ਦੀ ਇਸ ਪਾਟੋਧਾੜ ਤੇ ਆਪਾ-ਧਾਪੀ ਕਾਰਨ ਭਾਂਵੇਂ ਵਕਤੀ ਤੌਰ ਤੇ ਹੀ ਹੋਵੇ, ਦਿੱਲੀ ਦਾ ਹੱਥ ਉਤੇ ਹੋਣ ਨਾਲ, ਸਿੱਖ-ਸੰਘਰਸ਼ 'ਚ ਖਤੋਤ ਆ ਗਈ ਹੈ। ਛੇਤ ਦਹਾਕੇ ਦੇ ਇਸ ਦੁਖਾਂਤ ਵਿਚ ਹੋਏ ਵੱਡੇ ਕੌਮੀ-ਨੁਕਸਾਨ ਮਗਰੋਂ ਕੋਈ ਪ੍ਰਾਪਤੀ ਨਾ ਹੋਣ ਕਾਰਨ ਕੌਮ ਵਿਚ ਉਪਰਾਮਤਾ ਤੇ ਨਿਰਾਸਤਾ ਦਾ ਪਸਰਨਾ ਸੁਭਾਵਿਕ ਹੈ। ਹੋਰਨਾਂ ਸਿੱਖਾਂ ਵਾਂਗ ਮੈਂ ਵੀ ਇਸ ਉਦਾਸੀਨਤਾ ਦੇ ਦੌਰ 'ਚੋਂ ਵਿਚਰਿਆ ਹਾਂ। 'ਸਾਕਾ ਨੀਲਾ-ਤਾਰਾ' ਉਪਰੰਤ ਸਿੱਖ-ਜਦੋਜਹਿਦ ਨੂੰ ਗਹੁ ਨਾਲ ਤਕਦਿਆਂ ਤੇ ਇਕ ਨਿਮਾਣੇ ਕਲਮਕਾਰ ਵਜੋਂ ਨਿਰੰਤਰ ਇਸ ਸਬੰਧੀ ਲਿਖਣ ਕਾਰਨ ਇਸ ਨਾਲ ਬਣੀ ਆਪਣੀ ਭਾਵੁਕ-ਸਾਂਝ ਕਾਰਨ ਇਸ ਬਿਖੜੇ ਸਮੇਂ ਲੀਡਰਸ਼ਿਪ ਦੇ ਇਸ ਸੰਕਟ-ਗ੍ਰਸਤ ਕਾਲ ਵਿਚ ਸਿੱਖ-ਲੀਡਰਸ਼ਿਪ ਦੀ ਪਾਟੋ-ਧਾੜ ਤੇ ਖਹਿਬਾਜ਼ੀ ਨੂੰ ਸ਼ਿੱਦਤ ਨਾਲ ਮਹਿਸੂਸ ਕੇ ਤੇ ਇਸ ਸਬੰਧੀ ਆਪਣੇ ਚਿਰੋਕਣੇ ਸੁਪਨੇ ਦੇ ਤਿੜਕਣ ਕਾਰਨ ਮੈਂ ਇਕ ਸਾਧਾਰਨ ਸਿੱਖ ਵਜੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਿੱਖ-ਲੀਡਰਸ਼ਿਪ ਤੱਕ ਪਹੁੰਚਾ ਕੇ ਇਹਨਾਂ ਦੀ ਤਰਜਮਾਨੀ ਲਈ ਆਵਾਜ਼ਾਂ ਮਾਰਦਾ ਰਿਹਾ ਹਾਂ।

ਅਸਲ 'ਚ 'ਰਾਜ ਕਰੇਗਾ ਖਾਲਸਾ' ਪਿਛਲੇ ਕੌਮੀ-ਦੁਖਾਂਤਿਕ ਕਾਲ ਦੌਰਾਨ ਸਿੱਖਾਂ ਦੀ ਭੀੜ 'ਚ ਖੁੜ ਕੇ ਮੇਰੇ ਵਲੋਂ ਸਿੱਖ-ਹਿਤਾਂ ਲਈ ਸਿੱਖ-ਲੀਡਰਸ਼ਿਪ ਨੂੰ ਮਾਰੀਆਂ ਹਾਕਾਂ, ਹੂਕਾਂ ਤੇ ਹੋਕਰਿਆਂ ਦਾ ਹੀ ਸੰਗ੍ਰਹਿ ਹੈ। ਇਹ ਸੰਗ੍ਰਹਿ ਇਕ ਕਿਸਮ ਨਾਲ 1978 ਅਤੇ ਵਿਸ਼ੇਸ਼ਕਰ 1984 ਤੋਂ 1996 ਤੱਕ ਦੀ ਸਿੱਖ-ਸਿਆਸਤ ਦੀ ਪੈੜ-ਚਾਲ ਜਾਂ ਇਤਿਹਾਸਕ-ਬ੍ਰਿਤਾਂਤ ਹੈ ਜਿਸਨੂੰ ਮੈਂ ਉਕਤ ਵਰ੍ਹਿਆਂ ਵਿਚ ਸਮੇਂ ਸਮੇਂ ਵਾਰਤਿਕ, ਕਵਿਤਾ ਤੇ ਵਿਅੰਗ ਦੇ ਰੂਪ 'ਚ ਲਿਖਦਾ ਆਇਆ ਹਾਂ। ਸਿੱਖ-ਸਿਆਸਤ ਦੇ

ਇਸ ਸੰਗ੍ਰਹਿ-ਸ਼ੀਸ਼ੇ ਚੋਂ ਪਾਠਕ ਜਿਥੇ 'ਸਾਕਾ ਨੀਲਾ-ਤਾਰਾ' ਸਮੇਤ ਦਿੱਲੀ ਦੇ, ਸਿੱਖਾਂ ਉਤੇ ਕੀਤੇ ਜ਼ੁਲਮਾਂ ਦੀ ਤਸਵੀਰ ਵੇਖ ਸਕਣਗੇ ਉਥੇ ਇਸ ਅਰਸੇ ਦੌਰਾਨ ਪੰਥਕ-ਦਾਇਰੇ ਵਿਚ ਵਾਪਰਦੀਆਂ ਘਟਨਾਵਾਂ, ਸਿਰਲੱਥ ਨੌਜਵਾਨਾਂ ਦੀਆਂ ਅਕਹਿ-ਕੁਰਬਾਨੀਆਂ ਤੇ ਸੁਆਰਥੀ-ਲੀਡਰ ਲੋਕਾਂ ਦੀਆਂ ਸਿੱਖਾਂ ਨਾਲ ਖੇਡੀਆਂ ਲੁਕਣ-ਮੀਟੀਆਂ, ਠੁੰਬਤਚਾਲਾਂ ਤੇ ਦਗੇਬਾਜ਼ੀਆਂ ਦੇ ਖੁਲ੍ਹੇ ਦਰਸ਼ਨ-ਦੀਦਾਰੇ ਵੀ ਕਰ ਸਕਣਗੇ !

ਇਹਨਾਂ ਲਿਖਤਾਂ ਵਿਚ ਮੁੱਖ ਤੌਰ ਤੇ ਮੈਂ ਸਿੱਖਾਂ ਦੀ ਕੁਰਬਾਨੀ ਦੀ ਖੱਟਿਆ ਖਾਂਦੇ ਤੇ ਸਿੱਖ-ਹਿਤਾਂ ਨੂੰ ਅਣਡਿੱਠ ਕਰਕੇ ਖ਼ੁਦਗਰਜ਼ੀ ਲਈ ਦਿੱਲੀ ਵੱਲ ਤਾਂਘਦੇ-ਅਹੁਲਦੇ ਸਿੱਖ-ਲੀਡਰਾਂ ਨੂੰ ਕਲਮੀ-ਮੋੜੇ ਲਾਏ ਹਨ ਤੇ ਦੇਸ਼-ਵਿਦੇਸ਼ ਵਿਚ ਵਿਚਰਦੀ ਸਿੱਖ-ਲੀਡਰਸ਼ਿਪ ਸਬੰਧੀ ਤੱਥਾਂ ਨੂੰ ਬਿਆਨਣ ਤੇ ਸਿੱਖਾਂ ਸਾਹਵੇਂ ਸੱਚ ਨੂੰ ਉਘਾੜਨ ਲਈ ਪੰਥਕ-ਹਿਤ ਖਾਤਰ ਨਿਰਪੱਖ, ਨਿਰਸੰਕੋਚ ਤੇ ਨਿਝੱਕ ਹੋ ਕੇ ਦਾਤਾਰ-ਬਖ਼ਸ਼ੀ ਕਲਮ ਨੂੰ ਵਾਹਿਆ ਹੈ ਤੇ ਇਸਤੋਂ ਉਰਾਰ ਰਵਾਇਤੀ-ਲੀਡਰਸ਼ਿਪ ਦਾ ਬਦਲ ਬਣਨ ਵਾਸਤੇ ਸਿੱਖ-ਭਾਵਨਾਵਾਂ ਨੂੰ ਸਮਝ ਕੇ ਚਲਣ ਲਈ ਸ: ਸਿਮਰਨਜੀਤ ਸਿੰਘ ਮਾਨ, ਕੈਪਟਨ ਅਮਰਿੰਦਰ ਸਿੰਘ, ਭਾਈ ਜਸਵੀਰ ਸਿੰਘ ਤੇ ਭਾਈ ਮਨਜੀਤ ਸਿੰਘ ਆਦਿ ਨੂੰ ਸਮੇਂ ਸਮੇਂ ਲਿਖਤਾਂ-ਖਤਾਂ ਰਾਹੀਂ ਸੁਝਾਅ ਦਿੰਦਾ ਰਿਹਾ ਹਾਂ। ਇਹ ਤੱਥ ਜਾਂ ਸੁਝਾਅ ਸਮੇਂ ਦੇ ਬੀਤਣ ਨਾਲ ਕਿਥੋਂ ਤੀਕਰ ਸੱਚ ਸਾਬਤ ਹੋਏ ਹਨ? ਇਸਦਾ ਨਿਰਣਾ-ਨਿਤਾਰਾ ਪੁਸਤਕ ਪੜ੍ਹਨ ਉਪਰੰਤ ਪਾਠਕ ਆਪ ਹੀ ਕਰ ਲੈਣਗੇ।

ਪੁਸਤਕ ਦੇ ਆਰੰਭ ਵਿਚ ਵਰਤਮਾਨ ਸਿੱਖ-ਦੁਖਾਂਤ ਦੀ ਪ੍ਰਮੁੱਖ ਘਟਨਾ 'ਸਾਕਾ ਸ੍ਰੀ ਅਕਾਲ ਤਖਤ ਸਾਹਿਬ' ਦਿਤਾ ਗਿਆ ਹੈ। ਇਸ ਉਪਰੰਤ ਸਿੱਖ-ਜਦੋਜਹਿਦ ਦੀਆਂ ਦੋ ਜਟਿਲ ਸਮੱਸਿਆਵਾਂ-ਸਿੱਖਾਂ ਦੀ ਰਾਜਸੀ ਮੰਜ਼ਿਲ ਤੇ ਸਿੱਖ-ਲੀਡਰਸ਼ਿਪ ਦੇ ਭਖਦੇ-ਮਸਲਿਆਂ ਜਾਂ ਸਮੱਸਿਆਵਾਂ ਦਾ ਸਮਾਧਾਨ ਜਾਂ ਹੱਲ ਸਿੱਖ-ਕੌਮ ਦੇ ਇਤਿਹਾਸਕ-ਪ੍ਰਸੰਗ ਅਨੁਸਾਰ ਯਥਾਸ਼ਕਤਿ 'ਰਾਜ ਕਰੇਗਾ ਖਾਲਸਾ' ਵਿਚ ਪੇਸ਼ ਕੀਤਾ ਗਿਆ ਹੈ ਤਾਂ ਕਿ ਕੌਮ ਮੌਜੂਦਾ-ਭੰਵਰ 'ਚੋਂ ਨਿਕਲ ਕੇ ਕਿਸੇ ਕੰਢੇ-ਕਿਨਾਰੇ ਵੱਲ ਵਧ ਸਕੇ !

ਇਸਤੋਂ ਮਗਰੋਂ ਰਚਨਾ ਦੀ ਇਸ ਧਾਰਾ ਵਿਚ ਸਿੱਖ-ਸਿਆਸਤ ਦੀ ਉਸ ਨਦੀ ਦਾ ਵਰਨਣ ਵੇਰਵਾ ਹੈ ਜੋ 1978 ਦੇ ਨਿਰੰਕਾਰੀ-ਸਾਕੇ ਚੋਂ ਲੰਘਦੀ ਹੋਈ ਰਵਾਇਤੀ ਤੇ ਖਾੜਕੂ-ਲੀਡਰਸ਼ਿਪ ਦੇ ਦਾਅ-ਪੇਚਾਂ ਦੇ ਵਲ-ਵਲੇਵੇਂ ਖਾਂਦੀ, ਘਟਨਾਵਾਂ-ਮਸਲਿਆਂ ਦੀਆਂ ਚੱਟਾਨਾਂ-ਪੱਥਰਾਂ ਨਾਲ ਖਹਿੰਦੀ ਤੇ ਖੋਰੂ ਪਾਉਂਦੀ 96 ਦੀ ਜੂਹ ਵਿਚ ਪਹੁੰਚਦੀ ਹੈ। ਭਾਵ ਮੁੱਢ ਵਿਚਲੀਆਂ ਦੋ ਰਚਨਾਵਾਂ 'ਸਾਕਾ ਸ੍ਰੀ ਅਕਾਲ ਤਖਤ ਸਾਹਿਬ ਤੇ 'ਰਾਜ ਕਰੇਗਾ ਖਾਲਸਾ' ਤੋਂ ਮਗਰੋਂ ਸਮੇਂ ਸਮੇਂ ਲਿਖੀਆਂ ਰਚਨਾਵਾਂ ਨੂੰ ਘਟਨਾ-ਕ੍ਰਮ ਅਨੁਸਾਰ ਤਰਤੀਬ ਤੇ ਤਰੀਕਵਾਰ 'ਪੰਥ ਤੇ ਪੰਜਾਬ ਦੇ ਦੁਖਾਂਤ ਦੀ ਦਾਸਤਾਨ' (1978 ਤੋਂ 1996) ਅਧੀਨ ਦਿਤਾ ਗਿਆ ਹੈ।

ਇਹਨਾਂ ਚੋਂ ਬਹੁਤ ਸਾਰੀਆਂ ਰਚਨਾਵਾਂ ਉਪਰੋਕਤ ਸਮੇਂ ਸੰਸਾਰ ਦੇ ਵਿਭਿੰਨ ਭਾਗਾਂ 'ਚ ਛਪਦੇ ਸਮਾਚਾਰ-ਪੱਤਰਾਂ ਵਿਚ ਸਮੇਂ ਸਮੇਂ ਛਪਦੀਆਂ ਰਹੀਆਂ ਹਨ ਅਤੇ ਕੁਝਨਾਂ ਨੂੰ ਮੈਂ ਆਪਣੇ ਮਾਸਿਕ-ਪੱਤਰ 'ਜਾਗੋ-ਇੰਟਰਨੈਸ਼ਨਲ' ਦੇ ਸੰਪਾਦਕੀਆਂ ਵਜੋਂ ਲਿਖਦਾ ਰਿਹਾ ਹਾਂ। 'ਜਾਗੋ'- ਜਿਸਨੂੰ ਆਪਣੀਆਂ ਆਰਥਿਕ-ਔਕੜਾਂ ਤੇ ਨਿਰਪੱਖ-ਨੀਤੀ ਕਾਰਨ ਮੈਂ ਪਾਲ ਨਾ ਸਕਿਆ!

ਸਾਡਾ ਸੁਭਾਗ ਹੈ ਕਿ ਅਸੀਂ ਯੁਗ-ਪੁਰਸ਼ ਸੰਤ ਜਰਨੈਲ ਸਿੰਘ ਖਾਲਸਾ ਦੇ ਸਮੇਂ ਵਿਚ ਜਿਉਂਦੇ ਹਾਂ। ਸਾਡਾ ਦੁਰਭਾਗ ਹੈ ਕਿ 'ਸਾਕਾ ਨੀਲਾ-ਤਾਰਾ' ਸਾਡੇ ਸਮਿਆਂ 'ਚ ਵਾਪਰਿਆ ਹੈ ਤੇ ਅਸੀਂ ਸੰਤ ਜਰਨੈਲ ਸਿੰਘ ਵਰਗੇ ਸੂਰਬੀਰ ਦੀ ਅਗਵਾਈ ਤੋਂ ਮਹਿਰੂਮ ਹੋ ਗਏ। ਪਰ ਕੀ ਅਸੀਂ ਆਗਾਮੀ-ਸਮੇਂ ਵਿਚ ਕੌਮ ਦੀ ਕਿਸਮਤ ਸੰਵਾਰਨ ਵਾਸਤੇ ਇਸਦੀ ਦਿਆਨਤਦਾਰ-ਲੀਡਰਸ਼ਿਪ ਸਿਰਜਣ ਲਈ ਸੰਜੀਦਾ ਹੋ ਸਕਾਂਗੇ ? ਇਸੇ ਉਤੇ ਹੀ ਸਿੱਖੀ ਦਾ ਭਵਿੱਖ ਨਿਰਭਰ ਕਰਦਾ ਹੈ !

ਇਸੇ ਆਸ ਤੇ ਧਰਵਾਸ ਨਾਲ ਮੈਂ ਇਹ ਸੰਗ੍ਰਹਿ ਗੁਰੂ-ਪੰਥ ਦੀ ਨਜ਼ਰ ਕਰ ਰਿਹਾ ਹਾਂ। ਖਾਲਸਾ-ਪੰਥ ਜੋ ਸਿਰਫ ਤੇ ਸਿਰਫ ਅਕਾਲ ਪੁਰਖ ਦੀ ਮਲਕੀਅਤ ਹੈ ! ਗੁਰੂ ਕਾ ਪੰਥ ਜੋ 'ਕਰੋਰ ਗਰੀਬ ਸਿੱਖਨ' ਵਿਖੇ ਵਰਤਦਾ ਹੈ !! ਪੰਥ, ਜੋ ਕਿਸੇ ਰਜਵਾੜੇ ਦੀ ਰਿਆਸਤ ਨਹੀਂ। ਕਿਸੇ ਜਾਗੀਰਦਾਰ ਦੀ ਜਾਗੀਰ ਨਹੀਂ !

ਮੈਂ ਪੇਸ਼ਗੀ ਖਿਮਾਂ ਮੰਗਦਾ ਹਾਂ ਉਹਨਾਂ ਲੀਡਰ-ਲੋਕਾਂ ਤੋਂ ਜਿਹਨਾਂ ਨੂੰ ਪੰਥ ਦੇ ਭਲੇ ਲਈ ਸੁਹਿਰਦਤਾ ਨਾਲ ਲਿਖੀਆਂ ਇਹਨਾਂ ਲਿਖਤਾਂ ਦੇ ਕਿਸੇ ਲਗ-ਕੰਨੇ-ਮਾਤਰ ਨਾਲ ਕੋਈ ਠੇਸ ਪਹੁੰਚੀ ਹੋਵੇ !

ਅੰਤ ਵਿਚ ਵਿਸ਼ੇਸ਼ ਤੌਰ ਤੇ ਮੈਂ ਧੰਨਵਾਦੀ ਹਾਂ ਆਪਣੀ ਸੁਪਤਨੀ ਸਰਦਾਰਨੀ ਸਤਵੰਤ ਕੌਰ ਦਾ ਜੋ ਮੇਰੀਆਂ ਲਿਖਤਾਂ ਦੀ ਪਹਿਲੀ ਪਾਠਕਾ ਬਣ ਕੇ ਇਹਨਾਂ ਨੂੰ ਸਦਾ ਆਪਣੇ ਅਮੁੱਲੇ ਸੁਝਾਵਾਂ ਸੰਗ ਸ਼ਿੰਗਾਰਦੀ ਰਹੀ ਹੈ ਅਤੇ ਆਪਣੀ ਹਿੰਮਤ, ਮੁਹੱਬਤ ਤੇ ਮਿਲਵਰਤਣ ਦੁਆਰਾ ਤੰਗੀਆਂ-ਤੁਰਸ਼ੀਆਂ ਦੇ ਮੌਸਮਾਂ ਵਿਚ ਮੇਰੀ ਜੀਵਨ-ਰੌਅ ਨੂੰ ਅਗੇਰੇ ਟੋਰਦੀ ਰਹੀ ਹੈ। ਮੇਰੇ ਇਹ ਵਿਚਾਰ ਸ਼ਾਇਦ ਸਿੱਖ-ਸੰਸਾਰ ਤੱਕ ਕਦਾਚਿਤ ਵੀ ਨਾ ਪਹੁੰਚ ਸਕਦੇ ਜੇ ਉਹ ਜ਼ਿੰਦਗੀ ਦੇ ਦੁੱਖਾਂ-ਸੁਖਾਂ ਵਿਚ ਮੇਰੇ ਗਾਤਰੇ ਦੀ ਕਿਰਪਾਨ ਬਣ ਕੇ ਨਾ ਵਿਚਰਦੀ !

ਅਹਿਸਾਨਮੰਦ ਹਾਂ ਆਪਣੇ ਪਿਆਰੇ ਮਿੱਤਰਾਂ ਦਾ ਜਿਹਨਾਂ ਖੰਭਾਂ ਦੇ ਸਹਾਰੇ ਹੀ ਮੈਂ ਇਥੋਂ ਤੱਕ ਉਡੱਦਾ ਆਇਆ ਹਾਂ ! ਦਿਲੋਂ ਰਿਣੀ ਹਾਂ, ਉਹਨਾਂ ਸਭਨਾਂ ਪੰਥ-ਦਰਦੀ ਦੋਸਤਾਂ ਦਾ ਜਿਹਨਾਂ ਇਸ ਪੁਸਤਕ ਨੂੰ ਛਾਪਣ ਅਤੇ ਪਾਠਕਾਂ ਤੀਕਰ ਪਹੁੰਚਾਣ ਵਿਚ ਮੈਨੂੰ ਹਰ ਤਰਾਂ ਉਤਸ਼ਾਹ ਅਤੇ ਸਹਿਯੋਗ ਦਿੱਤਾ ਅਤੇ ਆਪਣੇ ਅਜ਼ੀਜ਼ ਗੁਰਦੇਵ ਸਿੰਘ ਦਾ ਜਿਸ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਟਾਈਪ-ਸੈਟਿੰਗ ਦੇ ਕਾਰਜ ਨੂੰ ਤੋਰ ਚੁਾਤਿਆ।

ਬਹੁਤ-ਬਹੁਤ ਧੰਨਵਾਦੀ ਹਾਂ ਆਪਣੇ ਪਾਠਕਾਂ ਦਾ, ਜਿਹਨਾਂ ਦੇ ਪਿਆਰ-ਪ੍ਰੇਰਨਾ ਸਦਕਾ ਹੀ ਮੈਂ ਲਿਖਦਾ ਹਾਂ ! ਅਦਬ ਸਹਿਤ ਖਿਮਾਂ ਮੰਗਦਾ ਹਾਂ ਸ਼ਬਦ-ਜੋਤਾਂ ਵਿਚ ਰਹੀ ਕਿਸੇ ਵੀ ਗਲਤੀ ਲਈ, ਜੋ ਕੰਪਿਊਟਰ ਦੀਆਂ ਗੁਰਮੁਖੀ-ਲਿੱਪੀ ਸਬੰਧੀ ਸੀਮਾਵਾਂ (ਜਿਵੇਂ ਕਿ 'ਓ' ਨਾਲ '~' ਅਤੇ ਕਈ ਅੱਖਰਾਂ ਦੇ ਪੈਰਾਂ ਵਿਚ '੍' ਨੂੰ ਬਾਂ-ਸਿਰ ਵਰਤਣ ਦੀ ਮਜ਼ਬੂਰੀ !) ਕਾਰਨ ਜਾਂ ਅਣਜਾਣੇ ਮੇਰੇ ਵੱਲੋਂ ਅਣਡਿੱਠ ਹੋ ਗਈ ਹੋਵੇ। ਆਸ ਕਰਦਾ ਹਾਂ ਕਿ ਉਹ ਮੇਰੀਆਂ ਤਰੁਟੀਆਂ-ਊਣਤਾਈਆਂ ਨੂੰ ਅਣਗੌਲਿਆਂ ਕਰਦੇ ਹੋਏ ਇਸ ਸੰਗ੍ਰਹਿ ਸਬੰਧੀ ਮੈਨੂੰ ਆਪਣੇ ਸੁਝਾਵਾਂ ਨਾਲ ਨਿਵਾਜ਼ਣਗੇ !!

SHER SINGH KANWAL
228-60 th ST.,
NIAGARA FALLS, N. Y. 14304
(U. S. A.)
Ph. & Fax : (716) 283-0284

ਪੰਥ ਦੀ ਚੜ੍ਹਦੀ ਕਲਾ ਦਾ ਤਲਬਗਾਰ,

(4 ਮਈ, 1996)

ਸਾਕਾ ਸ੍ਰੀ ਅਕਾਲ ਤਖ਼ਤ ਸਾਹਿਬ !

ਸਿੱਖ-ਕੌਮ ਦੀ ਆਨ ਤੇ ਸ਼ਾਨ ਲਈ ਜੂਝ ਗਏ ਸਿਰਲੱਥ-ਯੋਧਿਆਂ ਦੇ ਨਾਂ !

ਖਾਲਸਾ ਕਿਸੇ ਧਰਮ, ਫਿਰਕੇ ਜਾਂ ਕੌਮ ਦੇ ਖਿਲਾਫ ਹਰਗਿਜ਼ ਨਹੀਂ। ਕਲਗੀਧਰ ਪਿਤਾ ਜੀ ਅਨੁਸਾਰ ਇਸ ਦੀ ਸੁੱਚੀ ਰਵਾਇਤ-ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਨੂੰ ਸੰਘਾਰਨਾ ਹੈ। ਮਜ਼ਲੂਮਾਂ ਦੀ ਬਾਂਹ ਫੜਨ ਤੇ ਜ਼ਾਲਮਾਂ ਨੂੰ ਘੜਨ ਲਈ ਖਾਲਸਾ ਸਦਾ ਮੈਦਾਨ ਵਿਚ ਨਿੱਤਰਿਆ ਹੈ। ਅਣਖ ਨਾਲ ਜਿਉਂਣਾ, ਆਪਣੀ ਤੇ ਹੋਰਨਾਂ ਦੀ ਪੱਤ ਬਚਾਉਂਣਾ ਖਾਲਸੇ ਦਾ ਧਰਮ ਰਿਹਾ ਹੈ :-

ਜੰਮਿਆ ਹੈ ਖਾਲਸਾ ਖੰਡੇ ਦੀ ਧਾਰ 'ਚੋਂ !
ਜੁਲਮ ਮਿਟਾਉਣਾ ਜੀਹਨੇ ਸੰਸਾਰ 'ਚੋਂ !!
ਗਾਤਰੇ 'ਚ ਤਾਂਹੀਏਂ ਤਲਵਾਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!

ਰੰਬੀਆਂ ਦੇ ਨਾਲ ਖੋਪਰ ਲੁਹਾ ਲਵੇ।
ਬੰਦ ਬੰਦ ਤਾਈਂ ਹੱਸ ਕੇ ਕਟਾ ਲਵੇ।
ਜਿਉਂਦੈ ਤਾਹੀਏਂ, ਮੌਤ ਨਾਂ ਪਿਆਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!
ਆਰੇ ਨਾਲ ਚਿਰ ਕੇ ਨਾ ਸੀ ਬੋਲਦਾ।
ਮੁੱਲ ਪੈਣ ਸਿਰਾਂ ਦੇ ਨਾ ਫੇਰ ਡੋਲਦਾ।
ਘੋੜੇ-ਕਾਠੀਆਂ ਤੇ ਘਰ-ਬਾਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!
ਕਦੇ ਮਜ਼ਲੂਮ ਤੇ ਇਹ ਕਰੇ ਵਾਰ ਨਾ।
ਅੱਤ ਹੋਈ ਬਿਨਾਂ ਚੁੱਕੇ ਹਥਿਆਰ ਨਾ।।
ਚੁੱਕ ਲਏ ਤਾਂ ਬਾਏਂ ਹੀ ਸ਼ਿਕਾਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!
ਜ਼ਾਲਮਾਂ ਨੇ ਕੁੱਲ ਵੱਢਿਆ ਜੇ ਟੁੱਕਿਆ।
ਦੂਣਾ-ਚੌਣਾ ਹੋ ਕੇ ਛਾਤੀ ਚੁਤ ਬੁੱਕਿਆ।
ਫੂਹਲੇ-ਹੱਥੀਂ ਕਿਸਤਾਂ ਉਤਾਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!
ਅਟਕੇ ਅਟਕ ਕਾਫਲਾ ਨਾ ਰੁੱਕਦਾ।
ਝੁੱਕਦੇ ਝੰਖੜ ਪਰ ਇਹ ਨਾ ਝੁੱਕਦਾ।।
ਮਾਰ ਲੈਂਦਾ ਮੰਜ਼ਲਾਂ ਜੁ ਧਾਰ ਰੱਖਦਾ !
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ !!

ਸ੍ਰੀ ਅਕਾਲ ਤਖਤ ਸਾਹਿਬ ਸਿੱਖ-ਕੌਮ ਲਈ ਮੀਰੀ-ਪੀਰੀ ਦਾ ਮੁਜੱਸਮਾ, ਭਗਤੀ-ਸ਼ਕਤੀ ਦਾ ਸੰਗਮ ਅਤੇ ਧਰਮ ਤੇ ਸਿਆਸਤ ਦਾ ਸੁਮੇਲ ਹੈ। ਜਿਸਨੇ ਸਦਾ ਜ਼ਾਲਮਾਂ ਨੂੰ ਵੰਗਾਰਿਆ ਤੇ ਮਜ਼ਲੂਮਾਂ ਨੂੰ ਪਿਆਰਿਆ ਹੈ। ਇਸ ਉਤੇ ਭਾਂਵੇਂ ਕਦੇ ਕੋਈ ਮੁਖਲਿਸ ਖਾਨ ਚੁੜਿਆ ਹੈ ਜਾਂ ਮੱਸਾ ਰੰਘੜ, ਮੀਰ ਮਨੂੰ ਜਾਂ ਜਹਾਨ ਖਾਨ, ਅਹਿਮਦ ਸ਼ਾਹ ਅਬਦਾਲੀ ਜਾਂ ਸ਼ਾਹ-ਜ਼ਮਾਨ, ਖਾਲਸੇ ਦੀ ਤੇਗ ਨੇ ਸਭਨਾਂ ਹਮਲਾਵਰਾਂ ਦੀ ਧੌਣ ਝੁਕਾਈ ਹੈ :-

ਸਾਡਾ ਤਖਤ ਅਕਾਲ ! ਵੇਖੋ ਕਿੰਨੀ ਰੀਝ ਨਾਲ !!
ਛੇਵੇਂ ਗੁਰਾਂ ਹੱਥੀਂ ਆਪ ਇਹ ਬਣਾਇਆ ਹੈ !
ਸਦਾ ਚਾਨਣਾ ਹੀ ਵੰਡੂ ! ਧੁੰਦ ਜੁਲਮਾਂ ਦੀ ਛੰਡੂ !!
ਮੁੱਖੋਂ ਆਪਣੇ ਇਹ ਸਾਹਿਬਾਂ ਫੁਰਮਾਇਆ ਹੈ !!!

ਸੋਹਣੇ ਸੀਸ ਉਤੇ ਗਾਰਾ ਗੁਰੂ ਢੋਂਵਦੇ।
ਇੱਟਾਂ ਲਾ ਲਾ ਬਾਬਾ ਬੁੱਢਾ ਖੁਸ਼ ਹੋਂਵਦੇ।
ਭਾਈ ਗੁਰਦਾਸ ਆ ਕੇ, ਹੱਥ ਗੁਰਾਂ ਦਾ ਵਟਾ ਕੇ,
ਆਪੂੰ ਖਾਲਸੇ ਦੇ ਘਰ ਨੂੰ ਵਸਾਇਆ ਹੈ !
ਸਾਡਾ ਤਖਤ ਅਕਾਲ! ਵੇਖੋ ਕਿੰਨੀ ਰੀਝ ਨਾਲ ...

ਰਾਜ-ਜੋਗ ਸਾਡੇ ਲਈ ਨਹੀਂਓਂ ਵੱਖ ਨੇ।
ਇਹ ਤਾਂ ਖਾਲਸੇ ਦੇ ਸੱਜਾ-ਖੱਬਾ ਹੱਥ ਨੇ।
ਇਕ ਪਾਸੇ ਜੇ ਹੈ ਮੀਰੀ, ਸਾਡੇ ਦੂਜੇ ਪਾਸੇ ਪੀਰੀ,
ਗੁਰਾਂ ਕੌਤਕ ਇਹ ਜੱਗ ਨੂੰ ਵਿਖਾਇਆ ਹੈ !
ਸਾਡਾ ਤਖਤ ਅਕਾਲ! ਵੇਖੋ ਕਿੰਨੀ ਰੀਝ ਨਾਲ ....

ਰਾਜ ਧਰਮ ਦਾ ਲਾਜ਼ਮੀ ਸਹਾਰਾ ਹੈ।
ਬਿਨਾਂ ਸ਼ਕਤੀ ਵੀ ਹੁੰਦਾ ਨਾ ਗੁਜ਼ਾਰਾ ਹੈ।
ਧਰਮ-ਹੀਣ ਪਰ ਰਾਜ, ਆਵੇ ਜੁਲਮੋਂ ਨਾ ਬਾਜ,
ਤਦੇ ਭਗਤੀ ਨੂੰ ਗੁਰਾਂ ਵਡਿਆਇਆ ਹੈ !
ਸਾਡਾ ਤਖਤ ਅਕਾਲ! ਵੇਖੋ ਕਿੰਨੀ ਰੀਝ ਨਾਲ ...

ਹਿੰਦ-ਸਾਮਰਾਜ ਨੇ ਖਾਲਸਾ-ਪੰਥ ਦੀਆਂ ਸਭ ਕੁਰਬਾਨੀਆਂ ਉਤੇ ਪਾਣੀ ਫੇਰ ਕੇ ਅਖ਼ੁੱਤਘਣਤਾ ਦਾ ਸਬੂਤ ਜਿਸ ਤਰਾਂ ਦਿੱਤਾ, ਉਸ ਦੀ ਮਿਸਾਲ ਸੰਸਾਰ ਭਰ ਦੀਆਂ ਕੌਮਾਂ ਵਿਚ ਹੋਰ ਕਿਧਰੇ ਨਹੀਂ ਮਿਲਦੀ :-

ਹੋਇਆ ਕਹਿਰ ਅਖ਼ੁੱਤਘਣ ਵਾਓ ਵੱਗੀ,
ਹਾਕਮ ਹਿੰਦ ਦੇ ਸਰ੍ਹੇ - ਬਾਜ਼ਾਰ ਭੁੱਲੇ।
ਭੁੱਲੇ ਵੇਖੋ ਪਰੰਪਰਾ ਖਾਲਸੇ ਦੀ,
ਭੁੱਲੇ ਮੂਲੋਂ ਉਹ ਸਾਰੇ ਉਪਕਾਰ ਭੁੱਲੇ !
ਤੱਤੀ-ਤਵੀ ਕਿਉਂ ਬੈਠੇ ਸਨ ਗੁਰੂ ਅਰਜਨ?
ਕਿਹੜਾ ਲਿਆ ਨਾ ਕਹਿਰ ਸਹਾਰ ? ਭੁੱਲੇ !
ਬੰਦੀ-ਛੋੜ ਦੀਆਂ ਬਖਸ਼ਿਸ਼ਾਂ ਭੁੱਲ ਗਈਆਂ,
ਕਾਹਤੋਂ ਬਣੇ ਸਨ ਸ਼ਾਹ ਅਸਵਾਰ ? ਭੁੱਲੇ !
ਭੁੱਲੇ ! ਹੋਏ ਦਸਮੇਸ਼ ਯਤੀਮ ਕਾਹਤੋਂ ?

ਹੋਇਆ ਚਾਂਦਨੀ-ਚੌਕ ਵਿਚਕਾਰ ਭੁੱਲੇ !
ਧੱਕੇ ਲਈ ਫੌਲਾਦੀ - ਦੀਵਾਰ ਬਣ ਕੇ
ਕਿਵੇਂ ਲੜੇ ਅਜੀਤ - ਜੁਝਾਰ ਭੁੱਲੇ ?
ਭੁੱਲ ਗਏ ਸਰਹੰਦ ਦੀ ਕੰਧ ਰੋਂਦੀ,
ਫਤਹਿ ਜ਼ੋਰਾਵਰ ਖੂੜੇ ਵਿਚਕਾਰ ਭੁੱਲੇ !
ਭੁੱਲੇ ਕਿਵੇਂ ਕਸੂਰੋਂ ਸੀ ਪੱਤ ਮੋੜੀ,
ਭੁੱਲੇ, ਸਿੱਖਾਂ ਦਾ ਸੁੱਚਾ - ਕਿਰਦਾਰ ਭੁੱਲੇ।
ਕੁੱਲ ਦੀ ਗੱਲ ਆਜ਼ਾਦੀ ਲਈ ਹੱਸ ਮਰਦੇ,
ਫਾਂਸੀ ਚੁੰਮਦੇ ਸਾਰੇ ਸਰਦਾਰ ਭੁੱਲੇ !
ਨੱਕ ਰਗੜ ਖੁਸ਼ਾਮਦਾਂ ਕਰਨ ਵਾਲੇ,
ਕੀਤਾ ਇਕ ਇਕ ਕੌਲ - ਇਕਰਾਰ ਭੁੱਲੇ !!

ਸਿੱਖਾਂ ਦੇ ਵਰਤਮਾਨ-ਦੁਖਾਂਤ ਦੀ ਜਿੰਮੇਵਾਰ ਸਿਰਫ ਹਿੰਦ-ਸਰਕਾਰ ਹੀ ਨਹੀਂ ਸਗੋਂ ਸਮੇਂ ਦੇ ਗੱਦਾਰ ਲੀਡਰ ਵੀ ਸਨ :-

ਇਕ ਤਾਂ ਹਿੰਦ-ਸਰਕਾਰ ਦੀ ਨਜ਼ਰ ਮੰਦੀ,
ਦੂਜਾ ਕੌਮ ਦੇ ਮੰਦੇ - ਵਿਹਾਰ ਹੋ ਗਏ।
ਗੈਲੀ ਗੱਲ ਨਾ ਗੁਰੂ ਦਸਮੇਸ਼ ਸੰਦੀ,
ਨਿਆਰੇ-ਖਾਲਸੇ ਬਾਹਮਣਾਂ-ਹਾਰ ਹੋ ਗਏ।
ਭਾਓ ਕੌਡੀਆਂ ਕੌਮ ਨੂੰ ਵੇਚਿਓ ਸੂ,
ਲੀਡਰ ਕੌਮ ਦੇ ਪੁੱਜ ਗੱਦਾਰ ਹੋ ਗਏ।
ਕੁਰਸੀ ਲਈ ਈਮਾਨ ਨੂੰ ਵੇਚਿਓ ਨੇ,
ਧਰਮ ਛੱਡ ਕੇ ਨਿਰੇ-ਬਦਕਾਰ ਹੋ ਗਏ।
ਲਾ-ਲਾ ਮੋਰਚੇ ਕੌਮ ਮਰਵਾਇ ਘੱਤੀ,
ਆਪੂੰ ਚੂਸ ਪੀ ਖੱਜਲ-ਖੁਆਰ ਹੋ ਗਏ।
ਦਿਨੇ ਹੇਜ - ਪੰਜਾਬ ਜਤਲਾਉਂਣ ਵਾਲੇ,
ਰਾਤ ਪੈਦਿਆਂ ਦਿੱਲੀ ਦੇ ਯਾਰ ਹੋ ਗਏ!
ਮੱਲ ਕੇ ਗੱਦੀਆਂ ਗੋਲਕਾਂ ਲੁੱਟਦੇ ਰਹੇ,
ਭਾਸ਼ਣ ਕਰਨ ਵਿਚ ਚਤੁਰ-ਹੁਸ਼ਿਆਰ ਹੋ ਗਏ।
ਸ਼ਾਨ ਮਿੱਟੀ ਮਿਲਾਈ ਸੂ ਖਾਲਸੇ ਦੀ,
ਗੁੰਡੀ - ਰੰਨ ਦੇ ਤਾਬਿਆਦਾਰ ਹੋ ਗਏ।
ਚੁੜਿਆ ਕੌਮੀ-ਦੁਮੇਲ ਤੇ ਇਕ ਸੂਰਜ,
ਉਹਦੇ ਚੁੜਦਿਆਂ ਹੀ ਦਾਗਦਾਰ ਹੋ ਗਏ।
ਓਹਦੀ ਭਬਕ ਤੋਂ ਹੋਏ ਭੈ-ਭੀਤ ਈਕਰ,
ਬੁੱਕਿਆਂ ਸਿੰਘ ਜਿਉਂ ਮਿਰਗ ਫਰਾਰ ਹੋ ਗਏ।
ਭੜਕੀ ਸੀਨੇ ਵਿਚ ਈਰਖਾ ਅੱਗ ਏਨੀ,
ਉਹਨੂੰ ਮਾਰਨ ਲਈ ਸਭੇ ਤਿਆਰ ਹੋ ਗਏ।
ਫੁੰਡਣ-ਫੜਨ ਲਈ ਬਾਜ਼ ਗੋਬਿੰਦ ਦਾ ਜਿਉਂ,
ਫਾਹੀਵਾਲ ਲੈ ਜਾਲ ਹੁਸ਼ਿਆਰ ਹੋ ਗਏ।
ਦਿੱਤੇ ਨਿਉਂਦਰੇ ਫੌਜ ਨੂੰ ਆਪ ਹੱਥੀਂ,
ਕਾਤਲ ਕੌਮ ਦੇ ਏਨੇ ਮੱਕਾਰ ਹੋ ਗਏ।

ਨਾਲ ਕੌਮ ਗੱਦਾਰੀਆਂ ਸਦਾ ਹੋਈਆਂ
ਇਹ ਵੀ ਉਹਨਾਂ ਦੇ ਵਿਚ ਸ਼ੁਮਾਰ ਹੋ ਗਏ !

ਸੰਤ ਜਰਨੈਲ ਸਿੰਘ ਖਾਲਸਾ ਦੀ ਆਨੰਦਪਰੂ-ਮਤੇ ਉਤੇ ਦ੍ਰਿੜ੍ਹਤਾ ਨੂੰ ਦੇਖ ਕੇ ਤੇ ਉਹਨਾਂ ਦੀ ਚੁੜਤ ਤੋਂ ਖਾਰ ਖਾ ਕੇ, ਆਪਣੇ ਏਜੰਟਾਂ ਨੂੰ ਵਿਦੇਸ਼ਾਂ ਵਿਚ ਉਚੇਚੀ ਟਰੇਨਿੰਗ ਦਿਵਾਉਂਣ ਪਿਛੋਂ ਚਕਰਾਤੇ ਦੀਆਂ ਪਹਾੜੀਆਂ ਵਿਚ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਵਾ ਕੇ, ਉਸ ਉਤੇ ਚੋਰੀ-ਛੱਪੇ ਹਮਲੇ ਦੀ ਰੀਹਰਸਲ ਕਰਕੇ ਅਤੇ ਗੱਦਾਰ ਸਿੱਖ-ਲੀਡਰਾਂ ਵਲੋਂ ਹਰੀ ਝੰਡੀ ਮਿਲਣ ਉਪਰੰਤ ਦਿੱਲੀ-ਦਰਬਾਰ ਦੀਆਂ ਫੌਜਾਂ ਵਰਤਮਾਨ ਸਮੇਂ ਦੇ ਸਿਰਮੌਰ ਧਾਰਮਿਕ ਸਿੱਖ-ਨੇਤਾ ਸੰਤ ਜਰਨੈਲ ਸਿੰਘ ਖਾਲਸਾ ਨੂੰ ਫੜਨ ਲਈ ਇਉਂ ਚੁੜਦੀਆਂ ਹਨ :-

ਉਨ੍ਹਾਂ ਭੇਜਿਆ ਲਸ਼ਕਰ ਦਿੱਲੀਓਂ ਕਰ ਤੇਜ਼-ਤਰਾਰਾ!
ਜੀਹਦੇ ਹੱਥ ਸ਼ਾਹੀ-ਫੁਰਮਾਨ ਸੀ ਇਕ ਬੜਾ ਕਰਾਰਾ।
ਜੀਹਦੇ ਉਤੇ ਦਸਖਤ ਜ਼ੈਲ ਦੇ, ਜੁ ਵੱਡ ਗੱਦਾਰਾ।
(ਲਸ਼ਕਰ) ਛਾਉਂਣੀ ਘੱਤ ਪੰਜਾਬ ਵਿਚ ਪਾਇਆ ਪਾਸਾਰਾ।
ਨਾ ਹਿੱਲੇ ਕਿਧਰੇ ਪੱਤ ਵੀ, ਕੀਤਾ ਸਭ ਚਾਰਾ।
ਉਹਨੇ ਘੇਰਿਆ ਆ ਕੇ ਅੰਬਰਸਰ ਸਾਰੇ ਦਾ ਸਾਰਾ।
ਤੇ ਕਰਕੇ ਨਾਕਾਬੰਦੀਆਂ ਜਿਉਂ ਪੰਥ ਸੰਭਾਰਾ।
ਜੀਹਨੂੰ ਹੁਕਮ ਫੜੇ ਜਰਨੈਲ ਨੂੰ ਜੁ ਯੋਧਾ ਭਾਰਾ।
ਜੁ ਬੈਠਾ ਮੱਲ ਅਕਾਲ ਤਖਤ ਧਰ ਤੇਜ਼ - ਕਰਾਰਾ।
ਉਹਦੇ ਚਾਰ - ਚੁਫੇਰ - ਭਝੰਗੀਏ ਜਿਉਂ ਚੰਨ ਪਰਵਾਰਾ।
ਉਹ ਬਹਿ ਬਹਿ ਸੁਣਦਾ ਮਾਮਲੇ, ਲਾਉਂਦਾ ਦਰਬਾਰਾ।
ਉਹ ਖਰਾ-ਸਿੱਕਾ ਟਕਸਾਲ ਦਾ ਟੁਣਕੇ ਸਚਿਆਰਾ।
ਉਹ ਦੂਜਾ ਬਾਬਾ ਦੀਪ ਸਿੰਘ ਯੋਧਾ ਬਲਕਾਰਾ !
ਉਹਦੇ ਤੀਰੋਂ ਤੁਹਿ ਕੇ ਹਿੰਦ ਰਾਜ ਘਬਰਾਇਆ ਸਾਰਾ।
ਉਹਦਾ ਨਾਂ ਸੁਣ ਕੰਬਣ ਬਾਣੀਏਂ, ਜਿਉਂ ਕੰਬੇ ਪਾਰਾ।
ਕਹਿੰਦਾ-ਦੋ ਹੱਥ ਕਰਨੇ ਹਿੰਦ ਨਾਲ ਹੁਣ ਹੋਰ ਨਾ ਚਾਰਾ।
ਉਹਨੇ ਗਲੋਂ ਗੁਲਾਮੀ ਲਾਹੁਣ ਦਾ ਛੇੜਿਆ ਜੈਕਾਰਾ।
ਉਹਦੇ ਨਾਲ ਨਾਲ ਅਮਰੀਕ ਸਿੰਘ ਜੁ ਨਿਰਾ ਸ਼ੇਰਾਰਾ।
ਤੇ ਸੱਜੇ ਹੱਥ ਸੁਬੇਗ ਸਿੰਘ ਖੰਡਾ ਦੋ - ਧਾਰਾ।
ਜੀਹਨੂੰ ਦਿੱਲੀ ਚੰਗੂੰ ਜਾਣਦੀ ਗੁਤ - ਭੰਨਣਹਾਰਾ।
ਕਿਹਾ ਇੰਦਰਾ - ਛੇਤੀ ਫੜ ਲਵੋ ਕਰ ਹੀਲਾ - ਚਾਰਾ।
ਜੇ ਅਸਾਂ ਖੁੰਝਾਇਆ ਵਕਤ ਫੇਰ ਨਾ ਮਿਲੂ ਦੁਬਾਰਾ !

ਦਿੱਲੀ-ਦਰਬਾਰ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਹਮਲੇ ਸਮੇਂ ਗੱਦਾਰ ਸਿੱਖ-ਲੀਡਰ ਆਪਣੀ ਭੂਮਿਕਾ ਇਉਂ ਨਿਭਾਉਂਦੇ ਹਨ :-

ਗੱਲ ਗਿਣੀ ਗੱਦਾਰਾਂ ਨੇ ਨਾਲ ਦਿੱਲੀ,
ਵੱਟੇ ਪੰਥ ਦੀ ਬੇੜੀ ਵਿਚ ਪਾ ਤੁਰ ਗਏ।
ਕਦਮੀਂ ਦਿੱਲੀ ਦੇ ਵਿਛੇ ਸਲਵਾਤ ਵਾਂਗੂ,
ਹੱਥ ਜੋੜ ਕੇ ਧੌਣਾਂ ਝੁਕਾ ਤੁਰ ਗਏ।

ਬਣ ਕੇ ਵਹੁਟੀਆਂ ਗੱਡੀਆਂ ਵਿਚ ਬਹਿ ਗਏ,
ਪੇਕੇ ਪੰਥ ਨੂੰ ਮਨੋਂ ਭੁਲਾ ਤੁਰ ਗਏ।
ਮਾਰ ਤਾੜੀਆਂ ਖੁਸਰਿਆਂ ਕੌਮ ਲੁੱਟੀ,
ਭੀੜ ਪਈ ਤਾਂ ਪਿੱਠ ਵਿਖਾ ਤੁਰ ਗਏ।
ਕੁੱਲ ਤੱਕ ਜਿਹੜੇ ਸਟੇਜਾਂ ਤੇ ਬੁੜਕਦੇ ਸੀ,
ਵੇਖੀ ਮੌਤ ਤਾਂ ਦੁੰਮ ਦਬਾ ਤੁਰ ਗਏ।
ਕਰਕੇ ਆਪ ਅਰਦਾਸ ਵਿਸਾਰਿਓ ਨੇ,
ਪੂਣ ਤੋੜਿਆ ਜਾਨ ਬਚਾ ਤੁਰ ਗਏ।
ਗੈਰਤ ਵੇਚ ਕੇ ਮੱਥੇ ਕਲੰਕ ਲਾਏ,
ਛੱਡ ਕੇ ਕਿਸ ਤਰ੍ਹਾਂ ਸ਼ਰਮ ਹਯਾ ਤੁਰ ਗਏ।
ਆਪ ਲਿਖੇ ਬਿਦਾਵੇ ਸੂ ਗੁਰੂ ਤਾਈਂ,
ਵੇਲਾ ਆਇਆ ਤਾਂ ਕੰਨੀਂ ਕਤਰਾ ਤੁਰ ਗਏ।
ਹੀਰਾ ਕੌਮ ਦਾ ਦਿੱਲੀ ਨੂੰ ਸੌਂਪ ਹੱਥੀਂ,
ਦਗੇਬਾਜ਼ ਉਹ ਦਗਾ ਕਮਾ ਤੁਰ ਗਏ।
ਕੌਮ ਸਦਾ ਹੀ ਪਿੱਟੇਗੀ ਪਾਪੀਆਂ ਨੂੰ,
ਧੀਆਂ ਪੁੱਤ ਬਿਗਾਨੇ ਮਰਵਾ ਤੁਰ ਗਏ।

ਹਮਲੇ ਤੋਂ ਪਹਿਲੋਂ ਸਿੱਖ-ਕੌਮ ਦੇ ਸਿਰਲੱਥ ਯੋਧੇ ਸੰਤ ਜਰਨੈਲ ਸਿੰਘ ਜੀ ਲਕੀਰ ਖਿੱਚ ਕੇ ਜ਼ਾਲਮ-ਧਾੜਵੀਆਂ ਦੇ ਮੁਕਾਬਲੇ ਅਤੇ ਗੁਰਧਾਮਾਂ ਦੀ ਰੱਖਿਆ ਲਈ ਸਿੱਖ-ਸੰਗਤਾਂ ਨੂੰ ਇਉਂ ਵੰਗਾਰਦੇ ਹਨ :-

ਖਿੱਚ ਕੇ ਲਕੀਰ ਸੂਰਮੇ ਵੰਗਾਰਿਆ!
ਉਚਾ ਕਰ ਤੀਰ ਲਲਕਾਰਾ ਮਾਰਿਆ-
ਸਿੱਖੀ ਉਤੇ ਹੋਣ ਲਗੀ ਵਾਰ ਖਾਲਸਾ।
ਲਈਏ ਪਹਿਲੋਂ ਗੱਲ ਨੂੰ ਨਿਤਾਰ ਖਾਲਸਾ।
ਟੱਪਿਓ ਲਕੀਰ ਜੀਹਨੇ ਸੀਸ ਵਾਰਨੈਂ।
ਜਿੰਦ ਦੇ ਕੇ ਗੁਰੂ ਦਾ ਹਿਸਾਬ ਤਾਰਨੈਂ।
ਕਹੇ-ਸੁਣੇ ਬੱਧੇ-ਰੁਧੇ ਕੋਈ ਆਇਓ ਨਾ।
ਖਾਲਸੇ ਦੀ ਸ਼ਾਨ ਨੂੰ ਕਲੰਕ ਲਾਇਓ ਨਾ।
ਚਲੇ ਜਾਓ ਖੁਸ਼ੀ ਨਾਲ ਜਿਹਨਾਂ ਡੋਲਣੈਂ।
ਗੁਰੂ ਕੇ ਤੁਲਾਵੇ ਹੋ ਕੇ ਘੱਟ ਤੋਲਣੈਂ।
ਟੱਪੇ ਜੋ ਲਕੀਰ ਹੱਥ ਧੋਵੇ ਜਿੰਦ ਤੋਂ।
ਕੱਟ ਮਰੇ, ਮੁੱਖ ਫੇਰੇ ਨਾ ਗੋਬਿੰਦ ਤੋਂ।
ਸੁਣ ਕੇ ਤੇ ਸੂਰੇ ਟੱਪ ਗਏ ਲਕੀਰ ਨੂੰ।
ਚਿਰਾਂ ਦੀ ਜੋ ਆਸ ਪੁੱਗ ਗਈ ਅਧੀਰ ਨੂੰ।
ਦੇ ਕੇ ਜਰਨੈਲ ਯੋਧਿਆਂ ਨੂੰ ਥਾਪੀਆਂ।
ਫਤਹਿ ਫੇਰ ਆਖਰੀ ਬੁਲਾਤੀ ਬਾਕੀਆਂ।
ਗੁਰੂ ਜੀ ਕੀ ਫੌਜ ਸਾਂਭਤੀ ਸੁਬੇਗ ਨੂੰ।
ਸਾਣ ਜੀਹਨੇ ਲਾਤਾ ਖਾਲਸੇ ਦੀ ਤੇਗ ਨੂੰ !

ਹਮਲੇ ਤੋਂ ਪਹਿਲੋਂ ਜਨਰਲ ਬਰਾੜ ਤੇ ਦਿਆਲ, ਦਰਬਾਰ ਸਾਹਿਬ ਕੰਪਲੈਕਸ ਵਿਚ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਪੁਰਬ ਮਨਾਉਣ ਆਈਆਂ ਸੰਗਤਾਂ ਅਤੇ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀ ਸਿਰਲੱਥ-ਮਰਜੀਵੜਿਆਂ ਨੂੰ ਬਾਹਰ ਆਉਣ ਲਈ ਵਾਰਨਿੰਗ ਦਿੰਦੇ ਹਨ ਤਾਂ ਸੰਗਤਾਂ ਦੇ ਪ੍ਰਤੀਨਿਧ ਵਜੋਂ ਸੰਤ ਜਰਨੈਲ ਸਿੰਘ ਖਾਲਸਾ ਇਸ ਦਾ ਜਵਾਬ ਇੰਝ ਦਿੰਦੇ ਹਨ :-

ਕਿਹਾ ਗਰਜ ਜਰਨੈਲ ਨੇ- ਗੱਲ ਸੁਣੋ ਗੱਦਾਰੋ !
ਹੋਰ ਕਿਤੇ ਜਾ ਫੋਕੀਆਂ ਇਹ ਬੁੜਕਾਂ ਮਾਰੋ।
ਲਾਤੀ ਮੌਤ ਵਿਆਹੁਣ ਲਈ ਅਸੀਂ ਅੱਗੇ ਕਾਹਲੇ।
ਤਾਘ ਰਹੇ ਜੰਨ ਚੁੜਨ ਲਈ ਨੂੰਨੇ-ਸਰਬਾਹਲੇ।
ਮੂੰਹ ਅੱਡ ਖੜੀਆਂ ਸਾਹਮਣੇ ਜੇ ਤੋਪਾਂ ਡੈਣਾਂ।
ਸ਼ਬਦ-ਘੋੜੀਆਂ ਗਾਉਂਦੀਆਂ ਹਨ ਸਾਡੀਆਂ ਭੈਣਾਂ।
ਇਹ ਦਿਨ ਨਿੱਤ ਉਡੀਕਦੇ ਸੀ ਬਾਪ ਪਿਆਰੇ।
ਪੈਸੇ ਸੁੱਟ ਕੁਰਬਾਨੀਆਂ ਜਿਹਨਾਂ ਕਰਨੇ ਵਾਰੇ !
ਮਾਵਾਂ ਸ਼ਗਨ ਤਿਆਰ ਲੈ ਆ ਸਾਹਵੇਂ ਖੜੀਆਂ।
ਮਿਲਣ ਵਧਾਈਆਂ ਪੰਥ ਨੂੰ ਜਦ ਜੰਨਾਂ ਚੜੀਆਂ।
ਪੱਕੇ ਸਾਕ ਜਬਾਨ ਦੇ ਕਦ ਕਰਨ ਬਹਾਨੇ ?
ਦਸਤਾਰੇ ਬੁੰਨਦੇ ਕੇਸਰੀ ਚਾਅ ਸੰਗ ਪ੍ਰਵਾਨੇ!
ਦਰ ਦਿੱਲੀ ਦੇ ਢੁੱਕ ਕੇ ਡੋਲੇ ਲੈ ਆਉਂਣੇ।
ਡਰਦੇ ਕਦੇ ਨਾ ਮੌਤ ਤੋਂ ਇਹ ਸਿੱਖ-ਪਰਾਹੁਣੇ।
ਮਿਲਣੀ ਕਰਨੀ ਅਸਾਂ ਨਾਲ ਕੁਝ ਬਣ ਕੇ ਆਇਓ !
ਛੋਤ ਲੁਹਾ ਕੇ ਆਪਣੀ ਨਾ ਫਿਰ ਪਛਤਾਇਓ !!

ਹਮਲੇ ਦੇ ਦੌਰਾਨ ਪੰਥ ਦੇ ਭਵਿੱਖ ਲਈ ਫਿਕਰਮੰਦ ਦੇ ਅਣਖੀਲੇ-ਯੋਧੇ ਜਨਰਲ ਸੁਬੇਗ ਸਿੰਘ ਜੀ ਖਾਲਸਾ-ਪੰਥ ਦੀ ਪਰੰਪਰਾ ਅਨੁਸਾਰ ਭਾਈ ਅਮਰੀਕ ਸਿੰਘ ਸਮੇਤ ਚਾਰ ਹੋਰ ਸਿੰਘਾਂ ਨੂੰ ਨਾਲ ਲੈ ਕੇ ਸੰਤ ਜਰਨੈਲ ਸਿੰਘ ਖਾਲਸਾ ਨੂੰ ਇਉਂ ਮੁਖਾਤਿਬ ਹੁੰਦੇ ਹਨ :-

ਚਹੁੰ ਸਿੰਘਾਂ ਨੂੰ ਲੈ ਕੇ ਨਾਲ ਅਪਣੇ,
ਇਕ ਅਰਜ਼ ਗੁਜ਼ਾਰੀ ਸੁਬੇਗ ਸਿੰਘ ਨੇ।
ਪਾ ਕੇ ਵਾਸਤਾ ਗੁਰੂ ਕੇ ਪੰਥ ਸੰਦਾ,
ਮਾਨੋਂ ਧਾਹ ਇਕ ਮਾਰੀ ਸੁਬੇਗ ਸਿੰਘ ਨੇ।
ਸਿੱਕਾਂ ਸਿੱਕਦਿਆਂ ਮਿਲੇ ਹੋ ਕੌਮ ਤਾਈਂ,
ਸੱਚੀ ਆਖ ਚਿਤਾਰੀ ਸੁਬੇਗ ਸਿੰਘ ਨੇ।
ਮੰਨੋ ਕਿਹਾ ਤੇ ਨਿਕਲ ਜਾਓ ਘੇਰੇ ਵਿਚੋਂ,
ਮਨ ਦੀ ਗੱਲ ਨਿਤਾਰੀ ਸੁਬੇਗ ਸਿੰਘ ਨੇ !

ਸੰਤ-ਖਾਲਸਾ ਆਪਣੇ ਸੁਭਾਅ ਅਨੁਸਾਰ ਜਨਰਲ ਸਾਹਿਬ ਦੀ ਗੱਲ ਦਾ ਦਲੀਲ-ਸਹਿਤ ਇੰਝ ਜਵਾਬ ਦਿੰਦੇ ਹਨ :-

ਸੁਣਿਆ ਜਦ ਜਰਨੈਲ ਫੇਰ ਇਹ ਬਚਨ ਉਚਾਰੇ-
ਅਪਣੇ ਭਾਣੇ ਠੀਕ ਭਲਾ ਤੂੰ ਕਹੋ ਪਿਆਰੇ।
ਪਰ ਮੈਂ ਆਖਾਂ ਇਕ ਗੱਲ ਜੇ ਕੁਝ ਵਿਚਾਰੋ।
(ਦਿਲ) ਪੁਰਜ਼ਾ-ਪੁਰਜ਼ਾ ਪੰਥ ਦਾ ਜੇ ਝਾਤੀ ਮਾਰੋ।
ਦਸਮ ਪਿਤਾ ਨੇ ਸਿੰਘਾਂ ਨੂੰ ਛਾਤੀ ਨਾਲ ਲਾਇਆ।
ਲੀਡਰ-ਲੋਕਾਂ ਉਹਨਾਂ ਨੂੰ ਪਰ ਖਾਕ ਰੁਲਾਇਆ।
(ਸਿੰਘਾਂ) ਕੀਤੀਆਂ ਲੱਖ ਕੁਰਬਾਨੀਆਂ ਸਿਰ ਹੱਸ ਹੱਸ ਵਾਰੇ।
ਪਰ ਰੁਲਦੇ ਦਿੱਲੀ ਦਰਾਂ ਤੇ ਅੱਜ ਬਣ ਘਸਿਆਰੇ।
(ਅਸਾਂ) ਹੱਕ ਆਪਣੇ ਲੈਣ ਲਈ ਅਰਦਾਸ ਗੁਜ਼ਾਰੀ।
ਮੈਂ ਸੀ ਉਸ ਵਿਚ ਇਕ ਧਿਰ, ਤੂੰ ਸੋਚ ਵਿਚਾਰੀ ?
ਮੇਰਾ ਪਹਿਲਾ ਕੰਮ ਹੈ ਅੱਜ ਕੌਮ ਜਗਾਣਾ।
ਪਏ ਲੁਟੇਰੇ ਕੌਮ ਘਰ ਇਕ ਹੋਕਾ ਲਾਣਾ।
ਹੁਕਮ ਤੁਸਾਂ ਦਾ ਸਿਰ ਮੱਥੇ ਨਾ ਉਕਾ ਨਾਬਰ।
ਗੁਰ - ਘਰ ਉਤੇ ਚੁੜੇ ਨੇ ਪਰ ਵੇਖੋ ਜਾਬਰ।
ਕਰ ਅਰਦਾਸ ਅਕਾਲ-ਤਖਤ ਪਿੱਛੇ ਹਟ ਜਾਵਾਂ ?
ਦੱਸੋ ਦਰ ਦਸਮੇਸ਼ ਦੇ ਕਿਥ ਮੂੰਹ ਦਿਖਲਾਵਾਂ ?
ਜ਼ੁਲਮ ਅਤੇ ਅਨਿਆਂ ਨੇ ਹੈ ਲੁੱਟ ਮਚਾਈ।
ਅਣਖ ਕੌਮ ਦੀ ਲੀਡਰਾਂ ਨੇ ਖੇਹ ਰੁਲਾਈ।
(ਅਸੀਂ) ਟੱਕਰ ਲੈ ਕੇ ਜ਼ੁਲਮ ਨਾਲ ਹੈ ਅਣਖ ਜਿਉਂਣਾ।
ਲੱਗਿਆ ਜੁ ਜੰਗਾਲ ਕੌਮ ਨੂੰ, ਮਰ ਕੇ ਲਾਹੁਣਾ।
ਗੁਰੂ ਆਪਣੇ ਪੰਥ ਦਾ ਉਹ ਪੰਥ ਸੰਭਾਰੇ।
ਮੈਂ ਤਾਂ ਉਸ ਦਾ ਦਾਸ ਹਾਂ ਉਸ ਦੇ ਬਲਿਹਾਰੇ।
ਕਰੋ ਨਾ ਖਹਿੜਾ ਇਸ ਤਰਾਂ ਨਾ ਵਕਤ ਖੁੰਝਾਈਏ !
ਸੁਬੇਗ ਸਿੰਘ ਅਮਰੀਕ ਪੰਥ ਤੋਂ ਜਿੰਦ ਘੁਮਾਈਏ !!

ਸਿੰਘ-ਸੂਰਮੇ ਘਨਘੋਰ-ਘਟਾਵਾਂ ਵਾਂਗ ਚੁੜ ਆਈਆਂ ਧਾੜਵੀ-ਫੌਜਾਂ ਦੇ ਇਉਂ ਦੰਦ ਖੱਟੇ ਕਰਦੇ ਹਨ:-

ਆਈ ਟੈਂਕਾਂ ਦੀ ਧਾੜ ਜਿਸ ਧੜ ਮਿੱਧੇ,
ਤੋਪਾਂ ਤਖਤ ਅਕਾਲ ਤੇ ਚੱਲੀਆਂ ਨੇ।
ਵਰ੍ਹੀਆਂ ਗੋਲੀਆਂ ਮੀਂਹ ਦੀ ਜਿਵੇਂ ਵਾਛੜ,
ਜਿਹਨਾਂ ਛਾਤੀਆਂ ਪਿੰਜੀਆਂ-ਸੂਲੀਆਂ ਨੇ।
ਅੱਗੋਂ ਸਿੰਘਾਂ ਕੀ ਚੁੜੀਆਂ ਪਹਿਨੀਆਂ ਸਨ,
ਉਹਨਾਂ ਭੱਜੀਆਂ ਮੋੜ ਕੇ ਘੱਲੀਆਂ ਨੇ।
ਉਹਨਾਂ ਨਾਲ ਨਿਸ਼ਾਨਿਆਂ ਫੌਜ ਫੁੰਡੀ,
ਸਫਾਂ ਭਿਗਦੀਆਂ ਕਿਸੇ ਨਾ ਝੱਲੀਆਂ ਨੇ।

ਬਹਾਦਰ-ਸਿੰਘਣੀਆਂ ਨੇ ਮਾਈ ਭਾਗੋ ਦੇ ਪਾਏ ਪੂਰਨਿਆਂ ਤੇ ਚੱਲ ਕੇ ਫੌਜ ਦੇ ਇੰਵ ਆਹੂ ਲਾਹੇ :-

ਕਰਨ ਲਈ ਇਕ ਫਰਜ਼ ਅਦਾ ਸੁੱਚਾ,
ਮਾਈਆਂ ਬੀਬੀਆਂ ਕੀਤਾ ਕਮਾਲ ਦੇਖੋ।
ਕੀਤਾ ਫਿਕਰ ਨਾ ਜਿਗਰ ਦੇ ਟੋਟਿਆਂ ਦਾ,
ਤੱਤੇ ਫਰਸ਼ੀਂ ਲਿਟਾਏ ਸੁ ਲਾਲ ਦੇਖੋ।
ਜਿਥੇ ਕੜਕੀਆਂ ਸੱਥਰ ਵਿਛਾਇ ਦਿੱਤੇ,
ਬਣ ਕੇ ਕੂਕੀਆਂ ਮੌਤ ਸਿਰ ਕਾਲ ਦੇਖੋ।
ਭੱਤਾ ਢੋਇਆ ਸੁ ਇਸ ਤਰ੍ਹਾਂ ਹੌਸਲੇ ਦਾ,
ਬਣੀਆਂ ਜੂਝਦੇ ਵੀਰਾਂ ਲਈ ਢਾਲ ਦੇਖੋ।
ਘੋਲ ਟੁਰੀਆਂ ਜਾਂ ਰੰਗ ਕੁਰਬਾਨੀਆਂ ਦੇ,
ਪਾਣੀ ਹੋਏ ਸਰੋਵਰ ਦੇ ਲਾਲ ਦੇਖੋ।
ਪਈਆ ਭਾਜੜਾਂ ਫੌਜ ਨਾ ਜਾਏ ਠੱਲੀ,
ਹੁੰਦੀ ਪਈ ਅਕਾਲ ਅਕਾਲ ਦੇਖੋ !

ਦੋਹਾਂ ਦਲਾਂ ਵਿਚ ਮੁਕਾਬਲੇ ਦੀ ਗਾਥਾ ਇਉਂ ਅੱਗੇ ਤੁਰਦੀ ਹੈ :-

ਆਖਿਆ ਸੁਬੇਗ, ਸਿੰਘਾਂ ਬਾਵਾਂ ਮੱਲੀਆਂ।
ਵੱਜਿਆ ਬਿਗਲ ਤੇ ਬੰਦੂਕਾਂ ਚੱਲੀਆਂ।
ਫੌਜ ਨੇ ਵਿਉਂਤ ਨਾਲ ਕੀਤਾ ਹੱਲਾ ਜੀ।
ਫੁੰਡ ਦਿੱਤਾ ਸਿੰਘਾਂ ਨੇ ਫੌਜੀ ਕੱਲਾ ਕੱਲਾ ਜੀ।
ਇੰਦਰਾ ਨੂੰ ਬਿੰਦੇ-ਬਿੰਦੇ ਪਹੁੰਚੇ ਗੱਲ ਜੀ-
ਹੁੰਦੀ ਨਹੀਓਂ ਖਾਲਸੇ ਦੀ ਫੌਜ ਠੱਲ ਜੀ।
ਆਖਦੇ ਜੇ ਰਾਤੋ-ਰਾਤ ਹੋਇਆ ਹੱਲ ਨਾ।
ਦਿੱਲੀ ਹੱਥ ਆਵਣੀ ਕਦੇ ਵੀ ਗੱਲ ਨਾ।
ਪ੍ਰੇਸ਼ਾਨ ਇੰਦਰਾ ਗੁੱਸੇ 'ਚ ਬੋਲਦੀ।
ਚਿੱਪੀ ਹੋਈ ਸਪਨੀ ਇਉਂ ਵਿਸ ਘੋਲਦੀ-
ਬੀਤ ਦਿਉ ਤੋਪਾਂ ਟੈਂਕਾਂ ਨੂੰ ਚੁੜਾ ਦਿਓ।
ਸਿੱਟ ਦਿਓ ਕਮਾਂਡੋ ਕੁੰਮਕਾ ਬੁਲਾ ਲਿਓ।
ਮਰਜ਼ੀ ਹੈ ਜੋ ਵੀ ਕਰੋ ਬਿਨਾਂ ਸੱਕ ਨੂੰ।
ਤੋੜ ਦੇਵੋ ਕੇਰਾਂ ਖਾਲਸੇ ਦੇ ਲੱਕ ਨੂੰ !

ਜਨਰਲ ਸੁਬੇਗ ਸਿੰਘ ਧਾੜਵੀ ਫੌਜ ਦੇ ਇਸ ਤਰ੍ਹਾਂ ਛੱਕੇ ਛੁਡਾਉਂਦੇ ਹਨ :-

ਆਫਤ ਬਣ ਕੇ ਸੁਬੇਗ ਸਿੰਘ ਜੂਝਿਆ ਜਾਂ,
ਉਹਦੇ ਹੱਲੇ ਨੇ ਲਸ਼ਕਰ ਸਭ ਹੋੜ ਦਿੱਤੇ।
ਪਾਣੀ ਮੰਗਿਆ ਨਾ ਮਰਦਿਆਂ ਜਾਬਰਾਂ ਨੇ,
ਉਹਨੇ ਇੰਦਰਾ ਦੇ ਨਿਉਂਦਰੇ ਮੋੜ ਦਿੱਤੇ।
ਕਰ ਕਰ ਡੱਕਰੇ ਫੌਜ ਦੀ ਫਸਲ ਵੱਢੀ,
ਦੰਦ ਦਿੱਲੀ ਦੇ ਓਸ ਨੇ ਜੋੜ ਦਿੱਤੇ !
ਗੱਲਾਂ ਹੋਣੀਆਂ ਹਸ਼ਰ ਤੱਕ ਸ਼ੇਰ ਸਿੰਘਾ,
ਜੀਕਰ ਧੜਾਂ ਤੋਂ ਸੀਸ ਵਿਛੋੜ ਦਿੱਤੇ !!

ਭਾਦਰੋਂ ਦੇ ਛੱਰਾਟੇ ਵਾਂਗ ਵਰਦੀਆਂ ਗੋਲੀਆਂ ਤੇ ਅੱਗ ਵਰ੍ਹਾਉਂਦੇ ਗੋਲੇ ਸ੍ਰੀ ਅਕਾਲ ਤਖਤ ਨੂੰ ਢਾਹ-ਢੇਰੀ ਕਰਕੇ, ਸ੍ਰੀ ਦਰਬਾਰ ਸਾਹਿਬ ਨੂੰ ਛਾਣਨੀ ਕਰਕੇ, ਉਥੇ ਕੀਰਤਨ ਕਰ ਰਹੇ ਰਾਗੀ ਸਿੰਘ ਅਥਵਾ ਮਾਸੂਮ ਸਿੱਖ-ਸੰਗਤਾਂ ਨੂੰ ਸ੍ਰਿੰਨਦੇ ਹਨ ਤਾਂ ਮਾਨੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਕ ਆਵਾਜ਼ ਉਠਕੇ ਕੌਮ ਨੂੰ ਵੰਗਾਰ ਰਹੀ ਹੈ :-

ਤਖਤ ਅਕਾਲ ਲੱਗੀਆਂ ਜਾਂ ਗੋਲੀਆਂ।
ਗੁਰੂ ਕੇ ਪਿੰਜਰ ਦੀਆਂ ਇੱਟਾਂ ਬੋਲੀਆਂ-
ਧੀਓ ! ਪੁੱਤੋ !! ਵੇਖਿਓ ਕਦੇ ਨਾ ਡੋਲਿਓ !
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!
ਜ਼ਾਲਮਾਂ ਦੇ ਅੱਗੇ ਰਹਿਣੈਂ ਹਿੱਕ ਤਾਣ ਕੇ।
ਤਾਣ ਮੈਂ, ਨਾ ਝੁੱਕਣਾ ਨਿਤਾਣੇ ਜਾਣ ਕੇ।
ਕੱਟੇ ਜਾਇਓ ਬੰਦ ਬੰਦ, ਸੀ ਨਾ ਬੋਲਿਓ!
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!
ਜ਼ਾਲਮਾਂ ਨੇ ਨੇਜ਼ਿਆਂ ਤੇ ਟੰਗੇ ਸੀਸ ਸੀ।
ਕੁੱਲ ਨੂੰ ਜੇ ਹੋਰ ਕੋਈ ਕਰੇ ਰੀਸ ਵੀ।
ਪੂੜ ਇਤਿਹਾਸ ਨੂੰ ਰਾਹ ਆਪੇ ਟੋਲਿਓ !
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!
ਤੂੰਬਾ-ਤੂੰਬਾ ਉਡ ਵੀ ਕਦੇ ਨਹੀਂ ਝੁੱਕਣਾ।
ਜ਼ਾਲਮਾਂ ਦੀ ਛਾਤੀ ਉਤੇ ਚੜ ਬੁੱਕਣਾ।
ਰੱਖਿਓ ਇਹ ਰੱਤ ਨਾ ਪਿਆਰੀ, ਡੋਲਿਓ !
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!
ਪੰਥ ਉਤੇ ਕਰੜੇ ਵਕਤ ਆਉਂਣਗੇ।
ਆਪਣੇ-ਬਿਗਾਨੇ ਪੁੱਜ ਕੇ ਸਤਾਉਂਣਗੇ।
ਪੰਥ ਦੀ ਇਹ ਸ਼ਾਨ ਰੱਖਿਓ, ਨਾ ਰੋਲਿਓ !
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!
ਖਾਲਸੇ ਦੇ ਨਾਲ ਜਿਹੜਾ ਮੱਥਾ ਲਾਊਗਾ।
ਮਿੱਟੀ 'ਚ ਮਿਲਾਉਂਦਾ ਮਿੱਟੀ ਮਿਲ ਜਾਊਗਾ।
ਜ਼ੁਲਮਾਂ ਦੀ ਰਾਤ ਦਗਣਾ ਹੈ ਸੁਹਲਿਓ !
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ !!

ਦੋਹਾਂ ਦਲਾਂ ਵਿਚ ਹੋ ਰਹੇ ਭਿਆਨਕ-ਜੰਗ ਦਾ ਨਜ਼ਾਰਾ ਕੁਝ ਇਸ ਤਰ੍ਹਾਂ ਦਾ ਹੈ :-

ਨਿਕਲ ਤਖਤੋਂ ਅਮਰੀਕ ਸਿੰਘ ਤੀਰ ਵਾਂਗੂ,
ਦੁਸ਼ਮਣ-ਦਲਾਂ ਨੂੰ ਚੀਰਦਾ ਜਾ ਰਿਹਾ ਸੀ।
ਨਹੀਂ ਸੀ ਘੱਟ ਸੁਬੇਗ ਉਕਾਬ ਨਾਲੋਂ,
ਬਣਕੇ ਦਲਾਂ ਤੇ ਮੌਤ ਮੰਡਲਾ ਰਿਹਾ ਸੀ।
ਉਡਦਾ ਮਗਰੋਂ ਸੀ ਟੈਂਕੀ ਤੋਂ ਕੋਈ ਬੱਬਰ,
ਪਹਿਲੋਂ ਸੈਆਂ ਨੂੰ ਫੁੰਡ-ਉਡਾ ਰਿਹਾ ਸੀ।
ਹਰਗੋਬਿੰਦ ਦੇ ਨਾਲ ਜਰਨੈਲ ਜੁੜਿਆ,
ਜੰਗ ਦੀ ਨਵੀਂ ਸਕੀਮ ਲੜਾ ਰਿਹਾ ਸੀ !

ਸੰਤ ਜਰਨੈਲ ਸਿੰਘ ਜੀ ਖਾਲਸਾ, ਦਿੱਲੀ ਦੀ ਫੌਜੀ-ਫਸਲ ਦੀ ਵਾਢੀ ਕਰਦਿਆਂ ਅੱਗੇ ਵਧਦੇ ਜਾਂਦੇ ਭਾਈ ਅਮਰੀਕ ਸਿੰਘ ਪ੍ਰਧਾਨ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰਸ਼ਨ ਦੇ ਗੋਲਾ ਲੱਗ ਕੇ ਡਿੱਗ ਪੈਣ ਮਗਰੋਂ, ਕੋਲ ਆ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਇਉਂ ਕਰਦੇ ਹਨ :-

ਡਿੱਗਦਾ ਵੇਖਿਆ ਜਦੋਂ ਅਮਰੀਕ ਅੱਖੀਂ,
ਆ ਕੇ ਫੇਰ ਜਰਨੈਲ ਸਿਰ ਪੱਟ ਧਰਿਆ।
ਅੱਖਾਂ ਸੇਜਲ ਤੇ ਓਸ ਦੇ ਹੋਠ ਫਰਕੇ,
ਏਨਾ ਕਦੇ ਨਾ ਭਰਿਆ ਸੀ ਮਨ ਭਰਿਆ!
ਕਿਹਾ-ਢੁਲਿਆ ਜਾਨ ਘੁਮਾ ਗਿਓ ਤੂੰ
ਪੰਥ ਲਾਹੇਗਾ ਸੀਸ ਜੁ ਕਰਜ ਧਰਿਆ।
ਇਕ ਇਕ ਕਤਰੇ 'ਚੋਂ ਹੋਣੇ ਅਮਰੀਕ ਏਨੇ,
ਜੱਗ ਮੰਨੇਗਾ ਨਹੀਂ ਅਮਰੀਕ ਮਰਿਆ।
ਸੋਢੀ ਤੁਰ ਗਿਆ ਅਜੇ ਨਾ ਦਿਹੁੰ ਭੁੱਲਾ,
ਅੱਜ ਸੋਹਣਿਆ ਤੂੰ ਵੀ ਜਾਣ ਲੱਗੈਂ !
ਨਹੀਂ ਸਨ ਓਹਦੇ ਵਿਛੋੜੇ ਦੇ ਫੱਟ ਭੁੱਲੇ,
ਤੂੰ ਵੀ ਫੱਟ ਨਿਮੋਹਰਿਆ ਲਾਣ ਲੱਗੈਂ!!

ਭਾਈ ਅਮਰੀਕ ਸਿੰਘ ਨੂੰ ਸਹਿਕਦਿਆਂ ਛੱਡ ਕੇ ਸੰਤ-ਖਾਲਸਾ ਦੁਸ਼ਮਣ ਦਲਾਂ ਨੂੰ ਦਰੜ ਲੰਘ ਕੇ ਤੜਫਦੇ ਫੱਟੜ-ਸ਼ੇਰ ਜਨਰਲ ਸੁਬੇਗ ਸਿੰਘ ਨਾਲ ਆਖਰੀ ਦੋ ਗੱਲਾਂ ਇਸ ਤਰ੍ਹਾਂ ਕਰਦੇ ਹਨ : -

ਫਤਹਿ ਸਿੰਘ ਅਮਰੀਕ ਨੂੰ ਬੁਲਾਇ ਕੇ, ਯੋਧਾ ਪੁਜਿਆ ਸੁਬੇਗ ਕੋਲ ਜਾ।
ਜੀਹਦਾ ਤੱਤਾ ਧੜ ਅਜੇ ਤੜਫਦਾ, ਜੀਹਦੇ ਆਨੇ ਰਹੇ ਪਥਰਾਅ!
ਓਹਦੇ ਵਿਹੁ ਮੁਛੱਹਿਰੇ ਘੋਲਦੇ, ਉਹਦੇ ਦੰਦੀਂ ਅਜੇ ਦਬਾਅ।
ਉਹਦੇ ਹੱਥ ਕਮੀਸਾਂ ਫੱਟੀਆਂ ਜਿਵੇਂ ਲੱਥਤਾ ਨਾ ਉਹਦਾ ਚਾਅ।
ਤੇ ਵਰ੍ਹਦੇ ਗੋਲੀਂ ਖਾਲਸਾ, ਉਹਦੇ ਕੋਲੋ ਖੁੜਿਆ ਜਾ।
ਫਿਰ ਬਹਿ ਕੇ ਫੱਟੜ ਸ਼ੇਰ ਨੂੰ, ਉਹਨੇ ਛਾਤੀ ਲੀਤਾ ਲਾ।
ਉਹਦੀ ਖੁਲ੍ਹ ਚੱਲੀ ਦਸਤਾਰ ਨੂੰ ਓਹਦੇ ਸੋਹਣੇ ਸੀਸ ਟਿਕਾ।
ਕਿਹਾ ਮੱਥਾ ਚੁੰਮ ਜਰਨੈਲ ਨੇ -ਸਿੰਘਾ ਗਿਓ ਤੂੰ ਬੋਲ ਪੁਗਾਅ।
ਤੂੰ ਪੰਥ ਜਗਾਇਐ ਖਾਲਸਾ ਦਿੱਤੀ ਚੋਟ ਦਮਾਮੇ ਲਾ।
ਜੋ ਦਿੱਲੀ ਚਾੜ੍ਹੀਆਂ ਭਾਜੀਆਂ ਹੁਣ ਦੇਣੀਆਂ ਇਸ ਨੇ ਲਾਹ।
ਸਿੰਘ ਚੁਣ ਚੁਣ ਬਦਲੇ ਲੈਣਗੇ ਇਹਨਾਂ ਕਰਨੇ ਹੱਕ ਅਦਾ।
ਨਾਲੇ ਚੁਣਨੇ ਕੌਮੋਂ ਕੋਕੜੂ ਜਿਹਨਾਂ ਕੀਤੀ ਕੌਮ ਤਬਾਹ।
ਹੁਣ ਲਾਹਕੇ ਗਲੋਂ ਗੁਲਾਮੀਆਂ ਅਸੀਂ ਲੈਣਾ ਸੁਖ ਦਾ ਸਾਹ।
ਸਾਡੇ ਜ਼ੁਲਮਾਂ ਵੰਡਣੀ ਰੌਸ਼ਨੀ ਦੇਣੀ ਜੂਹ ਜਿਸਨੇ ਰੁਸਨਾਅ।
ਹੋਣਾ ਰਾਜ ਹਲੀਮੀ ਆਪਣਾ ਜੀਹਦਾ ਰਾਖਾ ਦਸਮ ਪਿਤਾ।
ਜੀਹਦੇ ਵਿਚ ਨਾ ਕੋਈ ਵੰਡੀਆਂ ਜਿਥੇ ਫਰਕ ਨਾ ਕੋਈ ਰਤਾ।
ਤੁਸੀਂ ਚਰਬੀ ਪਾ ਕੇ ਆਪਣੀ ਜੁ ਦਿੱਤੀ ਜੋਤ ਜਗਾ।
ਇਹਦੀ ਲਾਟ 'ਚ ਪਲਦੀ ਜ਼ਿੰਦਗੀ ਜੁ ਜਿਉਂਦੀ ਰਹੂ ਸਦਾ !

ਕੌਮ ਦੇ ਮਹਾਨ ਜਰਨੈਲਾਂ ਦੇ ਸ਼ਹਾਦਤ ਦਾ ਜਾਮ ਪੀ ਜਾਣ ਉਪਰੰਤ ਉਹਨਾਂ ਦੇ ਸਰੀਰਾਂ ਨੂੰ ਨੁਮਾਇਸ਼-ਹਿਤ ਡਿਉਢੀ ਵਿਚ ਰੱਖ ਕੇ ਹੋਛੀ ਹਿੰਦ-ਸਰਕਾਰ ਦੇ ਹੋਛੇ-ਫੌਜੀ ਲਾਗਲੇ ਮੁਹੱਲਿਆਂ 'ਚੋਂ ਲੋਕਾਂ ਨੂੰ ਇਉਂ ਬੁਲਾਉਂਦੇ ਹਨ :-

ਡਿਉਢੀ ਵਿਚ ਰੱਖ ਸ਼ੇਰਾਂ ਦੇ ਸਰੀਰਾਂ ਨੂੰ, ਲੋਕਾਂ ਨੂੰ ਬੁਲਾਉਂਦੇ ਐ।
ਆਪਣੀਆਂ ਅੱਖਾਂ ਨਾਂ' ਤਸੱਲੀ ਕਰ ਲੋ, ਆਖ ਕੇ ਵਿਖਾਉਂਦੇ ਐ।
ਕਿਸੇ ਨਾ 'ਕੱਲੇ ਦਾ ਅਜੇ ਦਿਲ ਵਗਦਾ, ਆਉਂਦੇ ਬ੍ਰੀਨ ਟੋਲੀਆਂ।
ਸਿੱਖਾਂ ਦਿਆਂ ਜ਼ਖਮਾਂ ਤੇ ਲੂਣ ਪਾਉਂਦੇ ਐ, ਮਾਰਦੇ ਐ ਬੋਲੀਆਂ।
ਆਪੋ ਵਿਚ ਘੁੱਟ-ਘੁੱਟ ਪਾਉਂਣ ਜੱਫੀਆਂ ਫੌਜੀਆਂ ਨੂੰ ਹਾਰ ਜੀ।
ਕਹਿਣ 'ਸਾਡਾ ਮਾਲਕੋ ਹੈ ਡਰ ਚੱਕਤਾ ਕੀਤਾ ਉਪਕਾਰ ਜੀ।'
ਫੌਜੀਆਂ ਨੂੰ ਮੁਤ-ਮੁੜ ਦੇਣ ਥਾਪੀਆਂ ਪੈਰੀਂ ਹੱਥ ਲਾਉਂਦੇ ਐ।
ਟੱਪ-ਟੱਪ ਖੁਸ਼ੀ ਵਿਚ ਪਾਉਂਣ ਭੰਗੜੇ ਢੋਲੇ ਨਾ ਸਮਾਉਂਦੇ ਐ।
ਫਿਰਦੇ ਨੇ ਚਾਈਂ-ਚਾਈਂ ਲੱਡੂ ਵੰਡਦੇ ਤੇ ਕੜਾਹੀਆਂ ਚ੍ਹਾੜੀਆਂ।
ਪੱਤਿਆਂ ਦੇ ਵਾਂਗ ਸੀ ਜੁ ਕੁੱਲ ਕੰਬਦੇ ਮਾਰਦੇ ਨੇ ਤਾੜੀਆਂ।
ਵੈਰੀਆਂ ਦੇ ਘਰੀਂ ਹੋਈ ਜਗਮਗ ਜੀ ਸਿੱਖਾਂ ਦੇ ਹਨੇਰ ਸੀ !
ਆਪਣੇ ਕਮਾਉਂਦੇ ਨਾ ਜੇ ਦਗੇ-ਬਾਜੀਆਂ ਸੋਵਣਾ ਨਾ ਸ਼ੇਰ ਸੀ !!

ਸਿੱਖ-ਕੌਮ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਹੁੰ-ਵਰਣਾਂ ਹੀ ਨਹੀਂ ਚਹੁੰ-ਕੂਟਾਂ ਵਿਚ ਵਸਦੇ ਸੰਸਾਰ ਦੇ ਹਰ ਪ੍ਰਾਣੀ-ਮਾਤਰ ਲਈ ਖੁੱਲ੍ਹੇ ਹਨ। ਇਥੋਂ ਹਰ ਸੁਬਾਹ-ਸ਼ਾਮ ਸਰਬੱਤ ਦੇ ਭਲੇ ਲਈ ਅਰਦਾਸ ਗੁਜ਼ਾਰੀ ਜਾਂਦੀ ਹੈ। ਇਸ ਦੇ ਸਾਹਵੇਂ ਸਥਿਤ ਸ੍ਰੀ ਅਕਾਲ-ਤਖਤ ਨੇ ਖਾਲਸਾ-ਪੰਥ ਨੂੰ ਸਦਾ ਮਜ਼ਲੂਮਾਂ ਨੂੰ ਗਲੇ ਲਗਾਣ ਤੇ ਜ਼ਾਲਮਾਂ ਨੂੰ ਸੋਧਣ ਦਾ ਪੈਗ਼ਾਮ ਦਿੱਤਾ ਹੈ। ਪੰਥ ਨੇ ਆਪਣੇ ਇਸ ਪਵਿੱਤਰ-ਅਸਥਾਨ ਤੇ ਚੜ੍ਹਾਈ ਕਰਨ ਵਾਲੇ ਹਰ ਹਮਲਾਵਰ ਨੂੰ ਕਰਾਰੇ ਹੱਥ ਵਿਖਾਏ ਹਨ। ਜੂਨ, 1984 ਦੇ ਹਮਲੇ ਨਾਲ ਹਿੰਦ ਸਰਕਾਰ ਨੇ ਜੋ ਭੱਾਂਜੀ ਸਿੱਖ ਕੌਮ ਦੇ ਸਿਰ ਚ੍ਹਾੜੀ ਹੈ, ਆਪਣੀ ਸ਼ਾਨਦਾਰ-ਪਰੰਪਰਾ ਤੇ ਤੁਰਦਾ ਖਾਲਸਾ-ਪੰਥ ਇਸ ਨੂੰ ਜ਼ਰੂਰ ਮੋੜੇਗਾ :-

ਹੱਸੀ ਖੇਡ ਸ਼ਿਕਾਰ ਤੂੰ ਦਿੱਲੀਏ ਬਦਕਾਰੇ !
ਹੁਣ ਬੈਠ ਨਸੇਂਠੀਂ ਮਾਮਲੇ ਜੁ ਪਾਏ ਭਾਰੇ।
ਜਿਸ ਜਿਸ ਪੰਥ ਵੰਗਾਰਿਆ ਉਹ ਗਿਆ ਨਾ ਸੁੱਕਾ।
ਐਨ ਹਿਸਾਬ ਨਿਬੇੜਦੇ ਸਿੰਘ ਉਕਾ-ਪੁੱਕਾ।
ਇਸ ਧਰਤੀ ਲਈ ਖਾਲਸੇ ਸੀ ਰੱਤ ਵਹਾਈ।
ਫੜਕਣ ਦਿੱਤੀ ਚਿੜੀ ਨਾ ਸਿਰ ਧੜ ਦੀ ਲਾਈ।
ਹੁਣ ਟੱਕਰੂਗਾ ਖਾਲਸਾ ਕਰ ਹੱਥ ਕਰਾਰੇ।
(ਸਿੰਘ) ਗਿਣ-ਗਿਣ ਬਦਲੇ ਲੈਣਗੇ ਦਿੱਲੀਏ ਬਦਕਾਰੇ !
ਜਾਨਾਂ ਹੂਲੀਆਂ ਖਾਲਸੇ ਤੇਰੀ ਪੱਤ ਬਚਾਈ।
ਤੂੰ ਪਰ ਪੱਗ ਪੰਜਾਬ ਦੇ ਹੈ ਸਿਰ ਤੋਂ ਲਾਹੀ।
ਤੂੰ ਸਨ ਵੋਟਾਂ ਵੇਖੀਆਂ ਇਹ ਕੀਤਾ ਜੇਰਾ।
ਪਰ ਇੰਜਤ ਲਈ ਹੋਵਦਾ ਇਕ ਸ਼ੇਰ ਬਥੇਰਾ।
ਖੜਗ-ਭੁਜਾ ਪੰਜਾਬ ਹੈ ਤੈਂ ਆਪੇ ਵੱਢੀ।
ਆਪ ਵਿਹਾਝੀ ਮੌਤ ਤੈਂ ਕੋਈ ਕਸਰ ਨਾ ਛੱਡੀ।
ਤੈ ਨਾ ਦੇਵੇ ਖਾਲਸਾ ਨਾ ਹੀ ਤੈ ਮੰਨੇਂ।
ਹੈਂਕੜ ਖੱਬੀ-ਖਾਨ ਦੀ ਰੱਖ ਗੋਡਾ ਭੰਨੇਂ।
ਤੂੰ ਅਣਖ ਵੰਗਾਰੀ ਪੰਥ ਦੀ ਹੋਵਣਗੇ ਲੇਖੇ।

ਹੋਣੀਆਂ ਹੁਣ ਅਣਹੋਣੀਆਂ ਕੁੱਲ ਆਲਮ ਵੇਖੇ।
ਪੰਥ ਜਿਉਂਦਾ - ਜਾਗਦਾ ਇਸ ਜਿਉਂਦੇ ਰਹਿਣਾ।
ਢਹਿਣਾ ਤਖ਼ਤ ਅਕਾਲ ਨਹੀਂ ਘਰ ਤੇਰਾ ਢਹਿਣਾ।
ਅਸੀਂ ਪੁੱਤ ਗੁਰੂ ਗੋਬਿੰਦ ਦੇ, ਉਹਦਾ ਹੁਕਮ ਵਜਾਉਂਣਾ।
ਅਸੀਂ ਆਢਾ ਲਾਉਂਣਾ ਜ਼ੁਲਮ ਨਾਲ ਨਹੀਂ ਸੀਸ ਝੁਕਾਉਂਣਾ।
ਬੇਸ਼ੱਕ ਹੌਵੇ ਦੇਰ ਕੁੱਝ ਅਸੀਂ ਕਰਜ਼ਾ ਲਾਹੁਣਾ !
ਲਾਲ ਕਿੱਲੇ ਤੇ ਕੇਸਰੀ ਝੰਡਾ ਲਹਿਰਾਉਂਣਾ !!

ਬਾਰੰਬਾਰ-ਪ੍ਰਨਾਮ ਹੈ ਉਹਨਾਂ ਬਹਾਦਰ-ਯੋਧਿਆਂ ਨੂੰ ਜਿਹਨਾਂ ਕੌਮ ਦੀ ਅਣਖ ਤੇ ਆਨ ਲਈ ਆਪਣੀ ਚਰਬੀ ਦੇ ਚਰਾਗ ਬਾਲ ਕੇ ਕੌਮ ਦੇ ਸੁਨਹਿਰੀ-ਭਵਿੱਖ ਲਈ ਇਸ ਦਾ ਰਾਹ ਰੁਸ਼ਨਾਣ ਹਿਤ ਆਪਾ ਨਿਛਾਵਰ ਕੀਤਾ ਹੈ :-

ਲੱਖ ਵਾਰ ਪ੍ਰਨਾਮ ਪ੍ਰਵਾਨਿਆਂ ਨੂੰ,
ਜਿਹਨਾਂ ਸ਼ਾਨ ਚਮਕਾਈ ਹੈ ਖਾਲਸੇ ਦੀ।
ਸੀਸ ਤਲੀ ਧਰ ਲੜੇ ਜੁ ਧਰਮ ਖਾਤਰ,
ਜਿਹਨਾਂ ਰੱਖ ਵਿਖਾਈ ਹੈ ਖਾਲਸੇ ਦੀ!
ਆਪ ਸੁੱਤੇ ਨੇ ਲੰਮੀਆਂ ਤਾਣ ਭਾਂਵੇਂ,
ਸੁੱਤੀ ਕੌਮ ਜਗਾਈ ਹੈ ਖਾਲਸੇ ਦੀ।
ਫੇਰ ਜਦੋਂ ਹਰਿਮੰਦਰ ਤੇ ਹੋਇਆ ਹਮਲਾ,
ਜਿਹਨਾਂ ਭੱਾਂਜੀ ਪਹੁੰਚਾਈ ਹੈ ਖਾਲਸੇ ਦੀ।
ਕੀ ਜੇ ਵਤਹਿ ਬੁਲਾਇਕੇ ਵਿਦਾ ਹੋ ਗਏ,
ਦਿਲ ਵਿਚ ਕੌਮ ਨੇ ਉਹਨਾਂ ਬਿਠਾਵਣਾ ਏਂ !
ਕੌਮ ਜਦੋਂ ਵੀ ਗੁਜ਼ਰੀ ਹਨੇਰਿਆਂ 'ਚੋਂ
ਉਹਨਾਂ ਸੂਰਜਾਂ ਰਾਹ ਰੁਸ਼ਨਾਵਣਾ ਏਂ !!

ਬੋਲੇ ਸੋ ਨਿਹਾਲ ! ਸਤਿ ਸ੍ਰੀ ਅਕਾਲ !!

(ਜਨਵਰੀ, 1988)

ਰਾਜ ਕਰੇਗਾ ਖਾਲਸਾ !

ਸਿੱਖ-ਮਾਨਸਿਕਤਾ ਅਤੇ ਰਾਜ-ਭਾਵਨਾ !!

ਮੁਗ਼ਲਾਂ ਨਾਲ ਦੋ ਹੱਥ ਤੇ ਦੁਰਾਨੀਆਂ ਨਾਲ ਦਸਤਪੰਜਾ !!!

(ਨੰ: ਇਕ)

ਸਿੱਖ ਕੌਮ ਦਾ ਭਵਿੱਖ ਅੱਜ ਪੂਰੀ ਤਰਾਂ ਪੰਜਾਬ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਪੰਜਾਬ ਅਥਵਾ ਸਿੱਖ-ਆਜ਼ਾਦੀ ਲਈ ਵਿੱਢੇ ਸੰਘਰਸ਼ 'ਚ ਨਿਰਸੰਦੇਹ ਖੜੋਤ ਆ ਗਈ ਹੈ। ਸਿੱਖ ਸ਼ਕਤੀ-ਸ੍ਰੋਤ ਸੁੱਕ ਰਹੇ ਹਨ। ਸਿੱਖ-ਸੰਘਰਸ਼ ਦਾ ਨਕਾਲ ਲਗਪਗ ਮਰ ਗਿਆ ਹੈ। ਸਿੱਖ-ਸਫਾਂ ਵਿਚਲਾ ਦਿਆਨਤਦਾਰ ਤਬਕਾ ਚਿੰਤੁਤ ਹੈ ਕਿ ਇਸ ਨਮੋਸ਼ੀ ਅਤੇ ਨਿਰਾਸਤਾ ਵਿਚੋਂ ਕੌਮ ਨੂੰ ਕੱਢਕੇ ਪੰਜਾਬ ਨੂੰ ਆਜ਼ਾਦ ਕਿਵੇਂ ਕਰਵਾਇਆ ਜਾਵੇ ? ਇਸ ਗੰਭੀਰ-ਸਮੱਸਿਆ ਦੇ ਹੱਲ ਲਈ ਜੋ ਸਲਾਹ-ਸੁਝਾਅ ਇਸ ਲਿਖਤ ਦੇ ਅਖ਼ੀਰ ਉਤੇ ਦਿੱਤੇ ਜਾਣੇ ਹਨ, ਬੜੀ ਸੋਖੀ ਤਰਾਂ ਕੁਝ ਸਤਰਾਂ ਦੇ ਇਕੋ ਲੇਖ ਵਿਚ ਸਿੱਖ-ਸੰਸਾਰ ਸਾਹਵੇਂ ਰੱਖੇ ਜਾ ਸਕਦੇ ਸਨ (ਵੈਸੇ ਸਿੱਖਾਂ 'ਚ ਸੁਝਾਅ ਸੁਣਨ ਦਾ ਰਿਵਾਜ ਘੱਟ ਹੀ ਹੈ !) ਪਰ ਸਿੱਖ-ਆਜ਼ਾਦੀ ਦੇ ਪ੍ਰਸੰਗ ਵਿਚ ਸਿੱਖ-ਮਾਨਸਿਕਤਾ ਨੂੰ ਸਮਝਣ ਹਿਤ ਇਹ ਮਹਿਸੂਸ ਕੀਤਾ ਗਿਆ ਕਿ ਇਸ ਲਿਖਤ ਨੂੰ ਥੋੜਾ ਜਿਹਾ ਵਿਸਥਾਰ ਨਾਲ ਲਿਖ ਦਿੱਤਾ ਜਾਵੇ ਤਾਂ ਕਿ ਜਿਹਨਾਂ ਅਵੱਸਥਾਵਾਂ ਚੋਂ ਸਿੱਖ, ਖਾਲਸਾ-ਪੰਥ ਦੀ ਸਿਰਜਣਾ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਵਿਚਰੇ ਹਨ ਉਹਨਾਂ ਤੋਂ ਰੋਸ਼ਨੀ ਤੇ ਸਬਕ ਲੈ ਕੇ ਉਹ ਮੌਜੂਦਾ-ਜ਼ੁੱਲਣ ਚੋਂ ਨਿਕਲ ਕੇ ਆਪਣੀ ਮੰਜ਼ਿਲ ਪ੍ਰਾਪਤ ਕਰ ਸਕਣ।

ਪੰਜਾਬ ਵਿਚ ਸਿੱਖ ਅਥਵਾ ਖਾਲਸਾ-ਰਾਜ ਬਾਰੇ ਵਿਚਾਰ ਕਰਨ ਤੋਂ ਪਹਿਲੋਂ 'ਖਾਲਸਾ-ਪੰਥ' ਅਥਵਾ ਖਾਲਸੇ ਬਾਰੇ ਸਮਝ ਲੈਣਾ ਚਾਹੀਦਾ ਹੈ ਕਿ 'ਸਰਬ ਲੋਹ ਗ੍ਰੰਥ' ਅਨੁਸਾਰ 'ਖਾਲਸਾ ਅਕਾਲ ਪੁਰਖ ਕੀ ਫੌਜ' ਹੈ ਅਤੇ ਇਹ 'ਪ੍ਰਮਾਤਮ ਕੀ ਮੌਜ' ਵਿਚੋਂ ਪ੍ਰਗਟ ਹੋਇਆ ਹੈ। ਭਾਈ ਰਤਨ ਸਿੰਘ ਜੀ ਭੰਗੂ ਖਾਲਸੇ ਬਾਰੇ ਸ੍ਰੀ 'ਗੁਰੂ ਪੰਥ ਪ੍ਰਕਾਸ਼' 'ਚ ਲਿਖਦੇ ਹਨ :-

ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ॥
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਤਿਸ਼ਾਹਿ॥

ਭਾਵ ਖਾਲਸਾ ਅਕਾਲ ਦੀ ਉਹ ਸੈਨਾ ਹੈ ਜੋ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਦੀ ਈਨ ਜਾਂ ਅਧੀਨਗੀ ਨਹੀਂ ਮੰਨਦੀ। ਉਹ ਖੁਦ ਖੁਦਾ ਤੇ ਹਵਾ ਵਾਂਗ ਆਜ਼ਾਦ ਹੈ। ਆਜ਼ਾਦੀ ਅਥਵਾ ਆਪਣੇ ਰਾਜ ਦਾ ਸੁਪਨਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਸਮੇਂ ਹੀ ਇਸਦੇ ਮੱਥੇ ਵਿਚ ਇਹ ਕਹਿੰਦਿਆਂ ਬੀਜ ਦਿੱਤਾ ਸੀ :-

ਇਨ ਗਰੀਬ ਸਿੰਘਨ ਕੋ ਦਯੋ ਪਤਿਸ਼ਾਹੀ॥
ਯਹ ਯਾਦ ਰਖੋ ਹਮਰੀ ਗੁਰਿਆਈ॥
(ਸ੍ਰੀ ਗੁਰੂ ਪੰ: ਪ੍ਰ:)

ਇਹ ਕਲਗੀਧਰ ਪਾਤਸ਼ਾਹ ਦੀ ਬਖਸ਼ਿਸ਼ ਤੇ ਇਨਕਲਾਬੀ-ਵਿਚਾਰਧਾਰਾ ਦਾ ਹੀ ਚਮਤਕਾਰ ਸੀ ਕਿ ਕੁਲ ਤੱਕ ਕਹੇ ਜਾਂਦੇ 'ਕੀਰ' ਅਥਵਾ ਗਰੀਬ ਲੋਕਾਂ ਵਿਚ 'ਮੀਰ' ਅਥਵਾ ਬਾਦਸ਼ਾਹ ਬਣਨ ਦੀ ਤਾਂਘ ਨੇ ਕਰਵਟ ਲਈ। ਖਾਲਸਾ-ਪੰਥ ਨੂੰ ਸਾਜਣ ਉਪਰੰਤ ਪ੍ਰਸੰਨ-ਚਿੱਤ ਦਾਤਾਰ ਤਾਂ ਖਾਲਸੇ ਨੂੰ ਹੋਰ ਵਧੇਰੇ ਬਖਸ਼ਿਸ਼ਾਂ ਨਾਲ ਨਿਵਾਜਣ ਦੇ ਲਈ ਵੀ ਤਤਪਰ ਤੇ ਤਰੁੱਠੇ ਸਨ ਪਰ ਸਿੰਘਾਂ ਦੀ ਆਪਣੀ

ਮਾਨਸਿਕਤਾ ਅਨੁਸਾਰ ਇੱਕੋ ਮੰਗ ਸੀ ਕਿ ਉਹਨਾਂ ਨੂੰ ਪੰਜਾਬ ਦਾ ਰਾਜ ਮਿਲ ਜਾਏ। ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ :-

ਸਤਿਗੁਰ ਕਹਯੋ ਮੁਖੋਂ ਮੰਗਹੁ ਜਗੀਰਾਂ। ਮਿਲਗੂ ਮੁਲਕ ਤੁਮਕੋ ਸੋਊ ਬੀਰਾਂ।
ਜਹਿ ਜਹਿ ਤੁਮਰੋ ਮਨ ਪਤੀਆਇ। ਸੋਊ ਸੋਊ ਤੁਮਕੋ ਦੈਯਗੂ ਲਾਇ।
ਸੁਨਤ ਬਚਨ ਗਿਰ ਨੇਰੇ ਪਏ। ਚਹੈਂ ਪੰਜਾਬ ਅਬ ਹਮ ਮਲ ਲਏ।
ਸਤਗੁਰ ਕਹਯੋ ਮੰਗਹੁ ਦੇਸ ਭਲ। ਮੰਗਹੁ ਪਹਾਤ ਔ ਪੂਰਬ ਪੱਛਮ।
ਸਿੰਘ ਕਹੈਂ ਹਮ ਦੂਰ ਕਿਮ ਜਾਵੈਂ ? ਮੱਧ ਪੰਜਾਬਹ ਰਾਜ ਕਮਾਵੈਂ।
ਮੁੜ ਮੁੜ ਸਿੰਘ ਬਹੁ ਮੰਗੈਂ ਪੰਜਾਬ। ਆਪਸ ਮੈਂ ਲੜ ਹੋਣ ਖਰਾਬ।

ਇਹ ਇਕ ਹੈਰਾਨਕੁੰਨ ਗੱਲ ਸੀ ਕਿ ਦਸਮ ਪਿਤਾ ਦੇ ਭੱਥੇ ਚੋਂ ਨਿਕਲੇ ਇਹਨਾਂ ਸਿੰਘ ਤੀਰਾਂ ਨੇ 7 ਅਕਤੂਬਰ 1708 ਨੂੰ ਗੁਰੂ-ਪਿਤਾ ਜੀ ਦੇ ਜੋਤੀ ਜੋਤ ਸਮਾਉਂਣ ਤੋਂ ਸਿਰਫ ਛੇੜ ਸਾਲ ਮਗਰੋਂ ਆਪਣੇ ਦੁਸ਼ਮਣਾਂ ਦੇ ਸੀਨਿਆਂ ਚੋਂ ਸਾਰ-ਪਾਰ ਹੁੰਦਿਆਂ ਸਿੱਖ-ਰਾਜ ਦੇ ਨਿਸ਼ਾਨੇ ਨੂੰ ਢੂੰਡ ਲਿਆ ਤੇ 24 ਮਈ 1710 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਖਾਲਸਾ-ਰਾਜ ਦੀ ਪਹਿਲੀ ਰਾਜਧਾਨੀ ਸਰਹੰਦ ਉਤੇ ਕੇਸਰੀ-ਪਰਚਮ ਲਹਿਰਾ ਦਿੱਤਾ। ਪਰ ਇਸਤੋਂ ਪਹਿਲੋਂ ਕਿ ਸਿੱਖ-ਸ਼ਕਤੀ ਬਾਬਾ ਬੰਦਾ ਸਿੰਘ ਜੀ ਦੁਆਲੇ ਕੇਂਦ੍ਰਿਤ ਹੋਕੇ ਖਾਲਸਾ-ਰਾਜ ਦਾ ਹੋਰ ਵਧੇਰੇ ਵਿਸਥਾਰ ਹੋ ਸਕਦਾ, ਬਾਬਾ ਬੰਦਾ ਸਿੰਘ ਜੀ ਵਲੋਂ ਸਿੱਖ-ਨੈਤਿਕਤਾ ਤੋਂ ਬਿਤਕ ਕੇ ਪੰਥ ਨਾਲੋਂ ਵਿਅਕਤੀਗਤ-ਭਾਵਨਾਵਾਂ ਨੂੰ ਪਹਿਲ ਦੇਣ ਕਾਰਨ ਸਿੱਖ-ਸਫਾਂ ਵਿਚ ਤੇੜ ਪੈ ਗਈ, ਜਿਸਦਾ ਫਾਇਦਾ ਉਠਾਉਂਦਿਆਂ ਮੁਗਲਾਂ ਵਲੋਂ ਬਾਬਾ ਬੰਦਾ ਸਿੰਘ ਜੀ ਨੂੰ ਗੁਰਦਾਸ ਨੰਗਲ ਦੇ ਕ੍ਰਿਲੇ (ਦੂਨੀ ਚੰਦ ਦੀ ਹਵੇਲੀ !) 'ਚੋਂ ਗ੍ਰਿਫਤਾਰ ਕਰਕੇ 2000 ਸਿੰਘਾਂ ਦੇ ਸਿਰ ਨੇਜ਼ਿਆਂ ਉਤੇ ਟੰਗ, 700 ਗੰਡੇ ਸਿੰਘਾਂ ਦੇ ਸਿਰਾਂ ਨਾਲ ਭਰ ਕੇ ਤੇ 40 ਸਿੰਘਾਂ ਨੂੰ ਊਠਾਂ ਉਤੇ ਨਰੜ ਕੇ ਇਕ ਖੌਫਨਾਕ ਜਲੂਸ ਦੀ ਸ਼ਕਲ 'ਚ ਦਿੱਲੀ ਲਿਜਾ ਕੇ 9 ਜੂਨ 1716 ਨੂੰ ਸ਼ਹੀਦ ਕਰ ਦਿਤਾ ਗਿਆ। ਇਸਤੋਂ ਮਗਰੋਂ ਸਿੱਖ-ਸਫਾਂ 'ਚ ਸੁਲਗਦੀ ਅੱਗ ਭਾਂਬੜ ਬਣ ਉਠੀ ਤੇ ਪੰਥ 'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਦੋ ਜਬਰਦਸਤ ਧੜਿਆਂ ਵਿਚ ਪੂਰੀ ਤਰਾਂ ਵੰਡੀਜ ਕੇ ਤਖਤ ਤੋਂ ਤਖਤੇ ਵੱਲ ਵਧ ਗਿਆ ਅਤੇ ਲਗਪਗ ਅਗਲੇ ਪੰਜਾਹ ਸਾਲਾਂ ਲਈ ਆਫਤ ਦੀ ਅੱਗ ਵਿਚ ਝੁਲਕਿਆ ਗਿਆ। ਤਾਜ ਲਈ ਤਾਂਘਦੇ ਸਿਰ ਨੇਜ਼ਿਆਂ ਤੇ ਟੰਗੇ ਜਾਣ ਲੱਗੇ। ਫਰਖ਼ੁਸੀਅਰ ਦੇ ਰਾਜ ਦੇ ਇਸ ਜ਼ਮਾਨੇ ਵਿਚ ਜ਼ਕਰੀਆ ਖਾਨ ਦੇ ਸੂਬਾ ਪੰਜਾਬ ਬਣਨ ਸਮੇਂ ਭਾਈ ਤਾਰਾ ਸਿੰਘ ਛੱਲਵਾਂ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ-ਸ਼ਾਹਬਾਜ਼ ਸਿੰਘ ਸਮੇਤ ਅਨੇਕ ਸ਼ਹਾਦਤਾਂ ਹੋਈਆਂ। ਮੁੱਠੀ-ਭਰ ਕੇਸਰੀ-ਕਾਫਲੇ ਨੂੰ ਕੁੱਚਲਣ ਲਈ ਸਵਾ ਸਵਾ ਲੱਖ ਮੁਲਖੱਈਆ ਹੈਦਰੀ-ਝੰਡੇ ਹੇਠ ਚੜ੍ਹਿਆ। ਪਰ ਜੇ ਇਸ ਸਮੇਂ ਭਾਈ ਤਾਰੂ ਸਿੰਘ ਜਿਹੇ ਸਿੰਘਾਂ ਦੇ ਖੋਪਰ ਲਹਿੰਦੇ ਰਹੇ ਤਾਂ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਵਰਗੇ ਦਲੇਰ-ਸੂਰਮੇ ਮੱਸੇ ਰੰਘੜ ਵਰਗੇ ਜਾਬਰਾਂ ਦੇ ਸਿਰ ਲਾਹੁੰਦੇ ਵੀ ਰਹੇ ਤੇ ਮੁਗਲਾਂ ਵੱਲੋਂ ਨਵਾਬੀ ਦੀਆਂ ਖਿਲਅਤਾਂ ਪੇਸ਼ ਹੋਣ ਨਾਲ ਨਵਾਬ ਸਰਦਾਰ ਕਪੂਰ ਸਿੰਘ ਵਰਗੇ ਸਿਰਾਂ ਨੂੰ ਸਲਾਮਾਂ ਵੀ ਹੁੰਦੀਆਂ ਰਹੀਆਂ !

ਜ਼ੁਲਮ ਦੀ ਇਸ ਘੋਰ ਹਨੇਰੀ-ਰਾਤ ਵਿਚ ਵੀ ਸ: ਬੋਤਾ ਸਿੰਘ-ਗਰਜਾ ਸਿੰਘ ਜੀ ਵਰਗੇ ਇਕੱਲੇ-ਦੁਕੱਲੇ ਸਿੰਘਾਂ ਨੇ ਸਿੱਖ-ਰਾਜ ਦੇ ਸੁਪਨੇ ਨੂੰ ਜਗਦਾ ਤੇ ਸਵਾ ਲੱਖ ਨਾਲ ਇਕੱਲੇ ਲੜਨ ਦੀ ਸਪਿੰਰਟ ਨੂੰ ਕਾਇਮ ਰੱਖਿਆ।

ਉਪਰੰਤ ਉਹ ਬਿਖਤਾ ਸਮਾਂ ਆਇਆ ਜਦ ਪੰਥ ਦਾ ਮੱਥਾ ਸੂਬਾ-ਪੰਜਾਬ, ਮੀਉਨ-ਉਲੱ-ਮਲਿਕ (ਮੀਰ ਮਨੂੰ) ਨਾਲ ਲੱਗਾ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਰੱਖ, ਲੱਭ ਲੱਭ ਉਹਨਾਂ ਨੂੰ ਮਾਰਿਆ ਗਿਆ। ਆਪਣੇ ਸ਼ੀਰ-ਖੋਰੇ ਟੋਟੇ ਕੀਤੇ ਬੱਚਿਆਂ ਦੇ ਹਾਰ ਗਲਾਂ 'ਚ ਪੁਆ ਕੇ ਸਿੰਘਣੀਆਂ ਨੇ ਸਵਾ ਸਵਾ ਮਣ ਪੀਸਣੇ ਪੀਸੇ, ਖੰਨੀ-ਖੰਨੀ ਰੋਟੀ ਖਾ ਕੇ ਮੀਰ ਮਨੂੰ ਦੇ ਕੈਂਪਾਂ ਵਿਚ ਗੁਜ਼ਾਰੇ ਕੀਤੇ। ਮਨੂੰ ਨੇ ਸਿਖਾਂ ਦੀ

ਅਲਖ ਮੁਕਾਉਣ ਦਾ ਤਹੱਈਆ ਕੀਤਾ ਹੋਇਆ ਸੀ ਪਰ ਸਿੰਘਾਂ ਨੇ ਸਗੋਂ ਹੋਰ ਦੂਣੀ-ਚੌਣੀ ਸ਼ਕਤੀ ਨਾਲ ਉਠ ਕੇ ਮੁਗਲ ਰਾਜ ਨੂੰ ਢਾਹੁਣ ਤੇ ਪੰਜਾਬ ਦਾ ਰਾਜ ਖੋਹ ਲੈਣ ਦਾ ਨਿਸਚਾ ਕੀਤਾ ਹੋਇਆ ਸੀ। ਇਸ ਭਿਆਨਕ ਸਮੇਂ ਵੀ ਉਹਨਾਂ ਦੇ ਟਾਵੇਂ-ਟੱਲੇ ਟੋਲੇ ਜੰਗਲਾਂ-ਬੀਆਬਾਨਾਂ ਵਿਚ ਬੜੇ ਸਵੈ-ਵਿਸ਼ਵਾਸੀ ਬੋਲਾਂ ਨਾਲ ਇਹ ਗਾਉਂਦੇ ਤੇ ਸਿੰਘ-ਮਾਨਸਿਕਤਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਚਰ ਰਹੇ ਸਨ :-

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ !
ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ-ਸਵਾਏ ਹੋਏ !!

ਮੁਗਲਾਂ ਤੋਂ ਮਗਰੋਂ ਸਿੰਘਾਂ ਦਾ ਦਸਤਪੰਜਾ ਦੁਰਾਨੀਆਂ ਨਾਲ ਪਿਆ। ਮਈ, 1739 ਵਿਚ ਨਾਦਰ ਸ਼ਾਹ ਦਿੱਲੀ ਦਾ ਤਖ਼ਤਿ-ਤਾਊਸ, ਕੋਹਿਨੂਰ ਹੀਰਾ, ਕੀਮਤੀ-ਖਜ਼ਾਨਾ ਅਤੇ ਲਗਪਗ 40,000 ਲੜਕੇ-ਲੜਕੀਆਂ ਲੁੱਟ ਕੇ ਵਾਪਸ ਪਰਤ ਰਿਹਾ, ਪੰਜਾਬ ਦੀ ਧਰਤੀ ਤੋਂ ਲੰਘ ਰਿਹਾ ਸੀ ਕਿ ਯੋਧੇ ਸਿੰਘਾਂ ਦੇ ਜੱਥੇ ਇਸ ਦਲੇਰੀ ਨਾਲ ਉਸ ਤੇ ਝਪਟੇ ਕਿ ਉਹਨਾਂ ਨੇ ਨਾ ਸਿਰਫ ਉਸਤੋਂ ਸਾਰੇ ਲੜਕੇ-ਲੜਕੀਆਂ ਹੀ ਛੁਡਾ ਲਏ ਸਗੋਂ ਨਾਦਰ ਸ਼ਾਹ ਦਾ ਬਹੁਤ ਸਾਰਾ ਲੁੱਟ ਦਾ ਸਾਮਾਨ ਵੀ ਖੋਹ ਲਿਆ। ਹਰਫਲੇ ਹੋਏ ਨਾਦਰ ਸ਼ਾਹ ਨੇ ਉਸ ਰਾਤੀਂ ਲਾਹੌਰ ਜਾ ਕਿਯਾਮ ਕੀਤਾ। ਸੂਬਾ ਲਾਹੌਰ ਜ਼ਕਰੀਆ ਖਾਨ ਨਾਲ ਜੋ ਗੱਲਬਾਤ ਉਸ ਉਥੇ ਕੀਤੀ ਉਹ ਇਥੇ ਵਰਣਨ-ਯੋਗ ਵੀ ਹੈ ਤੇ ਅੱਜ ਸਿੰਘਾਂ ਦੇ ਵਿਚਾਰਨ ਯੋਗ ਵੀ ! ਉਹ ਗੱਲਬਾਤ ਕੁਝ ਇਵੇਂ ਸੀ :-

ਨਾਦਰ ਸ਼ਾਹ :- ਇਹ ਜਾਂਬਾਜ਼ ਕਿਸਮ ਦੇ ਲੋਕ ਕੌਣ ਹਨ ?

ਜ਼ਕਰੀਆ ਖਾਨ :- ਜਹਾਂ ਪਨਾਹ ! ਇਹਨਾਂ ਨੂੰ ਸਿੰਘ ਕਹਿੰਦੇ ਹਨ। ਇਹ ਫਕੀਰਾਂ ਦਾ ਇਕ ਟੋਲਾ ਹੈ ਜੋ ਸਾਲ 'ਚ ਦੋ ਵੇਰ ਆਪਣੇ ਮੁਰਸ਼ਦ ਦੇ ਤਾਲਾਬ ਵਿਚ ਨਹਾਉਣ ਆਉਂਦਾ ਇਕੱਠਾ ਹੁੰਦਾ ਹੈ।

ਨਾਦਰ ਸ਼ਾਹ :- ਇਹ ਲੋਕ ਰਹਿੰਦੇ ਕਿਥੇ ਹਨ, ਇਹਨਾਂ ਦੇ ਘਰ-ਘਾਟ ਕਿੱਥੇ ਹਨ ?

ਜ਼ਕਰੀਆ ਖਾਨ:- ਘੋੜਿਆਂ ਦੀਆਂ ਕਾਠੀਆਂ ਤੇ !

ਨਾਦਰ ਸ਼ਾਹ :- ਤਦ ਸਾਵਧਾਨ ! ਇਹ ਲੋਕ ਇਕ ਦਿਨ ਰਾਜ ਵੀ ਖੋਹ ਸਕਦੇ ਹਨ !!

ਜਿਵੇਂ ਕਿ ਉਕਤ ਗੱਲਬਾਤ ਤੋਂ ਹੀ ਸਪੱਸ਼ਟ ਹੈ ਕਿ ਨਾਦਰ ਸ਼ਾਹ ਉਸ ਸਮੇਂ ਸਿੰਘਾਂ ਜਾਂ ਉਹਨਾਂ ਦੇ ਇਤਿਹਾਸ ਤੋਂ ਉਕਾ ਹੀ ਨਾਵਾਕਿਫ ਸੀ ਪਰ ਰਾਜ ਅਤੇ ਨੀਤੀ ਵਿਚ ਗੁੰਧੇ ਤੇ ਗੁੜ੍ਹੇ ਉਸ ਬਾਦਸ਼ਾਹ ਨੇ ਪੈਂਦੀ-ਸੱਟੇ ਹੀ ਸਿੰਵਾਣ ਤੇ ਤਾਤ ਲਿਆ ਸੀ ਕਿ ਅਜਿਹੀ ਬਹਾਦਰ ਕੌਮ ਬਹੁਤੀ ਦੇਰ ਕਿਸੇ ਦੀ ਗੁਲਾਮ ਨਹੀਂ ਰਹਿ ਸਕਦੀ ਤੇ ਇਸਦੀਆਂ ਰਗਾਂ ਵਿਚ ਪਾਤਸ਼ਾਹੀ-ਖੂੰਨ ਦੌੜ ਰਿਹਾ ਹੈ। ਸਿਆਣੇ ਨਾਦਰ ਸ਼ਾਹ ਦੀ ਇਹ ਪੇਸ਼ੀਨਗੋਈ ਸੱਚ ਸਾਬਤ ਹੋਈ ਜਦ ਇਸਤੋਂ ਥੋੜੀ ਦੇਰ ਮਗਰੋਂ ਹੀ ਸਿੰਘਾਂ ਨੇ ਉਸਦੇ ਦੇਸ ਖੁਰਾਸਾਨ ਦੇ ਗਵਾਂਢ ਅਫਗਾਨਿਸਤਾਨ ਤੱਕ ਖਾਲਸਈ-ਨਿਸਾਨ ਝੁਲਾ ਦਿੱਤੇ। ਪੰਜਾਬ ਦੀ ਆਜ਼ਾਦੀ ਅਤੇ ਖਾਲਸਾ-ਰਾਜ ਸਥਾਪਤ ਕਰਨ ਲਈ ਲੜਾਈ ਲੜਦੇ ਕੇਸਰੀ-ਕਾਫਲੇ ਦੀ, ਨਾਦਰ ਸ਼ਾਹ ਦੇ ਢਾਈ ਸਦੀਆਂ ਪਹਿਲੋਂ ਕਹੇ ਗਏ ਉਕਤ ਬੋਲ ਅੱਜ ਵੀ ਅਗਵਾਈ ਤੇ ਰਾਹਿਨੁਮਾਈ ਕਰ ਸਕਦੇ ਹਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਉਤੇ ਅੱਠ ਤਾਬੜ-ਤੋਡ ਹਮਲੇ ਕੀਤੇ। ਹਿੰਦੁਸਤਾਨ ਨੂੰ ਲੁੱਟਦਾ-ਲਿਤਾੜਦਾ ਜਦ ਵੀ ਉਹ ਪੰਜਾਬੋਂ ਲੰਘਦਾ ਤਾਂ ਉਸਦਾ ਪੰਜਾ ਪੰਥ ਨਾਲ ਜ਼ਰੂਰ ਪੈਂਦਾ। ਖਾਲਸਾ ਉਹਨੀਂ ਦਿਨੀਂ ਖਾਸੀ-ਖਸਤਾ ਹਾਲਤ ਵਿਚ ਸੀ। ਸਿੰਘਾਂ ਨੂੰ ਪਤਾ ਸੀ 'ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ' ! ਹਿੰਦੁਸਤਾਨ ਨੂੰ ਲੁੱਟ ਕੇ ਪੰਜਾਬੋਂ ਹਨੇਰੀ ਵਾਂਗੂੰ ਵਿਚਰਦੇ

ਅਬਦਾਲੀ ਉਤੇ ਸਿੰਘ ਤੂਫਾਨ ਬਣ ਕੇ ਟੁੱਟਦੇ ! ਉਸਦੀ ਲੁੱਟੀ ਲੁੱਟ ਵੀ ਲੁੱਟ ਲੈਂਦੇ ਤੇ ਉਸਨੂੰ ਪ੍ਰੇਸ਼ਾਨ-ਪਸੇਮਾਨ ਕਰਕੇ ਉਸਦੀਆਂ ਚੰਗੀਆਂ ਪਦੀੜਾਂ-ਭਾਜੜਾਂ ਪੁਆਉਂਦੇ। ਫਾਕੇ ਕੱਟਦੇ ਸਿੰਘ ਉਹਨੀਂ ਦਿਨੀਂ ਰਹਿੰਦੇ ਭਾਵੇਂ ਘੋੜਿਆਂ ਦੀਆਂ ਕਾਠੀਆਂ ਤੇ ਸਨ ਪਰ ਕਿਸੇ ਬਿਗਾਨੇ ਮੁਲਕ ਦੇ ਬਾਦਸ਼ਾਹ ਦਾ ਉਹਨਾਂ ਦੇ ਦੇਸ ਪੰਜਾਬ ਦੀ ਹਿੱਕ ਤੋਂ ਦੀ ਇੰਵ ਗੁਜ਼ਰ ਜਾਣਾ ਉਹਨਾਂ ਦੀ ਗੈਰਤ ਲਈ ਇਕ ਵੰਗਾਰ ਸੀ। ਇਸ ਅਰਸੇ ਦੌਰਾਨ ਸਿੰਘ-ਸਰਦਾਰਾਂ ਦੀ ਅੱਖ ਸਦਾ ਪੰਜਾਬ ਦੀ ਰਾਜਧਾਨੀ ਲਾਹੌਰ ਤੇ ਰਹਿੰਦੀ। ਰਾਤ-ਬਰਾਤੇ ਜਦੋਂ ਵੀ ਦਾਅ ਭਰਦਾ ਸਿੰਘ ਜੱਥਿਆਂ ਦੇ ਜੈਕਾਰੇ ਸੁੱਤੇ ਲਾਹੌਰ ਦੇ ਗਲੀਆਂ-ਕੂੱਚਿਆਂ ਤੇ ਬਾਜ਼ਾਰਾਂ ਨੂੰ ਜਗਾ ਆਉਂਦੇ। ਜੰਗਲਾਂ 'ਚ ਚਾਰ ਪਲ ਆਰਾਮ ਕਰਦੇ ਉਹਨਾਂ ਦੇ ਘੋੜੇ ਵੀ ਲਾਹੌਰ ਵੱਲ ਮੂੰਹ ਕਰ ਕਰ ਖੁਰੀਆਂ ਖਾਂਦੇ। ਇਹੀ ਸਮਾਂ ਸੀ ਜਦ ਸਿੰਘਾਂ ਤੋਂ ਸਤੇ-ਖਿੱਝੇ ਹੋਏ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾਇਆ ਤੇ ਸਰੋਵਰ ਨੂੰ ਪੂਰ ਦਿੱਤਾ ਤੇ ਇਸੇ ਸਮੇਂ ਹੀ ਦਮਦਮੀ ਟਕਸਾਲ ਦੇ ਯੋਧੇ ਬਾਬਾ ਦੀਪ ਸਿੰਘ ਜੀ ਸੀਸ ਤਲੀ ਤੇ ਧਰ ਕੇ ਗੁਰਧਾਮਾਂ ਦੀ ਰੱਖਿਆ ਲਈ ਮੈਦਾਨਿ-ਜੰਗ ਵਿਚ ਨਿੱਤਰੇ ਕਿਉਂਕਿ ਇਸ ਸਮੇਂ ਸਿੰਘਾਂ ਵਿਚ ਸਿੰਘ-ਨੈਤਿਕਤਾ ਜਾਗਦੀ ਸੀ ਤੇ ਸਿੰਘ-ਰਾਜ ਦਾ ਨਿਸ਼ਾਨਾ ਵੀ ਜਾਗਦਾ ਸੀ ਭਾਵੇਂ ਕਿ ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਸਿੰਘਾਂ ਦਾ ਨੇਤਰਤੱਵ ਕਰਨ ਵਾਲਾ ਕੋਈ ਨੇਤਾ ਅਜੇ ਉਭਰ ਨਹੀਂ ਸੀ ਸਕਿਆ!

ਪਰ ਗੁਰੂ ਕੇ ਬਹਾਦਰ ਸਿੰਘਾਂ ਨੂੰ ਯਾਦ ਰਹੇ ਕਿ ਹਿੰਦੁਸਤਾਨ ਵਿਚ ਉਥਲ-ਪੁੱਥਲ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਤੇ ਉਸਤੋਂ ਕੁਝ ਵਰ੍ਹੇ ਮਗਰੋਂ ਦੇ ਸਮੇਂ ਵਿਚ ਸਿੰਘਾਂ ਨੇ 1765 ਤੋਂ 1781 ਤੀਕ ਦਿੱਲੀ ਉਤੇ ਚੜ੍ਹਾਈ ਕਰਕੇ 15 ਵੇਰ ਦਿੱਲੀ ਨੂੰ ਜਿੱਤਿਆ ਅਤੇ 1781 ਵਿਚ ਮਿਸਲ ਕਰੋੜੀਆ ਦੇ ਸਰਦਾਰ ਬਘੇਲ ਸਿੰਘ ਝਬਾਲ (ਜ਼ਿਲਾ ਅੰਮ੍ਰਿਤਸਰ) ਨੇ 11 ਮਾਰਚ 1781 ਨੂੰ ਦਿੱਲੀ ਫਤਹਿ ਕਰ ਕੇ ਲਾਲ ਕਿੱਲੇ ਤੇ ਕੇਸਰੀ-ਪਰਚਮ ਝੁਲਾਇਆ ! ਤੇ ਉਹ ਸ਼ਾਹ ਆਲਮ ਦੂਜੇ ਤੋਂ ਦਿੱਲੀ ਦੇ ਗੁਰਧਾਮਾਂ ਦੀ ਨਿਸ਼ਾਨ-ਦੇਹੀ ਕਰਵਾ, ਇਹਨਾਂ ਦੇ ਨਾਂ ਜਗੀਰਾਂ ਲਵਾ ਅਤੇ ਤਿੰਨ ਲੱਖ ਰੁਪਇਆ ਵਸੂਲ ਕੇ, ਨਿਹਾਲ ਹੋ ਜਿੱਤੀ ਦਿੱਲੀ ਸ਼ਾਹ ਆਲਮ ਨੂੰ ਵਾਪਸ ਸੌਂਪ ਪੰਜਾਬ ਪਰਤ ਆਏ !

ਨਿਸਚੈ ਕਰ ਅਪਨੀ ਜੀਤ ਕਰੋਂ !

ਜਦੋਂ ਸ਼ੇਰਿ-ਪੰਜਾਬ ਦਾ ਰਾਜ ਤੇ ਸਰਦਾਰ ਨਲਵੇ ਦੇ ਮੁਛੱਹਿਰੇ ਦੱਰਾ-ਖ਼ੈਬਰ ਤੱਕ ਖਿਲਰ ਗਏ !!

(੨)

ਮੁਗਲਾਂ, ਦੁਰਾਨੀਆਂ ਦੇ ਸਮੇਂ ਚੋਂ ਲੰਘੀਂਦੇ ਤੇ ਛੋਟੇ-ਵੱਡੇ ਘੱਲੂਘਾਰਿਆਂ 'ਚੋਂ ਕਟੀਂਦੇ ਸਿੱਖ ਕਦੇ ਆਪਣੇ ਆਪ ਨੂੰ 25-25 ਕਦੇ 65-65 ਤੇ ਕਦੇ 11-11 ਦੇ ਜੱਥਿਆਂ ਵਿਚ ਜਥੇਬੰਦ ਕਰਦੇ, ਕਦੇ ਬਾਰਾਂ ਮਿਸਲਾਂ ਤੇ ਕਦੇ ਦੋ ਦਲਾਂ ਵਿਚ ਵੰਡਦੇ ਆਖਰ 29 ਮਾਰਚ, 1748 ਦੀ ਵੈਸਾਖੀ ਨੂੰ 'ਦਲ ਖਾਲਸਾ' ਜਥੇਬੰਦੀ ਦੇ ਝੰਡੇ ਹੇਠ ਇਕੱਤਰ ਹੋ ਗਏ। ਖੁਸ਼ਕਿਸਮਤੀ ਨੂੰ ਦਲ-ਖਾਲਸਾ ਨੂੰ ਇਸ ਸਮੇਂ ਸ: ਜੱਸਾ ਸਿੰਘ ਆਹਲੂਵਾਲੀਆ ਵਰਗੇ ਦਿਆਨਤਦਾਰ ਤੇ ਦਲੇਰ ਲੀਡਰ ਦੀ ਕਮਾਨ ਮਿਲ ਗਈ। ਹੁਣ ਸਿੱਖਾਂ ਪਾਸ ਇਕ ਸੁਯੋਗ ਨੇਤਾ ਵੀ ਸੀ, ਨੇਤਾ ਦੇ ਮਨ ਵਿਚ ਸਿੱਖ-ਰਾਜ ਦਾ ਨਿਸ਼ਾਨਾ ਵੀ ਸੀ ਤੇ ਉਸ ਵਿਚ ਸਿੱਖ-ਨੈਤਿਕਤਾ ਵੀ ਸੀ! ਇਹਨਾਂ ਤਿੰਨਾਂ ਚੀਜ਼ਾਂ ਦੇ ਇਕੱਠੇ ਹੋਣ ਦਾ ਫੌਰੀ ਨਤੀਜਾ ਇਹ ਨਿਕਲਿਆ ਕਿ 22 ਅਕਤੂਬਰ 1761 ਦੀ ਦੀਵਾਲੀ ਨੂੰ ਦਲ ਖਾਲਸਾ ਨੇ ਅੰਮ੍ਰਿਤਸਰ ਵਿਖੇ ਗੁਰਮਤਾ ਕਰਕੇ ਲਾਹੌਰ ਤੇ ਹੱਲਾ ਬੋਲ ਦਿੱਤਾ। ਖਾਲਸੇ ਦੇ ਲਾਹੌਰ ਫਤਹ ਕਰਕੇ ਇਸ ਉਤੇ ਕਬਜ਼ਾ ਕਰ ਲੈਣ ਉਤੇ ਸ: ਜੱਸਾ ਸਿੰਘ ਆਹਲੂਵਾਲੀਆ ਸੁਲਤਾਨ-ਉਲ ਕੌਮ ਅਥਵਾ ਸਿੱਖ-ਬਾਦਸ਼ਾਹ ਬਣੇ ਤੇ ਉਹਨਾਂ ਆਪਣੇ ਨਾਮ ਦਾ ਸਿੱਕਾ ਚਲਾਇਆ :-

ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲ ਅਕਾਲ !
ਮੁਲਕ ਅਹਮਦ ਗਰਿਫਤ ਜੱਸਾ ਕਲਾਲ !!

ਕੁਝ ਅਬਦਾਲੀ ਦੇ ਹਮਲਿਆਂ ਤੇ ਕੁਝ ਮਿਸਲ ਸਰਦਾਰਾਂ ਦੀ ਅਣਬਣ ਕਾਰਨ ਲਾਹੌਰ ਖਾਲਸੇ ਦੇ ਹੱਥੋਂ ਨਿਕਲ ਗਿਆ। ਕੁਝ ਦੇਰ ਮਗਰੋਂ ਖਾਲਸੇ ਦਾ ਫਿਰ ਜ਼ੋਰ ਚੁੜ ਗਿਆ ਤੇ 10 ਅਪ੍ਰੈਲ 1763 ਨੂੰ ਸਿੰਘਾਂ ਨੇ ਲਾਹੌਰ ਤੇ ਫਿਰ ਕੇਸਰੀ-ਨਿਸ਼ਾਨ ਲਹਿਰਾ ਦਿੱਤਾ ਤੇ ਖਾਲਸਾ ਰਾਜ ਦਾ ਐਲਾਨ ਕਰਕੇ ਗੋਬਿੰਦ-ਸ਼ਾਹੀ ਸਿੱਕਾ ਚਲਾ ਦਿੱਤਾ :-

ਦੇਗ ਤੇਗ ਫਤਹ ਨੁਸਰਤ ਬੇਦਰੰਗ !
ਯਾਫਤਜ਼ ਨਾਨਕ ਗੁਰੂ ਗੋਬਿੰਦ ਸਿੰਘ !!

ਇਸ ਸਮੇਂ ਤੱਕ ਲਗਪਗ ਸਾਰਾ ਪੰਜਾਬ ਸਿੱਖ-ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ ਸੀ ਪਰ ਮਿਸਲ-ਸਰਦਾਰਾਂ ਦੀ ਬੇਇਤਫਾਕੀ ਕਾਰਨ ਸਿੱਖ-ਸ਼ਕਤੀ ਇਕ ਥਾਂ ਕੇਂਦ੍ਰਿਤ ਅਥਵਾ ਇਕੱਠੀ ਨਾ ਹੋ ਸਕੀ। ਸਿੱਖਾਂ ਪਾਸ ਉਸ ਸਮੇਂ ਸਿੱਖ ਨੇਤਾ ਤਾਂ ਸਨ। ਉਹਨਾਂ ਸਭਨਾਂ ਪਾਸ ਆਪਣੇ ਆਪਣੇ ਰਾਜ ਦਾ ਨਿਸ਼ਾਨਾ ਵੀ ਸੀ ਪਰ ਸਾਂਝਾ ਸਿੱਖ-ਰਾਜ ਸਥਾਪਤ ਕਰਨ ਲਈ ਹਿੰਡ ਛੱਡਕੇ ਇਕੱਠੇ ਹੋ ਜਾਣ ਵਾਲੀ ਸਿੱਖ-ਨੈਤਿਕਤਾ ਨਹੀਂ ਸੀ। ਮੈਦਾਨ ਲਗਪਗ ਪੂਰੀ ਤਰਾਂ ਖਾਲੀ ਸੀ। 19 ਦਸੰਬਰ 1767 ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਨੇ ਨਜੀਬ-ਉਲ-ਦੌਲਾ ਨੂੰ ਹਰਾ ਦੇ ਕੇ ਦਿੱਲੀ ਦੇ ਤਖਤ ਤੇ ਹੀ ਕਬਜ਼ਾ ਕਰ ਲਿਆ। ਪਰ ਕਿਉਂਕਿ ਹੰਨੇ-ਹੰਨੇ ਸਰਦਾਰੀ ਸੀ ਤੇ ਹਰ ਘੋੜ-ਸਵਾਰ ਹੀ ਆਪਣੇ ਆਪ ਨੂੰ ਸਰਦਾਰ ਸਮਝਦਾ ਸੀ, ਸਰਦਾਰ ਆਹਲੂਵਾਲੀਆ ਨੇ ਦਿੱਲੀ ਫਤਹ ਤਾਂ ਕਰ ਲਈ ਪਰ ਸ: ਜੱਸਾ ਸਿੰਘ ਰਾਮਗੁੜੀਆ ਆਦਿ ਸਰਦਾਰਾਂ ਦੀ ਉਹਨਾਂ ਨਾਲ ਬਹੁਤੀ ਨਹੀਂ ਸੀ ਬਣਦੀ ਇਸ ਲਈ ਉਹਨਾਂ ਨੇ ਸ: ਆਹਲੂਵਾਲੀਆ ਦਾ ਵਿਰੋਧ ਕੀਤਾ। ਸਿੱਟੇ ਵਜੋਂ ਸ: ਆਹਲੂਵਾਲੀਆ ਸਮਾਂ ਵਿਚਾਰ, ਟਕਰਾਅ ਟਾਲਣ ਲਈ ਜਿੱਤੀ ਹੋਈ ਦਿੱਲੀ ਛੱਡਕੇ ਆਪਣਾ ਇਲਾਕਾ ਸਾਂਭਣ ਲਈ ਪੰਜਾਬ ਪਰਤ ਆਏ ਤੇ ਦੂਸਰੇ ਸਾਰੇ ਸਿੱਖ-ਸਰਦਾਰ ਵੀ ਆਪਣੇ ਆਪਣੇ ਇਲਾਕਿਆਂ ਵਿਚ ਪੰਜਾਬ ਆ ਗਏ। ਇਸਤਰਾਂ ਦਿੱਲੀ ਦਾ

ਜਿੱਤਿਆ ਹੋਇਆ ਤਖਤ ਵੀ ਸਿੱਖ ਆਪਣੀ ਫੁੱਟ ਅਥਵਾ ਸਿੱਖ-ਨੈਤਿਕਤਾ ਦੀ ਅਣਹੋਂਦ ਕਾਰਨ ਸਾਂਭ ਨਾ ਸਕੇ, ਸੁੰਨਾ ਭਾਂਵੇਂ ਛਡ ਆਏ ! ਪਰ ਆਪਣੇ ਪੰਜਾਬ ਦੇ ਰਾਜ ਦਾ ਹੋਜ ਉਹ ਆਪਸ ਵਿਚ ਲੜਦੇ-ਭਿੜਦੇ ਵੀ ਤਿਆਗ ਨਾ ਸਕੇ। ਨਿਰਸੰਦੇਹ ਸਿੱਖ-ਮਿਸਲਾਂ ਦੇ ਸਰਦਾਰਾਂ ਨੂੰ ਆਪਣਾ ਪੰਜਾਬ ਦਿੱਲੀ ਦੇ ਤਖਤ ਨਾਲੋਂ ਕਿਤੇ ਵੱਧ ਪਿਆਰਾ ਸੀ ਪਰ ਪੂਰੇ ਪੰਜਾਬ ਨੂੰ ਜਿੱਤਣ-ਸਾਂਭਣ ਦੇ ਸਮਰੱਥ ਇਹਨਾਂ ਚੋਂ ਕੋਈ ਵੀ ਨਹੀਂ ਸੀ। ਸਿੱਖ-ਮਿਸਲਾਂ ਦੇ ਇਹਨਾਂ ਮਣਕਿਆਂ ਨੂੰ ਇਕ ਸਾਂਝੇ ਸਿੱਖ-ਰਾਜ ਦੀ ਮਾਲਾ ਵਿਚ ਪਰੋ ਲੈਣਾ ਇਹਨਾਂ ਚੋਂ ਕਿਸੇ ਦੇ ਹਿੱਸੇ ਵੀ ਨਾ ਆ ਸਕਿਆ। ਇਹ ਸੁਪਨਾ ਜੇ ਸਾਕਾਰ ਕੀਤਾ ਤਾਂ ਮਿਸਲਾਂ ਚੋਂ ਸਰਦਾਰ ਮਹਾਂ ਸਿੰਘ ਦੇ ਸਪੁੱਤਰ ਤੇ ਸਰਦਾਰ ਚੂੜਤ ਸਿੰਘ ਦੇ ਤੇਗ ਤੇ ਤਕਦੀਰ ਦੇ ਧਨੀ ਪੋਤਰੇ ਸਰਦਾਰ ਰਣਜੀਤ ਸਿੰਘ ਨੇ ! ਜਿਸ ਕਲਗੀਧਰ ਦੇ ਸ਼ੇਰ ਨੇ 'ਨਿਸਚੈ ਕਰ ਅਪਨੀ ਜੀਤ ਕਰੋਂ' ਦੇ ਆਤਮ-ਵਿਸ਼ਵਾਸ ਨਾਲ ਕਾਬਲ ਤੋਂ ਆਏ ਤੇ ਸਿੰਘਾਂ ਦੇ ਪਹਿਲੋਂ ਹੀ ਚੰਗੀ ਤਰਾਂ ਅਜ਼ਮਾਏ ਹੋਏ ਦੁਸ਼ਮਣ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੂੰ ਲਾਹੌਰ ਕਿਲੇ ਦੇ ਸੁੰਮਨ-ਬੁਰਜ ਸਾਹਮਣੇ ਖੁੜਕੇ ਲਲਕਾਰਿਆ :-

" ਓ ਅਹਿਮਦ ਸ਼ਾਹ ਅਬਦਾਲੀ ਦਿਆ ਪੋਤਰਿਆ ! ਮੈਂ ਸਰਦਾਰ ਚੂੜਤ ਸਿੰਘ ਦਾ ਪੋਤਰਾ ਤੇਰੀ ਤਾਕਤ ਦੇਖਣ ਲਈ ਪਹੁੰਚ ਗਿਆ ਹਾਂ। ਜੇ ਤਾਕਤ ਤੇ ਹਿੰਮਤ ਹੈ ਤਾਂ ਨਿੱਕਲ ਕਿਲੇ ਚੋਂ ਬਾਹਰ ! ਤੇ ਕਰਕੇ ਵੇਖ ਮੁਕਾਬਲਾ !! ਤੇ ਫੇਰ ਵੇਖ ਕਲਗੀਆਂ ਵਾਲੇ ਸਤਿਗੁਰੂ ਦੇ ਸਿੱਖ ਦੇ ਹੱਥ !!! "

ਇੰਵ 1799 ਨੂੰ ਲਾਹੌਰ ਤੇ ਕਬਜ਼ਾ ਕਰਕੇ ਸਰਦਾਰ ਰਣਜੀਤ ਸਿੰਘ ਜਿੱਧਰ ਵੀ ਗਿਆ, ਜਿੱਤ ਨੇ ਉਸਦੇ ਕਦਮ ਚੁੰਮੇ-ਫਤਹ ਉਸਦੇ ਅੰਗ -ਸੰਗ ਰਹੀ ! ਉਸਦੀਆਂ ਜਿੱਤਾਂ ਨੂੰ ਸੰਖਿਪਤ ਕਰਦਾ ਪੰਜਾਬ ਦਾ ਕੌਮੀ-ਕਵੀ ਸ਼ਾਹ ਮੁਹੰਮਦ ਲਿਖਦਾ ਹੈ : -

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਤਿੱਬਤ ਦੇਸ ਲਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਜੋ ਵਿਸ਼ਾਲ ਸਿੱਖ-ਰਾਜ ਸਥਾਪਤ ਕਰਕੇ ਜਿਸਤਰਾਂ ਉਸਤੇ ਰਾਜ ਕੀਤਾ ਉਹ ਇਕ ਅਜਿਹਾ ਰਾਜ ਸੀ ਕੱਟਤਰਾ, ਜਿਸਦੇ ਨੇੜਿਓਂ ਵੀ ਨਾ ਲੰਘ ਸਕੀ। ਇਕ ਅਜਿਹਾ ਤੇ ਸਹੀ ਅਰਥਾਂ ਵਿਚ 'ਹਲੇਮੀ ਰਾਜ' ਜਿਸ ਦੀਆਂ ਸਿਫਤਾਂ ਨੂੰ ਸੈਂਕੜੇ ਪੰਨਿਆਂ ਵਿਚ ਹੀ ਸਮੋਇਆ ਜਾ ਸਕਦਾ ਹੈ। ਭਵਿੱਖ ਵਿਚ ਜਦੋਂ ਜਦੋਂ ਵੀ ਸਿੱਖ ਆਪਣਾ ਸੁਤੰਤਰ-ਰਾਜ ਪ੍ਰਾਪਤ ਕਰਕੇ ਇਸਦੇ ਆਧਾਰ ਮਿਥਣਗੇ ਤਾਂ ਰਾਜ-ਪ੍ਰਬੰਧ ਸਬੰਧੀ ਉਸਦੇ ਸਥਾਪਤ ਕੀਤੇ ਖਾਲਸਾ-ਰਾਜ ਤੋਂ ਕੁਝ ਨਾ ਕੁਝ ਰੋਸ਼ਨੀ ਜ਼ਰੂਰ ਪ੍ਰਾਪਤ ਕਰਦੇ ਰਹਿਣਗੇ !

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਬਾਪ ਸ: ਮਹਾਂ ਸਿੰਘ ਦਾ ਸਾਇਆ ਸਿਰੋਂ ਉਠ ਜਾਣ ਤੇ ਸਿਰਫ ਬਾਰਾਂ ਵਰ੍ਹਿਆਂ ਦੀ ਉਮਰ ਵਿਚ ਆਪਣੀ ਮਿਸਲ ਦੀ ਸਰਦਾਰੀ ਸੰਭਾਲੀ। ਵਿੰਦਿਆ ਉਹ ਲਗਪਗ ਉਕਾ ਹੀ ਪ੍ਰਾਪਤ ਨਾ ਕਰ ਸਕੇ ਪਰ ਕਰਤਾਰ ਨੇ ਬੁੱਧੀ ਤੇ ਬਾਹੁਬਲ ਅਜਿਹਾ ਬਖਸ਼ਿਆ ਕਿ ਉਸ ਨੂੰ ਵਰਤ ਕੇ ਉਹ ਏਸ਼ੀਆ ਦੇ ਨੈਪੋਲੀਅਨ ਹੋ ਨਿੱਬੜੇ। ਨਿਰਸੰਦੇਹ ਸਰਦਾਰ ਰਣਜੀਤ ਸਿੰਘ ਦੇ ਜੀਵਨ ਵਿਚ ਇਕ ਸਾਧਾਰਨ ਮਨੁੱਖ ਵਾਲੀਆਂ ਖਾਮੀਆਂ ਸਨ ਪਰ ਉਸਦੇ ਜੀਵਨ ਵਿਚ ਮਹਾਨ ਮਨੁੱਖਾਂ ਵਾਲੀਆਂ ਮਹਾਨ ਖੂਬੀਆਂ ਵੀ ਸਨ। ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਉਹ ਇਤਨੇ ਚਿਤੰਨ ਤੇ

ਵਫਾਦਾਰ ਸਨ ਕਿ ਉਹਨਾਂ ਸਿੱਖੀ-ਪਰੰਪਰਾਵਾਂ ਦੀ ਸੰਸਾਰ ਸਾਂਹਵੇਂ ਪੈਂਠ ਬਣਾਈ। ਇਹਨਾਂ ਵੱਲ ਪਿੱਠ ਨਹੀਂ ਕੀਤੀ। ਉਹਨਾਂ ਦੇ ਦਰਬਾਰ ਵਿਚ ਦੁਨੀਆਂ ਦੀਆਂ ਮਹਾਨ ਤਾਕਤਾਂ ਦੇ ਰਾਜਦੂਤ ਤੇ ਨੁਮਾਇੰਦੇ ਆਏ। ਮਹਾਰਾਜਾ ਸਾਹਿਬ ਦੂਭਾਸ਼ੀਏ ਨੂੰ ਕੋਲ ਬਿਠਾ ਉਹਨਾਂ ਨਾਲ ਸਿੱਧੀ ਗੱਲ ਕਰਦੇ ਪਰ ਉਹਨਾਂ ਸਭਨਾਂ ਦੇ ਦਸਤਾਵੇਜ਼ ਤੇ ਲਿਖਤਾਂ ਇਸਦਾ ਜ਼ਾਹਰਾ ਸਬੂਤ ਹਨ ਕਿ ਉਹਨਾਂ ਨੂੰ ਸਰਦਾਰ ਰਣਜੀਤ ਸਿੰਘ ਦੇ ਸੀਸ ਦਾ ਸਿੱਕਾ ਮੰਨਣਾ ਹੀ ਪਿਆ ! ਧਰਮ ਵਿਚ ਉਹਨਾਂ ਦੀ ਸ਼ਰਧਾ-ਆਸਥਾ ਅਪਾਰ ਤੇ ਅਸੀਮ ਸੀ। ਉਹਨਾਂ ਆਪਣੇ ਰਾਜ ਵਿਚ ਗੁਰਧਾਮਾਂ ਦੀ ਹੀ ਰੱਜ ਕੇ ਸੇਵਾ ਨਹੀਂ ਕਰਵਾਈ, ਮਸੀਤਾਂ ਤੇ ਮੰਦਰ ਵੀ ਉਸਾਰੇ। ਮਹਾਰਾਜਾ ਸਾਹਿਬ ਦੇ ਉਸ ਸਮੇਂ ਇਕ ਸ਼ਕਤੀਸ਼ਾਲੀ ਵਿਸ਼ਾਲ ਸਿੱਖ-ਰਾਜ ਸਥਾਪਤ ਕਰਨ ਪਿੱਛੇ ਸਿਰਫ ਦੋ ਗੁਰ ਸਨ ਜਿਹਨਾਂ ਨੂੰ ਉਹਨਾਂ ਨੇ ਪੂਰੀ ਦਿਆਨਤਦਾਰੀ ਨਾਲ ਵਰਤਿਆ। ਪਹਿਲਾ ਇਹ ਕਿ ਉਹਨਾਂ ਦਾ ਮੂੰਹ ਇੰਨੀਆਂ ਮੱਲਾਂ ਮਾਰ ਕੇ ਵੀ ਸਦਾ ਸਿੱਖਾਂ, ਸਿੱਖੀ ਅਥਵਾ ਅੰਮ੍ਰਿਤਸਰ ਵੱਲ ਰਿਹਾ। ਦੂਜਾ ਇਹ ਕਿ ਕੰਮ ਦੀ ਗੱਲ, ਕੰਮ ਦਾ ਮਨੁੱਖ ਜਦੋਂ ਤੇ ਜਿਥੋਂ ਕਿਧਰੋਂ ਵੀ ਉਹਨਾਂ ਨੂੰ ਮਿਲਿਆ, ਉਹਨਾਂ ਸਿੱਖ-ਰਾਜ ਲਈ ਉਸਨੂੰ ਆਪਣੇ ਨਾਲ ਜੋੜ ਲਿਆ। ਇਹ ਦੋ ਗੁਰ ਸਨ, ਜਿਹਨਾਂ ਨੂੰ ਸਰਦਾਰ ਰਣਜੀਤ ਸਿੰਘ ਨੇ ਏਨੀ ਖੂਬੀ ਨਾਲ ਵਰਤਿਆ ਕਿ ਉਹ ਦੁਨੀਆਂ ਦੀ ਇਕ ਵੱਡੀ ਸਲਤਨਤ ਅਥਵਾ ਵਿਸ਼ਾਲ ਖਾਲਸਾ-ਰਾਜ ਦੇ ਇਕ ਸ਼ਕਤੀਸ਼ਾਲੀ ਬਾਦਸ਼ਾਹ ਬਣ ਨਿੱਬੜੇ। ਜਦ ਪੈਸਾ, ਪ੍ਰਸਿੱਧੀ ਅਥਵਾ ਸ਼ੁਹਰਤ ਹਾਸਲ ਹੋ ਜਾਵੇ ਤਾਂ ਮਨੁੱਖੀ-ਮਨ ਵਿਚ ਅਕਸਰ ਸ਼ਰਾਰਤ ਜਾਗ ਹੀ ਪੈਂਦੀ ਹੈ। ਸਰਦਾਰ ਰਣਜੀਤ ਸਿੰਘ ਦੀ ਝੋਲ ਤਾਂ ਦਾਤਾਰ ਨੇ ਇਹਨਾਂ ਦਾਤਾਂ ਨਾਲ ਭਰ ਭਰ ਕੇ ਭਰਪੂਰ ਹੀ ਕਰ ਛੱਡੀ ਸੀ। ਉਹਨਾਂ ਪੰਜ ਸ਼ਾਦੀਆਂ ਕੀਤੀਆਂ ਸਨ। ਪਰ ਮੋਰਾਂ ਨਾਮੇ ਇਕ ਤਵਾਇਫ ਉਹਨੀਂ ਦਿਨੀਂ ਦਰਬਾਰੀ-ਮਹਿਫਲਾਂ ਵਿਚ ਨੱਚਿਆ ਕਰਦੀ ਸੀ। ਮਹਾਰਾਜਾ ਸਾਹਿਬ ਦਾ ਮਨ ਅਜਿਹਾ ਮਚਲਿਆ ਕਿ ਉਹ ਉਸਤੇ ਮੋਹਿਤ ਹੋ ਬੈਠੇ। ਗੱਲ ਸੁਲ੍ਹਾਦੀ-ਸਰਕਦੀ ਅਕਾਲ ਬੁੰਗੇ (ਸ੍ਰੀ ਅਕਾਲ ਤਖਤ ਸਾਹਿਬ) ਜਾ ਪਹੁੰਚੀ। ਅਕਾਲ ਬੁੰਗੇ ਤੇ ਪਹਿਰਾ ਸੀ ਬਾਬਾ ਫੂਲਾ ਸਿੰਘ ਅਕਾਲੀ ਦਾ ! ਉਹ ਇਕ ਵਿਰੱਕਤ, ਬਿਹੰਗਮ, ਨਿਹੰਗ ਤੇ ਤਕੜੇ ਖੁੰਡੇ ਵਾਲੇ ਯੋਧੇ ਜਥੇਦਾਰ ਸਨ। ਵਿਸ਼ਾਲ ਖਾਲਸਾ-ਰਾਜ ਦੀ ਸਥਾਪਤੀ ਲਈ ਮੁਹਿੰਮਾਂ-ਜੰਗਾਂ ਵਿਚ ਮਹਾਰਾਜੇ ਤੋਂ ਮੂਹਰੇ ਹੋ ਕੇ ਲੜਦੇ ਸਨ। ਮਹਾਰਾਜਾ ਸਾਹਿਬ ਦੇ ਦਿਲ ਤੇ ਉਹਨਾਂ ਦੀ ਨਿੱਡਰਤਾ, ਨਿਯੱਤਕਤਾ ਤੇ ਦਲੇਰੀ-ਦਿਆਨਤਦਾਰੀ ਦੀ ਧਾਕ ਬੈਠੀ ਹੋਈ ਸੀ। ਜਦ ਹਰਕਾਰੇ ਰਾਹੀਂ ਬਾਬਾ ਫੂਲਾ ਸਿੰਘ ਜੀ ਦਾ ਉਹਨਾਂ ਨੂੰ ਅਕਾਲ ਬੁੰਗੇ ਹਾਜ਼ਰ ਹੋਣ ਦਾ ਹੁਕਮ ਮਿਲਿਆ, ਕਸੂਤੀ-ਸਥਿਤੀ ਵਿਚ ਫਸੇ ਉਹ ਡਾਢੇ ਫਿਕਰਮੰਦ ਹੋਏ। ਨੀਤੀਵਾਨ ਮਹਾਨ ਤਾਂ ਮਹਾਰਾਜਾ ਸਾਹਿਬ ਸਨ ਹੀ ਪਰ ਮਨ ਵਿਚ ਸਿੱਖੀ ਲਈ ਸ਼ਰਧਾ-ਆਸਥਾ ਵੀ ਸਿਖਰ ਦੀ ਸੀ। ਪੰਥ ਦੇ ਹੁਕਮ ਦੀ ਤਾਮੀਲ ਲਈ ਉਹ ਸ੍ਰੀ ਅਕਾਲ ਬੁੰਗੇ ਹਾਜ਼ਰ ਹੀ ਨਹੀਂ ਨੰਗੇ ਪਿੰਡੇ ਤੇ ਨੰਗੇ ਪੈਰੀਂ ਹੱਥ ਬੁੰਨ ਹਾਜ਼ਰ ਹੋ ਗਏ। ਅੱਗੇ ਲੋਹੇ ਲਾਖੇ ਹੋਏ ਜਥੇਦਾਰ ਜੀ ਮਹਾਰਾਜਾ ਸਾਹਿਬ ਦੀ ਇੰਤਜ਼ਾਰ ਵਿਚ ਪਹਿਲੋਂ ਹੀ ਤਿਆਰ-ਬਰ-ਤਿਆਰ ਬੈਠੇ ਸਨ। ਉਹਨਾਂ ਆ ਵੇਖਿਆ ਨਾ ਤਾਅ ਮਹਾਰਾਜੇ ਨੂੰ ਇਮਲੀ ਨਾਲ ਨੂੜ ਲਿਆ ਪਰ ਕੋਰੜੇ ਮਾਰਨ ਲਈ ਉਹਨਾਂ ਦਾ ਉਘਰਿਆ-ਉਭਰਿਆ ਹੱਥ, ਮਹਾਰਾਜੇ ਦੀ ਗੁਰੂ ਤੇ ਗੁਰੂ ਕੇ ਪੰਥ ਪ੍ਰਤੀ ਵਫਾਦਾਰੀ ਤੇ ਨਿੰਮਰਤਾ-ਨਿਰਮਾਣਤਾ ਨੂੰ ਵੇਖ ਰੁਕ ਗਿਆ ਤੇ ਗੁਰੂ ਕੇ ਪੰਥ ਨੇ ਬਾਬਾ ਫੂਲਾ ਸਿੰਘ ਵਿਚੋਂ ਦੀ ਵਿਚਰਕੇ ਮਹਾਰਾਜੇ ਦੀ ਭੁੱਲ ਨੂੰ ਬਖਸ਼ ਦਿੱਤਾ। ਇਥੇ ਇਹ ਵੀ ਵਰਨਣ ਕਰ ਦੇਣਾ ਉਚਿੱਤ ਹੈ ਕਿ ਮਹਾਰਾਜੇ ਨੂੰ ਇਕ ਨਹੀਂ ਕਈ ਵੇਰ ਅਕਾਲ ਬੁੰਗੇ ਤਲਬ ਕੀਤਾ ਤੇ ਕਈ ਵਾਰ ਬਖਸ਼ਿਆ ਗਿਆ। ਇਹ ਸਿਰਫ ਤੇ ਸਿਰਫ ਤਦੇ ਹੀ ਸੰਭਵ ਹੋ ਸਕਿਆ ਕਿਉਂਕਿ ਮਹਾਰਾਜਾ ਸਾਹਿਬ ਨੇ ਬਾਵਜੂਦ ਆਪਣੇ ਸ਼ਖਸੀ ਅਥਵਾ ਨਿੱਜੀ ਜੀਵਨ ਦੀਆਂ ਤਰੁਟੀਆਂ-ਘਾਟਾਂ ਦੇ ਕਦੇ ਪੰਥ ਵੱਲ ਕੰਡ ਨਹੀਂ ਕੀਤੀ ਅਤੇ ਆਪਣਾ ਮੂੰਹ ਸਦਾ ਅੰਮ੍ਰਿਤਸਰ ਵੱਲ ਰੱਖਿਆ। ਦੂਸਰਾ ਗੁਣ ਕਿ ਵਿਸ਼ਾਲ ਸਿੱਖ-ਰਾਜ ਦੀ ਸਥਾਪਨਾ ਲਈ ਸਹਾਇਕ ਸਿੱਧ ਹੋ ਸਕਣ ਵਾਲਾ ਕਿਸੇ ਵੀ ਧਰਮ ਕਿਸੇ ਵੀ ਕੌਮ ਦਾ ਕੋਈ ਵੀ ਗੁਣਵਾਨ ਮਨੁੱਖ ਜੋ ਉਹਨਾਂ ਦੇ ਮਨ ਨੂੰ ਜਚਿਆ ਉਹਨਾਂ ਉਸਤੋਂ ਖਾਲਸਾ-ਰਾਜ ਦੀ ਵਫਾਦਾਰੀ ਦੀ ਗਰੰਟੀ ਲੈ ਕੇ ਬਿਨਾ ਕਿਸੇ ਘੋਲ ਜਾਂ ਸੰਗ-ਸੰਕੋਚ ਦੇ ਉਸਨੂੰ ਖਾਲਸਾ-ਰਾਜ ਦਾ ਅੰਗ ਹੀ ਬਣਾ ਲਿਆ। ਜਦ ਸਿੱਖ-ਰਾਜ ਦੀ ਉਸਾਰੀ ਲਈ ਸੂਰਮੇ ਛਾਂਟਣ ਹਿਤ 1805 ਈ: ਨੂੰ ਕਰਵਾਏ 'ਬਸੰਤੀ ਦਰਬਾਰ' ਵਿਚ ਉਹਨਾਂ ਆਪਣੀ ਇਕੋ ਪਾਰਖੂ-ਅੱਖ ਦੀ ਪਹਿਲੀ ਤੱਕਣੀ ਵਿਚ ਤਾੜ ਲਿਆ ਕਿ ਇਸ ਹੋਣਹਾਰ ਨੌਜਵਾਨ ਹਰੀ ਸਿੰਘ ਵਿਚ ਕਿਸੇ ਦਿਨ ਪੰਥ ਦਾ ਹੀਰਾ ਬਣ ਕੇ ਚਮਕ ਪੈਣ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਮੌਜੂਦ ਹਨ ਤਾਂ ਉਸਨੂੰ ਉਹਨਾਂ ਆਪਣੀ 'ਫੌਜ-ਇ-ਖਾਸ' ਵਿਚ ਭਰਤੀ ਕਰ ਲਿਆ। ਮਗਰੋਂ ਇਸੇ ਨੌਜਵਾਨ ਨੇ ਜਨਰਲ ਹਰੀ ਸਿੰਘ ਨਲਵਾ ਬਣਕੇ ਖਾਲਸਾ-ਰਾਜ ਲਈ ਜਿਹੜੀਆਂ ਜਿੱਤਾਂ ਜਿੱਤੀਆਂ ਤੇ ਪੰਥ ਲਈ ਜਿਹੜੀਆਂ ਮੱਲਾਂ ਮਾਰੀਆਂ ਉਹ ਹਸ਼ਰ ਤੋੜੀ ਸਿੱਖ-ਇਤਿਹਾਸ ਦਾ ਅਹਿਮ ਅੰਗ ਬਣੀਆਂ ਰਹਿਣਗੀਆਂ। ਇਸ ਰੌਅਬਦਾਰ ਸਿੱਖ-ਜਰਨੈਲ ਦੀ ਬਹਾਦਰੀ ਦੀ ਅਫਗਾਨ ਹਲਕਿਆਂ ਵਿਚ ਏਨੀ ਧਾਕ ਬੈਠੀ ਸੀ ਕਿ ਹੁਣ ਤੱਕ ਪਠਾਣੀਆਂ ਆਪਣੇ ਬੱਚਿਆਂ ਨੂੰ 'ਚੁੱਪ ਸ਼ਹੁ। ਹਰੀਆ ਰਾਗਲੇ' ਭਾਵ 'ਚੁੱਪ ਕਰ ਹਰੀ ਸਿੰਘ ਆਉਂਦੈ' ਕਹਿਕੇ ਡਰਾਉਂਦੀਆਂ ਹਨ। ਸਰਦਾਰ ਨਲਵਾ ਸਿੱਖ-ਸੂਰਬੀਰਤਾ ਦੀ ਸਹੀ ਤਸਵੀਰ ਤੇ ਸਿਖਰ ਸੀ। ਆਪਣੇ ਅਫਸਾਨੇ ਵਿਚ ਬਾਰਨਸ ਲਿਖਦਾ ਹੈ- 14 ਮਾਰਚ 1832 ਨੂੰ ਜਦ ਅਟਕ ਨੂੰ ਪਾਰ ਕਰਨ ਲੱਗੇ ਤਾਂ ਦਰਿਆ ਤੂਫਾਨੀ-ਜੋਸ਼ ਨਾਲ ਚੜ੍ਹਿਆ ਹੋਇਆ ਸੀ। ਸਾਡੇ ਵਿਹੰਦਿਆਂ-ਵਿਹੰਦਿਆਂ ਪੰਜ ਘੋੜ-ਸਵਾਰ ਤੇਜ਼-ਧਾਰ ਛਲਾਂ ਦੀ ਲਪੇਟ ਵਿਚ ਆ ਕੇ ਰੁੜ੍ਹ ਗਏ। ਮੇਰਾ ਮਨ ਡੋਲ ਗਿਆ ਕਿ ਹੁਣ ਜਾਣਾ ਬਿਲਕੁਲ ਠੀਕ ਨਹੀਂ, ਰੁਕ ਜਾਈਏ। ਪਰ ਜਨਰਲ ਨਲੂਆ ਮੇਰੀ ਗੱਲ ਸੁਣ ਕੇ ਸਦਾ ਵਾਂਗ ਆਪਣੇ ਅਨੋਖੇ-ਅੰਦਾਜ਼ ਵਿਚ ਹੱਸਿਆ ਤੇ ਕਹਿਣ ਲੱਗਾ - ਫੇਰ ਸਿੱਖ ਬਣਨ ਦਾ ਹੀ ਕੀ ਫਾਇਦਾ ਜੇ ਉਹ ਅਟਕ ਹੀ ਪਾਰ ਨਾ ਕਰ ਸਕਿਆ ? ਤੇ ਇਹ ਕਹਿਕੇ ਉਹ ਮੈਨੂੰ ਮੱਲੋ-ਮੱਲੀ ਘੋੜੇ ਦੀ ਪਿੱਠ ਤੇ ਆਪਣੇ ਮਗਰ ਬਿਠਾ ਕੇ ਦਰਿਆ ਦੀਆਂ ਲਹਿਰਾਂ ਵਿਚ ਠ੍ਹੇਲਿਆ ਤੇ ਠ੍ਹੇਲ ਕੇ ਪਾਰ ਹੋ ਗਿਆ ! ਸਰਦਾਰ ਨਲਵਾ ਨਿਰਾ ਸੂਰਬੀਰ ਹੀ ਨਹੀਂ, ਸੂਰਬੀਰਤਾ ਤੇ ਸਿਆਣਪ ਦਾ ਸੰਗਮ ਤੇ ਮੁਜੱਸਮਾ ਸੀ। ਜਿਸ ਤਰਾਂ ਉਸਨੇ ਕਸ਼ਮੀਰ ਅਤੇ ਪਿਸ਼ਾਵਰ ਦਾ ਨਾਜ਼ਿਮ ਅਥਵਾ ਗਵਰਨਰ ਬਣਕੇ ਇਹਨਾਂ ਸੂਬਿਆਂ ਦਾ ਰਾਜ-ਪ੍ਰਬੰਧ ਚਲਾਇਆ ਇਹ ਉਸਦੀ ਰਾਜ-ਪ੍ਰਬੰਧ ਸਬੰਧੀ ਸੂਝ-ਬੂਝ ਤੇ ਕਲਾ-ਕੌਸ਼ਲਤਾ ਦਾ ਕਮਾਲ ਸੀ। ਸ: ਨਲਵਾ ਜਿਥੇ ਸਿੱਖ-ਨਿਸ਼ਾਨੇ ਅਥਵਾ ਖਾਲਸਾ-ਰਾਜ ਪ੍ਰਤੀ ਪੁੱਜ ਕੇ ਵਫਾਦਾਰ ਸੀ ਉਥੇ ਉਹ ਸਿੱਖ-ਨੈਤਿਕਤਾ ਦੀ ਵੀ ਸਿਖਰ ਸੀ। ਪਿਸ਼ਾਵਰ ਵਿਚ ਲੜਦੀਆਂ ਸਿੱਖ-ਫੌਜਾਂ ਨੂੰ ਉਸਨੇ ਉਚੇਚਾ ਹੁਕਮ ਦਿਤਾ ਕਿ ਚਮਕੰਦੀ ਦੀ ਜ਼ਿਆਰਤਗਾਹ 'ਚ ਮੁਸਲਮਾਨਾਂ ਦੀ ਲਾਇਬ੍ਰੇਰੀ ਨੂੰ ਹਰਗਿਜ਼ ਨਸ਼ਟ ਨਾ ਕੀਤਾ ਜਾਵੇ। ਅਜਿਹਾ ਹੀ ਹੁਕਮ ਉਸਨੇ ਪਿਸ਼ਾਵਰ ਦੀ ਮੁਹਿੰਮ ਵੇਲੇ ਹਜ਼ਰਤ ਉਮਰ ਦੀ ਲਾਇਬ੍ਰੇਰੀ ਤਬਾਹ ਨਾ ਕਰਨ ਬਾਰੇ ਵੀ ਦਿੱਤਾ ਸੀ। ਜਦ ਜਮਰੋਦ ਦੇ ਯੁੱਧ ਵਿਚ ਸਿੱਖ-ਨਿਸ਼ਾਨੇ ਪ੍ਰਤੀ ਵਫਾਦਾਰ ਸਿੱਖ-ਨੈਤਿਕਤਾ ਦਾ ਇਹ ਬੁੰਮ ਡਿੱਗਿਆ ਤਾਂ ਸ਼ੇਰਿ-ਪੰਜਾਬ ਨੇ ਜਲ-ਭਰੇ ਨੇਤਰਾਂ ਨਾਲ ਸੱਚ ਹੀ ਕਿਹਾ ਸੀ ਕਿ ਅੱਜ ਸਿੱਖ-ਰਾਜ ਦੇ ਕ੍ਰਿੱਲੇ ਦਾ ਵੱਡਾ ਬੁਰਜ ਢਹਿ ਗਿਆ ਹੈ!

ਮਹਾਰਾਜਾ ਸਾਹਿਬ ਨੇ ਵਿਸ਼ਾਲ-ਖਾਲਸਾ-ਰਾਜ ਸਥਾਪਤ ਕਰਨ ਲਈ ਸ: ਨਲੂਆ ਤੇ ਅਕਾਲੀ ਫੂਲਾ ਸਿੰਘ ਵਰਗੇ ਸਿੱਖ-ਸੂਰਬੀਰਾਂ ਦਾ ਭਰਵਾਂ ਸਹਿਯੋਗ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਖਾਲਸਾ-ਫੌਜ ਨੂੰ ਆਧੁਨਿਕ ਅਥਵਾ ਸਮੇਂ ਦੇ ਹਾਣ ਦਾ ਬਣਾਉਣ ਲਈ ਨੈਪੋਲੀਅਨ ਦੇ ਇਟਾਲਵੀ ਜਰਨੈਲ ਵੈਨਤੂਰਾ, ਜੋ ਕਿ ਉਸ ਅਧੀਨ ਸਪੇਨ ਅਤੇ ਇਟਲੀ ਦੀਆਂ ਫੌਜਾਂ ਦੀ ਕਮਾਨ ਕਰ ਚੁੱਕਾ ਸੀ ਅਤੇ ਨੈਪੋਲੀਅਨ ਦੇ ਹੀ ਇਕ ਹੋਰ ਨਾਮਵਰ ਫਰਾਂਸੀਸੀ ਜਰਨੈਲ ਐਲਾਰਡ, ਇਕ ਹੋਰ ਫਰਾਂਸੀਸੀ ਕਰਨਲ ਕੁਰਾਸੀ ਤੇ ਆਇਰਿਸ਼ ਕਰਨਲ ਗਾਰਡਨ ਆਦਿ ਸਮੇਤ ਲਗਪਗ ਪੰਜ ਦਰਜਨ ਯੂਰਪੀਨ ਅਤੇ ਵਿਦੇਸ਼ੀ ਅਫਸਰਾਂ ਨੂੰ ਖਾਲਸਾ-ਫੌਜ ਵਿਚ ਰੱਖਿਆ।

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਅਜਿਹੇ ਸਿੱਖ-ਨੇਤਾ ਸਨ ਜਿਹਨਾਂ ਦੇ ਕਦਮ ਨਿੱਜੀ-ਜੀਵਨ ਵਿਚ ਕਈ ਵੇਰ ਡਗਮਗਾਏ ਪਰ ਪੰਥ ਪ੍ਰਤੀ ਵਫਾਦਾਰੀ ਤੇ ਸਿੱਖ-ਨਿਸ਼ਾਨੇ ਅਥਵਾ ਸਿੱਖ ਰਾਜ ਸਥਾਪਤ ਕਰਨ ਦੀ ਮੰਜ਼ਿਲ ਵੱਲ ਉਹ ਏਨੇ ਸਾਬਤ-ਕਦਮ ਤੇ ਸੁਦ੍ਰਿੜ ਹੋ ਕੇ ਸੁਹਿਰਦਤਾ, ਸਿਦਕ ਤੇ ਬਹਾਦਰੀ ਨਾਲ ਅੱਗੇ ਵਧੇ ਕਿ ਤਿੱਬਤ ਤੋਂ ਲੈ ਕੇ ਸਿੰਧ ਅਤੇ ਸਤਲੁਜ ਤੋਂ ਲੈਕੇ ਪਿਸ਼ਾਵਰ ਤੱਕ ਇਕ ਵਿਸ਼ਾਲ ਖਾਲਸਾ-ਰਾਜ ਸਥਾਪਤ ਕਰਕੇ 'ਏਸ਼ੀਆ ਦੇ ਨਿਪੋਲੀਅਨ' ਹੋ ਨਿਬੜੇ !

27 ਜੂਨ 1839 ਨੂੰ ਪੰਜਾਬ ਦਾ ਇਹ ਸ਼ੇਰ ਸਦਾ ਲਈ ਸੌਂ ਗਿਆ ਪਰ ਆਪਣੀ ਸਾਰੀ ਜ਼ਿੰਦਗੀ ਵਿਚ ਜਿੱਤ ਦਾ ਇਕ ਇਕ ਪੱਥਰ ਜੋੜ ਕੇ ਉਸਨੇ ਖਾਲਸਾ-ਰਾਜ ਦਾ ਜੋ ਕ੍ਰਿਲਾ ਉਸਾਰਿਆ ਸੀ, ਉਸਦੇ ਅੱਖਾਂ ਮੀਟਦਿਆਂ ਹੀ ਇਸ 'ਚ ਮਘੋਰੇ ਹੋਣ ਸ਼ੁਰੂ ਹੋ ਗਏ। ਖਾਲਸਾ-ਦਰਬਾਰ ਵਿਚ

ਬੁਰਛਾਗਰਦੀ ਦਾ ਬੋਲਬਾਲਾ ਹੋ ਸਿੱਖ-ਸਰਦਾਰਾਂ ਵਿਚ ਤਲਵਾਰਾਂ ਖੜਕ ਪਈਆਂ। ਕਤਲ-ਦਰ-ਕਤਲ ਹੋਏ। ਦਿਆਨਤਦਾਰ ਸਿੱਖ ਕਮਜ਼ੋਰ ਤੇ ਬਦ-ਦਿਆਨਤਦਾਰ ਤੇ ਵਿਸ਼ਵਾਸ-ਘਾਤੀ ਖਾਲਸਾ-ਦਰਬਾਰ ਤੇ ਭਾਰੂ ਹੋ ਗਏ। ਸਿੱਖ ਆਪਣੇ ਪਿਆਰੇ ਖਾਲਸਾ-ਰਾਜ ਨੂੰ ਬਚਾਉਣ ਲਈ ਮੁੱਦਕੀ, ਫਿਰੋਜ਼ਸ਼ਾਹ, ਬੱਦੋਵਾਲ, ਅਲੀਵਾਲ, ਸਭਰਾਂਓਂ ਤੇ ਗੁਜਰਾਤ ਦੇ ਮੈਦਾਨਾਂ ਵਿਚ ਸਿਰ ਜੋੜਕੇ ਬੇਮਿਸਾਲ ਬਹਾਦਰੀ ਨਾਲ ਲੜੇ। ਇਹ ਘੋਲ ਕੇਵਲ ਸਿੱਖਾਂ ਤੇ ਅੰਗਰੇਜ਼ਾਂ ਦਰਮਿਆਨ ਨਹੀਂ ਸੀ। ਸ਼ਾਹ ਮੁਹੰਮਦ ਇਸਨੂੰ 'ਜੰਗ ਹਿੰਦ-ਪੰਜਾਬ' ਦਾ ਨਾਂ ਦਿੰਦਾ ਹੈ ਤੇ ਲਿਖਦਾ ਹੈ ਕਿ ਇਹਨਾਂ ਯੁੱਧਾਂ ਵਿਚ 'ਹਿੰਦੁਸਤਾਨੀ ਤੇ ਪੂਰਬੀ ਦੱਖਣੀ ਲੋਕ' ਸਿੱਖਾਂ ਦੇ ਖਿਲਾਫ ਭੁਗਤੇ। ਅੰਤ ਇਨ੍ਹਾਂ ਪੂਰਬੀਆਂ ਤੇ ਨਮਕ-ਹਰਾਮੀ ਡੋਗਰਿਆਂ ਦੀ ਮਿਲੀ-ਭੁਗਤ ਨਾਲ ਉਕਤ ਲੜਾਈਆਂ ਤੋਂ ਮਗਰੋਂ 14 ਮਾਰਚ 1849 ਨੂੰ ਚੇਲਿਆਂ ਵਾਲੀ ਦੇ ਮੈਦਾਨ 'ਚ ਸਿੱਖ-ਫੌਜਾਂ ਜਿੱਤ ਕੇ ਅੰਤ ਨੂੰ ਹਾਰ ਗਈਆਂ ਤੇ ਸ਼ੇਰਿ-ਪੰਜਾਬ ਦਾ ਖਾਲਸਾ-ਰਾਜ ਅੰਗਰੇਜ਼ੀ-ਰਾਜ ਦਾ ਤੇ ਮਹਾਰਾਜਾ ਸਾਹਿਬ ਦਾ ਕੋਹਿਨੂਰ-ਹੀਰਾ ਮਲਕਾ ਵਿਕਟੋਰੀਆ ਦੇ ਤਾਜ ਦਾ ਹਿੱਸਾ ਬਣ ਗਿਆ। ਪਰ ਅਫਸੋਸ ਕਿ ਜਿਹਨਾਂ ਦੇ ਤਿਲਕ-ਜੰਞੂ ਦੀ ਰਾਖੀ ਲਈ ਦਸਮੇਸ਼-ਪਾਤਸ਼ਾਹ ਨੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਬਲੀਦਾਨ ਦੇਣ ਹਿਤ ਹੱਥੀਂ ਦਿੱਲੀ ਨੂੰ ਤੋਰਿਆ ਸੀ ਓਹੀ ਗੁਰੂ ਜੀ ਦੀ ਸ਼ਹੀਦੀ ਤੋਂ ਤੁਰੰਤ ਮਗਰੋਂ ਕਲਗੀਧਰ ਮੁਕਾਬਲੇ ਮੁਗਲਾਂ ਨਾਲ ਜਾ ਖਲੋਤੇ ਤੇ ਮੁਗਲਾਂ ਤੋਂ ਜਿਹਨਾਂ ਦੀ ਇੜਤ-ਆਬਰੂ ਗੁਰੂ ਕੇ ਸਿੰਘ ਬਚਾਉਂਦੇ ਰਹੇ ਉਹੀ ਸਿੱਖ-ਰਾਜ ਨੂੰ ਤਬਾਹ ਕਰਨ ਲਈ ਅੰਗਰੇਜ਼ਾਂ ਨਾਲ ਜਾ ਮਿਲੇ। ਇਸ ਵਿਸ਼ਾਲ ਸਿੱਖ-ਰਾਜ ਨੂੰ ਤਬਾਹ ਕਰਨ ਅਥਵਾ ਅੰਗਰੇਜ਼ ਹੱਥੀਂ ਦੇਣ 'ਚ ਮੁੱਖ ਰੋਲ ਧਿਆਨ ਸਿੰਘ, ਗੁਲਾਬ ਸਿੰਘ ਡੋਗਰੇ ਅਥਵਾ ਤੇਜ ਸਿੰਘ ਤੇ ਲਾਲ ਸਿੰਘ ਮਿਸਰ (ਬ੍ਰਾਹਮਣ) ਨੇ ਕੀਤਾ ਜਾਂ ਅੰਦਰਖਾਤੇ ਅਗਰੇਜ਼ਾਂ ਨਾਲ ਮਿਲੇ ਸਿੱਖਾਂ ਦੇ ਮੁਖਬਰ ਪਹਾੜਾ ਸਿੰਘ ਫਰੀਦਕੋਟੀਏ ਨੇ !



ਗਾਥਾ ਗੁਰੂ ਕੇ ਪੰਥ ਨੂੰ ਗਹਿਣੇ ਪਾਉਂਣ ਦੀ !

ਜਦੋਂ ਮਹਾਰਾਜਾ ਪਟਿਆਲਾ, 'ਪੰਥ ਰਤਨ' ਤੇ ਬਲਦੇਵ ਸਿੰਘ ਦੀ ਤਿੱਕੜੀ ਨੇ ਕੌਮ ਦੇ ਜੜ੍ਹੀਂ ਤੇਲ ਦਿੱਤਾ !!

(ਤਿੰਨ)

ਸਿੱਖਾਂ ਨੇ ਹਿੰਦੁਸਤਾਨ ਦੇ ਅੰਗਰੇਜ਼ਾਂ ਦਾ ਗੁਲਾਮ ਹੋਣ ਮਗਰੋਂ ਸਭ ਤੋਂ ਪਿਛੋਂ ਭਾਵ 1849 ਵਿਚ ਮਜ਼ਬੂਰਨ ਹੱਥਿਆਰ ਸੁੱਟੇ ਸਨ। ਬਾਬਾ ਰਾਮ ਸਿੰਘ ਨਾਮਧਾਰੀ ਫੌਜ ਵਿਚ ਭਰਤੀ ਹੋ ਕੇ ਮੁੱਦਕੀ ਦੇ ਮੈਦਾਨ ਵਿਚ ਅੰਗਰੇਜ਼ਾਂ ਵਿਰੁੱਧ ਲੜੇ ਸਨ। ਉਹ ਆਪਣਿਆਂ ਦੀ ਗੱਦਾਰੀ ਤੇ ਦਗੇਬਾਜ਼ੀ ਅੱਖੀਂ ਦੇਖ ਕੇ, ਹੱਥਿਆਰ ਦਰਿਆ 'ਚ ਸੁੱਟ, ਨਿਰਾਸ ਹੋ ਭੈਣੀ ਸਾਹਿਬ ਆ ਬੈਠੇ ਸਨ ਪਰ ਅੰਗਰੇਜ਼ਾਂ ਕੋਲ ਚਲੇ ਗਏ ਖਾਲਸਾ-ਰਾਜ ਦਾ ਗੁੱਸਾ ਅੰਗਰੇਜ਼ਾਂ ਵਿਰੁੱਧ ਉਹਨਾਂ ਦੇ ਮਨ ਵਿਚ ਸੀ। ਸਿੱਖ-ਰਾਜ ਦੇ ਅੰਗਰੇਜ਼ਾਂ ਕੋਲ ਚਲੇ ਜਾਣ ਦੇ ਸਿਰਫ ਤੇਰਾਂ ਵਰ੍ਹੇ ਮਗਰੋਂ ਹੀ ਉਹਨਾਂ 'ਕੂਕਾ ਲਹਿਰ' ਚਲਾ ਕੇ ਅੰਗਰੇਜ਼ਾਂ ਵਿਰੁਧ ਜਹਾਦ ਛੇੜ ਦਿਤਾ ਤੇ ਛੇੜਿਆ ਵੀ 'ਗਊ-ਰੱਖਿਆ ਅੰਦੋਲਨ' ਦੇ ਨਾਂ ਹੇਠ ਜਿਸਦੇ ਫਲਸਰੂਪ 1872 ਵਿਚ 68 ਕੂਕੇ ਮਲੇਰਕੋਟਲੇ ਬੁੱਚੜਾਂ ਨੂੰ ਮਾਰਨ ਦੇ ਜੁਰਮ ਤਹਿਤ ਤੋਪਾਂ ਨਾਲ ਉਡਾ ਦਿੱਤੇ ਗਏ ਤੇ ਬਾਬਾ ਰਾਮ ਸਿੰਘ ਦੇਸ਼-ਨਿਕਾਲਾ ਦੇ ਕੇ ਰੰਗੂਨ ਨਜ਼ਰਬੰਦ ਕਰ ਦਿੱਤੇ ਗਏ। ਮਹਾਤਮਾ ਗਾਂਧੀ ਨੇ ਆਜ਼ਾਦੀ-ਲਹਿਰ ਵਿਚ ਪਿਛੋਂ ਜਾ ਕੇ ਜੋ 'ਸਤਿਆਗ੍ਰਹਿ' ਤੇ 'ਨਾ-ਮਿਲਵਰਤਣ' ਆਦਿ ਗੁਰ ਵਰਤੇ ਉਹ ਅਸਲ 'ਚ ਬਾਬਾ ਰਾਮ ਸਿੰਘ ਜੀ ਤੋਂ ਹੀ ਉਧਾਰੇ ਲਏ ਸਨ ! ਸਿਆਣੇ ਅੰਗਰੇਜ਼ਾਂ ਨੇ ਸਿੱਖਾਂ ਦੇ ਸੁਭਾਅ ਦਾ ਮੁਤਾਲਿਆ ਕੀਤਾ। ਉਹ ਮਹਾਰਾਜਾ ਸਾਹਿਬ ਦੇ ਸਮੇਂ ਤੋਂ ਹੀ ਸਿੱਖਾਂ ਨੂੰ ਨੀਝ ਲਾ ਕੇ ਵੇਖਦੇ ਰਹੇ ਸਨ, ਸਿੱਖਾਂ ਦੀ ਮਾਨਸਿਕਤਾ ਨੂੰ ਗਹੁ ਨਾਲ ਵਾਚਦੇ-ਵਿਚਾਰਦੇ ਤੇ ਪੜ੍ਹਦੇ ਰਹੇ ਸਨ। ਇਸ ਆਧਾਰ ਤੇ ਉਹਨਾਂ ਸਿੱਖਾਂ ਵਿਚਲੇ ਜਜ਼ਬੇ ਨੂੰ ਟੁੰਬ ਕੇ ਆਪਣੇ ਹਿਤ ਲਈ ਵਰਤਿਆ ਵੀ ਤੇ ਆਪਣੇ ਵਿਰੁੱਧ ਉਠਣ ਤੋਂ ਰੋਕਿਆ ਹਟਕਿਆ ਵੀ ! ਸਿੱਖ ਉਹਨਾਂ ਨਾਲ ਮੈਦਾਨਿ-ਜੰਗ ਵਿਚ ਕਰਾਰੇ ਹੱਥੀਂ ਭਿੜ ਚੁੱਕੇ ਸਨ। ਉਹ ਸਿੱਖਾਂ ਦੀ ਬੀਰਤਾ-ਬਹਾਦਰੀ ਤੋਂ ਚੰਗੀ ਤਰਾਂ ਵਾਕਿਫ ਸਨ। ਉਹਨਾਂ ਸਿੱਖਾਂ ਨੂੰ ਆਪਣੀਆਂ ਫੌਜਾਂ ਵਿਚ ਵੱਧ ਤੋਂ ਵੱਧ ਭਰਤੀ ਕਰਕੇ ਤੇ ਉਹਨਾਂ ਨੂੰ ਆਪਣੇ ਧਰਮ ਵਿਚ ਪਰਪੱਕ ਰਹਿਣ ਦੀਆਂ ਸਹੂਲਤਾਂ ਦੇ ਕੇ ਉਹਨਾਂ ਵਿਚਲੇ ਧਾਰਮਿਕ-ਵਲਵਲੇ ਨੂੰ ਅੰਗਰੇਜ਼ੀ ਰਾਜ ਦੇ ਮੁਫਾਦ ਲਈ ਰੱਜ ਕੇ ਵਰਤਿਆ ਪਰ ਦੂਸਰੇ ਪਾਸੇ, ਬਾਹਰ ਸਿੱਖਾਂ ਦੇ ਧਾਰਮਿਕ-ਅਦਾਰਿਆਂ, ਜਿਹਨਾਂ ਤੋਂ ਸਿੱਖਾਂ ਨੇ ਸੇਧ ਲੈਣੀ ਸੀ, ਉਹਨਾਂ ਨੂੰ ਅਸਿੱਧੇ ਤੌਰ ਤੇ ਆਪਣੇ ਕੰਟਰੋਲ ਵਿਚ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਰਾਜਸੀ-ਸੇਧ ਲੈ ਕੇ ਸਿੱਖਾਂ ਨੇ ਆਪਣਾ ਰਾਜ ਲੈਣ ਦੀ ਗੱਲ ਕਰ ਸਕਣੀ ਸੀ, ਉਸ ਉਤੇ ਅੰਗਰੇਜ਼ਾਂ ਆਪਣਾ ਸਰਬਰਾਹ ਨਿਯੁਕਤ ਕਰ ਦਿੱਤਾ। ਸਿੱਖੀ ਦੇ ਸੋਮਿਆਂ ਗੁਰਦੁਆਰਿਆਂ ਉਤੇ ਆਪਣੇ ਪਿਛਲੱਗ-ਪਿੱਠੂ ਮਹੰਤਾਂ ਦੇ ਕਬਜ਼ੇ ਕਰਵਾ ਦਿੱਤੇ। ਸਿੱਖ-ਸਫਾਂ ਚੋਂ ਮੁਖਬਰ ਲੱਭ ਲੱਭ ਉਹਨਾਂ ਨੂੰ ਮਾਨ-ਸਨਮਾਨ ਦਿੱਤੇ। ਸਿੱਖਾਂ ਵਿਚ ਉਹਨਾਂ ਇਸ ਸਮੇਂ ਇਕ ਅਜਿਹੀ ਜ਼ੈਲਦਾਰ-ਸਰਦਾਰ-ਨੁਮਾ ਟੋਡੀ ਸ੍ਰੈਣੀ ਖੜੀ ਕੀਤੀ ਜੋ ਸਰਕਾਰੇ-ਦਰਬਾਰੇ ਸਿੱਖਾਂ ਦੇ ਸਾਰੇ ਕੰਮ ਕਰਵਾਉਂਦੀ ਤਾਂ ਕਿ ਆਪਣਾ ਰਾਜ ਹੋਣ ਜਾਂ ਲੈਣ ਦੀ ਕੋਈ ਬਗਾਵਤੀ-ਰੁਚੀ ਸਿੱਖ-ਮਨਾਂ ਵਿਚ ਉਠੇ ਹੀ ਨਾ। ਪਰ ਸਿੱਖ ਕਿਉਂਕਿ ਆਮ ਕਰਕੇ ਆਜ਼ਾਦੀ-ਪਸੰਦ ਲੋਕ ਹਨ, ਉਹ ਅੰਗਰੇਜ਼ਾਂ ਦੀ ਗੁਲਾਮੀ ਨੂੰ ਨਫਰਤ ਕਰਦੇ ਸਨ। ਇਸ ਗੱਲ ਦਾ ਉਸ ਸਮੇਂ ਦੀ ਕਾਂਗਰਸੀ-ਹਿੰਦੂ ਲੀਡਰਸ਼ਿਪ ਨੂੰ ਚੰਗੀ ਤਰਾਂ ਇਲਮ ਸੀ ਇਸ ਲਈ ਉਹ ਵੀ ਸਿੱਖਾਂ ਵਿਚਲੇ ਆਜ਼ਾਦੀ ਅਥਵਾ ਦੇਸ਼-ਭਗਤੀ ਦੇ ਜਜ਼ਬੇ ਨੂੰ ਟੁੰਬ-ਜਗਾ ਕੇ ਹਿੰਦੁਸਤਾਨ ਦੀ ਆਜ਼ਾਦੀ ਦੀ ਜਦੋਜਹਿਦ ਵਿਚ ਅੱਗੇ ਤੋਰ ਕੇ ਉਹਨਾਂ ਦੀ ਸ਼ਕਤੀ ਦਾ ਵੱਧ ਤੋਂ ਵੱਧ ਲਾਭ ਲੈਣਾ ਲੋਚਦੀ ਸੀ। ਇਹੀ ਕਾਰਨ ਸੀ ਕਿ ਉਸ ਸਮੇਂ ਦੀ ਉਪਰਲੇ ਕੇਡਰ ਦੀ ਕਾਂਗਰਸੀ-ਲੀਡਰਸ਼ਿਪ ਨੇ ਸਿੱਖ-ਲੀਡਰਸ਼ਿਪ ਨਾਲ ਸਦਾ ਆਪਣਾ ਤਾਲਮੇਲ

ਜਾਂ ਰਾਬਤਾ ਕਾਇਮ ਰੱਖਿਆ। ਮਹਾਤਮਾ ਗਾਂਧੀ ਨੇ ਗੁਰਦੁਆਰਿਆਂ ਵਿਚ ਆ ਆ ਕੇ ਸਿੱਖਾਂ ਨੂੰ ਸੰਬੋਧਨ ਕੀਤਾ। ਪੰਡਿਤ ਨਹਿਰੂ ਚੱਲ ਕੇ ਸੈਤੋ ਦਾ ਮੋਰਚਾ ਵੇਖਣ ਆਇਆ ਚੰਦ ਦਿਨ ਨਾਭਾ ਜੇਹਲ ਵਿਚ ਕੈਦ ਰਿਹਾ। ਪੰਡਿਤ ਮਦਨ ਮੋਹਨ ਮਾਲਵੀਯ ਵਰਗਿਆਂ ਨੇ ਹਰ ਹਿੰਦੂ ਪ੍ਰਵਾਰ ਨੂੰ ਆਪਣਾ ਇਕ ਬੱਚਾ 'ਸਿੰਘ' ਸਜਾਉਣ ਦੀਆਂ ਸਲਾਹਾਂ ਦਿੱਤੀਆਂ। ਸਿੰਘ-ਸਭਾ ਲਹਿਰ ਦੇ ਪ੍ਰਭਾਵ ਨਾਲ ਜਦ 1920 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਫਤਹ ਹੋਣ ਉਪਰੰਤ 17 ਜਨਵਰੀ 1921 ਦੀ ਸ਼ਾਮ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਚਾਬੀਆਂ, ਭਰੇ ਦੀਵਾਨ ਵਿਚ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਦੇ ਹਵਾਲੇ ਕੀਤੀਆਂ ਗਈਆਂ ਤਾਂ ਮਹਾਤਮਾ ਗਾਂਧੀ ਨੇ ਬਾਬਾ ਜੀ ਨੂੰ ਤਾਰ ਭੇਜੀ- "ਚਾਬੀਆਂ ਦੇ ਮੋਰਚੇ ਦੀ ਜਿੱਤ ਦੀ ਵਧਾਈ ! ਇਹ ਸੁਤੰਤਰਤਾ ਦੀ ਲੜਾਈ ਦੀ ਪਹਿਲੀ ਜਿੱਤ ਹੈ।" ਇਹ ਸਿੱਖਾਂ ਦੇ ਇਕ ਧਾਰਮਿਕ-ਮਸਲੇ ਨੂੰ ਰਾਜਸੀ-ਰੰਗਤ ਦੇਣ ਤੇ ਸਿੱਖਾਂ ਨੂੰ ਵਡਿਆ ਕੇ ਹਿੰਦੁਸਤਾਨ ਦੀ ਆਜ਼ਾਦੀ-ਜਦੋਜਹਿਦ ਵਿਚ ਤੱਤੇ ਕਰਕੇ ਤੋਰਨ ਦੀ ਹੀ ਚਾਲ ਸੀ। ਅੱਜ ਉਸੇ ਲੀਡਰਸ਼ਿਪ ਦੇ ਪਿਛਲੱਗ ਕਾਂਗਰਸੀ, ਸਿੱਖਾਂ ਨੂੰ ਧਰਮ ਤੇ ਸਿਆਸਤ ਨੂੰ ਅਲੱਗ ਕਰਨ ਦੇ ਮਸ਼ਵਰੇ ਦੇ ਰਹੇ ਹਨ। ਕੇਂਦਰੀ ਕਾਂਗਰਸੀ-ਲੀਡਰਾਂ ਦੇ ਝਾਂਸੇ ਵਿਚ ਆਈ ਸਿੱਖ-ਲੀਡਰਸ਼ਿਪ ਦੇ ਇਕ ਇਕ ਇਸ਼ਾਰੇ ਤੇ ਤੁਰ ਕੇ ਸਰਲ ਸਾਦੇ ਸੁਭਾਅ ਦੇ ਸਾਧਾਰਨ ਸਿੱਖ ਹੱਸ ਹੱਸ ਜੇਹਲਾਂ ਭਰ ਰਹੇ ਸਨ, ਡਾਂਗਾਂ ਗੋਲੀਆਂ ਖਾ ਰਹੇ ਸਨ ਤੇ ਦੇਸ਼-ਭਗਤੀ 'ਚ ਮਦਹੋਸ਼ ਆਪਣੇ ਵੱਡੇ 'ਭਾਰਤੀ-ਭਰਾਵਾਂ' ਦੀ ਸੁਰ 'ਚ ਸੁਰ ਮਿਲਾਕੇ ਜੋਸ਼ ਨਾਲ 'ਅੰਗਰੇਜ਼ੋ ਭਾਰਤ ਛੋੜੋ' ਦੇ ਨਾਅਰੇ ਲਗਾ ਰਹੇ ਸਨ ਪਰ ਬਦਲੇ ਨਿਜ਼ਾਮ ਵਿਚ ਉਹਨਾਂ ਦੀ ਆਪਣੀ ਆਜ਼ਾਦੀ ਦਾ ਕੀ ਬਣੇਗਾ ? ਇਹ ਉਹਨਾਂ ਦੇ ਖਾਬੋ-ਖਿਆਲ ਵਿਚ ਵੀ ਨਹੀਂ ਸੀ। ਸਿੱਖ-ਨਿਸ਼ਾਨੇ ਪ੍ਰਤੀ ਉਹਨਾਂ ਨੂੰ ਜਾਗਰੂਕ ਕਰਨਾ ਸੀ ਸਿੱਖ-ਲੀਡਰਸ਼ਿਪ ਨੇ ! ਪਰ ਸਿੱਖ-ਲੀਡਰਸ਼ਿਪ ਪੂਰੀ ਤਰਾਂ ਕਾਂਗਰਸੀ ਲੀਡਰਾਂ ਵਲੋਂ ਭੇਚਲੀ ਜਾ ਚੁੱਕੀ ਸੀ। ਆਜ਼ਾਦੀ ਮੌਕੇ ਸਿੱਖਾਂ ਦੇ ਮਕਬੂਲ ਲੀਡਰ ਸਨ ਮਾਸਟਰ ਤਾਰਾ ਸਿੰਘ ਜੀ ! ਉਹਨਾਂ ਦੀ ਗੱਲ ਉਲੱਦਣੀ ਉਸ ਸਮੇਂ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਸੀ। ਪਰ ਲਾਲਾ ਗੋਪੀ ਚੰਦ ਦੇ ਗ੍ਰਹਿ ਵਿਖੇ ਜਨਮੇ ਸ੍ਰੀ ਨਾਨਕ ਚੰਦ ਤੇ ਅੰਮ੍ਰਿਤ ਛਕ ਕੇ ਬਣੇ ਸਰਦਾਰ ਤਾਰਾ ਸਿੰਘ ਤੇ ਪਿਛੋਂ ਇਕ ਸਿੱਖ-ਲੀਡਰ ਵਜੋਂ ਪ੍ਰਗਟ ਤੇ ਪ੍ਰਸਿੱਧ ਤੇ ਹੋਏ 'ਮਾਸਟਰ ਜੀ' ਨੂੰ ਆਪਣੀਆਂ ਜੜ੍ਹਾਂ ਹਿੰਦੂ ਕੌਮ ਵਿਚ ਹੀ ਦਿਸਦੀਆਂ ਸਨ। ਕਰੋੜਪਤੀ ਕਾਰਖਾਨੇਦਾਰ ਸਰਦਾਰ ਬਲਦੇਵ ਸਿੰਘ ਸੀ ਉਹਨਾਂ ਦੀ ਸੱਜੀ ਬਾਂਹ! ਪਾਰਟੀ ਚਲਾਉਣ ਲਈ ਪੈਸਾ ਚਾਹੀਦਾ ਹੈ, ਤੇ ਸ: ਬਲਦੇਵ ਸਿੰਘ ਦੀ ਦਸਖਤ ਕੀਤੀ ਖਾਲੀ ਚੈਕ-ਬੁੱਕ ਹਰ ਸਮੇਂ ਮਾਸਟਰ ਜੀ ਦੀ ਝੱਗੀ ਦੀ ਅੰਦਰਲੀ ਜੇਬ 'ਚ ਰਹਿੰਦੀ ਸੀ। ਇੰਵ ਪੰਥ ਦੇ 'ਵਾਹਿਦ ਲੀਡਰ' ਮਾਸਟਰ ਤਾਰਾ ਸਿੰਘ ਜੀ, ਸ: ਬਲਦੇਵ ਸਿੰਘ ਦੀ ਜੇਬ 'ਚ ਸਨ। ਸ: ਬਲਦੇਵ ਸਿੰਘ ਦੇ ਕਾਰਖਾਨੇ ਟਾਟਾ ਨਗਰ ਤੇ ਪੰਜਾਬੋਂ ਬਾਹਰ ਹਿੰਦੁਸਤਾਨ ਦੇ ਹੋਰ ਦੂਰ-ਦੁਰਾਡੇ ਹਿੱਸਿਆਂ ਵਿਚ ਸਨ ਤੇ ਕੁਲ ਨੂੰ ਬਣਨ ਵਾਲੇ ਕੇਂਦਰੀ ਕਾਂਗਰਸੀ-ਹਾਕਮਾਂ ਦੀ ਉਸ ਨੂੰ ਜ਼ਰੂਰਤ ਰਹਿਣੀ ਸੀ ਇਸ ਲਈ ਅੰਦਰਖਾਤੇ ਉਹਨਾਂ ਨਾਲ ਉਸਦਾ ਗਾਂਢਾ-ਸਾਂਢਾ ਸੀ। 'ਪੰਥ ਰਤਨ' ਮਾਸਟਰ ਜੀ ਸਮੇਂ ਸਮੇਂ 'ਪੰਥ ਖਤਰੇ 'ਚ ਹੈ' ਦਾ ਘੁੱਗੂ ਵਜਾਉਂਦੇ ਤੇ 'ਮੈਂ ਮਰਾਂ ਪੰਥ ਜੀਵੇ' ਦੇ ਨਾਅਰੇ ਨਾਲ ਸਿੱਖਾਂ ਨੂੰ ਭਰਮਾ ਕੇ ਮਗਰ ਲਾਕੇ ਉਹਨਾਂ ਦੀ ਸ਼ਕਤੀ ਨੂੰ ਵਰਤਦੇ ਰਹੇ ਪਰ ਉਹਨਾਂ ਦੀ ਨਿੱਜੀ-ਮੰਜ਼ਿਲ ਸਿਰਫ ਸਿੱਖਾਂ ਦਾ 'ਵਾਹਿਦ ਲੀਡਰ' ਬਣੇ ਰਹਿਣ ਦੀ ਹੀ ਰਹੀ। ਇਸਤਰਾਂ ਆਪਣੇ ਆਪਣੇ ਹਿਤਾਂ ਖਾਤਰ ਆਪਸ ਵਿਚ ਨੱਥੀ ਹੋ ਕੇ ਮਾਸਟਰ ਜੀ ਤੇ ਸ: ਬਲਦੇਵ ਸਿੰਘ ਸਿੱਖਾਂ ਦੇ ਮੋਹਰੀ-ਮੁਹਰੈਲ ਬਣ ਕੇ ਵੀ ਹਿੰਦੂਆਂ ਦੇ ਹੱਥ-ਠੋਕੇ ਰਹੇ। ਇਥੇ ਮੈਂ ਜ਼ਿਕਰ ਕਰਨਾ ਛੱਡ ਨਾ ਜਾਵਾਂ ਕਿਉਂਕਿ ਇਹ ਮਾਸਟਰ ਜੀ ਵਰਗੇ ਮਹਾਨ-ਲੀਡਰ ਨਾਲ ਕਲਮੀ-ਜ਼ਿਆਦਤੀ ਹੋਵਗੀ ਕਿ ਮਾਸਟਰ ਜੀ ਆਪਣੇ ਨਿੱਜੀ-ਜੀਵਨ ਵਿਚ ਪੱਕੇ ਨਿਤਨੇਮੀ ਤੇ ਸਿੱਖੀ-ਜਜ਼ਬੇ ਨਾਲ ਸਰਸ਼ਾਰ ਤੇ ਲਬਰੇਜ਼ ਲੀਡਰ ਸਨ। ਹਮੇਸ਼ਾ ਪ੍ਰਵਾਰ ਨਾਲੋਂ ਪੰਥ ਨੂੰ ਪਹਿਲ-ਪ੍ਰਾਥਮਿਕਤਾ ਦਿੰਦੇ ਸਨ। ਆਜ਼ਾਦੀ ਮਗਰੋਂ ਉਹਨਾਂ ਨੂੰ ਭਾਰਤ ਦੇ ਉਪ-ਰਾਸ਼ਟਰਪਤੀ ਬਣਨ ਦੀ ਪੇਸ਼ਕਸ਼ ਵੀ ਹੋਈ ਜੋ ਉਹਨਾਂ ਕਬੂਲੀ ਨਹੀਂ। ਵਿਅਕਤੀਗਤ-ਜੀਵਨ ਵਿਚ ਉਹ ਪੁੱਜ ਕੇ ਈਮਾਨਦਾਰ ਤੇ ਤਿਆਗੀ ਸਨ। ਵਜ਼ੀਰੀਆਂ-ਮੈਂਬਰੀਆਂ ਸਦਾ ਹੋਰਨਾਂ ਨੂੰ ਵੰਡ ਕੇ ਆਪੂੰ ਕਿੰਗ-ਮੇਕਰ

(King Maker) ਕਹਾਉਣ ਵਾਲੇ ਤੇ ਬਸ ਸਿੱਖਾਂ ਦੇ 'ਵਾਹਿਦ-ਲੀਡਰ' ਬਣੇ ਰਹਿਣ ਦੇ ਤਲਬਗਾਰ ਸਨ। ਉਹਨਾਂ ਜਿੰਨਾ ਮਕਬੂਲ-ਲੀਡਰ ਅਕਾਲੀਆਂ 'ਚ ਅੱਜ ਤੱਕ ਕੋਈ ਹੋਰ ਨਹੀਂ ਹੋ ਸਕਿਆ। ਪਰ ਮਹਾਨ ਮਨੁੱਖ ਗਲਤੀਆਂ ਵੀ ਸਦਾ ਮਹਾਨ ਹੀ ਕਰਿਆ ਕਰਦੇ ਹਨ। ਮਾਸਟਰ ਜੀ ਕਿਹਾ ਕਰਦੇ ਸਨ- 'ਸਿੱਖ ਬਾਦਸ਼ਾਹ ਹੈ ਜਾਂ ਬਾਗੀ'! ਦੇਸ਼-ਵੰਡ ਸਮੇਂ ਉਹ ਸਿੱਖਾਂ ਨੂੰ ਬਾਦਸ਼ਾਹ ਬਣਵਾ ਸਕਦੇ ਸਨ ਪਰ ਉਹ ਇਸ ਸਮੇਂ ਇਕ ਮਹਾਨ ਗਲਤੀ ਕਰ ਗਏ ਮਗਰੋਂ ਭਾਂਵੇਂ ਆਜ਼ਾਦੀ ਮਿਲਦੇ ਸਾਰ ਹੀ ਉਹ ਆਪਣੇ ਕਹਿਣ ਅਨੁਸਾਰ ਦਿੱਲੀ ਤੋਂ ਬਾਗੀ ਹੋ ਗਏ। ਵੰਡ ਸਮੇਂ ਮਾਸਟਰ ਜੀ ਤੇ ਬਲਦੇਵ ਸਿੰਘ ਸਾਹਵੇਂ ਉਨ੍ਹਾਂ ਦੇ ਛੁਟੇਰੇ ਹਿਤ ਹੀ ਸਨ ਕੌਮ ਦੇ ਵਡੇਰੇ ਹਿਤ ਨਹੀਂ ! ਪਰ ਦੂਸਰੇ ਪਾਸੇ ਮੁਸਲਮਾਨਾਂ ਪਾਸ ਉਸ ਸਮੇਂ ਮਿ:ਜਿਨਾਹ ਵਰਗਾ ਦੂਰ-ਦ੍ਰਿਸ਼ਟ ਨੇਤਾ ਸੀ ਜੋ ਕਾਂਗਰਸੀ ਹਿੰਦੂ-ਲੀਡਰਾਂ ਦੀ ਫਿਤਰਤ ਤੋਂ ਚੰਗੀ ਤਰਾਂ ਵਾਕਿਫ ਸੀ ਤੇ ਇਸ ਸਮੇਂ ਮੁਸਲਮਾਨਾਂ ਦਾ ਆਪਣਾ ਦੇਸ਼ ਲੈ ਕੇ ਉਸ 'ਚ ਖੰਨੀ ਖਾ ਕੇ ਗੁਜ਼ਾਰਾ ਕਰਨ ਨੂੰ ਤਿਆਰ ਸੀ। ਮਿ: ਜਿਨਾਹ ਦਾ ਝੁਕਾਅ ਦਿਲੋਂ ਹਿੰਦੂਆਂ ਨਾਲੋਂ ਸਿੱਖਾਂ ਵੱਲ ਵਧੇਰੇ ਸੀ। ਪਰ ਬਾਵਜੂਦ ਮਿ: ਜਿਨਾਹ ਦੇ ਸਿੱਖ-ਲੀਡਰਾਂ ਨੂੰ ਬਾਰ ਬਾਰ ਚਿਤਾਵਨੀਆਂ ਦੇਣ ਤੇ ਅੰਗਰੇਜ਼ਾਂ ਦੀਆਂ ਸਿੱਖਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰ ਲੈਣ ਦੀਆਂ ਕੋਸ਼ਿਸ਼ਾਂ-ਸਲਾਹਾਂ ਦੇ, ਸਿੱਖ-ਲੀਡਰ ਆਪਣੇ ਸਵਾਰਥੀ-ਹਿਤਾਂ ਖਾਤਰ ਕੌਮ ਨੂੰ ਦਗ਼ਾ ਤੇ ਡੋਬਾ ਦੇ ਗਏ। ਅੱਜ ਜੋ ਬੋਥੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ ਕਿ ਉਸ ਸਮੇਂ ਸਿੱਖਾਂ ਦੀ ਕਿਸੇ ਇਲਾਕੇ 'ਚ ਬਹੁ-ਸੰਮਤੀ ਨਹੀਂ ਸੀ ਵਗੈਰਾ ... ਵਗੈਰਾ ਇਹ ਸਭ ਵੇਲਾ ਵਿਹਾਅ ਚੁੱਕੀ ਸਿੱਖ-ਲੀਡਰਸ਼ਿਪ ਦੀਆਂ ਗਲਤੀਆਂ ਤੇ ਪਰਦਾ ਪਾਉਣ ਦੀਆਂ ਹੀ ਕਪਟ-ਚਾਲਾਂ ਹਨ। ਇਸ ਦਾ ਮੁੱਖ ਕਾਰਨ ਅਸਲ ਵਿਚ ਇਸ ਮਸਲੇ ਉਤੇ ਸਿੱਖ-ਲੀਡਰਸ਼ਿਪ ਦਾ ਲੱਤ ਨਾ ਲਾ ਉਣਾ ਹੀ ਸੀ।

ਲਾਰਡ ਵੇਵਲ ਦੇ ਉਚੇਚੇ ਯਤਨਾਂ ਦੁਆਰਾ ਜਦ ਹਿੰਦੂਆਂ-ਮੁਸਲਮਾਨਾਂ ਵਲੋਂ ਪੰਡਿਤ ਨਹਿਰੂ ਤੇ ਮਿ: ਜਿਨਾਹ (ਸਮੇਤ ਲਿਆਕਤ ਅਲੀ) ਦੇ ਨਾਲ ਸਿੱਖਾਂ ਨੂੰ ਤੀਸਰੀ ਧਿਰ ਮੰਨ ਕੇ ਸਿੱਖ-ਨੁਮਾਇੰਦੇ ਸ: ਬਲਦੇਵ ਸਿੰਘ ਨੂੰ ਲੰਡਨ ਬੁਲਾ ਕੇ ਕੁਝ ਦੇਰ ਹੋਰ ਲੰਡਨ ਅਟਕਾਣ ਦਾ ਉਚੇਚਾ ਯਤਨ ਕੀਤਾ ਗਿਆ ਤਾਂ ਕਿ ਅੰਗਰੇਜ਼ ਸਿੱਖਾਂ ਦੇ ਭਵਿੱਖ ਸਬੰਧੀ ਸਿੱਖਾਂ ਦੇ ਸਿਰ 'ਚ ਕੋਈ ਮੱਤ ਪਾ ਸਕਣ ਤਾਂ ਸ: ਬਲਦੇਵ ਸਿੰਘ ਵਲੋਂ ਇਹ ਭੇਤ ਪੰਡਤ ਨਹਿਰੂ ਕੋਲ ਖੋਹਲ ਦਿੱਤਾ ਗਿਆ ਤੇ ਫਿਰ ਉਸਨੇ ਪੰਡਿਤ ਨਹਿਰੂ ਦੇ ਢਹੇ ਚੁੜ, ਅੰਗਰੇਜ਼ਾਂ ਦੀ ਇਹ ਕੰਮ ਦੀ ਗੱਲ ਸੁਣਨ ਲਈ ਲੰਡਨ ਰੁਕਣਾ ਵੀ ਗਵਾਰਾ ਨਾ ਕੀਤਾ ਸਗੋਂ ਪੰਡਿਤ ਨਾਲ ਉਸੇ ਜਹਾਜ਼ 'ਚ ਵਾਪਸ ਆ ਕੇ ਬਿਆਨ ਦਾਗ਼ਿਆ ਕਿ ਸਿੱਖ ਅੰਗਰੇਜ਼ਾਂ ਕੋਲੋਂ ਕੁਝ ਨਹੀਂ ਚਾਹੁੰਦੇ ਬੱਸ ਅੰਗਰੇਜ਼ ਭਾਰਤ ਛੱਡ ਜਾਣ, ਸਿੱਖਾਂ ਨੇ ਜੋ ਵੀ ਲੈਣਾ ਹੈ ਉਹ ਉਸਦਾ ਫੈਸਲਾ ਆਪੇ ਸਿੱਧਾ ਕਾਂਗਰਸ ਨਾਲ ਕਰ ਲੈਣਗੇ! ਇਸੇ ਤਰਾਂ ਮਿ: ਜਿਨਾਹ ਦੀ ਸਿੱਖ-ਰਿਆਸਤਾਂ ਨੂੰ ਮਿਲਾ ਕੇ 'ਮਹਾਨ-ਪਟਿਆਲਾ' ਬਣਾਉਣ ਦੀ ਤਜਵੀਜ਼ ਮਹਾਰਾਜਾ ਯਾਦਵਿੰਦਰ ਸਿੰਘ ਵਲੋਂ ਕਾਂਗਰਸੀ ਲੀਡਰਾਂ ਦੇ ਕੰਨੀਂ ਜਾ ਪਰੋਈ ਗਈ। ਇੰਵ ਅੰਗਰੇਜ਼ (ਖਾਸਕਰ ਲਾਰਡ ਵੇਵਲ !) ਦੀਆਂ ਸਿੱਖ-ਖਿੱਤੇ ਅਥਵਾ 'ਬਫਰ-ਸਟੇਟ' ਦੀਆਂ ਤਜਵੀਜ਼ਾਂ ਤੇ ਮਿ: ਜਿਨਾਹ ਦੀਆਂ 'ਮਹਾਨ ਪਟਿਆਲਾ' ਤੇ ਪਾਕਿਸਤਾਨ ਵਿਚ ਸਿੱਖ-ਹਿਤਾਂ ਨੂੰ ਸੁਰੱਖਿਅਤ ਬਣਾਨ ਦੀਆਂ ਪੇਸ਼ਕਸ਼ਾਂ ਮਾ: ਤਾਰਾ ਸਿੰਘ, ਮਹਾਰਾਜਾ ਪਟਿਆਲਾ ਤੇ ਸ: ਬਲਦੇਵ ਸਿੰਘ ਦੇ ਸਵਾਰਥੀ ਹਿਤਾਂ ਦੀ ਭੇਟ ਚੜ੍ਹ ਗਈਆਂ। ਸਿਰਦਾਰ ਕਪੂਰ ਸਿੰਘ ਨੇ 'ਸਾਚੀ ਸਾਖੀ' 'ਚ ਬਿਲਕੁੱਲ ਦੁਰੱਸਤ ਲਿਖਿਆ ਹੈ - 'ਸੱਚ ਤਾਂ ਇਹ ਭਾਸਦਾ ਹੈ ਕਿ ਸੰਨ 1846 ਵਾਲੇ ਰਾਜਾ ਗੁਲਾਬ ਸਿੰਘ, ਜਰਨੈਲ ਤੇਜਾ ਸਿੰਘ ਤੇ ਜਰਨੈਲ ਧਿਆਨ ਸਿੰਘ ਸੰਨ 1947 ਵਿਚ ਮੁੜ ਮਹਾਰਾਜਾ ਯਾਦਵਿੰਦਰ ਸਿੰਘ, ਮਾ: ਤਾਰਾ ਸਿੰਘ ਤੇ ਸ: ਬਲਦੇਵ ਸਿੰਘ ਦੇ ਰੂਪ ਵਿਚ ਸਿੱਖਾਂ ਨੂੰ ਹੀਣੇ ਤੇ ਦਾਸ ਬਣਾਉਣ ਲਈ ਪਰਗਟ ਹੋਏ ਸਨ।' ਇੰਵ ਇਹਨਾਂ ਸਵਾਰਥੀ-ਹਿਤਾਂ ਖਾਤਰ ਵਿਕੇ ਤੇ ਸਿੱਖ-ਨੈਤਿਕਤਾ ਤੋਂ ਬਿਤਕੇ ਲੀਡਰਾਂ ਪਾਸ ਕੌਮ ਦਾ ਕੋਈ ਨਿਸ਼ਾਨਾ ਨਹੀਂ ਸੀ। ਅਸਲ ਵਿਚ ਸਿੱਖ-ਰਾਜ ਚਲੇ ਜਾਣ ਤੋਂ ਲਗਪਗ ਸੌ ਵਰ੍ਹਿਆਂ ਮਗਰੋਂ ਹੀ ਨਹੀਂ ਸਗੋਂ ਖਾਲਸਾ-ਪੰਥ ਦੀ ਸਾਜਣਾ ਤੋਂ ਲੈ ਕੇ ਦੇਸ਼-ਵੰਡ ਦਾ ਮੌਕਾ ਹੀ ਇਕ ਅਜਿਹਾ ਸੁਨਹਿਰੀ-ਮੌਕਾ ਸੀ ਜਿਸ ਸਮੇਂ ਜੇ ਸਿੱਖ-ਲੀਡਰਸ਼ਿਪ ਦੂਰਦ੍ਰਿਸ਼ਟ ਤੇ ਦਿਆਨਤਦਾਰ ਹੁੰਦੀ ਤਾਂ ਸਿੱਖ ਬਿਨਾਂ ਕਿਸੇ ਜਦੋ-ਜਹਿਦ ਦੇ, ਮੇਜ਼ ਤੇ ਬੈਠ ਕੇ ਆਪਣਾ ਦੇਸ਼-ਸਿਰਜ

ਸਕਦੇ ਸਨ ਅਤੇ ਕਿਸੇ ਹੱਦ ਤੱਕ ਸ਼ਾਇਦ ਪੰਜਾਬ ਦੀ ਵੰਡ ਨੂੰ ਵੀ ਟਾਲ ਸਕਦੇ ਸਨ। ਮਿ: ਜਿਨਾਹ ਵਲੋਂ ਸਿੱਖਾਂ ਨੂੰ ਪਾਕਿਸਤਾਨ ਵਿਚ ਰਾਵੀ ਤੋਂ ਜਮਨਾ ਤੱਕ ਸਿੱਖ-ਖਿੱਤਾ ਦੇਣ ਦਾ ਸੁਝਾਅ ਵੀ ਦਿੱਤਾ ਗਿਆ, ਜਿਸ ਅਨੁਸਾਰ ਪੰਜਾਬ ਨੂੰ ਅਣਵੰਡਿਆ ਰੱਖ ਕੇ ਸਿੱਖ-ਹਿਤਾਂ ਦੀ ਗਰੰਟੀ ਦੀ ਗੱਲ ਕਹੀ ਗਈ ਪਰ ਮਾਸਟਰ ਜੀ ਵਲੋਂ ਇਸਨੂੰ ਜਾਣ-ਬੁੱਝ ਕੇ ਨਜ਼ਰ-ਅੰਦਾਜ਼ ਕੀਤਾ ਗਿਆ ਪਰ ਦੂਸਰੇ ਪਾਸੇ ਸਿੱਖ-ਲੀਡਰਸ਼ਿਪ ਵਲੋਂ ਮਾਰਚ 1947 ਵਿਚ ਪੰਜਾਬ ਤੇ ਬੰਗਾਲ ਦੀ ਵੰਡ ਦਾ ਮਤਾ ਪਾਸ ਕਰਨ ਵਾਲੀ ਕਾਂਗਰਸ ਦੀ ਹਮਾਇਤ ਕੀਤੀ ਗਈ ਜਿਸ ਅਨੁਸਾਰ ਸਿੱਖਾਂ ਦੀਆਂ ਆਬਾਦ ਕੀਤੀਆਂ ਜ਼ਰਖੇਜ਼ ਬਾਰਾਂ ਵਾਲੇ ਪੰਜਾਬ ਨੇ ਆਪਣੇ ਲੱਖਾਂ ਜਾਇਆਂ ਸਮੇਤ ਵੱਢੇ-ਟੁੱਕੇ ਜਾਣਾ ਸੀ ਤੇ ਪੰਥ ਨੇ ਆਪਣੇ ਪਿਆਰੇ ਗੁਰਧਾਮਾਂ ਨਾਲੋਂ ਵਿਛੋੜਿਆ ਜਾਣਾ ਸੀ। ਉਂਵ ਭਾਵੇਂ ਇਹ ਗਲਤੀ ਕਰਨ ਵਾਲੀ ਸਿੱਖ-ਲੀਡਰਸ਼ਿਪ ਨੇ ਮਗਰੋਂ ਸ਼੍ਰੋ: ਗੁ: ਪ੍ਰ: ਕਮੇਟੀ ਤੇ ਕਾਬਜ਼ ਹੋ ਕੇ ਅਰਦਾਸ ਵਿਚ 'ਜਿਹਨਾਂ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ...' ਦੇ ਸ਼ਬਦ ਸ਼ਾਮਲ ਕਰਵਾ ਕੇ ਆਉਣ ਵਾਲੀਆਂ ਸਿੱਖ-ਨਸਲਾਂ ਦੇ ਅੱਖੀਂ ਘੱਟਾ ਪਾਈ ਜਾਣਾ ਸੀ !

ਦੇਸ਼-ਵੰਡ ਸਮੇਂ ਹਿੰਦੂਆਂ ਪਾਸ ਆਜ਼ਾਦ-ਭਾਰਤ ਦਾ ਨਿਸ਼ਾਨਾ ਸੀ। ਸਿਆਣੇ ਮੁਸਲਮਾਨ ਨੇਤਾ ਕਿਸੇ ਕੀਮਤ ਤੇ ਵੀ ਆਪਣਾ ਦੇਸ਼ ਸਿਰਜਣ ਦੇ ਇਸ ਸੁਨਹਿਰੀ ਸਮੇਂ ਨੂੰ ਕਦਾਚਿਤ ਗਵਾਉਣਾ ਨਹੀਂ ਸਨ ਚਾਹੁੰਦੇ। ਇਹ ਇਕ ਗੁਰੂ ਕਾ ਲਾਡਲਾ 'ਤੀਸਰ ਪੰਥ' ਹੀ ਸੀ ਜਿਸਦੀ ਲੀਡਰਸ਼ਿਪ ਨੂੰ ਕੌਮ ਦੇ ਨਿਸ਼ਾਨੇ ਜਾਂ ਭਵਿੱਖ ਬਾਰੇ ਭੋਰਾ ਫਿਕਰ ਨਹੀਂ ਸੀ। ਇਸ ਤਰਾਂ ਦੇਸ਼-ਵੰਡ ਸਮੇਂ ਬਾਵਜੂਦ ਸਿੱਖਾਂ ਦੇ ਭਰਵੇਂ ਸਹਿਯੋਗ ਅਤੇ ਅੰਗਰੇਜ਼ਾਂ ਤੇ ਮਿ: ਜਿਨਾਹ ਦੀਆਂ ਕੋਸ਼ਿਸ਼ਾਂ ਦੇ, ਸਾਰੀ ਕੌਮ ਦੀ ਕੁਰਬਾਨੀ ਮਾ: ਤਾਰਾ ਸਿੰਘ ਦੀ ਕਮਾਨ ਥੱਲੇ ਸਿੱਖ-ਲੀਡਰਸ਼ਿਪ ਨੇ ਕੌਮੀ-ਨਿਸ਼ਾਨੇ ਨੂੰ ਪ੍ਰਾਪਤ ਕਰਨ ਥਾਂਵੇਂ ਸਿਰਫ ਇਕ ਸ: ਬਲਦੇਵ ਸਿੰਘ ਦੀ ਕੇਂਦਰ 'ਚ ਡੀਫੈਂਸ-ਮਨਿਸਟਰੀ ਖਾਤਰ ਕੇਂਦਰ ਕੋਲ ਨੀਲਾਮ ਕਰ ਦਿੱਤੀ। ਪਰ ਕੌਮ ਨਾਲ ਕੀਤੇ ਇਸ ਵੱਡੇ ਧ੍ਰੋਹ ਦਾ ਹੀ ਜਲਵਾ ਸੀ ਕਿ ਪਿਛੋਂ ਜਾ ਕੇ ਸਿੱਖਾਂ ਦੇ ਅਤਿ-ਮਕਬੂਲ ਅਤੇ 'ਵਾਹਿਦ ਲੀਡਰ' ਮਾ: ਤਾਰਾ ਸਿੰਘ ਦੀ ਅੱਧ-ਅਸਮਾਨੇ ਚੁੜੀ ਗੁੱਡੀ ਦੀ ਡੋਰ ਅਜਿਹੀ ਟੁੱਟੀ ਕਿ ਜਿਉਂਦੇ-ਜੀ ਹੀ ਉਹਨਾਂ ਦੀ ਲੀਡਰੀ ਦਾ ਕੀਰਤਨ-ਸੋਹਿਲਾ ਪੜਿਆ ਗਿਆ ਤੇ ਉਹਨਾਂ ਦੇ ਚਹੇਤੇ ਸ: ਬਲਦੇਵ ਸਿੰਘ ਨੂੰ ਪੰਡਿਤ ਨਹਿਰੂ ਨੇ ਕੇਂਦਰੀ ਵਜ਼ਾਰਤ ਵਿਚੋਂ ਮੱਖਣੀ 'ਚੋਂ ਵਾਲ ਵਾਂਗ ਕੱਢਕੇ ਅਹੁ ਮਾਰਿਆ ਤੇ ਉਹ ਕੌਮ ਨਾਲ ਕੀਤੇ ਧ੍ਰੋਹ ਸਦਕਾ ਮੰਜੇ ਤੇ ਅੱਡੀਆਂ ਰਗੜ ਰਗੜ ਕੇ ਮਰੇ ਅਤੇ ਮਹਾਰਾਜਾ ਪਟਿਆਲਾ ਨੂੰ ਗੁਹਿ-ਮੰਤਰੀ ਪਟੇਲ ਨੇ ਅਜਿਹਾ ਪਟਾ ਪਾਇਆ ਕਿ ਉਹ ਇਕ ਰਾਜੇ ਤੋਂ ਸਿੱਖ-ਜਗਤ ਦੀਆਂ ਨਜ਼ਰਾਂ 'ਚ ਰੰਕ ਹੋ ਕੇ ਗੁਜ਼ਰੇ !

ਇਥੇ ਇਹ ਅੰਕੜੇ ਗਿਣਾਣ ਜਾਂ ਦੁਹਰਾਣ ਦੀ ਜ਼ਰੂਰਤ ਨਹੀਂ ਤੇ ਨਾ ਹੀ ਇਹ ਇਸ ਲਿਖਤ ਦਾ ਵਿਸ਼ਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਕਿੰਨੇ ਸਿੱਖ ਜਿਹਲੀਂ ਗਏ, ਗੋਲੀਆਂ ਨਾਲ ਭੁੰਨੇ ਜਾਂ ਮਾਰੇ ਗਏ, ਕਿੰਨਿਆਂ ਦੀਆਂ ਜਾਇਦਾਦਾਂ ਤੇ ਘਰ-ਘਾਟ ਉਜੜੇ। ਸਿਰਫ ਏਨਾ ਹੀ ਕਹਿ ਦੇਣਾ ਕਾਫੀ ਹੈ ਕਿ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਬਹਾਦਰ ਸੂਬੇ ਪੰਜਾਬ ਨੇ 85 ਫੀ ਸਦੀ ਕੁਰਬਾਨੀ ਕੀਤੀ। ਅਸਲ 'ਚ ਭਾਰਤ 'ਚੋਂ ਅੰਗਰੇਜ਼ ਨੂੰ ਕੱਢਣ ਵਾਲੇ ਸਿਰਫ ਦੋ ਸੂਬੇ ਪੰਜਾਬ ਤੇ ਬੰਗਾਲ ਹੀ ਸਨ ਪਰ ਦੇਸ਼-ਵੰਡ ਸਮੇਂ ਇਹਨਾਂ ਹੀ ਦੋਹਾਂ ਸੂਬਿਆਂ ਨੂੰ ਵੰਡ ਕੇ ਕਾਂਗਰਸ ਵਲੋਂ ਇਹਨਾਂ ਨਾਲ ਵੱਡਾ ਧ੍ਰੋਹ ਕਮਾਇਆ ਗਿਆ। ਅੱਜ ਆਜ਼ਾਦੀ ਲਈ 95 ਫੀ ਸਦੀ ਕੁਰਬਾਨੀ ਕਰਨ ਵਾਲੇ ਲੋਕ ਭਾਰਤ ਵਿਚ ਗੁਲਾਮੀ ਦਾ ਨਰਕ ਭੋਗ ਰਹੇ ਹਨ ਤੇ ਆਜ਼ਾਦੀ ਲਈ 5 ਫੀ-ਸਦੀ ਹਿੱਸਾ ਪਾਉਣ ਵਾਲੇ ਲੋਕ ਭਾਰਤ ਤੇ ਹਕੂਮਤ ਕਰ ਰਹੇ ਹਨ !

ਕਾਸ਼ ! ਸਿੱਖ-ਲੀਡਰਸ਼ਿਪ ਦੇਸ਼-ਵੰਡ ਦੇ ਇਸ ਅਤਿ ਖੁੱਕਵੇਂ ਸਮੇਂ ਸਿੱਖ-ਨੈਤਿਕਤਾ ਦੀ ਧਾਰਣੀ ਹੋ ਕੇ ਸਿੱਖ-ਨਿਸ਼ਾਨੇ ਤੇ ਨਜ਼ਰ ਕੇਂਦ੍ਰਿਤ ਰੱਖ ਸਕਦੀ ਤਾਂ ਕੌਮ ਨੂੰ ਅੱਜ ਆਹ ਦਿਨ ਨਾ ਦੇਖਣੇ ਪੈਂਦੇ ਤੇ ਉਸ ਦੀਆਂ ਓਦੋਂ ਦੀਆਂ ਹੱਥਾਂ ਨਾਲ ਦਿੱਤੀਆਂ ਹੋਈਆਂ ਅੱਜ ਕੌਮ ਨੂੰ ਦੰਦਾਂ ਨਾਲ ਨਾ ਖੋਹਲਣੀਆਂ ਪੈਂਦੀਆਂ ! ਜੇ ਉਸ ਸਮੇਂ ਸਿੱਖ-ਲੀਡਰਾਂ ਨੇ ਗੁਲਾਮੀ ਦੀ ਕੁੱਤੀ ਕਪਾਹ 'ਚੋਂ ਕੱਢ ਦਿੱਤੀ ਹੁੰਦੀ ਤਾਂ ਮਿਹਨਤੀ ਸਿੱਖਾਂ ਅਥਵਾ ਪੰਜਾਬੀਆਂ ਦੀ ਹਿੰਮਤ ਸਦਕਾ ਪੰਜਾਬ ਅੱਜ 'ਏਸ਼ੀਆ ਦੀ ਕਲਗੀ' ਹੁੰਦਾ !

ਕੀਤੀਆਂ ਦੁੱਲੇ ਦੀਆਂ ਪੇਸ਼ ਲੱਧੀ ਦੇ ਆਈਆਂ !

ਕਾਰੇ ਕਾਂਗਰਸ ਦੇ ! ਕਿਰਦਾਰ ਅਕਾਲੀਆਂ ਦਾ !!

(ਚਾਰ)

ਜਦੋਂ ਆਜ਼ਾਦੀ ਮਿਲਣ ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਹੀ ਕਾਂਗਰਸੀ ਲੀਡਰਾਂ ਵਲੋਂ 1929 'ਚ ਲਾਹੌਰ 'ਚ ਪਾਸ ਕੀਤੇ ਆਪਣੇ ਮਤੇ, 1931 'ਚ ਮਹਾਤਮਾ ਗਾਂਧੀ ਵਲੋਂ ਗੁਰਦੁਆਰਾ ਸੀਸ ਗੰਜ ਦਿੱਲੀ 'ਚ ਸੰਗਤਾਂ ਸਾਹਵੇਂ ਕੀਤੇ ਕੌਲ-ਕਰਾਰ, 1946 'ਚ ਕਲਕੱਤਾ ਕਾਨਫਰੰਸ ਸਮੇਂ ਪੰਡਿਤ ਨਹਿਰੂ ਦੇ ਦਿੱਤੇ ਵਾਅਦੇ ਤੇ 1947 'ਚ ਪਾਸ ਕੀਤੇ ਕਾਂਗਰਸ ਦੇ ਮਤੇ ਆਦਿ ਤੋਂ ਮੁੱਕਰ ਕੇ ਗੁਹਿ-ਮੰਤਰੀ ਪਟੇਲ ਵਲੋਂ ਗਵਰਨਰ ਪੰਜਾਬ ਚੰਦੂ ਲਾਲ ਤ੍ਰਿਵੇਦੀ ਰਾਹੀਂ ਉਸ ਸਮੇਂ ਪੰਜਾਬ ਮੰਤਰੀ-ਮੰਡਲ 'ਚ ਸ਼ਾਮਲ ਸੱਜਰੇ ਸੁਰਗਵਾਸ ਹੋਏ ਸ: ਸਵਰਨ ਸਿੰਘ (ਜਿਸਦੀ ਮੌਤ ਤੇ ਸ਼੍ਰੋਮਣੀ ਕਮੇਟੀ ਦੇ ਪਿਛੇ ਜਿਹੇ ਹੋਏ ਇਜਲਾਸ 'ਚ ਟੌਹੜੇ ਵਲੋਂ ਅਫਸੋਸ ਦਾ ਮਤਾ ਪਾਸ ਕਰਨ ਦੀ ਵਕਾਲਤ ਕੀਤੀ ਗਈ !) ਦੁਆਰਾ ਸਰਕੂਲਰ ਜਾਰੀ ਕਰਵਾ ਦਿੱਤਾ ਗਿਆ ਕਿ ਸਿੱਖ ਇਕ ਜਰਾਇਮ-ਪੇਸ਼ਾ ਕੌਮ ਹੈ ਇਸ ਲਈ ਇਸ ਉਤੇ ਕਰੜੀ ਨਿਗਾਹਬਾਨੀ ਕੀਤੀ ਜਾਵੇ ਤਾਂ ਕਿਧਰੇ ਜਾ ਕੇ ਦੁੱਲੇ ਅਥਵਾ ਦੱਲੇ ਭਾਵ ਦਿੱਲੀ ਦੇ ਦਲਾਲ ਸਿੱਖ-ਲੀਡਰਾਂ ਦੀਆਂ ਮਚਲੀਆਂ ਅੱਖਾਂ ਤੋਂ ਭਰਮ ਦੀ ਪੱਟੀ ਖੁੱਲ੍ਹੀ ਕਿ 'ਸਿੱਖਾਂ ਨਾਲ ਧੋਖਾ ਹੋ ਗਿਆ' ਹੈ ਤੇ ਉਹਨਾਂ ਨੂੰ ਚਾਨਣ ਹੋ ਗਿਆ ਕਿ ਉਹਨਾਂ ਦੀਆਂ ਕੀਤੀਆਂ ਹੁਣ ਭਵਿੱਖ ਵਿਚ-ਲੱਧੀ ਕੌਮ ਨੂੰ ਭੁਗਤਣੀਆਂ ਹੀ ਪੈਣਗੀਆਂ' ਜਿਸਨੇ ਉਹਨਾਂ ਨੂੰ ਸਿੱਖ-ਹੱਕਾਂ ਦਾ ਘੋਲ ਲੜਨ ਲਈ ਅਨੰਤ ਨਿਹਾਰੀਆਂ ਚਾਰੀਆਂ ਸਨ। ਤੇ ਫਿਰ ਜਦੋਂ 1950 'ਚ ਭਾਰਤ ਦਾ ਸੰਵਿਧਾਨ ਬਣਾਏ ਜਾਣ ਵੇਲੇ ਸਿੱਖ 'ਵਿਸ਼ੇਸ਼ ਸਲੂਕ ਦੇ ਅਧਿਕਾਰੀ' ਨਾ ਰਹਿ ਕੇ 'ਹਿੰਦੂਆਂ ਦਾ ਅੰਗ' ਹੀ ਕਹੇ ਜਾਣ ਲੱਗੇ ਤਾਂ ਸਿੱਖ ਨੁਮਾਇੰਦੇ ਸ: ਹੁਕਮ ਸਿੰਘ ਤੇ ਸ: ਜੋਗਿੰਦਰ ਸਿੰਘ ਨੇ ਇਸ ਉਤੇ ਦਸਖਤ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ 'ਸਿੱਖ ਇਸ ਨੂੰ ਰੱਦ ਕਰਦੇ ਹਨ'। ਇਸ ਤਰਾਂ ਸਿੱਖਾਂ ਨੂੰ ਆਜ਼ਾਦੀ ਦੀ ਜਦੋਜਹਿਦ ਵਿਚ ਪੂਰੀ ਤਰਾਂ ਵਰਤਿਆ ਗਿਆ ਤੇ ਜਦੋਂ ਸਿੱਖ-ਲੀਡਰਾਂ ਨੇ ਪਹਿਲੋਂ ਉਹਨਾਂ ਵਲੋਂ ਕੀਤੇ ਗਏ ਕੌਲ-ਕਰਾਰਾਂ ਦਾ ਚੇਤਾ ਕਾਂਗਰਸੀ-ਲੀਡਰਾਂ ਨੂੰ ਕਰਾਇਆ ਤਾਂ ਪੰਡਿਤ ਨਹਿਰੂ ਵੱਲੋਂ ਅੱਗਿਓਂ ਘੜਿਆ-ਘੜਾਇਆ ਤੇ ਟਕੇ ਵਰਗਾ ਚਿੱਟਾ ਜਬਾਬ ਇਹ ਮਿਲਿਆ ਕਿ 'ਅਬ ਵਕਤ ਬਦਲ ਗਇਆ ਹੈ' !

ਇਸ ਉਪਰੰਤ ਪੰਜਾਬੀ ਸੂਬੇ ਦਾ ਮਸਲਾ ਸੀ ਜਾਂ ਚੰਡੀਗੜ੍ਹ ਦਾ, ਪੰਜਾਬੋਂ ਬਾਹਰ ਰਹੇ ਇਲਾਕਿਆਂ ਦਾ ਸੀ ਜਾਂ ਪੰਜਾਬ ਦੇ ਪਾਣੀਆਂ ਦਾ ! ਕੇਂਦਰ ਸਿੱਖਾਂ ਦੇ ਹੱਕ ਖੋਂਹਦਾ-ਮਾਰਦਾ ਰਿਹਾ ਤੇ ਸਿੱਖ, ਕੇਂਦਰ ਨਾਲ ਖਹਿੰਦੇ ਰਹੇ। ਕੇਂਦਰ ਨੇ ਹਰ ਹਰਬਾ ਵਰਤਿਆ ਕਿ ਸਿੱਖ ਜਰਨੈਲਾਂ, ਅਫਸਰਾਂ ਤੇ ਵਿਦਵਾਨਾਂ ਨੂੰ ਖੁੱਡੇ-ਲਾਈਨ ਲਾਇਆ, ਖਰੀਦਿਆ ਤੇ ਦਬਾਇਆ ਜਾਵੇ। ਪੰਜਾਬੀ ਕਿਸਾਨ ਦੇ ਵਿਕਾਸ ਦਾ ਨਕਾਲ ਮਾਰ ਕੇ ਉਸਦੀ ਮਿਹਨਤ ਨੂੰ ਲੁੱਟ-ਪੁੱਟ ਕੇ ਉਸਦੇ ਸਵੈਮਾਨੀ ਸੁਮਲੇ ਨੂੰ ਝੁਕਾਇਆ ਜਾਵੇ। ਭਾਵ ਹਰ ਪੱਖੋਂ ਪੰਜਾਬ ਨੂੰ ਕਮਜ਼ੋਰ ਤੇ ਸਿੱਖਾਂ ਨੂੰ ਗੁਲਾਮ ਬਣਾਇਆ ਜਾਵੇ। ਕੇਂਦਰ ਨੇ ਇਸ ਅਰਸੇ ਦੌਰਾਨ ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਨੀਤੀ ਅਨੁਸਾਰ ਸਿਰਫ ਰਾਜਨੀਤਿਕ ਹੀ ਨਹੀਂ ਧਾਰਮਿਕ ਪੱਖੋਂ ਵੀ ਸਿੱਖਾਂ ਨੂੰ ਅਨੇਕ ਸੰਪਰਦਾਵਾਂ ਤੇ ਸ਼ਾਖਾਵਾਂ ਵਿਚ ਵੰਡਿਆ। 'ਗੁਰੂ ਦੀ ਖੇਤੀ' ਸਿੱਖੀ ਨੂੰ ਉਜਾੜਨ ਲਈ ਸਰਕਾਰੂ-ਸਾਧ ਪਾਲ-ਪਾਲ ਇਸ 'ਚ ਛੱਡੇ ਗਏ। ਸਿੱਖਾਂ ਵਿਚ ਸਿੱਖ-ਵਿਰੋਧੀ ਸੰਪਰਦਾਵਾਂ ਨੂੰ ਪਾਲਣ ਤੇ ਪ੍ਰਫੁੱਲਤ ਕਰਨ ਲਈ ਹਰ ਸੰਭਵ-ਸਹਾਇਤਾ ਦੇ ਪਾਣੀ ਖੁਲ੍ਹੇ-ਨੱਕੇ ਛੱਡੇ ਗਏ ਤਾਂ ਕਿ ਸਿੱਖ ਕਮਜ਼ੋਰ ਹੋਣ ਤੇ ਪੰਜਾਬੋਂ ਦਿੱਲੀ ਵੱਲ ਨੂੰ ਕਿਵੇਂ ਵੀ ਕੋਈ ਜੈਕਾਰਾ ਜਾਂ ਲਲਕਾਰਾ ਉਚਾ ਨਾ ਹੋਵੇ।

ਨਿਰਸੰਦੇਹ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪੰਜਾਬੀ ਹਿਤਾਂ ਦਾ ਪਹਿਰੇਦਾਰ ਤੇ ਸਿੱਖ-ਹੱਕਾਂ ਦੀ ਰਾਖੀ ਦਾ ਝੰਡਾ-ਬਰਦਾਰ ਰਿਹਾ। ਅਕਾਲੀਆਂ ਦੀ ਤਾਕਤ ਵੀ ਪੰਜਾਬ 'ਚ ਸਿੱਖ ਅਥਵਾ ਪੰਜਾਬ ਦੇ ਹੱਕਾਂ ਦੀ ਰਾਖੀ ਦੇ ਨਾਅਰੇ ਨਾਲ ਹੀ ਬਣ ਸਕਦੀ ਸੀ ਸੋ ਉਹ ਪੰਜਾਬ ਦੇ ਹੱਕਾਂ ਲਈ ਮੋਹਰੀ-ਮੁਹਰੈਲ ਹੋ ਕੇ ਲੜੇ। ਅਚੇਤ ਤੌਰ ਤੇ ਅਕਾਲੀ-ਲੀਡਰਸ਼ਿਪ ਦੇ ਮਨ ਵਿਚ ਇਹ ਭਾਵਨਾ ਵਸਦੀ ਹੀ ਸੀ ਕਿ ਪੰਜਾਬ ਸਾਡਾ ਹੈ ਤੇ ਇਸ ਵਿਚ ਸਾਡੀ ਹਕੂਮਤ ਅਥਵਾ ਸਰਕਾਰ ਹੋਣੀ ਚਾਹੀਦੀ ਹੈ ਪਰ ਬ੍ਰਾਬੜਕੇ ਉਹ ਸੁਤੰਤਰ ਸਿੱਖ-ਰਾਜ ਦੀ ਗੱਲ ਕਦੇ ਵੀ ਨਾ ਕਹਿ ਸਕੇ। ਇਸਦਾ ਕਾਰਨ ਇਹ ਸੀ ਉਹ ਨਾ ਤਾਂ ਧਾਰਮਿਕ ਤੌਰ ਤੇ ਹੀ ਪੂਰੀ ਤਰਾਂ ਚਿਤੰਨ ਸਨ ਤੇ ਨਾ ਹੀ ਰਾਜਨੀਤਿਕ ਤੌਰ ਤੇ ਪੂਰੀ ਤਰ੍ਹਾਂ ਜਾਗਰੂਕ ਤੇ ਦਿਆਨਤਦਾਰ ! ਬਦਲੇ ਹਾਲਾਤ 'ਚ ਨਾ ਤਾਂ ਉਹਨਾਂ ਨੂੰ ਇਹ ਨਿਸਚਾ ਸੀ ਕਿ ਉਹ ਪੰਜਾਬ ਦਾ ਆਜ਼ਾਦ-ਰਾਜ ਲੈ ਸਕਦੇ ਹਨ ਤੇ ਨਾ ਹੀ ਉਹਨਾਂ ਵਿਚ ਇਹ ਦਲੇਰੀ ਹੀ ਸੀ ਕਿ ਉਹ ਪੰਜਾਬ ਦੀ ਸੰਪੂਰਨ-ਆਜ਼ਾਦੀ ਦਾ ਨਾਅਰਾ ਲਾ ਸਕਣ। ਇਸ ਲਈ ਉਹ ਅੱਕੀਂ-ਪਲਾਹੀਂ ਹੱਥ ਜਾਂ ਉਖੜੇ-ਕੁਹਾੜੇ ਮਾਰਦੇ ਨਿੱਕੇ-ਨਿਗੂਣੇ ਨਿਸ਼ਾਨਿਆਂ ਲਈ ਕੌਮ ਨੂੰ ਮੋਰਚਿਆਂ-ਮੁਜ਼ਾਹਰਿਆਂ ਵਿਚ ਲੜਾਈ-ਮਰਵਾਈ ਜਾ ਰਹੇ ਸਨ। ਇਸ ਅਰਸੇ ਦੌਰਾਨ ਉਹਨਾਂ ਦਾ ਨਿਸ਼ਾਨਾ ਸ਼੍ਰੋ: ਗੁ: ਪ੍ਰ: ਕਮੇਟੀ ਤੇ ਕਬਜ਼ਾ ਕਰਨਾ, ਪੰਜਾਬ ਵਿਚ ਵਜ਼ਾਰਤ ਬਣਾ ਲੈਣਾ ਜਾਂ ਵੱਧ ਤੋਂ ਵੱਧ ਆਪਣੇ ਇਕ-ਛੁੱਤ ਆਦਮੀ ਨੂੰ ਕੇਂਦਰੀ-ਵਜ਼ਾਰਤ ਵਿਚ ਸ਼ਾਮਲ ਕਰਵਾਉਂਣਾ ਹੀ ਰਿਹਾ।

ਸਿੱਖਾਂ ਨੂੰ ਅਕਾਲੀਆਂ ਦੀਆਂ, ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਂਣ, ਸ਼੍ਰੋ: ਗੁ: ਪ੍ਰ: ਕਮੇਟੀ ਸਥਾਪਤ ਕਰਕੇ ਗੁਰਧਾਮਾਂ ਨੂੰ ਇਕ ਪ੍ਰਬੰਧ ਹੇਠ ਲੈ ਆਉਂਣ, ਪੰਜਾਬੀ ਸੂਬਾ ਬਣਵਾ ਲੈਣ ਤੇ ਕੌਮ ਦੇ ਸਵੈਮਾਨ ਲਈ ਕੀਤੀਆਂ ਕੁਰਬਾਨੀਆਂ ਦੀ ਦਿਲੋਂ ਕਦਰ ਸੀ। ਨਿਰਸੰਦੇਹ ਅਕਾਲੀ, ਪੰਜਾਬ ਦੇ ਹਿਤਾਂ ਲਈ ਕਾਂਗਰਸੀਆਂ, ਕਮਯੂਨਿਸਟਾਂ ਤੇ ਹੋਰਨਾਂ ਨਾਲੋਂ ਵੱਧ ਹਿੱਕ ਡਾਹ ਕੇ ਲੜਦੇ ਰਹੇ ਸਨ ਪਰ ਇਸਦੇ ਇਵਜ਼ ਵਿਚ ਸਿੱਖਾਂ ਨੇ ਵੀ ਅਕਾਲੀਆਂ ਕੋਲੋਂ ਕੁੱਝ ਨਹੀਂ ਸੀ ਲੁਕੋਇਆ। ਉਹਨਾਂ ਨੂੰ ਕੁਰਸੀਆਂ-ਵਜ਼ਾਰਤਾਂ ਲੈ ਦਿੱਤੀਆਂ। ਹਰ ਬਣਦਾ-ਜੁੜਦਾ ਸਤਿਕਾਰ-ਦਰਬਾਰ ਬਖਸ਼ਿਆ। ਸਿੱਖ, ਅਕਾਲੀ-ਲੀਡਰਸ਼ਿਪ ਦੇ ਇਕ-ਇਕ ਇਸ਼ਾਰੇ ਉਤੇ ਜਿਹਲਾਂ ਭਰਦੇ ਤੇ ਮੋਰਚਿਆਂ ਦੀ ਅੱਗ ਵਿਚ ਛਾਲਾਂ ਮਾਰਦੇ ਰਹੇ ਕਿਉਂਕਿ ਪੰਥ ਅਤੇ ਪੰਜਾਬ-ਹਿਤੈਸ਼ੀ ਸਿੱਖ ਸ਼੍ਰੋਮਣੀ ਅਕਾਲੀ ਦਲ ਨੂੰ ਕਾਂਗਰਸ ਤੇ ਕਮਿਊਨਿਸਟ ਪਾਰਟੀਆਂ ਦੇ ਮੁਕਾਬਲੇ ਆਪਣੀ ਧਿਰ ਤੇ ਪ੍ਰਤੀਨਿਧ ਪਾਰਟੀ ਮੰਨਦੇ ਸਨ। ਪਰ ਜਿੰਨੀ ਦੇਰ ਅਕਾਲੀਆਂ ਦੇ ਮੂੰਹ ਨੂੰ ਹਕੂਮਤ ਦਾ ਲਹੂ ਨਹੀਂ ਸੀ ਲੱਗਾ ਉਹ ਵਾਕਈ ਸਿੱਖ-ਹਿਤਾਂ ਦੇ ਪਹਿਰੇਦਾਰ ਸਨ ਪਰ ਜਦ ਸਿੱਖ-ਸ਼ਕਤੀ ਨੇ ਨਾਲ ਖੜੇ ਹੋ ਕੇ ਉਹਨਾਂ ਨੂੰ ਸਰਕਾਰਾਂ ਹੀ ਸੌਂਪ ਦਿੱਤੀਆਂ ਤਾਂ ਉਹ ਪੰਜਾਬ ਵਿਚ ਸਿੱਖ-ਹਿਤਾਂ ਦੇ ਪਹਿਰੇਦਾਰ ਨਹੀਂ, ਸਿੱਖ-ਹਿਤਾਂ ਦੇ ਠੇਕੇਦਾਰ ਹੀ ਬਣ ਬੈਠੇ! ਪੰਜਾਬ ਦੇ ਕਾਂਗਰਸੀ ਤੇ ਕਮਿਊਨਿਸਟ ਤਾਂ ਪੰਥ ਤੇ ਪੰਜਾਬ ਦੇ ਕਿਵੇਂ ਵੀ ਹਿਤੈਸ਼ੀ ਹੋ ਹੀ ਨਹੀਂ ਸਨ ਸਕਦੇ ਕਿਉਂਕਿ ਉਹਨਾਂ ਵਿਚਾਰਿਆਂ ਦੀ ਤਾਂ ਤਾਰ ਹੀ ਬਾਹਰੋਂ ਹਿਲਦੀ ਸੀ। ਪਰ ਅਕਾਲੀਆਂ ਨੇ ਤਾਂ ਸੇਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਲੈਣੀ ਸੀ। ਪਰ ਸਿੱਖ-ਸ਼ਕਤੀ ਪਿੱਠ ਤੇ ਹੋਣ ਕਾਰਨ ਪੰਜਾਬ 'ਚ ਸਰਕਾਰ-ਸਥਾਪਤੀ ਦਾ ਅਜਿਹਾ ਭੂਤ ਅਕਾਲੀ-ਸਿਰਾਂ ਤੇ ਸਵਾਰ ਹੋਇਆ ਕਿ ਉਹ ਧੜਿਆਂ ਵਿਚ ਵੰਡੇ ਹੋਏ ਕੁਰਸੀ ਦੀ ਹਵਸ ਅਧੀਨ ਅੰਮ੍ਰਿਤਸਰ ਦੇ ਘੱਟ ਤੇ ਦਿੱਲੀ ਦੇ ਵਧੇਰੇ ਦੀਵਾਨੇ ਹੋ ਗਏ। ਸਰਕਾਰਾਂ ਬਣਾ ਲੈਣ ਨਾਲ ਦਿੱਲੀ ਲੀਡਰਾਂ ਤੱਕ ਹੁਣ ਉਹਨਾਂ ਦੀ ਰਸਾਈ ਭਾਵ ਪਹੁੰਚ ਆਮ ਹੋ ਗਈ। ਇੰਵ ਪੰਜਾਬ ਦੀ ਤਾਕਤ ਤੇ ਕੁਰਸੀ ਪ੍ਰਾਪਤ ਕਰਨ ਲਈ ਅਕਾਲੀ-ਲੀਡਰਸ਼ਿਪ ਚੋਂ ਬਹੁਤਿਆਂ ਦਾ ਅੰਦਰਖਾਤੇ ਦਿੱਲੀ ਨਾਲ ਅੱਖ-ਮੁਟੱਕਾ ਚੱਲ ਪਿਆ। ਸਿੱਖਾਂ ਦੀ ਗੱਲ ਅੱਗੇ ਨਾ ਤੁਰਨ ਦੇਣ ਲਈ ਜਾਂ ਪੰਥ ਨੂੰ ਕਾਬੂ ਕਰਨ ਲਈ ਦਿੱਲੀ ਸਿੱਖ-ਲੀਡਰਾਂ ਨੂੰ ਗੰਢਣਾ ਚਾਹੁੰਦੀ ਸੀ ਤੇ ਕੁਰਸੀ ਅਥਵਾ ਤਾਕਤ ਦੀ ਹਵਸ ਵਿਚ ਅਕਾਲੀ-ਲੀਡਰ ਇਕ ਦੂਜੇ ਤੋਂ ਮੂਹਰੇ ਹੋ ਹੋ ਦਿੱਲੀ ਨੂੰ ਗੰਢ ਰਹੇ ਸਨ। ਦੋਵੇਂ ਧਿਰਾਂ ਆਪਣੀ ਆਪਣੀ ਮੰਤਵ-ਸਿੱਧੀ ਕਰ ਰਹੀਆਂ ਸਨ ਤੇ ਇਹਨਾਂ ਦਾ ਆਪਸੀ-ਰਿਸ਼ਤਾ – 'ਲੱਡੂਆਂ ਨੇ ਤੂੰ ਪੱਟਤੀ ਤੇਰੀ ਤੋਰ ਪੱਟਿਆ ਪਟਵਾਰੀ' ਵਾਲਾ ਸੀ। ਇਕ ਪਾਸੇ ਤਾਂ ਅਕਾਲੀ-ਲੀਡਰ ਸਿੱਖ-ਧਰਮ ਦੇ ਠੇਕੇਦਾਰ ਤੇ ਸਿੱਖ-ਹਿਤਾਂ ਦੇ ਪਹਿਰੇਦਾਰ ਬਣੇ ਰਹਿਣਾ ਚਾਹੁੰਦੇ ਸਨ ਤਾਂ ਕਿ ਉਹ ਇਕਤਦਾਰ ਦਾ

ਮਜ਼ਾ ਚਖਦੇ ਰਹਿਣ, ਇਸ ਲਈ ਉਹ ਪੰਥ ਤੇ ਪੰਜਾਬ ਦੀਆਂ ਮੰਗਾਂ ਲਈ ਮੋਰਚੇ ਲਾਉਂਦੇ, ਅਰਦਾਸੇ ਸੋਧ ਸੋਧ ਮਰਨ ਵਰਤ ਰਖਦੇ ਰਹੇ ਤੇ ਦੂਸਰੇ ਪਾਸੇ ਇਕ ਦੂਜੇ ਨੂੰ ਠਿੱਬੀ ਲਾਉਂਣ ਲਈ ਤੇ ਜਾਨਾਂ ਬਚਾਉਣ ਲਈ ਬਿਨਾਂ ਮੰਗਾਂ ਮੰਨਵਾਏ ਮੋਰਚੇ ਵਾਪਸ ਲੈਂਦੇ ਤੇ ਮਰਨ ਵਰਤ ਤੋੜਦੇ ਰਹੇ। ਅਹੁਟਾ ਭਾਂਵੇਂ ਮਾਸਟਰ ਜੀ ਤੇ ਵੱਡੇ-ਛੋਟੇ ਸੰਤਾਂ ਭਾਵ ਸੰਤ-ਜੋੜੀ ਦਾ, ਭਾਂਵੇਂ ਤਲਵੰਡੀ-ਤੁੜ ਜਾਂ ਤਲਵੰਡੀ-ਲੋਂਗੋਵਾਲ ਦਾ ਪਿਆ, ਗੱਲ ਕਿਸੇ ਕੌਮੀ-ਇਸ਼ੂ ਜਾਂ ਵਿਚਾਰਧਾਰਕ ਮਤਭੇਦਾਂ ਦੀ ਨਹੀਂ ਕਸ਼ਮਕਸ਼ ਸ਼ਖਸੀਅਤਾਂ ਦੀ ਸੀ। ਇਕ ਕਿਸਮ ਦੀ ਜ਼ਾਤੀ ਅਥਵਾ ਵਿਅਕਤੀਗਤ ਲੜਾਈ ਸੀ। ਗੱਲ ਇਕ ਦੂਸਰੇ ਨੂੰ ਪਿੱਛੇ ਸੁੱਟ ਕੇ ਅੱਗੇ ਆਉਂਣ ਦੀ ਸੀ। ਪੰਥਕ-ਮਸਲਿਆਂ ਨੂੰ ਪਿਛੇ ਪਾ ਕੇ ਇੰਵ ਵਿਅਕਤੀਗਤ ਲੜਾਈ ਲੜਨਾ ਇਹ ਅਕਾਲੀ-ਲੀਡਰਸ਼ਿਪ ਦੀ ਸਿੱਖ-ਨੈਤਿਕਤਾ ਦੀ ਨੀਂਵਾਣ ਸੀ ਪਰ ਇਹ ਨੀਂਵਾਣ ਸਿੱਖਾਂ ਦੀਆਂ ਨਜ਼ਰਾਂ ਸਾਹਵੇਂ ਨਿਘਾਰ ਵਿਚ ਤਬਦੀਲ ਹੋ ਗਈ ਹੈ ਜਦ ਕੌਮ ਉਤੇ ਇਸ ਬਿਪਤਾ ਤੇ ਬਿਖਤੇ ਸਮੇਂ ਵੀ ਟੌਹੜੇ-ਬਾਦਲ ਦੀ ਇਕ ਦੂਸਰੇ ਨੂੰ ਢਾਹੁਣ-ਨਿਵਾਉਂਣ ਦੀ ਜ਼ਾਤੀ ਲੜਾਈ ਦੀ ਅੱਗ ਨੇ ਦਿੱਲੀ ਦੇ ਢਾਹ-ਢੇਰੀ ਕੀਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਵਰਤਮਾਨ ਸਮੇਂ ਵਿਚ ਅਕਾਲੀ-ਲੀਡਰਸ਼ਿਪ ਦੀ ਸਿੱਖ-ਨੈਤਿਕਤਾ ਵਿਚ ਆਏ ਇਸ ਨਿਘਾਰ ਦਾ ਜ਼ਿਕਰ ਪ੍ਰੋ: ਮਨਜੀਤ ਸਿੰਘ ਕਾਇਮ-ਮੁਕਾਮ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਅਕਾਲੀ-ਲੀਡਰਾਂ ਨੂੰ ਪ੍ਰੈਸ ਰਾਹੀਂ ਲਿਖੇ ਇਕ ਪੱਤਰ ਵਿਚ ਪਿਛਲੇ ਦਿਨੀਂ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੈ। ਸਿੰਘ-ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ਵੀ ਸਿੱਖ-ਨੈਤਿਕਤਾ 'ਚ ਆਏ ਇਸ ਨਿਘਾਰ ਦੇ ਪ੍ਰਸੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੱਫੇਮਾਰ ਟੌਹੜੇ ਦੀ ਕੰਡ-ਝਾੜ ਕਰਨ ਦੀਆਂ ਖਬਰਾਂ ਵੀ ਅਖਬਾਰਾਂ ਵਿਚ ਛਪੀਆਂ ਹਨ। ਕੌਮ ਦੀ ਹੁਣ ਤੱਕ ਖੱਟਿਆ ਖਾਂਦੇ ਇਹਨਾਂ ਸਿੱਖ-ਹਿਤਾਂ ਦੇ ਅਖੌਤੀ ਪਹਿਰੇਦਾਰਾਂ ਦੀ ਕਾਰ-ਗੁਜ਼ਾਰੀ ਅੱਜ ਕੌਮ ਦੇ ਸਾਹਮਣੇ ਹੈ। ਜੂਨ 84 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਹੋਇਆ ਤਾਂ ਇਸ ਦੀ ਦਾਅਵਤ 26 ਮਈ, 84 ਨੂੰ ਚੰਡੀਗਤ 'ਚ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਦੇ ਦੋ ਦਹਾਕਿਆਂ ਤੋਂ ਧਾਨ ਖਾਂਦੇ ਪ੍ਰਧਾਨ ਟੌਹੜੇ ਵਲੋਂ ਸਮੇਂ ਦੇ ਗਵਰਨਰ ਪੰਜਾਬ ਸ੍ਰੀ ਪਾਂਡੇ ਰਾਹੀਂ ਸੰਤ ਜਰਨੈਲ ਸਿੰਘ ਦਾ 'ਕੰਡਾ ਕਢਵਾਣ' ਲਈ ਜਾਹਰਾ ਦਿੱਤੀ ਗਈ ਤੇ ਫਿਰ ਸੰਤ ਜਰਨੈਲ ਸਿੰਘ ਜੀ ਤੇ ਉਹਨਾਂ ਦੇ ਸੰਗੀਆਂ ਤੇ ਸੰਗਤਾਂ ਦੇ ਧਰਮ ਖਾਤਰ ਸ਼ਹੀਦ ਹੋ ਜਾਣ ਦੇ ਉਲਟ ਉਸ ਸਮੇਂ ਦਾ ਅਕਾਲੀ ਦਲ ਦਾ ਰਾਮਗੜ੍ਹੀ-ਪ੍ਰਧਾਨ ਸੰਤ ਹਰਚੰਦ ਸਿੰਘ ਲੋਂਗੋਵਾਲ (ਜਿਸ ਨੂੰ ਆਪਣੇ ਪਿੰਡ ਦੀ ਪਰੰਪਰਾ ਅਨੁਸਾਰ ਉਸ ਸਮੇਂ ਦਿੱਲੀ ਨੂੰ 'ਟਿੱਚ' ਕਰਕੇ ਜਾਨਣਾ ਚਾਹੀਦਾ ਸੀ !) ਤੇ ਗੁਰਧਾਮਾਂ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਅਥਵਾ ਉਸ ਸਮੇਂ ਇਸ ਕਾਰਜ ਵਿਚ ਸਭ ਤੋਂ ਵੱਡਾ ਜ਼ਿਮੇਵਾਰ ਤੇ ਸਿੱਖ-ਸਫਾਂ ਵਿਚ ਸਭ ਤੋਂ ਵੱਡਾ ਘਚਾਨੀ-ਬਾਜ਼ ਟੌਹੜਾ, ਦੋਵੇਂ ਹੱਥ ਖੁੜੇ ਕਰ ਕੇ ਸਰਕਾਰੀ-ਹਿਫਾਜ਼ਤ ਵਿਚ ਚਲੇ ਗਏ। ਇਸ ਤੋਂ ਵੱਡੀ ਸਿੱਖ-ਨੈਤਿਕਤਾ 'ਚ ਡਿਗਣ ਦੀ ਸਿੱਖ-ਇਤਿਹਾਸ ਵਿਚ ਹੋਰ ਕੀ ਮਿਸਾਲ ਹੋ ਸਕਦੀ ਹੈ ? ਜੋ ਟੌਹੜਾ ਅੱਜ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਲ ਬਣਾਕੇ ਜ਼ਾਤੀ ਲੜਾਈ ਲੜਦਾ ਹੋਇਆ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜਨ ਦਾ ਉਪਦੇਸ਼ ਦੇ ਰਿਹਾ ਹੈ, ਜਦ ਸ੍ਰੀ ਅਕਾਲ ਤਖਤ ਸਾਹਿਬ ਨੂੰ ਭਾਰਤੀ ਫੌਜ ਤੋਪਾਂ ਨਾਲ ਉਡਾ ਰਹੀ ਸੀ ਤੇ ਕੌਮ ਦੇ ਮਾਸੂਮ ਬੱਚੇ ਤੱਕ ਸ਼ਹੀਦ ਹੋ ਰਹੇ ਸਨ ਉਸ ਸਮੇਂ ਇਹ ਸਭ ਤੋਂ ਵੱਡਾ ਜ਼ਿੰਮੇਵਾਰ ਸਾਰਾ ਕੁਝ ਅੱਖਾਂ ਸਾਹਵੇਂ ਦੇਖ ਕੇ ਸ਼ਾਨਦਾਰ ਸਿੱਖ-ਪਰੰਪਰਾਵਾਂ ਨੂੰ ਕਲੰਕਿਤ ਕਰਦਾ ਹੋਇਆ ਜਾਨ ਬਚਾਉਂਣ ਲਈ ਸਿਰ ਤੇ ਪੈਰ ਰੱਖ ਕੇ ਤੇ ਹੱਥ ਖੁੜੇ ਕਰਕੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਭੱਜ ਤੁਰਿਆ ਤਾਂ ਉਸ ਸਮੇਂ ਕੀ ਇਹ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜ ਰਿਹਾ ਸੀ ਜਾਂ ਪੂਰੀ ਤਰਾਂ ਟੁੱਟਾ ਸੀ ?

ਅਪ੍ਰੈਲ, 78 ਵਿਚ ਜਦ ਅੰਮ੍ਰਿਤਸਰ ਨਿਰੰਕਾਰੀ-ਸਾਕਾ ਹੋਇਆ ਤਾਂ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੀ। ਉਸਦੀ ਤੇ ਉਮਰਾਨੰਗਲ ਦੀ ਜਨਸੰਘੀਆਂ ਨਾਲ ਯਾਰੀ ਸੀ। ਸਾਕੇ ਉਪਰੰਤ ਸ਼੍ਰੋਮਣੀ ਕਮੇਟੀ ਦੀਆਂ ਹੋਈਆਂ ਚੋਣਾਂ ਵਿਚ ਹਲਕਾ ਬਿਆਸ ਤੋਂ ਭਾਈ ਅਮਰੀਕ ਸਿੰਘ ਦੇ ਮੁਕਾਬਲੇ ਉਤੇ ਜੀਵਨ ਸਿੰਘ ਉਮਰਾਨੰਗਲ ਨੂੰ ਖੁੜਾ ਕਰਕੇ ਤੇ ਫਿਰ ਇਸਨੂੰ ਵੱਕਾਰੀ ਸੀਟ ਬਣਾ ਕੇ ਜਿਸਤਰਾਂ ਪੰਜਾਬ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਤੇ ਕਾਬਜ਼ ਸਮੁੱਚੀ ਅਕਾਲੀ-ਲੀਡਰਸ਼ਿਪ ਨੇ

ਭਾਈ ਅਮਰੀਕ ਸਿੰਘ ਨੂੰ ਹਰਾਉਣ ਲਈ ਆਪਣਾ ਰੋਲ ਅਦਾ ਕੀਤਾ ਇਹ ਕੋਈ ਸਾਧਾਰਨ ਘਟਨਾ ਨਹੀਂ ਸੀ ਇਹ ਬੁੱਢੀ ਤੇ ਸੁਆਰਥੀ ਅਕਾਲੀ-ਲੀਡਰਸ਼ਿਪ ਵਲੋਂ ਕੌਮ ਦੀ ਆਨ-ਸ਼ਾਨ ਲਈ ਲੜਨ ਵਾਲੇ ਨੌਜਵਾਨਾਂ ਦਾ, ਸਿੱਖੀ ਅਤੇ ਗੁਰਧਾਮਾਂ ਦੀ ਰੱਖਿਆ ਲਈ ਕਟ ਮਰਨ ਵਾਲੇ ਲੋਕਾਂ ਦਾ ਤੇ ਸਿੱਖ-ਰਾਜ ਦੀ ਗੱਲ ਕਰਨ ਵਾਲੀਆਂ ਧਿਰਾਂ ਅਥਵਾ ਸੰਤ ਜਰਨੈਲ ਸਿੰਘ ਦੀ ਸੋਚ ਦਾ ਸਿੱਧਾ ਤੇ ਸਪੱਸ਼ਟ ਵਿਰੋਧ ਸੀ ਤੇ ਇਸ ਕਰਕੇ ਸੀ ਕਿ ਸੰਤ ਜੀ ਸਿੱਖਾਂ ਵਿਚ ਉਹਨਾਂ ਦੀ ਵਧ ਰਹੀ ਸ਼ਾਖ ਕਾਰਨ ਸ਼੍ਰੋਮਣੀ ਕਮੇਟੀ ਅਤੇ ਸਿੱਖ-ਸੰਸਥਾਵਾਂ ਤੇ ਕਾਬਜ਼ ਹੋ ਕੇ ਇਕ ਸ਼ਕਤੀ-ਸ਼ਾਲੀ ਸਿੱਖ-ਨੇਤਾ ਵਲੋਂ ਉਭਰ ਨਾ ਪੈਣ ! ਦਿੱਲੀ-ਸਰਕਾਰ ਤੇ ਅਕਾਲੀ-ਲੀਡਰਸ਼ਿਪ ਦੋਹਾਂ ਦੀ ਇਕੋ ਇਹ ਤਮੰਨਾ ਸੀ। ਬਿਆਸ ਦੀ ਇਸ ਚੋਣ ਦੇ ਨਤੀਜੇ ਨੇ ਸਿੱਖਾਂ ਲਈ ਦੋ ਸਪੱਸ਼ਟ ਸੰਕੇਤ ਛੱਡ ਦਿੱਤੇ ਸਨ। ਪਹਿਲਾ ਇਹ ਕਿ ਅਕਾਲੀ, ਪੰਥਕ-ਹਿਤਾਂ ਦੇ ਹੁਣ ਹਰਗਿਜ਼ ਪਹਿਰੇਦਾਰ ਨਹੀਂ ਰਹੇ। ਦੂਸਰਾ, ਇਹ ਪੰਥ ਵਿਚਲੇ ਸੁਹਿਰਦ ਤੇ ਦਿਆਨਤਦਾਰ ਸਿੱਖਾਂ ਲਈ ਖਤਰੇ ਦੀ ਘੰਟੀ ਸੀ ਕਿ ਨਿਕਟ-ਭਵਿੱਖ ਵਿਚ ਸਿੱਖ-ਸਫਾਂ 'ਚ ਉਹਨਾਂ ਦੇ ਜੰਮ ਰਹੇ ਪੈਰ ਉਖਾੜਨ ਲਈ ਦੂਧਾਸਤ ਤੇ ਦੋਹਰਾ ਹੱਲਾ ਨਿਸਚੇ ਹੀ ਹੋਵੇਗਾ। ਸੰਤ ਜਰਨੈਲ ਸਿੰਘ ਦੀ ਸਿੱਖਾਂ ਵਿਚ ਬਣ ਰਹੀ ਸਰਦਾਰੀ ਨੂੰ ਟਾਲਣ-ਖੋਹਣ ਲਈ ਸ਼੍ਰੋ: ਅਕਾਲੀ ਦਲ ਨੇ 4 ਅਗਸਤ, 82 ਨੂੰ ਧਰਮ-ਯੁੱਧ ਮੋਰਚਾ ਦਿੱਲੀ ਤੋਂ ਮੰਗਾਂ ਮਨਵਾਣ ਦੇ ਨਾਅਰੇ ਹੇਠ ਲਾਇਆ ਤੇ ਇੰਵ ਸੰਤ ਜੀ ਵਲੋਂ ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਰਿਹਾਈ ਲਈ ਲਾਏ ਮੋਰਚੇ ਨੂੰ ਬੜੀ ਚੁਸਤੀ ਨਾਲ ਇਸ 'ਚ ਮਿਲਾ ਲਿਆ। ਰਾਜਸੀ-ਚਾਲਾਂ ਤੋਂ ਨਿਰਲੇਪ ਸੰਤ-ਖਾਲਸਾ 'ਧਰਮ-ਯੁੱਧ' ਦੀ ਅਰਦਾਸ ਕਰਨ ਉਪਰੰਤ ਮੰਜੀ ਸਾਹਿਬ ਤੋਂ ਦਿੱਲੀ ਵੱਲ ਮੂੰਹ ਕਰਕੇ ਨਿਰਭੈਤਾ ਨਾਲ ਭਬਕਾਰਦੇ ਸਨ ਕਿ 'ਐਤਕੀਂ ਭਾਂਡਿਆਂ ਵਾਲੀ ਰਹੂ ਜਾਂ ਟਾਂਡਿਆਂ ਵਾਲੀ'। ਅਕਾਲੀਆਂ ਨੂੰ ਹੁਣ ਮੋਰਚੇ 'ਚ ਵੀ ਸੰਤ ਜਰਨੈਲ ਸਿੰਘ ਜੀ ਦੀ ਹੀ ਚੁੜਤ ਦਿਸਦੀ ਸੀ। ਉਹ ਮੋਰਚੇ 'ਚੋਂ ਖਹਿੜਾ-ਛਡਾਉ ਜਾਂ ਭੱਜੂ ਸਨ ਕਿਉਂਕਿ ਮੋਰਚਾ ਲਾ ਕੇ ਭੱਜ ਜਾਣਾ ਤਾਂ ਉਹਨਾਂ ਦੇ ਖੱਬੇ ਹੱਥ ਦੀ ਖੇਡ ਸੀ। ਮੋਰਚੇ ਲਾ ਕੇ, ਸਿੱਖ ਸ਼ਹੀਦ ਕਰਵਾ ਕੇ, ਮੋਰਚੇ ਵਾਪਸ ਲੈ ਕੇ ਸਗੋਂ ਉਹ ਸ਼ਹੀਦਾਂ ਦਾ ਸਟੇਜਾਂ ਤੇ ਮੁੱਲ ਵਟਦੇ ਸਨ। ਸ਼ਹੀਦਾਂ ਦੇ ਸਿਵਿਆਂ ਦੀ ਅੱਗ ਸੇਕਣ 'ਚ ਉਹਨਾਂ ਨੂੰ ਅਨੰਦ ਆਉਂਦਾ ਸੀ। ਉਹਨਾਂ ਦੇ ਇਸ਼ਾਰਿਆਂ ਤੇ ਚੱਲ ਕੇ ਮੋਰਚਿਆਂ ਵਿਚ ਸਿੱਖ ਸ਼ਹੀਦ ਹੁੰਦੇ ਰਹੇ ਸਨ ਪਰ ਲੀਡਰਾਂ ਚੋਂ ਕਿਸੇ ਮੋਰਚੇ 'ਚ ਹੁਣ ਤੱਕ ਇਕ ਵੀ ਲੀਡਰ ਵੀ ਨਹੀਂ ਸੀ ਮਰਿਆ। ਕਿਸੇ ਨੇ ਪਿੰਡੇ ਤੇ ਝਰੀਟ ਤੱਕ ਨਹੀਂ ਸੀ ਆਉਣ ਦਿੱਤੀ। ਮੋਰਚਾ ਮਹਿਜ਼ ਇਹਨਾਂ ਲੀਡਰ ਲੋਕਾਂ ਲਈ ਲੀਡਰੀ ਚਮਕਾਉਣ ਵਾਸਤੇ ਸਿੱਖਾਂ ਦੇ ਉਲਟ ਇਕ ਸ਼ੁਗਲ ਸੀ-ਇਕ ਹਾਸਾ ਸੀ ! ਚਿਤੀਆਂ ਦੀ ਮੌਤ ਗਵਾਰਾਂ ਦਾ ਹਾਸਾ !! ਧਰਮ-ਯੁੱਧ ਮੋਰਚੇ ਵਿਚ ਸੰਤਾਂ ਵਲੋਂ ਲਏ ਗਏ ਗਹਿ-ਗੱਡਵੇਂ ਸਟੈਂਡ ਕਾਰਨ ਉਹ ਡਾਹਢੀ ਕਸੂਤੀ ਸਥਿਤੀ 'ਚ ਸਨ। ਇਸ ਮੋਰਚੇ ਦੇ ਸੱਚ ਨੂੰ ਜੇ ਉਹ ਖਾਂਦੇ-ਭੁਗਤਦੇ ਸਨ ਤਾਂ ਕੋਹਤੀ ਤੇ ਛੱਡਦੇ ਸਨ ਤਾਂ ਘੱਟੋ-ਘੱਟ ਸਿੱਖਾਂ 'ਚ ਤਾਂ ਜ਼ਰੂਰ ਕਲੰਕੀ ਵਜਦੇ ਸਨ। ਅਜਿਹੇ ਬਿਖੜੇ ਸਮੇਂ ਕੋਈ ਫਾਲ-ਪੱਚਰ ਲਾਉਣ ਲਈ ਤੇ ਸਭ ਦਾ ਰਾਹ ਪੱਧਰਾ ਕਰਨ ਹਿਤ ਇਹ ਬੱਜਰ-ਪਾਪ ਕਰਨ ਤੇ ਕੌਮ ਨਾਲ ਵੱਡਾ ਧ੍ਰੋਹ ਕਮਾਉਣ ਲਈ ਗੁਣ੍ਹਾ ਨਾਰਦ-ਮੁਨੀ ਟੌਹੜੇ ਦਾ ਪਿਆ ਜਿਸਨੇ 26 ਮਈ, 84 ਨੂੰ ਚੰਡੀਗੜ ਗਵਰਨਰ ਪਾਂਡੇ ਕੋਲ ਵਫਾਦਾਰੀ ਦਾ ਡੌਰੂ ਖੜਕਾ ਕੇ ਦਰਬਾਰ ਸਾਹਿਬ ਉਤੇ ਹਮਲੇ ਲਈ 'ਹਰੀ ਝੰਡੀ' ਦਿੱਤੀ। ਉਸ ਉਪਰੰਤ ਜੋ ਵਾਪਰਿਆ ਉਹ ਸਿੱਖਾਂ ਦੇ ਸਾਹਮਣੇ ਹੈ-ਸਿੱਖ ਭੁਗਤ ਰਹੇ ਹਨ ਤੇ ਸ਼ਾਇਦ ਕਦੋਂ ਤੱਕ ਭੁਗਤਣਗੇ !

ਹੁਣ ਦੇ ਦੋਹ ਅਕਾਲੀ ਦਲਾਂ 'ਚੋਂ ਸ਼੍ਰੋ: ਅਕਾਲੀ ਦਲ (ਅੰ= ਅੰਦਰਖਾਤੇ ਸਰਕਾਰ ਨਾਲ !) ਦਾ ਚੌਧਰੀ ਟੌਹੜਾ ਕੇਂਦਰ-ਕਾਂਗਰਸ ਦਾ ਪੱਕਾ ਏਜੰਟ ਅਤੇ ਸਿੱਖ-ਸਫਾਂ 'ਚ ਬੈਠਾ ਧਿਆਨ ਸਿੰਘ ਡੋਗਰਾ ਹੈ ਜਿਸਦੀ ਕਾਸ਼ਣੀ-ਅੱਖ ਪੰਜਾਬ ਦੇ ਮੁੱਖ-ਮੰਤਰੀ ਦੀ ਕੁਰਸੀ ਅਥਵਾ ਸਿੱਖਾਂ ਦਾ 'ਵਾਹਿਦ ਲੀਡਰ' ਬਣਨ ਲਈ ਸਮੁੱਚੇ ਅਕਾਲੀ ਦਲ ਦੀ ਪ੍ਰਧਾਨਗੀ ਤੇ ਹੈ। ਸਿੱਖਾਂ ਦੀ ਸਰਬੋਤਮ ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੋਰਾਂ ਤੇ ਬੈਠਾ ਇਹ ਨਾਸਤਿਕ-ਮਨੁੱਖ ਦਰਬਾਰ ਸਾਹਿਬ ਉਤੇ ਹਮਲਾ ਕਰਵਾਉਣ ਦਾ ਸਿੱਧਾ ਦੋਸ਼ੀ ਹੈ। ਇਸਦਾ 21 ਵੀਂ ਵੇਰੀਂ ਇਸ ਸ਼੍ਰੋਮਣੀ ਸੰਸਥਾ ਦਾ ਪ੍ਰਧਾਨ ਬਣ ਜਾਣਾ ਸਾਧਾਰਨ ਤੇ ਦਿਆਨਤਦਾਰ ਸਿੱਖਾਂ ਲਈ ਅਫਸੋਸ, ਸ਼ਰਮ ਤੇ ਨਮੋਸ਼ੀ ਦੀ ਗੱਲ ਹੈ। ਪ੍ਰਧਾਨ ਬਣਨ ਦਾ ਪ੍ਰਤੱਖ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਨਾ ਹੋਣਾ ਹੈ। ਇਸ ਅਰਸੇ ਦੌਰਾਨ ਲਗਪਗ ਤੀਜਾ ਹਿੱਸਾ ਮੈਂਬਰ

ਸ਼੍ਰੋਮਣੀ ਕਮੇਟੀ ਤਾਂ ਚੁੜਾਈ ਕਰ ਗਏ ਹਨ ਤੇ ਪੰਥ ਉਤੇ ਅਜਿਹੇ ਸੰਕਟ ਸਮੇਂ, ਸਿੱਖ-ਨੈਤਕਿਤਾ ਵਿਚ ਅੱਜਿਹੇ ਨਿੱਘਰੇ ਕਿਰਦਾਰ ਵਾਲੇ ਮਨੁੱਖ ਨੂੰ ਬਾਕੀ ਰਹਿੰਦੇ-ਖੂੰਹਦੇ ਜਿਹੜੇ ਮੈਂਬਰ ਪ੍ਰਧਾਨ ਚੁਣਦੇ ਹਨ ਜਾਪਦਾ ਹੈ ਉਹਨਾਂ ਦੀ ਜ਼ਮੀਰ ਹੀ ਚੁੜਾਈ ਕਰ ਗਈ ਹੈ!

ਦੂਸਰੇ ਸ਼੍ਰੋ: ਅਕਾਲੀ ਦਲ (ਬ:= ਬਰਾਸਤਾ ਹਿੰਦੂਆਂ ਹਿੰਦੂਸਤਾਨ ਨਾਲ !) ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੇ ਹਿਤ, ਦੇਸ਼-ਵੰਡ ਵੇਲੇ ਦੇ ਧਨਾਢ ਬਲਦੇਵ ਸਿੰਘ ਵਾਂਗ ਹਿੰਦੂਸਤਾਨ ਦੇ ਦੂਜੇ ਹਿੱਸਿਆਂ ਭਾਵ ਹਿੰਦੂਆਂ ਨਾਲ ਬੱਝੇ ਹੋਏ ਹਨ। ਸੋ ਦੋਹਾਂ (ਸ਼੍ਰੋ:?) ਅਕਾਲੀ ਦਲਾਂ ਦੇ ਇਹ ਦਿੱਲੀ-ਦਰਬਾਨ-ਲੀਡਰ ਸੁਤੰਤਰ ਸਿੱਖ-ਰਾਜ ਦੀ ਗੱਲ ਕਦੇ ਵੀ ਕਰ ਨਹੀਂ ਸਕਣਗੇ।

ਅਕਾਲੀਆਂ ਨੂੰ ਪੱਕਾ ਪਤਾ ਰਿਹਾ ਹੈ ਕਿ ਦਿੱਲੀ ਵਾਲੇ ਸਿੱਖਾਂ ਦੀ ਦਾਹੜੀ-ਦਸਤਾਰ ਨੂੰ ਦਿਲੋਂ ਬਰਦਾਸ਼ਤ ਨਹੀਂ ਕਰਦੇ ਤੇ ਨਾ ਹੀ ਕਦੇ ਕਰਨਗੇ ਪਰ ਇਸਦੇ ਬਾਵਜੂਦ ਉਹ ਹੁਣ ''ਸਾਕਾ ਨੀਲਾ-ਤਾਰਾ'' ਵਰਤਣ ਉਪਰੰਤ ਵੀ 1947 ਦੀ ਗਲਤੀ ਸੁਧਾਰਨ ਲਈ ਪੰਜਾਬ ਦੀ ਆਜ਼ਾਦੀ ਦੀ ਪੰਜਾਲੀ ਆਪਣੇ ਗਲ਼ ਨਹੀਂ ਪਾ ਸਕੇ। ਹੁਣ ਉਹਨਾਂ ਕੋਲ ਨਾ ਕੋਈ ਇਕ ਨੇਤਾ, ਨਾ ਸਿੱਖ-ਨਿਸ਼ਾਨਾ ਤੇ ਨਾ ਹੀ ਸਿੱਖ-ਨੈਤਿਕਤਾ ਹੈ। ਵਾਸਤਵ ਵਿਚ ਪਿਛਲੇ ਸਮੇਂ 'ਚ ਸਿੱਖ-ਹਿਤਾਂ ਦੀ ਪਹਿਰੇਦਾਰੀ ਦਾ ਠੇਕਾ ਤਾਂ ਸਿੱਖਾਂ ਪਾਸ ਅਕਾਲੀਆਂ ਦਾ ਕੋਈ ਬਦਲ ਨਾ ਹੋਣ ਕਾਰਨ (ਜਿਸਨੂੰ ਕਿ ਅਕਾਲੀ ਉਭਰਨ ਹੀ ਨਹੀਂ ਸਨ ਦਿੰਦੇ !) ਅਕਾਲੀ ਦਲ ਕੋਲ ਰਿਹਾ ਹੈ ਪਰ ਅਕਾਲੀ ਦਲ ਤੇ ਪਹਿਰਾ ਉਹਨਾਂ ਲੋਕਾਂ ਦਾ ਰਿਹਾ ਹੈ ਜੋ ਅਸਲੋਂ ਅਨਪੂੜ, ਉਜੱਡ ਤੇ 'ਧੰਨ ਗੁਰੂ ਕੇ ਸਿੱਖ ਅਕਲ ਕੇ ਪੱਕੇ ਬੈਰੀ' ਸਨ। ਸੰਤ ਬਾਬਾ ਫਤਹ ਸਿੰਘ ਜੀ ਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੇ ਪ੍ਰਧਾਨ ਹੋਣ ਸਮੇਂ ਫੁਰਮਾਨ ਸੀ 'ਭਾਈ ! ਅਸੀਂ ਚਿੱਤੜਾਂ ਪਿਛੇ ਜੇਬਾਂ ਵਾਲਿਆਂ ਦਾ ਹੁਣ ਕਦੇ ਇਤਬਾਰ ਨਹੀਂ ਕਰਨਾ'! ਇਸ਼ਾਰਾ ਉਹਨਾਂ ਦਾ ਜਸਟਿਸ ਗੁਰਨਾਮ ਸਿੰਘ ਵੱਲ ਸੀ ਜਿਸਨੇ ਮੁੱਖ-ਮੰਤਰੀ ਬਣ ਕੇ ਸੰਤ-ਬਾਬਿਆਂ ਦੀ ਸਰਕਾਰੀ-ਕੰਮਾਂ ਵਿਚ ਅਣਲੋੜੀ ਦਖਲ-ਅੰਦਾਜ਼ੀ ਦਾ ਬੁਰਾ ਮਨਾਇਆ ਸੀ। ਖੈਰ ਲਿਖਣ ਦਾ ਭਾਵ ਕਿ ਜਿਹੜੇ ਦਿਆਨਤਦਾਰ ਤੇ ਦਿਮਾਗੀ ਤੌਰ ਤੇ ਚਿਤੰਨ ਸਿੱਖ, ਜਿਹਨਾਂ 'ਚੋਂ ਹੀ ਕੁੱਝ ਸਿੱਖ-ਰਾਜ ਦੀ ਗੱਲ ਨੂੰ ਅੱਗੇ ਤੋਰ ਸਕਦੇ ਸਨ ਉਹਨਾਂ ਨੂੰ ਇਸ ਲੀਡਰਸ਼ਿਪ ਨੇ ਅੱਗੇ ਆਉਣ ਹੀ ਨਹੀਂ ਦਿੱਤਾ। ਇਹ ਅਨਪੜ ਸਵਾਰਥੀ ਲੋਕ ਸਿੱਖਾਂ ਦੇ ਵੋਟ-ਨੋਟ ਮਤੂੰਛ ਕੇ ਸਰਕਾਰਾਂ ਬਣਾਉਣ ਦੇ ਤਾਂ ਤਲਬਗਾਰ ਰਹੇ ਪਰ ਇਹਨਾਂ ਨੇ ਸਾਧਾਰਨ-ਸਿੱਖ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦੇ ਦੌੜਾਏ ਖੂੰਨ ਵਿਚਲੀ ਪਾਤਸ਼ਾਹੀ ਅਥਵਾ ਆਪਣਾ ਸੁਤੰਤਰ-ਰਾਜ ਲੈਣ ਦੀ ਗੱਲ ਕਦੇ ਨਹੀਂ ਕੀਤੀ। ਇਹ ਮੰਨਣਾ ਪਵੇਗਾ ਕਿ ਆਪਣੇ ਉਠਾਅ ਤੋਂ ਲੈ ਕੇ ਚੁੜਾਅ ਤੱਕ ਅਕਾਲੀਆਂ ਨੇ ਲਾਸਾਨੀ-ਕੁਰਬਾਨੀਆਂ ਤੇ ਕਈ ਮਾਅਰਕਾ-ਖੇਜ਼ ਕੰਮ ਕੀਤੇ। ਪਰ ਸਮਾਂ ਬੀਤਣ ਦੇ ਨਾਲ ਅਕਸਰ ਲੋਹੇ ਨੂੰ ਵੀ ਜੰਗ ਲੱਗ ਹੀ ਜਾਇਆ ਕਰਦਾ ਹੈ ਤੇ ਅਕਾਲੀਆਂ ਨੂੰ ਉਹ ਜੰਗਾਲ ਲੱਗਾ ਹੀ ਨਹੀਂ ਬੁਰੀ ਤਰਾਂ ਲੱਗ ਗਿਆ ਹੈ! ਇਸ ਸਮੇਂ 'ਚੋਂ ਵਾਢ ਕਰਨ ਅਥਵਾ ਸਿੱਖਾਂ ਦੀ ਗੱਲ ਅੱਗੇ ਤੋਰਨ ਲਈ ਉਹ ਹੁਣ ਤੇਜ-ਤਿੱਖੇ ਨਹੀਂ ਖੂੰਢੇ ਹਨ ਤੇ ਆਪਣੇ ਕਿਰਦਾਰ ਸਦਕਾ ਖੋਟੇ ਵੀ ! ਕਦੇ ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਸਥਾਪਤ ਕਰਕੇ ਮਸੰਦ ਨਿਯੁਕਤ ਕੀਤੇ ਸਨ ਜਿਹਨਾਂ ਆਪਣੇ ਮੁੱਢਲੇ ਸਮੇਂ ਸਿੱਖੀ ਦੀ ਸੇਵਾ ਲਈ ਸਾਰਥਿਕ ਤੇ ਸ਼ਲਾਘਾਯੋਗ ਯਤਨ ਕੀਤੇ ਪਰ ਜਦ ਲਗਪਗ ਇਕ ਸਦੀ ਮਗਰੋਂ ਉਹਨਾਂ ਦਾ ਕਿਰਦਾਰ ਅੱਜ ਦੇ ਅਕਾਲੀਆਂ ਵਾਂਗ ਗਿਰ ਗਿਆ ਤਾਂ ਉਹੀ ਮਸੰਦ ਦਸਮ ਪਿਤਾ ਨੂੰ ਤੱਤੇ ਤੇਲ ਦੇ ਕੜਾਹਿਆਂ ਵਿਚ ਸਾੜਨੇ ਪਏ। ਅੱਜ ਸਮਾਂ ਆਣ ਢੁੱਕਾ ਹੈ ਕਿ ਕੌਮ ਦੇ ਭਲੇ ਲਈ ਸਮਰੱਥ ਗੁਰੂ ਦੇ ਸਿੱਖ ਅਕਾਲੀਆਂ ਨੂੰ ਤੱਤੇ-ਤੇਲ ਦੇ ਕੜਾਹਿਆਂ ਵਿਚ ਨਹੀਂ ਤਾਂ ਘੱਟੋ-ਘੱਟ ਰੱਦੀ ਦੀ ਟੋਕਰੀ 'ਚ ਜ਼ਰੂਰ ਸੁੱਟ ਦੇਣ !

" ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ " !

(ਵਾਰ ਮਾਰੂ ਮਹਲਾ ੩)

ਲਕੀਰ ਤੀਰ ਦੀ ! ਮਸਲਾ ਏਕਤਾ ਦਾ !!

(ਪੰਜ)

19 ਜੁਲਾਈ 1982 ਨੂੰ ਭਾਈ ਅਮਰੀਕ ਸਿੰਘ ਤੇ ਬਾਬਾ ਠੁਕਾ ਸਿੰਘ ਦੀ ਗ੍ਰਿਫਤਾਰੀ ਉਪਰੰਤ ਜਦ ਸੰਤਾਂ ਨੇ 51-51 ਸਿੰਘਾਂ ਦੇ ਜੱਥੇ ਭੇਜਣੇ ਸ਼ੁਰੂ ਕਰਕੇ ਮੋਰਚਾ ਲਾ ਦਿੱਤਾ ਤਾਂ ਸਣੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ, ਅਕਾਲੀ-ਲੀਡਰਾਂ ਨੂੰ ਸੰਤ ਜਰਨੈਲ ਸਿੰਘ ਜੀ ਸਿੱਖ-ਸਫਾਂ 'ਚ ਮਕਬੂਲ ਹੋ ਕੇ ਆਪਣੇ ਲਈ ਇਕ ਵੰਗਾਰ ਬਣਦੇ ਜਾਪੇ। ਸ਼੍ਰੋਮਣੀ ਅਕਾਲੀ ਦਲ ਨੇ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ 1100 ਸਿੰਘਾਂ ਦਾ ਜੱਥਾ ਭੇਜਕੇ 4 ਅਗਸਤ, 82 ਨੂੰ ਮੋਰਚੇ ਨੂੰ ਅਪਣਾਅ ਲਿਆ ਜਾਂ ਆਪਣੇ ਭਾਣੇ ਸੰਤ ਜੀ ਤੋਂ ਸਿੱਖਾਂ ਦੀ ਲੀਡਰੀ ਦਾ ਗੁਰਜ ਖੋਹ ਲਿਆ। ਮਰੋਚਾ ਭਖਿਆ ! ਸਮੇਤ ਸ਼੍ਰੋ: ਅਕਾਲੀ ਦਲ ਤੇ ਸ਼੍ਰੋ: ਕਮੇਟੀ ਦੇ ਦੋਹਾਂ ਪ੍ਰਧਾਨਾਂ ਤੇ ਦਰਜਾ-ਦੋਮ ਦੇ ਸੈਂਕੜੇ ਅਕਾਲੀ ਜਥੇਦਾਰ ਲੀਡਰਾਂ ਅਤੇ ਸਵਾ ਲੱਖ 'ਮਰਜੀਵੜਿਆਂ' ਨੇ ਸ੍ਰੀ ਅਕਾਲ ਤਖਤ ਸਨਮੁਖ ਅਰਦਾਸਾ ਸੋਧ ਸੋਗੰਧ ਚੁੱਕੀ ਕਿ ਅਸੀਂ ਤਿਲ-ਤਿਲ ਕੱਟੇ ਜਾਵਾਂਗੇ ਪਰ ਇਸ ਜਦੋਜਹਿਦ ਵਿਚ ਇਕ ਪੈਰ ਪਿੱਛੇ ਨਹੀਂ ਹਟਾਂਗੇ। ਪਰ ਜਦ 3 ਜੂਨ 84 ਨੂੰ ਫੌਜ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਨਾਕਾਬੰਦੀ ਕਰ, ਬੀੜੀਆਂ ਤੋਪਾਂ ਦੇ ਮੂੰਹ ਸ੍ਰੀ ਅਕਾਲ ਤਖਤ ਵੱਲ ਕਰਕੇ ਗੋਲੇ ਦਾਗਣ ਲਈ ਟੈਂਕ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵੱਲ ਸਿੱਧੇ ਕਰਦਿਆਂ ਪਹਿਲੀ ਵਾਰਨਿੰਗ ਦਿੱਤੀ ਗਈ ਤਾਂ ਦੋਵੇਂ ਗੀਦੀ ਪ੍ਰਧਾਨ, ਮਰਜੀਵੜਿਆਂ ਨੂੰ ਕੀੜਿਆਂ ਵਾਂਗ ਮਗਰ ਲਾ ਅਪਣੀ ਜ਼ਿਮੇਵਾਰੀ ਤੋਂ ਭਜਦਿਆਂ ਹੱਥ ਖੜੇ ਕਰਕੇ ਪਰਕਰਮਾਂ ਵਿਚੋਂ ਦੀ ਖਿਸਕ ਤੁਰੇ ਤੇ ਮਗਰੋਂ ਜਿਸ ਕਦਰ ਬਾਬਾ ਦੀਪ ਸਿੰਘ ਜੀ ਦੇ ਕਦਮ-ਚਿੰਨਾਂ ਤੇ ਚਲਦਿਆਂ ਕਲਗੀਧਰ ਦੇ ਯੋਧੇ ਸੁਪੱਤਰ ਸੰਤ ਜਰਨੈਲ ਸਿੰਘ ਨੇ ਆਪਣੀ ਸੱਜੀ ਬਾਂਹ ਬਣੇ ਬਹਾਦਰ ਜਨਰਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਸਮੇਤ ਮੁੱਠੀ-ਭਰ ਸਿੰਘਾਂ ਨਾਲ ਇਸ ਹੱਲੇ ਨੂੰ ਠੁਲਦੇ ਹੋਏ ਸ਼ਹੀਦੀਆਂ ਪਾਈਆਂ ਇਸ ਬੀਰ-ਗਾਥਾ ਨੂੰ ਇਤਿਹਾਸ ਆਉਂਣ ਵਾਲੇ ਸਮੇਂ ਵਿਚ ਸੰਸਾਰ ਸਾਹਵੇਂ ਬਾਰ-ਬਾਰ ਦੁਹਰਾਉਂਦਾ ਰਹੇਗਾ। ਸੰਤ ਜਰਨੈਲ ਸਿੰਘ ਸਿੱਖ-ਆਤਮਾ ਦੀ ਆਵਾਜ਼ ਸਨ। ਉਹਨਾਂ ਇਸ ਸਮੇਂ ਵਿਚ ਸਿੱਖ-ਮਾਨਸਿਕਤਾ ਤੇ ਸਿੱਖ-ਭਾਵਨਾਵਾਂ ਦੀ ਪੂਰੀ ਤਰਾਂ ਤਰਜਮਾਨੀ ਕੀਤੀ । ਉਹ ਜਿਥੇ ਵਰਤਮਾਨ ਸਮੇਂ ਵਿਚ ਸਿੱਖ-ਸ਼ਹੀਦਾਂ ਦੀ ਪਰੰਪਰਾ ਦਾ ਪ੍ਰਤੱਖ ਜਲਵਾ ਸੰਸਾਰ ਨੂੰ ਦਿਖਾ ਗਏ ਕਿ ਸਿੱਖ ਅਪਣੀ ਗੈਰਤ ਤੇ ਗੁਰਧਾਮਾਂ ਦੀ ਰੱਖਿਆ ਲਈ ਸੰਸਾਰ ਦੀ ਕਿਸੇ ਵੀ ਸ਼ਕਤੀ ਨਾਲ ਟੱਕਰ ਲੈ ਸਕਦੇ ਹਨ, ਉਥੇ ਹੀ ਉਹ ਇਸ ਸਦੀ ਵਿਚ ਇਕ ਅਜਿਹੇ ਸਿੱਖ-ਨੇਤਾ ਹੋ ਨਿੰਬੜੇ ਜੋ ਸੰਸਾਰ ਸਾਹਵੇਂ ਸਿੱਖ-ਨੈਤਿਕਤਾ ਦਾ ਇਕ ਸ਼ਾਨਦਾਰ ਨਮੂਨਾ ਪੇਸ਼ ਕਰਕੇ ਇਕ ਸੂਰਬੀਰ ਵਾਂਗ ਸ਼ਹੀਦ ਹੋਣ ਤੋਂ ਪਹਿਲੋਂ ਆਪਣੇ ਤੀਰ ਨਾਲ ਇਕ ਲਕੀਰ ਖਿੱਚ ਗਏ ਕਿ ਇਸਤੋਂ ਅੱਗੇ ਸਿੱਖਾਂ ਦਾ ਆਪਣਾ ਮੁਲਕ ਅਥਵਾ ਖਾਲਿਸਤਾਨ ਲਏ ਬਿਨਾ ਕੋਈ ਚਾਰਾ ਨਹੀਂ ! ਅਸਲ 'ਚ ਸਿੱਖ-ਸਿਆਸਤ ਦੇ ਇਸ ਗਿਰਾਵਟ ਭਰੇ, ਗੰਧਲੇ ਤੇ ਲੁੱਚੇ ਮਾਹੌਲ ਵਿਚ ਉਹਨਾਂ ਵਰਗਾ ਉਚਾ-ਸੁੱਚਾ ਮਨੁੱਖ, ਜਦੋਂ ਕਿ ਦਿੱਲੀ-ਦਰਬਾਰ ਤੇ ਖਾਲਸਾ-ਦਰਬਾਰ ਦੋਵੇਂ ਉਸਦੇ ਦਿਲੋਂ ਵਿਰਧੀ ਹੋਣ, ਉਭਰ ਹੀ ਨਹੀਂ ਸੀ ਸਕਦਾ ਤੇ ਸਿੱਖਾਂ ਦੀ ਪਰੰਪਰਾ ਨੂੰ ਸੁਰਜੀਤ ਕਰਕੇ ਸਿੱਖੀ ਦੀ ਗੱਲ ਅੱਗੇ ਤੋਰਨ ਲਈ ਉਹਨਾਂ ਦਾ ਸ਼ਹੀਦ ਹੋ ਜਾਣਾ ਹੀ ਬਣਦਾ ਸੀ ਤੇ ਉਹ ਬੀਰਤਾ ਨਾਲ ਗੱਜ ਵੱਜ ਕੇ ਹੋ ਗਏ!

ਪਰ ਜਿਹੜੀ ਕੌਮ ਅਜਿਹੇ ਮਹਾਨ-ਸ਼ਹੀਦ ਦੀ ਮਹਾਨ-ਸ਼ਹੀਦੀ ਨੂੰ ਆਪੂੰ ਘੱਟੇ ਤਾਂ ਰੋਲ ਏ ਪਰ ਆਪਣੀ ਹੀ ਜ਼ੁਬਾਨ ਨਾਲ ਉਸਨੂੰ ਸ਼ਹੀਦ ਵੀ ਨਾ ਕਹਿ ਸਕੇ ! ਜਿਹੜੀ ਕੌਮ ਅਜਿਹੇ ਢੁੱਕਵੇਂ ਸਮੇਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਵਰਗੇ ਜੁਝੇ ਤੇ ਜਿਗਰੇ ਵਾਲੇ ਦਲੇਰ ਤੇ ਨਿਸ਼ਕਾਮ ਸਿੱਖ ਨੂੰ ਸ੍ਰੀ

ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਖਾਲੀ ਪਈ ਥਾਂ ਤੇ ਸੁਸ਼ੋਭਿਤ ਕਰਨ ਨਾਲੋਂ ਸਮਝੋ ਹੱਥੀਂ ਸਰਕਾਰ ਨੂੰ ਸੌਂਪ ਸ਼ਹੀਦ ਕਰਵਾ ਦੇਣਾ ਹੀ ਆਪਣਾ ਸੁਭਾਗ ਸਮਝੇ, ਜਿਹੜੀ ਕੌਮ ਇਸ ਸਮੇਂ ਕੌਮ ਨੂੰ ਸੇਧ ਦੇ ਸਕਣ ਵਾਲੇ ਹਰਿਮੰਦਰ ਸਿੰਘ ਸੰਧੂ ਵਰਗੇ ਜਿਹਨੀ-ਹੀਰਿਆਂ ਨੂੰ ਆਪਣੇ ਹੱਥੀਂ ਗੋਲੀਆਂ ਨਾਲ ਭੂੰਨ ਦੇਵੇ, ਜਿਹੜੀ ਕੌਮ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਵਰਗੇ ਸਾਧ ਤੇ ਦਿਆਨਤਦਾਰ ਮਨੁੱਖਾਂ ਨੂੰ ਵੀ ਬਖਸ਼ ਨਾ ਸਕੇ। ਉਹ ਅਜਿਹੀ ਹਾਲਤ ਵਿਚ ਝਬਦੇ ਹੀ ਆਪਣੇ ਨਿਸ਼ਾਨੇ ਤੇ ਪਹੁੰਚ ਜਾਵੇਗੀ ?

ਸਿਤਮ ਦੀ ਗੱਲ, ਜਦ ਸਿੱਖਾਂ ਦੇ ਸਰਬੋਤਮ ਧਾਰਮਿਕ-ਅਸਥਾਨ ਅਥਵਾ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਹੁੰਦਾ ਹੈ ਤਾਂ ਹਮਲਾ ਕਰਨ ਵਾਲੀ ਭਾਰਤੀ ਫੌਜ ਦੇ ਤਿੰਨਾਂ ਅੰਗਾਂ ਭਾਵ ਸੈਨਾਵਾਂ ਦਾ ਪ੍ਰਮੁੱਖ ਅਥਵਾ ਸੁਪਰੀਮ-ਕਮਾਂਡਰ, ਗਿਆਨੀ-ਗੁਰਬਿਆ ਜ਼ੈਲ ਸਿੰਘ ਵੀ ਸਿੱਖ ! ਹਮਲੇ ਵਿਚ ਅਹਿਮ-ਭੂਮਿਕਾ ਨਿਭਾਉਂਣ ਵਾਲੇ ਜਨਰਲ ਬਰਾੜ ਤੇ ਜਨਰਲ ਦਿਆਲ ਵੀ ਸਿੱਖ !! ਇਸ ਸਮੇਂ ਤੋਂ ਲੈ ਕੇ ਹੁਣ ਤੱਕ ਸਿੱਖਾਂ ਦਾ ਘਾਣ ਕਰਨ ਵਾਲੇ ਮੁੱਖ-ਮੰਤਰੀ ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ ਤੇ ਬਿਅੰਤ ਸਿੰਘ ਵੀ ਸਿੱਖ !!! ਸਿੱਖਾਂ ਦਾ ਸ਼ਿਕਾਰ ਕਰਨ ਵਾਲਾ, ਸਿੱਖਾਂ ਨੂੰ ਮੀਰ-ਮਨੂੰ ਦੇ ਜ਼ਮਾਨੇ ਵਾਂਗ ਲੱਭ-ਲੱਭ ਭਾਲ-ਭਾਲ ਮਾਰਨ ਵਾਲਾ ਪੁਲਸ ਮੁਖੀ ਕੇ. ਪੀ. ਐਸ. ਗਿੱਲ ਵੀ ਇਕ ਸਿੱਖ !!!! ਇੰਝ ਸਿੱਖ-ਆਜ਼ਾਦੀ ਦੀ ਵਰਤਮਾਨ ਜਦੋਜਹਿਦ ਵਿਚ ਦਿੱਲੀ ਸਿੱਖਾਂ ਹੱਥੋਂ ਹੀ ਸਿੱਖਾਂ ਦਾ ਵਢਾਂਗਾ ਕਰਵਾ ਰਹੀ ਹੈ ਅਤੇ ਸਵਾਰਥੀ ਤੇ ਟੁੱਕੜ-ਬੋਚ ਸਿੱਖ ਹੱਸ ਹੱਸ ਕਰੀ ਜਾ ਰਹੇ ਹਨ। ਜਿਸ ਕੌਮ ਦੀਆਂ ਸਫਾਂ ਵਿਚ ਇਸ ਕਦਰ ਗਿਰਾਵਟ ਆ ਜਾਵੇ ਉਹ ਅੱਖ ਝਪਕਦੇ ਜਾਂ ਰਾਤੋ-ਰਾਤ ਹੀ ਆਜ਼ਾਦ ਹੋ ਜਾਵੇ, ਅਜਿਹਾ ਹੋ ਸਕਣਾ ਕੋਈ ਖਾਲਾ ਜੀ ਦਾ ਵਾੜਾ ਜਾਂ ਬੱਚਿਆਂ ਦੀ ਖੇਡ ਨਹੀਂ!

ਅੱਜ ਕੌਮ ਦੀ ਹਾਲਤ ਇਹ ਹੈ ਕਿ ਸਿੱਖ-ਹਿਤਾਂ ਦੇ ਵੱਡੇ ਪਹਿਰੇਦਾਰ ਕਹਾਉਂਦੇ, ਅਕਾਲੀ ਦਲ ਖਲਪਾੜਾਂ ਹੋ ਕੇ ਇਕ ਤੋਂ ਗਿਆਰਾਂ ਹੋਏ ਪਏ ਹਨ, ਤੇ ਦੋਹਾਂ ਪ੍ਰਮੁੱਖ ਕਹਾਉਂਦੇ ਸ਼੍ਰੋ: ਅਕਾਲੀ ਦਲਾਂ ਦੇ ਲੀਡਰ ਸਾਰੀ ਸ਼ਰਮ-ਹਯਾ ਵੇਚ ਕੇ ਸ਼ਰੇ-ਆਮ ਛਿੱਤਰੋ-ਛਿੱਤਰੀ ਹੋ ਰਹੇ ਹਨ। ਖਾਲਿਸਤਾਨ ਦੀ ਪ੍ਰਾਪਤੀ ਲਈ ਲੜਨ ਵਾਲੇ ਖਾੜਕੂ ਨੌਜਵਾਨ ਅਨੇਕਾਂ ਫੈਡਰੇਸ਼ਨਾਂ/ਫੋਰਸਾਂ ਵਿਚ ਵੰਡੇ ਹੋਏ ਹਨ। ਦਮਦਮੀ ਟਕਸਾਲ ਦਾ ਉਹ ਪਹਿਲਾਂ ਵਾਲਾ ਦਹਿਲ-ਦਬਦਬਾ ਨਹੀਂ ਰਿਹਾ। ਸ਼੍ਰੋਮਣੀ ਕਮੇਟੀ ਅੰਦਰਖਾਤੇ ਕਾਂਗਰਸ ਦੀ ਜੇਬ 'ਚ ਹੈ ! ਸ੍ਰੀ ਅਕਾਲ ਤਖਤ ਸਾਹਿਬ ਨੂੰ ਸਿਰਫ ਕੇਂਦਰੀ ਸਰਕਾਰ ਹੀ ਨਹੀਂ ਸਿੱਖਾਂ ਨੇ ਆਪ ਵੀ ਵਾਦ-ਵਿਵਾਦ ਦਾ ਵਿਸ਼ਾ ਬਣਾ ਰੱਖਿਆ ਹੈ। ਸਿੱਖਾਂ ਦੀ ਛੋਟੀ ਜਿਹੀ ਕੌਮ ਤਾਂ ਪਹਿਲੋਂ ਹੀ ਅਨੇਕ ਸੰਪਰਦਾਵਾਂ, ਸੰਸਥਾਵਾਂ, ਜਥਬੰਦੀਆਂ ਤੇ ਜਮਾਤਾਂ ਵਿਚ ਵੰਡੀ ਹੋਈ ਸੀ। ''ਸਾਕਾ ਨੀਲਾ-ਤਾਰਾ'' ਮਗਰੋਂ ਤਾਂ ਸਿੱਖਾਂ ਨੇ ਸਾਰੇ ਵਖਰੇਵੇਂ ਤਿਆਗ ਕੇ ਇਕ ਦੂਸਰੇ ਦੇ ਨੇੜ ਹੋ ਜਾਣਾ ਸੀ ਪਰ ਅੱਜ ਤਾਂ ਅਕਾਲੀ ਦਲਾਂ, ਫੈਡਰਸ਼ਨਾਂ, ਫੋਰਸਾਂ ਦਾ ਕੋਈ ਹੜ੍ਹ ਹੀ ਆ ਗਿਆ ਹੈ ! ਕੋਈ ਪੀਹਣ ਹੀ ਪੈ ਗਿਆ ਹੈ !! ਕਹਾਉਤ ਹੈ ਕਿ ਸਿਰ ਤੇ ਆਫਤ ਪਈ ਸਮੇਂ ਪਸ਼ੂ ਵੀ ਸਿਰ ਜੋੜ ਕੇ ਖੁੜ ਜਾਂਦੇ ਹਨ ਪਰ ਅਸੀਂ ਤਾਂ ਸਿੱਖ ਹਾਂ ਅਸੀਂ ਨਹੀਂ ਖੁੜ ਸਕੇ ! ਇਹ ਸੰਸਾਰ ਦੇਖ ਹੀ ਨਹੀਂ ਰਿਹਾ ਅਸੀਂ ਦੇਸ-ਵਿਦੇਸ 'ਚ ਸੰਸਾਰ ਨੂੰ ਆਪਣੀ ਔਕਾਤ ਦਿਖਾ ਰਹੇ ਹਾਂ। ਅਸੀਂ ਆਪਣੇ ਪੰਜਾਬ ਵਿਚ ਆਪਣਾ ਸੁਤੰਤਰ-ਰਾਜ ਚਾਹੁੰਦੇ ਹਾਂ। ਪਰ ਹਾਲਤ ਸਾਡੀ ਇਹ ਹੈ ਕਿ ਜੇ ਅੱਜ ਦਿੱਲੀ ਖਾਲਿਸਤਾਨ ਦੇ ਦਸਤਾਵੇਜ਼ ਕਿਸੇ ਤਸ਼ਤਰੀ ਵਿਚ ਪਰੋਸ ਕੇ ਇਹਨਾਂ ਨੂੰ ਵਸੂਲਣ ਲਈ ਸਾਨੂੰ ਸੱਦਾ ਵੀ ਭੇਜ ਦੇਵੇ ਤਾਂ ਸਮੁੱਚੀ ਕੌਮ ਤਾਂ ਇਕ ਪਾਸੇ ਰਹੀ, ਨਾ ਅਕਾਲੀ, ਨਾ ਖਾੜਕੂ ਕੋਈ ਕਿਸੇ ਇਕ ਨਾਂ ਤੇ ਵੀ ਸ਼ਾਇਦ ਸਹਿਮਤ ਨਹੀਂ ਹੋ ਸਕਣਗੇ। ਇਸਦਾ ਦਿੱਲੀ ਨੂੰ ਸਿੱਖਾਂ ਨਾਲੋਂ ਵੀ ਵੱਧ ਪਤਾ ਹੈ। ਮਾਰੂ ਸੋਲਹੇ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

"ਤਖਤਿ ਬਹੈ ਤਖਤੈ ਦੀ ਲਾਇਕ "

ਇਸ ਦਸ਼ਾ ਵਿਚ ਸਿੱਖ ਤਖਤ ਤੇ ਬਹਿਣ ਦੀ ਦਸ਼ਾ ਵਿਚ ਹਨ ? ਮੁਹਾਵਰਾ ਹੈ ਕਿ ਅਸੀਂ ਪ੍ਰਾਪਤ ਉਹੀ ਕੁਝ ਕਰ ਸਕਦੇ ਹਾਂ ਜਿਸਦੇ ਅਸੀਂ ਲਾਇਕ ਹੁੰਦੇ ਹਾਂ। ਤੇ ਅੱਜ-ਕੁਲ ਖਾਲਸਾ-ਦਰਬਾਰ ਵਿਚ ਖੁਆਰੀ ਦਾ ਹੀ ਬੋਲਬਾਲਾ ਹੈ !

ਕੌਮ ਦੀ ਵਰਤਮਾਨ ਦਸ਼ਾ ਦੇਖ ਸਿਆਣੇ ਤੇ ਸਾਊ ਸਿੱਖ ਅਕਸਰ ਇਸ ਸਮੱਸਿਆ ਦਾ ਇਕ ਹੱਲ ਦਸਦੇ ਹਨ ਕਿ ਜੇ ਸਿੱਖ ਇਕੱਠੇ ਹੋ ਜਾਣ ਤਾਂ ਸਿੱਖਾਂ ਦਾ ਕੁਝ ਬਣ ਜਾਵੇਗਾ। ਸਿੱਖ ਆਪਣਾ ਦੇਸ਼ ਲੈ ਲੈਣਗੇ। ਇਸ ਸਬੰਧ ਵਿਚ ਸੁਹਿਰਦ ਸਿੱਖਾਂ ਵਲੋਂ ਸਿੱਖ-ਸਫਾਂ 'ਚ ਸੁਹਿਰਦਤਾ ਨਾਲ ਬੇਅੰਤ ਯਤਨ ਵੀ ਹੁੰਦੇ ਆ ਰਹੇ ਹਨ ਪਰ ਨਤੀਜਾ ਇਸਦਾ ਸਿਫਰ ਹੀ ਹੈ। ਅਸਲ 'ਚ ਗਹੁ ਨਾਲ ਵੇਖਿਆ ਜਾਵੇ ਤਾਂ ਸਿੱਖ ਕਦੇ ਗੁਰੂ ਸਾਹਿਬਾਂ ਦੇ ਜ਼ਮਾਨੇ ਤੋਂ ਲੈ ਕੇ ਅੱਜ ਤਾਈਂ ਨਾ ਇਕੱਠੇ ਹੋਏ ਹਨ ਤੇ ਨਾ ਹੀ ਕਦੇ ਇਕੱਠੇ ਹੋਣਗੇ ! ਇਹ ਪੱਥਰ ਤੇ ਲਕੀਰ ਹੈ ! ਸਿੱਖਾਂ ਨੂੰ ਇਕੱਠਾ ਕਰਨ ਲਈ ਲਿਖਣਾ, ਇਹਨਾਂ ਮੂਹਰੇ ਇਸ ਮਕਸਦ ਲਈ ਭਾਸ਼ਣ ਕਰਨਾ ਜਾਂ ਇਸ ਸਬੰਧ ਵਿਚ ਯਤਨ ਕਰਨਾ ਮਹਿਜ਼ ਇਕ ਸ਼ਿਸ਼ਟਾਚਾਰ ਹੈ ! ਇਕ ਰਸਮ ਹੈ !! ਮੂਤ 'ਚੋਂ ਮੱਛੀਆਂ ਭਾਲਣ ਵਾਲੀ ਗੱਲ ਹੈ !!! ਅਜੋਕੇ ਸਮੇਂ ਵਿਚ ਬਾਰ ਬਾਰ ਹੰਢਾਇਆ ਗਿਆ ਇਕ ਸਟੇਜੀ-ਫੈਸ਼ਨ ਹੈ !

ਪਿਛਲੇ ਮਹੀਨਿਆਂ ਤੋਂ ਮੈਂ ਇਸੇ ਪ੍ਰਸੰਗ ਵਿਚ ਦੋਹਾਂ ਪ੍ਰਮੁੱਖ (ਸ਼੍ਰੋ: ?) ਅਕਾਲੀ ਦਲਾਂ ਵਿਚਕਾਰ ਏਕਤਾ ਕਰਵਾਣ ਲਈ ਪ੍ਰੋ: ਮਨਜੀਤ ਸਿੰਘ ਜੀ ਕਾਇਮ-ਮੁਕਾਮ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਯਤਨਾਂ ਨੂੰ ਅਖਬਾਰਾਂ ਵਿਚੋਂ ਘੋਖਵੀਂ-ਨਜ਼ਰ ਨਾਲ ਨਿਹਾਰਦਾ ਤੇ ਵਿਚਾਰਦਾ ਰਿਹਾ ਹਾਂ। ਜਦੋਂ ਤੱਕ ਇਸ ਲੰਬੀ ਲਿਖਤ ਦੀ ਇਹ ਕਿਸ਼ਤ ਪਾਠਕਾਂ ਤੱਕ ਪਹੁੰਚੇਗੀ ਪਤਾ ਨਹੀਂ ਅਕਾਲੀ-ਏਕਤਾ ਦੀ ਇਹ ਗੱਡੀ ਕਿੰਨੇ ਕੁ ਸਟੇਸ਼ਨ ਛੱਡ ਕੇ ਕਿਥੇ ਕੁ ਫਸੀ ਜਾਂ ਕਿਥੇ ਕੁ ਪਹੁੰਚ ਚੁੱਕੀ ਹੋਵੇਗੀ। ਆਸ ਚੰਗੇਰੇ ਦੀ ਹੀ ਰੱਖਣੀ ਚਾਹੀਦੀ ਹੈ ਪਰ ਮੈਂ ਸਿੰਘ-ਸਾਹਿਬ ਭਾਈ ਰਣਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰੋ: ਮਨਜੀਤ ਸਿੰਘ ਜੀ ਕਾਇਮ-ਮੁਕਾਮ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੋਹਾਂ ਦੀਆਂ ਦੋ ਗੱਲਾਂ ਦਾ ਦਿਲੋਂ ਕਾਇਲ ਹਾਂ ਕਿ ਦੋਹਾਂ ਨੂੰ ਅਕਾਲੀ-ਲੀਡਰਾਂ ਦੀ ਸਿੱਖ-ਨੈਤਿਕਤਾ 'ਚ ਆਏ ਨਿਘਾਰ ਦਾ ਅਹਿਸਾਸ ਹੈ ਤੇ ਸਿੱਖ-ਆਜ਼ਾਦੀ ਦੇ ਮੌਜੂਦਾ ਸੰਗਰਾਮ 'ਚ ਕੁਰਬਾਨ ਹੋ ਗਏ ਨੌਜਵਾਨਾਂ ਦਾ ਵੀ ਸਤਿਕਾਰ ਤੇ ਫਿਕਰ ਹੈ। ਇਹ ਦੋਵੇਂ ਸਤਿਕਾਰ-ਯੋਗ ਸ਼ਖਸੀਅਤਾਂ ਪੰਥ ਦੀ ਚੜਦੀ ਕਲਾ ਦੀਆਂ ਦਿਲੋਂ ਤਲਬਗਾਰ ਜਾਪਦੀਆਂ ਹਨ। ਦੋਹਾਂ ਅੱਗੇ ਅੱਜ ਮੈਂ ਇਕ ਅਰਜ਼ ਗੁਜ਼ਾਰਨ ਲੱਗਾ ਹਾਂ ਕਿ ਦੋਹਾਂ ਅਕਾਲੀ ਦਲਾਂ 'ਚ ਏਕਤਾ ਦਾ ਉਹਨਾਂ ਦਾ ਮੰਤਵ ਸਿੱਖਾਂ ਦੇ ਸਵੈਮਾਨ ਨੂੰ ਬਹਾਲ ਕਰਕੇ ਸਿੱਖਾਂ ਦੀ, ਸਿੱਖੀ ਦੀ ਗੱਲ ਅੱਗੇ ਤੋਰਨ ਦਾ ਹੈ ਪਰ ਇਹਨਾਂ ਦੋਹਾਂ ਦਲਾਂ ਦੇ ਚੌਧਰੀਆਂ ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜੇ ਨੇ ਸਿੱਖਾਂ ਦੇ ਸੁਤੰਤਰ-ਰਾਜ ਦਾ ਨਾਅਰਾ ਕਦੇ ਵੀ ਲਾ ਨਹੀਂ ਸਕਣਾ ਤੇ ਇਸ ਤੋਂ ਬਿਨਾ ਸਿੱਖਾਂ ਦੀ ਗੱਲ ਅੱਗੇ ਨਹੀਂ ਤੁਰਨੀ। ਇਸ ਨੂੰ ਅੱਗੇ ਤੋਰਨ ਲਈ ਨਾ ਇਹਨਾਂ ਕੋਲ ਦਿਆਨਤਦਾਰੀ ਹੈ ਨਾ ਹੀ ਗੋਡਿਆਂ ਵਿਚ ਜਾਨ ! ਜੇ ਇਹਨਾਂ ਪੰਥ ਦੀ ਗੱਲ ਅੱਗੇ ਤੋਰ ਹੀ ਨਹੀਂ ਸਕਣੀ ਤਾਂ ਏਕਤਾ ਲਈ ਇਹਨਾਂ ਦਾ ਖਹਿੜਾ ਕਰਨ ਦੀ ਬਜਾਏ ਕਿਉਂ ਨਾ ਇਹ ਕੀਤਾ ਜਾਵੇ ਕਿ ਘੱਟੋ-ਘੱਟ ਨਿਰੰਕਾਰੀ-ਸਾਕੇ ਤੋਂ ਅੱਜ ਤੱਕ ਦੇ ਅਕਾਲੀ ਦਲ ਦੇ ਰਹੇ ਪ੍ਰਧਾਨਾਂ, ਮੁੱਖ-ਮੰਤਰੀਆਂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਿਹਨਾਂ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ: ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਟੌਹੜਾ ਤੇ ਸ: ਸੁਰਜੀਤ ਸਿੰਘ ਬਰਨਾਲਾ ਤਾਂ ਆਉਂਦੇ ਹੀ ਹਨ ਇਹਨਾਂ ਸਭਨਾਂ ਦੀ ਨਿਰੰਕਾਰੀ-ਸਾਕੇ, ਬਲਿਊ-ਸਟਾਰ ਆਪਰੇਸ਼ਨ, ਬਲੈਕ-ਥੰਡਰ ਆਪਰੇਸ਼ਨ ਤੇ ਹੁਣ ਤੱਕ ਦੇ ਸਮੇਂ ਵਿਚ ਪੰਥ ਪ੍ਰਤੀ ਨਿਭਾਈ ਭੂਮਿਕਾ ਦੇ ਆਧਾਰ ਉਤੇ ਅਥਵਾ ਇਹਨਾਂ ਦੇ ਕਿਰਦਾਰ ਕਰਕੇ ਇਹਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਕਰਕੇ ਪੰਥ ਵਿਚੋਂ ਛੇਕਿਆ ਨਹੀਂ, ਪਰ ਸਿੱਖਾਂ ਦੀ ਲੀਡਰੀ ਵਲੋਂ ਛਾਂਗ ਦਿੱਤਾ ਜਾਵੇ ਤਾਂ ਕਿ ਇਹ ਪੰਥ ਦਾ ਅੰਗ ਤਾਂ ਬਣੇ ਰਹਿਣ ਪਰ ਪੰਥ ਦੀ ਕਿਸੇ ਵੀ ਉਚੱਤਮ ਸੰਸਥਾ ਤੋਂ ਲੈ ਕੇ ਪਿੰਡ-ਪੰਚਾਇਤ ਤੱਕ ਦੇ ਮੈਂਬਰ ਨਾ ਬਣ ਸਕਣ ! ਇਸ ਨਾਲ ਅਕਾਲੀ ਦਲਾਂ ਦਾ ਏਕਾ ਵੀ ਹੋ ਸਕੇਗਾ ਤੇ ਪੰਥ ਦੀ ਗੱਲ ਅੱਗੇ ਤੁਰ ਸਕਣ ਦੇ ਆਸਾਰ ਵੀ ਰੌਸ਼ਨ ਹੋਣਗੇ। ਵਰਨਾ ਟੌਹੜਾ-ਬਾਦਲ ਦੇ ਹੁੰਦਿਆਂ ਜੇ ਦੋਹਾਂ-ਦਲਾਂ ਦੀ ਏਕਤਾ ਹੋ ਵੀ ਗਈ ਤਾਂ ਇਹਨਾਂ ਪੰਥ ਦੀ ਗੱਲ ਅੱਗੇ

ਤੋਰਨ ਵਾਲੀਆਂ ਧਿਰਾਂ ਨੂੰ ਸਗੋਂ ਹੋਰ ਤਕੜੇ ਹੋ ਕੇ ਠਿੱਬੀ ਲਾਉਂਣੀ ਹੈ। ਇਹ ਕਾਰਜ ਸਿੰਘ-ਸਾਹਿਬ ਭਾਈ ਰਣਜੀਤ ਸਿੰਘ ਆਪਣੀ ਦਲੇਰੀ ਤੇ ਦ੍ਰਿੜਤਾ ਸਦਕਾ ਪ੍ਰੋ: ਮਨਜੀਤ ਸਿੰਘ ਹੋਰਾਂ ਦੇ ਸਹਿਯੋਗ ਨਾਲ ਨਿਸਚੇ ਹੀ ਨੇਪਰੇ ਚਾੜ ਸਕਦੇ ਹਨ ਜਿਸ ਨਾਲ ਇਸ ਭਾਰੀ ਅਮਰਵੇਲ ਦਾ ਭਾਰ ਸਿਰੋਂ ਲਹਿਣ ਕਾਰਨ ਪੰਥ ਅੱਜ ਵਧਣੇ ਪੈ ਸਕਦਾ ਹੈ। ਸੰਭਵ ਹੈ ਇਹਨਾਂ ਚੋਂ ਕੁਝ ਲੋਕ ਲੀਡਰੀ ਨਾ ਛੱਡਣ ਲਈ 'ਸਿੱਖਾਂ ਦੇ ਚੁਣੇ ਹੋਏ ਨਮਾਇੰਦੇ' ਹੋਣ ਦੇ ਤਰਕ ਨੂੰ ਲੈ ਕੇ ਆਪ ਜਾਂ ਆਪਣੇ ਪਿਛਲੱਗਾਂ ਰਾਹੀਂ ਅਦਾਲਤਾਂ ਦੇ ਦਰ ਵੀ ਖੜਕਾਣ ਭਾਵ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਤੋਂ ਨਾਬਰ ਹੋਣ ਲਈ ਹੋਰ ਓਟ-ਆਸਰੇ ਲੈਣ ਪਰ ਜੇ ਸਿੰਘ-ਸਾਹਿਬਾਨ ਪੰਥ ਦੇ ਭਲੇ ਲਈ ਇਹ ਦਲੇਰੀ ਭਰਿਆ ਕਾਰਜ ਕਰ ਜਾਂਦੇ ਹਨ ਤਾਂ ਪੰਥ ਨੂੰ ਵੇਚਣ ਤੇ ਇਸਦੀ ਖੱਟਿਆ ਖਾਣ ਵਾਲੇ ਇਹ ਲੋਕ ਭਾਂਵੇਂ ਕਚਹਿਰੀਏਂ ਵੀ ਕਿਉਂ ਨਾ ਚੁੜ ਜਾਣ ਸਿੱਖਾਂ ਵਲੋਂ ਜ਼ਰੂਰ ਕੱਟੇ ਜਾਣਗੇ। ਲਿਖਣ ਦਾ ਭਾਵ ਇਹ ਹੈ ਕਿ ਇਹਨਾਂ ਦੀ ਏਕਤਾ ਹੋਣ ਜਾਂ ਨਾ ਹੋਣ ਨਾਲੋਂ ਇਹਨਾਂ ਦਾ ਸਿੱਖ-ਲੀਡਰਸ਼ਿਪ ਤੋਂ ਉਤਾਰਾ ਹੀ ਪੰਥ ਦੀ ਗੱਲ ਅੱਗੇ ਤੋਰਨ ਵਿਚ ਵਧੇਰੇ ਸਹਾਇਕ ਤੇ ਸਕਾਰਥ ਸਿੱਧ ਹੋ ਸਕਦਾ ਹੈ। ਲੋੜ ਹੈ ਕਿ ਪੰਥ ਅੱਜ ਇਹਨਾਂ ਨੂੰ ਕਿਸੇ ਆਰਜ਼ੀ-ਛੁੱਟੀ ਤੇ ਨਹੀਂ ਸਗੋਂ ਪੱਕੀ-ਪੈਨਸ਼ਨ ਦੇ ਕੇ ਪੰਥ ਦੀ 'ਵੱਡੀ ਵਚਿੱਤਰ ਸੇਵਾ' ਕਰਨ ਪਿਛੋਂ ਆਰਾਮ ਕਰਨ ਲਈ ਘਰੀਂ ਤੋਰ ਦੇਵੇ ਤਾਂ ਕਿ ਘੱਟੋ-ਘੱਟ ਇਹ ਲੋਕ ਸਿੱਖ-ਆਜ਼ਾਦੀ ਲਈ ਲੜਦੇ ਸਿੰਘਾਂ ਦੇ ਰਾਹ ਦੇ ਰੋੜੇ ਬਣਕੇ ਦਿੱਲੀ ਦੀ ਧਿਰ ਤਾਂ ਨਾ ਬਣਨ ! ਜੇ ਸਿੰਘ-ਸਾਹਿਬਾਨ ਪੰਥਕ-ਭਲੇ ਲਈ ਉਪਰੋਕਤ ਸਾਕਿਆਂ ਦੀ ਰੋਸ਼ਨੀ ਵਿਚ ਇਹਨਾਂ 'ਮਹਾਨ ਪੰਥ-ਸੇਵਕਾਂ' ਦੇ ਅਸਤੀਫੇ ਲੈਣ ਵਿਚ ਕਾਮਯਾਬ ਹੋ ਜਾਣ ਤਾਂ ਗੱਲ ਹੋਰ ਵੀ ਸਰਲਤਾ ਤੇ ਸੁਖੈਨਤਾ ਨਾਲ ਨੇਪਰੇ ਚੁੜ ਸਕਦੀ ਹੈ। ਅਸਲ ਵਿਚ ਆਉਂਣ ਵਾਲੇ ਸਮੇਂ 'ਚ ਲਿਖੇ ਜਾਣ ਵਾਲੇ ਇਤਿਹਾਸ ਵਿਚ ਅਕਾਲੀਆਂ ਦਾ ਯੁਗ ਸੰਨ 84 ਤੇ ਸਮਾਪਤ ਹੋਇਆ ਕਰੇਗਾ। ਇਸ ਮਗਰੋਂ ਤੋ_ਹੋਈ ਖਾੜਕੂਆਂ ਦੀ ਤੋਰੀ ਹੋਈ ਗੱਲ ਹੁਣ ਸਿੱਖਾਂ ਦੀ ਇਤਿਹਾਸਕ-ਪਰੰਪਰਾ ਅਨੁਸਾਰ ਸ: ਗਰਜਾ ਸਿੰਘ-ਬੋਤਾ ਸਿੰਘ, ਭਾਈ ਸੁੱਖਾ ਸਿੰਘ-ਮਹਿਤਾਬ ਸਿੰਘ, ਸ: ਬਿਅੰਤ ਸਿੰਘ-ਸਤਵੰਤ ਸਿੰਘ ਤੇ ਭਾਈ ਹਰਜਿੰਦਰ ਸਿੰਘ ਜਿੰਦਾ-ਭਾਈ ਸੁਖਦੇਵ ਸਿੰਘ ਸੁੱਖਾ ਵਰਗੇ ਮਰਜੀਵੜਿਆਂ ਦੇ ਵਿਅਕਤੀਗਤ-ਯਤਨਾਂ ਦੇ ਸਹਾਰੇ ਹੀ ਅੱਗੇ ਤੁਰ ਸਕਣੀ ਹੈ।

ਸਿੱਖਾਂ ਨੇ ਜਦੋਂ ਵੀ ਆਪਣਾ ਦੇਸ਼ ਅਥਵਾ ਖਾਲਿਸਤਾਨ ਲੈਣਾ ਹੈ ਤਾਂ ਉਹਨਾਂ ਯੋਧੇ ਖਾੜਕੂਆਂ ਦੁਆਰਾ ਲੈਣਾ ਹੈ ਜੋ ਸਿਖ-ਆਜ਼ਾਦੀ ਦੀ ਜਦੋ-ਜਹਿਦ ਦੌਰਾਨ ਘੜਿਆਂ ਵਿਚ ਵੰਡੀਜ-ਵਿਚਰ ਸਭੋ ਕੁਝ ਵੇਖ ਪਰ ਹੁਣ ਧੜੇ ਤਿਆਗ ਕੇ ਧਰਮ ਤੇ ਕੌਮ ਲਈ ਲੜਨ ਦਾ ਪ੍ਰਣ ਕਰਨਗੇ। ਦੇਸ਼-ਵਿਦੇਸ਼ ਵਿਚਲੇ ਉਹਨਾਂ ਅਣਖੀ-ਵਰਕਰਾਂ ਨੇ ਲੈਣਾ ਹੈ ਜੋ ਸਿੱਖ-ਸਿਆਸਤ ਵਿਚ ਪਏ ਹਨੇਰ ਤੇ ਬੁਰਛਾਗਰਦੀ ਕਾਰਨ ਸਤ ਕੇ ਘਰਾਂ-ਕਾਰੋਬਾਰਾਂ ਦੀਆਂ ਝੱਲਾਂ ਵਿਚ ਪਰਤ ਗਏ ਹਨ ਪਰ ਉਹਨਾਂ ਦੇ ਮਨਾਂ ਚੋਂ ਗੁਰੂ ਕਾ ਪੰਥ ਨਹੀਂ ਵਿਸਰਿਆ। ਉਹਨਾਂ ਦਿਆਨਤਦਾਰ ਸਾਊ-ਸਿੱਖਾਂ ਨੇ ਲੈਣਾ ਹੈ ਜਿਹਨਾਂ ਦੇ ਦਿਲ 'ਚ ਦਿੱਲੀ ਵਲੋਂ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਧਾਵੇ ਦੇ ਤਰਕ ਦੀ ਬਰਛੀ ਵੱਜੀ ਹੈ। ਉਹਨਾਂ ਵਿੰਦਵਾਨਾਂ ਤੇ ਬੁੱਧੀਮਾਨਾਂ ਨੇ ਲੈਣਾ ਹੈ ਜਿਹਨਾਂ ਦੀ ਆਵਾਜ਼ ਵਕਤੀ ਤੌਰ ਤੇ ਸਿੱਖਾਂ ਦੇ ਨਗਾਰਖਾਨੇ ਵਿਚ ਇਕ ਤੂਤੀ ਦੀ ਆਵਾਜ਼ ਬਣਕੇ ਹੀ ਦਮ ਤੋੜ ਗਈ। ਅਜਿਹੇ ਲੋਕ, ਜਿਹਨਾਂ ਦੀ ਜ਼ਮੀਰ ਜਾਗਦੀ ਉਹ ਜ਼ਰੂਰ ਉਠੱਣਗੇ ਤੇ ਸਿੱਖ-ਸੰਘਰਸ਼ ਨੂੰ ਨਿਸਚੇ ਹੀ ਨਿਕਟ-ਭਵਿੱਖ 'ਚ ਅੱਗੇ ਤੋਰਨਗੇ !

" ਯਿਹ ਭੀ ਪਰਦਾ ਹੈ ਕਿ ਚਿਲਮਨ ਸੇ ਲਗੇ ਬੈਠੇ ਹੋ
ਸਾਫ਼ ਛੁਪਤੇ ਭੀ ਨਹੀਂ ਸਾਮਨੇ ਆਤੇ ਭੀ ਨਹੀਂ ! "

ਇਕ ਤਸਵੀਰ ਖਾਲਿਸਤਾਨ ਦੀ !!

(੩)

ਅਕਾਲੀ ਦੀ ਗੁਲ ਖਿਲਾ ਰਹੇ ਹਨ। ਭਾਵ ਕਿਵੇਂ ਕੁੱਕੜ-ਖੋਹੀ ਕਰਦੇ ਖੇਹ ਉਡਾ ਤੇ ਛਿੱਤਰੀਂ ਦਾਲ ਵੰਡ ਰਹੇ ਹਨ ? ਸਿੱਖਾਂ ਦੀ ਜੰਗਿ-ਆਜ਼ਾਦੀ ਲੜ ਰਹੇ ਖਾੜਕੂ ਖੱਖੜੀਆਂ-ਕਰੇਲੇ ਹੋ ਕੇ ਅੱਜ ਕਿਥੇ ਆਣ ਖੜੇ ਹਨ ? ਸ੍ਰੀ ਅਕਾਲ ਤਖਤ ਸਾਹਿਬ ਦੀ ਸੁਯੋਗ ਅਗਵਾਈ ਦਾ ਖਾਲਸਾ-ਪੰਥ ਅੱਜ ਕਿੰਨਾ ਕੁ ਅਧਿਕਾਰੀ ਹੈ ? ਦਮਦਮੀ ਟਕਸਾਲ 'ਚ ਕਿੰਨਾ ਕੁ ਦਮ ਹੈ ? ਸ਼੍ਰੋਮਣੀ ਕਮੇਟੀ ਦੀ ਕਿਹੀ ਦੁਰਦਸ਼ਾ ਹੈ ? ਵਿਦੇਸ਼ੀ ਸਿੱਖ-ਜਥੇਬੰਦੀਆਂ ਕਿੰਨੀਆਂ ਕੁ ਇਕ-ਸੁਰ ਹਨ ? ਪੰਜਾਬ 'ਚ ਸਿੱਖਾਂ ਵਿਚ ਖਾੜਕੂ ਕਿੰਨੇ ਕੁ ਹਰਮਨ-ਪਿਆਰੇ ਹਨ ? ਇਹਨਾਂ ਸਾਰੇ ਪ੍ਰਸ਼ਨਾਂ ਨੂੰ ਇਕ ਪਾਸੇ ਰਖਦਿਆਂ ਹੋਇਆਂ ਖਾਲਿਸਤਾਨ ਦੀਆਂ ਦਿਲੋਂ ਤਲਬਗਾਰ ਸਾਰੀਆਂ ਧਿਰਾਂ ਇਸ ਗੱਲ ਤੇ ਤਾਂ ਨਿਰਸੰਦੇਹ ਸਹਿਮਤ ਹੋਣਗੀਆਂ ਕਿ ਵਰਤਮਾਨ ਸਿੱਖ-ਸੰਘਰਸ਼ ਦੇ ਹੀਰੋ ਸੰਤ ਜਰਨੈਲ ਸਿੰਘ ਖਾਲਸਾ ਨੇ ਕਿਹਾ ਸੀ ਕਿ ਜਿਸ ਦਿਨ ਫੌਜ ਜਾਂ ਪੁਲਸ ਦਰਬਾਰ ਸਾਹਿਬ ਅੰਦਰ ਦਾਖਲ ਹੋਈ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।

3 ਜੂਨ 84 ਨੂੰ ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਹੋਣ ਤੇ ਖਾਲਿਸਤਾਨ ਦੀ ਨੀਂਹ ਰੱਖੀ ਗਈ। ਇਸ ਤੋਂ ਉਪਰੰਤ 26 ਜਨਵਰੀ 1986 ਨੂੰ ਸੁਬਤ-ਖਾਲਸੇ ਦੁਆਰਾ ਪੰਥਕ-ਕਮੇਟੀ ਥਾਪ ਕੇ 29 ਅਪ੍ਰੈਲ, 1986 ਨੂੰ ਇਸ ਦਾ ਐਲਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਕਰ ਦਿੱਤਾ ਗਿਆ। ਭਾਵ ਸਿੱਖ-ਕੌਮ ਦਾ ਨਿਸ਼ਾਨਾ ਹੁਣ ਕੇਵਲ ਤੇ ਕੇਵਲ ਪ੍ਰਭੁਸਤਾ-ਸੰਪੰਨ ਖਾਲਸਾ-ਰਾਜ ਅਥਵਾ ਖਾਲਿਸਤਾਨ ਹੈ। ਪਰ ਜਿਹੜੇ ਸਿੱਖ ਅੱਜ ਵੀ ਸੰਤ ਜਰਨੈਲ ਸਿੰਘ ਦੇ ਸ਼ਬਦਾਂ ਦੀ ਰੋਸ਼ਨੀ 'ਚ ਖਾਲਿਸਤਾਨ ਦੀ ਰੱਖੀ ਗਈ ਨੀਂਹ ਦੀਆਂ ਆਏ ਦਿਨ ਇੱਟਾਂ ਖਿਲਾਰ ਬਹਿੰਦੇ ਹਨ ਉਹ ਬੁੱਢੀ ਸੁਆਰਥੀ ਅਕਾਲੀ-ਲੀਡਰਸ਼ਿਪ ਦੇ ਪੋਤੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਦਾ ਰੋਲ ਹੀ ਅਦਾ ਕਰ ਰਹੇ ਹਨ !

ਅਕਾਲੀਆਂ ਦੇ ਮੱਥੇ ਉਤੇ ਇਹ ਕਲੰਕ ਇਤਿਹਾਸ ਵਿਚ ਸਦਾ ਲਗਦਾ ਰਹੇਗਾ ਕਿ ਦੇਸ਼-ਵੰਡ ਸਮੇਂ ਉਹਨਾਂ ਸਵਾਰਥ ਕਾਰਨ ਸਾਰੀ ਕੌਮ ਨੂੰ ਹਿੰਦੂਆਂ ਕੋਲ ਗਹਿਣੇ ਪਾ ਕੇ ਉਹਨਾਂ ਦਾ ਗੁਲਾਮ ਕਰ ਦਿੱਤਾ। ਇਸਦਾ ਚਰਚਾ ਪਹਿਲੋਂ ਵਿਸਥਾਰ ਨਾਲ ਕੀਤਾ ਹੀ ਜਾ ਚੁੱਕਾ ਹੈ। ਦੇਸ਼-ਵੰਡ ਮਗਰੋਂ ਵੀ ਅਕਾਲੀ ਸਿੱਖਾਂ ਦੇ ਸਿਰਾਂ ਤੇ ਇਕਤਦਾਰ ਭੋਗਦੇ, ਸਿੱਖ-ਨਿਸ਼ਾਨੇ ਸਬੰਧੀ ਸਿੱਖਾਂ ਨੂੰ ਨਿਰੰਤਰ ਭੰਬਲ-ਭੂਸਿਆਂ ਤੇ ਭੂਲ-ਭਲੱਈਆਂ ਵਿਚ ਪਾਉਂਦੇ ਰਹੇ ਹਨ। ਉਹ ਸਿੱਖ-ਹਿਰਦਿਆਂ ਵਿਚ ਵਸਦੀ ਰਾਜ-ਭਾਵਨਾ ਨੂੰ ਸਿੱਖ-ਰਾਜ ਨਾਲ ਮਿਲਦੇ-ਜੁਲਦੇ ਅਸਪੱਸ਼ਟ ਤੇ ਧੁੰਦਲੇ ਨਾਅਰੇ ਲਾ ਕੇ ਸਿੱਖਾਂ ਨੂੰ ਆਪਣੇ ਮਗਰ ਲਾਉਂਦੇ ਅਥਵਾ ਉਹਨਾਂ ਦੀ ਸ਼ਕਤੀ ਦਾ ਨਾਜਾਇਜ਼ ਫਾਇਦਾ ਉਠਾਉਂਦੇ ਰਹੇ ਹਨ। ਪਰ ਸੁਤੰਤਰ ਸਿੱਖ-ਰਾਜ ਦੀ ਮੰਗ ਕਰਨ ਲਈ ਉਹਨਾਂ ਦੀ ਜੀਭ ਨੂੰ ਸਦਾ ਹੀ ਤੰਦੂਆ ਪਿਆ ਰਿਹਾ ਹੈ। ਭਾਵ ਉਹ ਸਿੱਖਾਂ ਦੇ ਸਿਰ ਤੇ ਉਹਨਾਂ ਦੇ ਦਿਲਾਂ ਵਿਚ ਵਸਦੀ ਰਾਜ-ਭਾਵਨਾ ਨੂੰ ਜਗਾ ਕੇ ਰਾਜ-ਭਾਗ ਤਾਂ ਭੋਗਣਾ ਚਾਹੁੰਦੇ ਸਨ ਪਰ ਸੁਤੰਤਰ ਸਿੱਖ-ਰਾਜ ਦਾ ਨਾਅਰਾ ਲੈ ਕੇ ਸਿੱਖਾਂ ਜਾਂ ਦਿੱਲੀ ਸਾਹਵੇਂ ਆਉਣ ਦੀ ਉਹਨਾਂ 'ਚ ਦਲੇਰੀ ਨਹੀਂ ਸੀ :-

" ਯਿਹ ਭੀ ਪਰਦਾ ਹੈ ਕਿ ਚਿਲਮਨ ਸੇ ਲਗੇ ਬੈਠੇ ਹੋ
ਸਾਫ਼ ਛੁਪਤੇ ਭੀ ਨਹੀਂ, ਸਾਮਨੇ ਆਤੇ ਭੀ ਨਹੀਂ ! "

ਗੁਰੂ ਕੇ ਸਾਜੇ-ਨਿਵਾਜ਼ੇ ਸਿੱਖਾਂ ਲਈ ਧਰੇ ਪਏ, ਇਹਨਾਂ ਸਿੱਖ-ਲੀਡਰਾਂ ਨੂੰ ਸਿੱਖ-ਮੰਗਾਂ ਦਾ ਵੀ ਪੂਰੀ ਤਰਾਂ ਗਿਆਨ ਨਹੀਂ ਰਿਹਾ। ਬਾਜ਼-ਅੱਖ ਪੱਤਰਕਾਰ ਹਰ ਕੌਮ ਦੇ ਲੀਡਰਾਂ ਦੀ ਅਕਲ ਆਦਤਾਂ ਤੇ ਸੁਭਾਅ ਨੂੰ ਵੇਖ ਕੇ ਉਹਨਾਂ ਬਾਰੇ ਅਕਸਰ ਲਤੀਫੇ ਘੜਦੇ ਤੇ ਉਹਨਾਂ ਨੂੰ ਲੂਣ-ਮਸਾਲੇ ਲਾ ਕੇ ਮਹਿਫਲਾਂ ਵਿਚ ਰੰਗ ਬੰਨਦੇ ਰਹਿੰਦੇ ਹਨ ਪਰ ਇਹ ਲਤੀਫੇ ਅਕਸਰ ਇਹਨਾਂ ਲੀਡਰਾਂ ਦੇ ਸੰਬੰਧ ਵਿਚ ਜਿਉਂਦਾ-ਜਾਗਦਾ ਸੱਚ ਹੀ ਹੁੰਦੇ ਹਨ। ਮਾਸਟਰ ਜੀ ਦੇ ਸਮੇਂ ਉਪਰੰਤ ਜਲੰਧਰ ਦੇ ਪੱਤਰਕਾਰ ਹਲਕਿਆਂ ਵਿਚ ਇਕ ਲਤੀਫਾ ਆਮ ਪ੍ਰਚੱਲਤ ਰਿਹਾ ਹੈ ਜੋ ਅਨਪੜ੍ਹ ਅਕਾਲੀ-ਲੀਡਰਸ਼ਿਪ ਦੀ ਅਕਲ ਦੀ ਬਿਲਕੁਲ ਠੀਕ ਅੱਕਾਸੀ ਕਰਦਾ ਹੈ। ਉਹ ਇਹ ਕਿ ਜਦ ਪੰਜਾਬੀ ਸੂਬੇ ਦੀ ਮੰਗ ਕੇਂਦਰ ਵੱਲੋਂ ਨਾ ਮੰਨੇ ਜਾਣ ਕਾਰਨ ਅਕਾਲੀ ਦਲ ਨੂੰ ਉਪਰੋਥਲੀ ਦੋ-ਤਿੰਨ ਮੋਰਚੇ ਲਾਉਣੇ ਪਏ ਤਾਂ ਹਾਰ ਕੇ ਪ੍ਰਧਾਨ-ਮੰਤਰੀ ਇੰਦਰਾ ਗਾਂਧੀ ਨੇ 1966 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਫਤਹ ਸਿੰਘ ਨੂੰ ਆਹਮੋ-ਸਾਹਮਣੀ ਦੋ-ਧਿਰੀ ਵਾਰਤਾ ਲਈ ਦਿੱਲੀ ਬੁਲਾਇਆ ਸੰਤ ਜੀ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ: ਅਰਜਨ ਸਿੰਘ ਬੁੱਧੀਰਾਜਾ ਨੂੰ ਨਾਲ ਲੈ ਕੇ ਜਾਂ ਕਹੀਏ ਕਿ ਉਸਦੇ ਨਾਲ ਦਿੱਲੀ ਚਲੇ ਗਏ। ਮੀਟਿੰਗ ਕਿਉਂਕਿ ਇੰਦਰਾ ਤੇ ਸੰਤ ਜੀ ਵਿਚਕਾਰ ਹੋਣੀ ਸੀ ਇਸ ਲਈ ਅਰਜਨ ਸਿੰਘ ਬੁਧੀਰਾਜਾ ਬਾਹਰ ਬਰਾਮਦੇ 'ਚ ਬੈਠ ਰਹੇ। ਮੀਟਿੰਗ ਚੱਲੀ ਤਾਂ ਸਿਸ਼ਟਾਚਾਰ ਉਪਰੰਤ ਮਿਸਿਜ਼ ਗਾਂਧੀ ਸੰਤ ਜੀ ਨੂੰ ਪੁੱਛਣ ਲੱਗੀ :-

"ਯਹ ਜੋ ਸ਼ੋਰ-ਗੁਲ ਪੰਜਾਬੀ ਸੂਬੇ ਕੇ ਨਾਮ ਪਰ ਆਪ ਸਿੱਖ-ਲੋਗੋਂ ਨੇ ਮਚਾ ਰੱਖਾ ਹੈ । ਮੁਝੇ ਬਤਾਈਏ ਯਹ ਆਪਕਾ ਪੰਜਾਬੀ ਸੂਬਾ, ਹੈ ਕਿਆ ? "

ਤਾਂ ਸੰਤ ਜੀ, ਜੋ ਲੰਬਾ ਸਮਾਂ ਬੁੱਚਾ-ਜੌਹੜ (ਰਾਜਿਸਥਾਨ) ਬਿਰਾਜੇ ਰਹੇ ਸਨ ਤੇ ਜਿਹਨਾਂ ਦੀ ਜ਼ੁਬਾਨ ਅਕਾਲ-ਪੁਰਖ ਦੀ ਬਖਸ਼ਿਸ਼ ਦੁਆਰਾ ਹੁਣ ਹਿੰਦੀ 'ਚ ਕਾਫੀ ਰੈਲੀ ਹੋ ਗਈ ਸੀ, ਇਕ ਵੱਡਾ ਡਕੂਰ ਮਾਰਦੇ ਹੋਏ ਗੋਡਿਆਂ ਤੇ ਹੱਥ ਧਰ ਕੇ ਦਰਵਾਜ਼ਾ ਖੋਹਲਣ ਲਈ ਅਹੁਲਦੇ ਹੋਏ ਬੋਲੇ :-

"ਠਹਿਰੋ ਬੀਬੀ ਜੀ, ਮੁਝੇ ਬੁਧੀਰਾਜੇ ਕੋਂ ਬੁਲਾਨੇ ਦੋ । ਯਹ ਤੋ ਆਪਕੋਂ ਵੂਹ ਹੀ ਬਤਲਾਏਗਾ!"

ਇਸ ਲਤੀਫੇ ਦੀ ਬਣਤਰ-ਸ਼ਬਦਾਵਲੀ ਵਿਚ ਤਾਂ ਕੁਝ ਵਾਧ-ਘਾਟ ਅਵੱਸ਼ ਹੋ ਸਕਦੀ ਹੈ ਪਰ ਇਸ ਵਿਚਲਾ ਸਾਰ ਜਾਂ ਤੱਤ ਬਿਲਕੁਲ ਠੀਕ ਹੈ। ਸਿੱਖ ਏਨੇ ਭੋਲੇ ਤੇ ਸੁਹਿਰਦ ਹਨ ਕਿ ਉਹ ਆਪਣੇ ਅਜਿਹੇ ਲੀਡਰਾਂ ਦੇ ਇਕ-ਇਕ ਇਸ਼ਾਰੇ ਤੇ ਜਾਨਾਂ ਵਾਰਦੇ ਤੇ ਅੱਗਾਂ ਵਿਚ ਛਾਲਾਂ ਮਾਰਦੇ ਚਲੇ ਆ ਰਹੇ ਹਨ ਪਰ ਕੁਰਬਾਨੀ ਕਰਨ ਵਾਲੇ ਇਹਨਾਂ ਬਹੁਤੇ ਅਨਭੋਲ ਸਿੱਖਾਂ ਨੂੰ ਤਾਂ ਕੀ ਇਹਨਾਂ ਦੇ ਅਜਿਹੇ ਲੀਡਰਾਂ ਨੂੰ ਵੀ ਸਿੱਖ-ਮੰਗਾਂ ਦਾ ਗਿਆਨ ਨਹੀਂ। ਪੰਜਾਬੀ-ਸੂਬੇ ਦੀ ਪ੍ਰਾਪਤੀ ਲਈ ਲੱਗੇ ਇਕ ਮੋਰਚੇ 'ਚ 60000 ਦੇ ਕਰੀਬ ਗ੍ਰਿਫਤਾਰੀਆਂ ਹੋਈਆਂ ਪਰ ਮੇਰਾ ਨਿੱਜੀ ਅਨੁਭਵ ਹੈ ਕਿ ਸ਼ਾਇਦ ਇਹਨਾਂ ਚੋਂ ਲਾ ਪਾ ਕੇ ਸੌ ਦੋ ਸੌ ਬੰਦਿਆਂ ਨੂੰ ਹੀ ਪੂਰੀ ਤਰਾਂ ਪਤਾ ਹੋਵੇਗਾ ਕਿ 'ਪੰਜਾਬੀ ਸੂਬਾ' ਕਿਸ ਬਲਾ ਦਾ ਨਾਂ ਹੈ ਬਾਕੀ ਸਾਰਾ ਦਿਆਨਤਦਾਰ ਫੁਰਲੀ-ਜੱਥਾ ਅਕਾਲੀ-ਲੀਡਰਾਂ ਦੇ ਇਕ ਇਸ਼ਾਰੇ ਉਤੇ ਗੁਰੂ ਦੇ ਨਾਂ ਤੇ ਹੀ ਕੁਰਬਾਨ ਹੋਣ ਲਈ ਉਮਡ ਆਇਆ ਸੀ।

ਨਿਰਸੰਦੇਹ ਸਿੱਖਾਂ ਦੀ ਨਬਜ਼ ਨੂੰ ਭਾਪਦਿਆਂ ਆਪਣੀ ਲੀਡਰੀ ਦੀ ਜੋਤ ਜਗਾਈ ਰੱਖਣ ਲਈ ਸਿੱਖ-ਸਫਾਂ ਵਿਚ ਅਕਾਲੀ-ਲੀਡਰਾਂ ਵਲੋਂ 'ਸਿੱਖ-ਹੋਮਲੈਂਡ', 'ਦੇਸ-ਪੰਜਾਬ', 'ਆਨੰਦਪੁਰ ਦਾ ਮਤਾ' ਅਥਵਾ 'ਵੱਧ ਅਧਿਕਾਰਾਂ ਦਾ ਮਤਾ', 'ਅੰਮ੍ਰਿਤਸਰ-ਐਲਾਨਨਾਮਾ' ਵਗੈਰਾ ਵਗੈਰਾ ਸਮੇਂ ਸਮੇਂ ਅਨੁਸਾਰ ਸਿਖ-ਮਨਾਂ ਵਿਚ ਵਸਦੀ ਰਾਜ-ਭਾਵਨਾ ਨੂੰ ਟੁੰਬ ਕੇ ਨਾਲ ਜੋੜਨ-ਵਰਤਣ ਲਈ ਉਪਰੋਕਤ ਨਾਅਰੇ ਲਗਦੇ ਚਲੇ ਆ ਰਹੇ ਹਨ ! ਸਿੱਖ-ਸਟੇਜ ਉਤੇ ਸਿੱਖਾਂ ਸਾਹਮਣੇ ਇਹ ਅਕਾਲੀ-ਮਦਾਰੀ ਸਮੇਂ ਸਮੇਂ ਆਪਣੇ ਆਪਣੇ ਇਹਨਾਂ ਨਾਅਰਿਆਂ ਨਾਲ ਇਕ ਉਤਸਕਤਾ ਉਪਜਾਉਂਦੇ ਅਥਵਾ ਇਕ ਸਸਪੈਂਸ ਕਰੀਏਟ (SUSPENSE CREATE) ਕਰਦੇ ਰਹੇ ਹਨ ਪਰ ਇਸਦਾ ਨਤੀਜਾ 'ਹੋਕਾ ਦਿੱਤਾ ਵੰਗਾਂ ਦਾ ਤੇ ਕੱਢ ਵਿਖਾਇਆ ਚੱਕੀ ਰਾਹਾ ਤੋਂ ਵੱਧ ਕੁਝ ਵੀ ਨਹੀਂ ਸੀ। ਸੀ ਤਾਂ ਸਿਰਫ ਇਹ ਕਿ ਨਾਅਰਾ ਲਾਉਣ ਵਾਲੇ ਦੀ ਲੀਡਰੀ ਜਗਦੀ ਰਹੇ-ਉਸਦੀ ਸਿੱਖਾਂ 'ਚ ਪੁੱਛ-ਦੱਸ ਬਣੀ ਰਹੇ ! ਉਸਨੂੰ ਕੁਰਸੀ ਮਿਲਦੀ ਰਹੇ

ਜਾਂ ਉਸਦੀ ਵਜ਼ਾਰਤ 'ਚ ਸ਼ਮੂਲੀਅਤ ਹੁੰਦੀ ਰਹੇ। ਦੇਸ਼-ਵੰਡ ਮਗਰੋਂ ਵਿਸ਼ੇਸ਼ਕਰ ਪੰਜਾਬੀ-ਸੂਬਾ ਬਣ ਜਾਣ ਉਪਰੰਤ ਸਿੱਖ-ਰਾਜ ਦਾ ਹੀ ਤਾਂ ਇੱਕੋ ਇਕ ਨਾਅਰਾ ਸੀ ਜਿਸਨੂੰ ਰਾਜ-ਭਾਵਨਾ ਲਈ ਪਿਆਸੇ-ਭੁੱਖੇ ਸਿੱਖਾਂ ਸਾਹਵੇਂ ਵੇਚਿਆ ਜਾ ਸਕਦਾ ਸੀ ਤੇ ਵਪਾਰੀ ਅਕਾਲੀ-ਲੀਡਰਾਂ ਨੇ ਇਸ ਨੂੰ ਰੱਜ ਕੇ ਵੇਚਿਆ ਤੇ ਸ਼ਰੇਆਮ ਸਿੱਖ-ਬਾਜ਼ਾਰਾਂ ਵਿਚ ਛਾਬੜੀਆਂ ਲਾ-ਲਾ ਕੇ ਵੇਚਿਆ। ਪਰ ਅਕਾਲੀ ਸਿੱਖ-ਰਾਜ ਦੇ ਮਸਲੇ ਉਤੇ ਸਿੱਖਾਂ ਨੂੰ ਘਚਾਨੀ ਤੇ ਘਚਾਨੀ ਦਿੰਦੇ ਰਹੇ ਹਨ। ਉਹ ਸਿੱਖ ਦਿਲਾਂ ਵਿਚਲੇ ਜਜ਼ਬੇ ਨੂੰ ਟੁੰਬਣ ਲਈ ਨਾਅਰਾ ਸਿੱਖ-ਰਾਜ ਵਰਗਾ ਭੁਲੇਖਾ-ਪਾਊ ਲਾਉਂਦੇ ਰਹੇ ਹਨ ਇਸਦੇ ਅਰਥ ਆਪਣੇ ਆਪਣੇ ਮਤਲਬ ਅਨੁਸਾਰ ਕਢਦੇ ਰਹੇ ਹਨ ਪਰ ਸਿੱਖਾਂ ਦੇ ਸੁਤੰਤਰ-ਰਾਜ ਦੀ ਸਿੱਧੀ ਗੱਲ ਹੁਣ ਤੱਕ ਨਹੀਂ ਕਰਦੇ। ਮਿਸਾਲ ਦੇ ਤੌਰ ਤੇ ਵੱਧ ਅਧਿਕਾਰਾਂ ਦਾ ਮਤਾ ਇਕ ਅਜਿਹਾ ਝੰਗਾ ਹੋ ਨਿਬੜਿਆ ਜਿਸਨੂੰ ਹਰੇਕ ਅਕਾਲੀ-ਲੀਡਰ ਆਪਣੇ ਮੁਤਾਬਿਕ ਮੇਚ ਕਰਦਾ ਰਿਹਾ ਹੈ। ਕੁਝਨਾਂ ਲਈ ਇਹ ਮਤਾ ਪੰਜਾਬ ਲਈ ਜੰਮੂ-ਕਸ਼ਮੀਰ ਵਾਂਗ ਵਿਸ਼ੇਸ਼ ਅਧਿਕਾਰ ਦਿੰਦਾ ਰਿਹਾ ਹੈ। ਕੁਝ ਹੋਰਨਾਂ ਲਈ ਇਹ ਕੇਂਦਰੀ-ਸ਼ਕਤੀ ਦਾ ਵਿਕੇਂਦਰੀਕਰਣ ਹੈ ਤੇ ਹੋਰਨਾਂ ਰਾਜਾਂ ਵਾਂਗ ਪੰਜਾਬ ਨੂੰ ਵੱਧ ਅਧਿਕਾਰ ਦਿੰਦਾ ਹੈ। ਸ: ਪ੍ਰਕਾਸ਼ ਸਿੰਘ ਬਾਦਲ ਇਸ ਨੂੰ ਰਾਜਾਂ ਲਈ ਹੋਰ 'ਵੱਧ ਅਧਿਕਾਰ' ਦੇਣਾ ਸਮਝਦਾ ਹੈ ਤੇ ਸਾਬਕਾ ਬੀ. ਡੀ. ਓ. ਅਥਵਾ ਬੋਨਾ-ਅਕਾਲੀ ਮਰਹੂਮ ਬਲਵੰਤ ਸਿੰਘ ਇਸ 'ਚੋਂ ਸਿਰਫ 'ਵੱਧ ਵਿਤੀ-ਅਧਿਕਾਰਾਂ' ਨਾਲ ਹੀ ਸਾਰ ਲੈਂਦਾ ਸੀ। ਆਪਣੀ ਲੀਡਰੀ ਦੇ ਮਰੇ ਸੱਪ ਵਿਚ ਜਾਨ ਪਾਉਂਣ ਅਥਵਾ ਅਕਾਲੀ-ਰਾਜਨੀਤੀ ਵਿਚ ਆਪਣੇ ਮੱਧਮ ਪੈਂਦੇ ਨਾਂ ਨੂੰ ਚਮਕਾਉਂਣ ਜਾਂ ਲੀਡਰੀ ਤੇ ਰੇਗਮਾਰ ਮਾਰਨ ਲਈ ਜੀਵਨ ਸਿੰਘ ਉਮਰਾਨੰਗਲ ਤੇ ਸੁਖਜਿੰਦਰ ਸਿੰਘ ਵਰਗੇ ਅਕਾਲੀਆਂ ਨੇ ਖਾਲਿਸਤਾਨ ਦੀ ਸਿੱਧੀ ਗੱਲ ਵੀ ਕਹੀ। ਪਰ ਉਮਰਾਨੰਗਲ ਵਰਗੇ ਊਤ-ਅਕਾਲੀ ਦੇ ਖਾਲਿਸਤਾਨ ਦਾ ਸੂਰਜ ਹੁਣੇ ਪਿੱਛੇ ਪੋਤਾ ਪੁਲਸ 'ਚ ਭਰਤੀ ਕਰਵਾਉਂਣ ਨਾਲ ਹੀ ਅਸਤ ਹੋ ਗਿਆ ਤੇ ਸ: ਸੁਖਜਿੰਦਰ ਸਿੰਘ ਵਰਗੇ ਪੁਲਸੀਏ-ਪਾਲੀਟੀਸ਼ੀਅਨ ਵਾਸਤੇ ਰਿਸ਼ਵਤ ਵਜੋਂ ਕਿਸੇ ਵਜ਼ਾਰਤੀ-ਕੁਰਸੀ ਦਾ ਮਿਲਣਾ ਹੀ ਉਸ ਲਈ ਖਾਲਿਸਤਾਨ ਮਿਲ ਜਾਣਾ ਸੀ। ਭਾਵੇਂ ਇਹ ਸਿੱਖਾਂ ਵਿਚ ਆਪਣੀ ਸ਼ਾਖ ਬਹਾਲ ਕਰਨ ਲਈ ਭਾਵ ਆਪਣੇ ਨਾਂ ਨੂੰ ਤੜਕਾ ਲਾਉਂਣ ਲਈ ਹੀ ਕਿਉਂ ਨਾ ਹੋਵੇ। ਵਿਦੇਸ਼ਾਂ ਵਿਚਲੀ ਖਾਲਿਸਤਾਨੀ-ਲਹਿਰ ਦੇ ਪ੍ਰਸੰਗ ਵਿਚ ਡਾ: ਜਗਜੀਤ ਸਿੰਘ ਚੌਹਾਨ ਦੇ ਨਾਂ ਨੂੰ ਵਿਸਰਿਆ ਨਹੀਂ ਜਾ ਸਕਦਾ। ਉਸਦੇ ਜ਼ਰਖੇਜ਼ (ਉਸਦੇ ਵਿਰੋਧੀਆਂ ਦੇ ਸ਼ਬਦਾਂ 'ਚ ਸ਼ਰਾਰਤੀ !) ਦਿਮਾਗ਼ ਵਲੋਂ ਵਿਦੇਸ਼ੀ ਅਸਮਾਨ ਉਤੇ ਖਾਲਿਸਤਾਨ ਦੇ ਨਾਂ ਤੇ ਛੱਡੇ ਸ਼ੋਸ਼ੇ-ਛੁਰਲੀਆਂ ਨੂੰ ਉਸਦੇ ਵਿਰੋਧੀ ਵੀ ਗਰਦਨਾਂ ਮਰੋੜ ਕੇ ਵੇਖਦੇ ਰਹੇ ਹਨ ਤੇ ਸਿੱਖ-ਸਫਾਂ ਵਿਚ ਖਾਲਿਸਤਾਨ ਦਾ ਨਾਂ ਸੁਲੁਘਦੇ ਰੱਖਣ ਲਈ ਉਸਦਾ ਯੋਗਦਾਨ ਸਿੱਖਾਂ ਸਾਹਮਣੇ ਹੈ। ਵਫਾ ਗੁਰੂ ਜਾਣੇ !

ਕੌਮੀ-ਕੋਕੜੂ ਅਕਾਲੀਆਂ ਦੀ ਨਵੀਂ ਚਾਲ 'ਅੰਮ੍ਰਿਤਸਰ-ਐਲਾਨਨਾਮਾ' ਵੀ ਅਨੰਦਪੁਰ ਦੇ ਮਤੇ ਭਾਵ ਵੱਧ ਅਧਿਕਾਰਾਂ ਦੇ ਮਤੇ ਵਿਚ ਕਨਫੈਡਰੇਸ਼ਨ (confederation) ਦੀ ਬੁੱਕਰਮ ਪਾ ਕੇ ਬਣਵਾਇਆ ਗਿਆ ਪਰਤਾਵਾਂ ਅਥਵਾ ਰੀਵਰਸੀਬਲ (reversible) ਕੋਟ ਹੀ ਹੈ ਜਿਸਦਾ ਗੂਹੜਾ ਪਾਸਾ ਪਹਿਨ ਕੇ ਉਹ ਖਾਤਕੂ-ਧਿਰਾਂ ਨੂੰ ਭਾਰਤ ਤੋਂ ਅਲੱਗ ਹੋਣ ਦਾ ਭੁਲੇਖਾ ਪੁਆ ਰਹੇ ਹਨ ਤੇ ਇਸਦਾ ਫਿੱਕਾ ਪਾਸਾ ਪਹਿਨ ਕੇ ਦਿੱਲੀ ਨੂੰ ਕੁਝ ਵੱਧ ਹੱਕ ਲੈ ਕੇ ਉਸਦੇ ਸੰਵਿਧਾਨਕ-ਢਾਂਚੇ ਵਿਚ ਹੀ ਰਹਿਣ ਦਾ ਵਿਸ਼ਵਾਸ ਦੁਆ ਰਹੇ ਹਨ। ਪਰ ਨਿਸਚੇ ਹੀ ਇਹ ਗੱਲ ਅੱਜ ਨਵੇਂ ਘੋੜ-ਚੜ੍ਹੇ ਸਰਦਾਰਾਂ ਅਥਵਾ ਨੌਜਵਾਨਾਂ ਦੇ ਹੱਕ ਵਿਚ ਜਾਂਦੀ ਹੈ ਕਿ ਉਹਨਾਂ ਆਪਣੇ ਸਿਦਕ ਦੀ ਕਮਾਨ ਤੇ ਚਾੜ੍ਹ ਕੇ ਆਪਣੇ ਅਕੀਦੇ 'ਖਾਲਿਸਤਾਨ' ਦਾ ਕੱਸਵਾਂ-ਤੀਰ ਦਿੱਲੀ ਦੇ ਮੱਥੇ 'ਚ ਮਾਰਿਆ ਹੈ ਕਿ ਸਿੱਖ ਭਾਰਤ ਤੋਂ ਅਲੱਗ ਆਪਣਾ ਆਜ਼ਾਦ-ਦੇਸ਼ 'ਖਾਲਿਸਤਾਨ' ਚਾਹੁੰਦੇ ਹਨ। ਇਸ ਗੱਲੋਂ ਨਿਰਸੰਦੇਹ ਅਕਾਲੀ ਉਨ੍ਹਾਂ ਤੋਂ ਫਾਡੀ ਰਹਿ ਗਏ ਹਨ।

ਸਿੱਖ ਸੁਬਾਹ-ਸ਼ਾਮ ਦੋਵੇਂ ਵੇਲੇ 'ਰਾਜ ਕਰੇਗਾ ਖਾਲਸਾ' ਦਾ ਦੋਹਾ ਬਤੇ ਪ੍ਰੇਮ ਤੇ ਭਾਵਨਾ ਨਾਲ ਪੜਦੇ ਹਨ ਪਰ ਆਪਣੇ ਸਿੱਖ-ਰਾਜ ਅਥਵਾ ਖਾਲਿਸਤਾਨ ਦੇ ਸਰੂਪ ਅਥਵਾ ਰੂਪ-ਰੇਖਾ ਬਾਰੇ

ਖਾਲਿਸਤਾਨ ਲਈ ਲੜਨ ਵਾਲੀਆਂ ਧਿਰਾਂ ਵੀ ਸਪੱਸ਼ਟ ਨਹੀਂ! ਨੌਜਵਾਨ ਖਾਤਕੂਆਂ ਨੇ ਖਾਲਿਸਤਾਨ ਦਾ ਸਪੱਸ਼ਟ-ਸਪਾਟ ਨਿਸ਼ਾਨਾ ਕੌਮ ਸਾਹਮਣੇ ਰੱਖ ਕੇ ਨਿਰਸੰਦੇਹ ਅਕਾਲੀ ਸੋਚ ਤੋਂ ਅੱਗੇ ਦੀ ਛਾਲ ਮਾਰੀ ਹੈ। ਪਰ ਮੌਜੂਦਾ ਸੰਘਰਸ਼ 'ਚ ਡੇਢ ਲੱਖ ਸਿੱਖ ਸ਼ਹੀਦ ਹੋ ਚੁੱਕਣ ਉਪਰੰਤ ਵੀ ਕੌਮ ਨੂੰ ਆਪਣੇ ਰਾਜ ਦੀ ਤਸਵੀਰ ਬਾਰੇ ਸਿਰਫ ਝਉਲਾ-ਝਾਵਲਾ ਹੀ ਹੈ। ਇਹ ਨਿਤਾਰਨ ਤੇ ਨਿਖਾਰਨ ਵਰਗੇ ਕੰਮ ਅੱਜ ਵਿਸ਼ੇਸ਼ਕਰ ਵਿਦੇਸ਼ਾਂ ਵਿਚ ਬੈਠੇ ਵਸੀਹ-ਵਸੀਲਿਆਂ ਵਾਲੇ ਸਿੱਖਾਂ ਤੇ ਬੁਧੀਮਾਨਾਂ ਦੇ ਹਨ। ਲੋੜ ਸਬੰਧਤ ਵਸੀਲਿਆਂ ਨੂੰ ਸੰਗਠਿਤ ਕਰਕੇ ਗੱਲ ਅੱਗੇ ਤੋਰਨ ਦੀ ਹੈ। ਦੇਸ਼ ਤੇ ਵਿਸ਼ੇਸ਼ਕਰ ਵਿਦੇਸ਼ਾਂ ਵਿਚ ਬੈਠੇ ਗੁਰਮਤਿ ਦੇ ਗੋਤਾਖੋਰ-ਗਿਆਨੀਆਂ ਅਥਵਾ ਸਿੱਖ-ਵਿਦਵਾਨਾਂ ਦੇ ਸਿਰ ਜੋੜ ਕੇ ਬੈਠਣ ਦਾ ਕੋਈ ਅਜਿਹਾ ਬ੍ਰਾਨਟ੍ਰੈਂਡ ਬੁੰਨਿਆ ਜਾਣਾ ਚਾਹੀਦਾ ਹੈ ਕਿ ਉਹ ਅੱਜ ਗੰਭੀਰ-ਗੋਸ਼ਟੀਆਂ ਕਰਕੇ ਨਿਤਾਰਾ ਕਰਨ ਕਿ ਬਦਲੇ ਹੋਏ ਹਾਲਾਤ ਵਿਚ ਹੁਣ ਸਿੱਖ-ਰਾਜ ਅਥਵਾ ਖਾਲਿਸਤਾਨ ਦਾ ਸਰੂਪ ਕਿਹੋ ਜਿਹਾ ਹੋਵੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਤਾਨ 'ਚੋਂ ਰਾਜਨੀਤੀ-ਵਿਗਿਆਨ ਦੇ ਵੱਡੇ ਵੱਡੇ ਵਿਸ਼ੇਸ਼ੱਗ ਤੇ ਨੀਤੀਵੇਤਾ-ਸਿੱਖ ਅੱਜ ਸੰਸਾਰ ਭਰ ਦੇ ਉਚ-ਵਿਦਿਅਕ ਅਦਾਰਿਆਂ ਤੇ ਸੰਸਥਾਵਾਂ ਵਿਚ ਸੁਸ਼ੋਭਿਤ ਤੇ ਵਿੰਦਮਾਨ ਹਨ। ਅੱਜ ਉਹਨਾਂ ਦੇ ਜਾਗਣ ਤੇ ਉਹਨਾਂ ਨੂੰ ਪਰਿਵਾਰਿਕ-ਨੀਂਦਾਂ ਚੋਂ ਜਗਾਉਂਣ-ਉਠਾਉਂਣ ਤੇ ਇਸ ਕੌਮੀ-ਕਾਰਜ ਵਿਚ ਜੁਟਾਉਂਣ ਦਾ ਵੇਲਾ ਹੈ। ਹੁਣ ਤੱਕ ਸਿੱਖ ਖਾਲਿਸਤਾਨ ਨੂੰ ਪੰਚਮ ਪਾਤਸ਼ਾਹ ਜੀ ਦੇ ਲਿਖੇ 'ਹਲੇਮੀ ਰਾਜੁ' ਜਾਂ ਰਾਗ ਗਉੜੀ ਵਿਚ ਭਗਤ ਰਵਦਾਸ ਜੀ ਦੇ 'ਬੇਗਮਪੁਰਾਂ' ਵਰਗਾ ਬਿਆਨ ਕਰਕੇ ਹੀ ਕੰਮ ਖਤਮ ਸਮਝਦੇ ਰਹੇ ਹਨ ਜਾਂ ਸਾਡੇ ਪਾਸ ਆਦਰਸ਼ਿਕ ਖਾਲਸਾ-ਰਾਜ ਮਹਾਰਾਜਾ ਰਣਜੀਤ ਸਿੰਘ ਦਾ ਰਿਹਾ ਹੈ ਜਿਸ 'ਚ ਹਿੰਦੂ ਮੁਸਲਮਾਨ ... ਸਿੱਖਾਂ ਸਮੇਤ 'ਰਾਜ਼ੀ-ਬਾਜ਼ੀ' ਵਸਦੇ ਰਹੇ ਹਨ। ਪਰ ਹੁਣ ਜੋ ਸਿੱਖਾਂ ਦਾ ਰਾਜ ਹੋਵੇ ਉਸ ਵਿਚ ਨਿਰਸੰਦੇਹ ਸ਼ੇਰਿ-ਪੰਜਾਬ ਦੇ ਰਾਜ ਦੀਆਂ ਖੂਬੀਆਂ-ਖਾਮੀਆਂ ਤਾਂ ਨਿਰਸੰਦੇਹ ਹੋਣਗੀਆਂ ਹੀ ਪਰ ਸ਼ੇਰਿ-ਪੰਜਾਬ ਦੇ ਰਾਜ ਵਿਚਲੀਆਂ ਖਾਮੀਆਂ ਇਸ ਵਿਚ ਹਰਗਜ਼ਿ ਨਹੀਂ ਹੋਣੀਆਂ ਚਾਹੀਦੀਆਂ। ਇਕ ਘੱਟ-ਗਿਣਤੀ ਹੋਣ ਨਾਤੇ ਭਾਰਤ ਵਿਚ ਸਿੱਖਾਂ ਦਾ ਅੱਜ ਘਾਣ ਹੋ ਰਿਹਾ ਹੈ। ਉਹ ਆਪਣੇ ਹੱਕਾਂ ਹੀ ਨਹੀਂ ਮਨੁੱਖੀ-ਅਧਿਕਾਰਾਂ ਤੋਂ ਵੀ ਮਹਿਰੂਮ ਹਨ। ਪਰ ਸਿੱਖ-ਵਿਦਵਾਨਾਂ ਨੂੰ ਸਿਰ ਜੋੜ ਕੇ ਖਾਲਿਸਤਾਨ ਦਾ ਵਿਧਾਨ ਅਜਿਹਾ ਬੁੰਨਣਾ ਚਾਹੀਦਾ ਹੈ ਕਿ ਉਸ ਵਿਚ ਹਿੰਦੂ, ਮੁਸਲਾਮਨ, ਈਸਾਈ, ਬੋਧੀ, ਜੈਨੀ ਤੇ ਹੋਰ ਸਭਨਾਂ ਦੇ ਹੱਕ ਜਿਥੇ 'ਸਭੇ ਸਾਂਝੀਵਾਲ ਸਦਾਇਨ' ਅਨੁਸਾਰ ਮਹਿਫੂਜ਼ ਹੋਣ ਉਥੇ ਨਾਲ ਹੀ ਸਿੱਖਾਂ ਦੇ ਧਾਰਮਿਕ ਅਥਵਾ ਰਾਜਸੀ-ਅਧਿਕਾਰਾਂ ਦਾ ਅਜਿਹੀ ਜੁਗਤਿ ਨਾਲ ਇਕ ਐਸਾ ਪੱਕਾ ਜੁਗਾਤ ਬਣਾ ਦਿੱਤਾ ਜਾਵੇ ਕਿ ਇਹਨਾਂ ਨੂੰ ਕਿਸੇ ਸੂਰਤ ਵੀ ਕੋਈ ਆਂਚ ਨਾ ਆ ਸਕੇ। ਸਿੱਖ ਬਥੇਰਾ ਚਿਰ ਘੋੜਿਆਂ ਦੀਆਂ ਕਾਠੀਆਂ ਨੂੰ ਘਰ ਬਣਾ ਕੇ ਵਿਚਰਦੇ ਰਹੇ ਹਨ। ਹੁਣ ਉਹਨਾਂ ਦਾ ਘਰ ਪੰਜਾਬ, ਭਾਵ ਖਾਲਿਸਤਾਨ ਉਹਨਾਂ ਦਾ ਇਕ ਅਜਿਹਾ ਮਜ਼ਬੂਤ ਗੁਤ ਅਥਵਾ ਕ੍ਰਿਲਾ ਹੋਣਾ ਚਾਹੀਦਾ ਹੈ ਜਿਸ ਵਿਚ ਉਹਨਾਂ ਦੀ ਹੋਂਦ ਦੀ ਸੁਰੱਖਿਅਤਾ ਦੀ ਸੌ ਫੀ-ਸਦੀ ਗਰੰਟੀ ਹੋਵੇ। ਨਿਰਸੰਦੇਹ ਖਾਲਿਸਤਾਨ ਦਾ ਸਕੱਤਰੇਤ ਸਭਨਾਂ ਲਈ ਸਿੱਖੀ ਅਸੂਲਾਂ ਤੇ ਪਰੰਪਰਾਵਾਂ ਅਨੁਸਾਰ ਸੱਚਾ-ਸੁੱਚਾ, ਆਚਾਰ-ਵਿਹਾਰ ਤਾਂ ਵੰਡੇਗਾ ਹੀ ਪਰ ਇਸ ਸਕੱਤਰੇਤ ਉਤੇ ਰਾਹਿਨੁਮਾਈ ਦਾ ਅੰਕੁਸ਼ ਸ੍ਰੀ ਅਕਾਲ ਤਖਤ ਸਾਹਿਬ ਦਾ ਹੀ ਹੋਵੇ। ਅੱਜ ਪੰਜਾਬੀ ਹਿੰਦੂਆਂ ਲਈ ਖਾਲਿਸਤਾਨ ਇਕ ਹਊਆ ਹੈ। ਉਹ ਸੋਚਦੇ ਹਨ ਕਿ ਜਿਸ ਦਿਨ ਖਾਲਿਸਤਾਨ ਬਣ ਗਿਆ ਉਹਨਾਂ ਨੂੰ ਬਾਹੋਂ ਫੜ ਕੇ ਪੰਜਾਬੋਂ ਬਾਹਰ ਕੱਢ ਦਿੱਤਾ ਜਾਵੇਗਾ। ਅਜਿਹੇ ਭਰਮ-ਭੁਲੇਖਿਆਂ ਦੀ ਧੁੰਦ ਛਟਣੀ ਅਤਿਅੰਤ ਜ਼ਰੂਰੀ ਹੈ।

ਅੱਜ ਲੋੜ ਹੈ ਕਿ ਰਾਜਨੀਤੀ-ਵਿਸ਼ੇਸ਼ੱਗ ਸਿੱਖ-ਵਿੰਦਵਾਨ ਅੱਗੇ ਆਉਂਣ ਤੇ ਖਾਤਕੂਆਂ ਅਤੇ ਕੌਮ ਵਲੋਂ ਖਾਲਿਸਤਾਨ ਪ੍ਰਾਪਤ ਕਰਨ ਦੇ ਯਤਨਾਂ ਦੇ ਨਾਲ-ਨਾਲ ਨਿਆਰੇ ਖਾਲਸੇ ਦੇ ਇਸ ਨਿਆਰੇ ਦੇਸ਼ ਦਾ ਉਹ ਨਿਆਰਾ-ਸਰੂਪ ਤੇ ਵਿਧਾਨ ਘੜਨ ਜਿਸ ਅਨੁਸਾਰ ਪੰਜਾਬ ਅਥਵਾ ਖਾਲਿਸਤਾਨ ਵਿਚ ਸਾਰੇ ਰਲ ਮਿਲ ਵਸਣ ਤੇ ਨਿਆਰੇ-ਖਾਲਸੇ ਦਾ ਨਿਆਰਾਪਣ ਹੋਰ ਵੀ ਨਿੰਖਰ ਕੇ ਸੰਸਾਰ ਸਾਹਵੇਂ ਆਵੇ !

ਦੋ ਤਲਵਾਰੀਂ : ਪਹਿਲ ਪੀਰੀ ! ਦੋਮ-ਮੀਰੀ !!

ਪੀਵਹੁ ਪਾਹੁਲ ਖੰਡਿਧਾਰ ..... !!!

(ਸੰਤ)

ਹੁਣ ਹਾਲਾਤ ਦੀ ਦਲਦਲ 'ਚ ਪੰਥ ਦੀ ਖੁਭੀ ਕੱਢਣ ਲਈ ਸਿੱਖ ਆਪਣੇ ਇਤਿਹਾਸ ਤੇ ਨਜ਼ਰ ਮਾਰਕੇ ਆਪਣੀ ਮਾਨਸਿਕਤਾ ਅਨੁਸਾਰ ਇਕ ਹੀਲਾ ਵਰਤ ਕੇ ਨਿਸਚੇ ਹੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਸਕਦੇ ਹਨ। ਉਹ ਹੈ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਛਠਮ-ਪੀਰ 'ਗੁਰ-ਭਾਰੀ' ਦਾ ਸਿੱਖਾਂ ਨੂੰ ਬਖਸ਼ਿਆ ਹੋਇਆ 'ਮੀਰੀ-ਪੀਰੀ' ਦਾ ਸਿਧਾਂਤ ! ਮੌਜੂਦਾ ਹਾਲਾਤ ਵਿਚ ਸਿੱਖਾਂ ਨੂੰ ਦਲ-ਭੰਜਨ ਗੁਰ-ਸੂਰਮੇ ਦੀਆਂ ਇਹ ਦੋਵੇਂ ਤਲਵਾਰਾਂ ਵਰਤ ਕੇ ਹੀ ਗਤੀ ਅਥਵਾ ਪ੍ਰਾਪਤੀ ਹੋ ਸਕਣੀ ਹੈ। ਵਰਤਮਾਨ ਸਿੱਖ-ਸੰਘਰਸ਼ 'ਚ ਖੜੋਤ ਆ ਜਾਣ ਨਾਲ ਖਾਲਸਾ-ਰਾਜ ਦੀ ਪ੍ਰਾਪਤੀ ਹੀ ਪਿੱਛੇ ਨਹੀਂ ਪਈ ਸਗੋਂ ਸਿੱਖ-ਧਰਮ ਅਥਵਾ ਪੀਰੀ ਦੇ ਨੀਵੇਂ ਹੋ ਚਲੇ ਪਾਣੀਆਂ ਵਿਚ ਸੰਤ ਜਰਨੈਲ ਸਿੰਘ ਦੇ ਸਿੱਖ-ਮੰਚ ਉਤੇ ਆਉਣ ਨਾਲ ਉਮਾਹ ਤੇ ਆਸ ਦੀ ਜੋ ਇਕ ਕਾਂਗ ਚੁਤ ਆਈ ਸੀ ਤੇ ਪੰਜਾਬ ਦੀ ਜੂਹ ਵਿਚ ਜੋ ਕੇਸਰੀ ਫਸਲ ਲਹਿਰਾਉਣ ਲੱਗ ਪਈ ਸੀ, ਦਿੱਲੀ ਦੀ ਦਾਤੀ ਦੁਆਰਾ ਸੰਤਾਂ ਸਮੇਤ ਸਾਰੀ ਇਸ ਕੇਸਰੀ ਫਸਲ ਦੇ ਵੱਢੇ ਜਾਣ ਤੇ ਉਸ ਕਾਂਗ ਦੇ ਉਤਰਨ ਉਪਰੰਤ ਹੁਣ ਜੇ ਸਿੱਖ-ਜਦੋਜਹਿਦ ਦੀ ਗੱਲ ਸਿੱਖਾਂ ਨੇ ਅੱਗੇ ਤੋਰਨੀ ਹੈ ਤਾਂ ਉਹਨਾਂ ਨੂੰ ਪੀਰੀ ਅਥਵਾ ਧਰਮ ਵਾਲੀ ਗੱਲ ਪਹਿਲੋਂ ਜਗਾ ਕੇ ਮਗਰੋਂ ਉਸਦੇ ਨਾਲ ਮੀਰੀ ਅਥਵਾ ਬਾਦਸ਼ਾਹੀ ਵਾਲੀ ਗੱਲ ਵਿੱਢਣੀ ਪਏਗੀ। ਸੰਤ ਜਰਨੈਲ ਸਿੰਘ ਵਰਗੇ ਦਿਆਨਤਦਾਰ, ਦਲੇਰ ਅਤੇ ਗੁਰਬਾਣੀ-ਗੁੜ੍ਹੇ ਦਸਮੇਸ਼-ਦੁਲਾਰੇ ਵਿਚ ਵਰਤਮਾਨ ਸਮੇਂ ਇਕ ਤਰਾਂ ਸਿੱਖਾਂ ਦੀ ਪੀਰੀ ਪ੍ਰਗਟ ਹੋ ਗਈ ਸੀ। ਉਹਨਾਂ ਮੁਰਦਾ ਹੋ ਚਲੀ ਕੌਮ ਵਿਚ ਧਾਰਮਿਕ-ਜਜ਼ਬਾ ਜਗਾ ਕੇ ਇਕ ਨਵੀਂ ਰੂਹ ਫੂਕ ਦਿੱਤੀ ਸੀ। ਸਿੱਖ-ਲੀਡਰਸ਼ਿਪ ਦੀ ਅਗਿਆਨਤਾ, ਅਣਗਹਿਲੀ ਤੇ ਸੁਆਰਥ ਕਾਰਨ ਸਿੱਖ ਨੌਜਵਾਨਾਂ ਵਿਚ ਵਧ-ਵਿਆਪ ਰਹੀ ਨਾਸਤਿਕਤਾ ਦੀ ਲਹਿਰ ਨੂੰ ਉਹਨਾਂ ਅਜਿਹੀ ਨੱਥ ਪਾਈ ਕਿ ਸੰਤ ਜੀ ਦੇ ਸੁੱਚੇ-ਕਿਰਦਾਰ ਸਦਕਾ ਅਕਾਲੀਆਂ ਦੇ ਧੱਕੇ, ਕਾਂਗਰਸੀਆਂ ਦੇ ਕਾਬੂ ਕੀਤੇ ਤੇ ਸਿੱਖ-ਸਫਾਂ 'ਚੋਂ ਗੁੰਮਰਾਹ ਹੋ ਕੇ ਕਮਿਊਨਿਸਟ-ਨਕਸਲਬਾੜੀ ਸਫਾਂ 'ਚ ਨੱਸੇ ਨੌਜਵਾਨ ਉਹਨਾਂ ਉਦਾਲੇ ਆਣ ਇਕੱਤਰ ਹੋਏ। ਇਹ ਉਹਨਾਂ ਦਾ ਕੁਝ ਦਿਨਾਂ ਦਾ ਹੀ ਕ੍ਰਿਸ਼ਮਾ ਜਾਂ ਕਰਾਮਾਤ ਸੀ ! ਅੰਦਰੋਂ-ਬਾਹਰੋਂ ਦੁਸ਼ਮਣਾਂ 'ਚ ਘਿਰੇ ਸੰਤ ਜੀ ਕੋਲ ਸਮਾਂ ਹੀ ਕਿੰਨਾ ਕੁ ਸੀ ? ਪਰ ਉਹ ਸਿੱਖਾਂ ਸਾਹਵੇਂ ਪੀਰੀ ਅਥਵਾ ਧਰਮ ਨੂੰ ਪੂਰੀ ਤਰਾਂ ਪ੍ਰਜਵੱਲਿਤ ਕਰ ਗਏ ਤੇ ਸਿੱਖਾਂ ਦੇ ਰਾਜ ਅਥਵਾ ਮੀਰੀ ਦੀ ਗੱਲ ਦਾ ਸੰਕੇਤ ਵੀ ਸਿੱਖਾਂ ਲਈ ਛੋਡ ਗਏ। ਪਰ ਉਹਨਾਂ ਤੋਂ ਮਗਰੋਂ ਇਸ ਮੀਰੀ ਨੂੰ ਪ੍ਰਾਪਤ ਕਿਸ ਨੇ ਕਰਨਾ ਸੀ ? ਪੰਜਾਬ 'ਚ ਬੈਠੇ ਅਕਾਲੀਆਂ ਨੇ ? ਕਾਂਗਰਸੀਆਂ ਨੇ ? ਕਮਿਊਨਿਸਟਾਂ ਨੇ ? ਇਹ ਤਿੰਨੇ ਧਿਰਾਂ ਤਾਂ ਇਸ ਮਸਲੇ ਤੇ ਸਨ ਹੀ ਪਹਿਲੋਂ ਤੋਂ ਦਿੱਲੀ ਨਾਲ। ਇਸਦੀ ਪੰਜਾਲੀ ਮੋਢੀਂ ਪਾਉਂਣੀ ਸੀ ਕੇਸਰੀ-ਕਾਫਲੇ ਨੇ! ਤੇ ਇਹ ਕੇਸਰੀ-ਕਾਫਲਾ ਇਕ ਵੱਡੀ ਤਾਕਤ ਵਲੋਂ ਸਿੱਖਾਂ ਦੀ ਗੈਰਤ ਵੰਗਾਰ ਦੇਣ ਨਾਲ ਅਜਿਹੀ ਬੀਰਤਾ ਤੇ ਅਣਖ ਦੇ ਜਜ਼ਬੇ ਨਾਲ ਜਲਦਬਾਜ਼ੀ 'ਚ ਇਸ ਕਦਰ ਜੂਝਿਆ ਕਿ ਕੁਰਬਾਨ ਹੋ ਗਿਆ! ਜੋ ਫਸਲ ਸੰਤ ਜਰਨੈਲ ਸਿੰਘ ਨੇ ਸਿੱਖਾਂ ਦੇ ਖੱਤੇ ਅਥਵਾ ਖਿੱਤੇ ਪੰਜਾਬ ਵਿਚ ਬੀਜੀ ਸੀ ਉਹ ਤਾਂ ਕੇਂਦਰ ਨੇ ਵੱਢ ਦਿੱਤੀ ਪਰ ਕੌਮ ਲਈ ਉਸਦੀ ਕੁਰਬਾਨੀ ਦੇ ਫਲ ਦਾ ਬੋਹਲ ਕਿਸ ਨੇ ਬਣਾਉਂਣਾ ਤੇ ਸਾਂਭਣਾ ਸੀ ? ਪੰਜਾਬ ਦਾ ਖਲਵਾੜਾ ਸੁੰਞ-ਮਸਾਣ ਬਣ ਗਿਆ। ਪਰ ਜੇ ਹੁਣ ਪਿਛੇ ਜਿਹੇ ਹੀ ਵਾਪਰੇ ਇਸ ਸਾਕੇ, ਸੰਤ ਜਰਨੈਲ ਸਿੰਘ ਜੀ ਦੀ ਸ਼ਹੀਦੀ ਤੇ ਉਹਨਾਂ ਦੇ ਸਿੱਖ-ਮੰਜ਼ਿਲ ਸਬੰਧੀ ਕਹੇ ਸ਼ਬਦਾਂ ਤੋਂ ਰੌਸ਼ਨੀ ਲੈ ਕੇ ਸਿੱਖਾਂ ਨੇ ਰਾਜ-ਭਾਗ ਪ੍ਰਾਪਤ ਕਰਨਾ ਹਨ ਤਾਂ ਉਹ ਅਵੱਸ ਕਰ ਸਕਦੇ ਹਨ!

ਸਰਕਾਰੀ ਸਾਜ਼ਿਸ਼ਾਂ, ਨੌਜਾਵਾਨਾਂ ਦੀ ਨਾ-ਤਜ਼ਰਬਾਕਾਰੀ ਤੇ ਕੌਮ ਦੇ ਅਵੇਸਲੇ ਰਹਿਣ ਕਾਰਨ ਸਿੱਖ-ਸੰਘਰਸ਼ ਨੂੰ ਨਿਸਚੇ ਹੀ ਸੱਟ ਵੱਜੀ ਹੈ। ਮਨੁੱਖਾਂ ਤੇ ਕੌਮਾਂ ਕੋਲੋਂ ਸੰਘਰਸ਼ਾਂ-ਇਨਕਲਾਬਾਂ ਵਿਚ ਗਲਤੀਆਂ ਹੋ ਹੀ ਜਾਇਆ ਕਰਦੀਆਂ ਹਨ ਪਰ ਮਨੁੱਖ ਤੇ ਕੌਮਾਂ ਇਹਨਾਂ ਤੋਂ ਸਬਕ ਲੈ ਕੇ ਹੀ ਉਠਦੇ ਤੇ ਅੱਗੇ ਵਧਦੇ ਹਨ। ਸਿੱਖ-ਸੰਘਰਸ਼ ਦੌਰਾਨ ਹੋਈਆਂ ਗਲਤੀਆਂ ਕਾਰਨ ਉਦਾਸ-ਨਿਰਾਸ਼ ਹੋ ਕੇ, ਬੇਅੰਤ ਘਰਾਂ ਦੇ ਚਰਾਗ ਗੁੱਲ ਕਰਵਾ ਕੇ ਤੇ ਆਪਣੇ ਹੀਰੇ-ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਘੱਟੇ ਰੋਲ ਕੇ ਅੱਜ ਆਪਣੀ ਸੁਤੰਤਰ ਸਿੱਖ-ਰਾਜ ਦੀ ਮੰਜ਼ਿਲ ਨੂੰ ਵਿਸਾਰ ਦੇਣਾ ਸਿੱਖਾਂ ਲਈ ਕਿਵੇਂ ਵੀ ਠੀਕ ਨਹੀਂ। ਸਗੋਂ ਚਾਹੀਦਾ ਇਹ ਹੈ ਕਿ ਉਹ ਆਪਣੀਆਂ ਗਲਤੀਆਂ ਦੀ ਪੜਤਾਲ-ਪੜਚੋਲ ਕਰਕੇ ਤੇ ਉਹਨਾਂ ਨੂੰ ਸੁਧਾਰ ਕੇ ਨਵੀਂ-ਨੁਹਾਰ ਨਾਲ ਤਿਆਰ ਹੋ ਸਿੱਖੀ-ਮੰਜ਼ਿਲ ਵਲ ਅੱਗਰਸਰ ਹੋਣ। ਅੱਜ ਲੋੜ ਹੈ ਕਿ ਸੰਤ ਜੀ ਦੀ ਜਗਾਈ ਪੀਰੀ ਅਥਵਾ ਧਰਮ ਦੀ ਜੋਤ ਨੂੰ ਜਗਾ ਕੇ ਤੇ ਮੀਰੀ ਦੀ ਮੰਜ਼ਿਲ ਨੂੰ ਮੱਥੇ ਵਿਚ ਰੱਖ ਕੇ ਸਹੀ ਦਿਸ਼ਾ ਵਿਚ ਸਾਵਧਾਨੀ ਨਾਲ ਤੁਰਿਆ ਜਾਵੇ।

ਸੰਤ ਜੀ ਸਿੱਖਾਂ ਦੀ ਇਕ ਸਤਿਕਾਰ-ਯੋਗ ਧਾਰਮਿਕ-ਸ਼ਖਸੀਅਤ ਸਨ। ਆਪ ਨੀਤੀਵਾਨ ਜਾਂ ਰਾਜਨੀਤਿਕ-ਵਿਅਕਤੀ ਨਹੀਂ ਸਨ ਸਗੋਂ ਰਾਜਨੀਤਿਕ-ਲੋਕਾਂ ਨੇ ਤਾਂ ਉਹਨਾਂ ਨੂੰ ਵਰਤ ਕੇ, ਆਪਣੇ ਰਾਹ ਦਾ ਰੋੜਾ ਸਮਝ ਬਿਲੇ ਲਾ ਦਿੱਤਾ ਤੇ ਕੌਮ ਨਾਲ ਇਕ ਵੱਡਾ ਧ੍ਰੋਹ ਕਮਾਇਆ। ਪਰ ਸੰਤ ਜੀ ਕੌਮ ਲਈ ਪੀਰੀ ਅਥਵਾ ਧਰਮ ਦੀ ਇਕ ਧਰਾਤਲ ਬਣਾ ਗਏ। ਹੁਣ ਜੇ ਇਸ ਧਰਾਤਲ ਤੇ ਸਾਬਤ-ਕਦਮੀ ਨਾਲ ਖੜ ਕੇ, ਸਮੇਂ ਦੇ ਹਾਣ ਦੇ ਹੋ ਕੇ ਸਿੱਖ, ਸੰਤਾਂ ਦੀ ਸੁਝਾਈ-ਦਿਸ਼ਾ ਵਿਚ 'ਮੀਰੀ' ਅਥਵਾ ਆਪਣਾ ਸੁਤੰਤਰ ਸਿੱਖ-ਰਾਜ ਲੈਣ ਦੀ ਛਾਲ ਮਾਰਨ ਤਾਂ ਪੰਜਾਬ ਦੀ ਧਰਤੀ ਉਤੇ ਖਾਲਿਸਤਾਨ ਦੀ ਸਥਾਪਤੀ ਨੂੰ ਦੁਨੀਆਂ ਦੀ ਕੋਈ ਤਾਕਤ ਵੀ ਕਦਾਚਿਤ ਰੋਕ ਨਹੀਂ ਸਕਦੀ!

ਖਾਲਿਸਤਾਨ ਅਥਵਾ ਸਿੱਖ-ਰਾਜ ਦੀ ਜ਼ਰੂਰਤ ਤਾਂ ਹੀ ਮਹਿਸੂਸ ਕੀਤੀ ਗਈ ਕਿਉਂਕਿ ਭਾਰਤ ਵਿਚ ਸਿੱਖੀ ਦੀ ਹੋਂਦ ਸੁਰੱਖਿਅਤ ਰਹਿੰਦੀ ਪ੍ਰਤੀਤ ਨਹੀਂ ਹੋ ਆਉਂਦੀ ਤਾਂ ਕਿ ਇਸਨੂੰ ਸੁਰੱਖਿਅਤ ਰੱਖਿਆ ਜਾ ਸਕੇ। ਸੋ ਜੇ ਸਿੱਖ-ਰਾਜ ਸਿੱਖੀ-ਹੋਂਦ ਨੂੰ ਸੁਰੱਖਿਅਤ ਰੱਖਣ ਲਈ ਲੈਣਾ ਹੈ ਤੇ ਇਸਤੋਂ ਬਿਨਾਂ ਰਾਜ ਸੁਰੱਖਿਅਤ ਰਹਿ ਵੀ ਨਹੀਂ ਸਕਦਾ :-

ਤਬ ਇਮ ਭਨਯੋ ਗਰੀਬ ਨਿਵਾਜ।
ਸਸਤ੍ਰਨ ਕੇ ਅਧੀਨ ਹੈ ਰਾਜ।
ਕੋਊ ਕਿਸੀ ਕੋ ਰਾਜ ਨਾ ਦੈ ਹੈ।
ਜੋ ਲੈ ਹੈ ਨਿਜ ਬਲ ਤੇ ਲੈ ਹੈ।
ਰਾਜ ਬਿਨਾ ਨਹਿੰ ਧਰਮ ਚਲੈ ਹੈ।
ਧਰਮ ਬਿਨਾ ਸਭ ਦਲੈ ਮਲੈ ਹੈ। (ਗੁਰ ਬਿਲਾਸ ਪਾ: ੧੦)

ਤਾਂ ਅੱਜ ਜ਼ਰੂਰਤ ਹੈ ਕਿ ਸਿੱਖ-ਰਾਜ ਲੈਣ ਦੀ ਲੜਾਈ ਲੜਨ ਲਈ, ਦੇਸ਼-ਵਿਦੇਸ਼ ਵਿਚ, ਲਗਪਗ ਇਕ ਸਦੀ ਪਹਿਲੋਂ ਸਿੱਖੀ ਉਤੇ ਹੁੰਦੇ ਚੁਪਾਸੜ ਹਮਲਿਆਂ ਨੂੰ ਰੋਕਣ ਲਈ ਚਲਾਈ ਗਈ ਸਿੰਘ-ਸਭਾ ਲਹਿਰ ਵਰਗੀ ਇਕ ਜਬਰਦਸਤ ਤੇ ਜ਼ੋਰਦਾਰ ਲਹਿਰ ਚਲਾਈ ਜਾਵੇ।

ਕਿੰਨਾ ਚੰਗਾ ਹੋਵੇ ਜੇ ਕੌਮ ਵਿਚ ਪਸਰ ਰਹੀ ਨਿਰਾਸਤਾ ਦੇ ਨਿਘਾਰ ਨੂੰ ਇਕ ਉਭੱਰਾ ਵਿਚ ਬਦਲ ਦੇਣ ਲਈ ਚਲਾਈ ਜਾਣ ਵਾਲੀ ਇਸ ਲਹਿਰ-ਤਹਿਤ ਖਾਲਸਾ ਆਪਣੇ 300ਵੇਂ ਜਨਮ ਸਾਲ 1999 ਨੂੰ ਸੰਸਾਰ ਭਰ ਵਿਚ 'ਅੰਮ੍ਰਿਤ-ਸੰਚਾਰ ਸਾਲ' ਵਜੋਂ ਮਨਾਵੇ। ਇਸ ਅਧੀਨ ਦੇਸ-ਪਰਦੇਸ ਵਿਚਲੇ ਸਹਿਜਧਾਰੀ ਅਵਸਥਾ 'ਚ ਵਿਚਰਦੇ ਸਿੱਖਾਂ ਨੂੰ ਪਿਆਰ ਅਤੇ ਪਰੇਰਨਾ ਨਾਲ ਕੇਸਰੀ-ਪਰਚਮ ਹੇਠ ਅਥਵਾ ਆਪਣੇ ਘਰ ਮੋੜ ਲਿਆਂਦਾ ਜਾਵੇ ਅਤੇ ਦੇਸ ਪ੍ਰਦੇਸ ਵਿਚ ਯੂਨੀਵਰਸਿਟੀਆਂ ਤੇ ਉਚ-

ਅਦਾਰਿਆਂ ਵਿਚ ਉਚ-ਅਹੁਦਿਆਂ ਤੇ ਨਿਯੁਕਤ ਵਿਗਿਆਨੀਆਂ, ਪ੍ਰਫੈਸਰਾਂ, ਇੰਜਨੀਅਰਾਂ, ਡਾਕਟਰਾਂ ਤੇ ਰੀਸਰਚ-ਸਕਾਲਰਾਂ ਨੂੰ ਕ੍ਰਿਪਾਨਧਾਰੀ ਕਰਨ ਲਈ ਪ੍ਰਯਤਨ ਕੀਤੇ ਜਾਣ। ਚੁਰਾਸੀ ਦੇ ਘੱਲੂਘਾਰੇ ਉਪਰੰਤ ਵੀ ਅੱਜ ਕਈ ਦੇਸ਼ਾਂ ਵਿਚ ਬਹੁਤੇ ਲੋਕਾਂ ਨੂੰ ਸਿੱਖਾਂ ਜਾਂ ਸਿੱਖ-ਧਰਮ ਬਾਰੇ ਕੋਈ ਪਤਾ ਨਹੀਂ। ਲੋਕ-ਅੱਖਾਂ ਸਾਹਮਣੇ ਇਹ ਨਿਤਾਰਾ ਉਸ ਦਿਨ ਹੋਏਗਾ ਜਿਸ ਦਿਨ ਇਹ ਪੜ੍ਹੇ-ਲਿਖੇ ਲੋਕ ਸਿਰਫ ਦਸਤਾਰਧਾਰੀ ਹੀ ਨਹੀਂ ਕ੍ਰਿਪਾਨਧਾਰੀ ਵੀ ਹੋ ਵਿਚਰਨਗੇ ਤੇ ਸਿੱਖੀ ਦੇ ਅਧਿਅਨ-ਅਧਿਆਪਨ ਦਾ ਕੰਮ ਆਪਣੇ ਹੱਥਾਂ ਵਿਚ ਲੈ ਕੇ ਸਿੱਖੀ ਦੀ ਨਵੀਂ-ਨੁਹਾਰ ਸੰਸਾਰ 'ਚ ਲੋਕਾਂ ਸਾਹਵੇਂ ਨਿਖਾਰ ਸਕਣਗੇ। ਕੌਮ ਉਤੇ ਇਸ ਬਿਖੜੇ ਸਮੇ ਵੀ ਸਿੱਖ, ਖਾਸਕਰ ਪ੍ਰਦੇਸਾਂ ਵਿਚ ਸ਼ਾਨਦਾਰ-ਆਲੀਸ਼ਾਨ ਇਮਾਰਤਾਂ ਵਾਲੇ ਗੁਰਦੁਆਰੇ ਉਸਾਰ ਰਹੇ ਹਨ। ਨਿਸਚੇ ਹੀ ਇਹ ਸ਼ਲਾਘਾਯੋਗ ਉਦਮ ਹੈ ਇਸ ਨਾਲ ਸਿੱਖ-ਧਰਮ ਦੀ ਸ਼ਾਨ ਵਧਦੀ ਹੈ ਪਰ ਸਿੱਖ ਆਪਣੀਆਂ ਨਵੀਆਂ-ਪੀਹੜੀਆਂ ਅਤੇ ਸੰਸਾਰ ਦੇ ਲੋਕਾਂ ਨੂੰ ਸਿੱਖੀ ਬਾਰੇ ਉਦੋਂ ਹੀ ਦੱਸ ਸਕਣਗੇ ਜਦੋਂ ਪੜ੍ਹੇ-ਲਿਖੇ ਸਿੱਖ-ਵਿਦਵਾਨ ਤੇ ਬੁੱਧੀਮਾਨ ਆਪਣੇ ਆਪ ਨੂੰ ਸਿੱਖ-ਧਰਮ ਦੇ ਪ੍ਰਚਾਰਕ, ਗ੍ਰੰਥੀ ਤੇ ਕਥਾਕਾਰ ਬਣਨ-ਦੱਸਣ ਵਿਚ ਮਾਣ ਮਹਿਸੂਸ ਕਰਨਗੇ। ਅੱਜ ਸਿੱਖੀ-ਪ੍ਰਚਾਰ ਵਰ੍ਹਿਆਂ ਸਦੀਆਂ ਲੰਘ ਜਾਣ ਉਪਰੰਤ ਵੀ ਸੰਪਰਦਾਈ ਟੀਕਿਆਂ, ਸ਼ਰਧਾਵੱਸ ਲਿਖੀਆਂ ਪ੍ਰਚੱਲਤ-ਕਥਾਵਾਂ ਤੇ ਗੈਰ-ਸਿੱਖਾਂ ਵਲੋਂ ਲਿਖੇ ਇਤਿਹਾਸਕ-ਹਵਾਲਿਆਂ ਤੇ ਹੀ ਆਸਰਿਤ ਤੇ ਆਧਾਰਿਤ ਹੈ। ਅਸੀਂ ਨਵੇਂ ਸਮੇਂ ਤੇ ਸਥਿਤੀ ਅਨੁਸਾਰ ਸਿੱਖੀ ਦੀ ਵਿਆਖਿਆ ਤਾਂ ਮੂਲੋਂ ਹੀ ਨਹੀਂ ਕਰ ਸਕੇ। ਅਸੀਂ ਸਿੱਖ , ਸਿੱਖੀ ਦੀ ਸਰੀਰ-ਰੂਪੀ ਇਮਾਰਤ ਉਸਾਰਨ ਲਈ ਤਾਂ ਲੱਖਾਂ ਕਰੋੜਾਂ ਡਾਲਰ-ਪੌਂਡ ਵੀ ਚਾਂਈ-ਚਾਂਈ ਖਰਚ ਕਰ ਸਕਦੇ ਹਾਂ ਪਰ ਜਦ ਗੱਲ ਸਿੱਖੀ-ਆਤਮਾ ਅਥਵਾ ਗਿਆਨ ਦੇ ਪ੍ਰਕਾਸ਼ ਦੀ ਆਉਂਦੀ ਹੈ ਤਾਂ ਯੋਗ-ਗ੍ਰੰਥੀ ਰੱਖਣ ਲਈ ਦਾਸੇ-ਪਾਂਜੇ ਦਾ ਸਰਫਾ ਕਰਨ ਦੀ ਵੀ ਸਿਆਣਪ ਸੋਚਦੇ ਹਾਂ। ਗੁਰੂ ਘਰਾਂ ਦੇ ਸਤਿਕਾਰ ਯੋਗ ਵਜ਼ੀਰਾਂ, ਗ੍ਰੰਥੀਆਂ ਅਤੇ ਧਾਰਮਿਕ-ਅਦਾਰਿਆਂ 'ਚ ਮਿਲਦੇ ਗਿਣੇ-ਚੁਣੇ ਸਿੱਖ-ਵਿਦਵਾਨਾਂ ਦਾ ਜੋ ਆਦਰ ਸਾਡੇ ਗੁਰਦੁਆਰਿਆਂ ਵਿਚ ਸਿੱਖੀ-ਪਰੰਪਰਾਵਾਂ ਦੇ ਵਿਪਰੀਤ ਟਰਾਂਸਪੋਰਟ-ਕੰਪਨੀਆਂ ਦੇ ਸ਼ੇਅਰ-ਹੋਲਡਰਾਂ ਵਾਂਗ ਬਣੇ ਡਾਇਰੈਕਟਰ ਜਾਂ ਟਰੱਸਟੀ ਅੱਜ ਕਰ ਰਹੇ ਹਨ ਇਹ ਸਿੱਖਾਂ ਦੇ ਸਾਹਮਣੇ ਹੈ। ਮੈਂ ਆਪਣੀਆਂ ਇਹਨਾਂ ਅੱਖਾਂ ਨਾਲ ਸਿੱਖਾਂ ਦੀ ਸ਼੍ਰੋਮਣੀ ਧਾਰਮਿਕ-ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਿੱਖ-ਇਤਿਹਾਸ ਰੀਸਰਚ ਬੋਰਡ ਵਿਚ ਕੰਮ ਕਰਦੇ ਗਰੀਬ ਕਲਮੀ-ਕਾਮੇ ਤੇ ਕੌਮ ਦੇ ਮਹਾਨ ਖੋਜੀ ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਨੂੰ ਢਾਈ-ਢਾਈ ਆਨੇ ਦੇ ਅਨਪੁਤ ਗੱਵਾਰ ਤੇ ਜਾਹਲ ਜਥੇਦਾਰ, ਤਲਵੰਡੀ-ਮਾਰਕਾ ਟਕਸਾਲੀ-ਭਾਸ਼ਾ ਵਿਚ ਤ੍ਰੂੰ-ਤ੍ਰੂੰ ਤ੍ਰੂੰਏ-ਤ੍ਰੂੰਏ ਕਰਦੇ ਆਪਣੀਆਂ ਅੱਖਾਂ ਨਾਲ ਵੇਖੇ ਤੇ ਆਪਣੇ ਕੰਨਾਂ ਨਾਲ ਸੁਣੇ ਹਨ। ਸਿੱਖਾਂ ਦੀ ਸਰਬੋਤਮ ਧਾਰਮਿਕ-ਸੰਸਥਾ ਸ਼੍ਰੋਮਣੀ ਕਮੇਟੀ ਪ੍ਰਦੇਸ ਵਿਚ ਤਾਂ ਕੀ ਪੌਣੀ ਸਦੀ ਬਾਅਦ ਪੰਜਾਬ ਵਿਚਲੇ ਗੁਰਦੁਆਰਿਆਂ ਲਈ ਗ੍ਰੰਥੀ, ਗੁਰਮਤਿ-ਪ੍ਰਚਾਰਕ ਪੈਦਾ ਕਰਨ ਵੱਲ ਧਿਆਨ ਨਹੀਂ ਦੇ ਸਕੀ। ਇਹ ਕਾਰਜ ਹੁਣ ਤੱਕ ਦਮਦਮੀ-ਟਕਸਾਲ ਅਥਵਾ ਭਿੰਡਰਾਂ ਵਾਲੀ ਸੰਪਰਦਾ ਅਤੇ ਹੁਣ ਗੁਰਮਤਿ ਕਾਲਿਜ ਪਟਿਆਲਾ ਵਰਗੀਆਂ ਸੰਸਥਾਵਾਂ ਦੇ ਸਹਾਰੇ ਹੀ ਚੱਲ ਰਿਹਾ ਹੈ।

ਅੱਜ ਸਿੱਖਾਂ ਨੂੰ ਉਹਨਾਂ ਦੇ ਧਾਰਮਿਕ ਤੇ ਇਤਿਹਾਸਕ-ਵਿਰਸੇ ਦਾ ਚਾਨਣ ਵੰਡ ਕੇ ਜਾਗਰੂਕ ਤੇ ਜਾਗ੍ਰਿਤ ਕਰਨ ਲਈ ਪੰਥਕ-ਸੋਚ ਵਾਲੇ ਦਲੇਰ-ਵਿਦਵਾਨਾਂ ਦੀ ਜ਼ਰੂਰਤ ਹੈ ਜੋ ਸਿੱਖ-ਧਰਮ ਤੇ ਸਿੱਖ-ਇਤਿਹਾਸ ਨੂੰ ਖੋਜ ਕੇ ਨਵੀਂ ਰੌਸ਼ਨੀ ਵਿਚ ਸਿੱਖਾਂ ਅਤੇ ਸੰਸਾਰ ਸਾਹਵੇਂ ਪ੍ਰਚਾਰਨ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚਲੇ ਅਖੋਤੀ-ਵਿਦਵਾਨ ਇਹ ਕਾਰਜ ਕਦੇ ਨਹੀਂ ਕਰ ਸਕਣਗੇ, ਕਿਉਂਕਿ ਯੂਨੀਵਰਸਿਟੀਆਂ ਨੂੰ ਗਰਾਂਟ ਤਾਂ ਦਿੱਲੀ 'ਚ ਬੈਠੇ ਯੂਨੀਵਰਸਿਟੀ-ਗਰਾਂਟਸ ਕਮਿਸ਼ਨ ਤੋਂ ਮਿਲਣੀ ਹੈ। ਤੇ ਇਹਨਾਂ ਅਖੋਤੀ-ਵਿੰਦਵਾਨਾਂ ਦੇ ਹੱਥ-ਪੈਰ ਤੇ ਮੂੰਹ ਨੌਕਰੀਆਂ-ਤਰੱਕੀਆਂ ਤੇ ਰੋਜ਼ੀ ਲਈ ਦਿੱਲੀ ਦੇ ਬ੍ਰੂਨੇ ਹੋਏ ਹਨ। ਉਹ ਜ਼ਿਹਨੀ-ਗੁਲਾਮੀ ਕਾਰਨ ਕੋਈ ਅਜਿਹੀ ਸੱਚੀ ਗੱਲ ਜਾਂ ਤੱਥ ਨਹੀਂ ਲਿਖ ਸਕਣਗੇ ਜੋ ਸਿੱਖਾਂ ਦੇ ਹਿਤ ਵਿਚ ਜਾਵੇ, ਪਰ ਦਿੱਲੀ ਵਾਲਿਆਂ ਦਾ ਦਿਲ ਦੁਖਾਵੇ। ਪੰਜਾਬ ਭਾਸ਼ਾ-ਵਿਭਾਗ ਦਾ ਵੀ ਇਹੋ ਹਾਲ ਹੈ। ਸ਼੍ਰੋਮਣੀ ਕਮੇਟੀ ਤੋਂ ਤਾਂ ਇਸ ਖੇਤਰ ਵਿਚ ਆਸ ਰੱਖਣੀ ਹੀ ਵਿਅਰਥ ਹੈ! ਇਸ ਸਬੰਧ ਵਿਚ ਇਕ ਮਿਸਾਲ ਪਾਠਕਾਂ ਸਾਹਵੇਂ ਰੱਖ ਰਿਹਾ ਹਾਂ ਜਿਸ ਤੋਂ ਉਹ

ਆਪ ਹੀ ਅੰਦਾਜ਼ਾ ਲਾ ਸਕਣਗੇ ਕਿ ਟੌਹੜੇ ਦੀ ਜੱਥੇਦਾਰੀ ਹੇਠਾਂ ਸ਼੍ਰੋਮਣੀ ਕਮੇਟੀ ਅੱਜ ਸਿੱਖਾਂ ਦੇ ਸੱਚ ਨਾਲ ਖੜੀ ਹੈ ਜਾਂ ਦਿੱਲੀ ਨਾਲ। ਮੇਰੇ ਇਕ ਪੰਜਾਬੋਂ ਆਏ ਮਿੱਤਰ ਮੇਰੇ ਲਈ ਸ਼੍ਰੋ: ਗੁ: ਪ੍ਰ: ਕਮੇਟੀ ਦੀ ਛਾਪੀ 1994 ਦੀ ਡਾਇਰੀ ਤੋਹਫੇ ਵਜੋਂ ਮੈਨੂੰ ਦੇ ਗਏ। ਇਸਦਾ ਆਰੰਭਕ-ਸੰਦੇਸ਼ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਟੌਹੜੇ ਵਲੋਂ ਲਿਖਿਆ (ਨਹੀਂ, ਸ: ਪ੍ਰਿੰ: ਸਤਿਬੀਰ ਸਿੰਘ ਤੋਂ ਲਿਖਵਾਇਆ !) ਗਿਆ ਹੈ। ਇਸ ਵਿਚ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਦੇ ਸਿੱਖ-ਸ਼ਹੀਦਾਂ ਦੀਆਂ ਤਸਵੀਰਾਂ ਤੇ ਉਹਨਾਂ ਦੇ ਸਾਕਿਆਂ ਨਾਲ ਸਬੰਧਤ ਸਥਾਨਾਂ ਦੀਆਂ ਤਸਵੀਰਾਂ ਹਨ। ਪਰ ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਇਸ ਡਾਇਰੀ ਵਿਚ ਨਿਰਸੰਦੇਹ ਜੂਨ, 84 'ਚ ਅਕਾਲ ਤਖਤ ਸਬੰਧੀ ਵਾਪਰੇ ਸਾਕੇ ਦਾ ਸੰਖਿਪਤ-ਵੇਰਵਾ ਤਾਂ ਹੈ ਪਰ ਡਾਇਰੀ ਵਿਚਲੇ ਹੋਰ ਸਾਕਿਆਂ ਵਾਂਗ ਇਸ ਸਦੀ 'ਚ ਕੌਮ ਨੂੰ ਜਗਾਉਣ ਵਾਲੇ ਸੰਤ ਜਰਨੈਲ ਸਿੰਘ ਦੀ ਤਸਵੀਰ ਤਾਂ ਦੂਰ ਰਹੀ ਉਹਨਾਂ ਦਾ ਨਾਂ ਤੱਕ ਨਹੀਂ ਦਿੱਤਾ ਗਿਆ। ਜੇ ਸ਼੍ਰੋਮਣੀ ਕਮੇਟੀ ਵਰਗੀ ਸਿੱਖ-ਸੰਸਥਾ ਅੱਜ ਸਿੱਖਾਂ ਦੀਆਂ ਅੱਖਾਂ ਸਾਹਮਣੇ ਵਾਪਰੇ ਇਸ ਸਾਕੇ ਦੇ ਤੱਥਾਂ ਨੂੰ ਸਿੱਖਾਂ ਲਈ ਛਾਪਣ ਤੋਂ ਘਬਰਦੀ ਹੈ ਤਾਂ ਯੂਨੀਵਰਸਿਟੀਆਂ 'ਚ ਨੌਕਰੀਆਂ ਕਰਦੇ ਇਕੱਲੇ-ਕਹਿਰੇ ਵਿਦਵਾਨਾਂ ਤੋਂ ਸਿੱਖਾਂ ਸਬੰਧੀ ਸੱਚ ਲਿਖਣ ਦੀ ਕਿਵੇਂ ਆਸ ਕੀਤੀ ਜਾ ਸਕਦੀ ਹੈ? ਕਹਿਣ ਦਾ ਭਾਵ ਹੈ ਕਿ ਅੱਜ ਸਿੱਖਾਂ ਵਿਚ ਪੀਰੀ ਅਥਵਾ ਧਰਮ ਦੀ ਧੂਣੀ ਧੁਖਾਉਣ ਲਈ ਉਹਨਾਂ ਦਾ ਧਾਰਮਿਕ-ਇਤਿਹਾਸਕ ਵਿਰਸਾ ਉਹਨਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ। ਤੇ ਜੇ ਇਹ ਉਪਰਾਲਾ ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਬੁੱਧੀਜੀਵੀ ਤੇ ਸ਼੍ਰੋਮਣੀ ਕਮੇਟੀ ਨਹੀਂ ਕਰ ਸਕਦੇ ਤਾਂ ਇਹ ਅੱਜ ਇਹ ਜ਼ਿਮੇਵਾਰੀ ਵਿਦੇਸ਼ਾਂ 'ਚ ਬੈਠੇ ਮਾਇਕ-ਵਸੀਲਿਆਂ ਵਿਚ ਸਮਰੱਥ ਸਿੱਖਾਂ ਨੂੰ ਚੱਕਣੀ ਚਾਹੀਦੀ ਹੈ। ਉਹਨਾਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਇਹ ਉਦਮ ਕਰਨ ਕਿ ਇੰਗਲੈਂਡ ਵਿਚ ਲੰਡਨ, ਕੈਨੇਡਾ ਵਿਚ ਟਰਾਂਟੋ ਤੇ ਅਮਰੀਕਾ ਵਿਚ ਨਿਊਯਾਰਕ ਜਾਂ ਕੈਲੇਫੋਰਨੀਆਂ ਦੇ ਬੇ-ਏਰੀਏ ਆਦਿ ਵਿਚ ਜਿਥੇ ਕਿ ਸਿੱਖਾਂ ਦੀ ਘਣੀ ਵਸੋਂ ਹੈ, ਤੁਰੰਤ ਤਿੰਨ ਸਿੱਖ-ਸੈਂਟਰ ਸਥਾਪਤ ਕਰਕੇ ਇਹਨਾਂ ਵਿਚ ਸਿੱਖ-ਧਰਮ ਤੇ ਇਤਿਹਾਸ ਨਾਲ ਸਬੰਧਤ ਪੁਸਤਕਾਂ ਦੇ ਭੰਡਾਰ ਭਰਨ। ਇਹਨਾਂ ਤਿੰਨਾਂ ਥਾਂਵਾਂ ਉਤੇ ਅਜਿਹੇ ਸਿੱਖ-ਵਿੰਦਵਾਨ ਛਾਂਟ-ਚੁਣ ਕੇ ਨਿਯੁਕਤ ਕਰਨ ਜਿਹਨਾਂ ਦਾ ਮੁੱਖ ਕੰਮ ਸਿੱਖ-ਇਤਿਹਾਸ ਦੀ ਖੋਜ ਕਰਨਾ ਹੋਵੇ। ਪਰ ਸ਼ਰਤ ਇਹ ਕਿ ਇਹ ਮਨੁੱਖ ਵਰਤਮਾਨ ਸਿੱਖ-ਸੰਘਰਸ਼ ਦੇ ਸਿੱਕੇਬੰਦ-ਹਾਮੀ ਤੇ ਹਮਾਇਤੀ ਹੋਣ। ਉਹ ਵਿਸ਼ੇਸ਼ ਤੌਰ ਤੇ ਇਸ ਪ੍ਰਸਥਿੱਤੀ ਵਿਚ ਸਿੱਖਾਂ ਦਾ ਇਤਿਹਾਸਕ-ਵਿਰਸਾ ਆਪ ਖੋਜਣ ਤੇ ਇਸ ਬਾਰੇ ਗੁਰਦੁਆਰਿਆਂ ਦੇ ਦੀਵਾਨਾਂ ਤੇ ਅਖਬਾਰਾਂ ਰਾਹੀਂ ਸਿੱਖਾਂ ਨੂੰ ਸਿਖਿਅੱਤ ਕਰਨ। ਇਹਨਾਂ ਤਿੰਨਾਂ ਕੇਂਦਰਾਂ ਨੂੰ ਸੰਘਰਸ਼-ਪੱਖੀ ਸਿੱਖ ਇਸ ਸਬੰਧ ਵਿਚ ਹੋਣ ਵਾਲੀਆਂ ਵਿਚਾਰ-ਗੋਸ਼ਟੀਆਂ ਲਈ ਵੀ ਵਰਤ ਸਕਦੇ ਹਨ।

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਉਪਰ-ਪ੍ਰਸਤਾਵਿਤ 'ਧਾਰਮਿਕ ਪੁਨਰ-ਜਾਗਰਤੀ ਲਹਿਰ' ਅਥਵਾ 1999 ਦੇ 'ਅੰਮ੍ਰਿਤ-ਸੰਚਾਰ ਸਾਲ' ਦਾ ਸੰਚਾਲਨ ਕਰਨ ਦਾ ਉਪਰਾਲਾ ਕੌਣ ਕਰੇ ? ਇਹ ਚੁੱਕਣ ਮੇਰੇ ਖਿਆਲ ਵਿਚ ਅੱਜ ਬਾਬਾ ਦੀਪ ਸਿੰਘ ਜੀ ਤੇ ਸੰਤ ਜਰਨੈਲ ਸਿੰਘ ਜੀ ਵਰਗੇ ਯੋਧੇ ਪੈਦਾ ਕਰਨ ਵਾਲੀ ਦਮਦਮੀ-ਟਕਸਾਲ ਨੂੰ ਬਚਦੇ ਦਮ ਤੇ ਦਲੇਰੀ ਨਾਲ ਸ਼ੁਰੂ ਕਰਨਾ ਚਾਹੀਦਾ ਹੈ। ਭਾਈ ਜਸਵੀਰ ਸਿੰਘ ਜੀ ਆਪਣੇ ਵਸੀਲੇ ਵਰਤ ਕੇ ਨਿਸਚੇ ਹੀ ਇਸ ਲਹਿਰ 'ਚ ਆਪਣਾ ਯੋਗਦਾਨ ਪਾ ਸਕਦੇ ਹਨ। ਸੰਯੁਕਤ ਅਕਾਲੀ ਦਲ ਦੇ ਗਠਨ ਵੇਲੇ ਮੈਂ ਬਾਬਾ ਜੁਗਿੰਦਰ ਸਿੰਘ ਹੋਰਾਂ ਨੂੰ ਇਕ ਲਿਖਤ ਵਿਚ ਸੁਝਾਅ ਦਿੱਤਾ ਸੀ ਕਿ ਉਹ ਗੰਧਲੀ ਸਿੱਖ-ਸਿਆਸਤ ਤੋਂ ਪਰ੍ਹੇ ਰਹਿ ਕੇ ਸਿੱਖਾਂ ਵਿਚ ਅੰਮ੍ਰਿਤ-ਸੰਚਾਰ ਦੀ ਇਕ ਜਬਰਦਸਤ ਲਹਿਰ ਚਲਾਉਣ ਤੇ ਹੀ ਆਪਣਾ ਧਿਆਨ ਕੇਂਦ੍ਰਿਤ ਕਰਨ ਤਾਂ ਉਹ ਇਸ ਸੰਕਟ 'ਚ ਪੰਥ ਦੀ ਮਹਾਨ ਸੇਵਾ ਕਰ ਗੁਜ਼ਰਨਗੇ। ਪਰ ਉਸ ਸਮੇਂ ਮੇਰਾ ਮਾਸੀ ਨੂੰ ਮੱਥਾ ਟੇਕਣਾ ਕੁੱਤਿਆਂ ਦੇ ਰੌਲੇ ਵਿਚ ਹੀ ਚਲਾ ਗਿਆ ਤੇ ਉਹ ਵਕਤ ਵਿਹਾਅ ਗਿਆ। ਹੁਣ ਇਹੀ ਸੁਝਾਅ ਮੈਂ ਦਿਲੋਂ, ਉਹਨਾਂ ਉਪਰੰਤ ਉਹਨਾਂ ਦੇ ਪੋਤੇ ਭਾਈ ਜਸਵੀਰ ਸਿੰਘ ਹੋਰਾਂ ਨੂੰ ਦੁਹਰਾਅ ਰਿਹਾ ਹਾਂ।

ਉਹਨਾਂ ਕੁਝ ਵਰ੍ਹੇ ਪਹਿਲੋਂ ਇਗਲੈਂਡ ਵਿਚ ਇਕ ਧਾਰਮਿਕ-ਲਹਿਰ ਚਲਾ ਕੇ ਸਿੱਖ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਦੀ ਉਘੀ ਸੇਵਾ ਕੀਤੀ ਸੀ। ਪੰਥ ਦੀ ਇਹ ਸੇਵਾ ਉਹ ਨਿਪੁੰਨਤਾ ਨਾਲ ਅੱਜ ਵੀ ਕਰ ਸਕਦੇ ਹਨ ਪਰ ਸ਼ਰਤ ਇਹ ਕਿ ਉਹ ਆਪਣੀ ਪਰੰਪਰਾ ਅਥਵਾ ਪ੍ਰਵਾਰਿਕ-ਪਿਛੋਕੜ ਅਨੁਸਾਰ ਮੀਰੀ ਨਹੀਂ, ਸਿਰਫ ਪੀਰੀ ਦੇ ਖੇਤਰ ਵਿਚ ਹੀ ਵਿਚਰਨ। ਜੇ ਉਹ ਰਾਜਨੀਤੀ ਵਿਚ ਆਪਣਾ ਸਮਾਂ ਬਰਬਾਦ ਕਰਦੇ ਰਹੇ ਤਾਂ ਇਸ ਨਾਲ ਨਾ ਪੰਥ ਦਾ ਤੇ ਨਾ ਹੀ ਉਹਨਾਂ ਦਾ ਕੁਝ ਸੰਵਰ ਸਕਣਾ ਹੈ ਕਿਉਂਕਿ ਰਾਜਨੀਤੀ ਦੇ ਪਾਣੀ ਰਿਤਕ ਕੇ ਉਹਨਾਂ ਦੇ ਹੱਥ ਕੋਈ ਮੱਖਣ ਵੀ ਕਦਾਚਿਤ ਨਹੀਂ ਆਉਂਣਾ ਤੇ ਨਾ ਹੀ ਉਹਨਾਂ ਪਾਸ ਉਹ ਤਿੱਖੀ ਤੇ ਦਲੇਰ ਨੀਤੀ ਹੀ ਹੈ ਜਿਸ ਨਾਲ ਸਿੱਖ ਆਪਣਾ ਦੇਸ਼ ਅਥਵਾ ਖਾਲਿਸਤਾਨ ਪ੍ਰਾਪਤ ਕਰ ਸਕਣਗੇ। ਉਹਨਾਂ ਦਾ ਅਸਲੀ ਖੇਤਰ ਪੀਰੀ ਦਾ ਹੈ ਮੀਰੀ ਦਾ ਮੂਲੋਂ ਹੈ ਹੀ ਨਹੀਂ! ਇਸ ਲਈ ਉਹ ਦੁਬਿੱਧਾ ਤਿਆਗ ਕੇ ਇਕ ਮਨ ਹੋ, ਗੁਰੂ ਕਾ ਖੰਡਾ-ਬਾਟਾ ਲੈ, ਸਿੱਖ-ਸੰਸਾਰ 'ਚ ਸਿੱਖਾਂ ਨੂੰ ਗੁਰੂ-ਵਾਲਾ ਬਣਾਉਂਣ ਲਈ ਨਿੱਤਰ ਪੈਣ। ਇਸ 'ਚ ਪੰਥ ਦਾ ਵੀ ਭਲਾ ਹੈ ਤੇ ਇਸ ਨਾਲ ਪੰਥ ਵਿਚ ਉਹਨਾਂ ਦੀ ਵੀ ਰਹਿ ਆਵੇਗੀ। ਨਾਲ ਹੀ ਉਹ ਦੋ ਗੱਲਾਂ ਹੋਰ ਆਪਣੇ ਜ਼ਿਹਨ 'ਚ ਜ਼ਰੂਰੀ ਰੱਖਣ ਕਿ ਉਹਨਾਂ ਆਪਣੇ ਦੇਸ਼-ਵਿਦੇਸ਼ 'ਚ ਵਸਦੇ ਸਹਿਯੋਗੀਆਂ ਸਮੇਤ ਪੰਜਾਬ ਵਿਚ ਸਿੱਖਾਂ ਦੀ ਮੀਰੀ ਅਥਵਾ ਰਾਜ ਲਈ ਜਮਹੂਰੀ-ਅਮਲ ਰਾਹੀਂ ਲੜਨ ਵਾਲੇ ਕੇਵਲ ਤੇ ਕੇਵਲ ਉਸੇ ਨੇਤਾ ਦਾ ਦਿਲੋਂ ਸਹਿਯੋਗ ਕਰਨਾ ਹੈ ਜਿਸਨੂੰ ਸਰਬ-ਸਾਂਝੀ ਪੰਥਕ-ਕਮੇਟੀ ਅਥਵਾ ਖਾਡੂ-ਧਿਰਾਂ ਥਾਪਣ। ਨੰਬਰ ਦੋ ਇਸ ਨੇਤਾ, ਦਮਦਮੀ-ਟਕਸਾਲ ਤੇ ਹੋਰ ਸੁਹਿਰਦ ਸਿੱਖਾਂ ਨਾਲ ਮਿਲ ਕੇ ਉਹ ਹੁਣ ਤੋਂ ਹੀ ਆਪਣਾ ਧਿਆਨ ਕੇਵਲ ਤੇ ਕੇਵਲ ਇਕ ਨੁਕਤੇ ਤੇ ਹੀ ਕੇਂਦ੍ਰਿਤ ਕਰ ਲੈਣ ਕਿ ਉਹਨਾਂ ਸ਼੍ਰੋਮਣੀ-ਕਮੇਟੀ ਦੀਆਂ ਆਉਂਦੀਆਂ ਚੋਣਾਂ ਵਿਚ ਬਦਦਿਆਨਤਦਾਰ ਟੌਹੜ-ਵਾਧੇ ਨੂੰ ਉਸੇ ਤਰਾਂ ਖੁਦੇੜਨਾ ਹੈ ਜਿਵੇਂ ਕਦੇ ਬਦਚਲਣ ਮਹੰਤਾਂ ਨੂੰ ਅਕਾਲੀਆਂ ਨੇ ਗੁਰਧਾਮਾਂ 'ਚੋਂ ਖੁਦੇੜਿਆ ਸੀ !

ਉਪਰੋਕਤ ਧਿਰਾਂ ਵਲੋਂ 'ਅੰਮ੍ਰਿਤ-ਸੰਚਾਰ ਲਹਿਰ' ਚਲਾਏ ਜਾਣ ਦੀ ਹਾਲਤ ਵਿਚ ਨਿਸਚੇ ਹੀ 'ਵਿਸ਼ਵ ਸਿੱਖ-ਸੰਮੇਲਨ' ਵਾਂਗ ਸ਼੍ਰੋਮਣੀ ਕਮੇਟੀ ਆਪ ਵੀ 'ਅੰਮ੍ਰਿਤ-ਸੰਚਾਰ ਲਹਿਰ' ਚਲਾਵੇਗੀ ਤੇ ਜਾਂ ਉਪਰੋਕਤ ਧਿਰਾਂ ਵਲੋਂ ਚਲਾਈ ਲਹਿਰ ਨੂੰ ਆਪਣੇ ਹੱਥਾਂ 'ਚ ਲੈਣ ਦਾ ਯਤਨ ਕਰੇਗੀ ਕਿਉਂਕਿ ਸ਼੍ਰੋਮਣੀ ਕਮੇਟੀ ਦੀ ਵਰਤਮਾਨ-ਲੀਡਰਸ਼ਿਪ ਆਪ ਕੁਝ ਕਰੇ ਜਾਂ ਨਾ ਕਰੇ ਪਰ ਆਪਣੇ ਜ਼ਿੰਮੇ ਦਾ ਕੰਮ ਕਿਸੇ ਹੋਰਸ ਨੂੰ ਕਰਦਿਆਂ ਵੇਖ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ ਤੇ ਇਹ ਉਸਨੂੰ ਆਪਣੀ ਅਥਾਰਿਟੀ ਜਾਂ ਅਜਾਰੇਦਾਰੀ ਲਈ ਚੈਲੰਜ ਪ੍ਰਤੀਤ ਹੁੰਦਾ ਹੈ!

ਸਿੱਖਾ ! ਆਈ ਵਿਸਾਖੀ !!

ਭੰਗੜਾ ਨਹੀਂ- ਜੰਗੜਾ !!!

(ਅੱਠ)

ਸਾਹਿੱਤ ਤੇ ਸਭਿਆਚਾਰ ਕਿਸੇ ਕੌਮ ਦੀ ਜ਼ਿੰਦਗੀ ਅਥਵਾ ਜਿੰਦ-ਜਾਨ ਹੋਇਆ ਕਰਦੇ ਹਨ। ਕਿਸੇ ਵਿੰਦਵਾਨ ਨੇ ਕਿੰਨਾ ਦਰੁੱਸਤ ਕਿਹਾ ਹੈ ਕਿ ਕਿਸੇ ਕੌਮ ਨੂੰ ਮਾਰਨ ਲਈ ਮੈਨੂੰ ਕਿਸੇ ਤਲਵਾਰ ਦੀ ਜ਼ਰੂਰਤ ਨਹੀਂ, ਮੈਨੂੰ ਉਸਦਾ ਸਾਹਿੱਤ ਦੇ ਦੇਵੋ, ਮੈਂ ਉਸਨੂੰ ਮਾਰ ਦਿਆਂਗਾ। ਇਸੇ ਲਈ ਕਮੀਨੀਆਂ-ਕੌਮਾਂ ਆਪਣੀਆਂ ਵਿਰੋਧੀ ਕੌਮਾਂ ਨੂੰ ਮਾਰਨ ਲਈ ਇਸ ਕਮੀਨੇ-ਤਰੀਕੇ ਜਾਂ ਹਥਿਆਰ ਨੂੰ ਵਰਤਦੀਆਂ ਹਨ। ਦਿੱਲੀ ਵਲੋਂ ਜੂਨ, ਚੁਰਾਸੀ ਵਿਚ ਸਿੱਖਾਂ ਦੇ ਨਾਲ ਉਹਨਾਂ ਦੇ ਇਤਿਹਾਸਕ-ਵਿਰਸੇ ਨੂੰ ਤਬਾਹ ਜਾਂ ਰਾਖ ਕਰ ਦੇਣਾ ਇਸੇ ਕਮੀਨੀ-ਸੋਚ ਦਾ ਹੀ ਸਿੱਟਾ ਸੀ।

ਸਿੱਖਾਂ ਬਾਰੇ ਇਕ ਗੱਲ ਪ੍ਰਸਿੱਧ ਤੇ ਪ੍ਰਚੱਲਿਤ ਹੈ ਕਿ ਉਹ ਇਤਿਹਾਸ ਨੂੰ ਸਿਰਜਣਾ ਤਾਂ ਜਾਣਦੇ ਹਨ ਪਰ ਇਸਨੂੰ ਸਾਂਭਣਾ ਨਹੀਂ ! ਮੌਜੂਦਾ ਸਿੱਖ-ਸੰਘਰਸ਼ ਵਿਚ ਜੋ ਕੁਝ ਹੋ ਰਿਹਾ ਹੈ, ਉਸਦੇ ਵਿੱਕੋਲਿੱਤਰੇ-ਵਾਕਿਆਤ ਅਖ਼ਬਾਰਾਂ 'ਚ ਛਾਪੇ ਜਾਣ ਦੇ ਇਕੱਲੇ-ਇਕਹਿਰੇ ਯਤਨਾਂ ਤੋਂ ਬਿਨਾਂ ਕੌਮ ਨੇ ਕੋਈ ਵਿਉਂਤ ਜਾਂ ਵਿਧੀ ਨਹੀਂ ਬਣਾਈ ਕਿ ਸਿੱਖਾਂ ਦੇ ਇਸ ਛੇੜ ਦਹਾਕੇ ਤੋਂ ਨਿਰੰਤਰ ਚੱਲ ਰਹੇ ਘੱਲੂਘਾਰੇ ਦੇ ਵਾਕਿਆਤ ਨੂੰ ਆਉਂਦੀਆਂ ਪੀਹੜੀਆਂ ਲਈ ਕਿਵੇਂ ਸਾਂਭਣਾ ਹੈ ਤਾਂ ਕਿ ਇਹ ਇਤਿਹਾਸ ਆਗਾਮੀ-ਪੀਹੜੀਆਂ ਲਈ ਇਕ ਪ੍ਰੇਰਨਾ-ਸ੍ਰੋਤ ਬਣ ਸਕੇ।

ਅਸਲ 'ਚ ਅਸੀਂ ਸਿੱਖ ਤੱਤਾ ਭਨਾ ਕੇ 'ਆਹ ਲਾ !' ਕਹਿਣ ਵਾਲੇ ਲੋਕ ਹਾਂ। ਚੁਰਾਸੀ ਦੇ ਘਲੂੱਘਾਰੇ ਤੋਂ ਪਹਿਲੋਂ ਸ਼੍ਰੋਮਣੀ ਕਮੇਟੀ ਤੇ ਕਾਬਜ਼ ਅਨਪੁੜ-ਲਾਣੇ ਦੇ ਕਦੇ ਸ਼ਾਇਦ ਖਾਬੋ-ਖਿਆਲ 'ਚ ਵੀ ਨਹੀਂ ਆਇਆ ਹੋਵੇਗਾ ਕਿ ਅਸਾਂ ਸਾਡੇ ਦੁਰਲੱਭ ਗ੍ਰੰਥਾਂ ਤੇ ਇਤਿਹਾਸਕ-ਦਸਤਾਵੇਜ਼ਾਂ ਦੀਆਂ ਮਾਈਕਰੋ-ਫਿਲਮਾਂ ਬਣਾ ਕੇ ਜਾਂ ਉਤਾਰੇ ਕਰਕੇ ਕਿਸੇ ਹੋਰਸ ਸੁਰੱਖਿਅਤ ਥਾਂ ਤੇ ਰੱਖਣੇ ਹਨ।

ਦਸਮ ਪਿਤਾ ਨੇ ਆਪਣੇ ਸਿੱਖਾਂ ਨੂੰ ਵਿੰਦਵਾਨ ਤੇ ਬੁਧੀਮਾਨ ਬਣਾਉਂਣ ਲਈ ਸ੍ਰੀ ਦਮਦਮਾ ਸਾਹਿਬ (ਗਰੂ ਕੀ ਕਾਸ਼ੀ) ਵਿਖੇ ਕਲਮਾਂ ਦਾ ਪ੍ਰਸ਼ਾਦ ਵੰਡਿਆ। ਸਿਖਾਂ ਨੂੰ ਸੰਸਕ੍ਰਿਤ ਪੜ੍ਹਾਣ ਲਈ ਆਪ ਕਾਸ਼ੀ ਭੇਜਿਆ। ਪਾਉਂਟਾ ਸਾਹਿਬ ਵਿਖੇ ਪ੍ਰਸਿੱਧ ਵਿੰਦਵਾਨ ਤੇ 52 ਪ੍ਰਸਿੱਧ ਕਵੀ ਰੱਖਕੇ ਉਹਨਾਂ ਤੋਂ ਪ੍ਰਸਿੱਧ ਗ੍ਰੰਥਾਂ ਦੇ ਆਮ ਬੋਲੀ ਵਿਚ ਅਨੁਵਾਦ ਕਰਵਾਏ ਤੇ ਉਚਤਮ ਰਚਨਾਵਾਂ ਦੀ ਰਚਨਾ ਕਰਵਾਈ। ਪਰ ਅਫਸੋਸ ਕਿ ਇਹਨਾਂ 'ਚੋਂ ਬਹੁਤਾ ਸਾਹਿਤਕ-ਖਜ਼ਾਨਾ ਸੰਮਤ 1761 ਨੂੰ ਗੁਰੂ ਜੀ ਦੇ ਆਨੰਦਪੁਰ ਛੱਡਣ ਸਮੇਂ ਸਰਸਾ ਦੇ ਪਾਣੀਆਂ ਦੀ ਭੇਟ ਹੋ ਗਿਆ। ਲਿਖਣ ਦਾ ਭਾਵ ਇਹ ਕਿ ਦਸਮ ਪਿਤਾ ਆਪਣੇ ਸਿੱਖ-ਪੁੱਤਰਾਂ ਨੂੰ ਸਿਰਫ ਸਰੀਰਕ ਪਖੋਂ ਹੀ ਬਲਵਾਨ ਤੇ ਫੁਰਤੀਲੇ ਵੇਖਣ ਦੇ ਤਲਬਗਾਰ ਨਹੀਂ ਸਨ ਸਗੋਂ ਦਿਮਾਗੀ ਤੌਰ ਤੇ ਵੀ ਉਹਨਾਂ ਨੂੰ ਤੇਜ਼-ਤਿੱਖੇ ਤੇ ਚਿੰਤਨ ਕਰਨਾ ਲੋੜਦੇ ਸਨ। ਵਿੰਦਿਆ ਨਾਲ ਉਹਨਾਂ ਦਾ ਤੀਜਾ-ਨੇਤਰ ਭਾਵ 'ਗਿਆਨ ਦੀ ਅੱਖ' ਵੀ ਖੋਹਲਣਾ ਚਾਹੁੰਦੇ ਸਨ। ਸਿੱਖ ਕੌਮ ਦਾ ਵੱਡਾ ਦੁਖਾਂਤ ਹੈ ਕਿ ਇਸਨੇ ਦਸਮ ਪਿਤਾ ਦੇ ਦਰਸਾਏ ਮਾਰਗ ਤੇ ਚਲਦਿਆਂ ਹੋਰਨਾਂ ਭਾਸ਼ਾਵਾਂ ਵਿਚ ਹੋਰਨਾਂ ਧਰਮਾਂ ਨੂੰ ਪ੍ਰਤਨ-ਘੋਖਣ ਦੇ ਵੱਡੇ ਉਪਰਾਲੇ ਤਾਂ ਕੀ ਕਰਨੇ ਸਨ ਸਿੱਖ ਆਪਣੇ 'ਪੀਢ੍ਹੀ ਦਾਦੇ' ਦਾ ਖਜ਼ਾਨਾ ਵੀ ਖੋਹਲ ਤੇ ਵੇਖ ਨਹੀਂ ਸਕੇ। ਹੋਰ ਤਾਂ ਹੋਰ ਇਸ ਪ੍ਰਸੰਗ ਵਿਚ ਅਨਪੁੜ ਸਿੱਖ-ਲੀਡਰਸ਼ਿਪ ਦਾ ਤਾਂ ਇਹ ਹਾਲ ਹੈ ਕਿ ਤੀਸਰੇ ਨੇਤਰ ਦੀ ਗੱਲ ਤਾਂ ਪਾਸੇ ਰਹੀ ਉਸਨੂੰ ਤਾਂ ਦਾਤਾਰ-ਬਖਸ਼ੀਆਂ ਦੋਂਹ ਅੱਖਾਂ 'ਚੋਂ ਵੀ ਭਉਲਾ-ਭਉਲਾ ਹੀ ਦਿਖਾਈ ਦਿੰਦਾ ਰਿਹਾ ਹੈ। ਪਾਠਕਾਂ ਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ

ਸਿੱਖਾਂ ਦੇ ਧਰਮ, ਸਿੱਖਾਂ ਦੀ ਬੋਲੀ, ਬੋਲੀ ਦਾ ਵਿਆਕਰਣ ਤੇ ਸਿੱਖਾਂ ਦਾ ਇਤਿਹਾਸ, ਇਹਨਾਂ ਸਭਨਾਂ ਖੇਤਰਾਂ ਵਿਚ ਖੋਜ ਦਾ ਕੰਮ ਪਹਿਲੋਂ ਹੋਰਾਂ ਕੌਮਾਂ ਦੇ ਵਿਦਵਾਨਾਂ ਨੇ ਕੀਤਾ ਹੈ ਤੇ ਮਗਰੋਂ ਜਾ ਕੇ ਸਿੱਖਾਂ ਨੇ ਆਪ !

ਤੇਗ-ਰੂਪੀ ਕਲਮ ਦੇ ਧਨੀ ਕਲਗੀਧਰ ਪਾਤਸ਼ਾਹ ਨੇ ਮੁਰਦਾ-ਰਗਾਂ ਵਿਚ ਗੈਰਤ ਦਾ ਖੂੰਨ ਦੌੜਾਣ ਲਈ ਅਜਿਹੀਆਂ ਉਚਤਮ ਬੀਰ-ਰਸੀ ਰਚਨਾਵਾਂ ਕੀਤੀਆਂ ਕਿ ਉਹਨਾਂ ਦੀ ਰਚਨਾ ਦੇ ਮੁਕਾਬਲੇ ਦਾ ਮਾਹੌਲ ਸ਼ਾਇਦ ਸੰਸਾਰ ਦੀ ਕਿਸੇ ਭਾਸ਼ਾ ਵਿਚ ਕਿਸੇ ਉਚੱਤਮ ਕਵੀ ਵਲੋਂ ਵੀ ਸਿਰਜਿਆ ਨਾ ਮਿਲ ਸਕੇ। ਮਿਸਾਲ ਵਜੋਂ ਇਕ ਥਾਵੇਂ ਸਾਹਿਬ ਆਪਣੀ ਫੌਲਾਦੀ-ਕਾਨੀ ਨਾਲ ਸੰਗੀਤ ਮਧੁਭਾਰ ਛੰਦ ਵਿਚ ਯੁੱਧ ਦਾ ਨਜ਼ਾਰਾ ਇੰਝ ਬੁੰਨਦੇ ਹਨ ਕਿ ਦੋਹ ਸੂਰਮਿਆਂ ਦੇ ਕਿਰਪਾਨੋਂ-ਕਿਰਪਾਨੀਂ ਹੋ ਕੇ ਲੜਨ-ਭਿੜਨ ਤੇ ਇਕ ਦੂਸਰੇ ਸਾਹਮਣੇ ਅੜਨ ਤੇ ਝੜਨ ਦਾ ਨਜ਼ਾਰਾ ਪ੍ਰਤੱਖ ਦਿਸ ਆਉਂਦਾ ਹੈ। ਪਿਤਾ ਫੁਰਮਾਉਂਦੇ ਹਨ :-

ਕਾਗੜਦੰ ਕੜਾਕ ! ਤਾਗੜਦੰ ਤੜਾਕ !!
ਸਾਗੜਦੰ ਸੁਬੀਰ ! ਗਾਗੜਦੰ ਗਹੀਰ !!
ਨਾਗੜਦੰ ਨਿਸਾਣ ! ਜਾਗੜਦੰ ਜੁਆਣ !!
ਨਾਗੜਦੀ ਨਿਹੰਗ ! ਪਾਗੜਦੀ ਪਲੰਘ !!
ਤਾਗੜਦੀ ਤਮੱਕਿ ! ਲਾਗੜਦੀ ਲਹੱਕਿ !!
ਕਾਗੜਦੰ ਕ੍ਰਿਪਾਣ ! ਬਾਂਹੋਂ ਜੁਆਣ !!
ਖਾਗੜਦੀ ਖਤੰਗ ! ਨਾਗੜਦੀ ਨਿਹੰਗ !!
ਛਾਗੜਦੀ ਛੁਟੰਤ ! ਆਗੜਦੀ ਉਛੰਤ !!
ਘਾਗੜਦੀ ਘੱਬਾਕ ! ਭਾਗੜਦੀ ਭੱਬਾਕ !!
ਕਾਗੜਦੰ ਕਪਾਲ ! ਨੱਚੀ ਬਿਕ੍ਰਾਲ !!

ਮੈਦਾਨਿ-ਅਦਬ ਦੇ ਸ਼ਾਹ-ਸਵਾਰ ਕਲਗੀਧਰ ਪਾਤਸ਼ਾਹ ਨੇ ਕਲਮ ਨੂੰ ਕਿਰਪਾਨ ਬਣਾ ਕੇ ਸਾਹਿਤੱਕ-ਖੇਤਰ ਇਸ ਕਦਰ ਵਾਹਿਆ ਕਿ ਇਸਦੇ ਜਾਦੂਮਈ ਅਸਰ ਦੇ ਫਲਸਰੂਪ :

"ਕਾਮ ਹਮਾਰਾ ਤੋਲੋਂ ਤੱਕੜੀ। ਨੰਗੀ ਕਰਦ ਕਬਹੂੰ ਨਹੀਂ ਪਕੜੀ।
ਚਿੰਤੀ ਉਤੇ ਡਰ ਸੋਂ ਮਰ ਜਾਏਂ। ਮੁਗਲਨ ਸਿਉਂ ਕੈਸੇ ਲਰ ਪਾਏਂ ?"

ਕਹਿਣ ਵਾਲੇ ਨਿਤਾਣੇ-ਲੋਕ, ਬਲਬੀਰ-ਬਹਾਦਰ ਬਣ ਨਿੱਬੜੇ ਜਿਹਨਾਂ ਨੇ ਸ਼ਕਤੀਸ਼ਾਲੀ ਮੁਗਲ-ਸਲਤਨਤ ਨੂੰ ਹਿਲਾ ਕੇ ਰੱਖ ਦਿੱਤਾ-ਉਸਦੇ ਛੱਕੇ ਛੁੱਡਾ ਦਿੱਤੇ!

ਅਜੋਕੇ ਸਿੱਖ-ਸੰਘਰਸ਼ ਵਿਚ ਆਈ ਖੜੋਤ ਨੂੰ ਤੋੜਨ ਤੇ ਪੱਸਰੀ ਨਿਰਾਸਤਾ ਦੀ ਧੁੰਦ ਨੂੰ ਨਿਵਾਰਨ ਲਈ ਅੱਜ ਨਿੱਗਰ ਤੇ ਨਰੋਏ ਸਾਹਿੱਤ ਦੀ ਸਿਰਜਣਾ ਕਰਨ ਦੀ ਜ਼ਰੂਰਤ ਹੈ। ਸਿੱਖ-ਸਫਾਂ ਵਿੱਚ ਗੁਰੂ-ਘਰੋਂ ਵਰੋਸਾਏ ਵੱਡੇ ਵੱਡੇ ਵਿੰਦਵਾਨ, ਕਵੀ ਤੇ ਲਿਖਾਰੀ ਤਾਂ ਹਨ ਪਰ ਕੌਮ ਉਤੇ ਏਨੇ ਜ਼ੁਲਮ ਨੂੰ ਅੱਖੀਂ ਵੇਖ ਕੇ ਵੀ ਉਹ ਘੋਸਲ ਮਾਰੀ ਬੈਠੇ ਰਹਿਣ ਤੇ ਗੁਰੂ-ਬਖਸ਼ੀ ਤਲਵਾਰ-ਰੂਪੀ ਕਲਮ ਨੂੰ ਅੱਜ ਵੀ ਵਰਤਣ ਤੋਂ ਸੰਗਣ ਤੇ ਸੰਕੋਚ ਕਰਨ ? ਇਹ ਬੁਧੀਜੀਵੀ ਲੋਕਾਂ ਦੀ ਜ਼ਿਹਨੀਂ-ਨਿਪੁੰਸਕਤਾ ਤੇ ਖਾਲਸੇ ਤੋਂ ਤਵੱਕੋ-ਰਖੀਂਦੀ ਨਿਰਭੈਤਾ ਤੋਂ ਭਿੰਗ ਪੈਣ ਦੀ ਨਿਸ਼ਾਨੀ ਹੈ।

ਪਿਛਲੇ ਸਮੇਂ ਵਿਚ ਸਿੱਖੀ ਬਾਰੇ ਜੋ ਸਾਹਿੱਤ ਰਚਿਆ ਗਿਆ ਉਹ ਪ੍ਰਕਾਸ਼ਿਤ ਹੋ ਕੇ ਪਾਠਕਾਂ ਤੱਕ ਪਹੁੰਚਿਆ ਹੀ ਬਹੁਤ ਘੱਟ ਹੈ ਤੇ ਵਰਤਮਾਨ ਸਮੇਂ ਪੰਜਾਬੀ ਸਾਹਿਤਕਾਰਾਂ ਵਿਚੋਂ ਸਿੱਖੀ ਜਾਂ ਸਿੱਖ-ਸੰਘਰਸ਼ ਸੰਬਧੀ ਲਿਖਣ ਵਾਲੇ ਲੇਖਕ ਹੀ ਬਹੁਤ ਘੱਟ ਭਾਵ ਉਂਗਲਾਂ ਤੇ ਗਿਣੇ ਜਾਣ ਵਾਲੇ ਹਨ। ਜਿਹੜੇ ਯੂਨੀਵਰਸਿਟੀਆਂ ਵਿਚ ਬੈਠੇ ਕੁਝ ਅਖੌਤੀ-ਬੁਧੀਜੀਵੀ ਲੋਕ ਖੋਜ ਕਰਕੇ ਕੁਝ ਲਿਖ ਰਹੇ ਹਨ ਉਹ

ਸਿੱਖ-ਲਿਖਤਾਂ ਵਿਚੋਂ ਝਲਕਦੇ ਸਿੱਖਾਂ ਦੇ ਨਿਆਰੇ-ਪਣ ਨੂੰ ਸੈਕੂਲਰਇਜ਼ਮ ਦੀ ਧੁੰਦ 'ਚ ਧੁੰਦਲਾ ਤੇ ਮੱਠਾ ਕਰਕੇ ਛਾਪ ਰਹੇ ਹਨ ਤਾਂ ਕਿ ਉਹ ਦਿੱਲੀ ਵਾਲਿਆਂ ਦੀ ਦਇਆ-ਦ੍ਰਿਸ਼ਟੀ ਅਥਵਾ ਖੁਸ਼ੀ ਦੇ ਪਾਤਰ ਬਣੇ ਰਹਿ ਸਕਣ।

ਸਿੱਖ-ਸੰਘਰਸ਼ ਸਬੰਧੀ ਲਿਖਣ ਵਾਲੇ ਕੁਝ ਗਿਣੇ-ਚੁਣੇ ਲੇਖਕਾਂ 'ਚੋਂ ਬਹੁਤੇ ਦਿੱਲੀ ਦੇ ਸਿੱਖਾਂ ਤੇ ਜ਼ੁਲਮ ਦੀ ਗੱਲ ਤਾਂ ਬਾਰ-ਬਾਰ ਲਿਖਦੇ ਹਨ, ਆਹ ਦਾ ਨਾਅਰਾ ਪੂਰਾ ਮਾਰਦੇ ਹਨ। ਸਿੱਖਾਂ ਦੇ ਇਸ ਦੁੱਖ ਦੀ ਮਾੜੀ-ਮੋਟੀ ਦੁਆਈ-ਬੂਟੀ ਲਈ ਹਾਲ-ਪਾਹਰਿਆ ਵੀ ਕਰਦੇ ਹਨ। ਪਰ ਜਿਥੇ ਗੱਲ ਸਿੱਖਾਂ ਦੀ ਵਰਤਮਾਨ ਬੀਮਾਰੀ ਦੇ ਪੱਕੇ ਇਲਾਜ ਅਥਵਾ ਸਿੱਖ-ਰਾਜ ਦੀ ਸਥਾਪਤੀ ਦੀ ਆਉਂਦੀ ਹੈ ਉਥੇ ਯਰਕ-ਖਿਸਕ ਕੇ ਸਿੱਖਾਂ ਨੂੰ ਘਚਾਨੀ ਦੇ ਜਾਂਦੇ ਹਨ। ਗੱਲ ਅਸਪੱਸ਼ਟ, ਧੁੰਦਲੀ ਤੇ ਬਹੁ-ਅਰਥੀ ਕਰ ਜਾਂਦੇ ਹਨ। ਉਥੇ ਇਹ ਵੀ 'ਕਲਮਾਂ ਵਾਲੇ ਅਕਾਲੀ' ਹੀ ਲਗਦੇ ਹਨ। ਸਿੱਖ-ਰਾਜ ਦੇ ਮਸਲੇ ਤੇ ਸਿੱਖਾਂ ਨੂੰ ਸੇਧ ਅੱਜ ਸਿੱਖਾਂ ਦੇ ਰਾਜਸੀ-ਨੇਤਾਵਾਂ ਅਥਵਾ ਸਿੱਖਾਂ ਦੀ ਪ੍ਰਤੀਨਿਧ ਕਹਾਉਂਦੀ ਅਕਾਲੀ ਪਾਰਟੀ (ਪਾਰਟੀਆਂ?) ਨੇ ਦੇਣੀ ਸੀ ਜਾਂ ਲੇਖਕਾਂ ਨੇ ! ਇਸ ਮਸਲੇ ਤੇ ਸਿੱਖਾਂ ਨਾਲ ਇਹ ਦੋਵੇਂ ਧਿਰਾਂ ਲੁੱਕਣ-ਮੀਟੀ ਖੇਡਦੀਆਂ ਰਹੀਆਂ ਹਨ। ਕਿਸੇ ਨੇ ਸਿੱਖਾਂ ਨੂੰ ਲੜ ਨਹੀਂ ਫੜਾਇਆ!

ਅੱਜ ਸਿੱਖ-ਧਰਮ ਦੀ ਬਦਲੀਆਂ ਪ੍ਰਸਥਿਤੀਆਂ ਵਿਚ ਨਵੀਨਤਮ-ਵਿਆਖਿਆ ਕਰਨ ਤੇ ਸਿੱਖੀ ਉਤੇ ਵਰਤਮਾਨ ਸਮੇਂ ਵਿਚ ਹੁੰਦੇ ਹਮਲਿਆਂ ਨੂੰ ਪਛਾਣਨ ਲਈ ਸਿੱਖਾਂ ਨੂੰ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜਿਹੇ ਦਾਤ ਵਰਗੇ ਤਿੱਖੇ ਅਤੇ ਸਿੱਖ-ਰਾਜ ਦੇ ਮਸਲੇ ਉਤੇ ਸੇਧ ਦੇਣ ਲਈ ਸਿਰਦਾਰ ਕਪੂਰ ਸਿੰਘ ਵਰਗੇ ਜਾਗਦੇ ਸਿਰਾਂ ਵਾਲੇ, ਵਿਰੋਧੀ ਸਫਾਂ 'ਚ ਖੰਡੇ ਵਾਂਗੂ ਵਾਢ ਕਰਨ ਵਾਲੇ ਵਿੰਦਵਾਨਾਂ ਦੀ ਜ਼ਰੂਰਤ ਹੈ। ਭਾਈ ਜੋਧ ਸਿੰਘ ਵਰਗੇ ਦਿੱਲੀ-ਦਰਬਾਰ ਦੇ ਡਿਗਰੀਦਾਰ ਪਿੱਛਲੱਗ-ਪਾਛੂ ਜਾਂ ਦੇਸ਼-ਵੰਡ ਤੋਂ ਤੁਰੰਤ ਪਹਿਲੋਂ ਸਿੱਖ-ਰਾਜ ਦੇ ਮਸਲੇ ਉਤੇ ਸਿੱਖ-ਮੁਸਲਮਾਨ ਲੀਡਰਸ਼ਿਪ ਦੀਆਂ ਚਿੱਠੀਆਂ ਚੋਰੀ-ਛਿਪੇ ਨਹਿਰੂ ਨੂੰ ਪੜ੍ਹਾ ਕੇ ਕੌਮ ਦੀਆਂ ਬੇੜੀਆਂ 'ਚ ਵੱਟੇ ਪਾਉਣ ਵਾਲੇ ਕੌਮ ਦੇ ਗੀਦੀ-ਗੰਦਾਰ ਕਿਸੇ ਡਰੋ-ਡਾਕਟਰ ਗੋਪਾਲ ਸਿੰਘ ਦਰਦੀ ਵਰਗੇ ਵਿਦਵਾਨਾਂ ਦੀ ਹਰਗਿਜ਼ ਨਹੀਂ ! ਪਰ ਅੱਜ ਗਿ: ਦਿੱਤ ਸਿੰਘ ਦੀਆਂ ਪੁਸਤੰਕਾਂ ਪੜ੍ਹਨ ਦੀ ਤਾਂ ਗੱਲ ਛੱਡੋ ਬਹੁਤੇ ਸਿੱਖਾਂ ਨੂੰ 70-80 ਵਰ੍ਹੇ ਪਹਿਲੋਂ ਹੋਏ ਪੰਥ ਦੇ ਇਸ ਹੀਰੇ ਬਾਰੇ ਕੁਝ ਵੀ ਪਤਾ ਨਹੀਂ। ਗਿ: ਦਿੱਤ ਸਿੰਘ ਜੀ ਇਕ ਅਤਿ ਗਰੀਬ ਘਰਾਣੇ ਵਿਚ ਪੈਦਾ ਹੋਏ ਸਿੱਖਾਂ ਦੇ ਉਹ ਤੀਖਣ-ਬੁਧਿ ਚਿੰਤੰਨ ਮਹਾਨ ਵਿਦਵਾਨ ਸਨ ਜਿਹਨਾਂ ਸਿੱਖ-ਧਰਮ ਉਤੇ ਹਮਲਾ ਕਰਨ ਵਾਲੇ ਆਰੀਆ ਸਮਾਜੀਆਂ ਦੇ ਦਿਉ-ਕੱਦ ਪਹਿਲਵਾਨ ਸੁਆਮੀ ਦਯਾ ਨੰਦ ਨੂੰ ਗਿਆਨ-ਖੇਤਰ ਦੀ ਬਹਿਸ ਦੇ ਅਖਾੜੇ ਵਿਚ ਕਮਾਲ ਦੀਆਂ ਦਲੀਲਾਂ ਨਾਲ ਉਪਰੋਥਲੀ ਤਿੰਨ ਵਾਰ ਢਾਹਿਆ ਸੀ। ਬੁੱਧੀ ਦੇ ਬਲਦਾਨ ਤੇ ਇਕਹਿਰੇ ਜਿਹੇ ਸਰੀਰ ਦੇ ਗਿ: ਦਿੱਤ ਸਿੰਘ ਨੇ ਹੰਕਾਰੇ ਸਾਧੂ ਦਯਾ ਨੰਦ ਦੇ ਮੱਥੇ ਵਿਚ ਗਿਆਨ ਦਾ ਅਜਿਹਾ ਨੇਜ਼ਾ ਮਾਰਿਆ ਕਿ ਉਹ ਬਿਲਕੁਲ ਉਵੇਂ ਨੱਠਿਆ ਸੀ ਜਿਵੇਂ ਬਿਕਰਮੀ 1758 ਨੂੰ ਲੋਹਗੜ੍ਹ ਦੇ ਕ੍ਰਿੱਲੇ ਤੇ ਰਾਜਾ ਕੇਸਰੀ ਚੰਦ ਜਸਵਾਲੀਏ ਦੀ ਕਮਾਨ ਥੱਲੇ ਚੁੜੇ ਪਹਾੜੀ-ਰਾਜਿਆਂ ਵਲੋਂ ਕ੍ਰਿੱਲੇ ਦਾ ਦਰਵਾਜ਼ਾ ਤੋੜਨ ਲਈ ਭੇਜਿਆ ਸ਼ਰਾਬੀ-ਹਾਥੀ ਕਲਗੀਧਰ ਪਿਤਾ ਦੀ ਬਾਪਣਾ ਲੈ ਕੇ ਛੀਂਟਕੇ ਜਿਹੇ ਸਰੀਰ ਦੇ ਸਿੱਖ ਬਚਿੱਤਰ ਸਿੰਘ ਦੇ ਹਥੋਂ ਨਾਗਣੀ ਦਾ ਇਕੋ ਵਾਰ ਖਾ ਕੇ ਨੱਠਾ ਸੀ। ਪ੍ਰੋ: ਗੁਰਮੁਖ ਸਿੰਘ ਤੇ ਗਿ: ਦਿੱਤ ਸਿੰਘ ਪੰਥ ਦੇ ਉਹ ਇਨਕਲਾਬੀ-ਵਿੰਦਵਾਨ ਸਨ ਜਿਹਨਾਂ ਦੇ ਸਿਦਕ, ਸਿਰਤ ਤੇ ਸੇਵਾ ਦੀ ਕਦਰ ਤਾਂ ਕੌਮੀ-ਸਫਾਂ 'ਚ ਕੀ ਪੈਣੀ ਸੀ ਸਗੋਂ ਸਮੇਂ ਦੀ ਸਿੱਖ-ਲੀਡਰਸ਼ਿਪ ਵਲੋਂ ਇਹਨਾਂ ਨੂੰ ਪੰਥ ਚੋਂ ਛੇਕਣ ਤੱਕ ਦੇ ਗੁਰਮਤੇ ਕੀਤੇ ਗਏ ਤੇ ਕੌਮ ਵਲੋਂ ਇਹਨਾਂ ਦੀ ਝੋਲ 'ਚ ਪ੍ਰੇਸ਼ਾਨੀ ਹੀ ਪਈ । ਸਮੇਤ ਸਿਰਦਾਰ ਕਪੂਰ ਸਿੰਘ ਇਹਨਾਂ ਤਿੰਨਾਂ ਪੰਥਕ-ਹੀਰਿਆਂ ਨੂੰ ਸਮਿਆਂ ਦੀ ਸਿੱਖ-ਲੀਡਰਸ਼ਿਪ ਬਰੂ ਖਾਧੀ ਮੱਝ ਵਾਂਗੂ ਵੇਖਦੀ ਰਹੀ ਤੇ ਇਹਨਾਂ ਨਾਲ ਅੰਦਰਖਾਤੇ ਖਾਰ ਖਾ ਕੇ ਇਹਨਾਂ ਦੀ ਵਿਰੋਧਤਾ ਕਰਦੀ ਰਹੀ ।

ਸਿੱਖਾਂ ਨੂੰ ਜ਼ਿਹਨੀਂ ਤੌਰ ਤੇ ਅਮੀਰ ਅਥਵਾ ਦਿਮਾਗੀ ਤੌਰ ਤੇ ਚਿੰਤੰਨ ਰਹਿਣ ਲਈ ਖਾਸਕਰ ਆਪਣੇ ਤੇ ਨਾਲ ਹੋਰਾਂ ਕੌਮਾਂ ਦੇ ਧਰਮ, ਇਤਿਹਾਸ, ਲਹਿਰਾਂ, ਇਨਕਲਾਬਾਂ ਤੇ ਸਭਿਆਚਾਰਾਂ ਬਾਰੇ

ਪੁਤਨ ਦੀ ਆਦਤ ਵਧਾਉਂਣੀ ਚਾਹੀਦੀ ਹੈ, ਪਰ ਪੰਜਾਬੀ ਖਾਣ-ਪੀਣ ਤੇ ਪਹਿਨਣ-ਪਚਰਨ ਦੇ ਵਧੇਰੇ ਸ਼ੌਕੀਨ ਹਨ। ਵਿਦੇਸ਼ਾਂ ਵਿਚਲੇ ਪੰਜਾਬੀ, ਕੱਢਵੇਂ-ਸੂਟ, ਜੁੱਤੀਆਂ ਤਾਂ ਤਾਕੀਦਾਂ ਕਰ-ਕਰ ਫੁਰਮਾਇਸ਼ਾਂ ਪਾ ਪਾ ਪੰਜਾਬੋਂ ਮੰਗਵਾ ਲੈਣਗੇ-ਸੇਵੀਆਂ ਵੱਟਣ ਵਾਲੀਆਂ ਘੋੜੀਆਂ ਵੀ ਚੁੱਕ ਲਿਆਉਂਣਗੇ-ਹੋਰ ਤਾਂ ਹੋਰ ਅਲਸੀ ਵਾਲੀਆਂ ਪਿੰਨੀਆਂ ਬਣਵਾ ਕੇ ਪੀਪਾ ਵੀ ਹਵਾਈ ਜਹਾਜ਼ 'ਚ ਧਰ ਲਿਆਉਂਣਗੇ ਪਰ ਆਪਣੇ ਧਰਮ ਜਾਂ ਇਤਿਹਾਸ ਦੀ ਪੁਸਤਕ ਲਿਆਉਂਣ ਦਾ ਹਿਆਂ-ਹੌਸਲਾ ਹਜ਼ਾਰਾਂ ਚੋਂ ਕੋਈ ਇਕ ਅੱਧ ਮਾਈ ਦਾ ਲਾਲ ਹੀ ਕਰਦਾ ਹੈ!

ਸਭਿਆਚਾਰ ਕਿਸੇ ਕੌਮ ਦੇ ਜੀਵਨ ਦਾ ਢੰਗ ਹੁੰਦਾ ਹੈ ਜਿਸ ਵਿਚ ਉਸ ਦੀਆਂ ਧਾਰਮਿਕ-ਮੰਨ-ਮਨੌਤਾਂ, ਰਸਮੋਂ-ਰਿਵਾਜ, ਤਿਥ-ਤਿਉਹਾਰ ਅਥਵਾ ਦਿਨ-ਦਿਹਾਰ, ਖਾਣ-ਪਾਣ, ਪਹਿਨਣ-ਪਚਰਨ ਤੇ ਰਹਿਣ-ਸਹਿਣ ਆਦਿ ਸਭੋ ਕੁਝ ਆ ਜਾਂਦਾ ਹੈ।

ਪੰਜਾਬ, ਹਿੰਦੁਸਤਾਨ ਤੇ ਚੜ ਆਉਂਣ ਵਾਲੇ ਹਮਲਾਵਰਾਂ ਲਈ ਉਹ ਡਿਉਢੀ ਜਾਂ ਦਰਵਾਜ਼ਾ ਰਿਹਾ ਹੈ ਜਿਥੇ ਆਉਂਣ ਵਾਲੇ ਹਰ ਹਮਲਾਵਰ ਨਾਲ ਪੰਜਾਬੀ ਕਰਾਰੇ-ਹੱਥੀਂ ਭਿੜੇ ਹਨ। ਕਈਆਂ ਕੌਮਾਂ ਦੇ ਹਮਲਾਵਰਾਂ ਨਾਲ ਦੋ-ਚਾਰ ਹੁੰਦੇ, ਜੰਗਾਂ-ਯੁੱਧਾਂ ਦਾ ਅਖਾੜਾ ਬਣੇ ਪੰਜਾਬ ਦਾ ਸਭਿਆਚਾਰ ਇਕ ਮਿਲਗੋਭਾ ਕਿਸਮ ਦੇ ਸਮਾਜ ਵਿਚੋਂ ਉਪਜਿਆ ਤੇ ਉਸਰਿਆ ਸੀ ਜਿਸਨੂੰ ਉਪਜਾਉਂਣ ਵਾਲੇ ਭਾਂਤ ਭਾਂਤ ਦੇ ਕੁਝ ਅਜਿਹੇ ਲੋਕ ਸਨ :-

ਕੁਝ ਹੰਨੇ ਦੇ ਕੁਝ ਬੰਨੇ ਦੇ।
ਕੁਝ ਪੂਤਾਂ ਵਾਲੀਂ ਹੰਨੇ ਦੇ।
ਕੁਝ ਢੋਲ-ਢਮੱਕਾ ਸਰਵਰ ਦਾ।
ਕੁਝ ਹਿੜਵਸ ਬਾਬੇ ਨਾਨਕ ਦੀ !

ਪੰਜਾਬੀ ਸੁਭਾਅ ਕਰਕੇ ਬੇਪ੍ਰਵਾਹ ਲੋਕ ਹਨ। ਆਪਣੇ ਸਾਹਿੱਤ ਤੇ ਸਭਿਆਚਾਰ ਤੋਂ ਤਾਂ ਇਸਤੋਂ ਵੀ ਵਧ ਕੇ ਲਾ-ਪ੍ਰਵਾਹ ! ਖਾਲਸੇ ਦੀ ਸਿਰਜਣਾ ਸਮੇਂ ਦਸਮ ਪਿਤਾ ਨੇ ਨਿਆਰੇ-ਖਾਲਸੇ ਦੇ ਨਿਆਰੇ-ਸਭਿਆਚਾਰ ਦਾ ਨੀਂਹ-ਪੱਥਰ ਤਾਂ 1699 ਈ: ਦੀ ਵੈਸਾਖੀ ਨੂੰ ਰੱਖ ਹੀ ਦਿਤਾ ਸੀ ਪਰ ਪੰਜਾਬ ਦੇ ਜੰਮੇ ਸਿੱਖਾਂ ਨੂੰ ਇਸਤੋਂ ਮਗਰੋਂ ਨਿਰੰਤਰ ਮੁਹਿੰਮਾਂ ਤੇ ਚੜਨਾ ਤੇ ਦੁਸ਼ਵਾਰ-ਘਾਟੀਆਂ 'ਚੋਂ ਵਿਚਰਨਾ ਪਿਆ। ਉਹ ਤਾਂ ਰਹਿੰਦੇ ਹੀ ਘੋੜਿਆਂ ਦੀਆਂ ਕਾਠੀਆਂ ਤੇ ਸਨ! ਪੰਜਾਬ ਦੇ ਇਸ ਇਤਿਹਾਸਕ-ਪ੍ਰਸੰਗ ਵਿਚ ਨਿਵੇਕਲੇ ਸਿੱਖ-ਸਭਿਆਚਾਰ ਦੀ ਪ੍ਰਫੁੱਲਤਾ ਲਈ ਹਾਲਾਤ ਸਾਜ਼ਗਰ ਹੋ ਹੀ ਨਾ ਸਕੇ। ਵਿਸ਼ਾਲ ਖਾਲਸਾ-ਰਾਜ ਦੇ ਸੰਸਥਾਪਕ ਸ਼ੇਰਿ-ਪੰਜਾਬ ਦੀ ਸਿੱਖ-ਧਰਮ ਵਿਚ ਸ਼ਰਧਾ-ਆਸਥਾ ਤਾਂ ਅਸੀਮ ਸੀ ਪਰ ਉਸਦੀ ਸਹਿਣਸ਼ੀਲ-ਨੀਤੀ ਦਾ ਸਾਰ-ਸਤ ਹੀ ਇਹ ਸੀ ਕਿ ਖਾਲਸਾ-ਰਾਜ ਸਥਾਪਤ ਕਰਕੇ ਉਸਨੂੰ ਘੱਟੋ-ਘੱਟ ਜਿਉਂਦੇ-ਜੀ ਕਿਵੇਂ ਵੀ ਖਿਲਰਨ ਨਾ ਦਿੱਤਾ ਜਾਵੇ। ਇਸ ਲਈ ਉਸਨੇ ਖਾਲਸੇ ਦੇ ਨਿਆਰੇ-ਸਭਿਆਚਾਰ ਨੂੰ ਨਿਖਾਰਨ ਲਈ ਕੋਈ ਅਜਿਹਾ ਉਚੇਚਾ-ਉਪਰਾਲਾ ਨਾ ਕੀਤਾ ਜਿਸ ਨਾਲ ਉਸਦੇ ਰਾਜ 'ਚ 'ਰਾਜ਼ੀ-ਬਾਜ਼ੀ' ਵਸਣ ਵਾਲੀਆਂ ਧਿਰਾਂ 'ਚੋਂ ਕਿਸੇ ਦੇ ਮਨ ਨੂੰ ਕੋਈ ਠੇਸ ਲੱਗੇ। ਜਿਸ ਕਰਕੇ ਪੰਜਾਬ ਦੇ ਮੇਲੇ-ਮਸਾਹਵੇਂ, ਰਸਮੋਂ-ਰਿਵਾਜ, ਮੰਨ-ਮਨੌਤਾਂ ਆਦਿ ਸਾਰੇ ਪੰਜਾਬੀਆਂ ਲਈ ਲਗਪਗ ਸਾਂਝੇ ਜਿਹੇ ਹੀ ਰਹੇ। ਚਾਹੀਦਾ ਤਾਂ ਇਹ ਸੀ ਕਿ ਜੇ ਦਸਮ ਪਿਤਾ ਦੀ ਤਾਕੀਦ ਖਾਲਸੇ ਨੂੰ ਨਿਆਰਾ ਰਹਿਣ ਦੀ ਕੀਤੀ ਸੀ ਤਾਂ ਇਹ ਸਭਿਆਚਾਰਕ-ਖੇਤਰ 'ਚ ਨਿਆਰਾ ਰਹਿੰਦਾ ਪਰ ਸਿੱਖ-ਸਫਾਂ 'ਚ ਅੱਧ-ਪਚੱਧ ਰੀਤਾਂ ਬਿਪਰਨ (ਬ੍ਰਾਹਮਣ) ਦੀਆਂ ਤੇ ਕੁਝ ਕੁ ਹੋਰਨਾਂ ਦੀਆਂ ਪ੍ਰਚੱਲਤ ਹੀ ਰਹੀਆਂ ਤੇ ਅੱਜ ਵੀ ਹਨ। ਸਿੱਖ-ਸਭਿਆਚਾਰ ਦੀ ਜੋ ਨਿਸ਼ਾਨ-ਦੇਹੀ ਗੁਰ-ਬਚਨਾਂ ਰਾਹੀਂ ਝਰ ਕੇ ਸਿਆਣੇ ਸਿੱਖਾਂ ਨੇ ਰਹਿਤਨਾਮਿਆਂ ਵਿਚ ਕਲਮਬੰਦ ਕਰ ਦਿਤੀ ਸੀ ਉਸਨੂੰ ਪੰਥ ਵਿਚ ਪ੍ਰਚਲੱਤ ਕਰਨ ਦੇ ਭਰਪੂਰ ਉਪਰਾਲੇ ਹੋ ਹੀ ਨਾ ਸਕੇ। ਬਾਵਜੂਦ ਗੁਰਬਾਣੀ, ਰਹਿਤਨਾਮਿਆਂ ਤੇ ਹੋਰ ਸਿੱਖ-ਗ੍ਰੰਥਾਂ ਵਿਚਲੇ ਸਪੱਸ਼ਟ ਸੰਕੇਤਾਂ ਦੇ, ਅੱਜ ਵੀ ਸਿੱਖ ਅਜਿਹੀਆਂ ਧਾਰਮਿਕ-ਕਿਰਿਆਵਾਂ, ਰਸਮੋਂ-ਰਿਵਾਜਾਂ, ਦਿਨ-ਦਿਹਾਰਾਂ, ਤਿਥ-ਤਿਉਹਾਰਾਂ ਤੇ ਜਾਤਾਂ-ਗੋਤਾਂ ਦੇ ਭਰਮ-ਜਾਲ ਵਿਚ ਵਿਚਰ ਰਹੇ ਹਨ ਜਿਹਨਾਂ ਦਾ ਨਿਆਰੇ-ਖਾਲਸੇ ਦੇ ਸਮਾਜ ਦੇ ਨਿਆਰੇ-ਸਭਿਆਚਾਰ ਨਾਲ ਦੂਰ ਦਾ ਵੀ ਵਾਸਤਾ ਨਹੀਂ। ਸਿੱਖ ਹੋਰਨਾਂ ਕੌਮਾਂ-ਲੋਕਾਂ ਦੇ ਸਭਿਆਚਾਰਾਂ ਦੇ ਗੁਣ-ਔਗੁਣ ਤਾਂ ਗ੍ਰਹਿਣ ਕਰ ਰਹੇ ਹਨ ਪਰ ਆਪਣੇ ਸਭਿਆਚਾਰਕ-ਗੁਣਾਂ ਨੂੰ ਗ੍ਰਹਿਣ ਕਰਨ ਤੇ ਇਸ ਨੂੰ ਸਮੇਂ ਤੇ ਸਥਿਤੀ ਅਨੁਸਾਰ ਢਾਲਣ-ਬਦਲਣ ਲਈ ਤਿਆਰ ਨਹੀਂ। ਵਿਸ਼ੇਸ਼ਕਰ ਵਿਦੇਸ਼ਾਂ ਵਿਚ ਜਿਸ ਕਦਰ ਸਿੱਖ ਅੱਜ ਮੈਰਿਜ-ਪਾਰਟੀਆਂ, ਮੈਰਿਜ-ਐਨੀਵਰਸਰੀਆਂ, ਬਰਥ-ਡੇਅ ਪਾਰਟੀਆਂ ਤੇ ਬੇਬੀ-ਸ਼ਾਵਰ ਆਦਿ ਦੀਆਂ ਰਸਮਾਂ ਉਮਾਹ ਤੇ ਉਤਸ਼ਾਹ ਨਾਲ ਮਨਾ ਰਹੇ ਹਨ ਉਹਨਾਂ ਤੋਂ ਲਗਦਾ ਹੈ ਕਿ ਉਹ ਖੁਸ਼ੀ ਨਾਲ ਆਪ ਹੀ ਆਪਣੇ ਸਭਿਆਚਾਰ ਨੂੰ ਤਿਲਾਂਜਲੀ ਦੇ ਅਥਵਾ ਅਲਵਿਦਾ ਨਹੀਂ ਆਖ ਰਹੇ ਸਗੋਂ ਆਪਣੀ ਨਵੀਂ-ਪੀਹੜੀ ਦਾ ਨਾਂ ਸਿੱਖ-ਸਭਿਆਚਾਰ ਦੇ ਸਕੂਲ ਵਿਚੋਂ ਕਟਾ ਕੇ ਉਸ ਨੂੰ ਉਂਗਲੀ ਲਾ ਕੇ ਆਪ ਬਿਗਾਨੇ ਸਭਿਆਚਾਰ ਦੇ ਸਕੂਲ 'ਚ ਦਾਖਲ ਕਰਵਾ ਰਹੇ ਹਨ। ਪੰਜਾਬ ਵਿਚ ਜਦ ਕੋਈ ਆਪਣੇ ਨਾਂ ਨਾਲੋਂ 'ਸਿੰਘ' ਜਾਂ 'ਕੌਰ' ਸ਼ਬਦ ਕੱਟਦਾ ਤਾਂ ਧਾਰਮਿਕ-ਬਿਰਤੀ ਦੇ ਸਿਆਣੇ ਪੁਰਖ ਉਸਦਾ ਬੁਰਾ ਮਨਾਉਂਦੇ ਪਰ ਅੱਜ ਪ੍ਰਦੇਸਾਂ ਵਿਚ ਸਿਰਫ ਨਾਂ ਸੋਖੀ ਤਰਾਂ ਲੈ ਸਕਣ ਦੀ ਸੁਖ-ਸੁਵਿਧਾ ਕਰਕੇ ਜਾਂ ਕਾਰੋਬਾਰ ਦੀਆਂ ਮਜ਼ਬੂਰੀਆਂ-ਲਾਲਚਾਂ ਕਰਕੇ ਸਾਡੇ, ਸੋਹਣੇ ਨਾਵਾਂ ਧਰਿਆਂ ਵਾਲੀਆਂ ਹਰਿ ਸਿਮਰਨਜੋਤ ਕੌਰਾਂ 'ਜੋਡੀਆਂ,' ਮਨਜੀਤ ਕੌਰਾਂ 'ਮੌਡੀਆਂ,' ਹਰਦੇਵ ਕੌਰਾਂ 'ਡੈਬੀਆਂ' ਤੇ ਧੜਾ-ਧੜਾ ਧਨਵੰਤ ਸਿੰਘ 'ਡੈਨੀ,' ਹਰੀ ਸਿੰਘ 'ਹੈਰੀ' ਤੇ ਚਰਨਜੀਤ ਸਿੰਘ 'ਚਾਰਲੀ' ਬਣ ਰਹੇ ਹਨ। ਲੋੜ ਅੱਜ ਸਿੱਖ-ਸਭਿਆਚਾਰ ਨੂੰ ਉਸਾਰਨ ਦੀ ਹੈ ਪਰ ਅਸੀਂ ਉਲਟ ਦਿਸ਼ਾ ਵੱਲ ਤੁਰੇ ਜਾ ਰਹੇ ਹਾਂ !

ਮੌਜੂਦਾ ਸਿੱਖ-ਸੰਘਰਸ਼ ਦੇ ਪ੍ਰਸੰਗ ਵਿਚ ਮੈਂ ਸਦਾ ਖਾੜਕੂ-ਵੀਰਾਂ ਨੂੰ ਇਹ ਸੁਝਾਅ ਦੇਣ ਦਾ ਤਲਬਗਾਰ ਰਿਹਾ ਹਾਂ ਕਿ ਉਹ ਸਮਾਜ-ਸੁਧਾਰ ਦਾ ਵ੍ਹਿੰਢਣ ਨਾ ਵ੍ਹਿੰਢਣ ਕਿਉਂਕਿ ਇਹ ਵੇਲੇ ਦੀ ਨਿਮਾਜ਼ ਨਹੀਂ। ਪਰ ਉਹਨਾਂ ਇਹ ਕਾਰਜ ਕਈ ਥਾਂ ਜ਼ੋਰ ਨਾਲ ਵੀ ਨੇਪਰੇ ਚਾੜਨਾ ਚਾਹਿਆ। ਪਰ ਜੋ ਇਸ ਸਬੰਧ ਵਿਚ ਤਾਕਤ ਦਾ ਇਸਤੇਮਾਲ ਕੀਤਾ ਗਿਆ ਹੈ ਤਾਂ ਇਸਨੂੰ ਜਾਇਜ਼ ਕਦਾਚਿਤ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਸਭਿਆਚਾਰ ਇਕ ਦਰਿਆ ਹੁੰਦਾ ਹੈ। ਜਿਸਦੇ ਵਹਿਣ ਨੂੰ ਏਨੀ ਤੇਜ਼ੀ ਨਾਲ ਨਹੀਂ ਮੋੜਿਆ ਜਾ ਸਕਦਾ। ਉਸ ਵਹਿਣ ਨੂੰ ਮੋੜਨ ਲਈ ਕੋਈ ਹੋਰ ਮੁਹਾਣਿਕ-ਰਸਤਾ ਖੋਦਣਾ ਪੈਂਦਾ ਹੈ। ਰਾਗ ਆਸਾ ਵਿਚ ਸਾਹਿਬਾਂ ਦਾ ਫੁਰਮਾਨ ਹੈ : -

" ਨਚਣ ਕੁਦਣ ਮਨ ਦਾ ਚਾਉ "

ਨੱਚਣਾ-ਕੁੱਦਣਾ ਮਨ ਦਾ ਚਾਅ ਭਾਵ ਖੁਸ਼ੀ ਦਾ ਆਪ-ਮੁਹਾਰਾ ਪ੍ਰਗਟਾਅ ਹੈ ਇਸਨੂੰ ਬ੍ਰੇਕ ਨਹੀਂ ਲਾਇਆ ਜਾ ਸਕਦਾ। ਖਾੜਕੂ-ਵੀਰਾਂ ਨੇ ਇਸਤੇ ਪਾਬੰਦੀ ਆਇਦ ਕਰਨ ਦਾ ਵੀ ਉਪਰਾਲਾ ਕੀਤਾ ਕਿ ਜੰਞਾਂ ਵਿਚ ਨੱਚਿਆ ਨਾ ਜਾਵੇ, ਭੰਗੜਾ ਨਾ ਪਾਇਆ ਜਾਵੇ। ਇਸ ਸਬੰਧ ਵਿਚ ਮੇਰੀ ਗੁਜ਼ਾਰਿਸ਼ ਹੈ ਕਿ ਮਨੁੱਖ ਦੀਆਂ ਜੋ ਮੂਲ-ਪ੍ਰਵਰਿਤੀਆਂ ਹਨ ਉਹਨਾਂ ਦਾ ਉਦੱਾਤੀਕਰਣ (Sublimation) ਕੀਤਾ ਜਾ ਸਕਦਾ ਹੈ, ਉਹਨਾਂ ਦਾ ਰੂਪ ਬਦਲਿਆ ਜਾ ਸਕਦਾ ਹੈ ਪਰ ਉਹਨਾਂ ਨੂੰ ਮਾਰਿਆ ਜਾਂ ਦਬਾਇਆ ਨਹੀਂ ਜਾ ਸਕਦਾ। ਇਸ ਸਬੰਧ ਵਿਚ ਮੈਂ ਵਿਸ਼ੇਸ਼ ਤੌਰ ਤੇ ਪੰਜਾਬ ਦੇ ਲੋਕ-ਨਾਚ ਭੰਗੜੇ ਦੇ ਸਬੰਧ ਵਿਚ ਇਕ ਗੱਲ ਖਾਸ ਤੌਰ ਤੇ ਕਹਾਂਗਾ ਕਿ ਜੇ ਨੱਚਣ-ਕੁੱਦਣ ਮਨ ਕਾ ਚਾਉ ਹੈ ਤਾਂ ਅਸੀਂ ਇਸ ਨੂੰ ਕਿਵੇਂ ਵੀ ਦਬਾਅ ਨਹੀਂ ਸਕਦੇ ਤੇ ਸਾਨੂੰ ਚਾਹੀਦਾ ਵੀ ਨਹੀਂ !

ਹੋਲੀ ਹਿੰਦੂਆਂ ਦਾ ਪ੍ਰਹਿਲਾਦ ਭਗਤ ਦੀ ਭੂਆ ਹੋਲਿਕਾ ਦੇ ਅੱਗ 'ਚ ਭਸਮ ਹੋਣ ਤੋਂ ਚੱਲਿਆ ਤਿਉਹਾਰ ਹੈ। ਜਿਸ ਦਿਨ ਲੋਕ ਰੰਗਾਂ ਦੀਆਂ ਪਿਚਕਾਰੀਆਂ ਭਰ-ਭਰ ਇਕ ਦੂਜੇ ਤੇ ਮਾਰਦੇ ਸਨ ਫਿਰ ਕੂੜਾ-ਕਰਕਟ ਵੀ ਸੁੱਟਣ ਲੱਗ ਪਏ। ਕਲਗੀਧਰ ਪਾਤਸ਼ਾਹ ਸਮੇਂ ਇਹ ਤਿਉਹਾਰ ਭਾਰਤ ਵਿਚ ਬੜੇ ਜ਼ੋਰ-ਸ਼ੋਰ ਨਾਲ ਮਨਾਇਆ ਜਾਂਦਾ ਸੀ। ਸਾਹਿਬਾਂ, ਸਿੱਖਾਂ ਨੂੰ ਇਹ ਤਿਉਹਾਰ ਮਨਾਉਂਣ ਤੋਂ ਰੋਕਿਆ ਨਹੀਂ ਪਰ ਹੋਲੀ ਤੋਂ ਸਗੋਂ ਇਕ ਦਿਨ ਪਹਿਲਾਂ ਤੋਂ ਲੋਹਗੜ ਕਿਲ੍ਹੇ ਤੋਂ ਸੰਮਤ 1757 ਚੇਤ ਬਦੀ ਨੂੰ

ਹੋਲਾ-ਮਹੱਲਾ ਖੇਡਣ ਦੀ ਰੀਤ ਚਲਾ ਦਿੱਤੀ। ਇਥੇ ਕਲਗੀਧਰ ਪਿਤਾ ਸਿੱਖਾਂ ਨੂੰ ਦੋ ਦਲਾਂ 'ਚ ਵੰਡਦੇ ਤੇ ਫਿਰ ਉਹਨਾਂ ਦੀ ਯੁੱਧ-ਕਲਾ ਦੇ ਕਰਤਬ ਦੇਖ ਉਹਨਾਂ ਨੂੰ ਇਨਾਮ-ਸਨਮਾਨ ਦਿੰਦੇ। ਸਿੱਖਾਂ ਨੂੰ ਸਾਹਿਬਾਂ ਹੋਲੀ ਦਾ ਇਕ ਬਦਲ ਦੇ ਦਿੱਤਾ। ਸਿੱਖਾਂ ਨੇ ਇਸ ਅਵਸਰ ਜਾਂ ਤਿਉਹਾਰ ਨੂੰ ਸੋਚ ਤੇ ਸਰੀਰ ਪੱਖੋਂ ਤੰਦੁਰਸਤ ਹੋਣ ਲਈ ਵਰਤਿਆ।

'ਭੰਗੜਾ' ਪੰਜਾਬ ਦਾ ਜਿੰਦ-ਧੜਕਦਾ ਲੋਕ-ਨਾਚ ਹੈ। ਜਦੋਂ 53 ਵਿਚ ਦਿੱਲੀ ਗਣਰਾਜ-ਦਿਵਸ ਤੇ ਪਹਿਲੀ ਵੇਰ ਭੰਗੜਾ ਪੇਸ਼ ਹੋਇਆ ਤਾਂ ਦਰਸ਼ਕਾਂ ਵਿਚ ਇਕ ਤਰਬ-ਤਰੰਗ, ਇਕ ਹਿਲ-ਜੁੱਲ ਹੋ ਤੁਰੀ ਕਿ ਜਿਹੋ-ਜਿਹੇ ਜਿਉਂਦੇ-ਜਾਗਦੇ ਪੰਜਾਬੀ ਹਨ ਉਹੋ ਜਿਹਾ ਹੀ ਉਹਨਾਂ ਦਾ ਲੋਕ-ਨਾਚ ਹੈ। ਖਾੜਕੂ-ਵੀਰਾਂ ਨੂੰ ਇਹ ਗਲਤੀ ਭੁੱਲ ਕੇ ਵੀ ਨਹੀਂ ਕਰਨੀ ਚਾਹੀਦੀ ਕਿ ਉਹ ਭੰਗੜੇ ਨੂੰ ਰੋਕਣ ਸਗੋਂ ਵਰਤਮਾਨ ਸਮੇਂ ਸਿੱਖਾਂ ਕੋਲ ਅੱਜ ਭੰਗੜੇ ਦਾ ਬਦਲ ਹੋਣਾ ਚਾਹੀਦਾ ਹੈ।
ਭਾਈ ਨੰਦ ਲਾਲ ਜੀ ਗੋਯਾ ਲਿਖਦੇ ਹਨ : -

" ਖਾਲਸਾ ਸੋਇ ਜੋ ਚੜ੍ਹੈ ਤੁਰੰਗ । ਖਾਲਸਾ ਸੋਇ ਕਰੇ ਨਿੰਤ ਜੰਗ ।"

'ਜੰਗ ਕਰਨਾ' ਸਿੱਖਾਂ ਦਾ ਜਮਾਂਦਰੂ-ਗੁਣ ਹੈ। ਜੇ ਪੰਜਾਬ ਸਿੱਖਾਂ ਦਾ ਹੈ ਤਾਂ ਅਜੋਕੇ ਸਮੇਂ ਵਿਚ ਜ਼ਰੂਰਤ ਹੈ ਕਿ ਪੰਜਾਬੀਆਂ ਅਥਵਾ ਸਿੱਖਾਂ ਦੇ ਨੱਚਣ-ਕੁਦਣ ਦੇ ਚਾਅ ਵਿਚੋਂ ਉਹਨਾਂ ਦੀ ਜੰਗ ਕਰਨ ਦੀ ਰੁਚੀ ਦੇ ਪ੍ਰਤੱਖ ਦਰਸ਼ਨ ਦੀਦਾਰੇ ਹੋਣ!

ਚਾਹੀਦਾ ਇਹ ਹੈ ਕਿ ਅੱਜ ਪੰਜਾਬ ਦੇ ਲੋਕ-ਨਾਚ 'ਭੰਗੜੇ' ਨੂੰ ਭੰਗੜਾ ਨਹੀਂ ਜੰਗ ਅਥਵਾ 'ਜੰਗੜੇ' ਵਿਚ ਤਬਦੀਲ ਕਰ ਦਿੱਤਾ ਜਾਵੇ। ਸਿੱਖਾਂ ਵਿਚ ਬੜੇ ਵੱਡੇ-ਵੱਡੇ ਗੁਣੀ ਕਲਾਕਾਰ ਤੇ ਭੰਗੜੇ ਦੇ ਕੋਚ-ਉਸਤਾਦ ਬੈਠੇ ਹਨ। ਉਹਨਾਂ ਨੂੰ ਚਾਹੀਦਾ ਤੇ ਜ਼ਰੂਰ ਚਾਹੀਦਾ ਹੈ ਕਿ ਉਹ ਬਦਲੇ ਹਾਲਾਤ ਅਨੁਸਾਰ ਭੰਗੜੇ ਦੀ ਥਾਂਵੇਂ ਜੰਗੜੇ ਦਾ ਅਜਿਹਾ ਰੂਪ ਸਿੱਖਾਂ ਨੂੰ ਦੇਣ ਕਿ ਸਟੇਜ ਉਤੇ ਆਉਂਦੇ ਸਾਬਤ-ਸੂਰਤ ਰਵਾਇਤੀ-ਬਾਣੇ ਵਿਚ ਸ਼ਸਤਰਬੰਦ-ਨੌਜਵਾਨ ਨੱਚਦੇ-ਕੁੱਦਦੇ "ਦੇਹੁ ਸਿਵਾ ਬਰ ਮੋਹੇ ਇਹੈ" ਧੁਨੀ ਨਾਲ ਪਰਦਾ ਉਠਦੇ ਹੀ ਜੈਕਾਰਿਆਂ ਦੀ ਗੂੰਜ ਨਾਲ ਦਰਸ਼ਕਾਂ ਉਤੇ ਛਾ ਕੇ ਹਾਲ ਵਿਚ ਜ਼ਿੰਦਗੀ ਧੜਕਾ ਦੇਣ। ਉਹ ਸਿੱਖ-ਇਤਿਹਾਸ ਤੇ ਵਿਸ਼ੇਸ਼ਕਰ ਵਰਤਮਾਨ ਸਿੱਖ-ਇਤਿਹਾਸ ਨੂੰ ਦਰਸ਼ਕਾਂ ਸਾਹਵੇਂ ਸਾਖਿਆਤ ਕਰਨ। ਢੋਲ ਦੇ ਨਾਲ ਇਕ ਨਗਾਰਾ ਹੋਵੇ ਉਚੇ ਮੁੱਛਹਿਰਿਆਂ ਤੇ ਚੜ੍ਹਦੀ-ਕਲਾ ਦੀ ਸੋਹਣੀ ਦਿੱਖ ਵਾਲਾ ਨਗਾਰਚੀ ਜਦ ਜਾਹੋ-ਜਲਾਲ 'ਚ ਆ ਜੈਕਾਰੇ ਪਿੱਛੋਂ ਨਗਾਰੇ ਤੇ ਚੋਟ ਲਾਵੇ ਤਾਂ ਦਰਸ਼ਕਾਂ ਨੂੰ ਚਮਕੌਰ ਦੀ ਗੜ੍ਹੀ ਜਾਂ ਜਮਰੋਦ ਦੇ ਕਿਲ੍ਹੇ ਕੋਲ ਸਿੰਘ-ਸੂਰਮਿਆਂ ਦੇ ਦੁਸ਼ਮਣ ਨਾਲ ਕਰਾਰੇ-ਹੱਥੀਂ ਭਿੜਨ ਵਰਗਾ ਕੋਈ ਅਹਿਸਾਸ ਝੁਣ ਜਾਵੇ। ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ ਤੇ ਮਲਕੀ-ਕੀਮਾ ਦੀ ਥਾਂ ਸਿੱਖ-ਸ਼ਹੀਦਾਂ ਦੇ ਬੋਲ ਜਾਂ ਜੁਝਾਰੂ ਸਿੰਘ ਤੇ ਉਸਦੀ ਮਾਂ, ਧੀ ਜਾਂ ਬਾਪ ਨਾਲ ਉਸਦਾ ਸੰਵਾਦ ਹੋਵੇ। ਸੰਘਰਸ਼ ਸਬੰਧੀ ਨਿੱਕੀਆਂ ਬੀਰ-ਰਸੀ ਬੋਲੀਆਂ ਢੱਡ-ਸਾਰੰਗੀ ਨਾਲ ਜੰਗੜੇ ਨੂੰ ਹੋਰ ਜੰਗਜੂ ਵਾਤਾਵਰਣ ਵਾਲਾ ਬਣਾ ਸਕਦੀਆਂ ਹਨ!

ਭੰਗੜੇ ਨੂੰ ਵਿਸਾਖ-ਮਹੀਨੇ ਕਣਕ ਨੂੰ ਪੈਂਦੀ ਵਾਢੀ ਸਬੰਧੀ ਜੱਟ ਦੀ ਖੁਸ਼ੀ ਦੇ ਇਜ਼ਹਾਰ ਦਾ ਲੋਕ-ਨਾਚ ਕਰਕੇ ਮੰਨਿਆਂ ਜਾਂਦਾ ਹੈ। 'ਭੰਗੜੇ 'ਚ ਜੱਟਾ ! ਆਈ ਵਿਸਾਖੀ !!' ਦੇ ਬੋਲ ਉਚੇ ਹੁੰਦੇ ਹਨ। ਵਿਸਾਖੀ ਪੁਰਾਣੇ ਸਮਿਆਂ 'ਚ ਨਿਰਸੰਦੇਹ ਪੰਜਾਬ 'ਚ ਵਾਢੀ ਦਾ ਤਿਉਹਾਰ ਹੋਵੇਗਾ। ਪਰ ਸਿੱਖ-ਸਭਿਆਚਾਰ ਦੇ ਵਾਰਸ ਸਿੱਖਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ 1699 ਦੀ ਖਾਲਸਾ-ਸਿਰਜਣ ਦੀ ਵਿਸਾਖੀ ਤੋਂ ਮਗਰੋਂ ਸਿੱਖਾਂ ਲਈ ਇਹ ਸਿਰਫ ਕਣਕ ਦੀ ਵਾਢੀ ਦਾ ਮਹਿਜ਼ ਇਕ ਮੌਸਮੀ-ਤਿਉਹਾਰ ਨਹੀਂ ਬਲਕਿ ਸਿੱਖਾਂ ਦੇ ਸਿਰਾਂ ਦੀ ਵਾਢੀ ਦਾ ਇਕ ਧਾਰਮਿਕ-ਇਨਕਲਾਬੀ ਤਿਉਹਾਰ ਹੈ। ਜੇ ਉਸ ਵੈਸਾਖੀ ਉਤੇ ਦਸਮ ਪਿਤਾ ਨੇ ਸਿੱਖਾਂ ਦੀ ਪੁਰਾਣੀ, ਜਰਜਰੀ, ਬ੍ਰਾਹਮਣਵਾਦੀ ਸੋਚਣੀ ਵਾਲੇ ਸਿਰ ਵੱਢਕੇ ਸਿੱਖਾਂ ਨੂੰ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਕਰ ਦਿੱਤਾ ਸੀ ਤਾਂ ਪੰਜਾਬ ਦੇ ਬਦਲੇ ਮਾਹੌਲ ਵਿਚ ਭੰਗੜੇ

ਵਿਚਲੇ "ਜੱਟਾ ! ਆਈ ਵਿਸਾਖੀ!!" ਨੂੰ ਜੰਗੜੇ ਵਿਚ "ਸਿੱਖਾ ! ਆਈ ਵਿਸਾਖੀ!!" ਵਿਚ ਬਦਲਣਾ ਚਾਹੀਦਾ ਹੈ ਤੇ ਬਦਲਣਾ ਪਵੇਗਾ। ਜੇ ਖੰਡੇ-ਬਾਟੇ ਦੇ ਅੰਮ੍ਰਿਤ ਦੁਆਰਾ ਕਲਗੀਧਰ ਪਿਤਾ ਨੇ ਸਾਰੇ ਸਿੱਖ ਭਰਾ ਬਣਾ ਕੇ ਬਰਾਬਰ ਕੀਤੇ ਸਨ ਤਾਂ ਵਿਸਾਖੀ ਲਈ ਇਕੱਲੇ ਜੱਟ ਨੂੰ ਹੀ ਕਿਉਂ ਸੰਬੋਧਨ ਕੀਤਾ ਜਾਵੇ? ਸਿੱਖੀ ਦੇ ਲਾਗੜੀ-ਮੁਹਰੈਲ ਤੇ ਠੇਕੇਦਾਰ ਹੋਣ ਦਾ ਜੱਟ ਹੀ ਕਿਉਂ ਦਾਅਵਾ ਕਰੇ ? ਉਹ ਪੰਜਾਬ ਦੀਆਂ ਸਿੱਖ-ਸੰਸਥਾਵਾਂ ਤੇ ਡਾਂਗ ਦੇ ਜ਼ੋਰ ਕਬਜ਼ਾ ਕਰਕੇ ਉਨ੍ਹਾਂ ਤੋਂ ਲਹਿਣ ਤੋਂ ਨਾਬਰ ਹੋ ਕੇ ਮਾਂਹਾਂ ਦੇ ਆਟੇ ਵਾਂਗੂ ਕਿਉਂ ਆਕੜਿਆ ਫਿਰੇ ? ਅੱਜ ਮਸਲਾ ਸ੍ਰੀ ਅਕਾਲ ਤਖਤ ਦੀ ਜਥੇਦਾਰੀ ਦਾ ਹੋਵੇ, ਸ਼੍ਰੋ: ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਹੋਵੇ, ਜੱਟ ਕੋਈ ਇਹਨਾਂ ਤੋਂ ਤੱਤੇ-ਖੁਰਚਣੇ ਨਾਲ ਲਹਿਣ ਨੂੰ ਤਿਆਰ ਨਹੀਂ। ਸਿੱਖ-ਸੰਸਥਾਵਾਂ ਚੋਂ ਕੋਈ ਸੁੱਕ-ਪਕੇ ਜਾਂ ਪੋਲੇ-ਪੈਰੀਂ ਨਹੀਂ ਨਿਕਲਦਾ ਜੇ ਕੋਈ ਜੱਟ ਨਿਕਲਦਾ ਹੈ ਤਾਂ ਭੂਤਨੇ ਵਾਂਗੂ ਲਟੈਣ ਭੰਨ ਕੇ ਹੀ ਨਿਕਲਦਾ ਹੈ। ਇਸੇ ਪ੍ਰਵਿਰਤੀ ਦਾ ਹੀ ਸਿੱਟਾ ਹੈ ਕਿ ਅੱਜ ਅੱਧੀ ਦਰਜਣ ਅਕਾਲੀ ਦਲ ਸਿੱਖਾਂ ਦੇ ਪ੍ਰਤੀਨਿਧ 'ਸ਼੍ਰੋ: ਅਕਾਲੀ ਦਲ' ਕਹਾ ਰਹੇ ਹਨ। ਸਿੱਖੀ ਵਿਚ ਜੱਟਵਾਦ ਦੇ ਵੱਧ ਰਹੇ ਪ੍ਰਭਾਵ ਦੇ ਖਤਰਨਾਕ ਰੁਝਾਨ ਦਾ ਹੀ ਸਿੱਟਾ ਹੈ ਕਿ ਅੱਜ ਟਾਂਕ-ਕਸ਼ੱਤਰੀ, ਰਵਿਦਾਸੀ ਤੇ ਰਾਮਗੜ੍ਹੀਆ ਗੁਰਦੁਆਰੇ ਉਸਰ ਰਹੇ ਹਨ। ਇਸੇ ਰੁਝਾਨ ਦਾ ਨਤੀਜਾ ਹੈ ਕਿ ਜੇ ਕਾਂਸ਼ੀ ਰਾਮ ਪੰਜਾਬ ਆ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕਰਦਾ ਹੈ ਤਾਂ ਟੌਹੜਾ-ਬਾਦਲ ਦੋਵੇਂ ਹੱਥ ਬ੍ਰੰਨ ਕੇ ਉਸ ਦੇ ਦਰਾਂ ਤੇ ਇਕ ਦੂਸਰੇ ਤੋਂ ਮੂਹਰੇ ਹੋ ਕੇ ਖੁਤਦੇ ਹਨ ਕਿਉਂਕਿ ਇਹਨਾਂ ਨੂੰ ਅੰਦਰੋਂ ਪਤਾ ਹੈ ਕਿ ਅਸੀਂ ਸਿੱਖੀ-ਸਿਧਾਂਤਾਂ ਨੂੰ ਉਲੰਘ ਕੇ ਜੱਟਵਾਦ ਦਾ ਡੌਰੂ ਲੋਤੋਂ ਵੱਧ ਉਚਾ ਖੜਕਾ ਕੇ ਦੂਸਰੇ ਸਿੱਖਾਂ ਦੇ ਵਿਸ਼ਵਾਸ-ਭਰੋਸੇ ਨੂੰ ਗਵਾ ਰਹੇ ਹਾਂ। ਖੈਰ !

ਭੰਗੜੇ ਤੇ ਹੁਣ ਜੰਗੜੇ ਵਾਂਗੂ ਪੰਜਾਬਣਾਂ ਦੇ ਲੋਕ-ਨਾਚ 'ਗਿੱਧੇ' ਦੀ ਗੱਲ ਹੈ। ਭਾਰਤ ਦੇ ਹੋਰ ਨਾਚਾਂ ਦੇ ਮੁਕਾਬਲੇ ਇਸ 'ਚ ਜਾਨ ਹੈ। ਪੰਜਾਬ ਦੇ ਫਿਰੇ ਮੌਸਮ ਅਨੁਸਾਰ ਸਿੰਘਣੀਆਂ ਨੂੰ ਆਪਣੀਆਂ ਬੋਲੀਆਂ ਵਿਚ ਵੀ ਫੌਲਾਦੀ-ਬੋਲਾਂ ਦੀ ਮਿੱਸ ਪਾਉਣੀ ਚਾਹੀਦੀ ਹੈ ! ਹੁਣ -

" ਕਿੱਕਰ ਤੇ ਕਾਟੋ ਰਹਿੰਦੀ ਐ, ਕੱਲਾ ਨਾ ਜਾਈਂ ਖੇਤ ਨੂੰ ! "

ਵਰਗੇ ਕਾਇਰਤਾ ਦਾ ਭਾਵ ਉਪਜਾਉਂਦੇ ਟੱਪਿਆਂ-ਗੀਤਾਂ ਨੂੰ ਪਿੱਛੇ ਰੱਖਣਾ ਜਾਂ ਵਿਸਾਰਨਾ ਹੋਏਗਾ। ਅਤੇ

ਆਉਂਦੀ ਕੁੜੀਏ! ਜਾਂਦੀ ਕੁੜੀਏ !!
ਚੱਕ ਲਿਆ ਬਜਾਰ ਵਿਚੋਂ ਛੈਣੇ।
ਏਥੋਂ ਦੇ ਸ਼ਕੀਨ ਗੱਭਰੂ
ਚਿੱਟੇ ਚਾਦਰੇ ਜਮੀਨਾਂ ਗਹਿਣੇ !

ਨੂੰ ਬਦਲ ਕੇ ਇਸ ਤਰਾਂ ਦਾ ਨਵਾਂ ਰੂਪ ਦੇਣਾ ਪਵੇਗਾ : -

ਆਉਂਦੀ ਕੁੜੀਏ! ਜਾਂਦੀ ਕੁੜੀਏ !!
ਚੱਕ ਲਿਆ ਬਜਾਰ ਵਿਚੋਂ ਛੈਣੇ।
ਤਿਲ ਤਿਲ ਕੱਟ ਜਾਵਾਂਗੇ
ਪੈਣ ਦੇਣਾ ਨਹੀਂ ਪੰਜਾਬ ਹੁਣ ਗਹਿਣੇ !

ਇਹ ਬੋਲੀਆਂ ਸ਼੍ਰੰਨਣ ਤੇ ਘਤਨ ਵਾਲੀਆਂ ਧਿਰਾਂ ਨੂੰ ਜ਼ਿਹਨ 'ਚ ਰੱਖਣਾ ਚਾਹੀਦਾ ਹੈ ਕਿ ਇਹਨਾਂ ਬੋਲੀਆਂ ਦੀਆਂ ਆਰੰਭਕ ਜਾਂ ਅਧਾਰਕ-ਸਤਰਾਂ ਪੁਰਾਣੀਆਂ ਬੋਲੀਆਂ ਦੀਆਂ ਹੀ ਹੋਣ ਜਿਵੇਂ ਉਪਰਲੀ ਬੋਲੀ ਦੀਆਂ ਉਪਰਲੀਆਂ ਦੋ ਸਤਰਾਂ। ਕਿਉਂਕਿ ਇਹ ਲੋਕ-ਮਨਾਂ ਵਿਚ ਡੂੰਘੀਆਂ ਉਤਰੀਆਂ, ਜਿੰਜਰੀਆਂ ਤੇ ਮਕਬੂਲ ਹੋਈਆਂ ਹਨ। ਜੇ ਸਾਰੀ ਬੋਲੀ ਨਵੀਂ ਜੋਤੀ ਜਾਏਗੀ ਤਾਂ ਉਸਨੂੰ ਲੋਕ-ਮਨ ਛੇਤੀ ਕੀਤੇ ਪਿਆਰ ਤੇ ਪ੍ਰਵਾਨ ਨਹੀਂ ਕਰੇਗਾ। ਜੇ ਹੁਣ ਦੇ ਸਮੇਂ ਦੀ ਗੱਲ ਆਖਰੀ ਸਤਰਾਂ 'ਚ ਕਹੀ ਜਾਵੇ ਤੇ

ਪਹਿਲੀ ਨੀਂਹ ਪੁਰਾਣੀ ਰੱਖੀ ਜਾਵੇ ਤਾਂ ਇਹ ਟਾਂਡਿਆਂ ਨਾਲ ਬਰਸੀਮ ਕੁਤਰਨ ਵਾਲੀ ਗੱਲ ਹੋਵੇਗੀ ਤੇ ਇੰਵ ਬਣੀ ਰੋਚਿਕਤਾ ਕਾਰਨ ਸਰੋਤੇ ਇਸਨੂੰ ਚਾਹ ਕੇ ਕਬੂਲਣਗੇ।

'ਢਾਡੀ-ਪਰੰਪਰਾ' ਦਲ-ਭੰਜਨ ਗੁਰ-ਸੂਰਮੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਿੱਖਾਂ ਵਿਚ ਸ਼ਕਤੀ ਭਰਨ ਲਈ ਸਿੱਖ-ਸਫਾਂ 'ਚ ਪ੍ਰੱਚਲਤ ਕੀਤੀ ਸ਼ਾਨਦਾਰ-ਪਰੰਪਰਾ ਸੀ। ਇਹ ਸਿੱਖਾਂ ਦੇ ਜਜ਼ਬਾਤੀ ਸੁਭਾਅ ਦੇ ਏਨੀ ਅਨੁਕੂਲ ਹੈ ਕਿ ਉਹਨਾਂ ਵਿਚਲੇ ਬੀਰਤਾ ਦੇ ਜਜ਼ਬੇ ਨੂੰ ਝੂਣ ਕੇ ਝੱਟ ਜਗਾ ਦੇਂਦੀ ਹੈ। ਇਸ ਗੁਰੂ-ਬਖਸ਼ੀ ਪਿਆਰੀ ਪਰੰਪਰਾ ਵੱਲ ਸਿੱਖਾਂ ਨੂੰ ਉਚੇਚਾ ਧਿਆਨ ਦੇਣਾ ਤੇ ਇਸਨੂੰ ਸਗੋਂ ਵਧੇਰੇ ਪ੍ਰਚਲਤ ਤੇ ਪ੍ਰਫੁੱਲਤ ਕਰਨਾ ਚਾਹੀਦਾ ਸੀ ਪਰ ਆਪਣੇ ਸੁਭਾਅ ਅਨੁਸਾਰ ਸਿੱਖ ਇਸ ਤੋਂ ਬੇਪ੍ਰਵਾਹ ਫਿਰ ਲਾਪ੍ਰਵਾਹ ਤੇ ਹੁਣ ਲਗਪਗ ਉਕਾ ਬੇ-ਧਿਆਨੇ ਹੋ ਰਹੇ ਹਨ। ਚੰਗਾ ਹੋਵੇ ਜੇ ਕਿਧਰੇ ਵਿਦੇਸ਼ਾਂ ਵਿਚਲੀ ਕੋਈ ਸਿੱਖ-ਸੰਸਥਾ ਛੇਵੇਂ ਸਤਿਗੁਰਾਂ ਨੂੰ ਅਤਿ-ਪਿਆਰੀ ਇਸ ਪਰੰਪਰਾ ਦੀ ਜੋਤ ਜਗਦੀ ਰੱਖਣ ਲਈ ਇਕ ਢਾਡੀ ਸਿੱਖਿਆ-ਕੇਂਦਰ ਖੋਹਲਣ ਦਾ ਉਦਮ-ਉਪਰਾਲਾ ਕਰ ਵਿਖਾਵੇ !

ਖੇਡਾਂ ਵਿਚੋਂ 'ਗੱਤਕਾ' ਸਿੱਖਾਂ ਦੀ ਮੁਆਰਕੇ ਦੀ ਫੁਰਤੀਲੀ ਖੇਡ ਹੈ। ਇਸੇ ਤਰਾਂ 'ਹਾਕੀ' ਵੀ ਸਿੱਖਾਂ ਦਾ ਇਕ ਕਿਸਮ ਦਾ ਗਹਿਣਾ ਸੀ। ਹੁਣ ਇਹਨਾਂ ਖੇਡਾਂ ਦੇ ਬਚੇ-ਖੁਚੇ ਚੰਦ ਖਿਡਾਰੀ ਹੀ ਕਦੇ-ਕਦਾਈਂ ਦੇਖਣ ਨੂੰ ਮਿਲਦੇ ਹਨ। ਲੋੜ ਹੈ ਕਿ ਅੱਜ ਸਿੱਖ ਗੱਤਕੇ ਅਤੇ ਹਾਕੀ ਵਿਚ ਤਾਕ ਹੋ ਕੇ ਆਪਣੇ ਹਾਣ ਦੀਆਂ ਇਹਨਾਂ ਖੇਡਾਂ ਨੂੰ ਜ਼ਿੰਦਾ ਰੱਖਣ। ਇਹ ਖੇਡਾਂ ਸਿੰਘਾਂ ਵਾਂਗ ਹੀ ਸੁਜਾਗ ਤੇ ਫੁਰਤੀਲੀਆਂ ਹਨ। ਸਿੱਖਾਂ ਨੂੰ ਕਲਗੀਧਰ ਪਾਤਸ਼ਾਹ ਨੇ ਬਾਜ਼ਾਂ ਵਰਗੇ ਸਿੰਘ ਬਣਾਇਆ ਹੈ, ਸੁਸਤੀ ਜਿਹਨਾਂ ਦੇ ਨੇੜ ਦੀ ਨਾ ਲੰਘ ਸਕੇ। ਗੱਲ ਬਾਜ਼ਾਂ ਦੀ ਤੁਰ ਪਈ !

ਜਾਗਤ-ਜੋਤ ਅਕਾਲ-ਪੁਰਖ ਦੇ ਉਪਾਸ਼ਕ ਖਾਲਸੇ ਦੀ ਅੱਖ ਬਾਜ਼ ਵਰਗੀ ਹੋਣੀ ਚਾਹੀਦੀ ਹੈ! ਮੀਰੀ-ਪੀਰੀ ਦੇ ਮਾਲਕ ਦਲ-ਭੰਜਨ ਸੂਰਮੇ ਗੁਰੂ ਹਰਗੋਬਿੰਦ ਸਾਹਿਬ ਬਾਜ਼ਾਂ ਦੇ ਪੁੰਜ ਕੇ ਸ਼ੌਕੀਨ ਸਨ। ਦਸਮ ਪਾਤਸ਼ਾਹ ਦੇ ਤਾਂ ਬਾਜ਼ ਉਡਦਾ ਹੀ ਨਾਂ ਦੇ ਨਾਲ ਨਾਲ ਹੈ ! ਬਾਜ਼, ਰਾਜ-ਸ਼ਕਤੀ, ਸੁਜਾਗਤਾ, ਸੁਚੇਤਤਾ ਤੇ ਚਿਤੰਨਤਾ ਦਾ ਪ੍ਰਤੀਕ ਹੈ। ਗੁਰੂ ਕੇ ਨਿਰਭਉ ਸਿੰਘ ਸਮੇਂ ਦੀ ਵੱਡੀ ਸ਼ਕਤੀ ਮੁਗਲ ਸਰਕਾਰ ਦੇ ਬਾਜ਼ਾਂ ਨੂੰ ਫੜ ਲਿਆ ਕਰਦੇ ਸਨ। ਇਹ ਅਸਲ 'ਚ ਸਿੰਘਾਂ ਵਲੋਂ ਮੁਗਲਾਂ ਦੀ ਸਰਕਾਰ ਖੋਹ ਲੈਣ ਦਾ ਹੀ ਸੂਚਕ ਤੇ ਸੁਨੇਹਾ ਹੁੰਦਾ ਸੀ। ਭਾਰਤ ਵਾਲਿਆਂ ਨੇ ਆਪਣਾ ਰਾਸ਼ਟਰੀ-ਪੰਛੀ ਮੋਰ ਨੂੰ ਚੁਣਿਆਂ ਹੈ। ਮੋਰ ਅੰਤਾਂ ਦਾ ਸੋਹਣਾ ਪੰਛੀ ਹੈ ਪਰ ਖੁਸ਼ੀ ਵਿਚ ਪ੍ਰੈਲ ਪਾਉਂਦਿਆਂ ਵੀ ਉਸਦੀ ਅੱਖ ਵਿਚ ਹੰਝੂ ਹੁੰਦਾ ਹੈ। ਇਹ ਉਸਦੀ ਚੋਣ ਕਰਨ ਵਾਲੀ ਕੌਮ ਦੀ ਮਾਨਸਿਕਤਾ ਦਾ ਪ੍ਰਤੀਕ ਹੈ। ਮੋਰ ਦੇ ਸੋਹਣੇ ਲੰਬੇ ਖੰਭਾਂ ਵਿਚ ਲੰਬੀ ਪਰਵਾਜ਼ ਜਾਂ ਉਡਾਰੀ ਨਹੀਂ ਹੋ ਸਕਦੀ। ਪਰ ਹੁਣ ਜਦ ਖਾਲਸੇ ਦਾ ਰਾਜ ਹੋਵੇ ਤਾਂ ਸਿੱਖਾਂ ਦਾ ਕੌਮੀ-ਪੰਛੀ ਨਿਸਚੇ ਹੀ ਬਾਜ਼ ਹੋਣਾ ਚਾਹੀਦਾ ਹੈ ਕਿਉਂਕਿ ਬਾਜ਼ ਮੋਰ ਦੇ ਮੁਕਾਬਲੇ ਆਸ਼ਾਵਾਦੀ ਸੋਚਣੀ ਤੇ ਚੜਦੀ-ਕਲਾ ਦਾ ਪ੍ਰਤੀਕ ਹੈ ਉਸਦੇ ਮਜ਼ਬੂਤ ਫੌਲਾਦੀ-ਖੰਭਾਂ ਵਿਚ ਦੂਰ ਦਿਸਹੱਦੇ ਜਾਂ ਮੰਜ਼ਲ ਤਕ ਪਹੁੰਚ ਸਕਣ ਦੀ ਸਮਰੱਥਾ ਸ਼ਕਤੀ ਤੇ ਪਰਵਾਜ਼ ਹੈ। ਅੱਜ ਸਿੱਖਾਂ ਦੇ ਘਰਾਂ, ਡਰਾਇੰਗ-ਰੂਮਾਂ ਵਿਚ ਬਾਜ਼ਾਂ ਦੀਆਂ ਤਸਵੀਰਾਂ ਹਾਜ਼ਰ ਰਹਿਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਉਠਦੇ-ਬਹਿੰਦੇ ਉਹਨਾਂ ਦੀਆਂ ਨਜ਼ਰਾਂ ਸਾਹਵੇਂ ਰਹਿਣ ਤੇ ਇਸਤਰਾਂ ਬਾਜ਼ਾਂ ਨੂੰ ਵੇਖਦੇ ਸਿੱਖਾਂ ਦਾ ਸਗਲਾ ਆਪਾ ਬਾਜ਼ਾਂ ਵਾਂਗ ਜਾਗਦਾ ਰਹੇ, ਉਹਨਾਂ ਨੂੰ ਬਾਜ਼ਾਂ ਵਾਲੇ ਸਤਿਗੁਰੂ ਸਦਾ ਯਾਦ ਰਹਿਣ ਤੇ ਉਹਨਾਂ ਦੇ ਮਨ-ਆਤਮਾ ਵਿਚ ਰਾਜ-ਸ਼ਕਤੀ ਦਾ ਸੰਕਲਪ ਜਾਗਦਾ ਰਹੇ !

ਸਿੱਖ-ਸਭਿਆਚਾਰ ਦੇ ਪ੍ਰਸੰਗ ਵਿਚ ਬਾਜ਼ ਤੋਂ ਮਗਰੋਂ ਮੈਨੂੰ ਘੋੜੇ ਤੇ ਛੋਲੇ ਯਾਦ ਆਉਂਦੇ ਹਨ। ਘੋੜਿਆਂ ਤੇ ਛੋਲਿਆਂ ਨਾਲ ਸਾਡੀ ਸਿੱਖਾਂ ਦੀ ਪੁਰਾਣੀ ਦੋਸਤੀ ਹੈ। ਇਹ ਪੰਜਾਬ ਦੇ ਅਣ-ਵਿਗਸੇ ਸਭਿਆਚਾਰ ਦੇ ਅਨੱਖਿੜਵੇਂ ਅੰਗ ਹਨ। ਔਖੇ ਸਮਿਆਂ ਵਿਚ ਸਿੰਘ ਘੋੜਿਆਂ ਦੀਆਂ ਕਾਠੀਆਂ ਤੇ ਰਹਿੰਦੇ ਤੇ ਛੋਲਿਆਂ ਨੂੰ ਬਦਾਮ ਕਹਿ ਕੇ ਅਕਾਲ-ਪੁਰਖ ਦੇ ਸੁਕਰਾਨੇ ਨਾਲ ਖੁਸ਼ੀ ਤੇ ਆਨੰਦ ਸੰਗ ਛਕਦੇ ਸਨ। ਇਹ ਦੋਵੇਂ ਸਿੱਖਾਂ ਦੇ ਆਫਤ ਦੇ ਸਮਿਆਂ ਵਿਚ ਬੜੇ ਕੰਮ ਆਉਣ ਵਾਲੇ ਮਿੱਤਰ ਰਹੇ ਹਨ ਜਿਹਨਾਂ ਦੀ ਯਾਦ ਨੂੰ ਸਾਨੂੰ ਸਿੱਖਾਂ ਨੂੰ ਕਦੇ ਨਹੀਂ ਵਿਸਾਰਨਾ ਚਾਹੀਦਾ ਪਰ ਅੱਜ ਪੰਜਾਬ ਵਿਚੋਂ ਘੋੜੇ ਵੀ

ਖਤਮ ਹੋ ਰਹੇ ਹਨ ਤੇ ਮਾਰੂ ਜ਼ਮੀਨਾਂ ਦੇ ਸੇਂਜੂ ਹੋ ਜਾਣ ਨਾਲ ਛੋਲੇ ਵੀ ਸਿੱਖਾਂ ਤੋਂ ਵਿੰਛੜ ਰਹੇ ਹਨ। ਇਹਨਾਂ ਦੋਹਾਂ ਨਾਲ ਸਿੱਖਾਂ ਦੀ ਭਾਵੁਕ-ਸਾਂਝ ਬਣੀ ਰਹਿਣੀ ਚਾਹੀਦੀ ਹੈ। ਸਿੱਖ ਦੇਸ਼ 'ਚ ਰਹਿਣ ਜਾਂ ਵਿਦੇਸ਼ 'ਚ ਉਹਨਾਂ ਦੇ ਘਰਾਂ 'ਚ ਭੁੱਜੇ ਛੋਲਿਆਂ ਦੇ ਮਰਤਬਾਨ ਉਹਨਾਂ ਦੀਆਂ ਅੱਖਾਂ ਸਾਹਵੇਂ ਰਹਿਣ ਤੇ ਸਦਾ ਉਹਨਾਂ ਦੇ ਸਤਿਕਾਰ ਦੇ ਪਾਤਰ ਹੋਣ! ਗੱਲ ਉਹਨਾਂ ਨੂੰ ਚੱਬਣ-ਖਾਣ ਦੀ ਨਹੀਂ। ਗੱਲ ਉਹਨਾਂ ਦੀ ਸਾਡੇ ਨਾਲ ਚਿਰੋਕਣੀ ਤੇ ਔਖੇ ਸਮਿਆਂ ਦੀ ਸਾਂਝ-ਸਕੀਰੀ ਦੀ ਹੈ। ਵਿਦੇਸ਼ਾਂ ਵਿਚ ਉਹਨਾਂ ਦਾ ਸਥਾਨ ਕਾਜੂ-ਅਖਰੋਟਾਂ ਤੋਂ ਸਿੱਖਾਂ ਲਈ ਸਦਾ ਉਚਾ ਹੋਣਾ ਚਾਹੀਦਾ ਹੈ। ਦੇਸ਼-ਵਿਦੇਸ਼ 'ਚ ਸਿੱਖਾਂ ਕੋਲ ਗੁਰੂ-ਬਖਸ਼ੇ ਭਾਂਵੇ ਅੱਜ ਹੋਰ ਬਥੇਰੇ ਸਾਧਨ ਹਨ ਪਰ ਸਮਰੱਥਾਵਾਨ ਸਿੱਖ, ਹੋ ਸਕੇ ਤਾਂ ਘੋੜਿਆਂ ਨਾਲ ਕੌਮ ਦਾ ਕਦੇ ਤੋੜ-ਵਿਛੋੜਾ ਨਾ ਹੋਣ ਦੇਣ!

ਸਭਿਆਚਾਰ ਦੇ ਪ੍ਰਸੰਗ ਵਿਚ ਖਾੜਕੂਆਂ ਦੇ ਤਰੀਕੇ ਨਾਲ ਭਲੇ ਹੀ ਕਿਸੇ ਨੂੰ ਮਤਭੇਦ ਹੋਵੇ ਪਰ ਸਮਾਜ-ਸੁਧਾਰ ਪ੍ਰੋਗਰਾਮ ਦੇ ਸਬੰਧ 'ਚ ਉਹਨਾਂ ਦੀ ਇਹ ਇਕ ਵਧੀਆ ਪ੍ਰਾਪਤੀ ਸੀ ਕਿ ਉਹਨਾਂ ਲੱਚਰ-ਗੀਤਾਂ ਨੂੰ ਠੁਲ ਪਾ ਲਈ ਸੀ ਪਰ ਅੱਜ ਸ਼ਕਲੋਂ ਸਿੱਖ-ਦਿਸਦੇ ਕੁਝ ਟੂਟਲ ਤੇ ਬੁਗਦੂ ਲੋਕਾਂ ਵਲੋਂ, ਜਿਹਨਾਂ ਦੀ ਪੁਰਾਣੇ ਸਾਈਕਲ ਵਾਂਗ ਖੜਕੀ ਲੀਡਰੀ ਦਾ ਨਾ ਕੋਈ ਕੈਰੀਅਰ ਹੈ ਨਾ ਸਟੈਂਡ, ਉਹ ਪ੍ਰੋ: ਮੋਹਨ ਸਿੰਘ ਵਰਗੇ ਪਹਿਲੇ-ਤੋੜ ਦੀ ਸ਼ਾਇਰੀ ਕਰਨ ਵਾਲੇ ਸ਼ਾਇਰ ਦਾ ਨਾਂ ਵੇਚ-ਵਰਤ ਤੇ ਪੰਜਾਬੀ ਸਭਿਆਚਾਰ ਦੇ ਸਵੈ-ਸਜੇ ਪਿਤਾਮਾ ਬਣ ਕੇ ਪੰਜਾਬ ਦੇ ਹੋਣਹਾਰ-ਕਲਾਕਾਰਾਂ ਨੂੰ ਪੁੱਠੇ-ਪਾਸੇ ਲਾ ਕੇ ਲੋਕ-ਮੇਲੇ ਜੋੜ ਉਹਨਾਂ 'ਚ ਕਾਂਗਰਸੀ ਲੀਡਰਾਂ ਨੂੰ ਸੱਦ ਕੇ ਇਕ ਪਾਸੇ ਆਪਣੀ ਜੰਗਾਲੀ-ਚੌਧਰ ਚਮਕਾਣ ਦੇ ਆਹਰ ਵਿਚ ਹਨ ਤੇ ਦੂਸਰੇ ਪਾਸੇ ਖਾੜਕੂਆਂ ਅਥਵਾ ਸਿੱਖ-ਸੰਘਰਸ਼ ਦਾ ਵਿਰੋਧ ਕਰਕੇ ਪੰਜਾਬ ਦੇ ਸਭਿਆਚਾਰ ਦਾ ਸਤਿਆਨਾਸ ਕਰ ਰਹੇ ਹਨ।

ਮੁੱਕਦੀ ਗੱਲ ਸਿੱਖ ਹੁਣ ਤੱਕ, ਪਹਿਲੋਂ ਹਾਲਾਤ-ਵੱਸ ਤੇ ਮਗਰੋਂ ਅਗਿਆਨਤਾ ਜਾਂ ਸੈਕੂਲਰ ਸੋਚਣੀ ਦੇ ਫੈਸ਼ਨ ਵੱਸ ਆਪਣੇ ਸ਼ਾਨਦਾਰ ਸਭਿਆਚਾਰਕ-ਵਿਰਸੇ ਵਲੋਂ ਅਵੇਸਲੇ ਤੇ ਲਾ-ਪ੍ਰਵਾਹ ਰਹੇ ਹਨ ਅਤੇ ਉਹ ਹੋਰਨਾਂ ਦੇ ਵਿਸ਼ਵਾਸਾਂ, ਮੰਨਤ-ਮਨੌਤਾਂ ਤੇ ਰਸਮੋਂ-ਰਿਵਾਜਾਂ ਦੇ ਸਾਏ ਹੇਠ ਵਿਚਰਦੇ ਰਹੇ ਹਨ। ਅਜੇ ਤੱਕ ਉਹ ਆਪਣੇ ਤਿਉਹਾਰਾਂ ਤੇ ਰੋਜ਼ਾਨਾ-ਜੀਵਨ ਦੇ ਕਾਰਜ ਕਰਨ ਦੀਆਂ ਰਸਮਾਂ ਦਾ ਲੋੜੀਂਦਾ ਨਿਖੇੜਾ-ਨਿਤਾਰਾ ਵੀ ਗੁਰਬਾਣੀ ਦੇ ਚਾਨਣ 'ਚ ਨਹੀਂ ਕਰ ਸਕੇ। ਲੋੜ ਹੈ ਕਿ ਅੱਜ ਉਹ ਸੁਜਾਖੇ, ਸੁਚੇਤ ਤੇ ਚਿਤੰਨ ਹੋ ਕੇ ਸਭ ਛੱਟੀਆਂ-ਝੋਪਾਂ ਚੱਕ ਕੇ, ਕਿਸੇ ਵੱਡੀ ਪਿੱਛੇ ਆਪਣਾ ਵੱਗ ਤਿਹਾਇਆ ਨਾ ਮਾਰਨ ਤੇ ਆਪਣੇ ਨਿਆਰੇ-ਸਭਿਆਚਾਰ ਦੇ ਨੈਣ-ਨਕਸ਼ ਨਿਖਾਰਨ ਤਾਂ ਕਿ ਅੱਜ ਸੱਤ ਸਮੁੰਦਰਾਂ ਦੇ ਆਰ-ਪਾਰ ਵਸਦੇ ਨਿਆਰੇ-ਖਾਲਸੇ ਨੂੰ ਕਿਸੇ ਵੀ ਖਾਰੇ ਸਮੁੰਦਰ ਦਾ ਖੋਰਾ ਨਾ ਲੱਗ ਸਕੇ !

" ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ !"

(ਸ਼ਾਹ ਮੁਹੰਮਦ)

ਹੁਕਮ ਪੰਥਕ ਕਮੇਟੀ ਦਾ ! ਕਮਾਨ ਮਾਨ ਦੀ !!

(ਨੌਂ)

ਪੀਰੀ ਨੂੰ ਪੁਜਵੱਲਤ ਕਰਕੇ ਅਸਲੀ ਤੇ ਆਨੇ ਵਾਲੀ ਥਾਂ ਆਉਣ ਵਾਲੀ ਗੱਲ ਹੈ ਮੀਰੀ ਦੀ ਅਥਵਾ ਸਿੱਖ-ਰਾਜ ਲੈਣ ਜਾਂ ਖਾਲਿਸਤਾਨ ਪ੍ਰਾਪਤ ਕਰਨ ਦੀ !

ਇਹ ਗੱਲ ਤਹਿ ਹੋ ਗਈ ਕਿ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਰਬੱਤ-ਖਾਲਸੇ ਵਿਚ ਸਿੱਖ-ਸੰਘਰਸ਼ ਨੂੰ ਅੱਗੇ ਤੋਰਨ ਲਈ ਪੰਜ ਮੈਂਬਰੀ ਪੰਥਕ-ਕਮੇਟੀ ਬਣਾਈ ਗਈ ਜਿਸਨੇ 29 ਅਪ੍ਰੈਲ 1986 ਨੂੰ ਸਿੱਖਾਂ ਦੀ ਮੰਜ਼ਿਲ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਇਸ ਸਬੰਧ ਵਿਚ ਸਿੱਖ-ਸਫਾਂ, ਖਾਸ ਕਰਕੇ ਉਹਨਾਂ ਸਫਾਂ, ਜੋ ਆਪਣੇ ਆਪ ਨੂੰ ਸਿੱਖ-ਰਾਜ ਦੀਆਂ ਹਮਾਇਤੀ ਗਿਰਦਾਨਦੀਆਂ ਤੇ ਆਏ ਦਿਨ ਐਲਾਨਦੀਆਂ ਹਨ, ਉਹਨਾਂ ਨੂੰ ਸਿੱਖਾਂ ਦੀ ਮੰਜ਼ਿਲ ਦੇ ਸਬੰਧ ਵਿਚ ਦੱਬੇ ਮੁਰਦੇ ਪੁੱਟਣ ਤੋਂ ਜ਼ਰੂਰ ਸੰਗ-ਸੰਕੋਚ ਕਰਨਾ ਚਾਹੀਦਾ ਹੈ। ਪਿੱਛੇ ਜਿਹੇ ਜੀ. ਜੀ. ਐਨ. ਖਾਲਸਾ ਕਾਲਿਜ ਲੁਧਿਆਣਾ ਵਿਚ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਵਲੋਂ 'ਅੰਮ੍ਰਿਤਸਰ ਐਲਾਨ ਨਾਮਾ ਅਤੇ ਆਤਮ ਨਿਰਣੈ ਦਾ ਹੱਕ' ਵਿਸ਼ੇ ਤੇ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ਤੇ ਇਸ 'ਚ 'ਧੜਾ ਰਹਿਤ ਨਿਰਪੱਖ ਸ਼ਖਸੀਅਤਾਂ' ਤੇ ਅਧਾਰਿਤ ਇਕ 'ਸਿੱਖ ਕੋਆਰਡੀਨੇਸ਼ਨ ਕਮੇਟੀ' ਦਾ ਗਠਨ ਕੀਤਾ ਗਿਆ ਜਿਸ ਵਿਚ ਸ਼ੇਰਾਂ ਤੇ ਬੱਕਰੀਆਂ ਨੂੰ ਇਕੋ ਘਾਟ ਤੋਂ ਪਾਣੀ ਪਿਆਉਣ ਦਾ ਯਤਨ ਕੀਤਾ ਗਿਆ ਹੈ। ਇਸ ਸੈਮੀਨਾਰ ਵਿਚ ਸ. ਕਰਨੈਲ ਸਿੰਘ ਬਾਬਾ ਤੇ ਸ. ਕਰਨੈਲ ਸਿੰਘ ਚੰਡੀਗੜ੍ਹ ਨੇ ਸਿੱਖਾਂ ਦੀ ਮੰਜ਼ਿਲ 'ਖਾਲਿਸਤਾਨ' ਬਾਰੇ ਡਟ ਕੇ ਗੱਲ ਕਹੀ ਹੈ। ਉਹ ਸਿੱਖਾਂ ਦੀ ਮੁਬਾਰਕਬਾਦ ਦੇ ਅਧਿਕਾਰੀ ਹਨ। ਬੁੱਢੀ-ਸੁਆਰਥੀ-ਅਕਾਲੀ-ਲੀਡਰਸ਼ਿਪ ਦੇ ਉਲਟ ਜਿਸ ਕਦਰ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੇ ਇਸ ਸੈਮੀਨਾਰ ਵਿਚ ਸਿੱਖ-ਨਿਸ਼ਾਨੇ ਪ੍ਰਤੀ ਦ੍ਰਿੜ੍ਹਤਾ ਦਿਖਾਉਣ ਵਾਲੇ ਸਿੱਖਾਂ ਨੂੰ ਇਕ ਸੰਦੇਸ਼ ਰਾਹੀਂ ਵਧਾਈ ਭੇਜੀ ਹੈ ਉਸ ਲਈ ਭਾਈ ਪੰਜਵੜ ਦੀ ਵੀ ਸ਼ਲਾਘਾ ਕਰਨੀ ਹੀ ਬਣਦੀ ਹੈ ਕਿਉਂਕਿ ਸਿੱਖ-ਮੰਜ਼ਿਲ ਦੇ ਮਸਲੇ ਤੇ ਖਾੜਕੂਆਂ ਮੁਕਾਬਲੇ ਅਕਾਲੀ-ਲੀਡਰ ਤਾਂ ਸਿਖ-ਰਾਜ ਅਥਵਾ ਖਾਲਿਸਤਾਨ ਦੀ ਗੱਲ ਕਰਨ ਵਾਲੇ ਲੋਕਾਂ ਨੂੰ ਦਿੱਲੀ ਵਾਂਗੂ ਹੀ ਆਪਣਾ ਦੁਸ਼ਮਣ ਸਮਝਦੇ ਰਹੇ ਹਨ। ਪਰ ਮੈਂ ਸਮੇਤ ਇਸ ਸੈਮੀਨਾਰ ਦੇ ਆਯੋਜਿਕ / ਸੰਚਾਲਕ ਅਥਵਾ ਆਈ. ਐਚ. ਆਰ. ਓ. ਦੇ ਚੇਅਰਮੈਨ ਸ: ਦਰਬਾਰਾ ਸਿੰਘ ਗਿੱਲ ਦੇ, ਸੈਮੀਨਾਰ ਦੇ ਪ੍ਰਬੰਧਕਾਂ ਪ੍ਰਥਾਏ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਅਜਿਹੇ ਮਨੁੱਖ ਸਿੱਖਾਂ ਤੇ ਹੋ ਰਹੇ ਜ਼ੁਲਮਾਂ ਨੂੰ ਜੇ ਸੰਸਾਰ ਸਾਹਮਣੇ ਲਿਆ ਰਹੇ ਹਨ ਤਾਂ ਇਹ ਨਿਸਚੇ ਹੀ ਉਹਨਾਂ ਦਾ ਇਕ ਸ਼ਲਾਘਾਯੋਗ ਉਦਮ ਹੈ ਪਰ ਜਦ ਉਹ ਇਹ ਮਤਾ ਪਾਸ ਕਰਦੇ ਹਨ ਕਿ 'ਅੰਮ੍ਰਿਤਸਰ-ਐਲਾਨਨਾਮਾ' ਇਕ ਇਤਿਹਾਸਕ-ਦਸਤਾਵੇਜ਼ ਹੈ ਕਿਉਂਕਿ 'ਸਮੁੱਚੀ ਅਕਾਲੀ-ਲੀਡਰਸ਼ਿਪ' ਨੇ ਸ੍ਰੀ ਅਕਾਲ-ਤਖਤ ਸਾਹਿਬ ਦੀ ਛਤਰ-ਛਾਇਆ ਹੇਠ ਬੈਠ ਕੇ ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ-ਨਿਸ਼ਾਨਾ ਮਿਥਿਆ ਹੈ ਤੇ ਮਗਰੋਂ ਬਾਣੀਏ ਦੇ ਮੁੰਡੇ ਵਾਂਗ ਕੋਠੇ ਤੋਂ ਡਿੱਗ ਪੈਣ ਦੇ ਡਰਾਵੇ ਦੇ ਰੂਪ 'ਚ ਕੇਂਦਰ ਨੂੰ ਚਿਤਾਵਨੀ ਦਿੰਦੇ ਹਨ ਕਿ ਜੇ ਕੇਂਦਰ-ਸਰਕਾਰ ਨਿਸਚਤ ਸਮੇਂ ਅੰਦਰ ਇਹ ਪ੍ਰੋਗਰਾਮ ਸਵੀਕਾਰ ਨਹੀਂ ਕਰਦੀ ਤਾਂ 'ਅਕਾਲੀਆਂ ਨੂੰ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਦਾਰੀ ਹੇਠ ਚੱਲ ਰਹੇ ਸਿੱਖ-ਸੰਘਰਸ਼ ਵਿਚ ਜਮਹੂਰੀ-ਢੰਗ ਨਾਲ ਸ਼ਾਮਲ ਹੋ ਜਾਣਾ ਚਾਹੀਦਾ ਹੈ'। ਪਹਿਲੀ ਗੱਲ ਇਹਨਾਂ ਭੱਦਰ-ਪੁਰਸ਼ਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ 'ਸਮੁੱਚੀ ਅਕਾਲੀ-ਲੀਡਰਸ਼ਿਪ' ਕਿਸ ਨੂੰ ਸਮਝਦੇ ਹਨ ਤੇ ਅਕਾਲੀ ਦਲ ਦਾ ਅੱਧ, ਬਾਦਲ-ਧੜਾ ਤਾਂ ਅੰਮ੍ਰਿਤਸਰ-ਐਲਾਨਨਾਮੇ, ਦੇ ਨਾਲ ਹੀ ਨਹੀਂ। ਦੂਸਰੀ ਗੱਲ ਜੇ ਇਹ ਸਿੱਖ-ਮੰਗਾਂ ਬਾਰੇ ਏਨੇ ਹੀ ਸੁਚੇਤ ਹਨ ਤਾਂ ਇਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖ-ਨਿਸ਼ਾਨਾ ਤਾਂ

26 ਜਨਵਰੀ, 86 ਨੂੰ ਸ੍ਰੀ ਅਕਾਲ-ਤਖਤ ਸਾਹਿਬ ਵਿਖੇ ਸੁਬੱਤ-ਖਾਲਸੇ ਵਲੋਂ ਚੁਣੀ ਪੰਥਕ-ਕਮੇਟੀ ਵਲੋਂ 29 ਅਪ੍ਰੈਲ, 86 ਨੂੰ ਚਿਰੋਕਣਾ ਐਲਾਨ ਕੀਤਾ ਜਾ ਚੁੱਕਾ ਹੈ ਤੇ ਹੁਣ ਆਨੰਦਪੁਰ ਮਤੇ ਵਿਚ 'ਕਨਫੈਡਰੇਸ਼ਨ' ਸ਼ਬਦ ਦੀ ਮਿੱਸ ਪਾ ਕੇ ਐਲਾਨੇ ਗਏ ਅਕਾਲੀਆਂ ਦੇ ਇਕ ਧੜੇ ਦੇ ਇਸ ਭਰਮ-ਜਾਲ ਵਿਚ ਸਿੱਖ ਸੌਖੇ ਹੀ ਫਸ ਜਾਣਗੇ ? ਅਜਿਹੇ ਲੋਕ ਸਿੱਖਾਂ ਨੂੰ ਭਾਰਤ ਵਿਚ ਰੱਖ ਕੇ ਉਹਨਾਂ ਦੇ ਜ਼ਖਮਾਂ ਦੀ ਮਾੜੀ-ਮੋਟੀ ਮਰਹਮ-ਪੱਟੀ ਤਾਂ ਜ਼ਰੂਰ ਕਰ ਰਹੇ ਹਨ ਜਿਸ ਨਾਲ ਸਿੱਖ ਸਫਾਂ 'ਚ ਉਹਨਾਂ ਦੀ ਕੀਤੀ ਇਸ ਸੇਵਾ ਨਾਲ ਉਹਨਾਂ ਦੀ ਕੁਝ ਆਭਾ-ਆਕ੍ਰਿਤੀ ਸਿੱਖਾਂ 'ਚ ਬਣੀ ਰਹੇ ਪਰ ਜੇ ਲੰਮੀ ਨਦਰ ਨਿਹਾਲੀਏ ਤਾਂ ਉਹ ਕੌਮ ਨੂੰ ਉਸਦੀ ਮੰਜ਼ਿਲ ਤੋਂ ਪਾਸੇ ਲਿਜਾ ਕੇ ਭਾਰਤ ਦੇ ਪੱਖ ਦੀ ਹੀ ਗੱਲ ਕਰ ਰਹੇ ਹਨ।

ਸੋ ਹੱਥ ਰੱਸਾ ਸਿਰੇ ਤੇ ਗੰਢ ਕਿ ਸਿੱਖਾਂ ਦੇ ਸੰਪੂਰਨ-ਸਤੰਤਰ ਸਿੱਖ-ਰਾਜ 'ਖਾਲਿਸਤਾਨ' ਦੀ ਮੰਜ਼ਿਲ ਮਿਥੀ ਜਾ ਚੁੱਕੀ ਹੈ । ਹੁਣ ਜਿਹੜੇ ਵੀ ਧਾਰਮਿਕ, ਰਾਜਨੀਤਿਕ ਨੇਤਾਂ ਜਾਂ ਬੁਧੀਜੀਵੀ ਸੁਤੰਤਰ ਸਿੱਖ-ਰਾਜ ਤੋਂ ਉਰ੍ਹੇ ਦੀ ਗੱਲ ਅਸ਼ਪੱਸਟ, ਧੁੰਦਲੇ ਤੇ ਬਹੁਅਰਥੀ-ਨਾਅਰਿਆਂ ਨਾਲ ਸਿੱਖਾਂ ਅੱਗੇ ਰੱਖ ਰਹੇ ਹਨ, ਸਿੱਖਾਂ ਨੂੰ ਉਹਨਾਂ ਤੋਂ ਸਾਵਧਾਨ, ਸੁਚੇਤ ਤੇ ਚੌਕਸ ਰਹਿਣਾ ਚਾਹੀਦਾ ਹੈ ।

ਇਹ ਗੱਲ ਪਹਿਲੋਂ ਹੀ ਤਹਿ ਹੋ ਚੁੱਕੀ ਹੈ ਕਿ ਸਿੱਖ ਭੁੱਲ ਜਾਣ ਕਿ ਖਾਲਿਸਤਾਨ ਦੇ ਇਸ਼ੂ ਤੇ ਸਾਰਾ ਪੰਥ, ਸਾਰੀ ਕੌਮ ਭਾਵ ਸਾਰੇ ਸਿੱਖ ਕਦੇ ਇਕੱਠੇ ਹੋ ਸਕਣਗੇ। ਇਹ ਗੱਲ ਬਹੁਤੀ ਵਿਅਕਤੀਗਤ ਯਤਨਾਂ ਸਹਾਰੇ ਹੀ ਅੱਗੇ ਤੁਰਨੀ ਹੈ। ਭਾਈ ਬੋਤਾ ਸਿੰਘ-ਗਰਜਾ ਸਿੰਘ ਵਾਲੀ ਭਾਵਨਾ ਨਾਲ ਨਿਸਚੇ ਹੀ ਅੱਗੇ ਤੁਰਨੀ ਹੈ। ਡਾ: ਪ੍ਰੀਤਮ ਸਿੰਘ ਸੇਖੋਂ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਨਵੇਂ ਵੁਰੇ ਤੇ ਖਾਲਸੇ ਨੂੰ ਪੈਗਾਮ ਸਿੱਖ-ਸਿਰਾਂ ਵਿਚ ਇਸ ਸੁਪਨੇ ਦੇ ਲਟ-ਲਟ ਜਗਣ ਦਾ ਸੰਕੇਤ ਹੈ।

ਨਿਸ਼ਾਨੇ ਉਪਰੰਤ ਗੱਲ ਆਉਂਦੀ ਹੈ ਨੇਤਰਤੱਵ ਜਾਂ ਨੇਤਾ ਦੀ ! ਇਹੀ ਵੱਡਾ ਅਹੁਟਾ ਜਾਂ ਰੁਕਾਵਟ ਹੈ ਜਿਸ ਕਾਰਨ ਸਿੱਖਾਂ ਦੀ ਕਹਾਣੀ ਅੱਜ ਅੱਗੇ ਨਹੀਂ ਤੁਰ ਰਹੀ। ਸੰਤ ਜਰਨੈਲ ਸਿੰਘ ਜੀ ਦੇ ਗੁਰਪੁਰੀ ਪਿਆਨੇ ਮਗਰੋਂ ਸਿੱਖ ਇਹੀ ਵਿਗੋਚਾ ਸ਼ਿੱਦਤ ਨਾਲ ਮਹਿਸੂਸ ਕਰ ਰਹੇ ਹਨ। ਸਿੱਖ ਸੱਚੇ ਹਨ! ਦੇਸ਼ ਵਿਚ ਸੱਪਾਂ ਦੀਆਂ ਸਿਰੀਆਂ ਮਿੱਧਦੇ ਸਿਆਲੇ-ਹੁਨਾਲੇ ਹੱਡਾਂ ਤੇ ਹੰਢਾਉਂਦੇ, ਮਸੀਂ ਗਰਜ਼ਾਂ-ਗੁਜ਼ਾਰੇ ਕਰਦੇ ਤੇ ਪ੍ਰਦੇਸਾਂ ਵਿਚ ਆਪਣੇ ਬਾਲ-ਬੋਟ ਪਾਲਦੇ ਸਿੱਖਾਂ ਨੇ ਆਖਰ ਅੱਜ ਤਕ ਸਿੱਖ-ਲੀਡਰਾਂ ਤੋਂ ਲੁਕੋਇਆ ਹੀ ਕੀ ਹੈ ? ਉਹਨਾਂ ਦੇਸ-ਪ੍ਰਦੇਸ ਵਿਚ ਅਪਣਾ ਵੋਟ, ਨੋਟ, ਲਹੂ, ਤਨ-ਮਨ-ਧਨ, ਸਭ ਗੁਰੂ ਤੇ ਉਸਦੇ ਪੰਥ ਦੇ ਨਾਂ ਤੇ ਇਹਨਾਂ ਲੀਡਰ-ਲੋਕਾਂ ਦੀ ਝੋਲ ਪਾ ਦਿੱਤਾ। ਸਿੱਖ ਇਸਦੇ ਇਵਜ਼ 'ਚ ਸਿਰਫ ਇਕੋ ਮੰਗ ਇਹਨਾਂ ਤੋਂ ਮੰਗਦੇ ਰਹੇ ਹਨ, ਉਹਨਾਂ ਦੀ ਇਕੋ ਤਮੰਨਾ ਰਹੀ ਹੈ ਕਿ ਪੰਥ ਦੀ ਚੜ੍ਹਦੀ ਕਲਾ ਹੋਵੇ ! ਸਿੱਖ, ਅਕਾਲੀ-ਲੀਡਰਾਂ ਨੂੰ ਆਪਣਾ ਢਿੱਡ ਬ੍ਰੂਨਕੇ ਵੀ ਪਿੰਨੀਆਂ-ਪੇੜੇ ਚਾਰਦੇ ਰਹੇ ਪਰ ਉਹਨਾਂ ਬੇਈਮਾਨਾਂ ਸਿੱਖਾਂ ਨਾਲ ਵਫਾ ਨਹੀਂ ਕੀਤੀ। ਜਿਸ-ਜਿਸ ਵੀ ਲੀਡਰ ਤੇ ਸਿੱਖਾਂ ਨੇ ਅੱਖ ਰੱਖੀ ਜਾਂ ਆਸ ਧਰੀ ਉਹੀ ਨਿੱਘਰ ਗਿਆ। ਬਤੀ ਦੇਰ ਬਾਅਦ ਸੰਤ ਜਰਨੈਲ ਸਿੰਘ ਉਹਨਾਂ ਲਈ ਇਕ ਆਸ ਦਾ ਸੂਰਜ ਬਣਕੇ ਸਿੱਖ-ਸੰਸਾਰ ਦੀ ਦੁਮੇਲ ਤੇ ਉਭਰੇ-ਚੁੜੇ ਸਨ ਪਰ ਨੀਲੇ-ਚਿੱਟੇ ਬੱਦਲਾਂ ਨੇ ਉਹਨਾਂ ਨੂੰ ਵੀ ਢਕ-ਡੱਕੂਆਰ ਲਿਆ। ਫੇਰ ਖਾੜਕੂ ਮਸੀਹੇ ਬਣਕੇ ਉਭਰੇ ਉਹਨਾਂ ਦੇ ਆਕਾਰ-ਕਿਰਦਾਰ ਦੀਆਂ ਵੀ ਖੰਭਾਂ ਦੀਆਂ ਡਾਰਾਂ ਬਣੀਆਂ! ਲੰਬੇ ਸੰਘਰਸ਼ ਦੇ ਹੰਭਾਏ ਤੇ ਦਿੱਲੀ ਦੇ ਜ਼ੁਲਮ ਦੇ ਸਤਾਏ ਸਿੱਖ ਕਹਿਣ ਤਾਂ ਹੁਣ ਕੀਹਦੀ ਮਾਂ ਨੂੰ ਮਾਸੀ ਕਹਿਣ ? ਇਹੀ ਸਿੱਖਾਂ ਦੀ ਅੱਜ ਇਕ ਜਟਿਲ-ਸਮੱਸਿਆ ਹੈ ਕਿ ਉਹ ਕਿਸੇ ਨੇਤ੍ਰਤੱਵ ਅਥਵਾ ਕਿਸੇ ਨੇਤਾ ਦੀ ਤਲਾਸ਼ ਵਿਚ ਹਨ ਜੋ ਉਹਨਾਂ ਦਾ ਪੀਰ ਬਨ੍ਹ ਸਕੇ ਤੇ ਉਹਨਾਂ ਨੂੰ ਇਸ ਮੰਝਧਾਰ ਚੋਂ ਕੱਢ ਕੇ ਕਿਸੇ ਕਿਨਾਰੇ ਅਥਵਾ ਪਾਰ ਲਾ ਸਕੇ।

ਨੇਤਰਤੱਵ ਦੀ ਗੱਲ ਤੁਰੀ ਹੈ ਤਾਂ ਇਕ ਇਹ ਨੁਕਤਾ ਵੀ ਅੱਜ ਵਿਚਾਰ ਹੀ ਲੈਣਾ ਚਾਹੀਦਾ ਹੈ ਕਿ ਸਿੱਖ-ਸਫਾਂ 'ਚ ਕਿਸੇ ਦੀ ਕਦਰ ਮਰਨ ਉਪਰੰਤ ਹੀ ਹੁੰਦੀ ਹੈ । ਕਿਸੇ ਲੀਡਰ ਦੇ ਸਾਖਸ਼ਾਤ ਮਰਨ

ਤੋਂ ਪਹਿਲੋਂ ਸਿੱਖ ਉਸਦੀ ਵਫਾਦਾਰੀ ਜਾਂ ਈਮਾਨਦਾਰੀ ਦਾ ਯਕੀਨ ਨਹੀਂ ਕਰਦੇ । ਪਹਿਲੋਂ ਜੇ ਕੋਈ ਲੀਡਰ ਮਿਲਦਾ ਹੈ ਜਿਉਂਦੇ-ਜੀਅਂ ਉਸਦੀ ਕਦਰ ਨਹੀਂ ਕਰਦੇ ਤੇ ਜਦੋਂ ਉਹ ਚਲਾ ਜਾਂਦਾ ਹੈ ਤਾਂ ਉਸਦੀ ਥੋੜ ਤੇ ਝੂਰਦੇ ਹਨ । ਇਹ ਲੀਡਰ ਦੇ ਸੂਲੀ ਚੜ੍ਹ ਜਾਣ ਤੱਕ 'ਮੈਂ ਨਾ ਮਾਨੂੰ' ਦੀ ਰੱਟ ਲਾਉਂਦੇ ਹਨ ਤੇ ਮਰਨ ਉਪਰੰਤ ਉਸਦੀ ਕਦਰ ਕਰਦੇ ਤੇ ਪਛਤਾਉਂਦੇ ਹਨ ! ਇਹ ਲੀਡਰ ਵਰਤਮਾਨ ਸਮੇਂ ਵਿਚ ਸੰਤ ਜਰਨੈਲ ਸਿੰਘ ਹੋਵੇ, ਬਾਬਾ ਮਾਨੋਚਾਹਲ ਹੋਵੇ, ਭਾ: ਸੁਖਦੇਵ ਸਿੰਘ ਬੱਬਰ ਹੋਵੇ ਜਾਂ ਭਾਈ ਤਲਵਿੰਦਰ ਸਿੰਘ ਹੋਵੇ!ਭਾਈ ਗੁਰਦੇਵ ਸਿੰਘ ਕਾਉਂਕੇ ਵਰਗੇ ਮੌਕੇ ਤੇ ਮਿਲੇ ਹੀਰਿਆਂ ਨੂੰ ਹੱਥਾਂ ਚੋਂ ਸੁੱਟਕੇ ਸਿੱਖ ਹੱਥ ਮਲਦੇ ਹਨ ਕਿ ਉਹਨਾਂ ਕੋਲ ਕੋਈ ਨੇਤਾ ਜਾਂ ਲੀਡਰ ਨਹੀਂ। ਸਿੱਖਾਂ ਦੀ ਅੱਜ ਇਹੀ ਮੁੱਖ-ਸਮੱਸਿਆ ਹੈ।

ਅੱਜ ਸਿੱਖ-ਜਦੋਜਹਿਦ ਨੂੰ ਅੱਗੇ ਤੋਰਨ ਲਈ ਮੁੱਖ-ਜਿਮੇਵਾਰੀ ਹੈ ਖਾੜਕੂ ਧਿਰਾਂ ਅਥਵਾ ਪੰਥਕ-ਕਮੇਟੀ ਦੀ ! ਪਰ ਇਹ ਵੱਡੇ ਅਫਸੋਸ ਦੀ ਗੱਲ ਹੈ ਕਿ ਪੰਥਕ-ਕਮੇਟੀਆਂ ਹੀ ਦੋ-ਤਿੰਨ ਚਾਰ ਬਣੀਆਂ ਹੋਈਆਂ ਹਨ। ਇਸ ਵਿਚ ਦੋਸ਼ ਸਿੱਖਾਂ ਦਾ ਨਹੀਂ ਸਿੱਖਾਂ ਦੀ ਜੰਗਿ-ਆਜ਼ਾਦੀ ਲੜਨ ਵਾਲੇ ਖਾੜਕੂਆਂ ਦਾ ਹੈ!

ਮੈਂ ਪੰਥਕ-ਭਾਵਨਾਵਾਂ ਨੂੰ ਭਾਂਪ ਕੇ, ਅੱਜ ਦੋਵੇਂ ਹੱਥ ਤੇ ਪੈਰ ਜੋੜ ਕੇ, ਪੰਥ ਦੀ ਵਰਤਮਾਨ ਸਥਿਤੀ ਦਾ ਵਾਸਤਾ ਪਾ ਕੇ ਸਾਰੀਆਂ ਪੰਥਕ-ਕਮੇਟੀਆਂ ਦੇ ਬਚਦੇ-ਖੁਚਦੇ ਅੱਧੀ ਕੁ ਦਰਜਣ ਸਿੰਘਾਂ ਨੂੰ ਇਕ ਨਿਮਾਣਾ ਸੁਝਾਅ ਦੇਣ ਲੱਗਾ ਹਾਂ ਜੇ ਉਹਨਾਂ ਨੂੰ ਰਾਸ ਆ ਜਾਵੇ । ਕਿ ਤੁਸੀਂ ਸਮੇਂ ਦੀ ਨਜ਼ਾਕਤ ਤੇ ਪੰਥ ਦੀਆਂ ਭਾਵਨਾਵਾਂ ਨੂੰ ਮੱਦੇ-ਨਜ਼ਰ ਰਖਦਿਆਂ ਅੱਜ ਪੰਥ ਦੇ ਭਲੇ ਲਈ ਆਪਣੇ ਗੰਭੀਰ ਮਤਭੇਦਾਂ ਨੂੰ ਭੁਲਾ ਕੇ ਪਹਿਲੋਂ ਆਪਣੀਆਂ ਕਿਰਪਾਨਾਂ ਮਿਆਨਾਂ ਵਿਚ ਪਾਵੋ। ਆਪਾਂ ਸਭਨਾਂ ਅੱਜ ਨਾ ਕੁਲ ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਣਾ ਹੈ। ਪਰ ਇਹ ਸ਼ਰਫ ਜਾਂ ਮਾਣ ਸਿਰਫ ਤੁਹਾਨੂੰ ਹੀ ਹਾਸਿਲ ਹੈ ਕਿ ਤੁਸੀਂ ਅੱਜ ਮੁਹਰੈਲ ਬਣਕੇ ਪੰਥ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਹੋਂ । ਤੁਸੀਂ ਇਕ ਮਹਾਨ ਕਾਰਜ ਲਈ ਲੜਨ ਵਾਲੇ ਮਹਾਨ ਮਨੁੱਖ ਹੋਂ । ਊਠਾਂ ਵਾਲਿਆਂ ਨਾਲ ਯਾਰੀਆਂ ਲਾ ਕੇ ਕਦੇ ਦਰਵਾਜ਼ੇ ਭੀੜੇ ਨਹੀਂ ਰੱਖੀਦੇ । ਤੁਸੀਂ ਐਡਾ ਵੱਡਾ ਕਾਰਜ ਵਿੱਢ ਕੇ ਜੇ ਜਾਨਾਂ ਤਲੀ ਤੇ ਧਰੀਆਂ ਹਨ ਤਾਂ ਇਕ ਗੱਲ ਕਰੋ ਕਿ 'ਮੈਂ ਮੈਂ' ਕਰਦੀ ਆਪਣੀ "ਮੈਂ" ਨੂੰ ਕੁੱਠ ਘੱਤੋ ਤੇ 'ਹੋਇ ਇਕੱਤ੍ਰ ਮਿਲਹੁ ਮੇਰੇ ਭਾਈ' ਅਨੁਸਾਰ ਇਕ ਸਫ ਤੇ ਬੈਠੋ । ਇਸ ਨਾਲ ਤੁਹਾਡੀ ਕਿਸੇ ਦੀ ਨਹੀਂ ਘਟਦੀ । ਜੇ ਇਸ ਨਾਲ ਪੰਥ ਦੀ ਵਧਦੀ ਹੈ ਤਾਂ ਤੁਹਾਡੀ ਸ਼ਾਨ ਵੀ ਅਵੱਸ਼ ਵਧੇਗੀ। ਬੈਠ ਕੇ ਤੁਸੀਂ ਸਰਬ-ਸਾਂਝੀ ਇਕੋ ਪੰਥਕ-ਕਮੇਟੀ ਬਣਾਓ । ਉਸ ਲਈ ਕਿਸੇ ਮੈਂਬਰ ਨੂੰ ਮੈਂਬਰੀ ਦਾ ਤਿਆਗ ਕਰਨਾ ਪੈਂਦਾ ਹੈ, ਕਰ ਦੇਵੋ । ਸਾਰਿਆਂ ਨੇ ਮੈਂਬਰੀਆਂ ਤਿਆਗ ਕੇ ਬਿਲਕੁਲ ਨਵੇਂ ਸਿੰਘ ਲੈਣੇ ਹਨ, ਲੈ ਲਵੋ । ਤੁਸੀਂ ਬੈਠ ਕੇ ਆਪਸ ਵਿਚ ਫੈਸਲਾ ਕਰੋ ਪਰ ਪੰਥਕ-ਕਮੇਟੀ ਇਕ ਦਾ ਐਲਾਨ ਕਰ ਦਿਓ। ਜੇ ਤੁਹਾਨੂੰ ਇਕ ਸਫ ਤਕ ਲਿਆਣ ਲਈ ਕੁਝ ਸੁਹਿਰਦ ਸਿੱਖਾਂ ਦਾ ਸਹਿਯੋਗ ਵੀ ਲੈਣਾ ਪਵੇ-ਲੈ ਲਵੋ ਪਰ ਉਪਰੰਤ ਸਾਰੀਆਂ ਪੰਥਕ-ਕਮੇਟੀਆਂ ਦੀ ਥਾਂਵੇਂ ਇਕ ਪੰਥਕ-ਕਮੇਟੀ ਦਾ ਐਲਾਨ ਕਰੋ। ਇਸ ਨਾਲ ਸਿੱਖ-ਸਫਾਂ 'ਚ ਖੁਸ਼ੀ ਦੀ ਲਹਿਰ ਦੌੜ ਜਾਏਗੀ ਤੇ ਦਿੱਲੀ-ਦਰਬਾਰ 'ਚ ਇਸ ਖਬਰ ਨਾਲ ਮਾਤਮ ਦੀ ਸਫ ਵਿਛ ਜਾਏਗੀ। ਇਹ ਸਿੱਖਾਂ ਨੂੰ ਅੱਜ ਲੋੜੀਂਦੀ ਲੀਡਰਸ਼ਿਪ ਦੀ ਅਹੁਰ ਦਾ ਪੰਜਾਹ ਫੀ ਸਦੀ ਇਲਾਜ ਹੈ।

ਹੁਣ ਸਵਾਲ ਉਤਪੰਨ ਹੁੰਦਾ ਹੈ ਕਿ ਸੰਘਰਸ਼ ਨੂੰ ਚਲਾਉਂਣ ਵਾਲੀ ਪੰਥਕ-ਕਮੇਟੀ ਅਥਵਾ ਖਾੜਕੂਆਂ ਨੇ ਤਾਂ ਰੂਪੋਸ਼ ਰਹਿਣਾ ਹੈ। ਜਮਹੂਰੀ-ਮੁਹਾਜ ਤੇ ਉਹਨਾਂ ਆ ਨਹੀਂ ਸਕਣਾ ! ਉਹਨਾਂ ਨੂੰ ਮਰਨ ਲਈ ਆਉਂਣਾ ਵੀ ਨਹੀਂ ਚਾਹੀਦਾ। ਪਰ ਅਜਿਹੀ ਹਾਲਤ ਵਿਚ ਜੇ ਪੰਜਾਬ, ਕਾਂਗਰਸ ਕੋਲ ਜਾਂਦਾ ਹੈ ਤਾਂ ਪੂਰਾ ਗੁਲਾਮ ਜੇ ਅਕਾਲੀਆਂ ਕੋਲ ਆਉਂਦਾ ਹੈ ਤਾਂ ਅੱਧਾ ਗੁਲਾਮ ! ਸੋ ਜਿੰਨੀ ਦੇਰ ਸਿੱਖਾਂ ਦਾ ਫਹੁ ਆਪਣਾ ਆਜ਼ਾਦ ਦੇਸ਼ ਲੈਣ ਲਈ ਨਹੀਂ ਪੈਂਦਾ ਉਹ ਆਪਣੇ ਨਿਸ਼ਾਨੇ ਨੂੰ ਮਨ ਵਿਚ ਰੱਖ ਕੇ ਪੰਜਾਬ ਨੂੰ ਸੁੰਨਾ ਨਾ ਛੱਡਣ। ਉਸ 'ਚ ਵਾਪਰਦੇ ਜਮਹੂਰੀ-ਅਮਲ 'ਚ ਪੂਰੀ ਤਰਾਂ ਸਰਗਰਮ ਹੋਣ ਪਰ

ਕਾਂਗਰਸ, ਕਮਿਊਨਿਸਟਾਂ ਤੇ ਅਕਾਲੀਆਂ ਦਾ ਪੂਰੀ ਤਰਾਂ ਤ੍ਰਿਸਕਾਰ ਕਰਨ ਤੇ ਅਕਾਲੀਆਂ 'ਚੋਂ ਇਕ ਅਜਿਹਾ ਲੀਡਰ ਚੁਣ ਲੈਣ ਜੋ ਸਿੱਖ-ਮੰਜ਼ਿਲ ਪ੍ਰਤੀ ਦਿਆਨਤਦਾਰ ਹੋਵੇ। ਅੱਜ ਦੇ ਹਾਲਾਤ ਅਨੁਸਾਰ ਸਿੱਖਾਂ ਕੋਲ ਸਿੱਖ-ਮੰਜ਼ਿਲ ਲਈ ਦਿਆਨਤਦਾਰੀ ਤੇ ਦਿਮਾਗ ਰਖਦਾ ਇਕ ਹੀ ਲੀਡਰ ਹੈ । ਉਹ ਹੈ ਸ: ਸਿਮਰਨਜੀਤ ਸਿੰਘ ਮਾਨ, ਜਿਸਦੇ ਮੱਥੇ 'ਚ ਸਿੱਖਾਂ ਦੀ ਗੱਲ ਅੱਗੇ ਤੋਰਨ ਲਈ ਮੂਰਖ ਤੇ ਸਵਾਰਥੀ ਅਕਾਲੀਆਂ ਦੇ ਮੁਕਾਬਲੇ ਚਾਨਣ ਹੈ। ਭਾਂਵੇਂ ਟੋਹੜੇ ਵਰਗੇ ਲੋਢੂਵਾਲ ਤੱਕ ਪੜ੍ਹੇ ਲੋਕ ਕੁਲ ਤੱਕ ਮਾਨ ਨੂੰ 'ਮੂਰਖ' ਗਿਰਦਾਨਦੇ ਰਹੇ ਹਨ। ਜਾਪਦਾ ਹੈ ਕਿ ਜੇ ਅੱਜ ਸ: ਮਾਨ ਅਕਾਲੀ ਦਲ (ਅੰ: = ਅੰਦਰਖਾਤੇ) ਨਾਲ ਹਨ ਤਾਂ ਜ਼ਰੂਰ ਕਿਸੇ ਮਜ਼ਬੂਰੀ ਕਰਕੇ ਹੀ ਹੋਣਗੇ । ਪਰ ਆਏ ਦਿਨ ਸਿੱਖ-ਰਾਜ ਦੇ ਮਸਲੇ ਤੇ ਸ: ਮਾਨ ਦੀ ਵਿਰੋਧਤਾ ਜੋ ਉਹਨਾਂ ਦੇ ਪਟਿਆਲੇ ਵਾਲੇ ਸਾਂਢੂ ਰਾਜਾ ਜੀ ਤੇ ਹੋਰ ਰੋਜ਼ ਕਰਦੇ ਰਹਿੰਦੇ ਹਨ ਤਾਂ ਇਹ ਪਰਤੱਖ ਹੈ ਕਿ ਮਾਨ ਦੀ ਅਕਾਲੀ ਦਲ (ਅੰ: = ਅੰਦਰਖਾਤੇ) ਨਾਲ ਇਕ ਨਾ ਇਕ ਦਿਨ ਤਤੱਕ ਕਰਕੇ ਟੁੱਟਣੀ ਹੀ ਟੁੱਟਣੀ ਹੈ । ਕੋਈ ਪੰਜ ਵਰ੍ਹੇ ਪਹਿਲੋਂ ਮੈਂ ਇਕ ਚਿੱਠੀ 'ਭੰਵਰ ਸੇ ਲੜੋ ...' ਵਿਚ ਸ: ਮਾਨ ਨੂੰ ਲਿਖਿਆ ਸੀ ਕਿ ਜੇ ਉਹ ਸਿੱਖ-ਮੰਜ਼ਿਲ ਭਾਵ ਸੁਤੰਤਰ ਸਿੱਖ-ਰਾਜ ਦੇ ਮਸਲੇ ਤੇ ਪੈਰ ਗੱਡ ਕੇ ਖੜਨਗੇ ਤਾਂ ਸਿੱਖਾਂ ਦੇ ਲੀਡਰ ਬਣੇ ਰਹਿਣਗੇ ਵਰਨਾ ਉਹਨਾਂ ਦਾ ਹਸ਼ਰ ਵੀ ਦੂਜੇ ਅਕਾਲੀ-ਲੀਡਰਾਂ ਵਾਲਾ ਹੀ ਹੋਵੇਗਾ ਪਰ ਹੁਣ ਤੱਕ ਉਹਨਾਂ ਦਾ ਸਟੈਂਡ ਸਿੱਖ-ਨਿਸ਼ਾਨੇ ਪ੍ਰਤੀ ਸਾਰੇ ਲੀਡਰਾਂ ਨਾਲੋਂ ਵਧੀਆ ਹੈ। ਪੰਥਕ-ਕਮੇਟੀ ਅਥਵਾ ਖਾੜਕੂ ਧਿਰਾਂ ਦੀ ਗੱਲ ਜਮਹੂਰੀ-ਮੁਹਾਜ ਤੇ ਸ: ਮਾਨ ਰਾਹੀਂ ਹੀ ਤੁਰ ਸਕਦੀ ਹੈ । ਸੋ ਚਾਹੀਦਾ ਇਹ ਹੈ ਕਿ ਪੰਥਕ-ਕਮੇਟੀ ਅਥਵਾ ਖਾੜਕੂ-ਧਿਰਾਂ ਇਕ ਪੰਥਕ-ਕਮੇਟੀ ਦਾ ਗਠਨ ਕਰਨ ਉਪਰੰਤ ਤੁਰੰਤ ਸ: ਮਾਨ ਦੀ ਖੁੱਲ੍ਹੀ ਮਦਦ ਦਾ ਐਲਾਨ ਕਰਨ ਅਤੇ ਵਿਸ਼ੇਸ਼ ਕਰਕੇ ਪ੍ਰਦੇਸੀ-ਖਾਲਸਾ ਸ: ਮਾਨ ਦੀ ਲੀਡਰਸ਼ਿਪ ਮਜ਼ਬੂਤ ਕਰਨ ਲਈ ਉਹਨਾਂ ਦੀ ਪਿੱਠ ਤੇ ਖੜ੍ਹੇ । ਸ: ਮਾਨ ਹਾਲਾਤ ਅਨੁਸਾਰ ਅਕਾਲੀ ਦਲ (ਅੰ: ਅੰਦਰਖਾਤੇ .....) ਨਾਲ ਰਹਿਣ ਜਾਂ ਆਪਣੀ ਵੱਖਰੀ ਪਾਰਟੀ ਬਣਾਣ, ਖਾੜਕੂ ਤੇ ਸਿੱਖ-ਰਾਜ ਹਮਾਇਤੀ ਦੇਸੀ ਤੇ ਵਿਸ਼ੇਸ਼ਕਰ ਵਿਦੇਸ਼ੀ ਸਿੱਖ ਸ: ਮਾਨ ਅਨੁਸਾਰ ਦੀਆਂ ਬਾਹਾਂ ਬਣਨ। ਪੰਜਾਬ ਵਿਚ ਜੋ ਵੀ ਜਮਹੂਰੀ-ਅਮਲ ਹੋਵੇ, ਸ: ਮਾਨ ਨੂੰ ਸਮੇਂ ਅਨੁਸਾਰ ਉਸ ਸਬੰਧੀ ਫੈਸਲਾ ਲੈਣ ਦੀ ਪੂਰੀ ਖੁਲ੍ਹ ਹੋਵੇ ਤੇ ਇਹ ਧਿਰਾਂ ਸ: ਮਾਨ ਮਗਰ ਤੁਰਨ ਤੇ ਛਟ ਕੇ ਉਹਨਾਂ ਦਾ ਸਾਥ ਦੇਣ। ਪੰਜਾਬ ਵਿਚ ਹੋਣ ਵਾਲੀ ਕਿਸੇ ਵੀ ਚੋਣ ਦਾ ਬਾਈਕਾਟ ਨਾ ਕੀਤਾ ਜਾਵੇ ਤਾਂ ਕਿ ਕੋਈ ਵੀ ਸਿੱਖ-ਵਿਰੋਧੀ ਮਨੁੱਖ ਬਿਅੰਤ ਸਿੰਘ ਵਾਂਗ ਪੰਜਾਬ ਦਾ ਮੁੱਠ-ਮੰਤਰੀ (ਪਾਠਕ ਖਿਮਾ ਕਰਨ ! ਮੁੱਠੀ ਭਰ ਲੋਕਾਂ ਦੀਆਂ ਵੋਟਾਂ ਨਾਲ ਚੁਣੇ ਗਏ ਮਨੁੱਖ ਨੂੰ ਹੋਰ ਲਿਖਿਆ ਵੀ ਕੀ ਜਾਵੇ ?) ਨਾ ਬਣ ਸਕੇ ਅਤੇ ਸਿੱਖਾਂ ਤੇ ਹੋਰ ਜ਼ੁਲਮ ਨਾ ਢਾਅ ਸਕੇ। ਸਿੱਖ ਪੰਜਾਬ ਚੋਂ ਬਾਦਲ ਤੇ ਟੋਹੜੇ ਦਾ ਬੋਰੀਆ-ਬਿਸਤਰਾ ਗੋਲ ਕਰਕੇ ਸ: ਮਾਨ ਦੀ ਲੀਡਰਸ਼ਿਪ ਉਭੋਰਨ। ਸਿੱਖ, ਖਾਸ ਕਰ ਪਰਦੇਸੀ-ਸਿੱਖ ਸਦਾ ਜ਼ਿਹਨ 'ਚ ਇਹ ਗੱਲ ਰੱਖਣ ਕਿ ਸ: ਮਾਨ ਕੋਲ ਨਾ ਟੋਹੜੇ ਵਾਂਗ ਕੋਈ ਸ਼੍ਰੋਮਣੀ-ਕਮੇਟੀ ਹੈ ਤੇ ਨਾ ਬਾਦਲ ਵਾਂਗ ਅੰਨ੍ਹੀ ਜ਼ਮੀਨ-ਜਾਇਦਾਦ । ਜੇ ਉਹਨਾਂ ਲੱਕ ਬੰਨ੍ਹਕੇ ਸਿੱਖ-ਰਾਜ ਲਈ ਦਿਨ-ਰਾਤ ਤੁਰੇ ਫਿਰਨਾ ਹੈ ਅਤੇ ਸਿੱਖਾਂ ਦੀ ਸੁਆਰਥੀ-ਸਥਾਪਤ ਲੀਡਰਸ਼ਿਪ ਤੇ ਸਰਕਾਰ ਦਾ ਮੁਕਾਬਲਾ ਕਰਨਾ ਹੈ ਤਾਂ ਸਿੱਖਾਂ ਖਾਸਕਰ ਪਰਦੇਸੀ-ਖਾਲਸੇ ਨੇ ਸ: ਮਾਨ ਦੀ ਆਰਥਿਕ-ਪੱਖੋਂ ਦਿਲ ਖੋਹਲ ਕੇ ਮਦਦ ਕਰਨੀ ਹੋਵੇਗੀ ਤੇ ਉਹਨਾਂ ਦੀ ਤਕੜੀ ਧਿਰ ਬਣਨਾ ਹੋਵੇਗਾ । ਇਹ ਕਾਰਜ ਕੋਈ ਬਹੁਤਾ ਔਖਾ ਨਹੀਂ, ਖਾੜਕੂ ਤੇ ਵਿਦੇਸ਼ੀ ਸਿੱਖ ਬਾਹਾਂ ਤੇ ਸਿਰ ਜੋੜ ਕੇ ਬੜੀ ਸੌਖੀ ਤਰਾਂ ਸਿਰੇ ਚਾੜ੍ਹ ਸਕਦੇ ਹਨ ।

ਸਾਢੇ ਤਿੰਨ-ਤਿੰਨ ਫੁੱਟੀਆਂ ਸ੍ਰੀ ਸਾਹਿਬਾਂ ਅਥਵਾ ਕਿਰਪਾਨਾਂ ਵਾਲੀ ਖਾਲਸਾ-ਪੰਚਾਇਤ ਭਾਵ ਪੰਥਕ-ਕਮੇਟੀ ਦਾ ਪ੍ਰਮੁੱਖ-ਕਾਰਜ ਹੀ ਇਹ ਹੋਵੇ ਕਿ ਉਸਨੇ ਸਿੱਖ-ਨਿਸ਼ਾਨੇ ਤੇ ਇਸਨੂੰ ਸਿੱਖਾਂ 'ਚ ਲਿਜਾਣ ਵਾਲੇ ਲੀਡਰ ਅਥਵਾ ਸਰਦਾਰ ਮਾਨ ਦੀ ਰੱਖਿਆ ਕਰਨੀ ਹੈ। ਸ: ਮਾਨ ਪੰਜਾਬ ਵਿਚ ਚੋਣਾਂ ਲੜਨ, ਮੁੱਖ-ਮੰਤਰੀ ਆਪ ਬਣਨ ਜਾਂ ਕਿਸੇ ਹੋਰਸ ਨੂੰ ਬਣਾਉਂਣ, ਪੰਜਾਬ ਲਈ ਸਮੇਂ ਤੇ ਸਥਿਤੀ ਮੁਤਾਬਿਕ ਜੋ ਸਟੈਂਡ ਠੀਕ ਲੱਗੇ ਲੈਣ ਪਰ ਕੇਂਦਰ ਵਿਚ ਅਕਾਲੀਆਂ ਵਾਂਗੂ ਝਿਪਣ-ਵਿਕਣ ਨਾ। ਬੱਸ ਕੇਂਦਰ ਵਿਚ ਸਿੱਖਾਂ ਦੇ ਮੁੱਛਹਿਰੇ ਉਚੇ ਰੱਖਣ। ਅੱਖ ਸਿੱਖ-ਨਿਸ਼ਾਨੇ ਤੇ ਰੱਖ ਕੇ ਸਿੱਖ-ਰਾਜ ਦਾ ਝੰਡਾ ਉਚਾ ਰੱਖਣ। ਇਸਨੂੰ ਪੜਾਅ-ਵਾਰ ਲੈਣ ਲਈ ਉਹ ਪਹਿਲੋਂ ਹੀ ਕਹਿ ਚੁੱਕੇ ਹਨ। ਉਹ ਪੜਾਵਾਂ ਵਿਚੋਂ

ਦੀ ਗੁਜ਼ਰੀ ਜਾਣ ਪਰ ਭਾਰਤ ਤੋਂ ਅੱਲਗ ਤੇ ਅਲਹਿਦਾ ਹੋਣ ਦੀ ਗੱਲ ਤੋਂ ਨਾ ਡੋਲਣ। ਇਸ ਅਮਲ ਵਿਚ ਇਕ ਨਹੀਂ ਬਹੁਤ ਔਕੜਾਂ ਆਉਂਣਗੀਆਂ। ਦੋਹਾਂ ਦਲਾਂ ਦੇ ਲੀਡਰ ਉਹਨਾਂ ਨਾਲ ਪੁੱਜ ਕੇ ਖਾਰ ਖਾਣਗੇ। ਉਹਨਾਂ ਤੋਂ ਇਹ ਬਹੁਤ ਔਖਾ ਜਰਿਆ ਜਾ ਸਕਣਾ ਹੈ ਕਿ ਉਹਨਾਂ ਦੇ ਜਿਉਂਦੇ-ਜੀ ਸਿੱਖਾਂ ਦੇ ਲੀਡਰ ਸ: ਮਾਨ ਹੋਣ ! ਕੇਂਦਰ ਵਲੋਂ ਸ: ਮਾਨ ਤੇ ਵਾਰ ਵੀ ਹੋਣਗੇ ਪਰ ਖਾੜਕੂ-ਭਰਾਵਾਂ ਨੂੰ ਸਦਾ ਉਹਨਾਂ ਦੀ ਸੁੱਖ-ਸਾਂਦ ਪੁੱਛਣੀ ਪਏਗੀ। ਅੱਗੇ ਅਕਾਲੀਆਂ ਨੂੰ ਸਿੱਖਾਂ ਨੇ ਬਥੇਰੀਆਂ ਨਿਹਾਰੀਆਂ ਚਾਰ ਕੇ ਵੇਖ ਲਈਆਂ ਹੁਣ ਸਿੱਖ, ਵਿਸ਼ੇਸ਼ਕਰ ਵਿਦੇਸ਼ੀ ਸਿੱਖਾਂ ਨੂੰ ਸ: ਮਾਨ ਦੀ ਦਿਲ ਖੋਲ੍ਹਕੇ ਤਿਲ-ਫੁੱਲ ਨਾਲ ਮਦਦ ਕਰਨੀ ਪਵੇਗੀ ਤੇ ਸਿੱਖਾਂ ਦੀ ਗੱਲ ਦੁਨੀਆਂ ਭਰ ਦੇ ਲੋਕਾਂ ਤੱਕ ਪਹੁੰਚਾ ਕੇ ਤੇ ਉਹਨਾਂ ਨੂੰ ਸਹਿਯੋਗ ਦੇ ਕੇ ਉਹਨਾਂ ਦੇ ਹੱਥ ਮਜ਼ਬੂਤ ਕਰਨੇ ਪੈਣਗੇ। ਸਿੱਖ ਸ : ਮਾਨ ਲਈ ਪੰਜਾਬ ਵਿਚ ਸਰਕਾਰਾਂ ਵੀ ਬਣਾ ਦੇਣਗੇ ਤੇ ਕੇਂਦਰ ਉਹਨਾਂ ਨੂੰ ਤੋੜੇਗਾ ਵੀ ! ਖਾੜਕੂ ਸਿੰਘਾਂ ਤੇ ਸ: ਮਾਨ ਨੂੰ ਇਹ ਇਕ ਸੁਭਾਵਿਕ-ਅਮਲ ਲੱਗਣਾ ਚਾਹੀਦਾ ਹੈ। ਪਰ ਸ: ਮਾਨ ਨੂੰ ਸਿੱਖ-ਰਾਜ ਦੀਆਂ ਹਮਾਇਤੀ ਧਿਰਾਂ ਦੀ ਪ੍ਰਤੀਨਿਧਤਾ ਕਰਦਿਆਂ ਦੋ ਗੱਲਾਂ ਸਦਾ ਯਾਦ ਰਹਿਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਖਾਲਸਾ-ਰਾਜ ਦੇ ਝੰਡਾ-ਬਰਦਾਰ ਹੋਣ ਨਾਤੇ ਹੁਣ ਭਾਰਤੀ-ਸੰਵਿਧਾਨ ਦੇ ਦਾਇਰੇ 'ਚ ਰਹਿਣ ਦਾ ਹੇਜ ਉਹਨਾਂ ਦੇ ਹਿਰਦੇ 'ਚ ਕਦੇ ਨਹੀਂ ਜਾਗਣਾ ਚਾਹੀਦਾ। ਸ: ਮਾਨ ਨੂੰ ਚਾਹੀਦਾ ਹੈ ਕਿ ਉਹ 'ਸੁਤੰਤਰ ਸਿੱਖ-ਰਾਜ' ਨਿਸ਼ਾਨੇ ਦੀ ਮੰਜ਼ਿਲ ਵੱਲ ਮਾਰਚ ਕਰਦੇ ਜਾਣ। ਨਿਰਸੰਦੇਹ ਜਮਹੂਰੀ ਅਮਲ 'ਚ ਭਾਗ ਲੈਂਦਿਆਂ ਸਮੇਂ ਅਨੁਸਾਰ ਉਹਨਾਂ ਨੂੰ ਰਾਜਨੀਤਰ-ਪੈਂਤੜੇ ਲੈਣੇ / ਬਦਲਣੇ ਹੀ ਪੈਣਗੇ। ਪਰ 'ਸੁਤੰਤਰ ਸਿੱਖ-ਰਾਜ' ਦਾ ਨਿਸ਼ਾਨਾ ਸਦਾ ਉਹਨਾਂ ਦੇ ਸਾਹਮਣੇ ਰਹਿਣਾ ਚਾਹੀਦਾ ਹੈ। ਮੈਂ ਪਹਿਲੋਂ ਵੀ ਅਰਜ਼ ਕੀਤਾ ਸੀ ਕਿ ਦੂਸਰੇ ਅਕਾਲੀ ਲੀਡਰਾਂ ਦੇ ਮੁਕਾਬਲੇ ਇਹੀ ਉਹਨਾਂ ਦੀ ਵਿਸ਼ੇਸ਼ਤਾ ਹੈ। ਤੇ ਜਿੰਨੀ ਦੇਰ ਉਹ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਹੋਇਆਂ ਇਸ ਨਿਸ਼ਾਨੇ ਲਈ ਦ੍ਰਿੜ ਰਹਿਣਗੇ ਉਹਨਾਂ ਦੀ ਮਕਬੂਲੀਅਤ ਸਿੱਖਾਂ 'ਚ ਦਿਨੋਂ-ਦਿਨ ਵਧਦੀ ਚਲੀ ਜਾਏਗੀ। ਪਰ ਜਦੋਂ ਵੀ ਉਹ ਇਸ ਨਿਸ਼ਾਨੇ ਛੱਡ ਜਾਣਗੇ ਤਾਂ ਉਹ ਸਿੱਖਾਂ ਦੇ ਸਹਿਯੋਗ ਦੇ ਪਾਤਰ ਨਹੀਂ ਰਹਿ ਸਕਣਗੇ ਤੇ ਅਜਿਹੀ ਅਵੱਸਥਾ ਵਿਚ ਸਿੱਖਾਂ ਨੂੰ ਉਨ੍ਹਾਂ ਨੂੰ ਸਹਿਯੋਗ ਦੇਣਾ ਵੀ ਨਹੀਂ ਚਾਹੀਦਾ। ਅੱਜ ਗੱਲ ਜਮਹੂਰੀ ਅਮਲ 'ਚ ਸ: ਮਾਨ ਦੇ ਕਿਸੇ ਚੋਣ 'ਚ ਜਿੱਤਣ ਜਾਂ ਹਾਰ ਜਾਣ ਦੀ ਨਹੀਂ, ਗੱਲ 'ਸੁਤੰਤਰ ਸਿੱਖ-ਰਾਜ' ਦੇ ਨਿਸ਼ਾਨੇ ਵੱਲ ਵਧਣ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਹੈ। ਸ: ਮਾਨ ਦੇ ਨੇਤਰਤਵ ਦਾ ਨਿਰਨਾ-ਨਿਤਾਰਾ ਅੱਜ ਉਨ੍ਹਾਂ ਦੇ 'ਸੁਤੰਤਰ ਸਿੱਖ-ਰਾਜ' ਦੇ ਨਿਸ਼ਾਨੇ ਤੇ ਖੁੜਨ ਨੇ ਕਰਨਾ ਹੈ। ਦੂਸਰੇ, ਉਹ ਸਿੱਖਾਂ ਦਾ ਸਰਬੋਤਮ ਲੀਡਰ ਬਣਨ ਦੇ ਤਲਬਗਾਰ ਟੋਹੜੇ ਤੋਂ ਸਦਾ ਖਬਰਦਾਰ ਤੇ ਹੋਸ਼ਿਆਰ ਰਹਿਣ। ਸਿਰਫ ਸ: ਪ੍ਰਕਾਸ਼ ਸਿੰਘ ਬਾਦਲ ਹੀ ਨਹੀਂ ਅਕਾਲੀ ਦਲ (ਅੰ: ਅੰਦਰਖਾਤੇ ਸਰਕਾਰ ਨਾਲ !) ਦੀ ਐਡਹਾਕ-ਕਮੇਟੀ ਦੇ ਸਾਰੇ ਮੈਂਬਰਾਂ ਨੂੰ ਉਹ ਸਮੇਂ ਸਮੇਂ ਸ਼ੱਕਰ-ਘਿਉ ਰਲਾ ਚੁੱਕਾ ਹੈ। ਸ: ਮਾਨ ਦੀ ਲੀਡਰੀ ਉਸਨੇ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕਰਨੀ। ਉਹਨਾਂ ਨੂੰ ਟੋਹੜਾ ਠਿੱਬੀ ਲਾਏਗਾ ਹੀ ਲਾਏਗਾ। ਇਸ ਗੱਲੋਂ ਉਹਨਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਪਵੇਗੀ !

ਅਬ ਜੂਝਨ ਕੋ ਦਾਉ !

ਉਹ ਤੇਰੇ ਕੀ ਲਗਦੇ ? ਜਿਹੜੇ ਚਿੱਟਿਆਂ ਰੁਮਾਲਾਂ ਵਾਲੇ !!

(ਦਸ)

ਪੰਜਾਬ ਦੀ ਨਵੀਂ ਲੀਡਰਸ਼ਿਪ ਉਭਾਰਨ ਦੇ ਪ੍ਰਸੰਗ ਵਿਚ ਲਗਦੇ-ਹੱਥ ਇਕ ਗੱਲ ਸ: ਜਗਮੀਤ ਸਿੰਘ ਬਰਾੜ ਦੀ ਵੀ ਹੋ ਜਾਣੀ ਚਾਹੀਦੀ ਹੈ। ਮੈਂ ਜ਼ਾਤੀ ਤੌਰ ਤੇ ਸ: ਜਗਮੀਤ ਸਿੰਘ ਦਾ ਦਿਲੋਂ ਪ੍ਰਸ਼ੰਸਕ ਹਾਂ। ਜਗਮੀਤ ਵਰਗੇ ਜਜ਼ਬੇ ਵਾਲੇ ਮੁੰਡੇ ਕਿਸਮਤ ਵਾਲੀਆਂ ਕੌਮਾਂ ਦੇ ਘਰੀਂ ਹੀ ਜੰਮਦੇ ਹਨ। ਪੰਥ ਦੇ ਇਸ ਹੋਣਹਾਰ-ਨੌਨਿਹਾਲ ਵਿਚ ਪੰਥ ਉਤੇ ਪਈ ਇਸ ਬਿਪਤਾ ਦੇ ਸਮੇਂ ਵਿਚ ਕੌਮ ਦਾ ਇਕ ਵੱਡਾ ਮਦਦਗਾਰ ਬਣ ਸਕਣ ਦੀ ਸਮਰੱਥਾ ਤੇ ਸੰਭਾਵਨਾ ਸੀ। ਮੈਨੂੰ ਉਸ ਸਾਰੇ ਪਿਛੋਕੜ ਦਾ ਵੀ ਪੂਰੀ ਤਰਾਂ ਪਤਾ ਹੈ ਜਿਹਨਾਂ ਦੁੱਖਾਂ ਦਾ ਮਾਰਿਆ ਪੰਥ ਦਾ ਇਹ ਅਨਮੋਲ-ਹੀਰਾ ਕਾਂਗਰਸ ਦੀ ਝੋਲ ਜਾ ਪਿਆ। ਜਗਮੀਤ ਸਿੰਘ ਜਜ਼ਬੇ, ਜੁਆਨੀ ਤੇ ਜੁੱਰਅਤ ਦਾ ਮੁਜੱਸਮਾ ਹੈ। ਪੰਜਾਬ ਦੇ ਅਹਿਮ ਮਸਲਿਆਂ ਤੇ ਵਿਸ਼ੇਸ਼ਕਰ ਪੰਜਾਬ ਦੇ ਪਾਣੀਆਂ ਬਾਰੇ ਉਹ ਬੜੀ ਦੂਰ-ਦ੍ਰਿਸ਼ਟੀ ਤੇ ਸੁਹਿਰਦਤਾ ਨਾਲ ਪੰਜਾਬ ਦੀ ਗੱਲ ਕਹਿ ਰਿਹਾ ਹੈ। ਪਰ ਅੱਜ ਗੱਲ ਸਿਰਫ ਪੰਜਾਬ ਦੇ ਦਰਿਆਈ-ਪਾਣੀਆਂ ਦੀ ਹੀ ਨਹੀਂ ਦਿੱਲੀ ਵਲੋਂ ਸਿੱਖਾਂ ਦੇ ਖ਼ੂਨ ਦੇ ਵਗਾਏ-ਵਹਾਏ ਗਏ ਉਸ ਦਰਿਆ ਦੀ ਹੈ ਜਿਸਦੀ ਕੀਮਤ ਪੰਜਾਬ ਵਿਚ ਕੇਵਲ ਤੇ ਕੇਵਲ ਪ੍ਰਭੁਸਤਾ-ਸੰਪੰਨ ਅਥਵਾ ਸੁਤੰਤਰ ਸਿੱਖ-ਰਾਜ ਸਥਾਪਤ ਕਰਕੇ ਹੀ ਵਸੂਲੀ ਜਾ ਸਕਦੀ ਹੈ। ਅੱਜ ਪਾਣੀ ਪੰਜਾਬ ਦੇ ਪੁਲਾਂ ਹੇਠੋਂ ਦੀ ਗੁਜ਼ਰ ਹਏ ਹਨ। ਹੁਣ ਸਿੱਖਾਂ ਦੀਆਂ ਮੰਗਾਂ ਉਹ ਨਹੀਂ ਰਹੀਆਂ ਜੋ ਸ: ਜਗਮੀਤ ਸਿੰਘ ਰਾਹੀਂ ਕੇਂਦਰ ਦੇ ਕੇ ਸਿੱਖਾਂ ਨੂੰ ਖੁਸ਼ ਕਰ ਸਕੇਗਾ ਤੇ ਕਾਂਗਰਸ 'ਚ ਰਹਿਕੇ ਸ: ਜਗਮੀਤ ਸਿੰਘ ਨੇ ਉਹ ਕੁਝ ਮੰਗ ਨਹੀਂ ਸਕਣਾ ਜੋ ਸਿੱਖ ਅੱਜ ਮੰਗਦੇ ਹਨ!

ਨਿਰਸੰਦੇਹ ਉਸਦੇ ਦਿੱਲੀ ਵਾਲੇ ਚਿੱਟ-ਕਪਤੀਏ ਯਾਰ ਚੋਰ ਹਨ। ਪੰਜਾਬ ਦੇ ਹੱਕਾਂ ਦੇ ਚੋਰ ! ਜੇ ਕੁਲ ਨੂੰ ਉਹ ਜਗਮੀਤ ਸਿੰਘ ਰਾਹੀਂ ਪੰਜਾਬ ਦੇ ਕੁਝ ਬਣਦੇ ਹੱਕ ਮੋੜ ਵੀ ਦੇਣਗੇ ਤਾਂ ਇਸਦੇ ਸਿੱਟੇ ਦੋ ਹੀ ਹੋਣੇ ਹਨ। ਪਹਿਲਾ ਇਹ ਕਿ ਪੰਜਾਬ ਲਈ ਲਏ ਆਪਣੇ ਮੁੱਲ ਦੇ ਦਾਜ ਕਾਰਨ ਉਸਤੋਂ ਦਿੱਲੀ ਦੀ ਛੱਟੀ ਚੱਕ ਨਹੀਂ ਹੋਣੀ, ਉਹਨਾਂ ਦਾ ਇਹ ਅਹਿਸਾਨ ਉਸਦੇ ਸਵੈਮਾਨ ਨੂੰ ਦੱਬ ਲਏਗਾ। ਦੂਸਰਾ, ਚਲੋ ਜੇ ਭਲਾ ਉਹ ਪੰਜਾਬ ਦੀ ਹਕੂਮਤ ਜਗਮੀਤ ਸਿੰਘ ਨੂੰ ਸੰਭਾਲ ਵੀ ਦੇਣਗੇ ਤਾਂ ਜਗਮੀਤ ਸਿੰਘ ਤੋਂ ਕੰਮ ਉਹੀ ਕਰਵਾਇਆ ਜਾਵੇਗਾ ਜੋ ਦਿੱਲੀ ਨੇ ਦਰਬਾਰਾ ਸਿੰਘ ਤੇ ਬਿਅੰਤ ਸਿੰਘ ਤੋਂ ਕਰਵਾਇਆ ਹੈ ਭਾਵ ਸਿੱਖ-ਰਾਜ ਲਈ ਲੜਦੇ ਨੌਜਵਾਨਾਂ ਦੇ ਘਾਣ ਦਾ ! ਇੰਝ ਜੋ ਜਗਮੀਤ ਸਿੰਘ ਆਪਣੇ ਸਿੱਖੀ-ਪਿਛੋਕੜ ਤੇ ਜਜ਼ਬੇ ਕਰਕੇ ਕਾਂਗਰਸ 'ਚ ਰਹਿੰਦਿਆਂ ਵੀ ਪੰਜਾਬ ਦੇ ਹੱਕਾਂ ਲਈ ਆਹ ਦਾ ਨਾਅਰਾ ਮਾਰਨ ਕਰਕੇ ਸਿੱਖਾਂ ਨੂੰ ਪਿਆਰਾ ਲਗਦਾ ਹੈ ਜਦ ਉਹ ਸਿੱਖ-ਰਾਜ ਲਈ ਲੜਨ ਵਾਲੀਆਂ ਧਿਰਾਂ ਦੇ ਸਿੱਧਾ ਵਿਰੋਧ ਵਿਚ ਆਣ ਖੜਾ ਤਾਂ ਸਿੱਖਾਂ ਲਈ ਦੁਪਿਆਰਾ ਹੀ ਨਹੀਂ ਦੁਸ਼ਮਣ ਬਣ ਜਾਵੇਗਾ। ਸਿੱਖ ਇਤਿਹਾਸ ਅੱਜ ਇਕ ਅਹਿਮ ਮੋੜ ਮੁੜ ਰਿਹਾ ਹੈ। ਸ: ਜਗਮੀਤ ਸਿੰਘ ਨੇ ਦਿੱਲੀ ਵਾਲਿਆਂ ਦੇ ਢਹੇ ਚੜ੍ਹਕੇ ਚਾਰ ਦਿਨਾਂ ਦੀ ਚਾਨਣੀ ਭੋਗਣ ਲਈ ਸਿੱਖਾਂ ਦੇ ਕਾਤਲ ਬਣਨ ਦੇ ਰਾਹ ਤੁਰਨਾ ਹੈ ਜਾਂ ਸਿੱਖ-ਸੰਸਾਰ ਵਿਚ ਇਕ ਚਾਨਣ-ਮੁਨਾਰਾ ਬਣਕੇ ਚਮਕ ਉਠਣਾ ਹੈ ? ਫੈਸਲਾ ਜਗਮੀਤ ਸਿੰਘ ਦੀ ਜ਼ਮੀਰ ਤੇ ਜਿਗਰੇ ਤੇ ਹੈ ! ਪੰਥ ਦੇ ਵੀ ਤੇ ਉਸਦੇ ਵੀ ਧੰਨ-ਭਾਗ ਹੋਣਗੇ ਜੇ ਇਹ ਪੰਥ ਦਾ ਲਾਲ ਹੁਣ ਜਦੋਂ ਕਿ ਉਸਦੀ ਦੁਸ਼ਮਣ ਬੁੱਢੀ-ਸੁਆਰਥੀ-ਲੀਡਰਸ਼ਿਪ ਖੜਕੀ ਪਈ ਹੈ, ਜੱਕੋ-ਤੱਕੀਆਂ ਤੇ ਖੋਤ-ਚਿਰੇ ਸੁਪਨੇ ਨੂੰ ਛੱਡ ਕੇ ਕੌਮ ਦੀ ਬਿਹਤਰੀ ਲਈ ਜਮਹੂਰੀ-ਮੁਹਾਜ਼ ਉਤੇ ਸਿੱਖਾਂ ਦੀ ਗੱਲ ਅੱਗੇ ਤੋਰਨ ਲਈ ਕਾਂਗਰਸ ਨੂੰ ਤਿਲਾਂਜਲੀ ਦੇ ਕੇ ਆਪਣੇ ਪੇਕੇ 'ਪੰਥ-ਪੁਰੇ' ਪਰਤ ਆਏ। ਕਿੰਨਾ ਚੰਗਾ ਹੋਵੇ ਕਿ ਉਹ ਭ੍ਰਿਸ਼ਟ-ਕਾਂਗਰਸ ਦਾ

ਵਿਹੜਾ ਬੁਹਾਰਨ ਨਾਲੋਂ ਪੰਥਕ-ਵਿਹੜੇ ਦੀ ਏਨੇ ਹੀ ਜਜ਼ਬੇ ਨਾਲ ਸੇਵਾ-ਸਫਾਈ ਕਰਕੇ ਇਸਦਾ ਸ਼ਿਗਾਰ ਬਣ ਨਿੰਬੜੇ !

ਸਿੱਖਾਂ ਨੂੰ ਵੀ ਚਾਹੀਦਾ ਹੈ ਕਿ ਜੇ ਸ: ਜਗਮੀਤ ਸਿੰਘ ਕਾਂਗਰਸ ਨੂੰ ਅਲਵਿਦਾ ਆਖ 'ਗੁਰੂ ਕਾ ਲਾਲ' ਬਣ ਪੰਜਾਬ 'ਚ ਉਭਰਨ ਵਾਲੀ ਨਵੀਂ ਸਿੱਖ-ਰਾਜ ਪੱਖੀ ਲੀਡਰਸ਼ਿਪ ਨਾਲ ਆ ਖੜੇ ਤਾਂ ਉਹ ਉਸਨੂੰ ਦਿਲੋਂ ਪੂਰਾ ਪਿਆਰ, ਸਤਿਕਾਰ ਦੇ ਕੇ ਉਸਦਾ ਭਰਪੂਰ ਸਮਰਥਨ ਕਰਨ ਪਰ ਜੇ ਸ: ਜਗਮੀਤ ਸਿੰਘ ਕਾਂਗਰਸ 'ਚ ਰਹਿੰਦਿਆਂ ਪੰਜਾਬ ਦੀਆਂ ਮੰਗਾਂ ਦਾ ਝੰਡਾ ਚੌਕ 'ਭਾਰਤ ਮਾਤਾ ਦਾ ਸਪੂਤ' ਬਣਕੇ ਪੰਜਾਬ ਵਿਚ ਸਿੱਖ-ਦੁਸ਼ਮਣ ਕਾਂਗਰਸ ਦੇ ਪੈਰ ਪੱਕੇ ਕਰਨ ਲਈ ਕਿਵੇਂ ਵੀ ਕੰਮ ਕਰੇ ਜਾਂ ਉਸਦੇ ਕੰਮ ਆਵੇ ਤਾਂ ਉਹ ਉਸਦਾ ਡੱਟ ਕੇ ਵਿਰੋਧ ਕਰਨ। ਮੁੱਕਦੀ ਗੱਲ ਅੱਜ ਸਿੱਖਾਂ ਨੂੰ ਪੰਜਾਬ ਵਿਚ ਕੋਈ ਅਜਿਹੀ ਲੀਡਰਸ਼ਿਪ ਨਹੀਂ ਉਭਰਨ ਦੇਣੀ ਚਾਹੀਦੀ ਜਿਸਦਾ ਹੱਥ ਕਿਵੇਂ ਵੀ ਮੌਜੂਦਾ ਸਿੱਖ-ਜਦੋਜਹਿਦ ਵਿਰੁਧ ਦਿੱਲੀ ਨਾਲ ਮਿਲਦਾ ਹੋਵੇ। ਭਾਵੇਂ ਇਹ ਲੀਡਰਸ਼ਿਪ ਮੌਜੂਦਾ ਜਾਂ ਬਦਲੇ ਰੂਪ 'ਚ ਕਾਂਗਰਸ ਦੀ ਹੋਵੇ ਤੇ ਭਾਵੇਂ ਅਕਾਲੀ ਹੀ ਕਿਉਂ ਨਾ ਹੋਵੇ। ਅੱਜ ਜ਼ਰੂਰਤ ਹੈ ਕਿ ਪੰਜਾਬ ਦੇ ਵਿਹੜੇ 'ਚੋਂ ਅਕਾਲੀਆਂ ਦੇ ਬੁੱਢੇ ਬੋਹੜ ਤੇ ਦਿੱਲੀ ਦੇ ਲਾਏ ਪੁਰਾਣੇ ਪਿੱਪਲ ਨੂੰ ਜੜ੍ਹਾਂ ਤੋਂ ਪੁੱਟ-ਉਖਾੜ ਕੇ ਇਕ ਨਵੀਂ ਖਾੜਕੂ-ਪੱਖੀ ਲੀਡਰਸ਼ਿਪ ਉਭਾਰੀ ਜਾਵੇ ਜੋ ਪੰਜਾਬ ਵਿਚ ਸੁਤੰਤਰ ਸਿੱਖ-ਰਾਜ ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਵਧ ਸਕੇ।

ਪੰਜਾਬ ਵਿਚ ਖਾਲਸਾ-ਰਾਜ ਅਥਵਾ ਖਾਲਿਸਤਾਨ ਦੀ ਸਥਾਪਤੀ ਲਈ ਮੀਰੀ-ਪੀਰੀ ਦੇ ਦੋਹਾਂ ਮੁਹਾਜ਼ਾਂ ਉਤੇ ਤਕੜੇ ਹੋ ਕੇ ਅੱਗੇ ਵਧਣਾ ਪਵੇਗਾ। ਸਿੱਖ-ਨਿਸ਼ਾਨੇ ਲਈ ਦਿਲ 'ਚ ਦ੍ਰਿੜ੍ਹਤਾ ਰੱਖ ਕੇ ਕਈ ਪੜਾਵਾਂ 'ਚੋਂ ਗੁਜ਼ਰਦਿਆਂ ਵੱਧ ਸਮਾਂ ਲੱਗਣਾ ਵੀ ਸੰਭਵ ਹੈ। ਜਿਹੜੇ ਲੀਡਰ-ਲੋਕ ਅੱਜ 1999 ਦੀ ਵੈਸਾਖੀ ਨੂੰ ਪੰਜਾਬ ਦੀ ਧਰਤ ਤੇ ਖਾਲਿਸਤਾਨ ਦਾ ਝੰਡਾ ਚੁੜਾਉਣ ਲਈ ਆਸ਼ਾਵਾਦੀ ਹਨ ਇਹ ਗੱਲ ਉਹਨਾਂ ਦੀ ਚੁੜਦੀ-ਕਲਾ ਦੀ ਸੋਚਣੀ ਦੀ ਤਾਂ ਪ੍ਰਤੀਕ ਹੈ ਪਰ ਮੁਲਕਾਂ ਦੀ ਸਿਰਜਣਾ ਮਿੰਟਾਂ, ਦਿਨਾਂ ਜਾਂ ਮਹੀਨਿਆਂ ਵਿਚ ਝਬਦੇ ਹੀ ਨਹੀਂ ਹੋ ਜਾਇਆ ਕਰਦੀ ਇਸ ਖਾਤਰ ਨੈਲਸਨ-ਮੰਡੇਲਾ ਵਾਂਗ ਦਹਾਕਿਆਂ-ਬੱਧੀ ਲੀਡਰਾਂ ਨੂੰ ਕਾਲ-ਕੋਠੜੀਆਂ ਵਿਚ ਸੜਨਾ ਪੈ ਸਕਦਾ ਹੈ। ਕੌਮਾਂ ਖੱਜਲ-ਖੁਆਰ ਹੁੰਦੀਆਂ ਹਨ ਤੇ ਆਜ਼ਾਦੀ ਦੀ ਜਦੋਜਹਿਦ ਕਰਦੇ ਲੋਕਾਂ ਨੂੰ ਤਲਵਾਰਾਂ ਦੀਆਂ ਧਾਰਾਂ ਤੇ ਤੁਰਨਾ ਪੈਂਦਾ ਹੈ। ਸਿੱਖ-ਆਜ਼ਾਦੀ ਦੀ ਲਹਿਰ ਜਿਵੇਂ ਕਿ ਪਹਿਲੋਂ ਹੀ ਬਿਆਨ ਕੀਤਾ ਜਾ ਚੁੱਕਾ ਹੈ, ਸਿੱਖਾਂ ਦੀ ਕਦੇ ਨਾ ਹੋ ਸਕਣ ਵਾਲੀ ਏਕਤਾ ਨਾਲ ਨਹੀਂ, ਦ੍ਰਿੜ੍ਹਤਾ ਵਾਲੇ ਕੁਝ ਸਿੱਖ-ਸਿਰਾਂ 'ਚ ਜਗਦੇ ਸਿੱਖ-ਰਾਜ ਦੇ ਸੁਪਨੇ ਅਥਵਾ ਸਿੱਖ-ਮਨਾਂ ਵਿਚ ਵਸਦੇ ਸਿਖ-ਨਿਸ਼ਾਨੇ ਨਾਲ ਅੱਗੇ ਤੁਰਨੀ ਹੈ। 'ਪਾਪੀ ਦੇ ਮਾਰਨੇ ਕੋ ਪਾਪ ਮਹਾਂਬਲੀ ਹੈ' ਅਨੁਸਾਰ ਦਿੱਲੀ ਦੇ ਜ਼ੁਲਮ ਨਾਲ ਹਾਲਾਤ ਅਜਿਹੇ ਬਣਨਗੇ ਕਿ ਅਕਾਲ-ਪੁਰਖ ਸਿੱਖਾਂ ਨੂੰ ਮੌਕਾ ਪ੍ਰਦਾਨ ਕਰੇਗਾ ਤੇ ਸਮੇਂ ਨਾਲ ਇਹ ਲਹਿਰ ਬਲਵਾਨ ਹੋ ਕੇ ਸਿੱਖ ਪੰਜਾਬ ਦਾ ਰਾਜ ਦਿੱਲੀ ਤੋਂ ਜ਼ਰੂਰ ਖੋਹ ਲੈਣਗੇ। ਸਿੱਖ ਆਪਣੇ ਵਿਰਸੇ ਨੂੰ ਗਹੁ ਨਾਲ ਘੋਖਣ ਤਾਂ ਉਹਨਾਂ ਕੋਲ ਕਲਗੀਧਰ ਪਿਤਾ ਦਾ ਬਖਸ਼ਿਆ ਇਕ ਬੜਾ ਹੀ ਕਾਰਾਗਰ-ਸ਼ਸਤਰ ਹੈ। ਉਹ ਹੈ 'ਸਵਾ ਲੱਖ ਨਾਲ ਇਕ' ਲੜਾ ਦੇਣ ਦਾ ਸੁਨਹਿਰੀ-ਸਿਧਾਂਤ ਜਿਸਦਾ ਗੁਹਝ ਹੀ ਇਹ ਹੈ ਕਿ ਸਿੱਖ, ਗਿਣਤੀ (QUANTITY) ਨਹੀਂ ਗੁਣਾਂ (QUALITY) ਵਿਚ ਵਿਸ਼ਵਾਸ ਰੱਖਣ। ਸਿੱਖ-ਰਾਜ ਲੈਣ ਦੇ ਮੌਜੂਦਾ ਮਸਲੇ ਤੇ ਗੁਣਾਂ ਦੀ ਇਹ ਮਿਸਾਲ ਭਾਈ ਗਰਜਾ ਸਿੰਘ-ਬੋਤਾ ਸਿੰਘ ਦੀ ਸਿੱਖਾਂ ਸਾਹਵੇਂ ਪ੍ਰਤੱਖ ਪਈ ਹੈ। ਅਤਿ ਦਾ ਭਿਆਨਕ ਤੇ ਭੀਹਾਵਲਾ ਸਮਾਂ ! ਇਕ ਪਾਸੇ ਜੰਗਲ 'ਚੋਂ ਤੋੜੇ ਅਣਘੜਤ-ਸੋਟਿਆਂ ਵਾਲੇ ਅਤਿਖਸਤਾ ਹਾਲਤ 'ਚ ਵਿਚਰਦੇ ਗੁਰੂ ਕੇ ਦੋ ਸਿੰਘ-ਸੂਰਮੇ ! ਦੂਸਰੇ ਪਾਸੇ ਲੱਖਾਂ ਦੇ ਲਸ਼ਕਰਾਂ ਵਾਲੀ ਮੁਗਲ ਹਕੂਮਤ !! ਮਨ ਵਿਚ ਇਕ ਸੁਪਨਾ ਸੀ-ਜੂਝਦਿਆਂ ਸਰੀਰ ਮਿੱਟੀ ਦੀ ਢੇਰੀ ਜਾਂ ਰਾਖ ਹੋ ਗਏ ਪਰ ਸੁਪਨਾ ਨਹੀਂ ਬੁੱਝਣ ਦਿੱਤਾ। ਭਾਵ ਗੱਲ ਕਿਸੇ ਇੰਜਤ, ਇਕੱਠ ਜਾਂ ਮ੍ਰਿਗਾਵਲੀ ਨੇ ਅੱਗੇ ਨਹੀਂ ਤੋਰਨੀ ਬੱਸ ਕੁਝ ਸਿੱਖ-ਸਿਰਾਂ 'ਚ ਸੁਪਨਾ ਮੁੱਘਦਾ ਦਗਦਾ ਤੇ ਜਗਦਾ ਰਹੇ !

ਖ਼ੈਰ, ਰੈਲ ਵੱਡੀ ਵਗਲਣ ਨਾਲੋਂ ਗੱਲ ਸੰਖੇਪ ਕਰਾਂ ਕਿ ਸਿੱਖ-ਰਾਜ ਦੀ ਮੌਜੂਦਾ ਲਹਿਰ 'ਚ ਉਤਰਾਅ ਆਉਂਣ ਦਾ ਕਾਰਨ ਸਿਰਫ ਇਹ ਹੀ ਨਹੀਂ ਸੀ ਕਿ ਖਾੜਕੂਆਂ ਨੂੰ ਕਾਲੇ-ਕੱਛਿਆਂ ਵਾਲੇ ਸਰਕਾਰੀਆਂ ਤੇ ਚਿੱਟੇ-ਕਛਹਿਰਿਆਂ ਵਾਲੇ ਅਕਾਲੀਆਂ ਨੇ ਲੱਕੋਂ ਲਿਆ ਹੈ। ਇਸ ਵਿਚ ਨਿਰਸੰਦੇਹ ਖਾੜਕੂਆਂ ਦੀਆਂ ਕੁਝ ਮਜ਼ਬੂਰੀਆਂ ਅਤੇ ਵਧੀਕੀਆਂ ਦਾ ਵੀ ਹਿੱਸਾ ਹੈ ਜਿਹਨਾਂ ਨੂੰ ਇਥੇ ਗਿਣਾਉਂਣਾ-ਦੁਹਰਾਉਂਣਾ ਕੌਮ ਦਾ ਢਿੰਡ ਹੀ ਨੰਗਾ ਕਰਨਾ ਹੈ। ਜੇ ਇਹ ਲੜਾਈ ਅੱਜ ਸਿੱਖ-ਕੌਮ ਦੇ ਸਵੈਮਾਨ ਤੇ ਵੱਕਾਰ ਦੀ ਹੈ ਤਾਂ ਖਾੜਕੂਆਂ ਦੀਆਂ ਕੀਤੀਆਂ ਬੇਅੰਤ ਕੁਰਬਾਨੀਆਂ ਨੂੰ ਉਹਨਾਂ ਦੀਆਂ ਕੁਝ ਗਲਤੀਆਂ-ਵਧੀਕੀਆਂ ਦੀ ਆੜ ਵਿਚ ਘੱਟੇ ਰੋਲ ਦੇਣਾ ਕਿਵੇਂ ਵੀ ਸਿਆਣਪ ਨਹੀਂ ! ਪਰ ਖਾੜਕੂਆਂ ਨੂੰ ਵੀ ਇਹਨਾਂ ਗਲਤੀਆਂ ਦਾ ਦਿਲੋਂ ਅਹਿਸਾਸ ਕਰਕੇ ਤੇ ਇਹਨਾਂ ਤੋਂ ਸਬਕ ਲੈ ਕੇ ਕੇਵਲ ਤੇ ਕੇਵਲ ਇਕੋ ਨਿਸ਼ਾਨੇ ਸਿੱਖ-ਰਾਜ ਅਥਵਾ ਖਾਲਿਸਤਾਨ ਲਈ ਲੜਨਾ ਹੋਏਗਾ। ਮੌਜੂਦਾ ਖਾੜਕੂ-ਲਹਿਰ ਦਾ ਦੁਖਾਂਤ ਹੀ ਇਹ ਹੋ ਨਿਬੜਿਆ ਕਿ ਖਾੜਕੂ ਆਪੇ ਹੀ ਨੀਤੀਵੇਤਾ ਸਨ ਆਪੇ ਜਰਨੈਲ, ਆਪੇ ਲਿਖਾਰੀ ਆਪੇ ਸਮਾਜ-ਸੁਧਾਰਕ ! ਨਿਰਸੰਦੇਹ ਉਨ੍ਹਾਂ ਵਿਚ ਭਰਪੂਰ ਜਜ਼ਬਾ ਸੀ ਤੇ ਸਿੱਖ-ਕਾਜ਼ ਲਈ ਦਿਲੋਂ ਵਫਾਦਾਰੀ ਤੇ ਦਿਆਨਤਦਾਰੀ। ਪਰ ਵਿਉਂਤ ਜਾਂ ਸੇਧ-ਸ਼ਿਸਤ ਵਾਲੀ ਗੱਲ ਨਹੀਂ ਸੀ। ਹੁਣ ਜਦ ਸਿੱਖ, ਆਪਣਾ ਨਿਸ਼ਾਨਾ ਨਿਸਚਤ ਹੋ ਜਾਣ ਮਗਰੋਂ, ਖਾੜਕੂ ਤੇ ਜਮਹੂਰੀ-ਮੁਹਾਜ ਉਤੇ ਨੇਤਰਤੱਵ ਦਾ ਮਸਲਾ ਹੱਲ ਕਰ ਲੈਣ ਪਿੱਛੋਂ, ਸਿੱਖ ਜਦੋਜਹਿਦ ਨੂੰ ਅੱਗੇ ਤੋਰਨ ਤਾਂ ਖਾੜਕੂਆਂ ਦੇ ਮਨ ਇਕੋ ਲਗਨ ਲੱਗੀ ਹੋਈ ਹੋਣੀ ਚਾਹੀਦੀ ਹੈ ਕਿ ਉਹਨਾਂ ਸਿੱਖ-ਨਿਸ਼ਾਨੇ ਲਈ ਲੜਨਾ ਤੇ ਅੱਗਰਸਰ ਹੋਣਾ ਹੈ। ਉਹਨਾਂ ਨੂੰ ਅੱਗੇ ਵਾਂਗ ਕਿਸੇ ਸਮਾਜ-ਸੁਧਾਰ ਦਾ ਟਿੰਡ 'ਚ ਕਾਨਾ ਅਥਵਾ ਵਿਆਹ 'ਚ ਬੀ ਦਾ ਲੇਖਾ ਨਹੀਂ ਪਾਉਂਣਾ ਚਾਹੀਦਾ। ਸਮਾਜ-ਸੁਧਾਰ ਦਾ ਕੰਮ, ਪਿਆਰ-ਪ੍ਰੇਰਨਾ ਨਾਲ ਕਰਨ ਅੰਮ੍ਰਿਤ-ਸੰਚਾਰ ਦੀ ਲਹਿਰ ਚਲਾਉਂਣ ਵਾਲੀਆਂ ਧਿਰਾਂ ! ਖਾੜਕੂ ਕਿਉਂ ਖਾਹ-ਮੁਖਾਹ ਲੋਕਾਂ ਨੂੰ ਸਿੱਖ-ਆਜ਼ਾਦੀ ਦੀ ਲਹਿਰ ਨਾਲੋਂ ਆਪ ਤੋੜਨ ਤੇ ਇਸ ਗੱਲ ਨੂੰ ਆਪਣੇ ਸਿਰ ਲੁਆਉਂਣ ? ਖਾੜਕੂ ਤੇ ਸਾਧਾਰਨ ਸਿੱਖਾਂ 'ਚ ਤਾਂ ਅਪਣੱਤ ਤੇ ਪਿਆਰ ਦੀ ਅਜਿਹੀ ਗੰਢ ਪੈਣੀ ਚਾਹੀਦੀ ਹੈ ਕਿ ਸਿੱਖਾਂ ਅਥਵਾ ਕੌਮ ਵਲੋਂ ਉਹਨਾਂ ਨੂੰ ਮੁਗਲਾਂ ਦੇ ਜ਼ਮਾਨੇ ਵਾਂਗ ਭਰਵਾਂ ਸਹਿਯੋਗ ਤੇ ਸਮਰਥਨ ਮਿਲੇ ਜਿਸਦਾ ਜ਼ਿਕਰ ਭਾਈ ਰਤਨ ਸਿੰਘ ਭੰਗੂ ਇੰਝ ਕਰਦੇ ਹਨ : -

" ਜੋ ਕਿਸੇ ਭੂਖੰਗੀ ਹੋਇ ਲੋਤ ਜ਼ਰੂਰ । ਦੇਖ ਸਿੰਘਨ ਸੋ ਲਏ ਘੂਰ ।
ਇਤਨੀ ਕੁ ਬਸਤ ਸੋ ਲਏ ਉਠਾਇ । ਘਿਉ ਆਟਾ ਲੂਣ ਜੋ ਲਏ ਖਾਇ ।
ਮੁੱਖੋਂ ਉਚਾਰੇ ਆਇ ਨਿਹੰਗ । ਖੋਲ ਸਿੰਘਨੀ ਬੂਹੇ ਨਿਸੰਗ ।
ਹੋਇ ਸਿੰਘਨੀ ਮੰਨੈ ਸੁ ਬਾਤ । ਹਾਜ਼ਰ ਕਰਦੈ ਵਹੁ ਜਿਤਕੁ ਚਹਾਤ । "

(ਸ੍ਰੀ: ਗੁ: ਪੰ: ਪ੍ਰ:)

ਪਰ ਉਪਰੋਕਤ ਸਹਿਯੋਗ-ਸਮਰਥਨ ਮਿਲੇਗਾ ਤਦੇ ਹੀ ਜੇ ਉਹਨਾਂ ਦੇ ਪੱਲੇ ਪੁਰਾਤਨ ਸਿੱਖਾਂ ਵਾਲੀ ਨੈਤਿਕਤਾ ਹੋਵੇਗੀ ਜਿਸਨੂੰ ਨਾਦਰ ਸ਼ਾਹ ਦੇ ਹਿੰਦੁਸਤਾਨ ਤੇ ਚੁੜਨ ਵੇਲੇ ਉਸ ਨਾਲ ਆਏ ਸਿੱਖ-ਵਿਰੋਧੀ ਲੇਖਕ ਕਾਜ਼ੀ ਨੂਰ ਮੁਹੰਮਦ ਨੇ ਇਕ ਚਸ਼ਮਦੀਦ ਗਵਾਹ ਵਜੋਂ ਕਲਮਬੰਦ ਕੀਤਾ ਹੈ। ਨੂਰ ਮੁਹੰਮਦ ਪੁੱਜ ਕੇ ਮੁਤੱਸਬੀ ਤੇ ਸਿੱਖ-ਵਿਰੋਧੀ ਹੈ। ਆਪਣੀ ਲਿਖਤ ਵਿਚ ਉਹ ਸਿੱਖਾਂ ਨੂੰ 'ਸਗ' ਭਾਵ ਕੁੱਤੇ ਕਹਿੰਦਾ ਹੈ ਪਰ ਲਿਖਦਾ ਹੈ "ਇਹ ਸਗ ਸਦਾ ਘੋੜਿਆਂ ਤੇ ਸਵਾਰ ਰਹਿੰਦੇ ਹਨ। ਭੁੰਜੇ ਹੋਏ ਛੋਲੇ ਇਹਨਾਂ ਦੀ ਖੁਰਾਕ ਹੈ। ਇਹਨਾਂ ਦਾ ਆਚਰਣ ਅਸਲੋਂ ਉਚਾ ਹੈ। ਚੋਰੀ ਇਹ ਕਦੇ ਭੁੱਲ ਕੇ ਨਹੀਂ ਕਰਦੇ। ਝੂਠ ਇਹ ਬੋਲਦੇ ਨਹੀਂ। ਇਹਨਾਂ ਦੀ ਦਿੱਤੀ ਗਵਾਹੀ ਕਚਹਿਰੀ ਵਿਚ ਸੱਚੀ ਮੰਨੀ ਜਾਂਦੀ ਹੈ। ਗਹਿਣਿਆਂ ਨਾਲ ਲੱਦੀ ਔਰਤ ਵੱਲ ਇਹ ਰਾਤ-ਬਰਾਤੇ ਵੀ ਅੱਖ ਉਠਾ ਕੇ ਨਹੀਂ ਵੇਖਦੇ, ਉਸਨੂੰ ਆਪਣੀ ਮਾਂ-ਭੈਣ ਸਮਝਦੇ ਹਨ ਤੇ ਹਰ ਔਰਤ ਨੂੰ 'ਬੁੱਢੀ' ਆਖਦੇ ਹਨ।" ਕਾਜ਼ੀ ਜੀ ਦੇ ਸ਼ਬਦ ਇਕ ਸੱਚੇ-ਸੁੱਚੇ ਸਿੱਖ ਦੇ ਆਚਾਰ, ਵਿਵਹਾਰ ਤੇ ਕਿਰਦਾਰ ਦੀ ਅੱਕਾਸੀ ਕਰਦੇ ਹਨ। ਇਹ ਇਕ ਸਿੱਖ ਦੀਆਂ ਸ਼ਖਸੀ ਖੂਬੀਆਂ ਜਾਂ ਖਾਸੀਅਤਾਂ ਹਨ। ਪਰ ਪੰਥ ਦੀ ਵਰਤਮਾਨ ਜਦੋਜਹਿਦ ਕਰਨ ਵਾਲੇ ਖਾੜਕੂਆਂ ਵਿਚ ਉਪਰੋਕਤ ਸ਼ਖਸੀ-ਨੈਤਿਕਤਾ ਹੀ ਨਹੀਂ ਇਸਤੋਂ ਵੀ ਉਚੇਰੀ ਸਿੱਖ-ਨੈਤਿਕਤਾ ਵੀ

ਹੋਵੇ। ਸਿੱਖ-ਨੈਤਿਕਤਾ ਜੰਬਰਪਿੰਡੀਏ ਸ: ਸੁਬੇਗ ਸਿੰਘ ਵਰਗੀ ਜੋ ਮੁਗ਼ਲ ਸਰਕਾਰ 'ਚ ਚੰਗੇ ਅਹੁਦੇ ਤੇ ਹੋਣ ਪਰ ਜਦ ਸਿੱਖੀ ਅਣਖ ਨੂੰ ਠੇਲਾ ਲੱਗੇ ਤਾਂ ਅਹੁਦਾ ਵਗਾਹ ਕੇ ਆਪ ਹੀ ਨਹੀਂ ਆਪਣੀ ਅਗਲੀ ਪੀਹਤੀ ਭਾਵ ਪੁੱਤਰ ਸ਼ਾਹਬਾਜ਼ ਸਿੰਘ ਨੂੰ ਵੀ ਨਾਲ ਲੈ ਚਰਖੜੀ ਝੂਟ ਜਾਣ ! ਸਿੱਖ-ਨੈਤਿਕਤਾ ਨਵਾਬ ਕਪੂਰ ਸਿੰਘ ਫੈਜ਼ਲਪੁਰੀਏ ਵਰਗੀ ਜੋ ਮੁਗ਼ਲਾਂ ਦੀ ਪੇਸ਼ ਕੀਤੀ ਨਵਾਬੀ ਨੂੰ ਜੁੱਤੀ ਦੀ ਨੋਕ ਤੋਂ ਵਾਰ ਦੇਣ ਪਰ ਪੰਥ ਦੇ ਪੱਖੇ ਤੇ ਘੋੜਿਆਂ ਦੀ ਲਿੱਦ-ਚੁੱਕਣ ਦੀ ਸੇਵਾ ਨਾ ਛੱਡਣ !! ਸਿੱਖ-ਨੈਤਿਕਤਾ ਸ: ਜੱਸਾ ਸਿੰਘ ਰਾਮਗੜ੍ਹੀਏ ਵਰਗੀ ਜਿਸਨੂੰ ਨੈਤਿਕਤਾ ਤੋਂ ਡਿੱਗਣ ਕਰਕੇ ਪੰਥ ਭਾਵੇਂ ਛੇਕ ਦੇਵੇ ਪਰ ਸਿੱਖ-ਵਿਰੋਧੀ ਮੁਗ਼ਲਾਂ ਦੇ ਮੁਲਾਜ਼ਮ ਹੋਣ ਤੇ ਵੀ ਜੋ ਕੌਮੀ-ਆਫਤ ਸਮੇਂ ਸਿੱਖ-ਨੈਤਿਕਤਾ ਦਾ ਦਾਮਨ ਫੜ ਕੇ ਰਾਮ-ਰੌਣੀ ਦੇ ਕ੍ਰਿੱਲੇ ਵਿਚ ਆਪਣੇ ਸਿੱਖ-ਭਰਾਵਾਂ ਦੀ ਬਾਂਹ ਆਣ ਬਣੇ !!!

ਉਪਰੋਕਤ ਤੋਂ ਬਿਨਾਂ ਇਹ ਜ਼ਰੂਰੀ ਹੈ ਕਿ ਖਾੜਕੂ ਜਿਹੜੇ ਸਿੱਖਾਂ ਲਈ ਲੜ ਰਹੇ ਹਨ ਉਹਨਾਂ ਦੀ ਰਾਏ ਲੈ ਕੇ ਤੇ ਉਹਨਾਂ ਨਾਲ ਰਾਬਤਾ ਰੱਖਕੇ, ਆਪਣਾ ਘੋੜਾ ਸਿੱਖਾਂ ਦੀ ਸੁਝਾਈ ਸਲਾਹ ਨਾਲ ਹੀ ਸਿੱਖ-ਮੰਜ਼ਿਲ ਵੱਲ ਭਜਾਉਣ। ਉਪਰ-ਕਥਿਤ ਮਸਲਿਆਂ ਤੇ ਅਮਲ ਉਪਰੰਤ ਪੰਥਕ-ਕਮੇਟੀ ਅਥਵਾ ਖਾੜਕੂਆਂ ਨੂੰ ਦੇਸ਼-ਵਿਦੇਸ਼ 'ਚ ਵਸਦੇ ਕੁਝ ਗਿਣੇ-ਚੁਣੇ ਸੁਝਵਾਨ ਸਿੱਖਾਂ ਦੀ ਇਕ 'ਸਲਾਹਕਾਰ ਕਮੇਟੀ' ਦਾ ਗਠਨ ਕਰਨਾ ਚਾਹੀਦਾ ਹੈ ਜੋ ਸਿੱਖਾਂ ਵਲੋਂ ਆਏ ਸੁਝਾਵਾਂ-ਰਾਵਾਂ ਦੀ ਰੋਸ਼ਨੀ ਵਿਚ ਸਿੱਖ-ਰਾਜ ਦੀ ਪ੍ਰਾਪਤੀ ਲਈ ਵਰਤੇ-ਕੀਤੇ ਜਾਣ ਵਾਲੇ ਸਾਧਨਾਂ, ਵਸੀਲਿਆਂ ਤੇ ਕਾਰਜਾਂ ਸਬੰਧੀ ਸਿੱਖਾਂ ਦੀ ਨਬਜ਼ ਨੂੰ ਭਾਂਪਦਿਆਂ ਸਮੇਂ-ਸਮੇਂ ਪੰਥਕ-ਕਮੇਟੀ ਨੂੰ ਸਲਾਹ ਪਹੁੰਚਾਵੇ ਤੇ ਫਿਰ ਇਸਦੀ ਰੋਸ਼ਨੀ ਵਿਚ ਖਾੜਕੂ, ਅਤੇ ਜਮਹੂਰੀ ਲੀਹਾਂ ਉਤੇ ਇਸ ਜਦੋਜਹਿਦ ਨੂੰ ਅੱਗੇ ਤੋਰਿਆ ਜਾਵੇ।

ਇਕ ਦੋ ਗੱਲਾਂ ਸਿੱਖਾਂ ਨਾਲ ਜੁੜੇ ਦੋ ਸ਼ਬਦਾਂ 'ਬੀਰਤਾ' ਤੇ 'ਕੁਰਬਾਨੀ' ਬਾਰੇ ਵੀ ਕਰ ਲੈਣੀਆਂ ਜ਼ਰੂਰੀ ਹਨ। ਜਿਹੜੀਆਂ ਵੀ ਕੌਮਾਂ ਨੇ ਵੀ ਸੰਸਾਰ ਵਿਚ ਆਪਣੇ ਰਾਜ-ਭਾਗ ਸਥਾਪਤ ਕੀਤੇ ਹਨ ਆਪਣੀ ਕਿਸੇ ਖਾਸੀਅਤ-ਖੂਬੀ ਨੂੰ ਵਰਤ ਕੇ ਕੀਤੇ ਹਨ। ਸੰਸਾਰ ਦੀਆਂ ਹੋਰਨਾਂ ਕੌਮਾਂ ਦੇ ਮੁਕਾਬਲੇ ਸਿੱਖਾਂ ਕੋਲ ਇਕ ਵਿਸ਼ੇਸ਼, ਵਿਕੋਲਿਤਰਾ ਤੇ ਵਧੀਆ ਗੁਣ ਹੈ ਕਿ ਸਿੱਖ ਬਹਾਦਰ ਹਨ ਤੇ ਬੀਰਤਾ ਵਿਚ ਉਹਨਾਂ ਦਾ ਸੰਸਾਰ ਵਿਚ ਕੋਈ ਸਾਨੀ ਨਹੀਂ। ਉਹਨਾਂ ਜਦੋਂ ਵੀ ਆਪਣਾ ਰਾਜ-ਭਾਗ ਸਥਾਪਤ ਕੀਤਾ, ਇਸ ਬੀਰਤਾ ਦੇ ਸਹਾਰੇ ਹੀ ਕੀਤਾ ਹੈ। ਸੋ ਸਿੱਖਾਂ ਨੂੰ ਆਪਣੇ ਇਸ ਬੀਰਤਾ ਦੇ ਹਥਿਆਰ ਨੂੰ ਸਦਾ ਲਿਸ਼ਕਾ-ਮਾਂਜ ਦੇ ਰੱਖਣਾ ਚਾਹੀਦਾ ਹੈ ਤੇ ਇਸਨੂੰ ਬਦਲਦੇ ਹਾਲਾਤ ਅਨੁਸਾਰ ਤੇਜ-ਤਿੱਖਾ ਤੇ ਆਧੁਨਿਕ ਤੋਂ ਆਧੁਨਿਕਤਮ ਕਰਦੇ ਰਹਿਣਾ ਚਾਹੀਦਾ ਹੈ ਤੇ ਨਾਲ ਹੀ ਬਹੁ-ਗਿਣਤੀ 'ਚ ਵਿਚਰਦਿਆਂ ਇਕ ਘੱਟ ਗਿਣਤੀ ਹੋਣ ਨਾਤੇ 'ਸਵਾ ਲੱਖ ਨਾਲ ਇਕੱਲੇਂ' ਲੜ ਸਕਣ ਦੀ ਕਲਗੀਧਰ ਪਾਤਸ਼ਾਹ ਦੀ ਦਿੱਤੀ ਆਸੀਸ ਨੂੰ ਵੀ ਆਪਣੇ ਸਿਰ ਚੋਂ ਕਦੇ ਵਿਸਾਰਨਾ ਨਹੀਂ ਚਾਹੀਦਾ।

'ਕੁਰਬਾਨੀ' ਤੇ 'ਸਿੱਖ' ਦੋਵੇਂ ਸ਼ਬਦ ਬਗ਼ਲਗੀਰ ਹੋ ਕੇ ਤੁਰਦੇ ਹਨ। ਸਿੱਖ ਸੁਭਾਵਿਕ ਤੌਰ ਜਜ਼ਬੇ ਤੇ ਜਜ਼ਬੇ ਵਾਲੇ ਲੋਕ ਹਨ। ਇਹ ਹੱਸ ਕੇ ਕੁਰਬਾਨ ਹੋ ਜਾਂਦੇ ਹਨ। ਮੌਤ ਨੂੰ ਮਖੌਲ ਕਰਦੇ ਹਨ। ਇਹ ਇਹਨਾਂ ਦਾ ਲਾਸਾਨੀ-ਲੱਛਣ ਹੈ। ਪਰ ਅੱਜ ਜੇ ਸਾਡੇ ਹੀਰਿਆਂ ਵਰਗੇ ਨੌਜਵਾਨ ਨਿੱਕੇ-ਨਿੱਕੇ ਨਿਸ਼ਾਨਿਆਂ ਲਈ ਹੀ ਕੁਰਬਾਨ ਹੋਈ ਗਏ ਤਾਂ ਅਸਾਂ ਆਪਣਾ ਦੇਸ਼ ਸਿਰਜਣਾ ਕੀਹਦੇ ਲਈ ਹੈ ? ਸਰੂ-ਕੱਦ ਸਿੱਖ ਹੀ ਤਾਂ ਪੰਜਾਬ ਦੀ ਅਸਲੀ ਵਿਰਾਸਤ ਤੇ ਸਰਮਾਇਆ ਹਨ। ਜੇ ਉਹ ਕੁਰਬਾਨ ਹੀ ਹੋਈ ਜਾਣ ਤੇ ਲੀਡਰ-ਲੋਕ ਉਹਨਾਂ ਦੀ ਖੱਟਿਆ ਹੀ ਖਾਈ ਜਾਣ ਤੇ ਇਸ ਫਸਲ ਦਾ ਬੋਹਲ ਕੋਈ ਨਾ ਬਣੇ ਤਾਂ ਸਾਡੇ ਇਹਨਾਂ ਅਨਮੋਲ-ਸ਼ਹੀਦਾਂ ਦੀ ਸ਼ਹੀਦੀ ਦਾ ਅਰਥ ਜਾਂ ਮੁਲ ਹੀ ਕੀ ਹੋਇਆ ? ਇਸ ਲਈ ਇਕ ਗੱਲ ਅੱਜ ਪੱਲੇ ਬੰਨ੍ਹਣ ਵਾਲੀ ਹੈ ਕਿ ਹੁਣ ਤੋਂ ਕਿਸੇ ਸਿੱਖ-ਨੌਜਵਾਨ ਦਾ ਸਿਰ ਨਿੱਕੇ-ਨਿਸ਼ਾਨੇ ਲਈ ਨਹੀਂ ਲੱਗਣਾ ਚਾਹੀਦਾ ਹੈ। ਸਾਡੇ ਇਕ ਨੌਜਵਾਨ ਦੇ ਸਿਰ ਦੀ ਕੀਮਤ ਜਿੰਨੀ ਸਸਤੀ ਅਸੀਂ ਅੱਜ ਕਰ ਰੱਖੀ ਹੈ, ਏਨੀ ਸਸਤੀ ਨਹੀਂ ਹੋਣੀ ਚਾਹੀਦੀ। ਕੋਈ ਸਿੱਖ-ਨੌਜਵਾਨ ਐਵੇਂ ਭੰਗ ਦੇ ਭਾਣੇ ਸ਼ਹੀਦ ਨਹੀਂ ਹੋਣਾ ਚਾਹੀਦਾ। ਸਿੱਖ-ਸੰਘਰਸ਼ ਨੂੰ ਅੱਗੇ ਤੋਰਦੀਆਂ ਧਿਰਾਂ ਦੇ ਮਨ ਵਿਚ ਇਕ ਨਾਅਰਾ ਵਸ ਜਾਣਾ ਚਾਹੀਦਾ ਹੈ- "ਅਸੀਂ ਹੋਰ ਐਵੇਂ ਮਰਵਾਉਣੇ ਨਹੀਂ ਪਰ ਪਿਛਲੇ ਗਏ ਭੁਲਾਉਣੇ ਨਹੀਂ।"

ਸਿੱਖ-ਸੰਘਰਸ਼ ਨੂੰ ਅੱਗੇ ਤੋਰਨ ਲਈ ਖਾੜਕੂਆਂ ਤੋਂ ਮਗਰੋਂ ਵੱਡੀ ਜ਼ਿਮੇਵਾਰੀ ਅੱਜ ਵਿਦੇਸ਼ੀ ਸਿੱਖਾਂ ਦੀ ਹੈ। ਸਮਾਂ ਮੰਗ ਕਰਦਾ ਹੈ ਕਿ ਉਹ ਅੱਜ ਆਪਣੇ ਪੰਜਾਬ ਬੈਠੇ ਭਰਾਵਾਂ ਦੀ ਬਾਂਹ ਬਣਨ ਲਈ ਉਠਣ ਤੇ ਉਠ ਕੇ ਸਿੱਖ ਆਜ਼ਾਦੀ ਦੀ ਜਦੋਜਹਿਦ ਵਿਚ ਗਦਰੀ-ਬਾਬਿਆਂ ਵਾਂਗ ਆਪਣਾ ਅਹਿਮ ਰੋਲ ਅਦਾ ਕਰਨ। ਵਿਦੇਸ਼ਾਂ ਵਿਚ ਇਕ ਦਹਾਕਾ ਸਿੱਖਾਂ ਨੇ ਬਥੇਰੀਆਂ ਕਾਨਫਰੰਸਾਂ, ਇਕੱਤਰਤਾਵਾਂ ਤੇ ਇੱਕਠ ਕਰ ਲਏ ਹਨ। ਸਿੱਖਾਂ ਸਾਹਮਣੇ ਭਾਸ਼ਣਾਂ-ਜੈਕਾਰਿਆਂ ਦਾ ਬਥੇਰਾ ਪ੍ਰਯੋਗ ਕਰ ਲਿਆ ਹੈ। ਰਾਤ-ਰਾਤ ਭਰ ਲੰਬੀਆਂ ਬਥੇਰੀਆਂ ਮੀਟਿੰਗਾਂ ਗਵਾਂਢੀ ਜਥੇਬੰਦੀਆਂ ਦੀ ਚੁਗ਼ਲੀ-ਨਿੰਦਾ ਵਿਚ ਲੰਘ ਕੇ ਵਿੰਝੜਦੀਆਂ-ਬਰਖਾਸਤ ਹੁੰਦੀਆਂ ਰਹੀਆਂ ਹਨ। ਪਰ ਸਿੱਖ-ਰਾਜ ਦੇ ਨਾਂ ਤੇ ਹੁੰਦੇ ਇਸ ਸਭ ਕੁਝ ਦਾ ਨਤੀਜਾ ਹੁਣ ਤੱਕ ਕੁਝ ਨਹੀਂ ਨਿਕਲ ਸਕਿਆ-ਸਾਧਾਰਨ ਸਿੱਖ ਨੂੰ ਇਸ 'ਚੋਂ ਬਣਦਾ-ਜੁੜਦਾ ਕੁਝ ਨਜ਼ਰ ਨਹੀਂ ਆ ਰਿਹਾ। ਦਿਆਨਤਦਾਰੀ ਨਾਲ ਕੰਮ ਕਰਨ ਵਾਲੇ ਲੋਕਾਂ ਦੀਆਂ ਲੱਤਾਂ ਖਿੱਚ ਕੇ ਉਹਨਾਂ ਦੇ ਕੰਮਾਂ ਵਿਚ ਰੋਕਾਂ-ਅਟਕਾਰਾਂ ਖੜੀਆ ਕਰਕੇ ਉਹਨਾਂ ਨੂੰ ਪਰੇਸ਼ਾਨ-ਪਸ਼ੇਮਾਨ ਕੀਤਾ ਜਾ ਰਿਹਾ ਹੈ। ਸਿੱਖ-ਜਥੇਬੰਦੀਆਂ ਵਿਚਕਾਰ ਚਲਦੇ ਗੱਤਕੇ ਤੇ ਬੁਰਛਾਗਰਦੀ ਕਾਰਨ ਅਣਖੀ ਤੇ ਸੁਹਿਰਦ-ਵਰਕਰ ਸੰਘਰਸ਼ ਤੋਂ ਟੁੱਟ ਘਰੀਂ ਪਰਤ ਗਏ ਹਨ।

ਅੱਜ ਲੋੜ ਹੈ ਕਿ ਵਿਸ਼ੇਸ਼ ਕਰਕੇ ਵਿਦੇਸ਼ੀ-ਸਿੱਖ, ਰਸਮੀ-ਭਾਸ਼ਣਾਂ, ਕਾਨਫਰੰਸਾਂ, ਜੈਕਾਰਿਆਂ ਦੇ ਚੱਕਰ ਵਿਚੋਂ ਨਿਕਲਕੇ ਖਾਲਿਸਤਾਨ ਦੇ ਮਸਲੇ ਤੇ ਗੰਭੀਰ-ਗੋਸ਼ਟੀਆਂ ਕਰਵਾ ਕੇ ਖਾਲਿਸਤਾਨ ਦੀ ਰੂਪ-ਰੇਖਾ ਨਿਖਾਰਨ। ਅੱਜ ਨਿਰਾਪੁਰਾ ਭਗਤ ਰਵਿਦਾਸ ਦੇ ਬਚਨਾਂ ਨਾਲ ਹੀ ਨਹੀਂ ਸਰ ਜਾਣਾ ਸਿੱਖਾਂ ਨੂੰ ਆਪ ਵੀ ਕੁਝ ਹੀ ਨਹੀਂ, ਬੜਾ ਕੁਝ ਕਰਨਾ ਪਵੇਗਾ। ਅੱਜ ਲੋੜ ਹੈ ਕਿ ਸਿੱਖ, ਖਾਲਿਸਤਾਨ ਦੇ ਰੂਪ, ਵਿਧਾਨ ਤੇ ਪ੍ਰਾਪਤੀ-ਵਿਧੀਆਂ ਬਾਰੇ ਸੰਜੀਦਗੀ ਨਾਲ ਸੋਚਣ ਤੇ ਕੌਮ ਨੂੰ ਇਸ 'ਚ ਜੁਟਾਣ ਦਾ ਬ੍ਰਾਨਣੂੰ ਬੁੰਨਣ, ਅੰਤਰਰਾਸ਼ਟਰੀ-ਭਾਈਚਾਰੇ ਅਤੇ ਦੂਸਰੀਆਂ ਕੌਮਾਂ ਤੱਕ ਸਿੱਖਾਂ ਦੀ ਦਾਸਤਾਨ ਪਹੁੰਚਾਣ ਦੇ ਭਰਪੂਰ ਉਪਰਾਲੇ ਕਰਨ ਅਤੇ ਪੰਥਕ-ਕਮੇਟੀ ਅਥਵਾ ਖਾੜਕੂਆਂ ਤੇ ਪੰਜਾਬ ਵਿਚ ਜਮਹੂਰੀ-ਮੁਹਾਜ਼ ਉਤੇ ਸ: ਮਾਨ ਦੀ ਇਕ ਸ਼ਕਤੀਸ਼ਾਲੀ ਧਿਰ ਤੇ ਢਾਲ ਬਣਨ !

ਸਿੱਖ-ਸਫਾਂ ਵਿਚਲੀ ਬੁਰਛਾਗਰਦੀ ਤੇ ਅੰਨ੍ਹੀ ਤੋਂ ਸਤ ਕੇ ਜਿਹੜੇ ਅਣਖੀਲੇ, ਸੰਵੇਦਨਾਸ਼ੀਲ ਤੇ ਸੁਹਿਰਦ-ਵਰਕਰ ਸਿੱਖ-ਸੰਘਰਸ਼ ਤੋਂ ਵਿਮੁੱਖ ਹੋ ਕੇ ਉਦਾਸੀਨ ਅਵਸਥਾ 'ਚ ਵਿਚਰ ਰਹੇ ਹਨ, ਉਹਨਾਂ ਨੂੰ ਪਾਕਿਸਤਾਨ ਦੇ ਬਣਨ ਦੀ ਕਹਾਣੀ ਪਿੱਛੇ ਜੂਝਣ ਵਾਲੇ ਮਿ: ਜਿਨਾਹ ਦੀ ਮਿਸਾਲ ਤੋਂ ਰੋਸ਼ਨੀ ਪ੍ਰਾਪਤ ਕਰਕੇ ਸਿੱਖ-ਰਾਜ ਦੀ ਪ੍ਰਾਪਤੀ ਲਈ ਕਮਰਕਸੇ ਕਰਕੇ ਦੂਣ-ਸਵਾਏ ਸ਼ਕਤੀਵਰ ਹੋ ਕੇ ਸਿੱਖ-ਆਜ਼ਾਦੀ ਦੇ ਸੰਘਰਸ਼ ਵਿਚ ਨਿੱਤਰਨਾ ਚਾਹੀਦਾ ਹੈ। ਦੇਸ਼-ਵੰਡ ਤੋਂ ਪਹਿਲੋਂ ਮੁਸਲਮ-ਲੀਗੀ ਸਫਾਂ ਵਿਚ ਵੀ ਅਜੋਕੀਆਂ ਸਿੱਖ-ਸਫਾਂ ਵਰਗੀ ਬੁਰਛਾਗਰਦੀ ਅਤੇ ਗਰਦੋ-ਗੁਬਾਰ ਸੀ। ਲੀਡਰ-ਲੋਕ ਇਵੇਂ ਕੁੱਕੜ-ਖੋਹੀ ਕਰਦੇ ਚੌਧਰ ਲਈ ਝਗੜ ਰਹੇ ਸਨ। ਦਿਆਨਤਦਾਰ ਜਿਨਾਹ ਇਸ ਸਾਰੇ ਕੁਝ ਤੋਂ ਸਤ ਕੇ ਆਜ਼ਾਦੀ ਦੇ ਸੰਘਰਸ਼ ਤੋਂ ਤੌਬਾ ਤੇ ਕਿਨਾਰਾਕਸ਼ੀ ਕਰ, ਸਭ ਕੁਝ ਛੱਡ-ਛਡਾ ਭਰੇ-ਪੀਤੇ ਨਿਰਾਸ ਹੋ ਲੰਡਨ ਦੇ ਇਕ ਗੋਸ਼ੇ ਵਿਚ ਜਾ ਬੈਠੇ। ਮਹਾਨ ਫਿਲਾਸਫਰ-ਸ਼ਾਇਰ ਸਰ ਮੁਹੰਮਦ ਇਕਬਾਲ ਕੌਮ ਦੇ ਭਵਿੱਖ ਸਬੰਧੀ ਡਾਢੇ ਫਿਕਰਮੰਦ ਸਨ ਤੇ ਮਿ: ਜਿਨਾਹ ਦੀ ਕੌਮ ਪ੍ਰਤੀ ਵਫਾਦਾਰੀ ਤੇ ਰਾਜਸੀ ਕਾਬਲੀਅਤ ਦੇ ਕਾਇਲ ਸਨ। ਉਹ ਮਿ: ਜਿਨਾਹ ਕੋਲ ਲੰਡਨ ਪਹੁੰਚੇ ਤੇ ਮਿਲ ਕੇ ਉਹਨਾਂ ਮਿ: ਜਿਨਾਹ ਦੇ ਸੀਨੇ ਵਿਚ ਕੌਮ ਦੇ ਨਾਂ ਤੇ ਮਿੱਠੀਆਂ ਤਰਕਾਂ ਦੇ ਉਹ ਤੀਰ ਮਾਰੇ ਕਿ ਜ਼ਿੰਦੀ ਤੇ ਅਡੀਅਲ ਜਿਨਾਹ ਪਿਆਰ ਨਾਲ ਪੰਘਰ ਕੇ ਮੋਮ ਹੋ ਗਏ ਤੇ ਲੰਡਨੋਂ ਉਠ ਕੇ ਮੁਸਲਮਾਨਾਂ ਦੀ ਜੰਗਿ-ਆਜ਼ਾਦੀ ਦੇ ਹੀਰੋ ਬਣ ਕੇ ਉਹਨਾਂ ਕੌਮ ਦੀ ਇਸ ਕਦਰ ਰਾਹਿਨੁਮਾਈ ਕੀਤੀ ਕਿ ਕੌਮ ਦੀ ਤਕਦੀਰ ਪਲਟ ਦਿਤੀ ਤੇ ਪਾਕਿਸਤਾਨ ਦੇ ਬਾਨੀ ਹੋ ਨਿੰਬੜੇ !

ਅੱਜ ਸਿੱਖ-ਸਫਾਂ ਵਿਚ ਸਿੱਖ-ਸੰਘਰਸ਼ ਤੋਂ ਕਿਨਾਰਾਕਸ਼ੀ ਕਰ ਜਾਣ ਵਾਲੇ ਪੰਥ-ਦਰਦੀ ਅਣਖੀਲੇ ਤੇ ਦਿਆਨਤਦਾਰ-ਵਰਕਰਾਂ ਤੋਂ ਪੰਥ ਵੀ ਐਸੀ ਹੀ ਆਸ-ਤਮੰਨਾ ਤੇ ਤਵੱਕੋ ਰਖਦਾ ਹੈ ਕਿ

ਉਹ ਕੌਮ ਦੀ ਤਕਦੀਰ ਪਲਟ ਦੇਣ ਲਈ, ਪੰਥ ਅਤੇ ਪੰਜਾਬ ਦੀ ਜੰਗਿ-ਆਜ਼ਾਦੀ ਦੇ ਮੈਦਾਨ ਵੱਲ ਮੁਹਾਰਾਂ ਮੋੜਨ ਤੇ ਗੁਰਾਂ ਦੀ ਧਰਤੀ ਪੰਜਾਬ ਉਤੇ ਸਤਿਗੁਰਾਂ ਦਾ ਕੇਸਰੀ-ਪਰਚਮ ਲਹਿਰਾਣ ਤੇ ਖਾਲਸਾ-ਪੰਥ ਦੀ ਚੜ੍ਹਦੀ ਕਲਾ ਲਈ ਕਵੀ ਨਿਹਾਲ ਸਿੰਘ ਦੇ ਲਿਖੇ ਸ਼ਬਦਾਂ ਵਿਚਲੀ ਇਕੋ ਆਸ, ਤਮੰਨਾ ਤੇ ਸਧਰ ਉਹਨਾਂ ਦੇ ਸੀਨੇ 'ਚ ਸਦਾ ਧੜਕਦੀ ਰਹੇ :-

ਵਾਹਨ ਸ਼ਿੰਗਾਰੇ ਰਹੋਂ, ਬਾਜਤ ਨਗਾਰੇ ਰਹੋਂ,
ਦੂਰਜਨ ਡਰਾਰੇ ਰਹੋਂ, ਭਾਗੋ ਭੀਮ ਸ਼ਾਹ ਕੇ।
ਸੰਗਤੋਂ ਆਬਾਦ ਰਹੋਂ, ਆਵਤੇ ਪ੍ਰਸਾਦ ਰਹੋਂ,
ਲਾਖੋਂ ਅਹਿਲਾਦ ਰਹੋਂ, ਦੇਖੀਏ ਉਮਾਹ ਕੇ।
ਗੱਦੀਆਂ ਅਟੱਲ ਰਹੋਂ, ਚੌਕੀਆਂ ਅਚਲ ਰਹੋਂ,
ਬੁੰਗੇ ਝਲਾ-ਝੱਲ ਰਹੋਂ, ਪੂਰੇ ਉਤਸਾਹ ਕੇ।
ਲਾਗਤੇ ਦੀਵਾਨ ਰਹੋਂ, ਗਾਵਤੇ ਸੁਜਾਨ ਰਹੋਂ
ਝੂਲਤੇ ਨਿਸ਼ਾਨ ਰਹੋਂ ਸਾਚੇ ਪਾਤਸ਼ਾਹ ਕੇ।

(ਸਮਾਪਤ)

(ਜਨਵਰੀ, 1995)

ਪੰਥ ਤੇ ਪੰਜਾਬ ਦੇ ਦੁਖਾਂਤ ਦੀ ਦਾਸਤਾਨ !

(1978 ਤੋਂ 1996 ਤੀਕ)

ਚਾਨਣ ਦੇ ਵਣਜਾਰੇ

(ਉਹਨਾਂ ਸੂਰਮੇ ਸਿੰਘ-ਸਰਦਾਰਾਂ ਦੇ ਨਾਂ ਜੋ 1978 ਦੀ ਵਿਸਾਖੀ ਨੂੰ ਧਰਮ ਹੇਤ ਸ਼ਹਾਦਤ ਦਾ ਜਾਮ ਪੀ ਗਏ !)

ਕੋਈ ਵਿਸਾਖੀ ਇੰਝ ਵੀ ਸਿਰ ਤੋਂ ਲੰਘੀ ਹੈ !
ਨਾਲ ਖ਼ੂਨ ਦੇ ਧਰਤ ਅਸਾਂ ਨੇ ਰੰਗੀ ਹੈ !!

ਇਕ ਵਿਸਾਖੀ ਆਨੰਦਪੁਰ ਸੀ ਜਾਗਿਆ।
ਕਿੰਨੀਆਂ ਪੀੜਾਂ ਨੂੰ ਸੀ ਸਿਰ ਤੇ ਝਾਗਿਆ !
ਇਕ ਵਿਸਾਖੀ ਜਲ੍ਹਿਆਂ ਵਾਲਾ ਰੋਇਆ ਸੀ।
ਇਸ ਸਾਕੇ 'ਚੋਂ ਵੀ ਪਰ ਚਾਨਣ ਹੋਇਆ ਸੀ।

ਹੁਣ ਇਕ ਫੇਰ ਵਿਸਾਖੀ ਤੇ ਰੱਤ ਡੁੱਲ੍ਹੀ ਹੈ।
ਅੰਮ੍ਰਿਤਸਰ ਤੇ ਇਕ ਹਨੇਰੀ ਝੁੱਲੀ ਹੈ।
ਸਦਾ ਹਨੇਰੇ ਆਉਂਦੇ, ਅੱਜ ਵੀ ਆਏ ਹਨ।
ਕਦ ਇਹਨਾਂ ਤੋਂ ਪਰ ਸੂਰਜ ਘਬਰਾਏ ਹਨ ?

ਅੰਮ੍ਰਿਤਸਰ ਦੀਏ ਰੂਹੇ ਅਸੀਂ ਜਿਉਂਦੇ ਹਾਂ !
ਆਨੰਦਪੁਰ ਦੀਏ ਰੂਹੇ ਅਸੀਂ ਜਿਉਂਦੇ ਹਾਂ !!
ਏਸ ਵਿਸਾਖੀ ਸਾਨੂੰ ਫੇਰ ਜਗਾਇਆ ਹੈ।
ਸਾਨੂੰ ਫਿਰ ਕੋਈ ਨ੍ਹੇਰਾ ਪਰਖਣ ਆਇਆ ਹੈ।

ਨ੍ਹੇਰੇ ਵਿਚ ਕੁਝ ਸੂਰਜ ਚਾਨਣ ਕਰੀ ਗਏ।
ਹੱਸਦੇ ਕਾਲਖ ਦੇ ਸਾਗਰ ਨੂੰ ਤਰੀ ਗਏ।
ਨ੍ਹੇਰੇ ਦਾ ਕੋਈ ਸਿਤਮ ਸਿਰਾਂ ਤੇ ਜਰੀ ਗਏ।
ਸੱਚ ਦੀ ਖਾਤਰ ਸੂਲੀ ਚੁੜ-ਚੁੜ ਮਰੀ ਗਏ !!

ਇਹ ਸੂਰਜ ਜੋ ਛਿਪੇ, ਛਿਪੇ ਗੁਰੂ-ਗਰੀਬ ਲਈ!
ਇਹ ਸੂਰਜ ਜੋ ਠਰੇ, ਠਰੇ ਇਕ ਪੰਥ ਲਈ!!

ਅੱਜ ਦੇ ਦਿਨ ਇਕ ਪ੍ਰਣ ਅਸਾਂ ਨੇ ਕਰਨਾ ਹੈ।
ਗ੍ਰੰਥ-ਪੰਥ ਲਈ ਜੀਣਾ ਇਸ ਲਈ ਮਰਨਾ ਹੈ।
ਜਦ ਵੀ ਆਏ ਹਨੇਰਾ ਅਸੀਂ ਨਿਤਰਨਾ ਹੈ !
ਕੌਮ ਦੀਆਂ ਰੂਹਾਂ ਚਾਨਣ ਕਰਨਾ ਹੈ !!

(ਮਈ, 1978)

"ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੰਚਾਂ ਕੁੱਝ ਲੁੱਟ ਲਈ ਸਰਕਾਰਾਂ !"

ਗੁਰੂ ਕਾ ਲਾਡਲਾ ਪੰਥ ਜੁ ਮੈਦਾਨਿ-ਜੰਗ ਵਿਚ ਵੈਰੀਆਂ ਨੂੰ ਵੀ ਜਲ ਛਕਾਉਂਦਾ ਤੇ ਉਹਨਾਂ ਦੀ ਮਰਹਮ-ਪੱਟੀ ਕਰਦਾ ਰਿਹਾ ਹੈ-ਘਾਇਲ ਹੈ ... ਤੜਪ ਰਿਹਾ ਹੈ ! ਪਰ ਸੰਸਾਰ-ਭਰ ਦੇ ਕਿਸੇ ਮੁਲਕ ਨੇ ਇਸਦੇ ਅੱਥਰੂ ਨਹੀਂ ਪੂੰਝੇ ... ਆਹ ਦਾ ਨਾਅਰਾ ਨਹੀਂ ਮਾਰਿਆ ! ਸਿੱਖ-ਪੰਥ ਅੱਜ ਇਕ ਪ੍ਰਸ਼ਨ-ਚਿੰਨ ਬਣਿਆ ਚੁਰਾਹੇ 'ਚ ਖੜਾ ਹੈ। ਉਸ ਸਾਹਮਣੇ ਸਵਾਲ ਹੈ ਕਿ ਉਹ ਜਾਵੇ ਤਾਂ ਕਿੱਧਰ ਜਾਵੇ? ਜਾਵੇ ਤਾਂ ਕਿਵੇਂ ਜਾਵੇ ?

ਖਾਲਸਾ-ਜਿਸ ਨੇ ਆਨੰਦਪੁਰ ਦੀ ਠੇਰੀ ਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਸੀਸ ਹਾਜ਼ਰ ਕੀਤਾ ਸੀ ਤੇ ਜਿਸਨੂੰ ਸਾਹਿਬਾਂ ਨੇ 'ਖਾਲਸਾ ਮੇਰੋ ਸਤਿਗੁਰ ਪੂਰਾ' ਕਿਹਾ ਸੀ, ਅੱਜ ਸੀਸ ਵਿਹੂਣਾ ਵੀ ਹੈ ਤੇ ਧੜ ਵਿਹੂਣਾ ਵੀ ! ਉਸਦਾ ਸੀਸ ਦੁਸ਼ਮਣ ਦੀ ਤਲਵਾਰ ਨੇ ਲਾਹ ਲਿਆ ਹੈ ਤੇ ਉਸਦੇ ਧੜ 'ਚ ਉਸਦੇ ਕਿਸੇ ਆਪਣੇ ਨੇ ਖੰਜਰ ਖੋਭ ਦਿਤਾ ਹੈ। ਬਾਬਾ ਦੀਪ ਸਿੰਘ, ਜਿਹਨਾਂ ਦਾ ਸੀਸ ਦੁਸ਼ਮਣ ਨਾਲ ਜੂਝਦਿਆਂ ਧੜ ਤੋਂ ਜੁਦਾ ਹੋ ਗਿਆ ਸੀ, ਸਿਦਕ ਦੇ ਸਹਾਰੇ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ ਸਨ। ਕ੍ਰਿਸ਼ਮਾ ਸੀ ! ਪਰ ਅੱਜ ਖਾਲਸਾ ਸੀਸ-ਵਿਹੂਣਾ ਹੈ ! ਧੜਾ-ਵਿਹੂਣਾ ਵੀ ਹੈ !! ਤੇ ਜਿਸ ਪਵਿੱਤਰ-ਹਰਿਮੰਦਰ ਸਾਹਿਬ ਦੇ ਚਰਨਾਂ 'ਚ ਡਿੱਗਦੇ ਉਸਦੇ ਸਿਰ ਧੜ ਨੂੰ ਸਕੂਨ ਮਿਲ ਸਕਦਾ ਹੈ-ਆਪ੍ਰੇਸ਼ਨ ਵੀ ਛਾਨਣੀ ਹੈ ! ਤੇ ਫਿਰ ਅਜਿਹੀ ਦਸ਼ਾ ਵਿਚ ਉਹ ਕਿਸ ਦਿਸ਼ਾ ਵੱਲ ਟੁਰੇ ? ਸਮੁੱਚੀ ਦੀ ਸਮੁੱਚੀ ਕੌਮ ਪ੍ਰਸ਼ਨ-ਚਿੰਨ ਬਣੀ ਖੜੀ ਹੈ।

ਜਿਵੇਂ ਖਾਲਸਾ-ਪੰਥ ਦਾ ਸਮੁੱਚਾ-ਇਤਿਹਾਸ ਹੀ ਜੁਲਮ ਦੇ ਖਿਲਾਫ ਜੂਝਣ ਦਾ ਇਤਿਹਾਸ ਹੈ। ਇੰਨ-ਬਿੰਨ ਉਸੇ ਤਰਾਂ ਹੀ ਵੀਹਵੀਂ ਸਦੀ ਦੀ ਸਿੱਖ-ਸਿਆਸਤ ਦਿਸ਼ਾ-ਹੀਣ, ਗੀਦੀ ਤੇ ਖਾਨਾ-ਜੰਗੀ ਦੀ ਸਿਆਸਤ ਹੈ। ਇਸ ਸਦੀ ਵਿਚ ਬਾਬਾ ਖੜਕ ਸਿੰਘ ਉਪਰੰਤ 'ਪੰਥ-ਰਤਨ' ਮਾਸਟਰ ਤਾਰਾ ਸਿੰਘਾਂ ਦਾ ਇਕ ਨਿਰਲੋਭ, ਨਿਰਛਲ ਤੇ ਜਜ਼ਬੇ-ਭਰਪੂਰ ਲੀਡਰ ਸੀ ਜਿਸ ਨੇ ਦੇਸ਼ ਦੀ ਤਕਸੀਮ ਵੇਲੇ ਅੰਗਰੇਜ਼ ਵਲੋਂ ਮਿਲਦੇ ਸਿੱਖ-ਖਿੱਤੇ ਵਲੋਂ ਨਾਂਹ ਵਿਚ ਸਿਰ ਫੇਰ ਕੇ, ਕੌਮ ਦੀਆਂ ਸਾਰੀਆਂ ਕੁਰਬਾਨੀਆਂ ਦੀ ਖੱਟੀ ਆਪਣੇ ਇਕ ਟੋਡੀ-ਸਰਦਾਰ ਬਲਦੇਵ ਸਿੰਘ ਦੀ ਝੋਲੀ ਵਿਚ ਪਾ, ਉਸਨੂੰ ਸੈਂਟਰ ਦੀ ਵਜ਼ੀਰੀ ਤਾਂ ਦੁਆ ਦਿੱਤੀ ਪਰ ਬੱਬਰ-ਸ਼ੇਰਾਂ ਦੀ ਸਿੱਖ-ਕੌਮ ਨੂੰ ਹਿੰਦੂ-ਸਾਮਰਾਜ ਕੋਲ ਗਹਿਣੇ ਪਾ ਕੇ ਬਾਣੀਆਂ-ਕੌਮ ਦੀ ਵਹੀ-'ਤੇ ਗੂਠਾ ਲਾ ਦਿਤਾ ਤੇ ਲੰਬੇ ਅਰਸੇ ਲਈ ਕੌਮ ਨੂੰ ਧੋਵੀਂ-ਮੂੰਗੀ ਖਾਣ ਵਾਲੀ ਕੌਮ ਦੀ ਤਾਬਿਆ ਕਰ ਦਿਤਾ ਅਤੇ ਉਸ ਮੋੜ ਤੇ ਖੁੜਕੇ ਕੌਮ ਦੀ ਤਕਦੀਰ ਨੂੰ ਆਪਣੇ ਹੱਥੀਂ ਇਕ ਅਜਿਹੀ ਚੰਦਰੀ ਗੋਲ-ਗੰਢ ਦੇ ਦਿੱਤੀ ਜਿਹੜੀ ਇਸਤੋਂ ਦੰਦਾ ਨਾਲ ਵੀ ਪਤਾ ਨਹੀਂ ਕਦੋਂ ਖੁਲ੍ਹੇ ! ਮਾਸਟਰ ਜੀ ਕੌਮ ਦੇ ਬੱਬਰ-ਸ਼ੇਰ ਲੀਡਰ ਸਨ ਜਿਹਨਾਂ ਦੇ ਸਿਕਾਰ ਨਿਕਲਣ ਸਮੇਂ ਛੁਰਲਾ ਮਾਰਨ ਨਾਲ ਕੌਮ ਦਾ ਸਾਰਾ ਗੁੜ ਗੋਹਾ ਹੋ ਗਿਆ। ਉਹ ਚੰਗੀਆਂ-ਭਲੀਆਂ ਸੋਂਵੀਆਂ ਰਿੰਨ੍ਹ ਕੇ ਇਹਨਾਂ ਉਤੇ ਸੁਆਹ ਪਾ ਗਏ! ਆਜ਼ਾਦੀ ਉਪਰੰਤ ਜਦ ਬਾਣੀਆਂ-ਬਦਨੀਤੀ ਦਾ ਵੈਂਗਣੀ-ਰੰਗ ਉਘੜਨ ਲੱਗਾ ਤਾਂ 'ਪੰਥ ਖਤਰੇ 'ਚ ਹੈ' ਦਾ ਨਾਅਰਾ ਦੇ ਕੇ ਕੌਮ ਨੂੰ ਕੁਰਬਾਨੀਆਂ ਦੇ ਰਾਹ ਤੋਰਿਆ ਪਰ ਆਪ ਮਰਨ-ਵਰਤ ਦੀ ਕੀਤੀ ਅਰਦਾਸ ਤੋਂ ਭੱਜ, ਜੀਉਂਦਿਆਂ ਖੁਦਕਸ਼ੀ ਕਰ ਲਈ।

ਉਸਤੋਂ ਉਪਰੰਤ ਸੰਤ ਫਤਹ ਸਿੰਘ ਕੌਮ ਦਾ ਇਕ ਵਾਜਾ ਵਜਾਉਂਣ ਵਾਲਾ ਲੀਡਰ ਸੀ ਜਿਸ ਨੇ ਸਿੱਖਾਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਨਿਹੰਗ ਸਿੰਘ ਦੇ ਕਛਹਿਰੇ ਜਿੱਡੇ ਪੰਜਾਬ ਨੂੰ ਕਤਰ ਕੇ ਇਕ ਗਾਂਧੀ-ਟੋਪੀ ਜਿੱਡਾ ਪੰਜਾਬੀ-ਸੂਬਾ ਤਾਂ ਪ੍ਰਾਪਤ ਕਰ ਲਿਆ ਤੇ ਹਿੰਦੂ-ਸਿੱਖ ਏਕਤਾ ਦਾ ਨਾਅਰਾ ਦੇ ਕੇ ਚਹੁੰ ਹਿੰਦੂਆਂ ਦੀ ਉਪਰਲੀ-ਉਪਰਲੀ ਸ਼ਾਬਾਸ਼ ਵੀ ਪ੍ਰਾਪਤ ਕਰ ਲਈ ਪਰ ਉਸਨੇ ਸਿੱਖਾਂ ਨੂੰ ਖੁੱਢੇ

ਕਰਕੇ ਅਕਾਲੀ ਵਜ਼ਾਰਤ ਲਈ ਅਜਿਹੇ ਪੂਰਨੇ ਪਾਏ ਕਿ ਇਹ ਵਜ਼ਾਰਤੀ-ਟੋਲਾ ਹੁਣ ਤੱਕ ਪੰਜਾਬ 'ਚ ਰਹਿ ਕੇ ਵੀ ਆਪਣੀ ਮਾਤਭਾਸ਼ਾ ਹਿੰਦੀ ਲਿਖਵਾਣ ਵਾਲੇ ਮਹਾਸ਼ਿਆਂ ਦੀਆਂ ਚਹੁੰ ਵੋਟਾਂ ਖਾਤਰ ਪੰਜਾਬ ਜਾਂ ਸਿੱਖੀ ਦੀ ਬਿਹਤਰੀ ਲਈ ਉਹਨਾਂ ਤੋਂ ਪੁੱਛੇ ਬਗੈਰ ਦੋ ਪੈਰ ਨਹੀਂ ਤੁਰਦਾ। ਇਹ ਉਹੀ ਸਮਾਂ ਸੀ ਜਦੋਂ ਹਿੰਦੂ-ਸਿੱਖਾਂ ਦੋਹਾਂ ਤੋਂ ਇਕੋ ਜਿਹੀ ਉਪਮਾ-ਵਡਿਆਈ ਖੱਟਣ ਦੇ ਤੀਖਣ-ਅਭਿਲਾਖੀ ਤੇ ਆਪਣੇ ਗੋਡੇ-ਘੁੱਟਾਂ ਅਥਵਾ ਖੁਸ਼ਾਮਦੀਆਂ 'ਚ ਘਿਰੇ ਇਹਨਾਂ ਦੋਹਾਂ ਮਹਾਂ-ਪੁਰਖਾਂ ਦੀ ਬਖਸ਼ਿਸ਼ ਸਦਕਾ ਸਿਆਸੀ ਪੱਖੋਂ ਪਾਰਟੀ ਹੋਰ ਵੀ ਰਸਾਤਲ ਵੱਲ ਗਈ। ਇਸੇ ਸਮੇਂ ਹੀ ਅਕਾਲੀ ਪਾਰਟੀ ਦੇ ਪੇਟੋਂ ਪੰਜਾਬੀ ਸੂਬੇ ਦੇ ਸਤਮਾਂਹੇ-ਮੁੰਡੇ ਦਾ ਜਨਮ ਹੁੰਦਾ ਹੈ ਜਿਸ ਲਈ ਉਹ ਵਧਾਈ ਦੀ ਹੱਕਦਾਰ ਤਾਂ ਬਣੀ ਪਰ ਸਿੱਖਾਂ ਦੀਆਂ ਬਿਅੰਤ ਕੁਰਬਾਨੀਆਂ ਦੀ ਰਜਵੀਂ ਘਿਉ-ਪੰਜੀਰੀ ਪੈਣ ਨਾਲ ਵੀ ਹੁਣ ਤੱਕ ਇਸ ਮਾਂ ਤੇ ਕਾਕੇ ਦੀ ਸਿਹਤ ਵਿਚ ਕਿਸੇ ਸੁਧਾਰ ਦੀ ਆਸ ਨਹੀਂ। ਸ: ਦਰਸ਼ਣ ਸਿੰਘ ਫੇਰੂਮਾਨ ਨੇ ਇਨ੍ਹਾਂ ਦੀ ਸਿਹਤਯਾਬੀ ਲਈ ਆਪਣੀ ਜ਼ਿੰਦਗੀ ਦੇ ਖ਼ੂਨ ਦੀ ਭਰੀ ਬੋਤਲ ਪੇਸ਼ ਕੀਤੀ ਪਰ ਸੰਤਾਂ ਦੀ ਹਉਮੈ ਇਸਨੂੰ ਕਬੂਲ ਨਾ ਕਰ ਸਕੀ। ਸਿਦਕੀ ਫੇਰੂਮਾਨ, ਸੰਤ ਦੇ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਅੱਡੀਆਂ ਰਗੜ ਰਗੜ ਸ਼ਹਾਦਤ ਦਾ ਜਾਮ ਪੀ ਗਿਆ ਪਰ ਹਉਮੈ 'ਚ ਆਫਰੇ ਹੋਏ ਇਸ ਸੰਤ ਨੇ ਉਸਦੇ ਵਰਤ ਨੂੰ ਨਾ ਅਪਣਾਇਆ ਤੇ ਇਸ ਲਾਸਾਨੀ ਸ਼ਹਾਦਤ ਨੂੰ ਘੱਟੇ ਵਿਚ ਰੋਲ ਦਿੱਤਾ ਤੇ ਮਗਰੋਂ ਉਸੇ ਮੰਤਵ ਲਈ ਸੜ ਮਰਨ ਲਈ ਆਪ ਅਗਨ-ਕੁੰਡ ਬਣਵਾਏ ਪਰ ਸੰਤ ਜੀ ਸ਼ਹਾਦਤ ਦਾ ਟਿੱਕਾ ਮੱਥੇ ਲਗਵਾਣ ਦੀ ਥਾਂਵੇਂ ਕਲੰਕ ਦੀ ਕਾਲਖ ਮੱਥੇ ਲਗਵਾ, ਚਲਦੇ ਬਣੇ ਤੇ ਅਗਨ-ਕੁੰਡ ਉਹਨਾਂ ਨੂੰ ਕਿੰਨੀ ਦੇਰ ਉਡੀਕਦੇ ਰਹੇ! ਠੇਕੇਦਾਰ ਲਛਮਣ ਸਿੰਘ ਗਿੱਲ ਨੇ ਮਾਸਟਰ ਜੀ ਦੀ ਲੀਡਰੀ ਦਾ ਤਖਤਾ ਮੁਧਾ ਮਾਰਨ ਲਈ ਬੁੱਢੇ ਜੌਹੜ ਤੋਂ ਖੁੱਗ ਕੇ ਸੰਤ ਫਤਹ ਸਿੰਘ ਨੂੰ ਪੰਥ ਦੇ ਚੌਤਰੇ ਤੇ ਲਾਇਆ ਸੀ। ਉਹ ਪਾਰਟੀ-ਪ੍ਰਧਾਨ ਬਣੇ ਤਾਂ ਸ਼੍ਰੋਮਣੀ ਕਮੇਟੀ ਉਹਨਾਂ ਆਪਣੇ ਛੋਟੇ-ਜੋਟੀਦਾਰ ਸੰਤ ਚੰਨਣ ਸਿੰਘ ਦੇ ਝੋਲੇ ਵਿਚ ਪਾਈ। ਦੋਵੇਂ ਸੰਤ ਢੋਲਣ ਤੱਕ ਪੜ੍ਹੇ ਹੋਏ ਸਨ ਤੇ ਉਹਨਾਂ ਨੂੰ ਪੜ੍ਹਿਆਂ-ਲਿਖਿਆਂ ਤੇ ਬਿਲਕੁਲ ਇਤਬਾਰ ਨਹੀਂ ਸੀ। ਪੜ੍ਹਿਆਂ-ਲਿਖਿਆਂ ਤੋਂ ਉਹ ਗੁਲੇਲੇ ਤੋਂ ਕਾਂ ਵਾਂਗ ਤੁਹਿੰਦੇ ਸਨ। ਉਹਨਾਂ ਦੀ ਇਸੇ ਬੇਰੁਖੀ ਕਾਰਨ ਸਿਰਦਾਰ ਕਪੂਰ ਸਿੰਘ ਵਰਗੇ ਵਿਦਵਾਨ 'ਇਹਨਾਂ ਮੂਰਖਾਂ ਨਾਲ ਕੌਣ ਮੱਥਾ ਮਾਰੇ' ਕਹਿਕੇ ਹੀ ਅਟੰਕ ਹੋ ਬੈਠੇ ਤੇ ਡਾ: ਜਗਜੀਤ ਸਿੰਘ ਵਰਗੇ ਉਡਣੇ-ਸੱਪ ਇਹਨਾਂ ਤੋਂ ਸਤ ਕੇ ਤੇ ਕੁਝ ਆਪਣੀ ਖੋਈ ਹੋਈ ਸ਼ਾਖ ਨੂੰ ਬਹਾਲ ਕਰਨ ਲਈ ਬਾਹਰ ਨਿਕਲ ਗਏ ਪਰ ਮਗਰੋਂ ਆਪਣਾ ਇਕ ਨਿਸ਼ਾਨਾ ਮਿਥ ਕੇ ਦਿਆਨਤਦਾਰੀ ਨਾਲ ਉਸਤੇ ਪਹਿਰਾ ਦਿੰਦੇ ਰਹੇ ! ਸਿਤਮ ਦੀ ਸਿਖਰ ਉਦੋਂ ਹੋਈ ਜਦੋਂ ਛੋਟੇ ਸੰਤਾਂ ਨੇ ਟੋਹੜੇ ਪਿੰਡ ਦੀ ਇਕ ਖੱਤੀ ਵਿਚ ਮੱਕੀ ਗੁੱਡਦੇ ਗੁਰਚਰਨ ਸਿੰਘ ਨਾਮੇ, ਕਾਮਰੇਡ ਪਿਛੋਕੜ ਵਾਲੇ ਇਕ ਮਾੜੇ ਜਿਹੇ ਢਾਡੀ ਨੂੰ ਬੰਦਾ ਭੇਜ, ਅੰਮ੍ਰਿਤਸਰ ਬੁਲਾ ਕੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਵਿਚ ਪਾ ਦਿੱਤਾ। ਬੱਸ ਇਥੋਂ ਹੀ ਸਾਰਾ ਮਾਮਲਾ ਗੜਬੜ ਹੁੰਦਾ ਹੈ। ਇਹੋ ਵਿਅਕਤੀ ਅੱਗੋਂ ਜਾ ਕੇ ਪੰਜਾਬ ਦੇ ਵਰਤਮਾਨ ਦੁਖਾਂਤ ਦਾ ਕਾਰਨ ਬਣਦਾ ਹੈ ਤੇ ਤੇ ਸਾਰੇ ਪੰਥ ਨੂੰ ਖੱਖੜੀਆਂ-ਕਰੇਲੇ ਕਰਕੇ ਇਹ ਬੁਰੇ ਦਿਨ ਦਿਖਾਉਂਦਾ ਹੈ !

ਸੰਤ-ਬਾਬਿਆਂ ਮਗਰੋਂ ਜਥੇਦਾਰ ਤੁਰ ਆਏ। ਉਹ ਆਪਣੇ ਔਗੁਣਾਂ ਸਮੇਤ ਇਕ ਸਿੱਖੀ-ਜਜ਼ਬੇ ਤੇ ਕੁਰਬਾਨੀ ਵਾਲੇ ਸੱਜਣ ਸਨ ਪਰ ਉਨਾਂ ਦੀ ਪ੍ਰਧਾਨਗੀ ਜਥੇਦਾਰ ਤਲਵੰਡੀ ਨੇ ਗੰਡਾਸੇ ਦੇ ਜ਼ੋਰ ਨਾਲ ਖੋਹ ਲਈ। ਅਤਬ-ਕੁੱਕਤ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੇ ਖੁੱਡੇ ਦਾ ਖੌਅ ਰਿਹਾ ਹੈ, ਜਿਸਨੇ ਨਿਰਨੇ ਕਾਲਜੇ ਇਕੋਤਰ ਇਕੋਤਰ-ਸੌ ਗਾਲ ਕੱਢ ਕੇ ਅਸੈਂਬਲੀ ਦੀਆਂ ਟਿਕਟਾਂ ਵੰਡੀਆਂ ਹਨ। ਪਰ ਉਹ ਦਲ ਦਾ ਦਲੇਰ ਤੇ ਦ੍ਰਿੜ੍ਹ ਇਰਾਦੇ ਵਾਲਾ ਅਤੀਅਲ ਪ੍ਰਧਾਨ ਸੀ। ਉਸਨੇ ਵੀ ਸੰਤ-ਜੋੜੀ ਵਾਂਗ ਪੜ੍ਹਿਆਂ-ਲਿਖਿਆਂ ਨੂੰ ਸਦਾ ਛੜਾ ਹੀ ਮਾਰੀਆਂ ਹਨ। ਜਦ ਸਿੰਘ-ਨਿਰੰਕਾਰੀ ਮੁੱਠ-ਭੇੜ ਮਗਰੋਂ ਹੋਈ ਲੁਧਿਆਣਾ ਅਕਾਲੀ ਕਾਨਫਰੰਸ ਵਿਚ ਹਾਥੀ ਉਤੇ ਚੁੜ ਕੇ ਜਲੂਸ ਕਢਵਾਣ ਦੀ ਸੰਤ ਜਰਨੈਲ ਸਿੰਘ ਖਾਲਸਾ ਨੇ ਉਥੇ ਹੀ ਸਟੇਜ ਤੋਂ ਉਸਦੀ ਛਟਕੇ ਵਿਰੋਧਤਾ ਕੀਤੀ ਤਾਂ ਇਸਤੋਂ ਖਿਝ ਕੇ ਉਸ ਨੇ ਸੰਤਾਂ ਦੇ ਖਿਲਾਫ ਵੀ ਆਪਣਾ 'ਸੰਪਟ-ਪਾਠ' ਆਰੰਭ ਕਰ ਦਿੱਤਾ ਜਿਸ ਨਾਲ ਉਸਦੀ ਸ਼ਾਖ ਨੂੰ ਕਾਫੀ ਧੱਕਾ ਲੱਗਾ। ਮਗਰੋਂ ਜਦ ਬਾਦਲ ਨੇ ਉਸਦੇ ਮੁਕਾਬਲੇ ਲੌਂਗੋਵਾਲੀਏ ਸੰਤ ਨੂੰ ਸ਼ਿੰਗਾਰ ਕੇ ਉਸਨੂੰ ਧੋਬੀ-ਪਟੜਾ ਲਾਇਆ ਤਾਂ ਤਾਂ ਉਦੋਂ ਤੋਂ ਹੁਣ ਤੀਕ ਉਹ 'ਦੇਸ-ਪੰਜਾਬ' ਦੀ ਮੰਗ ਨੂੰ ਲੈ ਕੇ ਗ੍ਰਿਫਤਾਰ

ਹੋਇਆ, ਸੀਖਾਂ ਅੰਦਰ ਹੈ। ਲੌਂਗੋਵਾਲੀਏ ਸੰਤ ਦੇ ਪ੍ਰਧਾਨ ਬਣਨ ਮਗਰੋਂ ਉਹ ਸੰਤ ਜਰਨੈਲ ਸਿੰਘ ਖਾਲਸਾ ਦੇ ਨੇੜ ਚਲਾ ਗਿਆ। ਜੇ ਉਪਰੋਕਤ ਅਕਾਲੀ-ਕਾਨਫਰੰਸ ਸਮੇਂ ਉਹ ਸੰਤ ਖਾਲਸਾ ਦੇ ਵਿਰੁਧ ਨਾ ਹੁੰਦਾ ਤਾਂ ਅੱਜ ਸਿੱਖ 'ਲੋਹ-ਪੁਰਸ਼' ਜਗਦੇਵ ਸਿੰਘ ਤਲਵੰਡੀ ਦੀ ਹਿੱਡ ਨੂੰ ਦਿੱਲੀ-ਸਰਕਾਰ ਨਾਲ ਭਿੜਨ ਲਈ ਹੱਸ ਕੇ ਕਬੂਲਦੇ!

ਖਾਲਸੇ ਦੇ ਜਨਮ ਤੋਂ ਲੈ ਕੇ ਇਸਦੀ ਦਿੱਲੀ ਨਾਲ ਸਿੱਧੀ ਟੱਕਰ ਰਹੀ ਹੈ। ਸਿੱਖਾਂ ਦੇ ਸਿਰਾਂ ਦੇ ਮੁੱਲ ਵੀ ਪੈਂਦੇ ਰਹੇ ਹਨ ਪਰ ਉਹਨਾਂ ਦੀ ਸਿੱਖੀ-ਸਿਧਾਂਤਾਂ ਵਿਚ ਪਰਪੱਕਤਾ ਤੇ ਦ੍ਰਿੜ੍ਹਤਾ ਵਧਦੀ ਰਹੀ ਹੈ। ਪਰ ਇਸ ਸਦੀ ਵਿਚ ਸਾਡੇ ਲੀਡਰ ਧਰਮ ਦੇ ਸਿਧਾਂਤਾਂ ਤੋਂ ਬਿਤਕ ਕੇ ਤੇ ਆਚਰਣ ਤੋਂ ਡਿੱਗੇ ਹਨ। ਜੇ ਕੋਈ ਮੁਹਾਣਾ ਬੇੜੀ ਨੂੰ ਸਿਦਕ ਤੇ ਵਿਸ਼ਵਾਸ ਨਾਲ ਚਲਾਏ ਤਾਂ ਬੇੜੀ ਅਵੱਸ਼ ਕਿਨਾਰੇ ਲੱਗੇਗੀ ਪਰ ਜੇ ਵਿਸ਼ਵਾਸ ਤੇ ਦਿਆਨਤਦਾਰੀ ਦਾ ਦਾਮਨ ਹੀ ਉਸਦੇ ਹੱਥੋਂ ਚਲਾ ਜਾਵੇ ਤਾਂ ਬੇੜੀ ਦਾ ਕਿਨਾਰੇ ਲੱਗਣਾ ਕਿਵੇਂ ਵੀ ਸੰਭਵ ਨਹੀਂ। ਕੁਝ ਇਹੋ ਜਿਹਾ ਹੀ ਹਾਲ ਪਿਛਲੇ ਸਮੇਂ ਵਿਚ ਸਿੱਖ ਕੌਮ ਦਾ ਹੋਇਆ ਹੈ। ਕੌਮ ਨੇ ਬਿਅੰਤ ਕੁਰਬਾਨੀਆਂ ਕੀਤੀਆਂ, ਮੋਰਚੇ ਲਾਏ, ਜਿਹਲਾਂ ਭਰੀਆਂ, ਅਮਿਣਵਾਂ ਖ਼ੂਨ ਡੋਹਲਿਆ, ਘਰ-ਘਾਟ ਉਜਾੜੇ, ਪਰ ਕੌਮ ਨੂੰ ਕੋਈ ਮੰਜ਼ਿਲ ਨਹੀਂ ਮਿਲੀ। ਮਿਲਣੀ ਤਾਂ ਕੀ ਦਿਸੀ ਵੀ ਨਹੀਂ !

ਦੇਸ਼-ਵੰਡ ਮਗਰੋਂ ਸਿੱਖਾਂ ਨਾਲ ਸਬੰਧਤ ਸੂਬੇ ਪੰਜਾਬ ਦੀ ਬੋਲੀ, ਸਭਿਆਚਾਰ, ਇਲਾਕੇ, ਪਾਣੀ-ਬਿਜਲੀ, ਇਕ ਇਕ ਚੀਜ਼ ਤੋਂ ਉਸਨੂੰ ਵਾਂਝਿਆਂ ਕਰਨ ਦੀ ਬਾਣੀਆ-ਨੀਤੀ ਵਰਤ ਕੇ ਜਿੱਥੇ ਦਿੱਲੀ-ਸਰਕਾਰ ਨੇ ਸਿੱਖਾਂ ਨੂੰ ਲੁੱਟਿਆ ਹੈ ਉਥੇ ਕੌਮ ਦੇ ਲੀਡਰਾਂ ਨੇ ਵੀ ਸਿੱਖਾਂ ਦੇ ਸਿਰਾਂ ਦੇ ਮੁੱਲ ਵੱਟੇ ਹਨ। ਆਪਣੀਆਂ ਗੱਦੀਆਂ-ਕੁਰਸੀਆਂ ਲਈ ਕੌਮ ਨੂੰ ਘੱਟੇ ਵਿਚ ਰੋਲਿਆ ਤੇ ਇਸਦੀ ਸ਼ਕਤੀ ਨੂੰ ਅਜਾਈਂ ਨਸ਼ਟ ਕਰਕੇ ਇਸ ਨੂੰ ਜ਼ਲੀਲ ਕੀਤਾ ਹੈ।

ਅੱਜ ਹਰਿਮੰਦਰ ਸਾਹਿਬ ਤੇ ਪਾਪ ਦੀ ਜੰਞ ਕਾਬਲ ਤੋਂ ਨਹੀਂ ਦਿੱਲੀ ਤੋਂ ਚੁੜੀ ਹੈ। ਸ੍ਰੀ ਦਰਬਾਰ ਸਾਹਿਬ ਨੂੰ ਤੋਪਾਂ ਨਾਲ ਉਡਾਇਆ ਗਿਆ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਕੌਮ ਦਾ ਅਮੁੱਲਾ ਇਤਿਹਾਸਕ-ਖਜ਼ਾਨਾ ਸਾੜ ਕੇ ਸੁਆਹ ਕੀਤਾ ਗਿਆ ਹੈ। ਸੰਸਾਰ ਦੀਆਂ ਅੱਖਾਂ ਸਾਹਵੇਂ ਅਮਨ ਦੀਆਂ ਘੁੱਗੀਆਂ ਉਡਾਉਂਣ ਵਾਲਾ ਹਿੰਦੁਸਤਾਨ, ਦੇਸ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਪਲ ਪਲ ਜੂਝਣ ਵਾਲੇ ਬਹਾਦਰ ਸਿੱਖਾਂ ਦੇ ਸਰਵ-ਉਚ ਧਾਰਮਿਕ ਅਸਥਾਨ ਉਪਰ ਧਾਰਮਿਕ-ਦਿਹੁੰ ਤੇ, ਯਾਤਰਾ-ਹਿਤ ਆਏ ਨਿਹੱਥੇ-ਬੁਢਾਪੇ, ਅਬਲਾ-ਔਰਤਾਂ ਤੇ ਮਾਸੂਮ-ਬੱਚਿਆਂ ਨੂੰ ਕਬੂਤਰਾਂ ਵਾਂਗ ਫੁੰਡਦਾ ਹੈ। ਸੰਗੀਨਾਂ ਦੇ ਸਾਏ ਹੇਠ ਲੋਕਾਂ ਨੂੰ ਦਬਾਇਆ ਜਾਂਦਾ ਹੈ। ਪਰ ਜੇ ਏਨੇ ਜ਼ੁਲਮ ਦੇ ਬਾਅਦ ਇੰਦਰਾ ਗਾਂਧੀ ਦਾ ਕਤਲ ਹੋ ਜਾਂਦਾ ਹੈ ਤਾਂ ਮਨੁੱਖਤਾ ਦੇ ਸਾਰੇ ਅਸੂਲਾਂ ਨੂੰ ਛਿੱਕੇ ਤੇ ਟੰਗ ਕੇ ਹਿੰਦੁਸਤਾਨ ਭਰ 'ਚ ਸਿੱਖਾਂ ਦੇ ਪ੍ਰਵਾਰਾਂ ਦੇ ਪ੍ਰਵਾਰ ਜਾਂ ਸਾਰੇ ਪ੍ਰਵਾਰ ਸਾਹਵੇਂ ਉਹਨਾਂ ਦੇ ਬੱਚੇ ਜਾਂ ਪਿਤਾ ਨੂੰ ਜ਼ਿੰਦਾ ਸਾੜਿਆ ਜਾਂਦਾ ਹੈ, ਸ਼ਰ੍ਹੇਆਮ ਔਰਤਾਂ ਦੀ ਪੱਤ ਲੁੱਟੀ ਜਾਂਦੀ ਹੈ, ਗੁੰਡਿਆਂ ਨੂੰ ਸ਼ਰਾਬ ਮੁਹੱਈਆ ਕਰਕੇ ਪੁਲਸ ਨੂੰ ਉਹਨਾਂ ਦੀ ਸਹਾਇਤਾ ਲਈ ਲਾਇਆ ਜਾਂਦਾ ਹੈ ਤੇ ਇਸ ਸਾਰੀ ਸਿੱਖ-ਮਾਰੂ ਮੁਹਿੰਮ ਦੀ ਅਗਵਾਈ ਕੇਂਦਰੀ-ਮੰਤਰੀ ਕਰਦੇ ਹਨ ਤਾਂ ਅਜਿਹੀ ਬੇਹਯਾਈ ਦਾ ਨੰਗਾ ਨਾਚ ਕਰਨ ਵਾਲੇ ਦੇਸ਼ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਨਹੀਂ, ਸਭ ਤੋਂ ਵੱਡਾ ਬੁੱਚੜਖਾਨਾ ਹੀ ਗਿਰਦਾਨਿਆ ਜਾ ਸਕਦਾ ਹੈ !

ਇੰਦਰਾ ਦੇ ਕਤਲ ਤੋਂ ਨਾਜਾਇਜ਼ ਫਾਇਦਾ ਉਠਾਣ ਲਈ ਲੋਕ-ਜਜ਼ਬਾਤ ਨੂੰ ਉਭਾਰ ਕੇ ਕਾਂਗਰਸ ਨੇ ਇਹ ਲੜਾਈ ਹਿੰਦੂ ਬਨਾਮ ਸਿੱਖ ਬਣਾ ਕੇ ਲੜੀ ਹੈ। ਇਹਨਾਂ ਚੋਣਾਂ ਨੇ ਦੋ ਗੱਲਾਂ ਦੀ ਤਸਦੀਕ ਕੀਤੀ ਹੈ ਕਿ ਸਿੱਖਾਂ ਨਾਲ ਜੋ ਕੁਝ ਵੀ ਹਿੰਦੁਸਤਾਨ ਵਿਚ ਹੋਇਆ ਹੈ, ਉਹ ਠੀਕ ਹੋਇਆ ਹੈ ਤੇ ਦੂਸਰਾ ਸਿੱਖਾਂ ਦੇ ਮੁਕਾਬਲੇ, ਕੁਝ ਸੁਹਿਰਦ-ਹਿੰਦੂਆਂ ਨੂੰ ਛੱਡ ਕੇ ਹਿੰਦੂਆਂ ਦਾ ਤਕੜਾ ਬਹੁਮਤ ਸਿੱਖਾਂ ਦੇ ਖਿਲਾਫ ਹੈ ਤੇ ਇੱਕਮੁੱਠ ਹੈ। ਚੋਣਾਂ ਵਿਚ ਇਸ ਲੜਾਈ ਨੂੰ ਹਿੰਦੂ-ਸਿੱਖ ਲੜਾਈ ਬਣਾਉਂਣ ਦਾ ਸਬੂਤ ਸ੍ਰੀ ਕਾਂਤ ਵਰਮਾ ਜ: ਸਕੱਤਰ ਕਾਂਗਰਸ (ਆਈ) ਦਾ ਉਹ ਬਿਆਨ ਹੈ ਜਿਸ ਵਿਚ ਉਸ ਨੇ ਆਖਿਆ ਹੈ ਕਿ ਇਹ ਚੋਣਾਂ ਆਨੰਦਪੁਰ ਦੇ ਮਤੇ ਦੇ ਖਿਲਾਫ ਭਾਰਤ ਭਰ ਦੇ ਲੋਕਾਂ ਦਾ ਫਤਵਾ ਹੈ।

ਜਿਥੇ ਇਸ ਸਾਰੇ ਕੁਝ ਲਈ ਹਿੰਦੁਸਤਾਨ ਦੀ ਫਿਰਕੂ-ਸਰਕਾਰ ਜ਼ਿਮੇਵਾਰ ਹੈ ਜਿਸਨੇ ਸਦਾ ਸਿੱਖਾਂ ਨਾਲ ਵਿਤਕਰਾ ਕੀਤਾ ਹੈ, ਉਥੇ ਇਸਦੇ ਨਾਲ ਹੀ ਸਾਡੀ ਆਪਣੀ ਲੀਡਰਸ਼ਿਪ ਹੈ ਜਿਸਨੇ ਸਦਾ

ਹੀ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ ਤੇ ਲੀਡਰੀ ਦੀ ਦੌੜ ਵਿਚ ਕੌਮ ਦੇ ਜਜ਼ਬਾਤਾਂ ਦੀ ਕਤੱਈ ਕਦਰ ਨਹੀਂ ਕੀਤੀ। ਨਿਰੰਕਾਰੀ ਮੁੱਠ-ਭੇੜ ਵਿਚ ਸਿੱਖਾਂ ਦੀ ਸ਼ਹੀਦੀ ਉਪਰੰਤ ਜਿਥੇ ਤਲਵੰਡੀ ਤੇ ਲੋਂਗੋਵਾਲੀਆ ਸੰਤ ਇਸ ਮਸਲੇ ਵਲੋਂ ਬੇ-ਰੁਖੀ ਵਿਖਾ ਕੇ ਆਪਣੀ ਆਪਣੀ ਲੀਡਰੀ ਪੱਕੀ ਕਰਨ ਤੇ ਸੰਤ ਜਰਨੈਲ ਸਿੰਘ ਨੂੰ ਨੀਵਾਂ ਦਿਖਾਉਣ ਦੀਆਂ ਸਾਜ਼ਿਸ਼ਾਂ ਵਿਚ ਰੁੱਝੇ ਰਹੇ ਉਥੇ ਬਾਦਲ ਦੀ ਵਜ਼ਾਰਤੀ-ਢਾਣੀ ਤੇ ਖਾਸਕਰ ਉਮਰਾਨੰਗਲ ਵਰਗੇ ਉਜੱਡ ਤੇ ਧਰਮ-ਈਮਾਨ ਤੋਂ ਕੋਰੇ ਲੋਕਾਂ ਨੇ ਧਰਮ ਨਾਲੋਂ ਕੁਰਸੀ ਨੂੰ ਪਹਿਲ ਦਿਤੀ ਤੇ ਸੰਤ-ਭਿੰਡਰਾਂ ਦੀ ਸਿੱਖਾਂ ਵਿਚ ਦਿਨੋਂ ਦਿਨ ਵਧ ਰਹੀ ਸ਼ਾਖ ਨੂੰ ਡੇਗਣ ਲਈ ਪੂਰਾ ਟਿੱਲ ਲਾਇਆ।

ਅੰਮ੍ਰਿਤਸਰ-ਸਾਕੇ ਉਪਰੰਤ ਜਦ ਸੰਤ ਜਰਨੈਲ ਸਿੰਘ ਅਤਿ-ਵੈਰਾਗ ਦੀ ਅਵੱਸਥਾ ਵਿਚ ਅੰਮ੍ਰਿਤ-ਸੰਚਾਰ ਕਰਦੇ ਤੇ ਲੋਕਾਂ ਨੂੰ ਧਰਮ ਹੇਤ ਹੋਏ ਇਸ ਸਾਕੇ ਸਬੰਧੀ ਜਾਣੂੰ ਕਰਵਾਉਂਦੇ ਪਿੰਡੋ-ਪਿੰਡ ਵਿਚਰ ਰਹੇ ਸਨ ਤਾਂ ਇਹ ਵਜ਼ਾਰਤੀ ਟੋਲਾ ਚੰਡੀਗੜ੍ਹ ਦੇ ਲੁੱਤਵੇਂ-ਲੰਚਾਂ ਵਿਚ ਵਿਅਸਤ ਰਿਹਾ ਤੇ ਸਮੇਤ ਅਕਾਲੀ ਦਲ ਦੇ ਮਾਰਨ-ਖੰਡੇ ਪ੍ਰਧਾਨ ਜਥੇਦਾਰ ਤਲਵੰਡੀ ਦੇ, ਲੋਂਗੋਵਾਲੀਆ ਸੰਤ ਤੇ ਅਕਾਲੀ ਦਲ ਦਾ ਨਾਰਦ-ਮੁਨੀ ਟੌਹੜਾ, ਸਿੱਖ ਧਨਾਢਾਂ ਦੇ ਘਰ ਪੰਜ ਪੰਜ ਸੇਰ ਕੱਚਾ ਕੜਾਹ ਖਾਂਦੇ ਤੇ ਦੁੱਧ 'ਚ ਪੰਜਵਾਂ ਪਾ ਪਾ ਪੀਂਦੇ ਰਹੇ !

ਧਰਮ ਦੇ ਇਸ ਮਾਮਲੇ ਵਿਚ ਸਭ ਤੋਂ ਵੱਧ ਜ਼ਿਮੇਵਾਰੀ ਸੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਟੌਹੜੇ ਦੀ ! ਪਰ ਕੌਮ ਦੇ ਵਿਹੜੇ ਵਿਚ ਸੇਹ ਦਾ ਤਕਲਾ ਗੱਡਣ ਵਾਲੇ ਇਸ ਚੱਕਮੇ-ਚੁਲ੍ਹੇ ਨੂੰ ਧਰਮ ਅਥਵਾ ਪੰਥ ਨਾਲੋਂ ਸਦਾ ਆਪਣੀ ਕੁਰਸੀ ਦੀ ਹੀ ਵਧੇਰੇ ਚਿੰਤਾ ਰਹੀ ਹੈ। ਸਿੱਖਾਂ ਦੀ ਸਰਵ-ਉਚ ਧਾਰਮਿਕ-ਸੰਸਥਾ ਸ਼੍ਰੋ: ਗੁ: ਪ੍ਰ: ਕ: ਦਾ ਪ੍ਰਧਾਨ ਅਥਵਾ ਸਿੱਖਾਂ ਦਾ ਪੋਪ ਬਣਨ ਉਪਰੰਤ ਵੀ ਸਿੱਖ ਜਗਤ ਦੇ ਬਾਰ ਬਾਰ ਕਹਿਣ ਤੇ ਉਸ ਨੇ ਪਾਰਲੀਮੈਂਟ ਦੀ ਇਕ ਨਿਗੂਣੀ ਮੈਂਬਰੀ ਨਾਲੋਂ ਜੱਫੀ ਨਹੀਂ ਛੱਡੀ ਜਿਸ ਤੇ ਰਹਿੰਦਿਆਂ ਉਸਨੂੰ ਮਹਾਤਮਾ ਗਾਂਧੀ ਦੀ ਸਮਾਧ ਤੇ ਸਿਰ ਝੁਕਾਉਣਾ ਪੈਂਦਾ ਰਿਹਾ ਹੈ ਹਾਲਾਂ ਕਿ ਇਹ ਸ੍ਰੀ ਮਾਨ ਜੀ ਜਨਤਾ ਤੇ ਇੰਦਰਾ-ਸਰਕਾਰ ਵੇਲੇ ਪਾਰਲੀਮੈਂਟ-ਹਾਊਸ 'ਚ ਕੰਬਲ ਦੀ ਬੁੱਕਲ ਮਾਰ ਕੇ ਗੁੰਗੇ-ਜੇਠ ਵਾਂਗ ਬੈਠੇ ਹੀ ਰਹੇ ਹਨ !

ਇਸ ਸਾਕੇ ਤੋਂ ਕੁਝ ਚਿਰ ਪਹਿਲਾਂ ਇਹ ਬੁਧੀਮਾਨੀ-ਪਾਸ ਲੂੰਬੜ ਲੀਡਰ, ਤਲਵੰਡੀ-ਤੁੜ ਦੀ ਲੜਾਈ ਪੁਆ ਕੇ ਤਲਵੰਡੀ ਨੂੰ ਦਲ ਦਾ ਪ੍ਰਧਾਨ ਬਣਾ ਕੇ ਉਸਦੀ ਸਹਾਇਤਾ ਨਾਲ ਸ਼੍ਰੋਮਣੀ ਕਮੇਟੀ ਤੇ ਕਾਬਜ਼ ਰਿਹਾ ਸੀ ਤੇ ਸਾਕੇ ਦੇ ਦਿਨੀਂ ਤਲਵੰਡੀ-ਬਾਦਲ ਦੇ ਸਿੰਗ ਫਸਾ ਕੇ ਮੁੱਖ-ਮੰਤਰੀ ਬਣਨ ਲਈ ਵੀ ਲੀੜੇ ਸੁਆਈ ਫਿਰਦਾ ਸੀ ਤੇ ਉਪਰੋਂ ਮਨਸ਼ਾ ਇਹ ਵੀ ਸੀ ਕਿ ਲੜਾਈ ਪਵਾਉਣ ਉਪਰੰਤ ਅਕਾਲੀ-ਏਕਤਾ ਦਾ ਸ਼ੋਸ਼ਾ ਛੱਡ ਕੇ ਅਕਾਲੀ ਦਲ ਦਾ ਪ੍ਰਧਾਨ ਬਣ ਜਾਵੇ! ਗੁਰੂ ਰਾਮਦਾਸ ਜੀ ਦੇ ਲੰਗਰ ਦੀ ਦਾਲ ਨੂੰ ਇਕ ਦਹਾਕੇ ਤੋਂ ਵੱਧ ਸਪੈਸ਼ਲ-ਤੜਕਾ ਲੁਆ ਲੁਆ ਕੇ ਖਾਣ ਵਾਲਾ ਇਹ ਖਚਰਾ-ਲੀਡਰ ਸਾਕੇ ਦੇ ਦਿਨੀਂ ਅਕਾਲੀ ਦਲ ਦੇ ਮੈਂਬਰਾਂ ਦੀ ਤੋੜ-ਭੰਨ ਕਰਨ ਹਿਤ ਅੰਮ੍ਰਿਤਸਰੋਂ ਪਾਸੇ ਹੀ ਰਿਹਾ।

ਜੱਗ ਜਾਣਦਾ ਹੈ ਕਿ ਸੰਤ ਜਰਨੈਲ ਸਿੰਘ ਨੂੰ ਕਿਸੇ ਅਹੁਦੇ ਜਾਂ ਪਦਵੀ ਦੀ ਭੁੱਖ ਨਹੀਂ ਸੀ। ਜਦ ਅੰਮ੍ਰਿਤਸਰ ਵਿਖੇ ਹੋਈ ਫੌਜੀਆਂ ਦੀ ਕਨਵੈਨਸ਼ਨ ਨੇ ਸੰਤਾਂ ਨੂੰ ਸ਼੍ਰੋਮਣੀ ਕਮੇਟੀ ਦੁਆਰਾ ਅਕਾਲ ਤਖਤ ਦਾ ਜਥੇਦਾਰ ਬਾਪਣ ਦੀ ਮੰਗ ਦਾ ਮਤਾ ਪਾਸ ਕੀਤਾ ਤਾਂ ਕੌਮ ਦੀਆਂ ਬੇੜੀਆਂ 'ਚ ਵੱਟੇ ਪਾਉਣ ਵਾਲਾ ਸ਼ੈਤਾਨ-ਲੀਡਰ ਇਹ ਟੌਹੜਾ ਹੀ ਸੀ ਜਿਸਨੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਇਸ ਮਤੇ ਤੇ ਅਮਲ ਰੋਕਣ ਦੀ ਅਥਵਾ ਸੰਤਾਂ ਦੀ ਅੰਦਰਖਾਤੇ ਸਭ ਤੋਂ ਵੱਧ ਵਿਰੋਧਤਾ ਕੀਤੀ ਤੇ ਲੋਂਗੋਵਾਲੀਏ ਸੰਤ ਤੇ ਹੋਰ ਲੀਡਰਾਂ ਨੂੰ 'ਸਭ ਦੀ ਫੱਟੀ ਪੋਚੇ ਜਾਣ' ਦਾ ਡਰ ਦੇ ਕੇ ਇਸ ਨਿਯੁਕਤੀ ਨੂੰ ਆਪਣੀ ਖੁਦਗਰਜ਼-ਸਾਜ਼ਿਸ਼ ਨਾਲ ਰੋਕਿਆ। ਜੇ ਅੱਜ ਸੰਤ ਜਰਨੈਲ ਸਿੰਘ ਅਕਾਲ ਤਖਤ ਦੇ ਜਥੇਦਾਰ ਬਾਪੇ ਹੁੰਦੇ ਤਾਂ ਨਾ ਕੇਂਦਰ-ਸਰਕਾਰ ਦੀ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਜੁੱਰਅਤ ਪੈਂਦੀ ਤੇ ਨਾ ਕੌਮ ਨੂੰ ਇਹ ਦਿਨ ਦੇਖਣੇ ਪੈਂਦੇ ! ਧਰਮ-ਯੁੱਧ ਮੋਰਚੇ ਦੌਰਾਨ ਹੀ ਇਸ ਲੂਤੀ-ਲਾਊ ਲੀਡਰ ਨੇ ਬਿਆਨ ਦਿੱਤਾ ਸੀ ਕਿ ਧਰਮ-ਯੁੱਧ ਮੋਰਚੇ ਵਿਚ ਹਰ ਸਿੱਖ-ਪਰਵਾਰ ਆਪਣਾ ਇਕ ਇਕ ਬੱਚਾ ਕੁਰਬਾਨੀ ਲਈ ਦੇਵੇ ਪਰ ਜਦ ਹਰਿਮੰਦਰ ਸਾਹਿਬ ਤੇ ਹਮਲਾ ਹੋਇਆ ਤਾਂ ਸਮੇਤ ਲੋਂਗੋਵਾਲੀਏ ਸੰਤ ਦੇ ਮੂਤਰ ਕੇ ਤੇ ਹੱਥ ਖੁਤੇ ਕਰਕੇ ਗਾਰਦ ਦੇ ਪਹਿਰੇ ਵਿਚ ਇਹ ਸੁਰੱਖਿਅਤ ਅੰਦਰ ਜਾ ਬੈਠਾ। ਕੇਂਦਰ-

ਸਰਕਾਰ ਨਾਲ ਸਦਾ ਇਸਦਾ ਰਾਬਤਾ ਕਾਇਮ ਰਿਹਾ ਹੈ। ਜਦੋਂ ਧਰਮ-ਯੁੱਧ ਮੋਰਚੇ ਦੌਰਾਨ ਗਵਰਨਰ ਪਾਂਡੇ ਹਰਿਮੰਦਰ ਸਾਹਿਬ ਆਇਆ ਤਾਂ ਅੱਗੇ ਹੋ ਕੇ ਸਿਰੋਪਾ ਉਸਨੂੰ ਇਸਨੇ ਆਪਣੇ ਹੱਥੀਂ ਦਿੱਤਾ। ਮੁੱਕਦੀ ਗੱਲ ਕਿ ਜੇ ਦਰਬਾਰ ਸਾਹਿਬ ਤੇ ਹਮਲੇ ਦੀ ਜੁੱਰਅਤ ਕੇਂਦਰ-ਸਰਕਾਰ ਨੂੰ ਪੈਦੀ ਹੈ ਤਾਂ ਇਹ ਹਨੇਰੀ ਜਿਹੜੇ ਟਿੱਬਿਆਂ ਚੋਂ ਉਠੀ ਹੈ-ਉਸ ਦਾ ਸਿੱਖ-ਅਵਾਮ ਨੂੰ ਹੁਣ ਪੂਰਾ ਚਾਨਣ ਹੋ ਚੁੱਕਾ ਹੈ। ਇਸ ਮੌਸਮੀ-ਲੀਡਰ ਨੇ ਕੱਪੜਿਆਂ ਵਾਂਗ ਸਦਾ ਆਪਣੀ ਵਫਾ ਬਦਲੀ ਹੈ। ਹੁਣ ਵੀ ਸੰਭਵ ਹੈ ਕਿ ਇਹ ਕੋਈ ਗਰਮ-ਨਾਅਰਾ ਦੇ ਕੇ ਕੌਮ ਦੇ ਨੌਜੁਆਨਾਂ ਨੂੰ ਮਗਰ ਲਾਣ ਤੇ ਕੌਮ ਦੇ ਅੱਖੀਂ ਘੱਟਾ ਪਾਉਣ ਦਾ ਯਤਨ ਕਰੇ। ਇਸ ਗੱਲੋਂ ਕੌਮ ਨੂੰ ਸਵਾਧਾਨ ਰਹਿਣ ਦੀ ਜ਼ਰੂਰਤ ਹੈ।

ਇਸਤੋਂ ਪਹਿਲੋਂ ਵੀ ਜਦ ਕਦੇ ਪੰਜਾਬ ਦੇ ਹਿਤਾਂ ਦੀ ਗੱਲ ਚਲੀ ਹੈ ਤਾਂ ਇਹ ਚਲੇ ਹੋਏ ਕਾਰਤੂਸ ਤੇ ਕਿੰਤੂ-ਪ੍ਰੰਤੂ 'ਚ ਗੱਲ ਕਰਕੇ ਸਿੱਖ-ਅਵਾਮ ਨੂੰ ਘਚਾਨੀਆਂ ਦੇਣ ਵਾਲੇ ਲੀਡਰ, ਭੋਲੇ-ਭਾਲੇ ਸਿੱਖਾਂ ਨਾਲ ਵਿਸਾਹਘਾਤ ਕਰਦੇ ਰਹੇ ਹਨ। ਜਦ ਕਦੇ ਪਿੱਛੇ ਵੱਧ ਅਧਿਕਾਰਾਂ ਦੀ ਗੱਲ ਹੁੰਦੀ ਰਹੀ ਹੈ ਤਾਂ ਇਹ ਵਜ਼ਾਰਤੀ-ਟੋਲਾ ਰਾਜਸੀ ਆਦਿ ਅਧਿਕਾਰਾਂ ਨੂੰ ਛੱਡਕੇ 'ਵੱਧ ਮਾਲੀ-ਅਧਿਕਾਰਾਂ' ਤੱਕ ਹੀ ਸੁੰਗੜ ਜਾਂਦਾ ਰਿਹਾ ਹੈ। ਆਨੰਦਪੁਰ ਦੇ ਮਤੇ ਦੇ ਮਸਲੇ ਤੇ ਇਹ ਬੁੱਢੇ-ਬੋਲਦ ਕਦੋਂ ਦੇ ਬੈਠ ਗਏ ਹੁੰਦੇ ਜੇ ਸੰਤ ਜਰਨੈਲ ਸਿੰਘ ਦੀ ਆਰ ਬਾਰ-ਬਾਰ ਇਹਨਾਂ ਦੇ ਪੁੜਿਆਂ ਤੇ ਨਾ ਲਗਦੀ ਤੇ ਹਰਿਮੰਦਰ ਸਾਹਿਬ ਉਤੇ ਹਮਲੇ ਤੇ ਉਹਨਾਂ ਦੀ ਸ਼ਹੀਦੀ ਮਗਰੋਂ ਕੌਮ ਦੇ ਨੌਜਵਾਨਾਂ ਦੀ ਤਲਵਾਰ ਇਹਨਾਂ ਦੇ ਸਿਰਾਂ ਤੇ ਨਾ ਲਟਕਦੀ ਹੁੰਦੀ !

ਅੱਜ ਕੌਮ ਲਾਵਾਰਸ ਤੇ ਲੀਡਰਲੈਸ ਹੈ। ਇਹ ਖੁਦਗਰਜ਼-ਢਾਣੀ ਸਰਕਾਰ ਦੀ ਪਨਾਹ ਵਿਚ ਹੈ। ਕੌਮ ਦੀ ਅੱਧੀ ਜਵਾਨੀ ਖਤਮ ਜਾਂ ਨਿਕਾਰਾ ਕਰ ਦਿੱਤੀ ਗਈ ਹੈ। ਸਿੱਖ ਆਪਣੇ ਧਾਰਮਿਕ, ਰਾਜਸੀ ਤੇ ਸਮਾਜਿਕ-ਅਧਿਕਾਰਾਂ ਤੋਂ ਵੰਚਿਤ ਹਨ। ਕੌਮ ਦਾ ਸਿਪਾਹ-ਸਲਾਰ ਸੰਤ ਜਰਨੈਲ ਸਿੰਘ ਕੌਮ ਤੋਂ ਖੋਹ ਲਿਆ ਗਿਆ ਹੈ। ਨੀਮ-ਲੀਡਰ ਤੇ ਖਤਰਾ ਬਿਆਨ ! ਅਕਾਲੀ ਦਲ ਦੇ ਦੋ ਨੰਬਰ ਦੇ ਬਾਹਰ ਬੈਠੇ ਲੀਡਰ ਆਪ-ਮੁਹਾਰੇ ਬੇਥੁਵੇ ਬਿਆਨ ਦਾਗ ਰਹੇ ਹਨ। ਉਜੜੇ ਸਿੱਖ-ਪਰਵਾਰ ਰਿਫੀਊਜੀ-ਕੈਂਪਾਂ 'ਚ ਟੂਰ ਗਿਆਂ ਲਈ ਵਿਰਲਾਪ ਕਰ ਰਹੇ ਹਨ ਤੇ ਨੀਮ-ਲੀਡਰ ਚੋਣਾਂ ਲੜਨ ਲਈ ਪਿੰਜਣੀਆਂ ਨੂੰ ਤੇਲ ਲਾਈ ਫਿਰਦੇ ਹਨ। ਇਕ ਪਾਸੇ ਅਕਾਲੀ ਦਲ ਦੇ ਸਾਰੇ ਨਿੱਕੇ-ਮੋਟੇ ਲੀਡਰ ਬਿਆਨ ਤੇ ਬਿਆਨ ਦਾਗ ਰਹੇ ਹਨ ਕਿ ਖਾਲਿਸਤਾਨ ਦੀ ਮੰਗ ਨਾਲ ਦਲ ਦਾ ਕੋਈ ਸੰਬੰਧ ਨਹੀਂ ਤੇ ਦੂਸਰੇ ਪਾਸੇ ਅੰਤਰਰਾਸ਼ਟਰੀ ਪੱਧਰ ਤੇ ਸਥਾਪਤ ਹੋਈ ਸਿੱਖਾਂ ਦੀ ਜਥੇਬੰਦੀ ਡਬਲਿਊ. ਐਸ. ਓ. ਆਪਣੇ ਵਿਧਾਨ ਵਿਚ ਸਿੱਖਾਂ ਦਾ ਰਾਜਸੀ-ਨਿਸ਼ਾਨਾ ਖਾਲਿਸਤਾਨ ਮਿਥਦੀ ਹੈ। ਇਹਨਾਂ ਦੋਹਾਂ ਸੰਗਠਨਾਂ ਦੇ ਵੱਖਰੇ ਨਿਸ਼ਾਨਿਆਂ ਤੋਂ ਸਪੱਸ਼ਟ ਹੈ ਕਿ ਕੌਮ ਨਾ ਇਕੱਠੀ ਹੋ ਸਕੀ ਹੈ ਤੇ ਨਾ ਹੀ ਇਕ ਨਿਸ਼ਾਨਾ ਮਿਥ ਸਕੀ ਹੈ। ਸਮੇਂ ਦੀ ਪਹਿਲੀ ਲੋੜ ਹੈ ਕਿ ਸਿੰਘ-ਸਾਹਿਬਾਨ, ਅਕਾਲੀ ਦਲ ਤੇ ਡਬਲਿਊ. ਐਸ. ਓ. ਭਾਵ ਸਮੁੱਚੀ ਕੌਮ ਦਾ ਇਕ ਹੀ ਨਿਸ਼ਾਨਾ ਹੋਵੇ ਤੇ ਸਾਰੀ ਕੌਮ ਇਸ ਵੱਲ ਭੀਤ ਨਹੀਂ ਵਹੀਰ ਬਣਕੇ ਵਧੇ। ਵਰਨਾ ਹਰਿਮੰਦਰ ਸਾਹਿਬ ਦੀ ਹੋਈ ਬੇਹੁਰਮਤੀ, ਸ਼ੇਰ-ਮਰਦ ਸੰਤ ਜਰਨੈਲ ਸਿੰਘ ਤੇ ਹਜ਼ਾਰਾਂ ਸਿੱਖਾਂ ਦੀਆਂ ਸ਼ਹਾਦਤਾਂ ਮਿੱਟੀ ਵਿਚ ਮਿਲ ਜਾਣਗੀਆਂ !

ਸ੍ਰੀ ਅਕਾਲ ਤਖਤ ਸਾਹਿਬ ਸਿੱਖ-ਪੰਥ ਦੀ ਧਾਰਮਿਕ ਤੇ ਰਾਜਸੀ ਸਰਵਉਚ-ਅਦਾਲਤ ਹੈ ਜਿਸਦੇ ਹੁਕਮ ਜਾਂ ਫੈਸਲੇ ਸਾਹਵੇਂ ਹਰ ਸਿੱਖ ਦਾ ਸਿਰ ਝੁਕਦਾ ਹੈ ਕਿਉਂਕਿ ਇਹ ਫੈਸਲਾ ਸਹੀ ਅਰਥਾਂ 'ਚ ਪੰਥ ਦਾ ਹੀ ਫੈਸਲਾ ਹੁੰਦਾ ਹੈ। ਅਕਾਲ ਤਖਤ ਦੇ ਜਥੇਦਾਰ ਦੀ ਪਦਵੀ ਸਿੱਖ-ਪੰਥ ਵਿਚ ਸਰਵਉਚ ਹੈ। ਇਸ ਮਹਾਨ ਪਦਵੀ ਤੇ ਸੁਸ਼ੋਭਿਤ ਮਹਾਨ-ਮਨੁੱਖ ਵਿਚ ਸੱਚ ਕਹਿਣ ਤੇ ਸੱਚ ਲਈ ਜੂਝਣ ਦੀ ਦਲੇਰੀ ਤੇ ਜੁੱਰਅਤ ਹੁੰਦੀ ਹੈ। ਇਸ ਸੱਚੇ ਤਖਤ ਦੇ ਜਥੇਦਾਰ ਦੇ ਸੱਚੇ ਨਿਰਭੈ-ਮੂੰਹ ਚੋਂ ਸਦਾ ਸੱਚ ਹੀ ਨਿਕਲਦਾ ਹੈ। ਇਸ ਤਖਤ ਦਾ ਜਥੇਦਾਰ ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਨੂੰ ਕੋਰੜੇ ਮਾਰਨ ਦੀ ਦਲੇਰੀ ਰਖਦਾ ਹੈ ਤੇ ਮਹਾਰਾਜਾ ਵੀ ਉਸਦੇ ਹੁਕਮ ਤੇ ਕਿੰਤੂ ਨਹੀਂ ਕਰ ਸਕਦਾ ਕਿਉਂਕਿ ਮਹਾਰਾਜਾ ਜਾਣਦਾ ਹੈ ਕਿ ਉਸਦੀ ਆਵਾਜ਼ ਸੱਚ ਦੀ ਆਵਾਜ਼ ਹੈ ਪਰ ਅੱਜ ਅਕਾਲ ਤਖਤ ਦੇ ਜਥੇਦਾਰ ਸਿੰਘ-ਸਾਹਿਬ ਗਿਆਨੀ ਕਿਰਪਾਲ ਸਿੰਘ ਤੇ ਹਮਲਾ ਹੁੰਦਾ ਹੈ। ਇਸਦਾ ਕਰਨ ਕੀ ਹੈ ?

ਹਿੰਦੁਸਤਾਨ ਵਿਚ ਸਿੱਖ ਸੰਗੀਨਾਂ ਦੀ ਛਾਂ ਥੱਲੇ ਜਿਉਂ ਰਹੇ ਹਨ। ਆਫਤ ਦੇ ਇਸ ਸਮੇਂ ਸਿੱਖਾਂ ਨੂੰ ਸੰਸਾਰ ਪੱਧਰ ਤੇ ਇਕ ਪਲੈਟਫਾਰਮ ਤੇ ਜੋੜਨ ਦੀ ਵੱਡੀ ਲੋੜ ਸੀ। ਇਸ ਸਬੰਧ ਵਿਚ ਡਬਲਿਊ. ਐਸ. ਓ. ਦੀ ਸਥਾਪਨਾ ਇਕ ਮੁਬਾਰਕ-ਕਦਮ ਹੈ। ਸਿੱਖਾਂ ਦੀ ਸਾਰੀ ਲੜਾਈ ਇਸੇ ਸੰਗਠਨ ਤੇ ਨਿਰਭਰ ਕਰਦੀ ਹੈ। ਇਹ ਸੰਗਠਨ ਕੋਈ ਠੋਸ ਪ੍ਰੋਗਰਾਮ ਬਣਾਉਂਦਾ ਹੈ ਤੇ ਇਸਦੇ ਲੀਡਰ ਦਿਆਨਤਦਾਰੀ ਨਾਲ ਉਸਤੇ ਪਹਿਰਾ ਦੇ ਕੇ ਕੌਮ ਨੂੰ ਵੰਗਾਰ ਪਾਉਣ ਕੌਮ ਮਰ ਮਿਟੇਗੀ ਕਿਉਂਕਿ ਇਹ ਲੜਾਈ ਕੌਮ ਦੀ ਜ਼ਿੰਦਗੀ ਮੌਤ ਦੀ ਲੜਾਈ ਹੈ। ਸਾਰੀ ਕੌਮ ਨੂੰ ਇਸ ਸੰਗਠਨ ਦੇ ਝੰਡੇ ਹੇਠਾਂ ਜੁੜ ਕੇ ਮੰਜ਼ਿਲ ਵੱਲ ਵਧਣਾ ਚਾਹੀਦਾ ਹੈ। ਪਰ ਕੁਲ ਲਾਸ-ਏਂਜਲਸ ਵਿਚ ਇਸ ਸੰਗਠਨ ਦੀ ਕਨਵੈਨਸ਼ਨ ਵਿਚ ਨੌਜਵਾਨ ਇਸਦੇ ਲੀਡਰਾਂ ਦੇ ਗਲ ਪੈਂਦੇ ਹਨ! ਪਰ ਪੈਂਦੇ ਕਿਉਂ ਹਨ ?

ਇਹਨਾਂ ਪ੍ਰਸ਼ਨਾਂ ਨੂੰ ਘੋਖਣ ਦੀ ਜ਼ਰੂਰਤ ਹੈ। ਸਿੱਖ ਪੰਥ ਤੇ ਖਾਸਕਰ ਨੌਜਵਾਨ ਘਾਇਲ ਹੈ ਕਿ ਸਭ ਕੁਝ ਗਵਾ ਕੇ ਵੀ ਸਿੱਖ-ਲੀਡਰਸ਼ਿਪ ਇਕ ਹੋ ਕੇ ਦਿਆਨਤਦਾਰੀ ਨਾਲ ਉਹਨਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਿਉਂ ਨਹੀਂ ਕਰ ਰਹੀ ?

"ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

ਬਹੁਤ ਦੇਰ ਬਾਅਦ ਕੌਮ ਨੂੰ ਸੰਤ ਜਰਨੈਲ ਸਿੰਘ ਵਰਗਾ ਤਿਆਗੀ, ਦਿਆਨਤਦਾਰ ਤੇ ਦਲੇਰ ਲੀਡਰ ਮਿਲਿਆ ਸੀ ਜਿਸਦੀ ਜਿੰਨੀ ਦੁਸ਼ਮਣ ਕਾਂਗਰਸ ਸਰਕਾਰ ਸੀ ਉਤਨੇ ਦੁਸ਼ਮਣ ਹੀ ਅਕਾਲੀ-ਲੀਡਰ ਸਾਬਤ ਹੋਏ ਹਨ। ਪੰਜਾਬ ਵਿਚ ਜਿਸ ਤਰਾਂ ਅਕਾਲੀ ਕਾਂਗਰਸ ਲਈ ਚੈਲੰਜ ਸਨ ਉਸੇ ਤਰਾਂ ਸੰਤ ਜਰਨੈਲ ਸਿੰਘ ਸਿੱਖਾਂ ਦੇ ਸਿਰਾਂ ਦੇ ਮੁੱਲ ਵੱਟਣ ਵਾਲੇ ਖੁਦਗਰਜ਼ ਅਕਾਲੀ-ਲੀਡਰਾਂ ਲਈ ਚੈਲੰਜ ਬਣ ਕੇ ਉਭਰੇ !

ਅੱਜ ਕੌਮ ਨੂੰ ਲੌਂਗੋਵਾਲੀਏ ਸੰਤ ਵਰਗਾ ਆਟੇ ਦੀਆਂ ਲੱਤਾਂ ਵਾਲਾ ਲੀਡਰ ਨਹੀਂ ਲੋੜੀਦਾ ਜੋ ਭੋਰਾ ਭੀੜ ਪਈ ਤੋਂ ਬੇਹੇ ਪਾਣੀ ਵਿਚ ਬੈਠ ਜਾਵੇ ਤੇ ਨਾ ਹੀ ਟੌਹੜੇ ਵਰਗਾ ਸ਼ੈਤਾਨ ਦੇ ਸਿਰ ਵਾਲਾ ਲੀਡਰ ਚਾਹੀਦਾ ਹੈ ਜੁ ਆਪਣੀ ਚੌਧਰ ਲਈ ਕੌਮ ਨੂੰ ਖੱਖੜੀਆਂ-ਕਰੇਲੇ ਕਰ ਦੇਵੇ ਤੇ ਨਾ ਹੀ ਬਾਦਲ ਵਰਗਾ ਕੁਰਸੀ ਦਾ ਤਲਬਗਾਰ ਲੀਡਰ ਕੌਮ ਨੂੰ ਦਰਕਾਰ ਹੈ ਜੁ ਕੁਰਸੀ ਖਾਤਰ ਕੌਮ ਨੂੰ ਕਿਸੇ ਹੋਰਸ ਕੋਲ ਗਹਿਣੇ ਪਾ ਦੇਵੇ। ਅੱਜ ਕੌਮ ਨੂੰ ਸੰਤ ਜਰਨੈਲ ਸਿੰਘ ਵਰਗੇ ਫੌਲਾਦੀ-ਲੱਤਾਂ ਵਾਲੇ ਲੀਡਰ ਦੀ ਜ਼ਰੂਰਤ ਹੈ ਜੁ ਜ਼ੁਲਮ ਦੇ ਤੂਫਾਨ ਵਿਚ ਵੀ ਲੋਹੇ ਦੀ ਲਾਠ ਬਣ ਕੇ ਖੜ ਸਕੇ ਤੇ ਜਿਸਦੇ ਸਿਰ ਵਿਚ ਕੌਮ ਲਈ ਕੁਰਬਾਨੀ ਤੇ ਦਿਆਨਤਦਾਰੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਵੇ ਤੇ ਜੋ ਸੈਅ ਕੁਰਸੀਆਂ ਨੂੰ ਲੱਤ ਮਾਰ ਪੰਥ ਦੀ ਆਜ਼ਾਦ ਹਸਤੀ ਤੇ ਚੜਦੀ ਕਲਾ ਲਈ ਹੱਸ ਕੇ ਆਪਾ ਨਿਛਾਵਰ ਕਰਨ ਲਈ ਤਤਪਰ ਹੋਵੇ !

'ਜਾਗੋ'
(ਮਾਰਚ 1985)

ਮੌਸਮ ਮੌਸਮ ਦੀ ਗੱਲ !

ਇਹ ਬਹੁਤ ਦੇਰ ਪਹਿਲੋਂ ਦੀ ਗੱਲ ਹੈ !
ਜਦੋਂ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਲਗਦੇ ਸਨ !
ਤੇ ਭੋਰਾ ਕੁ ਫੀਮ ਖਾ ਕੇ ਗਾਮੇ ਅਮਲੀ ਨੂੰ
ਸਾਰਾ ਦਿਨ ਪਿੰਡ 'ਚ-ਕੁੱਤੀ ਭੌਂਕਦੀ ਨਹੀਂ ਸੀ ਸੁਣਦੀ !!
ਓਦੋਂ ਸ਼ਾਮੇ-ਕਾਨੂੰਨੀ ਦੀ ਸੱਥ 'ਚ ਕਹੀ ਗੱਲ
ਪੱਥਰ 'ਤੇ ਲੀਕ ਹੁੰਦੀ ਸੀ।
ਤੇ ਬਾਬੇ ਖੇਮੇ ਦਾ ਖੂੰਡਾ ਪਿੰਡ 'ਚ
'ਕਲਰੂ-ਆਡਰ' ਤੋਂ ਵਧ ਅਸਰ ਰਖਦਾ ਸੀ !!!
ਨਾਲੇ ਜੇ ਕਰ ਸਰਪੰਚਾਂ ਦੀ ਬਿਨਾ, ਕੋਈ ਮੁਕਾਣ, ਮੁਕਾਣ ਨਹੀਂ ਸੀ ਹੁੰਦੀ।
ਤੇ ਬਿੱਲੂ ਢੀਠਾਂ ਦੇ ਬਿਨਾਂ ਕੋਈ ਜੰਞ ਸੰਪੂਰਨ ਨਹੀਂ ਸੀ ਬੀਂਦੀ !
ਓਦੋਂ ਹਰੀ ਸਾਧ ਦੀ ਬਗਲੀ ਵੀਹੀ ਵਿਚ ਵੜਦੀ ਸੀ
ਤਾਂ ਭੜੋਲੀਆਂ 'ਚੋਂ ਆਟਾ ਆਪਣੇ ਆਪ ਸਰਕ ਤੁਰਦਾ ਸੀ !
ਓਦੋਂ ਤਾਂ ਸੱਚ ! ਇੰਦਰ-ਦੇਵਤਾ ਵੀ ਟਿੱਬੀ ਵਾਲੇ ਸਾਧ ਦੇ ਕਹੇ ਲਗਦਾ ਸੀ
ਤੇ ਰੋੜ ਵਾਲੇ ਬੁੱਢੇ ਪਿੱਪਲ ਦੀਆਂ ਜੜ੍ਹਾਂ 'ਚ ਪਾਈ
ਕੱਚੀ-ਲੱਸੀ ਨਾਲ ਸਾਰੇ ਪਿੰਡ ਦੇ 'ਗੁੱਹ' ਟਲ ਜਾਂਦੇ ਸਨ
ਓਦੋਂ ਝਿੜੀ ਦੀ ਢਾਬ 'ਚ ਲਗਦੇ ਮੇਲੇ 'ਤੇ
ਜਦੋਂ ਦੇਸੀ ਦਾਰੂ ਬੁਕਦੀ ਸੀ
ਤਾਂ ਗੰਡਾਸੇ 'ਪੁਲਸ' ਨੂੰ ਦੰਦੀਆਂ ਚੜਾਉਂਦੇ
ਕਦੇ ਕਦੇ ... 'ਠਾਣੇ' ਪੇਸ਼ ਜਾ ਹੁੰਦੇ ਸਨ !

ਪਰ ਇਹ ਸਭ ਕੁਝ ਤਾਂ ਬਹੁਤ ਦੇਰ ਪਹਿਲਾਂ ਦੀ ਗੱਲ ਹੈ !
ਹੁਣ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਨਹੀਂ
ਹੈਂਡ-ਗ੍ਰਨੇਡ ਲਗਦੇ ਹਨ !
ਤੇ ਗਾਮੇ ਅਮਲੀ ਨੂੰ ਸਭ ਕੁਝ ਖਾ ਕੇ ਵੀ
ਦਿੱਲੀ ਦੀ ਕੁੱਤੀ... ਭੌਂਕਦੀ ਸੁਣਦੀ ਹੈ
ਹੁਣ ਸ਼ਾਮੇ-ਕਾਨੂੰਨੀ ਦੀ ਗੱਲ ਦੀ ਸੱਥ 'ਚ ਸ਼ਰ੍ਹੇਆਮ-ਬਿੱਲੀ ਉਡਦੀ ਹੈ
ਤੇ ਬਾਬੇ ਖੇਮੇ ਦਾ ਖੂੰਡਾ ਸਰਕਾਰੀ-ਕਰਫਿਊ-ਆਰਡਰ ਨੂੰ ਦੰਦੀਆਂ ਚੜਾਉਂਦਾ
ਪਤਾ ਨਹੀਂ ਕਿਸ ਤਾਕ ਵਿਚ ਕਿਹੜੇ ਰਿਸ਼ਤੇਦਾਰ ਦੇ ਘਰ ਦੜਿਆ ਬੈਠਾ ਹੈ !!

ਜੈਕੁਰ ਸਰਪੰਚਾਂ ਦੀ ਤੇ ਬਿੱਲੂ ਢੀਠਾਂ ਦਾ
ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹੁੰ ਤੇ
'ਅੰਬਰਸਰ' 'ਸ਼ਨਾਨ' ਕਰਨ ਗਏ
ਦਰਬਾਰ ਸਾਹਿਬ 'ਪਰਕੰਮਿਆਂ' ਚ ਬੇਦੋਸ਼ੇ ਤੇ ਨਿਹੱਥੇ ਮਾਰੇ ਗਏ ਹਨ
ਤੇ ਹਰੀ ਸਾਧ ਦੀ ਬਗਲੀ 'ਚ ਵੀ
ਵੀਹਾਂ 'ਚ ਫਿਰਦੀ 'ਮਲੱਟਰੀ' ਨੇ ਬਰੂਦ ਰਲਾ ਦਿੱਤਾ ਹੈ

ਹੁਣ ਟਿੱਬੀ ਵਾਲੇ ਸਾਧ ਦੇ ਇੰਦਰ-ਦੇਵਤਾ ਤਾਂ ਕੀ
ਪਿੰਡ ਦਾ ਛੋਕਰ-ਵਾਧਾ ਵੀ ਕਹੇ ਨਹੀਂ ਲਗਦਾ
ਸਗੋਂ ਉਸ ਦੇ ਢੀਮਾਂ ਮਾਰਨ ਲਈ ਤਤਪਰ ਹੈ !!
ਕਿਉਂਕਿ ਪਿੰਡ ਦਾ ਖੰਡੇ ਵਰਗਾ ਗਿਆਨੀ
ਉਹਨਾਂ ਨੂੰ ਖੰਡੇ ਦੀ ਪਾਹੁਲ ਦਾ ਕਰਿਸ਼ਮਾ ਦਿਖਾ ਕੇ ਤੁਰ ਗਿਆ ਹੈ !!!
ਤੇ ਹੁਣ ਰੌੜ ਵਾਲੇ ਪਿੱਪਲ ਦੀਆਂ ਜੜ੍ਹਾਂ, ਕੱਚੀ ਲੱਸੀ ਨਾਲ ਨਹੀਂ
ਸਗੋਂ ਪਿੰਡ ਦੇ ਨਵੇਂ ਸਜ ਕੇ ਆਏ ਸਿੰਘਾਂ ਦੇ ਖ਼ੂਨ ਨਾਲ ਰੰਗੀਆਂ ਪਈਆਂ ਹਨ।
ਪਰ ਸਾਰੀ ਕੌਮ ਦੇ 'ਗ੍ਰੋਹ' ਅਜੇ ਉਵੇਂ ਦੇ ਉਵੇਂ ਪਲਦੇ ਹਨ
ਤੇ ਗੱਦਾਰ ਲੀਡਰਾਂ ਦੇ ਬੱਜਰ-ਪਾਪ, ਉਸ ਨਾਲ ਹੁਣ ਤੱਕ ਭੋਰਾ ਨਹੀਂ ਟਲਦੇ।
ਓਦੋਂ ਝਿੜੀ ਦੀ ਢਾਬ 'ਚ ਲਗਦੇ ਮੇਲੇ 'ਚ
ਦੇਸੀ-ਦਾਰੂ ਬੁਕਦੀ ਸੀ
ਤਾਂ ਗੰਡਾਸੇ 'ਪੁਲਸ' ਨੂੰ ਦੰਦੀਆਂ ਚੜਾਉਂਦੇ
ਕਦੇ ਕਦੇ ਠਾਣੇ ਪੇਸ਼ ਜਾ ਹੁੰਦੇ ਸਨ
ਪਰ ਹੁਣ ਪਿੰਡ ਦੇ ਬੱਕਰੀਆਂ ਚਾਰਦੇ ਤਾਰੂ ਹੋਰੀਂ
ਜਦੋਂ ਦੇ 'ਅੰਬਰਸਰੋਂ' ਅੰਮ੍ਰਿਤ ਛਕ ਕੇ ਮੁੜੇ ਹਨ
ਤਾਂ ਗੰਡਾਸੇ-ਕ੍ਰਿਪਾਨਾਂ 'ਚ ਢਲ ਕੇ
ਸਟੇਨਗੰਨਾਂ ਵਿਚ ਬਦਲ ਗਏ ਹਨ
ਤੇ 'ਪਹਿਲੇ ਨਬੰਰ ਦੀ ਕੰਜਰੀ' ਦੇ ਸਿਰ 'ਤੇ
ਤਲਵਾਰਾਂ ਬਣ ਕੇ ਲਟਕਦੇ ਹਨ
ਤੇ ਉਡੀਕਦੇ ਹਨ ਕਿ
ਜੇ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਲੱਗਣ ਦਾ ਮੌਸਮ
ਹੈਂਡ-ਗ੍ਰਨੇਡਾਂ ਵਿਚ ਵਟ ਸਕਦਾ ਹੈ
ਤਾਂ ਇਹ ਮੌਸਮ
ਕਿਸੇ ਕੁਰਸੀ ਦੀ ਪਿੱਠ 'ਚ ਜੜੇ ਤਾਜ ਨੂੰ
ਆਪਣੇ ਸਿਰ ਤੇ ਰੱਖਣ 'ਚ ਵੀ ਵਟ ਸਕਦਾ ਹੈ !

(ਮਾਰਚ, 1985)

ਵਿਅੰਗ-ਵਢਾਂਗਾ

(ਇਕ ਰਾਜਸੀ-ਗੁਰੂ ਦਾ ਨਵੇਂ ਸਜ ਰਹੇ ਲੀਡਰ-ਚੇਲੇ ਨੂੰ ਗੁਰ-ਮੰਤਰ)

ਚੁੱਕ ਪੰਜ ਰੁਪਈਏ ਤੇ ਪੱਗ ਅੱਗੋਂ ਕਿਹਾ ਗੁਰੂ - ਮੁਬਾਰਕਾਂ ਹੋਣ ਬੇਟਾ !
ਨਿੱਤ ਨਿੱਤ ਕਰੇਂ ਉਦਘਾਟਨ ਤੇ ਧਰੇਂ ਪੱਥਰ ਕੁਰਸੀ ਬਣੀ ਰਹੇ ਹੁੰਦੀ ਰਹੇ ਚੋਣ ਬੇਟਾ।
ਮਿਲਣ ਤੈਨੂੰ ਸਲਾਮੀਆਂ ਦਿਨੇ-ਰਾਤੀਂ ਸਦਾ ਹੱਸੇਂ ਤੇ ਦੁਸ਼ਮਣ ਪਏ ਰੋਣ ਬੇਟਾ।
ਟਿਕਟ ਮਿਲਣ ਤੇ ਨੰਗ ਤੋਂ ਬਣੇ ਨੇਤਾ ਲੋਕੀਂ ਨੋਟਾਂ ਦੇ ਹਾਰ ਪ੍ਰੋਣ ਬੇਟਾ।
ਅੰਨ੍ਹਾਂ ਅਕਲ ਦਾ ਰਿਹੈਂ ਅੱਜ ਤੀਕ ਭਾਵੇਂ ਦੇ ਕੇ ਨੇਤਰ ਅੱਜ ਰਾਹ ਦਿਖਾਉਂਣ ਲੱਗਿਆਂ।
ਚੇਲਾ ਮੁੰਨ ਕੇ ਬਾਪਨਾ ਦੇਹ ਤੈਨੂੰ ਲੀਡਰ ਬਣਨ ਦਾ ਮੰਤਰ ਸਿਖਾਉਂਣ ਲੱਗਿਆਂ !

ਪਹਿਲਾ ਮੰਤਰ ਹੈ ਆਪਣਾ ਆਪ ਮਾਰਨ ਫੇਰ ਜੜੀ-ਜ਼ਮੀਰ ਨੂੰ ਮਾਰਨਾ ਹੈ।
ਆਪੋਜ਼ੀਸ਼ਨ ਹੈ ਸਮਝਣਾ ਜੋਗ ਤਾਈਂ ਅੱਗਾ ਆਪਣਾ ਸਿਰਫ ਸੰਵਾਰਨਾ ਹੈ।
ਮਨ ਵਿਚ ਹੋਰ ਤੇ ਮੁਖੋਂ ਕੁਝ ਹੋਰ ਕਹਿਣਾ ਝੂਠ ਵਰਤਣਾ ਸੱਚ ਵਿਸਾਰਨਾ ਹੈ।
ਠੱਗੀ ਧੋਖੇ ਫਰੇਬ ਨੂੰ ਖ਼ੂਨ ਪੱਲੇ ਭੇਡਾਂ ਜਾਣ ਲੋਕਾਈ ਨੂੰ ਚਾਰਨਾ ਹੈ।
ਸਾਰੀ ਸ਼ਰਮ ਹਯਾ ਨੂੰ ਵੇਚ ਖਾਣਾ ਸਦਾ ਹਾਰ ਨੂੰ ਸਮਝਣਾ ਜਿੱਤ ਬੇਟਾ।
ਸਦਾ ਗਹਿਰ - ਗੰਭੀਰ ਇਕਸਾਰ ਰਹਿਣਾ ਮੁੱਧ ਡਿੰਗੋਂ ਜਾਂ ਡਿੰਗ ਪਏ ਚਿੱਤ ਬੇਟਾ !

ਆਪੋਜ਼ੀਸ਼ਨ ਨੂੰ ਕੋਸਣਾ ਸੁਬਾਹ ਵੇਲੇ ਦਾਅ ਲੱਗੇ ਜੇ ਕਦੇ ਸਰਕਾਰ ਅੰਦਰ।
ਐਨ੍ਹ ਵਾਂਗ ਬਰਸੀਮ ਦੇ ਮੁੱਛ ਲੈਣਾ ਆਵੇ ਮਹਿਕਮਾ ਜਿਹੜਾ ਵੀ ਮਾਰ ਅੰਦਰ।
ਸੁਆਗਤ ਆਪਣੇ ਲਈ ਹਾਰ ਭੇਜਣੇ ਹਨ ਸਦਾ ਆਪ ਤੋਂ ਪਹਿਲ੍ਹੜੀ ਕਾਰ ਅੰਦਰ।
ਗੜਬੜ ਮਾਮਲਾ ਸਮਝਣਾ ਲੀਡਰੀ ਦਾ ਮੂਰਤ ਰੋਜ਼ ਨਾ ਛਪੇ ਅਖ਼ਬਾਰ ਅੰਦਰ।
ਰੱਖਣੀ ਨਾਲ ਐਡੀਟਰਾਂ ਸਦਾ ਯਾਰੀ ਰੱਖਣਾ ਇਨ੍ਹਾਂ ਨੂੰ ਸਦਾ ਨਿਹਾਲ ਬੇਟਾ।
ਸਿੱਧੀ ਕਲਮ ਵਾਹ ਗੁੱਡੀ ਚੜ੍ਹਾਇ ਦਿੰਦੇ ਪੁੱਠੀ ਕਲਮ ਵਾਹ ਬਣਨ ਇਹ ਕਾਲ ਬੇਟਾ!!

ਟਿਕਟ ਬੱਸ ਦਾ ਵੀ ਕਿਧਰੇ ਹੋਏ ਮਿਲਦਾ ਛੇਤੀ ਭੱਜ ਕੇ ਲਾਈਨ ਵਿਚ ਜਾ ਖੁੜਨਾ।
ਕਿਧਰੇ ਖੁਸ਼ੀ ਜਾਂ ਮਰਗ ਦਾ 'ਕੱਠ ਹੋਵੇ ਛਾਲ ਮਾਰ ਸਟੇਜ ਤੇ ਜਾ ਚੁੜਨਾ।
ਭੁਟ - ਭੁਟ ਬੋਲਣਾ ਰਟੀ ਤਕਰੀਰ ਤਾਈਂ ਬਿਨਾ ਪੁੱਛਿਆਂ ਮਾਈਕ ਨੂੰ ਜਾ ਫੜਨਾ।
ਆਪੋਜ਼ੀਸ਼ਨ ਵਿਚ ਹੁੰਦਿਆਂ ਨਿੰਦ ਆਵੇ ਸਾਰਾ ਦੇਸ਼ ਸਰਕਾਰ ਸਿਰ ਜਾ ਮੁੜਨਾ।
ਕਦੇ ਮੂਲ ਨਹੀਂ ਗੌਲਣਾ ਬੇਇਜ਼ਤੀ ਨੂੰ ਸਗੋਂ ਉਠ ਕੇ ਹੋਰ ਮੁਸਕਾਵਣਾ ਹੈ !
ਚੋਣ ਪਹਿਲੋਂ ਹੈ ਵੋਟਰ ਨੂੰ ਪਿਓ ਕਹਿਣਾ ਮਗਰੋਂ ਓਸੇ ਨੂੰ ਪੁੱਤ ਬਣਾਵਣਾ ਹੈ !!

ਦਲ ਬਦਲਣਾ ਅੱਖ ਦੇ ਫੋਰ ਅੰਦਰ ਚੁੜਦੇ ਸੂਰਜ ਨੂੰ ਸੀਸ ਝੁਕਾਈ ਜਾਣਾ।
ਰੱਖਣਾ ਕੁੜਤਾ ਪਜਾਮਾ ਤਾਂ ਓਹੀ ਭਾਵੇਂ ਬਦਲੋਂ ਪਾਰਟੀ ਪੱਗ ਬਦਲਾਈ ਜਾਣਾ।
ਨਾਂਹ ਵਿਚ ਕਿਸੇ ਨੂੰ ਨਹੀਂ ਜਵਾਬ ਦੇਣਾ ਕਾਕੇ ਬਖਸ਼ਣੇ ਲਾਰਾ ਹੀ ਲਾਈ ਜਾਣਾ।
ਉਤੋਂ ਏਕਤਾ ਦਾ ਨਾਅਰਾ ਲਾਈ ਜਾਣਾ ਦੋਹਾਂ ਧਿਰਾਂ ਨੂੰ ਵਿਚੋਂ ਲੜਾਈ ਜਾਣਾ।
ਇਹਨਾਂ ਗੁਣਾਂ ਦਾ ਧਾਰਨੀ ਹੋਏਂ ਜੇਕਰ ਤੈਨੂੰ ਪਾਰਟੀ ਕੁਰਸੀ ਬਿਠਾਏਗੀ ਫਿਰ !
ਕੋਈ ਪਿਓ ਦਾ ਪੁੱਤ ਨਹੀਂ ਲਾਹ ਸਕਦਾ ਤੈਨੂੰ ਪੁਲਸ ਹੀ ਕੁੱਟ ਕੇ ਲਾਹੇਗੀ ਫਿਰ !!

(ਮਾਰਚ, 1985)

ਵਿਸਾਖੀ ਦੀ ਵੰਗਾਰ ! ਹੋਸ਼ਿਆਰ !! ਹੋਸ਼ਿਆਰ !!!

ਵਿਸਾਖੀ ਸਿੱਖਾਂ ਦੇ ਸਿਰਾਂ ਦੀ ਵਾਢੀ ਦਾ ਤਿਉਹਾਰ ਹੈ। ਦਿੱਲੀ ਦੇ ਤਖਤ ਤੇ ਕਬਜ਼ਾ ਜਾਬਰ ਮੁਗਲ ਦਾ ਰਿਹਾ ਹੈ ਜਾਂ ਖਚਰੇ ਅੰਗਰੇਜ਼ ਦਾ ਤੇ ਭਾਂਵੇਂ ਇਹਨਾਂ ਦੇ ਆਪ ਬੈਠਾਏ ਹਿੰਦੂ-ਹੁਕਮਰਾਨ ਦਾ, ਸਿੱਖਾਂ ਨੂੰ ਸਦਾ ਜ਼ੁਲਮ ਦੇ ਅੰਧਕਾਰ ਨਾਲ ਆਢਾ ਲੈਣ ਲਈ ਨਿਤਰਨਾ, ਕੁਰਬਾਨੀਆਂ ਦੇ ਰਾਹ ਤੇ ਤੁਰਨਾ ਤੇ ਤਸ਼ੱਦਦ ਦੀ ਅਗਨੀ-ਪ੍ਰੀਖਿਆ ਚੋਂ ਗੁਜ਼ਰਨਾ ਪਿਆ ਹੈ। ਪਰ ਇਤਿਹਾਸ ਦੇ ਪੰਨੇ ਇਸ ਗੱਲ ਦੇ ਗਵਾਹ ਹਨ ਕਿ ਉਹ ਹਰ ਸੰਘਰਸ਼ ਚੋਂ ਹੋਰ ਵੀ ਸ਼ਕਤੀਵਰ ਤੇ ਪ੍ਰਚੰਡ ਹੋ ਕੇ ਉਭਰੇ ਹਨ !

ਇਹਨਾਂ ਸਤਰਾਂ ਵਿਚ ਸਾਡਾ ਮੰਤਵ ਸਿੱਖ-ਸਤਿਆਚਾਰ ਵਿਚ ਵਿਸਾਖੀ ਦੀ ਮਹੱਤਤਾ ਤੇ ਇਤਿਹਾਸਕ-ਚਿਤਰਣ ਕਰਨਾ ਨਹੀਂ ਸਗੋਂ ਸਿਰਫ ਵਿਸਾਖੀ 1978 ਨੂੰ ਅੰਮ੍ਰਿਤਸਰ 'ਚ ਹੋਈ ਸਿੱਖ-ਨਿਰੰਕਾਰੀ ਮੁੱਠ-ਭੇੜ ਵੱਲ ਸੰਕੇਤ ਕਰਕੇ ਇਸਤੋਂ ਉਪਜੀਆਂ ਉਹਨਾਂ ਪ੍ਰਸਥਿਤੀਆਂ ਦਾ ਉਲੇਖ ਕਰਨਾ ਹੈ ਜਿਹਨਾਂ ਚੋਂ ਗੁਜ਼ਰ ਕੇ ਅੱਜ ਖਾਲਸਾ-ਪੰਥ ਇਸ ਪੜਾਅ ਤੇ ਆਣ ਪਹੁੰਚਾ ਹੈ।

ਉਂਞ ਇਸ ਤਿਉਹਾਰ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਉਪਰੰਤ ਗੁਰੂ ਅਮਰਦਾਸ ਜੀ ਨਾਲ ਜੁੜਨਾ, ਗੁਰੂ ਹਰਗੋਬਿੰਦ ਸਾਹਿਬ ਜੀ ਦਾ ਇਸ ਦਿਨ ਆਪਣੇ ਸਿੱਖਾਂ ਨੂੰ ਜ਼ੁਲਮ ਵਿਰੁਧ ਪਹਿਲੇ ਹਥਿਆਰਬੰਦ-ਘੋਲ ਲਈ ਜਥੇਬੰਦ ਕਰਨਾ, 1695 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਜਰੌਤ ਦੇ ਰੰਘੜਾਂ ਦੀ ਸੁਧਾਈ ਕਰਨਾ ਤੇ 1699 ਈ: ਵਿਸਾਖੀ ਨੂੰ ਤੇਗ ਦੀ ਧਾਰ ਚੋਂ ਖਾਲਸੇ ਨੂੰ ਸਿਰਜਣਾ, ਬੰਦੇ ਬਹਾਦਰ ਦਾ ਸਮਾਣਾ ਤੇ ਸਢੌਰਾ ਜਿੱਤ ਕੇ 1714 ਈ: ਵਿਸਾਖੀ ਨੂੰ ਅੰਮ੍ਰਿਤਸਰ ਸ਼ਾਹੀ ਦਰਬਾਰ ਸਜਾਉਂਣਾ, 1721 ਈ: ਦੀ ਵਿਸਾਖੀ ਨੂੰ ਤੱਤ ਖਾਲਸੇ ਤੇ ਬੰਦਈ ਖਾਲਸੇ ਦੇ ਝਗੜੇ ਦਾ ਸਰੋਵਰ ਵਿਚ ਪਰਚੀਆਂ ਸੁੱਟ ਕੇ ਨਿਪਟਾਰਾ ਹੋਣਾ, 1733 ਵਿਸਾਖੀ ਨੂੰ ਸ: ਕਪੂਰ ਸਿੰਘ ਵਲੋਂ ਨਵਾਬੀ ਦੀ ਜਾਗੀਰ ਦਾ ਪਟਾ ਲੈਣਾ, 1746 ਈ: ਦੀ ਵਿਸਾਖੀ ਮਨਾਉਂਣ ਅਤੇ ਜਸਪਤ ਰਾਇ ਦੇ ਕਤਲ ਤੋਂ ਕਾਹਨੂੰਵਾਨ ਦੇ ਛੰਭ 'ਚ ਸਿੱਖਾਂ ਦਾ ਵੱਡੇ ਪੈਮਾਨੇ ਤੇ ਕਤਲੇ-ਆਮ ਕੀਤੇ ਜਾਣਾ, 1762 ਇਸੇ ਦਿਨ ਅਬਦਾਲੀ ਵਲੋਂ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਉਂਣ ਦੀ ਠਾਨਣਾ, 1800 ਈ: ਦੀ ਵਿਸਾਖੀ ਨੂੰ ਸ: ਰਣਜੀਤ ਸਿੰਘ ਦਾ ਆਪਣੇ ਆਪ ਨੂੰ ਮਹਾਰਾਜਾ ਐਲਾਨਣਾ ਤੇ 1919 ਈ: ਦੀ ਵਿਸਾਖੀ ਨੂੰ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦਾ ਵਾਪਰਨਾ ਆਦਿ ਸਿੱਖ-ਇਤਿਹਾਸ ਨਾਲ ਸਬੰਧਤ ਕਿੰਨੀਆਂ ਹੀ ਘਟਨਾਵਾਂ ਇਕੱਲੇ-ਇਕੱਲੇ ਲੇਖ ਦੀਆਂ ਮੁਥਾਜ ਹਨ।

ਸਿੱਖ-ਲਹਿਰ ਦੇ ਮੁਗਲ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਦਾ ਮੁੱਖ ਕਾਰਨ ਇਹ ਸੀ ਕਿ ਇਹ ਲਹਿਰ ਇਸਲਾਮ ਤੋਂ ਅੱਡਰੇ, ਇਕ ਧਰਮ ਦੇ ਝੰਡੇ ਹੇਠ ਨਿਤਾਣੇ ਤੇ ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਮਜ਼ਲੂਮ ਲੋਕਾਂ ਨੂੰ ਲਾਮਬੰਦ ਕਰਨ ਤੇ ਉਹਨਾਂ ਦੀ ਆਜ਼ਾਦੀ ਲਈ ਅਗਵਾਈ ਕਰਨ ਵਾਲੀ ਲਹਿਰ ਸੀ। ਬਾਬਰਕਿਆਂ ਤੇ ਬਾਬੇਕਿਆਂ ਦਾ ਸਿਧਾਂਤਕ-ਟਕਰਾਅ ਬੜਾ ਸਪੱਸ਼ਟ ਸੀ। ਸਿੱਖ-ਲਹਿਰ ਨੂੰ ਕੁਚਲਣ ਦੇ ਮੁਗਲਾਂ ਦੇ ਯਤਨ ਬੜੇ ਪਰਤੱਖ ਸਨ ਜਿਹਨਾਂ ਲਈ ਸਿੱਖ-ਮਾਨਸਿਕ ਤੌਰ ਤੇ ਪੂਰੀ ਤਰਾਂ ਤਿਆਰ ਹੋਏ ਤੇ ਇਸ ਤਸ਼ੱਦਦ ਵਿਰੁਧ ਇਕ-ਮੁੱਠ ਹੋ ਕੇ ਆਪਣੀ ਵੱਖਰੀ ਹੋਂਦ ਕਾਇਮ ਰੱਖਣ ਲਈ ਸਿਰ ਤਲੀ ਤੇ ਧਰ ਕੇ ਜੂਝਦੇ ਰਹੇ। ਅੰਗਰੇਜ਼ਾਂ ਦੀ ਲੜਾਈ ਸਿੱਖਾਂ ਜਾਂ ਹੋਰ ਭਾਰਤੀ ਲੋਕਾਂ ਨਾਲ ਕੋਈ ਸਿਧਾਂਤਿਕ ਅਥਵਾ ਧਾਰਮਿਕ ਨਹੀਂ ਸੀ। ਉਹਨਾਂ ਦਾ ਮੰਤਵ ਸਿਰਫ ਹਿੰਦੁਸਤਾਨ ਨੂੰ ਆਪਣੇ ਕਬਜ਼ੇ ਥੱਲੇ ਰੱਖਣਾ ਤੇ ਇਸਦੀ ਲੁੱਟ-ਖਸੁੱਟ ਕਰਨਾ ਹੀ ਸੀ। ਉਹਨਾਂ ਦੀ ਇਹ ਮੰਤਵ-ਸਿੱਧੀ ਭਾਰਤੀਆਂ ਨੂੰ ਅਲੱਗ-ਅਲੱਗ ਧਰਮਾਂ, ਕੌਮਾਂ 'ਚ ਵੰਡ ਕੇ ਸਗੋਂ ਸੌਖੀ ਹੁੰਦੀ ਸੀ। ਵਿਰੋਧ ਸਿਰਫ ਉਦੋਂ ਹੀ ਸ਼ੁਰੂ ਹੁੰਦਾ

ਹੈ ਜਦੋਂ ਸਿੱਖ ਹਿੰਦੁਸਤਾਨ ਦੀ ਆਜ਼ਾਦੀ ਦੀ ਤਹਿਰੀਕ ਦੇ ਝੰਡਾ-ਬਰਦਾਰ ਬਣਦੇ ਹਨ। ਆਜ਼ਾਦੀ ਦੇਣ ਲੱਗਿਆਂ ਵੀ ਅੰਗਰੇਜ਼ ਦੀ ਸਿਰਤੋੜ ਕੋਸ਼ਸ਼ ਰਹੀ ਕਿ ਸਿੱਖ ਇਸ ਵੇਲੇ ਆਪਣਾ ਕੋਈ ਖਿੱਤਾ ਪ੍ਰਾਪਤ ਕਰ ਲੈਣ ਪਰ ਸਿੱਖ-ਲੀਡਰਾਂ ਵਿਚ ਦੂਰ-ਅੰਦੇਸ਼ੀ ਦੀ ਘਾਟ ਨੇ ਇਹ ਇਤਿਹਾਸਕ-ਮੌਕਾ ਖੁੰਝਾ ਕੇ ਕੌਮ ਦੀ ਤਕਦੀਰ ਤੇ ਲਕੀਰ ਫੇਰ ਦਿੱਤੀ !

ਆਜ਼ਾਦੀ ਉਪਰੰਤ ਇਕ ਅਜਿਹੇ ਦੌਰ ਦਾ ਆਰੰਭ ਹੁੰਦਾ ਹੈ ਜਿਸ ਵਿਚ ਸਿੱਖ-ਧਰਮ, ਸਿੱਖ-ਸਭਿਆਚਾਰ ਅਥਵਾ ਸਿੱਖਾਂ ਦੀ ਵੱਖਰੀ ਹੋਂਦ ਨੂੰ ਮਿਟਾਉਂਣ ਲਈ ਖਤਰਨਾਕ ਮਨਸੂਬੇ ਘੜ ਕੇ ਉਹਨਾਂ ਨੂੰ ਅੰਦਰਖਾਤੇ ਬਾਣੀਆ-ਰਣਨੀਤੀ ਰਾਹੀਂ ਲਾਗੂ ਕੀਤਾ ਜਾਣਾ ਸ਼ੁਰੂ ਹੁੰਦਾ ਹੈ, ਜਿਹਨਾਂ ਦਾ, ਕੁਰਸੀ-ਯੁੱਧ ਵਿਚ ਗੁੱਥ-ਮ-ਗੁੱਥਾ ਹੁੰਦੇ ਅਥਵਾ ਸੌਂਕਣਾਂ ਵਾਂਗ ਆਪਸ ਵਿਚ ਲੜਦੇ ਸਿੱਖ-ਲੀਡਰਾਂ ਨੂੰ ਨਾ ਗਿਆਨ ਸੀ ਤੇ ਨਾ ਕੋਈ ਪ੍ਰਵਾਹ। ਸਿੱਖ-ਕਲਚਰ ਤੇ ਪੰਜਾਬੀ ਬੋਲੀ ਦੀ ਗੱਲ ਕਿਸੇ ਹੋਰਸ ਅੰਕ ਵਿਚ ਕਰਾਂਗੇ। ਬੁਨਿਆਦੀ ਮਸਲਾ ਸੀ ਸਿੱਖ-ਧਰਮ ਦਾ, ਜਿਸਦੀ ਖੱਟਿਆ ਕਿ ਸਾਡੇ ਸਿੱਖ-ਲੀਡਰਾਂ ਨੇ ਹੁਣ ਤੱਕ ਖਾਧੀ ਹੈ। ਸਿੱਖ-ਧਰਮ ਨੂੰ ਇਸ ਅਰਸੇ ਦੌਰਾਨ ਅੰਦਰੂਨੀ ਤੇ ਬੈਰੂਨੀ ਦੋਹਾਂ ਮੁਹਾਜ਼ਾਂ ਤੇ ਢਾਹ ਲੱਗੀ ਹੈ। ਇਕ ਪਾਸੇ ਦਿੱਲੀ-ਸਰਕਾਰ ਨੇ ਸਿੱਖ-ਧਰਮ ਦੇ ਬਰਾਬਰ ਬਾਹਰੀ ਤੌਰ ਤੇ ਸਿੱਖ-ਧਰਮ ਦੇ ਹੀ ਕਿਸੇ ਅੰਗ ਦਾ ਭੂਲੇਖਾ ਪਾਉਂਦੀਆਂ ਨਕਲੀ ਸੰਪਰਦਾਵਾਂ-ਸੰਸਥਾਵਾਂ ਨੂੰ ਆਪਣੇ ਹੀਲਿਆਂ-ਵਸੀਲਿਆਂ ਨਾਲ ਤਕੜਿਆਂ ਕੀਤਾ ਹੈ, 'ਅਵਤਾਰ ਐਂਡ ਗੁਰਬਚਨ ਨਿਰੰਕਾਰੀ ਮੰਡਲ' ਇਸਦਾ ਸਭ ਤੋਂ ਵੱਡਾ ਪ੍ਰਮਾਣ ਹੈ, ਜਿਸਦੀ ਦਿੱਲੀ-ਸਰਕਾਰ ਨੇ ਆਪਣੇ ਸਾਧਨਾਂ ਨਾਲ ਦਿਲ ਖੋਹਲ ਕੇ ਮਦਦ ਕਰਕੇ ਇਸਨੂੰ ਸਿੱਖ-ਧਰਮ ਦੇ ਮੁਕਾਬਲੇ ਉਭਾਰਨ ਲਈ ਨਾ ਸਿਰਫ ਉਤਸ਼ਾਹ ਹੀ ਦਿੱਤਾ ਸਗੋਂ ਸਿੱਖ-ਧਰਮ ਉਤੇ ਹਮਲਿਆਂ ਲਈ ਇਹਨਾਂ ਵਿਚ ਸਿੱਧੇ-ਅਸਿੱਧੇ ਰੂਪ 'ਚ ਭਾਈਵਾਲ ਵੀ ਬਣੀ। ਇਸ ਮੰਡਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ, ਸਿੱਖ ਗੁਰੂ ਸਹਿਬਾਨ ਤੇ ਸਿੱਖ-ਪਰੰਪਰਾਵਾਂ ਦਾ ਮਖੌਲ ਉਡਾਇਆ ਤੇ ਭੋਲੇ-ਭਾਲੇ ਸਿੱਖਾਂ ਨੂੰ ਵਰਗਲਾਉਂਣ ਲਈ ਇਹਨਾਂ ਦੇ ਬਦਲ ਵੀ ਸਥਾਪਤ ਕੀਤੇ। 'ਅਵਤਾਰ-ਬਾਣੀ' ਤੇ 'ਸੰਤ ਸਿਤਾਰਿਆਂ' ਦੀ ਸਾਜਣਾ ਆਦਿ ਇਸਦੇ ਪ੍ਰਤੱਖ ਪ੍ਰਮਾਣ ਹਨ। ਸਰਕਾਰੀ ਮਸ਼ੀਨਰੀ ਸਿੱਖ-ਧਰਮ ਦੇ ਮੁਕਾਬਲੇ ਇਸ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਪੂਰੀ ਤਰਾਂ ਸਰਗਰਮ ਰਹੀ ਹੈ ਤੇ ਵੱਡੇ ਵੱਡੇ ਸਰਕਾਰੀ-ਪੁਰਜ਼ਿਆਂ ਦੀ ਸਰਪਰਸਤੀ ਤੇ ਸਹਿਯੋਗ ਇਸ ਮਿਸ਼ਨ ਨੂੰ ਸਦਾ ਮਿਲਦਾ ਰਿਹਾ ਹੈ।

ਦੂਸਰੇ ਪਾਸੇ ਇਤਨੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਸਿੱਖਾਂ ਦੀ ਸਰਬੋਤਮ ਧਾਰਮਿਕ ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ ਉਤੇ ਪਹਿਲੋਂ ਸਰਕਾਰ ਨੇ ਕਾਂਗਰਸੀ ਪਟੇ ਵਾਲੇ ਸਿੱਖਾਂ ਰਾਹੀਂ ਕਬਜ਼ਾ ਕਰਨ ਤੇ ਕਾਬਜ਼ ਰਹਿਣ ਲਈ ਇਸਦੇ ਮਾਹੌਲ ਨੂੰ ਕਸ਼ੀਦਗੀ ਵਾਲਾ ਬਣਾਈ ਰੱਖਿਆ ਤੇ ਮਗਰੋਂ ਲੰਬੇ ਅਰਸੇ ਤੋਂ ਇਸਤੇ ਅਕਾਲੀ ਦਲ ਦਾ ਕਬਜ਼ਾ ਹੋਣ ਤੋਂ ਲੈ ਕੇ ਹੁਣ ਤੀਕ ਗੁਰੂ ਕੀ ਸਿੱਖੀ ਨੂੰ ਪ੍ਰਫੁੱਲਤ ਕਰਨ ਦੇ ਵੱਡੇ ਜ਼ਿਮੇਵਾਰ ਤੇ ਦਾਅਵੇਦਾਰ ਖੁਦਗਰਜ਼ ਅਕਾਲੀ-ਲੀਡਰਾਂ ਨੇ ਸਵੱਛ ਗੁਰਦੁਆਰਾ ਪ੍ਰਬੰਧ ਦੇਣ ਅਤੇ ਅੰਮ੍ਰਿਤ-ਸੰਚਾਰ ਕਰਨ ਦੀ ਬਾਵੇਂ ਇਸਨੂੰ ਆਪਣੀ ਗੱਤਕਾਬਾਜ਼ੀ ਦਾ ਅਖਾੜਾ ਬਣਾਇਆ ਹੋਇਆ ਹੈ। ਖਾਸਕਰ ਸੰਤ ਫਤਹ ਸਿੰਘ-ਚੰਨਣ ਸਿੰਘ ਦੇ ਅੱਗੇ ਆਉਂਣ ਨਾਲ ਇਸਦੀ ਹਾਲਤ ਨਿੱਘਰਨ ਵੱਲ ਤੁਰਦੀ ਹੈ। ਇਸ ਸੰਤ-ਜੋੜੀ ਦਾ ਕਰਮ-ਖੇਤਰ ਧਾਰਮਿਕ ਹੋਣ ਕਾਰਨ ਸਿੱਖ ਸੰਗਤਾਂ ਨੂੰ ਆਸ ਤੇ ਧਰਵਾਸ ਸੀ ਕਿ ਸ਼੍ਰੋਮਣੀ ਕਮੇਟੀ ਉਹਨਾਂ ਦੀ ਲੀਡਰਸ਼ਿਪ ਥੱਲੇ ਸਿੱਖ-ਧਰਮ ਦੀ ਪ੍ਰਫੁੱਲਤਾ ਲਈ ਨਵੀਂ ਦਿਸ਼ਾ ਵੱਲ ਟੁਰੇਗੀ ਤੇ ਨਵੇਂ ਮੋੜ ਕੱਟੇਗੀ। ਪਰ ਜਿਉਂ ਹੀ ਇਹਨਾਂ ਧਾਰਮਿਕ ਮਹਾਂ ਪੁਰਸ਼ਾਂ ਦੇ ਮੂੰਹ ਨੂੰ ਸਿਆਸਤ ਦਾ ਲਹੂ ਲੱਗਾ ਤੇ ਇਹ ਗੋਡੀਂ-ਹੱਥ ਲਵਾਉਂਣ ਵਾਲੇ ਲੋਕ, ਖੁਸ਼ਾਮਦੀਆਂ 'ਚ ਘਿਰ, ਵਜ਼ੀਰੀਆਂ ਵੰਡਣ ਲੱਗੇ ਤਾਂ ਸਿੱਖੀ-ਪ੍ਰਚਾਰ ਦੀ ਗੱਲ ਉਹਨਾਂ ਨੂੰ ਕਿਸੇ ਪਿਛਲੇ ਜਨਮ ਦੀ ਬਾਤ ਲੱਗਣ ਲੱਗੀ ਅਤੇ ਇਹਨਾਂ ਦੀ ਅੱਖਰ ਨਾ ਉਠਾ ਸਕਣ ਦੀ ਕਮਜ਼ੋਰੀ ਕਾਰਨ ਸ਼੍ਰੋਮਣੀ ਕਮੇਟੀ ਦਾ ਸਾਰਾ ਕੰਮ ਦਫ਼ਤਰੀ ਅਮਲਾ-ਫੈਲਾ ਆਪਣੀ ਮਨਮਰਜ਼ੀ ਨਾਲ ਅਤੇ ਵਧੇਰੇ ਕਰਕੇ ਕਾਗਜ਼ਾਂ ਵਿਚ ਹੀ ਚਲਾਉਂਦਾ ਰਿਹਾ।

ਨਿਕਲਦੇ-ਨਿਕਲਦੇ ਇਹ ਭੂਤਨੇ ਸਿੱਖੀ ਦੇ ਘਰ ਦੀ ਇਹ ਲਟੈਣ ਤੋੜ ਗਏ ਕਿ ਜਾਂਦੇ-ਜਾਂਦੇ ਸ਼੍ਰੋਮਣੀ ਕਮੇਟੀ ਦੇ ਪਾਵੇ ਨੂੰ ਇਸਦੇ ਵਰਤਮਾਨ ਤੇ ਗਏ-ਗੁਜਰੇ ਪ੍ਰਧਾਨ ਗੁਰਚਰਨ ਸਿੰਘ ਟੌਹੜੇ ਦਾ ਹੱਥ ਪਵਾ ਗਏ। ਟੌਹੜੇ ਦਾ ਕਰੂਰਾ ਤੇ ਪਿਛੋਕੜ ਕਾਮਰੇਡਾਂ ਨਾਲ ਤਾਂ ਮਿਲਦਾ ਹੀ ਸੀ ਪਰ ਢਾਡੀ ਰਹਿਣ ਕਾਰਨ ਇਸ ਨੂੰ ਗੱਲਾਂ ਨਾਲ ਕੜਾਹ ਕਰਨ ਤੇ ਜ਼ੁਬਾਨ ਦੀ ਖੱਟਿਆ ਖਾਣ ਦਾ ਵੀ ਕਾਫੀ ਮੁਹਾਵਰਾ ਸੀ। ਸੰਤ-ਜੋੜੀ ਦੇ ਚਲਾਣੇ ਉਪਰੰਤ ਜਦੋਂ ਅਕਾਲੀ-ਲੀਡਰਸ਼ਿਪ ਦੇ ਢਾਂਚੇ ਦੀਆਂ ਚੂਲਾਂ ਹਿਲ ਗਈਆਂ ਤਾਂ ਇਸ ਅਸਥਿਰਤਾ ਦੀ ਸਥਿਤੀ ਵਿਚ ਆਪਣੇ ਉਪਰਲੇ (ਔ) ਗੁਣਾਂ ਕਰਕੇ ਟੌਹੜੇ ਦਾ ਹੱਥ ਸ਼੍ਰੋਮਣੀ ਕਮੇਟੀ ਨੂੰ ਪੈ ਗਿਆ। ਬਸ ਉਦੋਂ ਤੋਂ ਹੀ ਇਹ ਖਚਰਾ-ਚਿੱਚੜ ਇਸ ਉਚੱਤਮ ਸਿੱਖ ਸੰਸਥਾ ਦੇ ਪਿੰਡੇ ਨੂੰ ਚਿੰਬੜਿਆ ਹੋਇਆ ਹੈ ਪਰ ਉਸਦੀ ਇਸ ਸੰਸਥਾ ਦੇ ਬੁਨਿਆਦੀ ਉਦੇਸ਼ ਅਥਵਾ ਧਰਮ-ਪ੍ਰਚਾਰ ਵਿਚ ਉਕਾ ਦਿਲਚਸਪੀ ਨਹੀਂ ਕਿਉਂਕਿ ਪਾਠਕ ਜਾਣਦੇ ਹਨ ਕਿ ਉਸਦਾ ਖਾਸਾ ਤੇ ਦਿਮਾਗੀ ਸੋਚ ਰਾਜਸੀ ਹੈ। ਉਸਦੀ ਸਿਆਸਤ ਦਾ ਰੱਸਾ ਚੱਬਣ ਦੀ ਆਦਤ ਨੇ ਇਸ ਸਰਬੋਤਮ ਧਾਰਮਿਕ ਸਿੱਖ ਸੰਸਥਾ ਨੂੰ ਸਿਆਸਤ ਦਾ ਅਖਾੜਾ ਬਣਾ ਕੇ ਇਸਦਾ ਪੂਰੀ ਤਰਾਂ ਭੱਠਾ ਬਿਠਾ ਦਿੱਤਾ ਹੈ। ਉਸਦੇ ਪ੍ਰਧਾਨਗੀ ਕਾਲ ਵਿਚ ਉਸਨੇ ਜਾਣਦਿਆਂ-ਬੁਝਦਿਆਂ ਵੱਧ ਤੋਂ ਵੱਧ ਨਾਸਤਿਕ ਤੇ ਕਾਮਰੇਡ ਸ਼੍ਰੋਮਣੀ ਕਮੇਟੀ ਤੇ ਇਸ ਨਾਲ ਸਬੰਧਤ ਸੰਸਥਾਵਾਂ ਵਿਚ ਭਰੇ ਹਨ। ਇਥੇ ਇਹ ਗੱਲ ਵੀ ਪਾਠਕਾਂ ਦੀ ਜਾਣਕਾਰੀ ਲਈ ਦੱਸਣੀ ਉਚਿੱਤ ਹੋਵੇਗੀ ਕਿ ਸਿੱਖ-ਧਰਮ ਦਾ ਇਹ 'ਪਾਪੀ-ਪੋਪ' ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਆਪਣਾ ਸਿਆਸੀ-ਗੁਰੂ ਮੰਨਦਾ ਰਿਹਾ ਹੈ ਤੇ ਉਸਤੋਂ ਪੁੱਛ-ਪੁੱਛ ਕੇ ਪੰਥਕ-ਰੈਜ਼ੂਲੇਸ਼ਨ ਡਰਾਫਟ ਕਰਾਉਂਦਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵਿਚ ਧਰਮ ਉਤੇ ਸਿਆਸਤ ਭਾਵੇਂ ਕੁਝ ਦੇਰ ਪਹਿਲੋਂ ਤੋਂ ਹੀ ਭਾਰੂ ਹੋਣੀ ਆਰੰਭ ਹੋ ਗਈ ਸੀ ਪਰ ਸਿਆਸਤ ਦਾ ਸਹੀ ਅਰਥਾਂ ਵਿਚ ਬੋਲਬਾਲਾ ਟੌਹੜੇ ਦੇ ਪ੍ਰਧਾਨਗੀ ਤੇ ਪਹੁੰਚਣ ਨਾਲ ਹੀ ਹੁੰਦਾ ਹੈ। ਇਸ ਸਮੇਂ ਇਹ ਸੰਸਥਾ ਸਿੱਖ ਅਥਵਾ ਅਕਾਲੀ-ਸਿਆਸਤ ਵਿਚ ਪ੍ਰਵੇਸ਼ ਕਰਨ ਲਈ ਇਕ ਆਧਾਰ-ਪੱਥਰ (stepping stone) ਹੀ ਬਣ ਗਈ ਹੈ ਜਿਥੇ ਕਿਸੇ 'ਆਪਣੇ ਬੰਦੇ' ਨੂੰ ਪਹਿਲੋਂ ਸ਼੍ਰੋਮਣੀ ਕਮੇਟੀ ਦੀ ਟਿਕਟ ਤੇ ਇਲੈਕਸ਼ਨ ਲੜਾ ਕੇ ਸਰਕਾਰ ਵਿਚ ਆਪਣਾ ਪੱਖ ਬਣਾਉਣ ਲਈ ਆਉਣ ਵਾਲੀ ਅਸੈਂਬਲੀ-ਇਲੈਕਸ਼ਨ ਲਈ ਟਿਕਟ ਦੇਣ ਦੀ ਵਿਉਂਤਬੰਦੀ ਅਗੇਤਰੀ ਹੀ ਕਰ ਲਈ ਜਾਂਦੀ ਹੈ। ਇਸਤਰਾਂ ਟੌਹੜੇ ਦੀ ਛਤਰ-ਛਾਇਆ ਹੇਠ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦਾ ਕੇਂਦਰ ਬਣਨ ਦੀ ਬਜਾਏ ਸਿਖਾਂਦਰੂ-ਸਿਆਸਤਦਾਨਾਂ ਲਈ ਪੂਰੀ ਤਰਾਂ ਇਕ ਟ੍ਰੇਨਿੰਗ-ਸੈਂਟਰ ਵਿਚ ਤਬਦੀਲ ਹੋ ਚੁੱਕੀ ਹੈ ਤੇ ਟੌਹੜੇ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੁੰਦੇ ਹੋਏ ਧਰਮ-ਪ੍ਰਚਾਰ ਵੱਲ ਧਿਆਨ ਦੇਣ ਦੀ ਥਾਂਵੇਂ ਬਤੌਰ ਮੈਂਬਰ-ਪਾਰਲੀਮੈਂਟ ਆਪਣੇ ਹਲਕੇ ਦੀਆਂ ਸੀਮੈਂਟ ਦੀਆਂ ਦਰਖਾਸਤਾਂ ਤੇ ਦਸਖਤ ਕਰਨ ਦਾ ਹੀ ਵਧੇਰੇ ਫਿਕਰ ਰਿਹਾ ਹੈ ਜਿਥੇ ਉਸਨੇ ਅਗਲੀ ਇਲੈਕਸ਼ਨ ਲਈ ਆਪਣਾ ਬੇਸ ਹੋਰ ਵਧੇਰੇ ਮਜ਼ਬੂਤ ਬਣਾਉਣਾ ਹੁੰਦਾ ਹੈ। ਅਜਿਹੀ ਅਵੱਸਥਾ ਵਿਚ ਸਿੱਖ-ਸੰਗਤਾਂ, ਸਿੱਖ-ਧਰਮ ਦੇ ਇਸ 'ਪੋਪ' ਪਾਸੋਂ ਅੰਮ੍ਰਿਤ-ਸੰਚਾਰ ਦੀ ਆਸ ਰੱਖਣ? ਤੌਬਾ ! ਗੁਰੂ ਕੀ ਸੰਗਤ ਹੀ ਭੋਲੀ ਹੈ! ਵਰਨਾ ਟੌਹੜਾ ਤਾਂ ਆਪਣੀ ਲੀਡਰੀ ਨੂੰ ਸੀਮੈਂਟ ਲਾਉਣ ਅਥਵਾ ਪੱਕੀ ਕਰਨ ਲਈ ਪੂਰੀ ਤਰਾਂ ਚਿੰਤਨ ਹੈ। ਨਕਲੀ ਨਿਰੰਕਾਰੀ-ਮੰਡਲ ਵਰਗੀਆਂ ਸੰਪਰਦਾਵਾਂ ਦੇ ਪ੍ਰੱਲਰਨ ਅਥਵਾ ਪ੍ਰਫੁੱਲਤ ਹੋਣ ਦਾ ਮੁੱਖ ਕਾਰਨ ਸਿਆਸਤ ਦੀ ਜ਼ਿਲਣ 'ਚ ਗਲ-ਗਲ ਧਸੇ ਤੇ ਸਿੱਖੀ ਪ੍ਰਚਾਰ ਵੱਲੋਂ ਅਵੇਸਲੇ ਟੌਹੜੇ ਵਰਗੇ ਲੀਡਰ ਹੀ ਹਨ। ਸ਼੍ਰੋਮਣੀ ਕਮੇਟੀ ਵਰਗੀ ਉਚਤਮ ਧਾਰਮਿਕ-ਸੰਸਥਾ ਦੇ ਪ੍ਰਧਾਨ ਦੀ ਮਹਾਨ ਜ਼ਿਮੇਵਾਰੀ ਨੂੰ ਪੂਰੀ ਤਰਾਂ ਨਿਭਾ ਸਕਣ ਦੇ ਮੰਤਵ ਨਾਲ ਲਗਪਗ ਸਮੁੱਚੇ ਸੰਸਾਰ ਵਲੋਂ ਗੁਰਚਰਨ ਸਿੰਘ ਟੌਹੜੇ ਨੂੰ ਪਾਰਲੀਮੈਂਟ ਦੀ ਇਕ-ਤੁੱਛ ਮੈਂਬਰੀ ਤਿਆਗਣ ਲਈ ਬਾਰ ਬਾਰ ਆਵਾਜ਼ ਉਠਾਈ ਗਈ ਪਰ ਟੌਹੜਾ ਸਿੱਖ-ਸੰਸਾਰ ਦੀ ਇਸ ਮੰਗ ਜਾਂ ਸਲਾਹ ਨੂੰ ਲੰਮੇ ਸਮੇਂ ਲਈ ਇਕ ਕੰਨ ਸੁਣ ਕੇ ਦੂਜੇ ਕੰਨ ਕਢਦਾ ਰਿਹਾ ਤੇ ਦਰਬਾਰ ਸਾਹਿਬ ਉਤੇ ਹਮਲੇ ਸਮੇਂ ਟੌਹੜੇ ਨੇ ਜਿਸਤਰਾਂ ਆਪਣੀ ਜ਼ਿਮੇਵਾਰੀ ਨਿਭਾਈ ਹੈ, ਪੰਥ ਨੂੰ ਇਸਦਾ ਹੁਣ ਭਲੀ ਭਾਂਤ ਪਤਾ ਹੀ ਹੈ। ਇਸਦੇ ਉਲਟ ਟੌਹੜੇ ਵਾਲੀ ਸੀਟ ਤੋਂ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਕੈ: ਅਮਰਿੰਦਰ ਸਿੰਘ ਨੇ ਹਮਲਾ ਹੁੰਦੇ ਹੀ ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਦਿਆਂ ਪਾਰਲੀਮੈਂਟ ਦੀ ਮੈਂਬਰੀ ਤੋਂ ਅਸਤੀਫਾ ਸਰਕਾਰ ਦੇ ਪੈਰਾਂ ਵਿਚ ਵਗਾਹ

ਮਾਰਿਆ। ਟੌਹੜੇ ਵਰਗੇ ਖੁਦਗਰਜ਼ ਲੀਡਰਾਂ ਨੂੰ ਆਉਣ ਵਾਲੀਆਂ ਪੀੜੀਆਂ ਅਤੇ ਇਤਿਹਾਸ ਕਦੇ ਵੀ ਮੁਆਫ ਨਹੀਂ ਕਰੇਗਾ ਜੁ ਆਪਣੇ ਦਿਮਾਗ ਉਤੇ ਪੂਜਾ ਦੇ ਧਨ ਨਾਲ ਚੁੜੀ ਚਰਬੀ ਕਾਰਨ ਇਹ ਵੀ ਨਾ ਸੋਚ ਸਕੇ ਕਿ ਇਸ ਵਿਗਿਆਨਕ-ਯੁਗ ਵਿਚ ਸਿੱਖ-ਧਰਮ ਤੇ ਸਭਿਆਚਾਰ ਦੇ ਮਹਾਨ ਗ੍ਰੰਥਾਂ ਅਥਵਾ ਇਤਿਹਾਸਕ ਦਸਤਾਵੇਜ਼ਾਂ ਦੀਆਂ ਦੋ-ਦੋ ਚਾਰ-ਚਾਰ ਫੋਟੋ ਕਾਪੀਆਂ ਕਰਵਾ ਕੇ ਵੱਖਰੇ-ਵੱਖਰੇ ਥਾਵਾਂ ਤੇ ਸੰਭਾਲ ਕੇ ਰੱਖ ਲਈਆਂ ਜਾਂਦੀਆਂ ਤਾਂ ਕਿ ਕਿਸੇ ਵੀ ਕਹਿਰ ਦੇ ਵਰਤ ਜਾਣ ਦੀ ਸੂਰਤ ਸਾਡਾ ਅਮੁੱਲਾ ਇਤਿਹਾਸਕ-ਵਿਰਸਾ ਤਾਂ ਸੁਰੱਖਿਅਤ ਰਹਿ ਜਾਂਦਾ !

ਪਿਛਲੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਦਾ ਅੰਮ੍ਰਿਤ-ਸੰਚਾਰ ਦਾ ਕੰਮ ਹਵਾ-ਮਾਫਕ ਜਾਂ ਲਗਪਗ ਬੰਦ ਹੈ। ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨਰੀ-ਕਾਲਜ ਦਾ ਕੰਮ ਤਕਰੀਬਨ ਤਕਰੀਬਨ ਠੱਪ ਵਾਂਗੂੰ ਹੈ। ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਲਈ ਗ੍ਰੰਥੀ ਜਾਂ ਰਾਗੀ ਪੈਦਾ ਕਰਨ ਦੇ ਕਾਬਲ ਨਹੀਂ। ਜੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਬਾਬਾ ਖੜਕ ਸਿੰਘ, ਬਾਬਾ ਜੀਵਨ ਸਿੰਘ, ਬਾਬਾ ਗੁਰਮੁਖ ਸਿੰਘ ਤੇ ਬਾਬਾ ਹਰਬੰਸ ਸਿੰਘ ਆਦਿ ਮਹਾਂ ਪੁਰਸ਼ਾਂ ਨੇ ਹੀ ਕਰਵਾਉਣੀ ਹੈ, ਗ੍ਰੰਥੀ ਜਾਂ ਕਥਾ-ਵਾਚਕ ਸਿੱਖ-ਧਰਮ ਦੀ ਤੁਰਦੀ-ਫਿਰਦੀ ਯੂਨੀਵਰਸਿਟੀ ਦਮਦਮੀ-ਟਕਸਾਲ ਅਥਵਾ ਭਿੰਡਰਾਂ ਵਾਲੀ ਸੰਪਰਦਾ ਨੇ ਹੀ ਪੈਦਾ ਕਰਨੇ ਹਨ ਤੇ ਰਾਗੀ ਸਿੰਘਾਂ ਦੀ ਪ੍ਰਬੀਨਤਾ ਦਾ ਬੀੜਾ ਭਾਈ ਰਣਧੀਰ ਸਿੰਘ ਦੇ ਜੱਥੇ ਅਤੇ ਹੋਰ ਕੀਰਤਨੀਏ ਸਿੰਘਾਂ ਨੇ ਆਪਣੇ ਨਿੱਜੀ-ਯਤਨਾਂ ਦੁਆਰਾ ਹੀ ਚੁੱਕਣਾ ਹੈ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਟੌਹੜੇ ਦੇ ਜਿੰਮੇ ਕਿਹੜਾ ਕੜਛ ਮਾਂਜਣ ਦਾ ਕੰਮ ਰਹਿ ਜਾਂਦਾ ਹੈ ?

13 ਅਪ੍ਰੈਲ, 1978 ਵਿਸਾਖੀ ਦੇ ਦਿਨ ਨਕਲੀ-ਨਿਰੰਕਾਰੀ ਟੋਲੇ ਦੇ ਪ੍ਰਚਾਰ ਦੀ ਦੁਕਾਨ ਬੰਦ ਕਰਨ ਲਈ ਟਕਸਾਲ ਵਲੋਂ, ਪਹਿਲੋਂ ਆਰੰਭੀ ਗਈ ਜਦੋ-ਜਹਿਦ ਅਧੀਨ ਸੰਤ ਜਰਨੈਲ ਸਿੰਘ ਖਾਲਸਾ ਦੀ ਲਲਕਾਰ ਨਾਲ ਉਠ ਕੇ ਦਮਦਮੀ-ਟਕਸਾਲ ਅਥਵਾ ਭਿੰਡਰਾਂ ਵਾਲੀ ਸੰਪਰਦਾ ਦੇ ਸਿਰਲੱਥ ਯੋਧਿਆਂ ਤੇ ਭਾਈ ਰਣਧੀਰ ਸਿੰਘ ਦੇ ਜੱਥੇ ਦੇ ਸੂਰਮੇ ਸਿੰਘਾਂ ਨੇ ਭਾਈ ਫੌਜਾ ਸਿੰਘ ਜੀ ਦੀ ਕਮਾਨ ਥੱਲੇ ਸਿੱਖ-ਧਰਮ ਉਤੇ ਇਸ ਟੋਲੇ ਵਲੋਂ ਹੁੰਦੇ ਹਮਲੇ ਨੂੰ ਰੋਕਣ ਲਈ ਸ਼ਹਾਦਤ ਦੇ ਜਾਮ ਪੀਤੇ ਸਨ।

ਇਸਤੋਂ ਮਗਰੋਂ ਸ਼੍ਰੋਮਣੀ ਕਮੇਟੀ ਤੇ ਕਾਬਜ਼ ਲੀਡਰਾਂ ਵਲੋਂ ਸ਼ਹੀਦਾਂ ਦੇ ਪ੍ਰਵਾਰਾਂ ਦੀ ਸਹਾਇਤਾ ਤੇ ਮੁਕੱਦਮਿਆਂ 'ਚ ਪੈਰਵਾਈ ਲਈ ਦਮਗਜੇ ਮਾਰੇ ਗਏ। ਅਕਾਲੀ ਸਰਕਾਰ ਵਲੋਂ ਅਦਾਲਤੀ ਜਾਂਚ ਦੇ ਝੂਠੇ ਵਾਅਦੇ ਕਰਕੇ ਤੋੜੇ ਗਏ। ਜਗਦੇਵ ਸਿੰਘ ਤਲਵੰਡੀ ਤੇ ਗੁਰਚਰਨ ਸਿੰਘ ਟੌਹੜੇ ਨੇ ਭਵਨ ਬੰਦ ਕਰਵਾਣ ਦੀ ਜ਼ਿਮੇਵਾਰੀ ਲੈ ਕੇ ਸੰਤ ਜਰਨੈਲ ਸਿੰਘ ਖਾਲਸਾ ਨਾਲ ਵਿਸ਼ਵਾਸਘਾਤ ਕੀਤਾ ਤੇ 27 ਅਗਸਤ, 78 ਨੂੰ ਬਾਦਲ ਸਰਕਾਰ ਨੇ 'ਸਰਕਾਰੀ ਵਕਾਰ ਕਾਇਮ ਰੱਖਣ ਲਈ' ਭਵਨਾਂ ਵਿਚ ਸਰਕਾਰੀ ਪ੍ਰਬੰਧ ਹੇਠ ਨਿਰੰਕਾਰੀ-ਸਮਾਗਮ ਕਰਵਾਏ। ਜਥੇਦਾਰ ਉਮਰਾਨੰਗਲ ਵਰਗੇ ਧਰਮੋਂ-ਊਣੇ ਤੇ ਅਕਲੋਂ-ਹੀਣੇ ਲੋਕਾਂ ਨੇ 17 ਅਗਸਤ, 78 ਨੂੰ ਭਰੇ ਦੀਵਾਨ ਤੇ ਸਾਰੀ ਅਕਾਲੀ-ਲੀਡਰਸ਼ਿਪ ਦੇ ਸਾਹਮਣੇ ਬਾਬਾ ਬਕਾਲਾ ਦੀ ਸਟੇਜ, ਤੇ ਸੰਤ ਜਰਨੈਲ ਸਿੰਘ ਵਰਗੀ ਧਾਰਮਿਕ-ਸ਼ਖਸੀਅਤ ਪ੍ਰਤੀ ਉਜੱਡ ਤੇ ਘਟੀਆ ਸ਼ਬਦਾਵਲੀ ਵਰਤੀ ਤੇ ਨਕਲੀ-ਨਿਰੰਕਾਰੀਆਂ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਸ਼ਰੇਆਮ ਉਲੰਘਣਾ ਕੀਤੀ।

ਇਸਤੋਂ ਉਪਰੰਤ ਸੰਤ ਜਰਨੈਲ ਸਿੰਘ ਖਾਲਸਾ ਨੇ ਆਪਣੇ ਮੁੱਠੀ-ਭਰ ਸਹਿਯੋਗੀ ਸਿੰਘਾਂ ਨਾਲ ਗੁਰਮਤ-ਦੋਖੀਆਂ ਦਾ ਕਿਸ ਤਰਾਂ ਡਟ ਕੇ ਮੁਕਾਬਲਾ ਕੀਤਾ ਤੇ ਇਹਨਾਂ ਪੰਥ-ਵਿਰੋਧੀ ਸ਼ਕਤੀਆਂ ਨੂੰ ਠੁਲ ਪਾ ਕੇ ਸਿੱਖ-ਜਜ਼ਬਾਤਾਂ ਦੀ ਪੂਰੀ ਤਰਾਂ ਤਰਜਮਾਨੀ ਕਰਦਿਆਂ ਹੋਇਆਂ, ਸੁਆਰਥੀ ਅਕਾਲੀ-ਲੀਡਰਾਂ ਦੇ ਲਾਹ ਲਾਹ ਕੇ ਸੁੱਟੇ ਨੌਜਵਾਨਾਂ ਨੂੰ ਥਾਪੜਾ ਦੇ ਕੇ ਕਿਸਤਰਾਂ ਕੇਸਰੀ ਨਿਸ਼ਾਨ ਸਾਹਿਬ ਦੇ ਹੇਠ ਇਕੱਤਰ ਕੀਤਾ, ਇਹ ਗੱਲ ਕਿਸੇ ਵਿਆਖਿਆ ਦੀ ਮੁਥਾਜ ਨਹੀਂ। ਇਸਤੋਂ ਵੀ ਅਗੇਰੇ ਧਰਮ-ਯੁੱਧ ਮੋਰਚੇ ਦੇ ਦੌਰਾਨ ਉਹ, ਬਾਵਜੂਦ ਇਹਨਾਂ ਈਰਖਾਲੂ ਲੀਡਰਾਂ ਦੀ ਅੰਦਰੂਨੀ-ਵਿਰੋਧਤਾ ਦੇ, ਪੰਥਕ-

ਏਕਤਾ ਬਣਾਈ ਰੱਖਣ ਲਈ ਕਿਸੇ ਅਕਾਲੀ-ਲੀਡਰ ਦੇ ਖਿਲਾਫ ਉਭਾਸਰੇ ਤੱਕ ਨਾ, ਅਤੇ ਪੰਥ ਦੀ ਚੜਦੀ-ਕਲਾ ਤੇ ਮਿਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਹਿੰਦ ਸਰਕਾਰ ਸਾਹਮਣੇ ਚਿੱਟਾਨ ਵਾਂਗ ਡਟੇ ਰਹੇ। ਉਹਨਾਂ ਦੇ ਹੁੰਦਿਆਂ ਕਿਸੇ ਅਕਾਲੀ-ਲੀਡਰ ਨੂੰ ਨਿਸ਼ਾਨੇ ਤੋਂ ਬਿਤਕਣ ਦੀ ਜੁੱਰਅਤ ਨਾ ਹੋ ਸਕੀ ਤੇ ਅੰਤ ਉਹ ਆਪਣੇ ਮੁੱਠੀ ਭਰ ਵਫਾਦਾਰ ਤੇ ਸਿਦਕੀ ਨੌਜਵਾਨ ਸਿੰਘਾਂ ਸਮੇਤ ਜ਼ਾਲਮ ਦਿੱਲੀ-ਸਰਕਾਰ ਨਾਲ ਲੋਹਾ ਲੈਂਦੇ, ਜੂਝਦੇ ਹੋਏ ਸ਼ਹੀਦ ਹੋ, ਖਾਲਸਈ-ਰਵਾਇਤਾਂ ਨੂੰ ਸੰਸਾਰ ਸਾਹਵੇਂ ਮੁੜ ਚਮਕਾ ਕੇ ਟੁਰ ਗਏ !

ਅੱਜ ਦੇ ਦਿਨ ਸੰਤ ਜਰਨੈਲ ਸਿੰਘ ਖਾਲਸਾ ਤੇ ਉਹਨਾਂ ਦੇ ਸੂਰਮੇ-ਸਿਦਕੀ ਸਹਿਯੋਗੀ ਸਿੰਘ ਧਰਮ ਹੇਤ ਹੋਏ ਇਸ ਸਾਕੇ ਵਿਚ ਕੌਮ ਤੋਂ ਕੁਰਬਾਨ ਹੋ ਗਏ ਸਨ। ਦਮਦਮੀ ਟਕਸਾਲ ਅਥਵਾ ਭਿੰਡਰਾਂ ਵਾਲੀ ਸੰਪਰਦਾ ਦਾ ਅੰਮ੍ਰਿਤ-ਸੰਚਾਰ ਦਾ ਪ੍ਰੋਗਰਾਮ, ਘੱਲੂਘਾਰੇ ਵਿਚ ਸੰਤ ਜੀ ਦੀ ਸ਼ਹਾਦਤ ਉਪਰੰਤ ਫਿਲਹਾਲ ਬੰਦ ਹੈ। ਉਹਨਾਂ ਦੀ ਗੈਰ-ਮੌਜੂਦਗੀ ਵਿਚ ਕੌਮ ਲਾਵਾਰਸ ਤੇ ਲੀਡਰ-ਵਿਹੂਣੀ ਹੈ। ਦੂਸਰੇ ਪਾਸੇ ਸਰਕਾਰ ਵਲੋਂ 'ਜੋ ਹੋਇਆ ਸੋ ਹੋਇਆ' ਦੇ ਮਸਵਰੇ ਦੇ-ਦੁਆ ਕੇ, ਧਰਮ-ਯੁੱਧ ਮੋਰਚੇ ਦਾ ਨਿਸ਼ਾਨਾ ਸਿਰਫ ਦਿੱਲੀ ਦੀਆਂ ਘਟਨਾਵਾਂ ਦੀ ਜੁਡੀਸ਼ੀਅਲ-ਜਾਂਚ ਹੀ ਬਣਾਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਜਿਹਲਾਂ ਵਿਚ ਅਕਾਲੀ-ਲੀਡਰਾਂ ਨਾਲ ਗਾਂਢੇ-ਸਾਂਢੇ ਕਰਕੇ, ਉਹਨਾਂ ਨੂੰ ਛੱਡਕੇ, ਵਿਚ-ਵਿਚਾਲੇ ਜਾਂ ਸਮਝੌਤੇ-ਫੈਸਲੇ ਦੇ ਰਾਹ ਲੱਭੇ ਜਾ ਰਹੇ ਹਨ। ਮੌਕਾ-ਤਾੜੂ ਅਕਾਲੀ-ਲੀਡਰ ਨੌਜਵਾਨਾਂ ਨੂੰ ਵਰਾ-ਵਰਗਲਾ ਕੇ ਫਿਰ ਆਪਣੇ ਹਿਤਾਂ ਲਈ ਵਰਤਣ ਵਾਸਤੇ ਰੱਸੇ-ਪੈੜੇ ਵੱਟ ਰਹੇ ਹਨ !

ਅਜਿਹੀ ਨਾਜ਼ੁਕ-ਸਥਿਤੀ ਵਿਚ ਸਾਰੀ ਜ਼ਿਮੇਵਾਰੀ ਸਿੱਖ-ਅਵਾਮ ਤੇ ਵਿਸ਼ੇਸ਼ਕਰ ਨੌਜਵਾਨਾਂ ਦੇ ਮੋਢਿਆਂ ਤੇ ਆਉਂਦੀ ਹੈ ਕਿ ਉਹਨਾਂ ਨੇ ਕਿਸ ਤਰਾਂ ਕੌਮ-ਘਾਤਕ ਤੇ ਚੱਲੇ ਹੋਏ ਕਾਰਤੂਸ ਅਕਾਲੀ-ਲੀਡਰਾਂ ਨੂੰ ਪਾਸੇ ਕਰਕੇ ਨਵੀਂ ਲੀਡਰਸ਼ਿਪ ਸਿਰਜਣੀ ਹੈ ਅਤੇ ਸੰਤ ਜਰਨੈਲ ਸਿੰਘ ਖਾਲਸਾ ਤੇ ਉਹਨਾਂ ਦੇ ਸਹਿਯੋਗੀ ਸ਼ਹੀਦ-ਸਿੰਘਾਂ ਦੇ ਪੈਰ-ਚਿੰਨਾਂ ਤੇ ਤੁਰਦੇ ਹੋਏ ਸਿੱਖ-ਧਰਮ ਉਤੇ ਹੁੰਦੇ ਹਰ ਹਮਲੇ ਨੂੰ ਰੋਕ ਕੇ, ਸਿੱਖੀ ਦੀ ਪ੍ਰਫੁੱਲਤਾ ਲਈ ਪ੍ਰਯਤਨ ਕਰਦਿਆਂ ਹੋਇਆਂ, ਖਾਲਸਾ-ਪੰਥ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨਾ ਹੈ। ਵਰਨਾ ਪਹਿਲੋਂ ਪਰਖੀ-ਜੋਖੀ ਹੋਈ ਅਨਪੁਤ, ਦਗੇਬਾਜ ਤੇ ਬੁਜਦਿਲ-ਲੀਡਰਸ਼ਿਪ ਕੌਮ ਨੂੰ ਇਕ ਅਜਿਹੀ ਹਨੇਰੀ ਖੱਡ ਵਿਚ ਸੁੱਟ ਦੇਵੇਗੀ ਜਿਸ 'ਚੋਂ ਇਸਨੂੰ ਕੱਢਣ ਲਈ ਕਈ ਸਦੀਆਂ ਪਿਛੋਂ ਹੀ ਕੋਈ ਹੋਰ ਸੰਤ ਜਰਨੈਲ ਸਿੰਘ ਪੈਦਾ ਹੋ ਕੇ ਇਸਨੂੰ ਚਾਨਣ ਵੱਲ ਟੋਰ ਸਕੇਗਾ !

'ਜਾਗੋ'

(ਅਪ੍ਰੈਲ, 1985)

ਪੈਗ਼ਾਮਿ-ਆਨੰਦਪੁਰ

ਦਿੱਲੀਏ ! ਅੱਜ ਵਿਸਾਖੀ ਹੈ
ਤੈਨੂੰ ਪੈਗਾਮ ਘਲਦਾ ਹਾਂ।
ਅਪਣੀ ਤਲਵਾਰ ਸੰਗ ਲਿਖ ਕੇ
ਮੈਂ ਤੇਰੇ ਨਾਮ ਘਲਦਾ ਹਾਂ !

ਦਿੱਲੀਏ ! ਬਹੁਤ ਚਿਰ ਪਹਿਲੋਂ
ਜਦੋਂ ਕਿ ਸਿਤਮ ਦਾ ਸੂਰਜ
ਭੱਠ ਦੇ ਵਾਂਗ ਬਲਿਆ ਸੀ।
ਉਂਞ ਤਾਂ ਕੌਣ ਬਚਣਾ ਸੀ ?
ਉਦੋਂ ਹਰ ਬੂਟ ਹਰਿਆ ਵੀ
ਸਿਤਮ ਦੀ ਅੱਗ ਜਲਿਆ ਸੀ।
ਰੱਖਣ ਲਈ ਆਬਰੂ ਤੇਰੀ
ਮੈਂ ਆਪਣਾ ਸੀਸ ਘੱਲਿਆ ਸੀ !

ਭਲਾ ਉਹ ਦਿਨ ਕਿਜੇਹੇ ਸਨ ?
ਤੂੰ ਬਿਲਕੁਲ ਭੁੱਲ ਹੀ ਬੈਠੀ।
ਹੋਈ ਬਦਮਸਤ ਤੂੰ ਏਨੀ
ਮੇਰੇ ਹੀ ਚਮਨ ਤੇ ਦਿੱਲੀਏ
ਹਨੇਰੀ ਕਹਿਰ ਦੀ ਬਣ ਕੇ
ਅੱਜ ਤੂੰ ਝੁੱਲ ਹੈਂ ਬੈਠੀ !

ਉਂਞ ਹੈਂ ਜਾਣਦੀ ਦਿੱਲੀਏ
ਆਨੰਦਪੁਰ ਘਰ ਗਿਰਾਉਂਦਾ ਨਹੀਂ
ਆਨੰਦਪੁਰ ਘਰ ਵਸਾਉਂਦਾ ਹੈ।
ਲੁਟਦਾ ਨਹੀਂ ਕੋਈ ਇਹ ਅਸਮਤ
ਅਸਮਤ ਨੂੰ ਇਹ ਬਚਾਉਂਦਾ ਹੈ।
ਢਾਲ ਮਜ਼ਲੂਮ ਦੀ ਬਣਦੈ
ਜ਼ੁਲਮ ਦਾ ਨਾਂ ਮਿਟਾਉਂਦਾ ਹੈ।
ਪਹਿਲੋਂ ਇਹ ਵਾਰ ਨਹੀਂ ਕਰਦਾ
ਵਾਰ ਨੂੰ ਪਰ ਬਚਾਉਂਦਾ ਹੈ !
ਜਦੋਂ ਪਰ ਵਾਰ ਫਿਰ ਕਰਦੈ
ਵੈਰੀ ਇਹ ਵਾਰ ਨਹੀਂ ਝਲਦਾ
ਤੜਪਦਾ-ਸਟਪਟਾਉਂਦਾ ਹੈ।
ਆਨੰਦਪੁਰ ਰਹਿਮ-ਦਿਲ ਦਿੱਲੀਏ
ਫੇਰ ਵੀ ਤਰਸ ਹੈ ਕਰਦਾ

ਵੈਰੀ ਦੇ ਮਰ੍ਹਮ ਲਾਉਂਦਾ ਹੈ।
ਪੱਟ ਤੇ ਸੀਸ ਧਰ ਉਸਦਾ
ਓਸਨੂੰ ਜਲ ਛਕਾਉਂਦਾ ਹੈ !

ਦਿੱਲੀਏ ! ਮੈਂ ਦਿਲ ਤੋਂ ਕਹਿੰਦਾ ਹਾਂ
ਤੇਰਾ ਸਤਿਕਾਰ ਕਰਦਾ ਸਾਂ।
ਸਾਰੇ ਸੰਸਾਰ ਦੇ ਵਾਂਗੂੰ
ਮੈਂ ਤੈਨੂੰ ਪਿਆਰ ਕਰਦਾ ਸਾਂ।
ਮੈਨੂੰ ਸੌਗੰਧ ਹੈ ਤੇਰੀ
ਤੇਰੇ ਸੰਗ ਮੂਲ ਨਾ ਮੇਰੀ
ਕੋਈ ਵੀ ਦੁਸ਼ਮਣੀ ਦਿੱਲੀਏ !
ਸਾਰੇ ਹੀ ਜਗਤ ਦੇ ਵਾਂਗੂੰ
ਤੇਰੇ ਵੀ ਸੰਗ ਸੀ ਸੱਚੀਂ
ਮੇਰੀ ਤਾਂ ਦੋਸਤੀ ਦਿੱਲੀਏ !!

ਪਰ ਸਭ ਕੁਝ ਜਾਣਦੇ ਦਿੱਲੀਏ !
ਬੜਾ ਤੂੰ ਕਹਿਰ ਕੀਤਾ ਹੈ।
ਸਹੇਤੀ ਮੌਤ ਤੂੰ ਆਪਣੀ
ਆਪੇ ਤੂੰ ਜ਼ਹਿਰ ਪੀਤਾ ਹੈ !

ਦਿੱਲੀਏ ! ਬਹੁਤ ਗੁਜ਼ਰੀ ਹੈ
ਹੋਰ ਕੁਝ ਕਹਿ ਨਹੀਂ ਸਕਦਾ।
ਸਹਿ ਲਿਆ ਜ਼ੁਲਮ ਏਨਾ ਕਿ
ਹੋਰ ਹੁਣ ਸਹਿ ਨਹੀਂ ਸਕਦਾ।

ਬਹੁਤ ਤੈਂ ਸਿਤਮ ਕੀਤਾ ਹੈ
ਹੋਰ ਬੱਸ ਹੋਣ ਨਹੀਂ ਦੇਣਾ !
ਬੜਾ ਹੀ ਖ਼ੂਨ ਚੋਇਆ ਹੈ
ਹੋਰ ਮੈਂ ਚੋਣ ਨਹੀਂ ਦੇਣਾ !!
ਤੇਰੇ ਲਈ ਪੁੱਤ ਵਾਰੇ ਸਨ
ਤੂੰ ਮੇਰੇ ਪੁੱਤ ਕੋਹੇ ਹਨ
ਹੋਰ ਹੁਣ ਕੋਹਣ ਨਹੀਂ ਦੇਣਾ !!!

ਤੇਰੀ ਅਸਮਤ ਬਚਾਈ ਸੀ
ਤੂੰ ਅਸਮਤ ਲੁੱਟ ਲਈ ਦਿੱਲੀਏ !
ਤੇਰੀ ਮੈਂ ਜੜ੍ਹ ਲਗਾਈ ਸੀ
ਤੂੰ ਆਪੇ ਪੁੱਟ ਲਈ ਦਿੱਲੀਏ !!

ਮੈਂ ਜੰਞੂ-ਤਿਲਕ ਰੱਖੇ ਸਨ
ਤੂੰ ਅੱਖ ਕਿਰਪਾਨ ਤੇ ਧਰ ਲਈ ?

ਬਖਸ਼ੀ ਸੀ ਜ਼ਿੰਦਗੀ ਤੈਨੂੰ
ਅੱਖ ਤੂੰ ਜਾਨ ਤੇ ਧਰ ਲਈ ?

ਜ਼ੁਲਮ ਦੀ ਧਾਰ ਹੈ ਖੁੰਢੀ
ਮੁਤਦੀ ਹੁਣ ਕਿੰਝ ? ਇਹ ਵੇਖੀਂ !
ਕੂੜ ਦੀ ਕੰਧ ਹੈ ਪਤਲੀ
ਭੁਰਦੀ ਹੈ ਕਿੰਝ ? ਇਹ ਵੇਖੀਂ !!

ਢਾਹਿਆ ਤੂੰ ਤਖ਼ਤ ਨਹੀਂ ਦਿੱਲੀਏ
ਮੇਰਾ ਤੂੰ ਦਿਲ ਹੀ ਢਾਹਿਆ ਹੈ।
ਗਿਰਾਇਆ ਘਰ ਨਹੀਂ ਕੋਈ
ਮੇਰਾ ਹੀ ਘਰ ਗਿਰਾਇਆ ਹੈ।
ਜਲਾਇਆ ਸਿੱਖ ਨਹੀਂ ਕੋਈ
ਆਪਾ ਹੀ ਤੈਂ ਜਲਾਇਆ ਹੈ !

ਢਾਹਿਆ ਦਰਬਾਰ ਜੇ ਦਿੱਲੀਏ
ਤੇਰਾ ਦਰਬਾਰ ਨਹੀਂ ਰਹਿਣਾ !
ਢਾਹਿਆ ਘਰ-ਬਾਰ ਜੇ ਦਿੱਲੀਏ
ਤੇਰਾ ਘਰ-ਬਾਰ ਨਹੀਂ ਰਹਿਣਾ !!

ਮੇਰਾ ਜਰਨੈਲ ਤੂੰ ਖੋਹਿਐ
ਸਿਪਾਹੀ-ਸੰਤ ਤੂੰ ਖੋਹਿਐ !
ਬੇਟਾ ਬਿਅੰਤ ਤੂੰ ਖੋਹਿਐ !!
ਸੋਹਣਾ ਸਤਵੰਤ ਤੂੰ ਕੋਹਿਐ !!!

ਬੜੇ ਜਰਨੈਲ ਜਨਮਣਗੇ
ਸਿਪਾਹੀ-ਸੰਤ ਜਨਮਣਗੇ !
ਦੇਖੀਂ ਬਿਅੰਤ ਜਨਮਣਗੇ !!
ਕਿੰਨੇ ਸਤਵੰਤ ਜਨਮਣਗੇ !!!

ਪੀਲੀ ਦਸਤਾਰ ਇਕ ਲਾਹ ਕੇ
ਦਿੱਲੀਏ ਤੂੰ ਬਹੁਤ ਹੱਸੀ ਹੈਂ।
ਖੱਸ ਕੇ ਤੀਰ ਇਕ ਦਿੱਲੀਏ
ਕਿਵੇਂ ਬਣ ਕਾਇਰ ਨੱਸੀ ਹੈਂ।
ਆਖਾਂ ਵੰਗਾਰ ਕੇ ਦਿੱਲੀਏ
ਥੋੜੀ ਜਿਹੀ ਦੇਰ ਤੂੰ ਠਹਿਰੀਂ
ਇਕ ਦਸਤਾਰ ਪੀਲੀ ਬਾਂ
ਵੇਖੀਂ ਇਕ ਫਸਲ ਬੀਜਾਂਗਾ
ਓਸਨੂੰ ਖ਼ੂਨ ਪਾਵਾਂਗਾ।
ਤੇਰੇ ਮੈਂ ਤਖ਼ਤ ਜ਼ਾਲਮ ਦੇ
ਸੀਸ ਤੋਂ ਤਾਜ ਲਾਹਵਾਂਗਾ !

ਅਗ ਹੋ ਧੁਖ ਰਹੀ ਦਿਲੀਏ
ਠਹਿਰ, ਇਹ ਭੜਕਦੀ ਵੇਖੀਂ !
ਤੇਰੇ ਜੁ ਮਹਿਲ ਇਹ ਉਚੇ
ਬੜੇ ਅਭਿਮਾਨ ਨੇ ਮੱਤੇ
ਇਹਨਾਂ ਤੇ ਬੁਜ਼ਦਿਲੇ ਦਿੱਲੀਏ
ਤੂੰ ਬਿਜਲੀ ਕੜਕਦੀ ਵੇਖੀਂ !!
ਅੰਨ ਸਰਹੰਦ ਦੇ ਵਾਂਗੂੰ
ਇੱਟ ਸੰਗ ਇੱਟ ਤੂੰ ਅਪਣੀ
ਐ ਦਿੱਲੀਏ ਖੜਕਦੀ ਵੇਖੀਂ !!!

' ਜਾਗੋ '
(ਅਪ੍ਰੈਲ, 1985)

ਵਿਅੰਗ-ਵਢਾਂਗਾ

ਅਕਾਲ ਤਖਤ ਤੇ ਹੋਇਆ ਹਮਲਾ ਜੂਝੇ ਬੜੇ ਜੁਝਾਰ !
ਹੱਥ ਖੁੜੇ ਕਰ, ਗਰਦਣ ਨੀਵੀਂ ਕੰਬੀ ਜਾਣ ਗੱਦਾਰ।
ਕੰਬੀ ਜਾਣ ਗੱਦਾਰ ਤਿੱਪ - ਤਿੱਪ ਚੋਣ ਕਛਹਿਰੇ।
ਦਿਲ ਧੜਕਣ, ਢਿੱਡ ਘਟੇ, ਮੀਣੇ ਸਿੰਗ ਬਣੇ ਮੁੱਛਹਿਰੇ।
ਕਹੈ ਮੁਗਧਰ ਕਵੀਰਾਇ ਲੰਗਰ ਦਾ ਪੀ ਕੇ ਦਾਲਾ !
ਕੀਤਾ ਲੂਣ ਹਰਾਮ, ਕੌਮ ਨਾਲ ਘਾਲਾ - ਮਾਲਾ !!

ਸਿੰਘ-ਸਾਹਿਬ ਤੇ ਹੋਇਆ ਹਮਲਾ ਬਚ ਗਏ ਵਾਲੋ-ਵਾਲ !
ਆਪੇ ਸਤਿਗੁਰ ਹੋਏ ਸਹਾਈ ਆਪੇ ਬਣਦੇ ਢਾਲ।
ਆਪੇ ਬਣਦੇ ਢਾਲ ਆਪ ਦਿਖਲਾਉਂਦੇ ਜਲਵਾ।
ਆਪ ਖਵਾਉਂਦੇ ਗੋਲੀ ਸਤਿਗੁਰ ਆਪ ਖਵਾਉਂਦੇ ਹਲਵਾ।
ਕਹੈ ਮੁਗਧਰ ਕਵੀ ਰਾਇ ਬਖਸ਼ਦੇ ਆਪੇ ਕਰਨੀ !
ਹੋਏ ਭੋਗ ਤੇ 'ਕੱਠ ਮਰੋ ਭਾਈ ਐਸੀ ਮਰਨੀ !!

ਜ਼ੈਲ ਸਿਹੁੰ ਨੇ ਚੁੱਕ ਕਰੰਡੀ ਕੀਤੀ ਦੇਸ਼ - ਉਸਾਰੀ !
ਪਹਿਲਾਂ ਚਾਹਿਆ ਅੰਬਰਸਰ ਤੇ ਦਿੱਲੀ ਸਾਤੀ ਸਾਰੀ।
ਹੁਣ ਇਹ ਸਾਡੂ ਕੋਟਕਪੂਰਾ ਫੇਰ ਸੰਧਵੀਂ ਜਾਊ।
ਜਿਥੇ ਸੀ ਅਵਤਾਰ ਧਾਰਿਆ ਉਹ ਪੜਛੱਤੀ ਢਾਊ।
ਕਹੈ ਮੁਗਧਰ ਕਵੀਰਾਇ ਰਾਜ ਬਣੀਏ ਤਾਂ ਐਸਾ!
ਤਜੀਏ ਧਰਮ - ਈਮਾਨ ਬਣਾਈਏ ਪੈਸਾ ! ਪੈਸਾ !!!

ਭਜਨ ਲਾਲ ਦਾ ਮੁਫਤ ਮਸ਼ਵਰਾ ਸੂਬਾ ਤੋੜੋ ਗਾਂਧੀ !
ਸਿੱਖਾਂ ਦਾ ਫਿਰ ਲੋਹਾ ਹੋਵੇ ਸਾਡੀ ਹੋਵੇ ਚਾਂਦੀ।
ਸਾਡੀ ਹੋਵੇ ਚਾਂਦੀ ਆਪਣੀ ਗੱਲ ਪੁਗਾਈਏ।
ਜਦੋਂ ਕਰੇ ਜੀ ਫੇਰ ਸਿੱਖਾਂ ਨੂੰ ਰਗੜਾ ਲਾਈਏ।
ਕਹੈ ਮੁਗਧਰ ਕਵੀਰਾਇ ਬਥੇਰਾ ਹੋ ਲਿਆ ਕੁੰਡਾ !
ਹੁਣ ਟੁੱਟੂ ਕੰਗਰੋੜ ਮੋਰਾਂ ਵਿਚ ਖੜਕੂ ਖੁੰਡਾ !!

' ਜਾਗੋ '
(ਅਪ੍ਰੈਲ, 1985)

★

ਅੱਧੀ ਤੇਰੀ ਹਾਂ ਮੁਲਾਹਜ਼ੇਦਾਰਾ !
ਅੱਧੀ ਵੇ ਮੈਂ ਹੌਲਦਾਰ ਦੀ !!

ਆਖਰ ਹਿੰਦੁਸਤਾਨ ਦੀ ਸ਼ਰਾਰਤੀ-ਸਰਕਾਰ ਨੇ ਪੰਥ ਦੀਆਂ ਬੇੜੀਆਂ 'ਚ ਵੱਟੇ ਪਾਉਂਣ ਵਾਲੀ ਸਿੱਖ ਅਥਵਾ ਅਕਾਲੀ-ਲੀਡਰਸ਼ਿਪ ਦੀ ਚੌਧਰ-ਚੌਕੜੀ ਨੂੰ ਰਿਹਾ ਕਰ ਦਿਤਾ ਹੈ। ਅਕਾਲੀ ਦਲ ਦੇ ਰਾਮ-ਗਊ ਪ੍ਰਧਾਨ ਲੋਂਗੋਵਾਲੀਏ ਸੰਤ ਤੇ ਮੁਤਵਾਜ਼ੀ ਅਕਾਲੀ ਦਲ ਦੇ ਮਾਰਨ-ਖੰਡੇ ਪ੍ਰਧਾਨ ਜਥੇਦਾਰ ਤਲਵੰਡੀ ਦੇ ਰੱਸੇ ਇਕੋ ਸਮੇਂ ਲਾਹੁਣਾ, ਹਿੰਦੂ ਸਰਕਾਰ ਦੀ ਸਿੱਖਾਂ ਵਿਚ ਆਪਸੀ-ਭੇਤ ਪਵਾਉਂਣ ਤੇ ਛਿੱਤਰੀਂ ਦਾਲ ਵੰਡਾਉਂਣ ਵਾਲੀ ਨੀਤੀ-ਸੰਗਲੀ ਦੀ ਹੀ ਇਕ ਕੜੀ ਸੀ ਜਿਸ 'ਚ ਦਿੱਲੀ ਦੀ ਦੁਕਾਨ ਤੇ ਬੈਠਾ ਹਟਵਾਣੀਆਂ ਪੂਰੀ ਤਰਾਂ ਕਾਮਯਾਬ ਰਿਹਾ ਹੈ। ਖ਼ੈਰ-ਸਰਕਾਰ ਦੀ ਇਸ ਬਦਨੀਤੀ-ਪਰਾਤ ਤੋਂ ਪੋਣਾ ਕਿਸੇ ਹੋਰਸ ਲੇਖ 'ਚ ਚੁੱਕਾਂਗੇ। ਸਾਡੇ ਹੱਥਲੇ ਆਰਟੀਕਲ ਦਾ ਮੰਤਵ ਸਾਡੀ ਗੰਦਾਰ-ਲੀਡਰਸ਼ਿਪ ਨੂੰ ਬੇਨਕਾਬ ਕਰਕੇ ਸਿੱਖ-ਅਵਾਮ ਤੇ ਵਿਸ਼ੇਸ਼ਕਰ ਨੌਜਵਾਨਾਂ ਨੂੰ ਇਸ ਵਲੋਂ ਸੁਚੇਤ ਕਰਨਾ ਹੈ ਤਾਂ ਕਿ ਕੌਮ ਨੂੰ ਇਕ-ਮੁੱਠ ਕਰਕੇ ਉਸਦੀ ਸਹੀ ਮੰਜ਼ਿਲ ਵੱਲ ਤੋਰਿਆ ਜਾ ਸਕੇ।

ਹਰਿਮੰਦਰ ਸਾਹਿਬ ਸਮੇਤ ਲਗਪਗ ਚਾਲੀ ਗੁਰਦੁਆਰਿਆਂ ਤੇ ਹੋਏ ਫੌਜੀ ਹਮਲੇ, ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਿਰਲੱਥ ਸਾਥੀ ਯੋਧਿਆਂ ਦੀਆਂ ਸ਼ਹਾਦਤਾਂ ਤੇ ਹਜ਼ਾਰਾਂ ਮਾਸੂਮ-ਸਿੱਖਾਂ ਦੇ ਕਤਲੇਆਮ ਉਪਰੰਤ ਕੌਮ ਅੱਜ ਉਸ ਇਤਿਹਾਸਕ-ਮੋੜ ਤੇ ਆ ਖੜੀ ਹੈ ਜਿਥੇ ਉਸਨੇ ਆਪਣੇ ਅਸਲੀ ਤੇ ਵੱਡੇ ਦੁਸ਼ਮਣਾਂ ਦੇ ਚਿਹਰੇ ਪਛਾਣ ਕੇ ਉਹਨਾਂ ਦੀ ਲੀਡਰੀ ਦਾ ਭੋਗ ਪਾਉਂਣਾ ਹੈ। ਦਿੱਲੀ ਦੇ ਤਖਤ ਤੇ ਬੈਠਣ ਵਾਲਾ ਹਿੰਦੂ ਹੁਕਮਰਾਨ ਭਾਂਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧਤ ਹੋਵੇ, ਨਾ ਕਦੇ ਸਿੱਖਾਂ ਦਾ ਮਿੱਤ ਹੋਇਆ ਹੈ ਤੇ ਨਾ ਕਦੇ ਹੋਵੇਗਾ ! ਇਹ ਗੱਲ ਪੱਥਰ ਤੇ ਲਕੀਰ ਸਮਝ ਲੈਣੀ ਚਾਹੀਦੀ ਹੈ। ਇਤਿਹਾਸ ਸਾਖੀ ਹੈ ਕਿ ਪ੍ਰਤੱਖ ਦਿਸਦੇ ਦੁਸ਼ਮਣ ਤੋਂ ਨਾ ਕਦੇ ਸਿੱਖ ਮਰੇ ਹਨ ਤੇ ਨਾ ਇਹਨਾਂ ਤੋਂ ਦੁਸ਼ਮਣ ਬਚ ਸਕਿਆ ਹੈ। ਪਰ ਸਿੱਖ ਜਦੋਂ ਵੀ ਮਰੇ ਭਾਵ ਹਰੇ ਹਨ ਤਾਂ ਆਪਣੇ ਘਰ 'ਚ ਪਲਦੇ ਇਹਨਾਂ ਗੰਦਾਰਾਂ ਤੋਂ ਹੀ ਮਰੇ ਹਨ। ਸਿੱਖ-ਅਵਾਮ ਨੇ ਕੌਮ ਦੀ ਚੜ੍ਹਦੀ ਕਲਾ ਲਈ ਹਰ ਸਮੇਂ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ ਤੇ ਇਸਦੇ ਲੀਡਰਾਂ ਨੇ ਸਦਾ ਇਹਨਾਂ ਦਾ ਜਬਾਬ ਗੰਦਾਰੀਆਂ ਵਿਚ ਦਿੱਤਾ ਹੈ। ਪਰ ਜਿੰਨੀ ਤੌਹੀਨ ਸਿੱਖ ਕੌਮ ਦੀ ਵਰਤਮਾਨ ਬੁਜ਼ਦਿਲ, ਦਗੇਬਾਜ਼ ਤੇ ਖੁਦਗਰਜ਼ ਲੀਡਰਸ਼ਿਪ ਨੇ ਕਰਵਾ ਕੇ ਕੌਮ ਨੂੰ ਉਸਦੇ ਅਖੁੱਲੇ-ਸਰਮਾਏ ਤੋਂ ਮਹਿਰੂਮ ਕੀਤਾ ਹੈ ਇਤਿਹਾਸ ਦੇ ਇਸ ਕਾਲੇ-ਕਾਂਡ ਨੂੰ ਯਾਦ ਕਰਕੇ ਆਉਂਣ ਵਾਲੀਆਂ ਸਿੱਖ-ਨਸਲਾਂ ਖ਼ੂੰਨ ਦੇ ਅੱਥਰੂ ਚੋਣਗੀਆਂ।

ਸਿੱਖ ਕੌਮ ਦੀ ਇਸ ਵਰਤਮਾਨ ਤੌਹੀਨ ਦੇ ਸਭ ਤੋਂ ਵੱਡੇ ਜ਼ੁਮੇਵਾਰ ਤੇ ਗੁਨਾਹਗਾਰ ਗੰਦਾਰ ਟੌਹੜਾ ਤੇ ਲੋਂਗੋਵਾਲੀਆ ਸੰਤ ਹਨ। ਆਨੰਦਪੁਰ ਤੇ ਦਿੱਲੀ ਦਰਮਿਆਨ ਵਰਤਮਾਨ ਘੋਲ ਵਿਚ ਕੌਮ ਨੇ ਇਹਨਾਂ ਦੀ ਲੀਡਰੀ ਤੇ ਟੇਕ ਰੱਖਕੇ ਇਹਨਾਂ ਨੂੰ ਮੁਹੱਬਤ ਤੇ ਸਹਿਯੋਗ ਦਾ ਰੱਜਵਾਂ ਘਿਉ ਚਾਰਿਆ ਪਰ ਕੌਮ ਨਹੀਂ ਸੀ ਜਾਣਦੀ ਕਿ ਇਹ ਬਦਨੀਤੇ-ਪਹਿਲਵਾਨ ਅਖਾੜੇ ਵਿਚ ਦੁਸ਼ਮਣਾਂ ਨਾਲ ਮਿਲ ਕੇ ਘੁਲ ਰਹੇ ਹਨ। ਇਹਨਾਂ ਦੋ ਮੱਕਾਰ ਗੰਦਾਰਾਂ ਨੂੰ ਪੰਥ ਅਤੇ ਇਤਿਹਾਸ ਕਦੇ ਮੁਆਫ ਨਹੀਂ ਕਰੇਗਾ। ਪਿਛਲੇ ਸਾਲ ਵਾਪਰੇ ਮਹਾਨ ਦੁਖਾਂਤ ਉਪਰੰਤ ਸਿੱਖ ਕੌਮ ਦਾ ਬੱਚਾ ਬੱਚਾ ਗੁਰਧਾਮਾਂ ਦੀ ਰੱਖਿਆ ਲਈ ਜਾਨ ਹਥੇਲੀ ਤੇ ਧਰ, ਜੂਝਣ ਵਾਲੇ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਮਰਜੀਵੜੇ ਸਾਥੀਆਂ ਦੀ ਸ਼ਹਾਦਤ ਮਗਰੋਂ ਉਪਰੋਕਤ ਦੋ ਗੀਦੀ ਗੰਦਾਰਾਂ ਦੇ ਹੱਥ ਖੜੇ ਕਰਕੇ ਸਹੀ-ਸਲਾਮਤ ਅੰਦਰ ਪਹੁੰਚ ਜਾਣ ਨੂੰ ਸੰਦੇਹ ਦੀਆਂ ਨਜ਼ਰਾਂ ਨਾਲ ਵੇਖਦਾ ਰਿਹਾ ਹੈ ਪਰ ਜਿਉਂ ਜਿਉਂ ਸਮਾਂ ਗੁਜ਼ਰ ਰਿਹਾ ਹੈ ਸਹੀ ਤੱਥਾਂ ਦੀ

ਪੁਸ਼ਟੀ ਹੋ ਰਹੀ ਹੈ। ਇਸ ਸਬੰਧ ਵਿਚ ਮਿਲੀਆਂ ਅਨੇਕਾਂ ਉਦਾਹਰਣਾਂ ਚੋਂ ਪਬਲਿਕ ਤੌਰ ਤੇ ਦਿੱਤਾ ਬਿਆਨ, ਕਿਸੇ ਸਮੇਂ ਟੌਹੜੇ ਦੇ ਸਭ ਤੋਂ ਨਜ਼ਦੀਕੀ ਤੇ ਵਫਾਦਾਰ ਸਾਥੀ, ਸਾਬਕ ਅਕਾਲੀ ਮੰਤਰੀ ਸ: ਰਣਧੀਰ ਸਿੰਘ ਚੀਮਾ ਦਾ ਹੈ, ਜੋ ਕਿ ਟੌਹੜੇ ਦੀ ਬੇਵਫਾਈ ਕਾਰਨ ਹੁਣ ਜਥੇਦਾਰ ਤਲਵੰਡੀ ਦੀ ਸੱਜੀ ਬਾਂਹ ਹੈ। ਇਸ ਬਿਆਨ 'ਚ ਸ: ਚੀਮਾ ਨੇ ਕਿਹਾ ਹੈ ਕਿ ਉਹਨਾਂ ਦੇ ਹੱਥ ਉਹ ਖੁਫੀਆ-ਦਸਤਾਵੇਜ਼ ਲੱਗੀ ਹੈ ਜਿਸ ਅਨੁਸਾਰ ਟੌਹੜੇ ਨੇ ਗਵਰਨਰ ਪਾਂਡੇ ਨਾਲ ਚਾਰ ਘੰਟੇ ਮੁਲਾਕਤ ਕੀਤੀ ਤੇ ਮਗਰੋਂ ਹਾਟ-ਲਾਈਨ ਤੇ ਇੰਦਰਾ ਗਾਂਧੀ ਨਾਲ ਗੱਲ ਬਾਤ ਕਰਕੇ ਫੌਜ ਨੂੰ ਆਪ ਹਮਲੇ ਲਈ ਨਿਮੰਤਰਣ ਦਿੱਤਾ। ਇਸ ਸਬੰਧ ਵਿਚ ਇਕ ਸੱਜਰਾ ਤੇ ਤਾਬੜਤੋੜ ਬਿਆਨ 4 ਅਪੈਲ, 85 ਨੂੰ ਹੁਣ ਫਿਰੋਜ਼ਪੁਰ ਤੋਂ ਫੇਰੂਮਾਨ ਅਕਾਲੀ ਦਲ ਦੇ ਐਕਟਿੰਗ-ਪ੍ਰਧਾਨ ਮਹੰਤ ਸੇਵਾ ਦਾਸ ਨੇ ਜਾਰੀ ਕੀਤਾ ਹੈ ਜੋ ਕਿ ਚੰਡੀਗੜੋਂ ਛਪਦੇ ਅੰਗਰੇਜ਼ੀ ਟ੍ਰੀਬਿਊਨ ਨੇ 5 ਅਪ੍ਰੈਲ ਨੂੰ ਸਫਾ 14 ਤੇ ਛਾਪਿਆ ਕੀਤਾ ਹੈ। ਇਸ ਵਿਚ ਮਹੰਤ ਸੇਵਾ ਦਾਸ ਨੇ ਵੰਗਾਰਕੇ ਕਿਹਾ ਹੈ ਕਿ ਲੋਂਗੋਵਾਲੀਏ ਸੰਤ ਨੇ ਟੌਹੜੇ ਨੂੰ ਚੰਡੀਗੜ੍ਹ ਭੇਜਿਆ ਜਿਥੇ ਉਸਨੇ 26 ਮਈ, 84 ਨੂੰ ਗਵਰਨਰ ਬੀ. ਡੀ. ਪਾਂਡੇ ਤੋਂ ਲਿਖਤੀ ਰੂਪ ਵਿਚ ਮੰਗ ਕੀਤੀ ਕਿ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋ ਕੇ ਭਿੰਡਰਾਂਵਾਲੇ ਸੰਤਾਂ ਨੂੰ ਖਤਮ ਕਰ ਦੇਵੇ। ਮਹੰਤ ਸੇਵਾ ਦਾਸ ਨੇ ਇਹਨਾਂ ਦੋਹਾਂ ਗੰਦਾਰਾਂ ਨੂੰ ਚੈਲੰਜ ਕੀਤਾ ਹੈ ਇਹਨਾਂ ਦਾ ਸਰਕਾਰ ਨਾਲ ਅੰਦਰਖਾਤੇ ਗਾਂਢਾ-ਸਾਂਢਾ ਹੈ, ਜਿਸਦੇ ਉਹ ਸਬੂਤ ਪੇਸ਼ ਕਰ ਸਕਦਾ ਹੈ। ਸਿਤਮ ਦੀ ਗੱਲ ਇਹ ਕਿ ਕੌਮ ਨਾਲ ਏਡਾ ਵੱਡਾ ਦਗਾ ਕਰਨ ਤੇ ਕੌਮ ਦੀ ਏਨੀ ਤੌਹੀਨ ਕਰਵਾ ਕੇ ਸਰਕਾਰੀ ਹਿਫਾਜ਼ਤ ਵਿਚ ਮਹਿਫੂਜ਼ ਰਹਿਣ ਉਪਰੰਤ ਬਾਹਰ ਅਉਂਦਿਆਂ ਹੀ ਇਹ ਸਰਮ-ਪਰੂਫ ਤੇ ਬੁਜ਼ਦਿਲ ਲੀਡਰ ਕੌਮ ਦੇ ਅੱਥਰੂ ਪੂੰਝਣ ਦਾ ਪਖੰਡ ਕਰ ਰਹੇ ਹਨ ਤੇ ਅੱਜ ਫਿਰ ਇਹ ਫਰੇਬੀ, ਭੋਲੇ-ਭਾਲੇ ਸਿੱਖਾਂ ਨੂੰ ਫਸਾਣ ਲਈ ਆਪਣੇ ਪੁਰਾਣੇ ਜਾਲ ਮੋਢਿਆਂ ਤੇ ਰੱਖ ਕੇ ਨਿਕਲ ਪਏ ਹਨ।

ਲੋਂਗੋਵਾਲੀਏ ਸੰਤ ਵਿਚ ਨਾ ਜੁੱਰਅਤ ਹੈ ਨਾ ਦਲੇਰੀ! ਨਾ ਦੂਰ-ਦ੍ਰਿਸ਼ਟੀ ਹੈ ਨਾ ਦ੍ਰਿਸ਼ਟੀਕੋਨ!! ਇਸ ਸਾਧ ਦੀ ਬਗਲੀ ਵਿਚ ਦਿਆਨਤਦਾਰੀ ਜਾਂ ਦਲੇਰੀ ਦੀ ਇਕ ਚੁਟਕੀ ਵੀ ਹੁੰਦੀ ਤਾਂ ਇਹ ਆਪਣੇ 'ਡਾਂਗ ਵਾਲੇ ਭਰਾ' ਸੰਤ ਜਰਨੈਲ ਸਿੰਘ ਦੇ ਬਰੋਬਰ ਨਹੀਂ ਸੀ ਖੁੜ ਸਕਦਾ ਤਾਂ ਪਿੱਛੇ ਹੀ ਖੜ ਜਾਂਦਾ, ਤਾਂ ਉਹਨਾਂ ਦੀ ਸ਼ਹਾਦਤ ਉਪਰੰਤ ਕੌਮ ਇਸਦੀਆਂ ਬਾਂਹਾਂ ਬਣ ਜਾਂਦੀ ਪਰ ਅੱਜ ਇਸ ਕਾਇਰ ਦੇ ਕਿਰਦਾਰ ਨੂੰ ਵੇਖ ਕੇ ਕੌਮ ਦੀਆਂ ਬੀਬੀਆਂ ਨੇ ਮੁਕਤਸਰ ਵਿਚ ਫਿਰ ਸਿੱਖ-ਇਤਿਹਾਸ ਨੂੰ ਦੁਹਰਾਇਆ ਹੈ, ਜਿਥੇ ਹੋਏ ਇਕ ਜਲਸੇ ਵਿਚ ਗੁਰੂ-ਪੰਥ ਨੂੰ ਬੇਦਾਵਾ ਲਿਖਕੇ ਭੱਜ ਜਾਣ ਵਾਲੇ ਇਸ ਰਾਮ-ਗਊ ਸਾਧ ਦੀਆਂ ਬਾਂਹਾਂ ਲਈ ਉਨ੍ਹਾਂ ਨੇ ਚੂੜੀਆਂ ਪੇਸ਼ ਕੀਤੀਆਂ ਹਨ ! ਦਰਬਾਰ ਸਾਹਿਬ ਤੇ ਹਮਲੇ ਤੋਂ ਪਹਿਲਾਂ ਇਸਦਾ ਤੇ ਟੌਹੜੇ ਦਾ ਅਠਿੰਕਾ ਬਿਆਨ ਹੁੰਦਾ ਸੀ ਕਿ ਪੁਲੀਸ ਸਾਡੀਆਂ ਲਾਸ਼ਾਂ ਉਤੋਂ ਦੀ ਲੰਘ ਕੇ ਹੀ ਦਰਬਾਰ ਸਾਹਿਬ ਜਾਵੇਗੀ। ਪਰ ਅੱਜ ਇਹ ਸਰਕਾਰ ਨੂੰ ਵੰਗਾਰਨ ਦੀ ਬਾਂਵੇਂ ਆਪਣੀ ਚੂੜੇ ਵਾਲੀ ਬਾਂਹ ਕੱਢਕੇ ਸਰਕਾਰ ਦੀਆਂ ਲ੍ਹਿਲਕੜੀਆਂ ਕੱਢ ਰਿਹਾ ਹੈ ਕਿ ਜੀ ਅਸੀਂ ਤਾਂ ਸਦਾ ਹੀ ਅਮਨ-ਪਸੰਦ ਰਹੇ ਹਾਂ। ਖਾਲਿਸਤਾਨ ਦੀ ਮੰਗ ਨਾਲ ਸਾਡਾ ਉਕਾ ਕੋਈ ਸੰਬੰਧ ਨਹੀਂ। ਸੰਤ ਭਿੰਡਰਾਂ ਨੇ ਵੀ ਕਦੇ ਖਾਲਿਸਤਾਨ ਦੀ ਮੰਗ ਨਹੀਂ ਕੀਤੀ। ਗਰਮ-ਨਾਅਰੇ ਲਾਉਂਣ ਵਾਲੇ ਨੌਜਵਾਨ ਸਿੱਖ ਕੌਮ ਦੇ ਦੁਸ਼ਮਣ ਤੇ ਕਾਂਗਰਸ ਦੇ 'ਅਜੰਟ' ਹਨ। ਜਿਥੇ ਇਹ ਸਿੰਘ ਸਹਿਬਾਨ ਦੀ ਇਸ ਘੋਰ-ਸੰਕਟ ਵਿਚ ਸਿੱਖ ਕੌਮ ਦੀ 'ਸਫਲਤਾ-ਪੂਰਵਕ ਰਾਹਿਨੁਮਾਈ' ਕਰਨ ਦੀ ਸ਼ਲਾਘਾ ਦੇ ਪਤੂੱਲ ਬ੍ਰੰਨਦਾ ਨਹੀਂ ਥਕਦਾ ਉਥੇ ਕੌਮ ਲਈ ਮਰ ਮਿਟਣ ਤੇ ਜਾਨਾਂ ਤਲੀ ਤੇ ਧਰਨ ਵਾਲੇ ਨੌਜਵਾਨਾਂ ਦੀ ਗੱਲ ਕਰਦੇ ਇਸਦੀ ਜੀਭ ਨੂੰ ਤੰਦੂਆ ਪੈ ਜਾਂਦਾ ਹੈ। ਸੰਤ ਜਰਨੈਲ ਸਿੰਘ ਦੀ ਸ਼ਹਾਦਤ ਸਬੰਧੀ ਪਬਲਿਕ ਤੌਰ ਤੇ ਇਸਨੇ ਅਫਸੋਸ ਦਾ ਇਕ ਬਿਆਨ ਨਹੀਂ ਦਿਤਾ ਪਰ ਸੰਤ ਖਾਲਸਾ ਦੇ ਖ਼ੂੰਨ ਨਾਲ ਰੰਗੇ ਹੱਥਾਂ ਨਾਲ ਰੋਡੀਂ ਜਾ ਕੇ ਉਹਨਾਂ ਦੇ ਪਿਤਾ ਜਥੇਦਾਰ ਜੋਗਿੰਦਰ ਸਿੰਘ ਦੀ ਹਮਾਇਤ ਹਾਸਲ ਕਰਨ ਲਈ ਉਹਨਾਂ ਦੇ ਗੋਡੇ ਘੁੱਟਣ ਤੋਂ ਵੀ ਇਸਨੂੰ ਲੱਜਿਆ ਨਹੀਂ ਆਈ। ਵਾਸਤਵ ਵਿਚ ਲੋਂਗੋਵਾਲੀਆ ਸੰਤ ਹਿੰਦੁਸਤਾਨ ਦੀਆਂ ਸੰਵਿਧਾਨਕ-ਹੱਦਾਂ ਦੀ ਚਰਾਂਦ ਵਿਚ ਚਰਨ ਵਾਲੀ ਉਹ ਰਾਮ-ਗਊ ਹੈ ਜਿਸਦੇ ਪੱਲੇ ਪੰਥ ਦੀ ਆਜ਼ਾਦ-ਹਸਤੀ ਲਈ ਜੂਝਦੇ ਸਿੱਖਾਂ ਅਥਵਾ ਨੌਜਵਾਨਾਂ ਲਈ ਦਲੇਰੀ ਦੇ ਦੁੱਧ ਦੀ ਇਕ ਤਿੱਪ ਵੀ ਨਹੀਂ, ਸਿਰਫ ਬਦ-

ਦਿਆਨਤੀ ਦੀਆਂ ਛੜਾਂ ਹੀ ਛੜਾਂ ਹਨ ! ਉਹ ਸੰਤ ਜਰਨੈਲ ਸਿੰਘ ਤੇ ਦੂਸਰੇ ਸ਼ਹੀਦ ਸਿੰਘਾਂ ਦਾ ਖ਼ੂਨ ਵੇਚ ਕੇ ਆਪਣੀ ਲੀਡਰੀ ਬਰਕਰਾਰ ਰੱਖਣ ਦਾ ਤਾਂ ਤਲਬਗਾਰ ਹੈ ਪਰ ਜਿਥੇ ਉਹਨਾਂ ਦੇ ਦਰਸਾਏ ਮਾਰਗ ਤੇ ਤੁਰਨ ਜਾਂ ਉਹਨਾਂ ਵਾਲੇ ਸਿਧਾਂਤਿਕ-ਝੰਡੇ ਨੂੰ ਹੱਥ ਵਿਚ ਲੈ ਕੇ ਅੱਗੇ ਵਧਣ ਵਾਲੀ ਗੱਲ ਆਉਂਦੀ ਹੈ ਤਾਂ ਸੰਤ ਦੀ ਚੂੜੇ ਵਾਲੀ ਬਾਂਹ ਕੰਬ ਜਾਂਦੀ ਹੈ ਉਸਦੀਆਂ ਆਟੇ ਦੀਆਂ ਲੱਤਾਂ ਧਰਕ ਜਾਂਦੀਆਂ ਹਨ !

ਪੰਥ ਦੇ ਸ਼੍ਰੋਮਣੀ-ਗੰਦਾਰ ਟੌਹੜੇ ਬਾਰੇ ਅਸੀਂ ਉਸਦੇ ਜਿਹਲੋਂ ਬਾਹਰ ਸਰਕਣ ਤੋਂ ਪਹਿਲੋਂ ਹੀ ਪੰਥ ਨੂੰ ਸੁਚੇਤ ਕੀਤਾ ਸੀ ਕਿ ਬਾਹਰ ਨਿਕਲਦਿਆਂ ਹੀ ਉਸਦਾ ਪਹਿਲਾ ਕੰਮ ਕੋਈ ਗਰਮ-ਨਾਅਰਾ ਲਾਉਂਣਾ ਹੋਵੇਗਾ ਤਾਂ ਕਿ ਉਹ ਇਸ ਨਾਲ ਆਪਣੀ ਗੰਦਾਰੀ ਤੇ ਪਰਦਾ ਪਾ ਕੇ ਤੇ ਪੰਥ ਨੂੰ ਘਚਾਨੀ ਦੇ ਕੇ ਫਿਰ ਤੋਂ ਸਿੱਖਾਂ ਅਥਵਾ ਨੌਜਵਾਨਾਂ ਵਿਚ ਮਕਬੂਲ ਹੋ ਸਕੇ ਅਤੇ ਕੌਮ ਨੂੰ ਇਹ ਭੁਲੇਖਾ ਪਾ ਸਕੇ ਕਿ ਪੰਥ ਤੇ ਪਈ ਆਫਤ ਦੇ ਅਸਮਾਨ ਨੂੰ ਸਿਰਫ ਇਸੇ ਟਟੀਹਰੀ ਦੀਆਂ ਲੱਤਾਂ ਹੀ ਡੱਕ ਸਕਦੀਆਂ ਹਨ। ਪੰਥ ਦੀਆਂ ਪੱਸਲੀਆਂ ਅੰਦਰ ਪਵਾਣ ਵਾਲੇ ਇਸ ਲੁੰਬੜ ਅਥਵਾ ਲੂਤੀ-ਲਾਊ ਲੀਡਰ ਨੇ ਜਿਵੇਂ ਹਰਿਮੰਦਰ ਸਾਹਿਬ ਤੇ ਹਮਲਾ ਕਰਵਾ ਕੇ ਬਚ ਨਿਕਲਣ ਦੀ ਸਾਰੀ ਵਿਉਂਤ ਪਹਿਲੋਂ ਹੀ ਤਹਿ ਕਰ ਲਈ ਸੀ ਉਵੇਂ ਹੀ ਜਿਹਲੋਂ ਬਾਹਰ ਆਉਂਣ ਲਈ ਅੰਦਰਖਾਤੇ ਸਰਕਾਰ ਨਾਲ ਸਮਝੌਤਾ ਕਰਕੇ ਅਤੇ ਬਾਹਰ ਆ ਕੇ ਰੋਹ ਵਿਚ ਬਲ ਰਹੇ ਸਿੱਖਾਂ ਤੇ ਖਾਸਕਰ ਨੌਜਵਾਨਾਂ ਦੀਆਂ ਅੱਖਾਂ ਵਿਚ ਧੂੜ ਪਾਉਂਣ ਦਾ ਬ੍ਰਾਨਣੂੰ ਵੀ ਪਹਿਲੋਂ ਹੀ ਬੁੰਨ ਲਿਆ ਸੀ, ਜਦੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਵੇਂ ਬਜਟ ਵਿਚ ਹਥਿਆਰਾਂ ਦੀ ਸਿਖਲਾਈ ਲਈ ਸਤਾਈ ਹਜ਼ਾਰ ਰੁਪੈ ਰੱਖਣ ਦੀ ਕਾਰਵਾਈ ਇਸ ਨੇ ਆਪਣੇ ਪਿਛਲੱਗਾਂ ਤੋਂ ਪੁਆਈ। ਇਹ ਕਾਰਵਾਈ ਸਿਰਫ ਨੌਜਵਾਨਾਂ ਦੇ ਜੋਸ਼ ਨੂੰ ਇਕ ਨਵੀਂ ਆਸ ਦੀ ਕਿਰਨ ਦਿਖਾ ਕੇ ਆਪਣੇ ਮਗਰ ਲਾਣ ਦੀ ਸਾਜ਼ਿਸ਼ ਦੀ ਸੰਗਲੀ ਦੀ ਇਕ ਕੜੀ ਸੀ ਵਰਨਾ ਇਕ ਪਾਸੇ ਤਾਂ ਚਰਚੇ ਹਨ ਕਿ ਗੋਲਡਨ-ਟੈਂਪਲ-ਕੰਪਲੈਕਸ ਚੋਂ ਮਿਲਟਰੀ ਕੱਢਣ ਸਮੇਂ, ਫਿਰ ਤੋਂ ਕੰਪਲੈਕਸ ਵਿਚ ਹਥਿਆਰ ਨਾ ਲਿਆਉਂਣ ਲਈ ਸਿੰਘ ਸਹਿਬਾਨ ਦੇ 'ਪਵਿੱਤਰ ਹੱਥ' ਵਢਾ ਲਏ ਗਏ ਹਨ ਤੇ ਦੂਸਰੇ ਪਾਸੇ ਦਿਨ-ਰਾਤ ਹਿੰਦੁਸਤਾਨ ਦੀਆਂ ਸੰਵਿਧਾਨਕ-ਹੱਦਾਂ ਵਿਚ ਰਹਿਣ ਦਾ ਉਪਦੇਸ਼ ਦੇਣ ਵਾਲਾ ਨਾਰਦ-ਮੁਨੀ ਟੌਹੜਾ ਨੌਜਵਾਨਾਂ ਨੂੰ ਨੱਥਣ ਲਈ ਹਥਿਆਰਾਂ ਦੀ ਸਿਖਲਾਈ ਲਈ ਬਜਟ 'ਚ ਪੈਸੇ ਰਖੇ ਜਾਣ ਦਾ ਢੋਂਗ ਰਚ ਰਿਹਾ ਹੈ। ਜੇ ਬਾਹਰਲੇ ਸਿੱਖਾਂ ਦਾ ਪੈਸਾ ਭਾਰਤ ਪਹੁੰਚਣ ਤੇ ਪਾਬੰਦੀਆਂ ਲਗਦੀਆਂ ਹਨ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਫੰਡਜ਼ ਸਰਕਾਰ ਫਰੀਜ਼ ਕਰ ਰਹੀ ਹੈ ਤਾਂ ਪੁੱਛਣ ਵਾਲਾ ਹੋਵੇ ਕਿ ਤੁਹਾਡੇ ਹਥਿਆਰ ਖਰੀਦ ਕੇ ਸਿਖਲਾਈ ਦੇਣ ਲਈ ਬਜਟ 'ਚ ਪੈਸੇ ਰੱਖ ਕੇ ਨੌਜਵਾਨਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਣ ਨੂੰ ਕੀ ਅੱਜ ਦੇ ਚਿੰਤਨ-ਨੌਜਵਾਨ ਸਮਝ ਨਹੀਂ ਸਕਣਗੇ ? ਨਾਲੇ ਹਥਿਆਰਾਂ ਦੀ ਸਿਖਲਾਈ ਕੌਮ ਦੇ ਭਗੌੜਿਆਂ ਨੇ ਦੇਣ ਦੀ ਜੁੱਰਅਤ ਕਰਨੀ ਹੈ ? ਭਗੌੜੇ-ਟੌਹੜੇ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਉਹ ਗਰਮ ਨਾਅਰਾ ਦੇਣ ਦੀ ਕਿਸੇ ਵੀ ਚਾਲ ਨਾਲ ਨੌਜਵਾਨਾਂ ਨੂੰ ਆਪਣੇ ਚੁੰਗਲ ਵਿਚ ਨਹੀਂ ਫਸਾ ਸਕੇਗਾ।

ਸੋ ਜਿਹਲੋਂ ਸਰਕਦਿਆਂ ਹੀ ਟੌਹੜੇ ਨੇ ਗਰਮ-ਨਾਅਰਾ ਦੇਣ ਦੀ ਸਾਡੀ ਭਵਿੱਖ-ਬਾਣੀ ਦੀ ਪੁਸ਼ਟੀ ਕਰ ਵਿਖਾਈ ਹੈ। ਉਸਨੇ ਨਾਅਰਾ ਦਿੱਤਾ ਹੈ ਕਿ ਅਕਾਲ ਤਖਤ ਨੂੰ ਢਾਹ ਕੇ ਦੁਬਾਰਾ ਬਣਾਇਆ ਜਾਵੇਗਾ। ਕੋਈ ਛੱਜ ਬੋਲਦਾ ਤਾਂ ਵੀ ਮੰਨਦੇ ਪਰ ਇਹ ਛਾਨਣੀ ਬੋਲ ਰਹੀ ਹੈ ! ਅਕਾਲ ਤਖਤ ਨੂੰ ਖੁਦ ਢਵਾਉਂਣ ਵਾਲਾ ਟੌਹੜਾ ਹੁਣ ਢਾਹ ਕੇ ਬਣਾਉਂਣ ਦਾ ਨਾਅਰਾ ਦੇ ਰਿਹਾ ਹੈ। ਨਿਰਸੰਦੇਹ ਸਿੱਖ-ਪੰਥ ਸਰਕਾਰੀ ਅਕਾਲ-ਤਖਤ ਨੂੰ ਗੋਲਡਨ-ਟੈਂਪਲ-ਕੰਪਲੈਕਸ ਦੀ ਹਿੱਕ ਤੇ ਬਹੁਤੀ ਦੇਰ ਤਣਿਆ ਨਹੀਂ ਰਹਿਣ ਦੇਵੇਗਾ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਤੋਰੀ ਪਰੰਪਰਾ ਅਨੁਸਾਰ ਸਿੱਖ-ਸੰਸਾਰ ਇਸ ਨੂੰ ਆਪਣੇ ਤਿਲ-ਫੁੱਲ ਨਾਲ ਉਸਾਰੇਗਾ। ਟੌਹੜੇ ਦਾ ਇਹ ਵਿਚਾਰ ਕੋਈ ਨਵਾਂ ਜਾਂ ਮੌਲਿਕ ਨਹੀਂ। ਨਾਲੇ ਇਸ ਵਿਚ ਅਕਾਲ ਤਖਤ ਆਪੂੰ ਢਵਾਉਂਣ ਦਾ ਸੱਦਾ-ਪੱਤਰ ਦੇਣ ਵਾਲੇ ਗੰਦਾਰ ਟੌਹੜੇ ਦੀ ਸਿਫਾਰਸ਼ ਕੀ ਦਰਕਾਰ ਹੈ ? ਅਸੀਂ ਅੱਜ ਇਸ ਸ਼੍ਰੋਮਣੀ-ਗੰਦਾਰ ਤੋਂ ਇਹ ਪ੍ਰਸ਼ਨ ਪੁੱਛਣ ਦੀ ਗੁਸਤਾਖੀ ਕਰਾਂਗੇ ਕਿ ਕੀ ਉਹ ਅਕਾਲ ਤਖਤ ਦੀ ਦੁਬਾਰਾ ਉਸਾਰੀ ਦਾ ਨਾਅਰਾ ਦੇ ਕੇ ਗੁਰਧਾਮਾਂ ਦਾ

ਖੋਇਆ ਸਤਿਕਾਰ ਪੰਥ ਦੀ ਝੋਲੀ ਪਾ ਦੇਵੇਗਾ ? ਕੀ ਉਹ ਕੌਮ ਦਾ ਸਿਪਾਹ-ਸਲਾਰ ਸੰਤ ਜਰਨੈਲ ਸਿੰਘ ਕੌਮ ਨੂੰ ਵਾਪਸ ਪਰਤਾ ਸਕੇਗਾ ? ਕੀ ਉਹ ਹਜਾਰਾਂ ਮਾਸੂਮ ਸਿੱਖਾਂ ਦੇ ਖ਼ੂਨ ਨਾਲ ਰੰਗੇ ਆਪਣੇ ਨਾਪਾਕ ਹੱਥ ਪਾਕ ਕਰਕੇ ਆਪਣੇ ਇਹ ਗੁਨਾਹ ਬਖਸ਼ਾ ਸਕੇਗਾ ? ਜੇ ਨਹੀਂ ਤਾਂ ਟੌਹੜੇ ਵਰਗੇ ਬੁਜ਼ਦਿਲ ਤੇ ਹੱਥ ਖੜੇ ਕਰ ਜਾਣ ਵਾਲੇ ਗੰਦਾਰ ਨੂੰ ਹੁਣ ਕੌਮ ਦੀ ਲੀਡਰੀ ਕਰਨ ਦੇ ਵਿਅਰਥ ਯਤਨਾਂ ਤੋਂ ਵੀ ਹੱਥ ਖੜੇ ਕਰ ਜਾਣੇ ਚਾਹੀਦੇ ਹਨ !

ਟੌਹੜੇ ਦਾ ਵਤੀਰਾ ਨੌਜਵਾਨਾਂ ਪ੍ਰਤੀ ਸਦਾ ਹੀ ਬੇਰੁਖੀ ਤੇ ਚੁਸਤੀ-ਚਲਾਕੀ ਵਾਲਾ ਰਿਹਾ ਹੈ। ਅਸੀਂ ਕੌਮ ਦੇ ਨੌਜਵਾਨਾਂ ਨੂੰ, ਸ਼੍ਰੋ: ਕਮੇਟੀ ਅਧੀਨ ਚਲਦੇ ਵਿੱਦਿਅਕ-ਅਦਾਰਿਆਂ ਵਿਚ ਕਮਿਊਨਿਜ਼ਮ ਅਤੇ ਨਾਸਤਿਕਤਾ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਵਾਸਤੇ, ਸਿੱਖੀ-ਪ੍ਰਚਾਰ ਕਰਨ ਲਈ, ਕਮੇਟੀ ਦੀ ਸਹਾਇਤਾ ਵਾਸਤੇ ਉਸ ਕੋਲ ਲ੍ਹਿਲਕੜੀਆਂ ਲੈਂਦੇ ਇਹਨਾਂ ਅੱਖਾਂ ਨਾਲ ਵੇਖਿਆ ਹੀ ਨਹੀਂ, ਨੌਜਵਾਨਾਂ ਦੇ ਵਫ਼ਦ ਆਪੂੰ ਵੀ ਭੁਗਤਾਏ ਹਨ ਪਰ ਕਮਿਊਨਿਸਟ-ਕੇਡਰ 'ਚੋਂ ਅਕਾਲੀ ਦਲ ਦੀਆਂ ਸਫਾਂ 'ਚ ਸਰਕੇ ਟੌਹੜੇ ਦੇ ਕੌਨਾਂ ਤੇ ਜੂੰਅ ਤਾਂ ਕੀ ਸਰਕਣੀ ਸੀ, ਉਸ ਨੇ ਨੌਜਵਾਨਾਂ ਲਈ ਸ਼੍ਰੋ: ਕਮੇਟੀ ਦੇ ਬੂਹੇ ਸਦਾ ਬੰਦ ਹੀ ਨਹੀਂ ਰੱਖੇ ਸਗੋਂ ਕਮਿਊਨਿਸਟਾਂ ਦੀ ਹਿਮਾਇਤ ਵੀ ਕੀਤੀ ਹੈ ਤੇ ਫਿਰ ਜਦੋਂ ਕਦੇ ਵੀ ਟੌਹੜੇ ਤੇ ਕਮਿਊਨਿਸਟਾਂ ਦੀ ਹਿਮਾਇਤ ਕਰਨ ਜਾਂ ਆਪ ਕਮਿਊਨਿਸਟ ਹੋਣ ਦਾ ਦੋਸ਼ ਲੱਗਿਆ ਹੈ ਤਾਂ ਉਸ ਦਾ ਪ੍ਰੈਸ ਨੂੰ ਇਕੋ ਹੀ ਬਿਆਨ ਹੁੰਦਾ ਹੈ ਕਿ ਕੁਝ ਲੋਕ ਉਸਦਾ 'ਕੈ-ਰੱਕਟਰ ਅੱਸੀਸੀਨੇਸ਼ਨ' ਕਰ ਰਹੇ ਹਨ। ਹੁਣ ਟੌਹੜੇ ਨੇ ਸ਼੍ਰੋ: ਕਮੇਟੀ ਦੇ ਪ੍ਰਧਾਨ ਹੁੰਦਿਆਂ ਹੋਇਆਂ ਦਰਬਾਰ ਸਾਹਿਬ ਵਿਚ ਖ਼ੁਦ ਸੁਨੇਹਾ ਦੇ ਕੇ ਫੌਜ ਸੱਦ ਕੇ ਅਕਾਲ-ਤਖਤ ਨੂੰ ਢਵਾਇਆ, ਸੰਤ ਜਰਨੈਲ ਸਿੰਘ ਤੇ ਬੇਅੰਤ ਸਿੰਘਾਂ ਨੂੰ ਸ਼ਹੀਦ ਕਰਵਾਇਆ ਤੇ ਕੌਮ ਦੇ ਨੌਜਵਾਨਾਂ ਨੂੰ ਆਪੂੰ ਬੰਨਦੂ ਕੇ ਕੌਮ ਦੀ ਏਨੀ ਤੌਹੀਨ ਕੀਤੀ ਹੈ, ਤਾਂ ਕੁਲ ਨੂੰ ਜਦ ਇਹ ਕਾਲਖ ਉਸਦੇ ਮੱਥੇ ਤੇ ਲੱਗੇਗੀ ਤਾਂ ਫਿਰ ਵੀ ਉਸਦਾ ਬਿਆਨ ਇਹੀ ਹੋਵੇਗਾ ਕਿ ਉਸਦਾ 'ਕੈ-ਰੱਕਟਰ ਅੱਸੀਸੀਨੇਸ਼ਨ' ਕੀਤਾ ਜਾ ਰਿਹਾ ਹੇ। ਸਿੱਖ ਕੌਮ ਦਾ ਕਰੈਕਟਰ ਅਸੈਸੀਨੇਸ਼ਨ ਨਾ ਸਰਕਾਰ ਨੇ ਕੀਤਾ ਹੈ ਤੇ ਨਾ ਟੌਹੜੇ ਨੇ ! ਹਾਂ ਕੌਮ ਦਾ ਸੱਤਿਆਨਾਸ ਕਰਨ ਤੇ ਕੋਈ ਸੱਚ ਕਹੇਗਾ ਤਾਂ ਟੌਹੜੇ ਦਾ 'ਕੈ-ਰੱਕਟਰ ਅੱਸੀਸੀਨੇਸ਼ਨ' ਜ਼ਰੂਰ ਹੋ ਜਾਏਗਾ। ਜੰਞ ਸਾਰੀ ਹੀ ਕਪੱਤੀ ਹੈ ਤੇ ਸੁਥਰਾ ਇਕੱਲਾ ਹੀ ਭਲਾ-ਮਾਣਸ ਹੈ ! ਸਿੱਖ ਕੌਮ ਨੂੰ ਜਿੰਨੀ ਢਾਅ ਟੌਹੜੇ ਨੇ ਲਾਈ ਹੈ ਓਨੀ ਡੋਗਰਿਆਂ ਹੱਥੋਂ ਸਿੱਖ-ਰਾਜ ਜਾਣ ਪਿਛੋਂ ਕਿਸੇ ਹੋਰ ਨੇ ਨਹੀਂ ਲਾਈ। ਟੌਹੜਾ ਹਿੰਦੋਸਤਾਨ ਦੀਆਂ ਸੰਵਿਧਾਨਕ-ਹੱਦਾਂ ਦੀ ਚਰਾਂਦ ਵਿਚ ਚਰਨ ਅਤੇ ਅਕਾਲੀ ਸਿਆਸਤ ਵਿਚ ਸੱਭ ਤੋਂ ਵੱਧ ਉਚਾ ਹਿਣਕਣ ਵਾਲਾ ਘੋੜਾ ਹੈ, ਜਿਸ ਨੇ ਸ਼੍ਰੋ: ਕਮੇਟੀ ਦੀ ਪ੍ਰਜਾ ਦੇ ਧਾਨ-ਰੂਪੀ ਹਰੇ ਘਾਹ ਨੂੰ ਚਰ ਕੇ ਦੁਤੰਗੇ ਸਦਾ ਹੀ ਦਿੱਲੀ ਵੱਲ ਲਾਏ ਹਨ ਤੇ ਸਿੱਖ-ਪੰਥ ਅਥਵਾ ਆਪਣੇ ਸਾਰੇ ਸਹਿਯੋਗੀਆਂ ਨੂੰ ਹਮੇਸ਼ਾਂ ਦਗੇ ਦੇ ਟੀਟਣੇ ਹੀ ਮਾਰੇ ਹਨ। ਮਾੜੀ ਮੋਟੀ ਸੂਝ ਰੱਖਣ ਵਾਲਾ ਮਨੁੱਖ ਵੀ ਸਮਝਦਾ ਹੈ ਕਿ ਦਰਬਾਰ ਸਾਹਿਬ ਤੇ ਹਮਲੇ ਸਮੇਂ ਨਿੱਕੇ-ਨਿੱਕੇ ਮਾਸੂਮ ਬੱਚੇ ਤੇ ਅਬਲਾ ਔਰਤਾਂ ਵੀ ਫੌਜ ਨੇ ਗੋਲੀਆਂ ਨਾਲ ਫੁੰਡ ਦਿਤੇ ਪਰ ਇਹ ਦੋਵੇਂ ਅੱਜ ਦੇ 'ਖਤਰਨਾਕ' ਤੇ 'ਦਹਿਸ਼ਤ-ਪਸੰਦ' ਲੀਡਰ ਕਿਵੇਂ ਸਰਕਾਰੀ-ਹਿਫਾਜ਼ਤ ਵਿਚ ਸੁਰੱਖਿਅਤ ਅੰਦਰ ਜਾ ਪਹੁੰਚੇ। ਇਸ ਗੱਲ ਦਾ ਵੀ ਅੱਜ ਲਗਪਗ ਹਰ ਸਿੱਖ ਨੂੰ ਇਲਮ ਹੈ ਕਿ ਪਿਛੋਂ ਜੋਧਪੁਰ ਦੀ ਜੇਹਲ ਵਿਚ ਸਰਕਾਰ ਵੱਲੋਂ ਇਹਨਾਂ 'ਸਰਕਾਰ ਦੇ ਵੱਡੇ ਦੁਸ਼ਮਣਾਂ' ਨਾਲ ਸ਼ਾਹੀ-ਵਿਵਹਾਰ ਕਿਉਂ ਕੀਤਾ ਗਿਆ ਤੇ ਇਹਨਾਂ ਵੱਲੋਂ ਰੋਜ਼ 'ਕਾਂਗਰਸ ਦੇ ਏਜੰਟ', ਗਿਰਦਾਨੇ ਜਾਣ ਵਾਲੇ ਕੌਮ ਦੇ ਹੋਣਹਾਰ ਅਥਵਾ ਨੌਜਵਾਨ ਕਿਉਂ ਜਿਹਲਾਂ ਵਿਚ ਸੜਦੇ ਰਹੇ ਤੇ ਅਜੇ ਸੜ ਰਹੇ ਹਨ। ਇਸ ਤੋਂ ਮਗਰੋਂ ਕਿਵੇਂ ਇਹਨਾਂ ਨੂੰ ਸਾਜ਼ਗਾਰ ਮਾਹੌਲ ਬਣਾ ਕੇ ਛੱਡਿਆ ਗਿਆ, ਇਹ ਗੱਲ ਵੀ ਕਿਸੇ ਤੋਂ ਗੁੱਝੀ-ਛੰਨੀ ਨਹੀਂ। ਪਰ ਅੱਜ ਟੌਹੜੇ ਦੀ ਕਾਸ਼ਣੀ-ਅੱਖ ਪਛਾਣ ਗਈ ਹੈ ਕਿ ਨੌਜਵਾਨ ਕਿੱਥੇ ਖੜੇ ਹਨ ਤੇ ਇਸੇ ਲਈ ਉਹ ਗਰਮ-ਨਾਅਰੇ ਦੇ ਕੇ ਆਪਣੀ ਜਾਂਦੀ ਲੀਡਰੀ ਨੂੰ ਬਚਾਉਂਣ ਲਈ ਅੱਕੀਂ-ਪਲਾਹੀਂ ਹੱਥ ਮਾਰ ਰਿਹਾ ਹੈ।

ਜਿਹਲੋਂ ਬਾਹਰ ਵਧੀ ਅਕਾਲੀ-ਚੌਕੜੀ 'ਚੋਂ ਤੀਜੇ ਹਨ ਜਥੇਦਾਰ ਜਗਦੇਵ ਸਿੰਘ ਤਲਵੰਡੀ ! ਜਥੇਦਾਰ ਤਲਵੰਡੀ, ਅਕਾਲੀ ਸਿਆਸਤ ਦਾ ਉਹ ਸਾਹਨ ਹੈ ਜੋ ਜਿੱਧਰ ਤੁਰਦਾ ਹੈ, ਧੁੱਸ ਦੇ ਕੇ ਤੁਰਦਾ

ਹੈ। ਉਹ ਹਿੰਦਸਤਾਨ ਦੀ ਸੰਵਿਧਾਨਿਕ-ਚਰਾਂਦ ਦੀਆਂ ਹੱਦਾਂ ਟੱਪ ਕੇ ਦਿੱਲੀ ਤੱਕ ਜਾਣ ਦੀ ਦਲੇਰੀ ਕਰ ਸਕਦਾ ਹੈ ਬਸ਼ਰਤੇ ਕਿ ਉਥੇ ਉਸਨੂੰ ਲੀਡਰੀ ਦੇ ਬਰਸੀਮ ਦੀ ਹਰੀ-ਭਾਅ ਵਜਦੀ ਨਜ਼ਰ ਆਉਂਦੀ ਹੋਵੇ। ਜਦ ਟੌਹੜੇ ਨੇ ਦਗਾ-ਟੀਟਣੇ ਨਾਲ ਉਸਦਾ ਪੁਲੀਟੀਕਲ-ਕੈਰੀਅਰ ਤਬਾਹ ਕੀਤਾ ਅਤੇ ਬਾਦਲ ਨੇ ਰਾਮ-ਗਊ ਰੂਪੀ ਲੌਂਗੋਵਾਲੀਏ ਸੰਤ ਨੂੰ ਪ੍ਰਧਾਨਗੀ ਦੇ ਪੱਠਿਆਂ ਦੀ ਪੰਡ ਪਾ ਦਿਤੀ ਤਾਂ ਅਕਾਲੀ ਸਿਆਸਤ ਦਾ ਇਹ ਸਾਹਨ ਆਪਣੀ ਖੁੱਸੀ ਲੀਡਰੀ ਦੀ ਬਹਾਲੀ ਲਈ ਕਾਫੀ ਦੇਰ ਜਿਹਲ 'ਚ ਕਠਿਨ ਤਪੱਸਿਆ ਕਰਦਾ ਰਿਹਾ। ਦਰਬਾਰ ਸਾਹਿਬ ਤੇ ਹਮਲੇ ਦੇ ਮਾਮਲੇ ਤੇ ਲੌਂਗੋਵਾਲੀਏ ਤੇ ਟੌਹੜੇ ਦੇ ਮੁਕਾਬਲੇ ਉਸਦਾ ਦਾਮਨ ਬਿਲਕੁਲ ਪਾਕ ਹੈ। ਜਦ ਬਾਹਰਲੇ ਇਹਨਾਂ ਗੱਦਾਰ ਲੀਡਰਾਂ ਦੀ ਕ੍ਰਿਪਾ ਨਾਲ ਕੌਮ ਤੇ ਇਹ ਭਾਣਾ ਵਰਤਣ ਮਗਰੋਂ ਪਿਛੇ ਜਿਹੇ ਸਰਕਾਰ ਨੇ ਸ਼ਰਾਰਤ ਨਾਲ ਲੌਂਗੋਵਾਲੀਏ ਤੇ ਜਥੇਦਾਰ ਨੂੰ ਇਕੱਠਿਆਂ ਛੱਡ ਦਿੱਤਾ ਤਾਂ ਤੱਤੇ ਜਥੇਦਾਰ ਨੇ ਪੰਥ ਦਾ ਲੋਹਾ ਤੱਤਾ ਜਾਣ ਕੇ ਪਹਿਲੋਂ ਹੀ ਮੁੱਠੀਆਂ ਨੂੰ ਥੁੱਕ ਲਾਇਆ ਹੋਇਆ ਸੀ। ਸਰਕਾਰ ਦਾ ਤੀਰ ਐਨ ਨਿਸ਼ਾਨੇ ਤੇ ਵੱਜਾ ਪਰ ਹਰਫਲੇ ਹੋਏ ਜਥੇਦਾਰ ਦਾ ਵਾਰ ਛੇਤੀ ਵਿਚ ਖੁੰਝ ਗਿਆ। ਮੱਕਾਰ-ਦਿੱਲੀ ਸਿੱਖ ਕੌਮ ਦੀ ਵਿਗੜਦੀ ਕਿਸਮਤ ਤੇ ਹੱਸ ਰਹੀ ਸੀ ਤੇ ਇਧਰ ਪੰਥਕ-ਬੇਤੀ ਦੇ ਮਲਾਹ ਕੁਰਸੀ ਲਈ ਕਰਾਟੀ ਖੇਡ ਰਹੇ ਸਨ ! ਸ਼ਾਹੀ-ਅਨਪੁਤ ਜਥੇਦਾਰ ਤਲਵੰਡੀ ਬੁੱਧੀਜੀਵੀਆਂ ਤੇ ਨੌਜਵਾਨਾਂ ਨੂੰ ਚੰਗੀ ਸ਼ੱਕਰ-ਘਿਉ ਰਲਾਉਂਦਾ ਰਿਹਾ ਹੈ ਪਰ ਹੁਣ ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਤੇ ਲੌਂਗੋਵਾਲੀਏ ਸਾਧ ਦੀ ਪ੍ਰਧਾਨਗੀ ਦੀ ਭੂਰੀ ਖੋਹਣ ਦਾ ਸ਼ੁਭ-ਅਵਸਰ ਆਇਆ ਦੇਖ ਕੇ ਜਥੇਦਾਰ ਨੂੰ ਵੀ ਨੌਜਵਾਨਾਂ ਦਾ ਹੇਜ ਜਾਗਿਆ ਹੈ ਤੇ ਉਸਨੇ ਜਿਹਲੋਂ ਨਿਕਲਦਿਆਂ ਲੁਧਿਆਣੇ ਪਹੁੰਚ ਕੇ ਜੋ ਪਹਿਲਾ ਭਾਸ਼ਣ ਝਾੜਿਆ ਉਸ ਵਿਚ ਜਿਥੇ ਲੌਂਗੋਵਾਲੀਏ ਸੰਤ ਦੀ ਜਹੀ-ਤਹੀ ਫੇਰੀ, ਉਥੇ ਉਸਨੇ ਸਿੱਖ-ਸਟੂਡੈਂਟਸ-ਫੈਡਰੇਸ਼ਨ ਦੇ ਯਤੀਮ ਹੋਣ ਤੇ ਵੀ ਮਗਰਮੱਛ ਦੇ ਹੰਝੂ ਵਹਾਏ ਹਨ ਤੇ ਫੈਡਰੇਸ਼ਨ ਨੂੰ ਆਪਣੀ ਛਤਰੀ ਦੀ ਛਾਂ ਵੀ ਪੇਸ਼ ਕੀਤੀ ਹੈ। ਪਰ ਕੁਝ ਵੀ ਹੋਵੇ ਅੱਜ ਦੇ ਚੱਢਿਆਂ 'ਚ ਪੂਛ ਪਾ ਕੇ ਮੱਠੇ ਤੁਰਨ ਵਾਲੇ ਤੇ ਬਿੰਦੇ-ਝੱਟੇ ਬਹਿਣ-ਡਿੱਗਣ ਵਾਲੇ ਬੁੱਢੇ-ਬੌਲਦ ਲੀਡਰਾਂ 'ਚੋਂ ਜਥੇਦਾਰ ਤਲਵੰਡੀ ਸਭ ਤੋਂ ਤੇਜ਼ ਤੇ ਤੱਤਾ ਵਗ ਰਿਹਾ ਹੈ। ਜਿੰਨੀ ਦੇਰ ਨਵੀਂ ਨੌਜਵਾਨ ਲੀਡਰਸ਼ਿਪ ਨਹੀਂ ਉਭਰਦੀ ਉਹ ਨੌਜਵਾਨਾਂ ਵਿਚ ਮਕਬੂਲ ਰਹਿ ਸਕਦਾ ਹੈ ਬਸ਼ਰਤੇ ਕਿ ਉਹ ਦਿਆਨਤਦਾਰੀ ਤੇ ਦ੍ਰਿੜਤਾ ਨਾਲ ਨੌਜਵਾਨਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰੇ। ਉਂਞ ਲੋਕ ਇਹ ਵੀ ਆਖਦੇ ਹਨ ਕਿ ਲੌਂਗੋਵਾਲੀਏ ਸੰਤ ਨੂੰ ਜਗਦੇਵ ਸਿੰਘ ਤੋਂ ਢੁਆਣ ਤੇ ਉਸਦੇ ਖੁਰੀਆਂ ਲੁਆਣ ਲਈ ਵੀ ਦਿੱਲੀ ਦੀ ਸਰਕਾਰ ਹੀ ਤੁਣਕੇ ਮਾਰਦੀ ਹੈ। ਇਸ ਗੱਲ ਦਾ ਸਮਾਂ ਹੀ ਨਿਤਾਰਾ ਕਰੇਗਾ ਕਿ ਜਥੇਦਾਰ ਨੌਜਵਾਨਾਂ ਨਾਲ ਹੱਥ ਮਿਲਾ ਕੇ ਪੰਥ ਦੀ ਚੜਦੀ ਕਲਾ ਲਈ ਮੈਦਾਨ ਵਿਚ ਨਿਤਰਦਾ ਹੈ ਜਾਂ ਲੁਕ-ਲੁਕ ਕੇ ਦਿੱਲੀ ਨਾਲ ਅੱਖ-ਮੁਟੱਕਾ ਮਾਰਦਾ ਹੈ !

ਬਾਦਲ-ਘੜੇ ਤੋਂ ਕੋਲਾ ਅਸੀਂ ਆਪਣੇ ਕਿਸੇ ਅਗਲੇ ਲੇਖ 'ਚ ਚੁਕਾਂਗੇ ਕਿਉਂਕਿ ਪੰਥ ਦੇ ਲਾਡਲੇ-ਸਰਦਾਰਟੇ ਪ੍ਰਕਾਸ਼ ਸਿੰਘ ਬਾਦਲ ਕਾਂਗਰਸ-ਸਰਕਾਰ ਦੇ ਮਹਿਮਾਨ, ਜਿਹਲ ਚੋਂ ਇਸ ਤਿੱਕੜੀ ਤੋਂ ਮਗਰੋਂ ਸੱਜਰੇ-ਸੱਜਰੇ ਬਾਹਰ ਵਧੇ ਹਨ। ਉਹਨਾਂ ਦੇ ਖੁਲ੍ਹੇ ਦਰਸ਼ਣ-ਦੀਦਾਰੇ ਆਪਣੇ ਪਾਠਕਾਂ ਨੂੰ ਫਿਰ ਕਰਵਾਵਾਂਗੇ।

ਗੁਰੂ ਕੇ ਪੰਥ ਦਾ ਦਿਲ ਬਹੁਤ ਖੁੱਲ੍ਹਾ ਤੇ ਹਿਰਦਾ ਬੜਾ ਵਿਸ਼ਾਲ ਹੈ। ਇਹ ਪੰਥ ਕਿਸੇ ਤੇ ਬਖਸ਼ਿਸ਼ਾਂ ਕਰਦਾ ਹੈ ਤਾਂ ਧੰਨ ਧੰਨ ਕਰਵਾ ਦਿੰਦਾ ਹੈ! ਇਸਦੀ ਨਜ਼ਰ ਸਵੱਲੀ ਹੋਵੇ ਤਾਂ ਦੁੱਧ ਢੋਣ ਵਾਲੇ ਦੋਧੀਆਂ ਤੇ ਢਾਡੀਆਂ ਨੂੰ ਵਜ਼ੀਰੀਆਂ ਵੰਡ ਦਿੰਦਾ ਹੈ। ਡਰਾਈਵਰਾਂ ਨੂੰ ਪਾਰਲੀਮੈਂਟ ਦੀਆਂ ਕੁਰਸੀਆਂ ਤੇ ਬਿਠਾ ਦਿੰਦਾ ਹੈ। ਕਾਂਗਰਸ ਦੇ ਧੱਕੇ ਤੋਂ ਉਤਰੀਆਂ ਸਵਾਰੀਆਂ ਨੂੰ ਮੁੱਖ-ਮੰਤਰੀ ਬਣਾ ਦਿੰਦਾ ਹੈ। ਅਸੀਂ ਪੰਥ ਦੀ ਇਸ ਗਰੀਬ-ਨਿਵਾਜ਼ ਤੇ ਖੁੱਲ੍ਹ-ਦਿਲੀ ਪਾਲਿਸੀ ਦੇ ਦਿਲੋਂ ਪ੍ਰਸ਼ੰਸਕ ਤੇ ਕਦਰਦਾਨ ਹਾਂ ਕਿਉਂਕਿ ਇਹ ਸਿੱਖੀ ਦੀਆਂ ਸ਼ਾਨਦਾਰ-ਰਵਾਇਤਾਂ ਦੇ ਅਨੁਕੂਲ ਹੈ ਪਰ ਮਾਮਲਾ ਉਥੇ ਜਾ ਕੇ ਗੜਬੜ ਹੁੰਦਾ ਹੈ ਜਦ ਸਿੱਖ-ਧਰਮ ਦੇ ਮੁੱਢਲੇ-ਸਿਧਾਂਤਾਂ ਦੇ ਉਲਟ ਕਮਿਊਨਿਸਟਾਂ ਦੇ ਸਾਈਕਲਾਂ ਤੋਂ ਉਤੱਰਦਿਆਂ ਨਾਸਤਿਕ-ਲੋਕਾਂ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਥਾਪ ਦਿਤਾ ਜਾਂਦਾ ਹੈ ਤੇ

ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੇ ਆਰਡਰਾਂ ਤੇ ਮੋਹਰ ਲਾਉਣ ਵਾਲੇ ਨਾਮ-ਧਰੀਕ ਸਿੱਖ ਭਾਕ ਰਾਹੀਂ ਖਾਲਸਾ-ਪੰਥ ਦੀ ਖਿਮਾ-ਯਾਚਨਾ ਦੇ ਅਧਿਕਾਰੀ ਬਣ ਜਾਂਦੇ ਹਨ। ਅਜਿਹੀ ਅਣਗਹਿਲੀ ਤੇ ਅਵੇਸਲੇ-ਪਣ ਕਾਰਨ ਹੀ ਸਿੱਖ ਕੌਮ ਦੀ ਵਰਤਮਾਨ ਤੋਹੀਨ ਹੋਈ ਹੈ ਕਿਉਂਕਿ ਕੌਮ ਹੁਣ ਤੀਕ ਆਪਣੀ ਥੁੱਕਲ ਅਥਵਾ ਆਸਤੀਨ ਦੇ ਸੱਪਾਂ ਨੂੰ ਨਹੀਂ ਪਛਾਣ ਸਕੀ ਜਿਹਨਾਂ ਦਾ ਡੰਗਿਆ-ਪੱਢਿਆ ਖਾਲਸਾ-ਪੰਥ ਅੱਜ ਲੁੱਛ ਰਿਹਾ ਹੈ !

ਕੌਮ ਨਾਲ ਵਾਪਰਦੇ ਵਰਤਮਾਨ-ਦੁਖਾਂਤ ਤੋਂ ਭਲੀ-ਭਾਂਤ ਪ੍ਰਤੱਖ ਹੈ ਕਿ ਮਾਸੂਮ ਸਿੱਖ-ਮਿਰਗਾਂ ਦੀ ਹੱਤਿਆ ਕਰਕੇ ਦੂਣੇ-ਨਿਵਣ ਵਾਲੇ ਇਹ ਅਪਰਾਧੀ ਤੇ ਆਪਣੇ ਆਪ ਨੂੰ ਗੁਰੂ-ਘਰ ਦੇ 'ਕੂਕਰ' ਅਥਵਾ ਕੁੱਤੇ ਕਹਾਉਂਣ ਵਾਲੇ ਇਹ ਦਗੇਬਾਜ਼ ਲੀਡਰ, ਖਾਲਸਾ-ਪੰਥ ਦੇ ਘਰ ਨੂੰ ਸੁੰਨ ਲਾਉਂਣ ਵਾਲੀ ਚੋਰ-ਸਰਕਾਰ ਨਾਲ ਪੂਰੀ ਤਰਾਂ ਰਲੇ ਹੋਏ ਸਨ।

ਹੁਣ ਵੀ ਤੇਰਾਂ ਅਪ੍ਰੈਲ ਭਾਵ ਵਿਸਾਖੀ ਨੂੰ ਇਹਨਾਂ, ਪੰਥ ਨੂੰ ਕੋਈ 'ਠੋਸ ਪ੍ਰੋਗਰਾਮ' ਦੇ ਕੇ ਆਪਣੇ ਹੀ ਠਾਰੇ ਹੋਏ ਮੋਰਚੇ ਨੂੰ ਭਖਾਉਂਣਾ ਸੀ ਪਰ ਦਿੱਲੀ-ਸਰਕਾਰ ਵਲੋਂ ਤਿੰਨ 'ਮੰਗਾਂ ਮੰਨੇ ਜਾਣ' ਕਰਕੇ ਇਹ ਪ੍ਰੋਗਰਾਮ ਇਹਨਾਂ ਹੁਣ ਪਹਿਲੀ ਜੂਨ ਤੱਕ ਮੁਲਤਵੀ ਕਰ ਦਿਤਾ ਹੈ। ਹਾਲਾਂ ਕਿ ਇਹ ਤਿੰਨ ਮੰਗਾਂ ਖਾਲਸਾ-ਪੰਥ ਦੀਆਂ ਬੁਨਿਆਦੀ ਮੰਗਾਂ ਨਹੀਂ ਸਗੋਂ ਸਰਕਾਰ ਦੀਆਂ ਕੀਤੀਆਂ ਗਲਤੀਆਂ ਹਨ ਜਿਹਨਾਂ ਨੂੰ ਹੀ ਹੁਣ ਸੋਧਣ ਦਾ ਘੱਟਾ ਸਰਕਾਰ ਸਿੱਖਾਂ ਦੀਆਂ ਅੱਖਾਂ ਵਿਚ ਪਾ ਰਹੀ ਹੈ। ਪਹਿਲੀ, ਦਿੱਲੀ ਦੀਆਂ ਘਟਨਾਵਾਂ ਦੀ ਜਾਂਚ, ਧਰਮ-ਯੁੱਧ ਮੋਰਚੇ ਦੀ ਕੋਈ ਬੁਨਿਆਦੀ ਮੰਗ ਨਹੀਂ ਸੀ, ਇਹ ਸਰਕਾਰੀ ਸ਼ਹਿ ਤੇ ਹੋਇਆ ਕਤਲੇ-ਆਮ ਸਰਕਾਰ ਦੀ ਗਲਤੀ ਹੈ ਜਿਸਦੀ ਜਾਂਚ ਦਾ ਜਾਲ ਸੁੱਟਿਆ ਗਿਆ ਹੈ ਹਾਲਾਂਕਿ ਸਾਡੇ ਮੀਸਣੇ-ਲੀਡਰਾਂ ਨੂੰ ਪਤਾ ਹੈ ਕਿ ਇਹ ਜਾਂਚ ਸਰਕਾਰ ਦੇ ਬਿਠਾਏ ਜੱਜਾਂ ਨੇ ਕਰਨੀ ਹੈ ਤੇ ਇਸਦਾ ਕਿੰਨਾ ਕੁ ਸੱਚਾ ਨਤੀਜਾ ਨਿਕਲ ਸਕਦਾ ਹੈ। ਦੂਜੀ ਮੰਗ, ਆ. ਇੰ. ਸਿੱਖ ਸਟੂਡੈਂਟਸ ਫੈਡਰਸ਼ਨ ਤੋਂ ਪਾਬੰਦੀ ਉਠਾਣ ਦਾ ਫਲ ਹੈ। ਹਿੰਦੂਆਂ ਦੀਆਂ ਖਤਰਨਾਕ ਸੈਨਾਵਾਂ-ਸੰਮਤੀਆਂ ਦੀ ਡੋਰ ਖੁਲ੍ਹੀ ਛੱਡਕੇ ਸਿੱਖ-ਸਟੂਡੈਂਟਸ-ਫੈਡਰੇਸ਼ਨ ਤੇ ਪਾਬੰਦੀ ਲਾਉਂਣਾ ਸਰਕਾਰ ਦੀ ਸਾਜ਼ਿਸ਼ ਤੇ ਗਲਤੀ ਸੀ, ਜਿਸਨੂੰ ਹੀ ਸਰਕਾਰ ਮੰਨ ਰਹੀ ਹੈ, ਨਾ ਕਿ ਸਿੱਖਾਂ ਦੀ ਕਿਸੇ ਮੰਗ ਨੂੰ। ਨਾਲੇ ਉਸ ਪਾਬੰਦੀ ਹਟਾਣ ਦਾ ਕੀ ਲਾਭ ਜਦੋਂ ਫੈਡਰੇਸ਼ਨ ਦੇ ਬਹੁਤੇ ਨੌਜਵਾਨ ਕਾਲ-ਕੋਠੜੀਆਂ ਵਿਚ ਹੀ ਸੜ ਰਹੇ ਹੋਣ ? ਤੀਸਰੀ ਮੰਗ, ਕੈਦੀਆਂ ਦੀ ਰਿਹਾਈ ਦਾ ਲਾਰਾ-ਲੱਪਾ ਹੈ। ਇਸ ਅਨੁਸਾਰ ਕੁਝ ਨੂੰ ਛੱਡ, ਇਹ ਦੜੇ ਦਾ ਮਾਲ ਅਖੌਤੀ-ਲੀਡਰ ਆਦਿ ਬਾਹਰ ਆ ਗਏ ਹਨ ਪਰ ਬੇਕਸੂਰੇ ਫੜੇ ਹੋਏ 'ਅਸਲੀ ਕੈਦੀ' ਉਸੇ ਤਰਾਂ ਅੰਦਰ ਬੰਦ ਹਨ। ਬੇਕਸੂਰੇ ਸਿੱਖਾਂ ਨੂੰ ਸੀਖਾਂ ਪਿਛੇ ਦੇਣਾ ਵੀ ਸਰਕਾਰ ਦੀ ਆਪਣੀ ਗਲਤੀ ਹੈ ਜਿਸਨੂੰ ਮੰਗ ਕਹਿਕੇ ਸਰਕਾਰ, ਮੰਨਣ ਦਾ ਢੋਂਗ ਰਚ ਰਹੀ ਹੈ। ਸਪੱਸ਼ਟ ਹੈ ਕਿ ਉਪਰੋਕਤ ਤਿੰਨੇ ਸਿੱਖ ਕੌਮ ਦੀਆਂ ਅਥਵਾ ਧਰਮ-ਯੁਧ ਮੋਰਚੇ ਦੀਆਂ ਮੰਗਾਂ ਨਹੀਂ, ਸਰਕਾਰ ਦੀਆਂ ਗਲਤੀਆਂ ਹਨ ਜਿਹਨਾਂ ਨੂੰ ਮੰਨਣ ਦੇ ਝੂਠੇ ਜਾਲ ਵਿਚ ਸਰਕਾਰ ਸਿੱਖਾਂ ਨੂੰ ਫਾਹੁਣ ਦੇ ਆਹਰ ਵਿਚ ਹੈ ਤੇ ਗੱਦਾਰ-ਲੀਡਰ ਆਪਣਾ ਖਹਿੜਾ ਛੁਡਾਉਂਣ ਦੇ ਆਹਰ ਵਿਚ! ਇਹਨਾਂ ਡਰਪੋਕ-ਲੀਡਰਾਂ ਦੀ ਹਾਲਤ ਸਦਾ ਹੀ ਬਾਹਮਣਾਂ ਦੇ ਢੱਟਿਆਂ ਵਾਲੀ ਰਹੀ ਹੈ। ਇਹ ਸਿੱਖ-ਸਟੇਜਾਂ ਉਤੇ ਸਿੱਖਾਂ ਸਾਹਮਣੇ ਦਿੱਲੀ ਵੱਲ ਮੂੰਹ ਕਰਕੇ ਬੁੜਕਾਂ ਮਾਰਦੇ ਹਨ ਤੇ ਜਦ ਦਿੱਲੀ ਅੱਖਾਂ ਦਿਖਾਉਂਦੀ ਹੈ ਇਹਨਾਂ ਦੀ ਨੀਤੀ ਸਦਾ ਬਾਣੀਏ ਦੇ ਕੋਠੇ ਤੋਂ ਡਿੱਗਣ ਦਾ ਡਰਾਵਾ ਦੇਣ ਵਾਲੇ ਮੁੰਡੇ ਵਾਲੀ ਰਹੀ ਹੈ। 'ਨਹੀਂ ਤਾਂ... ਨਹੀਂ ਤਾਂ' ਕਰਕੇ ਇਹ ਤਰੀਕਾਂ ਅੱਗੇ ਪਾ ਪਾ ਕੇ ਕੌਮ ਦੇ ਵੱਕਾਰ ਨੂੰ ਘੱਟੇ ਵਿਚ ਰੋਲਦੇ ਰਹੇ ਹਨ। ਹੁਣ ਵੀ ਅਜਿਹਾ ਹੀ ਸੰਦੇਹ ਅਤੇ ਅੰਦੇਸਾ ਕੌਮ ਦੇ ਸਿਰ ਤੇ ਖੜਾ ਹੈ।

ਅਜੇ ਵੀ ਅਸੀਂ ਉੱਘਦੇ-ਸੌਂਦੇ ਪੰਥ ਨੂੰ ਇਹਨਾਂ ਦਗੇਬਾਜ਼-ਲੀਡਰਾਂ ਤੋਂ ਸੁਚੇਤ ਰਹਿਣ ਅਤੇ ਜਾਗਣ ਦਾ ਹੋਕਾ ਦੇ ਰਹੇ ਹਾਂ। ਕੌਮ ਦਾ ਕੁੰਡਾ ਕਰਵਾਣ ਵਾਲੇ ਇਹ ਕਪਟੀ ਅਥਵਾ ਪੁਰਾਣੇ-ਪਾਪੀ ਫਿਰ ਸ਼ਹੀਦਾਂ ਦਾ ਖੂੰਨ ਵੇਚਣ ਲਈ ਤਿਆਰ ਬੈਠੇ ਹਨ। ਨੌਜਵਾਨਾਂ ਨੂੰ ਆਪਣੇ ਫਰੇਬੀ ਜਾਲਾਂ ਵਿਚ ਫਸਾ ਕੇ

ਫਿਰ ਇਹ ਆਪਣੀਆਂ ਕੁਰਸੀਆਂ ਤੇ ਜੰਮ ਜਾਣ ਦੇ ਯਤਨ ਵਿਚ ਹਨ। ਸੰਤ ਜਰਨੈਲ ਸਿੰਘ ਖਾਲਸਾ ਤੇ ਉਹਨਾਂ ਦੇ ਸਿਰਲੱਥ ਸ਼ਹੀਦ ਸਾਥੀਆਂ ਦੀ ਕੁਰਬਾਨੀ ਨਾਲ ਪੱਟੇ ਹੋਏ ਇਹ ਬੋਹਤ ਸਰਕਾਰੀ-ਸ਼ਹਿ ਦੇ ਛਿੱਟਿਆਂ ਦੀ ਫੁਹਾਰ ਅਤੇ ਸਮੇਂ ਦੇ ਲੰਘਣ ਨਾਲ, ਫਿਰ ਜੜ੍ਹਾਂ ਲਗਾ ਕੇ ਉਠਣ ਦਾ ਹੀਆ ਕਰ ਰਹੇ ਹਨ। ਲੋੜ ਹੈ ਕਿ ਅੱਜ ਸਮੂਹ ਸਿੱਖ, ਵਿਸ਼ੇਸ਼ਕਰ ਕੌਮ ਦੇ ਨੌਜਵਾਨ, ਦਿਆਨਤਦਾਰ ਤੇ ਕੁਰਬਾਨੀ ਦੇ ਖੇਤਰ ਵਿਚ ਜੋਖੀ-ਅਜ਼ਮਾਈ ਹੋਈ ਲੀਡਰਸ਼ਿਪ ਸਿਰਜਣ ਤਾਂ ਕਿ ਕੌਮ ਦੇ ਗੁਆਚ ਗਏ ਵੱਕਾਰ ਨੂੰ ਬਹਾਲ ਕਰਕੇ ਇਸਦੀ ਨਵੀਂ ਤਸਵੀਰ ਤੇ ਤਕਦੀਰ ਘੜੀ ਜਾ ਸਕੇ !

'ਜਾਗੋ'

(ਮਈ, 1985)

ਵਿਅੰਗ-ਵਢਾਂਗਾ

ਜਿਹਲੋਂ ਛੁਟਦਿਆਂ ਕਿਹਾ ਜਗਦੇਵ ਸਿੰਘ ਨੇ, ਲੋਂਗੋਵਾਲ ਤੇ ਟੌਹੜਾ ਮਸੰਦ ਦੋਵੇਂ !
ਇਹਨਾਂ ਰਲ ਕੇ ਪੰਥ ਮਰਵਾਇ ਦਿੱਤਾ ਅਤੇ ਆਪ ਹੋਏ ਅੰਦਰ ਬੰਦ ਦੋਵੇਂ।
ਆਪ ਆਖ ਕੇ ਫੌਜ ਬੁਲਾਈ ਇਹਨਾਂ, ਰਲ ਕੇ ਚਾਹੜਦੇ ਰਹੇ ਇਹ ਚੰਦ ਦੋਵੇਂ।
ਰਿਹਾ ਧੌਣ ਝਨਾਉਂਦਾ ਪੰਥ ਸਾਰਾ, ਰਹੇ ਖਾਂਦੇ ਆਪ ਗੁਲਕੰਦ ਦੋਵੇਂ।
ਤਾਂਬਲ ਫੇਰਿਓ ਐਹੋ ਜਿਹਾ ਖਾਲਸਾ ਜੀ, ਉਮਰ ਭਰ ਜੂ ਇਹਨਾਂ ਦਾ ਚੰਮ ਜਾਣੇ!
ਜਾਂ ਫਿਰ ਮੈਨੂੰ ਪਰਧਾਨਗੀ ਬਖਸ਼ ਦੇਵੋ, ਫੇਰ ਮੈਂ ਜਾਣਾ, ਮੇਰਾ ਕੰਮ ਜਾਣੇ !!

ਲੋਂਗੋਵਾਲ ਨੇ ਲੋਂਗਾਂ ਦੀ ਚਾਹ ਪੀ ਕੇ, ਫੜ੍ਹਾਂ ਫੋਕੀਆਂ ਇਸ ਤਰਾਂ ਮਾਰੀਆਂ ਨੇ।
ਸਾਨੂੰ ਸਮਝਿਆ ਕੀ ਰਾਜੀਵ ਕਾਕੇ, ਅਸੀਂ ਹੁਣ ਤਕ ਬੱਕਰੀਆਂ ਚਾਰੀਆਂ ਨੇ ?
ਪੈਰ, ਸੀਸ ਧਰ ਭੇਜੇ ਪਰਧਾਨਗੀ ਲਈ, ਅਸੀਂ ਝੋਲੀਆਂ ਲੱਖ ਖੁਆਰੀਆਂ ਨੇ।
ਅਸੀਂ ਖ਼ੂਨ ਸ਼ਹੀਦਾਂ ਦਾ ਵੇਚ ਜਾਈਏ, ਸਾਨੂੰ ਆਉਂਦੀਆਂ ਸਭ ਹੁਸ਼ਿਆਰੀਆਂ ਨੇ।
ਪਵੇ ਕੁੱਟ ਤਾਂ ਸਿਰੀ ਲੁਕੋ ਲਈਏ, ਕੱਛੂ - ਕੁੰਮਿਆਂ ਵਾਂਗ ਸੁਭਾਅ ਸਾਡਾ !
ਉਤੋਂ ਪੰਥ ਦੇ, ਵਿਚੋਂ ਸਰਕਾਰ ਦੇ ਹਾਂ, ਨਾਰਦ-ਮੁਨੀ ਸੀ ਸਕਾ ਭਰਾ ਸਾਡਾ !!

ਟੌਹੜੇ ਆਖਿਆ ਸਾਧ ਜੀ ਸੁਣੋ ਮੈਥੋਂ ਵੱਲ ਦੱਸਾਂ ਮੈਂ ਖੱਲ ਬਚਾਵਣੇ ਦਾ।
ਪੰਥ ਵੇਚਣੇ ਦਾ, ਕੁਰਸੀ ਰੱਖਣੇ ਦਾ, ਛਿੱਤਰ ਪੈਂਦਿਆਂ ਤਿੱਤਰ ਹੋ ਜਾਵਣੇ ਦਾ।
ਗਲ ਏਕਤਾ ਦੀ, ਕੰਮ ਪਾੜਨੇ ਦਾ, ਤੋਰੀ - ਫੁਲਕੜਾ ਸੋਹਣਾ ਚਲਾਵਣੇ ਦਾ।
ਫੌਜਾਂ ਸੱਦ ਕੇ ਲੋਕ ਮਰਵਾਵਣੇ ਦਾ, ਅੰਦਰ ਹੋਇ ਕੇ ਪਿੰਡਾ ਲੁਕਾਵਣੇ ਦਾ।
ਨੁਸਖ਼ਾ ਲੱਗੇ ਤੇ ਹੋਏ ਮੁਰਾਦ ਪੂਰੀ, ਸੁਰਮੇਦਾਨੀ ਇਕ ਮੈਨੂੰ ਲਿਆ ਦੇਵੀਂ !
ਵੇਖਾਂ ਪੰਥ ਮਰਦਾ, ਸੁਰਮਾ ਲਿਆ ਕਿਧਰੋਂ, ਮੇਰੀਆਂ ਖਚਰੀਆਂ ਅੱਖਾਂ ਵਿਚ ਪਾ ਦੇਵੀਂ!!

ਲੋਂਗੋਵਾਲ ਤੇ ਟੌਹੜੇ ਨੇ ਕਿਹਾ ਏਦਾਂ ਅਸੀਂ ਪੰਥ ਦੀ ਨਬਜ਼ ਪਛਾਣਦੇ ਹਾਂ।
ਅਸੀਂ ਉਹ ਮਰਜੀਵੜੇ ਕੌਮ ਦੇ ਜੋ, ਗੋਲੀ ਲੰਘੀ ਤੋਂ ਛਾਤੀਆਂ ਤਾਣਦੇ ਹਾਂ।
ਸਾਡੀ ਕੋਈ ਵੰਗਾਰੇ ਜੇ ਲੀਡਰੀ ਨੂੰ, ਦੁਸ਼ਮਣ ਪੰਥ ਦਾ ਉਹਨੂੰ ਗਰਦਾਣਦੇ ਹਾਂ।
ਜਿਉਂਦੇ ਰਹੀਏ ਜ਼ਮੀਰ ਨੂੰ ਮਾਰ ਕੇ ਵੀ, ਮਰੇ ਹੋਏ ਵੀ ਜ਼ਿੰਦਗੀ ਮਾਣਦੇ ਹਾਂ।
ਕੁਰਸੀ ਖੂਹ 'ਚ ਵੀ ਜੇ ਕੋਈ ਸੁੱਟ ਦੇਵੇ, ਛਾਲ ਮਾਰੀਏ ਛੱਡ ਜੈਕਾਰਿਆਂ ਨੂੰ!
ਸਾਡੀ ਲੀਡਰੀ ਖੋਹਿਓ ਨਾ ਹੋਣਹਾਰੋ ! ਸਾਨੂੰ ਮਾਰੋ ਨਾ ਗੁਰੂ ਦੇ ਮਾਰਿਆਂ ਨੂੰ !!

ਹੁੰਦਾ ਨਾਲ ਸੁਆਦਾਂ ਦੇ ਸਾਧ ਨੂੰ ਕੀ ? ਕੀ ਜੇ ਖਾ ਲਿਆ ਕਦੇ ਪ੍ਰਸ਼ਾਦ ਚੰਗਾ ?
ਜਾਂ ਫਿਰ ਕੁਰਸੀ ਦੀ ਸਾਧ ਨੂੰ ਭੁੱਖ ਲੱਗੇ, ਲੱਗੇ ਗਿੱਦੜ ਨੂੰ ਜਿਵੇਂ ਕਮਾਦ ਚੰਗਾ !
ਕੁਰਸੀ ਸਾਧ ਦੇ ਚਿਹਰੇ ਲਈ ਖ਼ੂਬ ਚੰਗੀ, ਜਿਵੇਂ ਕਣਕ ਲਈ ਯੂਰੀਆ ਖਾਦ ਚੰਗਾ।
ਝੂਟੇ ਕੁਰਸੀ ਦੇ ਬਿਨਾਂ ਸ਼ੌਕ ਸੁਰਗ-ਝੂਟੇ ਐਪਰ ਕਰੇ ਜੇ ਕਰੇ ਬਰਬਾਦ ਚੰਗਾ !
ਸਾਧ ਹੋਇਕੇ ਤਾਕਤ ਦੀ ਤਮ੍ਹਾਂ ਰੱਖੇ ਐਸੇ ਸਾਧ ਤੇ ਖੁਰਚਣਾ ਤੋੜੀਏ ਜੀ !
ਨਾਲੇ ਸਾਧ ਦੀ ਮਾਓ ਦੀ ਮਿੰਨਤ ਕਰੀਏ ਅਗਲੇ ਸਾਧ ਥਾਵੇਂ ਬਿੰਜੂ ਲੋੜੀਏ ਜੀ !!

(ਮਈ,1985)

ਤੂ ਸ਼ਾਹੀਂ ਹੈਂ ਬਸੇਰਾ ਕਰ ਪਹਾੜੋਂ ਕੀ ਚਿਟਾਨੋਂ ਪਰ ਨਹੀਂ ਤੇਰਾ ਨਸ਼ੇਮਨ ਕਸਰਿ-ਸੁਲੇਮਾਨੀ ਕੇ ਗੁੰਬਦ ਪਰ !

ਸਿੱਖ-ਧਰਮ ਉਤੇ ਵੀਹਵੀਂ ਸਦੀ ਵਿਚ ਹੋਏ ਭਿਆਨਕ ਹਮਲੇ ਦੀ ਸਾਲ-ਗਿਰਾਹ ਹੈ !

ਅੱਜ ਅਸੀਂ ਭਰੇ ਦਿਲ ਨਾਲ ਮਾਸੂਮ-ਬਾਲਾਂ, ਅਬਲਾ-ਔਰਤਾਂ, ਨਿਹੱਥੇ-ਬੁਢਾਪੇ ਸਮੇਤ ਉਹਨਾਂ ਹਜ਼ਾਰਾਂ ਬੇਗੁਨਾਹ-ਯਾਤਰੂਆਂ ਦੀ ਯਾਦ ਵਿਚ ਸਿਰ ਝੁਕਾਉਂਦੇ ਹਾਂ ਜੋ ਠੀਕ ਇਕ ਸਾਲ ਪਹਿਲੋਂ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਪੁਰਬ ਮਨਾਉਂਦੇ ਹੋਏ ਹਰਿਮੰਦਰ ਸਾਹਿਬ ਤੇ 40 ਦੇ ਕਰੀਬ ਹੋਰ ਗੁਰਦੁਆਰਿਆਂ ਵਿਚ ਹਿੰਦੁਸਤਾਨ ਦੀ ਜ਼ਾਲਮ ਸਰਕਾਰ ਵਲੋਂ ਕੀਤੇ ਹੋਏ ਫੌਜੀ ਹਮਲੇ ਦੌਰਾਨ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿਤੇ ਗਏ !

ਨਾਲ ਹੀ ਅਸੀਂ ਖਾਲਸਾ-ਪੰਥ ਦੀਆਂ ਸ਼ਾਨਦਾਰ-ਪਰੰਪਰਾਵਾਂ ਉਤੇ ਪਹਿਰਾ ਦਿੰਦੇ ਹੋਇਆਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਤੇ ਨਿਹੱਥੇ ਯਾਤਰੂਆਂ ਦੇ ਬਚਾਓ ਲਈ, ਦਮਦਮੀ ਟਕਸਾਲ ਦੇ ਚੌਧਵੇਂ ਉਤਰਾਧਿਕਾਰੀ ਸੰਤ ਜਰਨੈਲ ਸਿੰਘ ਖਾਲਸਾ ਦੀ ਕਮਾਨ ਹੇਠ ਸਿਰ ਤਲੀ ਤੇ ਧਰ ਕੇ ਜੂਝਣ ਵਾਲੇ ਸਿਰਲੱਥ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ !!

ਜ਼ੁਲਮ ਦੇ ਖਿਲਾਫ ਜੂਝਣ ਵਾਲੇ ਸਿੱਖ-ਧਰਮ ਉਤੇ ਸਮੇਂ ਦੀਆਂ ਸਰਕਾਰਾਂ ਦੇ ਹਮਲੇ ਭਾਂਵੇਂ ਇਸਦੇ ਜਨਮ ਤੋਂ ਹੀ ਹੁੰਦੇ ਆਏ ਹਨ ਪਰ 1947 ਦੀ ਦੇਸ਼-ਵੰਡ ਵੇਲੇ, ਜਦੋਂ ਤੋਂ ਸਿੱਖਾਂ ਨੇ ਆਪਣੀ ਕਿਸਮਤ ਦਾ ਨਰਤ ਹਿੰਦੂ-ਸਾਮਰਾਜ ਨਾਲ ਕਰਨ ਦੀ ਗਲਤੀ ਕੀਤੀ ਹੈ, ਉਦੋਂ ਤੋਂ ਹੀ 'ਹਿੰਦੀ ਹਿੰਦੂ ਹਿੰਦੁਸਤਾਨ' ਦੇ ਮੁੱਦਈਆਂ ਨੇ ਮੁਸਲਮਾਨ, ਈਸਾਈ, ਜੈਨੀ ਤੇ ਬੋਧੀ ਆਦਿ ਘੱਟ-ਗਿਣਤੀ ਲੋਕਾਂ ਦੇ ਧਰਮਾਂ ਨੂੰ ਹੜੱਪਣ ਦੀ ਨੀਤੀ-ਤਹਿਤ ਸਿੱਖਾਂ ਨੂੰ ਆਪਣਾ ਵਿਸ਼ੇਸ਼ ਨਿਸ਼ਾਨਾ ਬਣਾਈ ਰੱਖਿਆ ਹੈ। ਭਾਰਤ ਦੀ ਖੜਗ-ਭੁਜਾ ਬਣੇ ਪੰਜਾਬ ਨੂੰ ਕਮਜ਼ੋਰ ਕਰਨ ਦੇ ਮਨਸੂਬੇ ਘੜ ਘੜ ਕੇ ਲਾਗੂ ਕੀਤੇ ਜਾਂਦੇ ਰਹੇ ਹਨ ਤੇ ਸਿੱਖਾਂ ਦੇ ਮਿਹਨਤੀ-ਅਗਾਂਹ ਵਧੂ ਤੇ ਤਰੱਕੀ-ਪਸੰਦ ਹੋਣ ਕਾਰਨ ਸੂਬੇ ਪੰਜਾਬ ਦੇ ਤਕੜਿਆਂ ਹੋਣ ਵੱਲ ਦਿੱਲੀ ਸਦਾ ਹੀ ਟੀਰੀ ਅੱਖ ਨਾਲ ਵੇਖਦੀ ਰਹੀ ਹੈ। ਭਾਰਤ ਦੀ ਆਜ਼ਾਦੀ ਤੇ ਉਨਤੀ 'ਚ ਆਪਣੇ ਬਣਦੇ-ਜੁੜਦੇ ਹਿੱਸੇ ਤੋਂ ਕਈ ਗੁਣਾਂ ਵੱਧ ਹਿੱਸਾ ਪਾਕੇ ਵੀ ਪੰਜਾਬੀਆਂ ਅਥਵਾ ਸਿੱਖਾਂ ਨੂੰ ਆਪਣੇ ਬਣਦੇ-ਜੁੜਦੇ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦੇ ਲੰਬੇ ਦੌਰ ਚੋਂ ਗੁਜ਼ਰਨਾ ਪਿਆ ਹੈ। ਸਰਕਾਰ ਦੀ ਸਿੱਖਾਂ ਪ੍ਰਤੀ ਬਦਨੀਤੀ ਦੇ ਖਿਲਾਫ ਲੜਾਈ ਦਾ ਰੁਖ ਰਾਜਸੀ-ਆਰਥਿਕ ਪੱਖੋਂ ਵਧ ਕੇ ਧਾਰਮਿਕ ਉਸ ਸਮੇਂ ਹੋਇਆ ਜਦ 1978 ਦੀ ਵਿਸਾਖੀ ਦੇ ਦਿਨ ਅੰਮ੍ਰਿਤਸਰ ਵਿਚ ਅਖੌਤੀ-ਨਿਰੰਕਾਰੀਆਂ ਨਾਲ ਮੁੱਠ-ਭੇੜ ਵਿਚ 13 ਸਿੱਖਾਂ ਨੂੰ ਸ਼ਾਂਤਮਈ ਰੋਸ-ਮੁਜ਼ਾਹਰਾ ਕਰਨ ਗਿਆਂ, ਅਖੌਤੀ ਨਿਰੰਕਾਰੀ-ਸਮਾਗਮ ਦੇ ਬਾਹਰ ਸਰਕਾਰੀ-ਸ਼ਹਿ ਤੇ ਫੁੰਡ ਦਿਤਾ ਗਿਆ। ਉਸਤੋਂ ਮਗਰੋਂ ਚੰਦੋ ਕਲਾਂ ਤੇ ਮਹਿਤਾ ਆਦਿ ਸਥਾਨਾਂ ਦੀ ਦਾਸਤਾਂ ਪੰਜਾਬ ਦੀਆਂ ਚਿਰੋਕਣੀਆਂ ਲਮਕਦੀਆਂ ਮੰਗਾਂ ਦੇ ਨਾਲ ਨਾਲ ਚਲਦੀ 82 ਤੋਂ ਸ਼ੁਰੂ ਹੋਏ ਮੌਜੂਦਾ 'ਧਰਮ-ਯੁੱਧ' ਮੋਰਚੇ ਦੀ ਧਾਰਾ ਵਿਚ ਰਲਦੀ ਹੈ। ਸਰਕਾਰ ਦਾ ਪੰਜਾਬ ਦੀਆਂ ਮੰਗਾਂ ਨੂੰ ਕੇਵਲ ਸਿੱਖਾਂ ਨਾਲ ਜੋੜ ਕੇ ਪੰਜਾਬ ਨੂੰ ਉਸਦੇ ਹੱਕਾਂ ਤੋਂ ਮਹਿਰੂਮ ਰੱਖਣਾ ਕੁਝ ਦਿਆਨਤਦਾਰ ਹਿੰਦੂਆਂ ਨੂੰ ਛੱਡਕੇ 'ਹਿੰਦੀ-ਹਿੰਦੂ ਹਿੰਦੁਸਤਾਨ' ਦੇ ਮੁੱਦਈਆਂ ਦੀ ਸਾਜ਼ਿਸ਼ ਦਾ ਹੀ ਸਿੱਟਾ ਹੈ। ਬੱਸਾਂ ਵਿਚੋਂ ਹਿੰਦੂ ਸਵਾਰੀਆਂ ਨੂੰ ਲਾਹ ਕੇ ਕਤਲ ਕਰਵਾਣ ਪਿੱਛੇ ਜਿਥੇ ਸਰਕਾਰ ਦੀ ਮਨਸ਼ਾ ਹਿੰਦੂ-ਸਿੱਖਾਂ ਵਿਚ ਪਾਤਾ ਪਾ ਕੇ ਅਕਾਲੀਆਂ ਅਥਵਾ ਸਿੱਖਾਂ ਤੋਂ ਚੰਡੀਗੜ੍ਹ ਸਰਕਾਰ ਦੀਆਂ ਚਾਬੀਆਂ ਖੋਹੀ ਰੱਖਣਾ ਸੀ ਉਥੇ ਸੰਤ ਜਰਨੈਲ ਸਿੰਘ ਵਰਗੀ ਧਾਰਮਿਕ-ਸਖਸੀਅਤ ਨੂੰ ਬਦਨਾਮ ਕਰਕੇ ਸਿੱਖ-ਧਰਮ ਉਤੇ ਕੀਤੇ ਜਾਣ ਵਾਲੇ ਹਮਲੇ ਦਾ ਸ਼ੂਨਣੂੰ ਬੁੰਨਣਾ ਤੇ ਸਿੱਖਾਂ ਵਿਚ ਛੁਪੇ ਗੱਦਾਰ-ਲੀਡਰਾਂ ਨੂੰ ਉਭਾਰਨਾ ਸੀ ਜੋ ਸਮੇਂ ਸਮੇਂ ਪੰਜਾਬ ਦੇ ਲਮਕਦੇ-ਉਠਦੇ ਮਸਲਿਆਂ ਬਾਰੇ ਕੁਝ ਲੈ ਦੇ ਕੇ ਸਰਕਾਰ ਨਾਲ

ਭਿਆਲੀ ਪਾਲ ਸਕਣ! ਆਟੇ ਦੀਆਂ ਗਊਆਂ ਭੇਜ ਅਥਵਾ ਝੂਠੀਆਂ ਸੌਗਧਾਂ ਖਾ ਕੇ ਗੁਰੂ ਸਾਹਿਬ ਤੋਂ ਕਿਲਾ ਛਡਵਾਉਂਣ ਵਾਲੀ ਜ਼ਿਹਨੀਅਤ ਦੀ ਧਾਰਨੀ ਸਰਕਾਰ ਨੇ ਦਰਬਾਰ ਸਾਹਿਬ ਤੇ ਹਮਲਾ ਨਾ ਕਰਨ ਦੇ ਸਾਰੇ ਵਾਅਦੇ-ਬਿਆਨਾਂ ਨੂੰ ਛਿੱਕੇ ਤੇ ਟੰਗ ਕੇ ਗੱਦਾਰ-ਲੀਡਰਾਂ ਦੀ ਮਿਲੀ-ਭੁਗਤ ਨਾਲ ਹਰਿਮੰਦਰ ਸਾਹਿਬ ਤੇ ਲਗਪਗ ਚਾਲੀ ਹੋਰ ਗੁਰਧਾਮਾਂ ਤੇ ਹਮਲਾ ਕਰਕੇ ਸਿੱਖ ਕੌਮ ਦਾ ਉਹ ਨੁਕਸਾਨ ਕੀਤਾ ਜਿਸ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਜੂਨ 1984-85 ਦਾ ਵਰ੍ਹਾ ਸਿੱਖ-ਇਤਿਹਾਸ ਵਿਚ 'ਕਾਲਾ-ਵਰ੍ਹਾ' ਕਰਕੇ ਜਾਣਿਆ ਜਾਂਦਾ ਰਹੇਗਾ। ਜੂਨ ਦੇ ਵੱਡੇ ਘੱਲੂਘਾਰੇ ਉਪਰੰਤ ਦਿੱਲੀ ਤੇ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਜੁ ਦਿਲ-ਹਿਲਾਊ ਕਹਿਰ ਸਿੱਖਾਂ ਤੇ ਸਰਕਾਰ ਦੇ ਹੱਥਠੋਕਿਆਂ ਨੇ ਢਾਇਆ ਉਸ ਵਿਚ ਹੋਏ ਜਾਨੀ ਤੇ ਮਾਲੀ ਨੁਕਸਾਨ ਦੀਆਂ ਮਿਸਾਲਾਂ ਤਾਂ ਸੰਸਾਰ ਤੇ ਪੁਰਾਤਨ ਸਿੱਖ-ਇਤਿਹਾਸ ਵਿਚ ਮਿਲ ਸਕਦੀਆਂ ਹਨ ਪਰ ਜਿਸਤਰਾਂ ਸਿੱਖਾਂ ਦੀ ਇੱਜ਼ਤ-ਆਬਰੂ ਨੂੰ ਘੱਟੇ ਵਿਚ ਰੋਲਿਆ ਗਿਆ ਹੈ ਉਸਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

ਸਿੱਖਾਂ ਤੇ ਜ਼ੁਲਮ ਦੀ ਇੰਤਹਾ ਹੈ ! ਜਵਾਨੀ ਚੁਣ ਚੁਣ ਕੇ ਖਤਮ ਕੀਤੀ ਜਾ ਰਹੀ ਹੈ। ਫੌਜ 'ਚ ਸਿੱਖਾਂ ਦਾ ਕੋਰਟ-ਮਾਰਸ਼ਲ ਕਰਕੇ ਉਹਨਾਂ ਨੂੰ ਉਮਰ-ਉਮਰ ਭਰ ਲਈ ਕਾਲ-ਕੋਠੜੀਆਂ ਵਿਚ ਸੁੱਟਿਆ ਜਾ ਰਿਹਾ ਹੈ। ਸੱਜਰੇ ਭਿਆਨਕ ਕਾਨੂੰਨ ਅਨੁਸਾਰ 'ਅਤਿਵਾਦੀ' ਦਾ ਲੇਬਲ ਲਾ ਕੇ ਕਿਸੇ ਵੀ ਸਿੱਖ ਨੂੰ ਫਾਹੇ ਲਾਇਆ ਜਾ ਸਕਦਾ ਹੈ। ਕਿਸੇ ਵੀ ਹੱਕ ਦੀ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਜਾਂ ਉਸ ਨਾਲ ਸੰਬੰਧ ਰੱਖਣ ਵਾਲੇ ਸਿੱਖ ਨੂੰ 7 ਸਾਲ ਤੋਂ ਲੈ ਕੇ ਉਮਰ ਭਰ ਲਈ ਸੀਖਾਂ ਪਿੱਛੇ ਡੱਕਿਆ ਜਾ ਸਕਦਾ ਹੈ। ਲਿਖਾਰੀਆਂ/ਕਲਾਕਾਰਾਂ ਦੀਆਂ ਕਲਮਾਂ ਨੂੰ ਲਿਖਣ-ਬੋਲਣ ਜਾਂ ਤਸਵੀਰਾਂ ਰਾਹੀਂ ਸੱਚ ਆਖਣ ਤੇ ਲੰਬੀਆਂ ਭਿਆਨਕ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਕਿਸੇ ਵੀ ਗੁਰਦੁਆਰੇ ਵਿਚ ਪ੍ਰਵੇਸ਼ ਹੋਣ ਲਈ ਉਸਦੀ ਤਲਾਸ਼ੀ ਦਾ ਬਹਾਨਾ ਕਦੇ ਵੀ ਘੜਿਆ ਜਾ ਸਕਦਾ ਹੈ। ਭਾਰਤ ਵਿਚ ਜਿਸਤੇ ਮਰਜ਼ੀ ਇਹ ਸਜ਼ਾਵਾਂ ਲਾਗੂ ਹੋ ਸਕਦੀਆਂ ਹਨ ਪਰ ਇਸ ਕਾਨੂੰਨ ਦੀ ਮਾਰ ਹੇਠ ਵਿਦੇਸ਼ਾਂ ਵਿਚਲੇ ਉਹ ਸਿੱਖ ਵੀ ਆ ਜਾਂਦੇ ਹਨ ਜੋ ਅਜੇ ਭਾਰਤ ਦੇ ਸ਼ਹਿਰੀ ਹਨ। ਬਾਹਰਲੇ ਸਿੱਖਾਂ ਦੀ ਡਾਕ ਹੁਣ ਸੁੱਖੀ-ਸਾਂਦੀ ਕਿਸੇ ਟਿਕਾਣੇ ਨਹੀਂ ਪਹੁੰਚ ਸਕਦੀ। ਉਹਨਾਂ ਦੇ ਟੈਲੀਫੋਨ ਟੇਪ ਕੀਤੇ ਜਾ ਸਕਦੇ ਹਨ। ਇਕ ਪਾਸੇ ਸਪੈਸ਼ਲ ਕੋਰਟਾਂ ਦੀ ਸਥਾਪਤੀ ਦੀਆਂ ਵਿਵੱਸਥਾਵਾਂ ਵਿੱਦਮਾਨ ਹਨ। ਗੱਲ ਕੀ, ਨਵੇਂ ਕਾਲੇ-ਕਾਨੂੰਨ ਅਧੀਨ ਭਾਰਤ ਵਿਚਲਾ ਕੋਈ ਸਿੱਖ ਸੁਰੱਖਿਅਤ ਨਹੀਂ। ਫੌਜ ਜਦੋਂ ਚਾਹੇ ਜਿਸ ਮਰਜ਼ੀ ਗੁਰਦੁਆਰੇ ਵਿਚ ਦਗੜ-ਦਗੜ ਕਰਦੀ ਵੜ ਜਾਂਦੀ ਹੈ। ਜੂਨ,1984 ਦੇ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਹਮਲੇ ਉਪਰੰਤ, 20 ਅਪ੍ਰੈਲ ਨੂੰ ਇਸ ਸਾਲ ਫਿਰ ਫੌਜ ਦਰਬਾਰ ਸਾਹਿਬ-ਕੰਪਲੈਕਸ ਵਿਚ ਦੂਸਰੀ ਵਾਰ ਦਾਖਲ ਹੋ ਚੁੱਕੀ ਹੈ।

ਇਕ ਪਾਸੇ ਸਿੱਖ ਨੌਜਵਾਨਾਂ ਦੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਖਤ ਪਾਬੰਦੀ ਲਾ ਕੇ ਸਿੱਖ ਨੌਜਵਾਨ ਕਾਲ-ਕੋਠੜੀਆਂ ਵਿਚ ਸੁਟੇ ਗਏ ਹਨ ਤੇ ਦੂਸਰੇ ਪਾਸੇ ਹਿੰਦੂ ਜਥੇਬੰਦੀ 'ਸ਼ਿਵ-ਸੈਨਾ' ਆਪਣੇ ਸੱਜਰੇ ਬਿਆਨ 'ਚ ਸ਼ਰੇਆਮ ਪੰਜਾਬ ਦੇ ਹਿੰਦੂਆਂ ਨੂੰ ਤਕੜੇ ਹੋਣ ਦਾ ਪੈਗ਼ਾਮ ਪਹੁੰਚਾ ਕੇ ਸਿੱਖਾਂ ਨੂੰ ਵੰਗਾਰ ਰਹੀ ਹੈ ਪਰ ਦਿੱਲੀ ਦੀ ਮੱਕਾਰ-ਮਚਲੀ ਸਰਕਾਰ ਇਸ ਸੈਨਾ ਤੇ ਪਾਬੰਦੀ ਲਾਉਂਣੀ ਤਾਂ ਇਕ ਪਾਸੇ ਉਸਦੇ ਅਜਿਹੇ ਭੜਕਾਊ-ਬਿਆਨਾਂ ਖਿਲਾਫ ਇਕ ਬੋਲ ਤੱਕ ਨਹੀਂ ਉਭਾਸਰ ਰਹੀ।

ਇਕ ਪਾਸੇ ਮੁਲਕ ਦੇ ਲੋਕਾਂ ਨੂੰ ਸਿੱਖਾਂ ਵਿਰੁਧ ਭੜਕਾਣ ਲਈ ਪੰਜਾਬ ਵਿਚ ਪਹਿਲੋਂ ਹਿੰਦੂ ਸਵਾਰੀਆਂ ਨੂੰ ਕਤਲ ਕਰਨ ਦੀਆਂ ਵਰਤਾਈਆਂ ਵਾਰਦਾਤਾਂ ਨੂੰ ਦੁਹਰਾ ਕੇ, ਸਿੱਖਾਂ ਦੀ ਨਵੀਂ ਲੀਡਰਸ਼ਿਪ ਉਭਰਨ ਨੂੰ ਰੋਕਣ ਦੇ ਯਤਨ ਕਰਨ ਲਈ ਬੰਬ ਧਮਾਕੇ ਕਰਕੇ, ਸਿੱਖਾਂ ਤੇ ਇਸ ਆਤ ਵਿਚ ਦਮਨ-ਚੱਕਰ ਚਲਾ ਕੇ ਦਹਿਸ਼ਤ ਬਿਠਾਈ ਜਾ ਰਹੀ ਹੈ ਤੇ ਇਸ 'ਚ ਫੜੇ ਜਾ ਰਹੇ ਹਨ ਸਤਵੰਤ ਸਿੰਘ ਦੇ 75 ਸਾਲਾ ਉਮਰ ਦੇ ਬਿਰਧ ਬਾਪ ਵਰਗੇ ਬਜ਼ੁਰਗ ਤੇ ਦੂਸਰੇ ਪਾਸੇ ਅੰਤਰਰਾਸ਼ਟਰੀ ਪੱਧਰ ਤੇ ਸਿੱਖਾਂ ਨੂੰ ਅਤਿਵਾਦੀ ਦਰਸਾਣ ਲਈ ਧੁੰਏਂ-ਧਾਰ ਪ੍ਰਾਪੇਗੰਡਾ ਕਰਨ ਵਾਸਤੇ ਸਾਰੀ ਸਰਕਾਰੀ-ਮਸ਼ੀਨਰੀ ਝੋਕੀ ਗਈ ਹੈ। ਪਿਛਲੇ ਮਹੀਨੇ ਦਿੱਲੀ ਇਕ ਪਾਸੇ ਪਾਕਿਸਤਾਨ ਨਾਲ ਸਬੰਧ ਸੋਹਣੇ ਬਣਾਣ ਲਈ ਬਗਲਗੀਰ ਹੋ ਰਹੀ ਹੈ ਤੇ ਹੁਣ ਰੂਸ, ਫਰਾਂਸ, ਅਮਰੀਕਾ ਨਾਲ ਯਰਾਨੇ ਦੀਆਂ ਪੀਂਘਾਂ ਪਾਉਂਣ ਤੇ ਸਿੱਖਾਂ ਵਿਰੁਧ

ਤਵਾ ਧਰਨ ਲਈ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ। ਹਜ਼ਾਰਾਂ ਬੇਗੁਨਾਹ ਸਿੱਖ ਬੱਚਿਆਂ, ਬੁੱਢਿਆਂ ਤੇ ਔਰਤਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਇੰਦਰਾ ਨੂੰ ਰੂਸ ਸਰਕਾਰ ਵਲੋਂ 'ਲੈਨਿਨ-ਅਮਨ ਇਨਾਮ' ਨਾਲ ਸਨਮਾਨਿਆ ਜਾ ਰਿਹਾ ਹੈ।

ਇਸ ਘੋਰ-ਸੰਕਟ ਸਮੇਂ ਸਭ ਤੋਂ ਵੱਡੀ ਲੋੜ ਕੌਮ ਵਿਚ ਏਕਤਾ ਪੈਦਾ ਕਰਕੇ, ਕੌਮ ਦਾ ਬੇੜਾ ਗਰਕ ਕਰਨ ਵਾਲੀ ਲੀਡਰਸ਼ਿਪ ਥਾਂਵੇਂ ਦਿਆਨਤਦਾਰ-ਲੀਡਰਸ਼ਿਪ ਸਿਰਜਣ ਦੀ ਹੈ। ਇਸ ਸਬੰਧ ਵਿਚ ਲੋਂਗੋਵਾਲ ਤੇ ਤਲਵੰਡੀ ਵਲੋਂ ਬਾਬਾ ਜੁਗਿੰਦਰ ਸਿੰਘ ਨੂੰ ਪੰਥਕ-ਏਕਤਾ ਲਈ ਲਿਖ ਕੇ ਦਿੱਤਾ ਗਿਆ ਤੇ ਬਾਬਾ ਜੀ ਵਲੋਂ ਦੋਹਾਂ ਅਕਾਲੀ ਦਲਾਂ ਨੂੰ ਤੋੜ ਕੇ ਸਾਂਝੇ ਅਕਾਲੀ ਦਲ ਦੀ ਨੌਂ-ਮੈਂਬਰੀ ਐਡਹਾਕ ਕਮੇਟੀ ਦੀ ਸਥਾਪਨਾ ਕਰ ਦਿਤੀ ਗਈ। ਦਿਆਨਤਦਾਰੀ ਇਹ ਸੀ ਕਿ ਕੌਮ ਦੀ ਰਾਹਿਨੁਮਾਈ ਕਰਨ ਵਿਚ ਪੂਰੀ ਤਰਾਂ ਨਾਕਾਮਯਾਬ ਰਹਿਣ ਉਪਰੰਤ ਲੋਂਗੋਵਾਲੀਆ ਸੰਤ ਤੇ ਉਸਦਾ ਹਰਿਮੰਦਰ ਸਾਹਿਬ ਤੇ ਹਮਲਾ ਕਰਵਾਣ 'ਚ ਭਾਈਵਾਲ ਟੋਹੜਾ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਲਾਣੇ ਨੂੰ ਨਾਲ ਲੈ ਕੇ ਬਾਬਾ ਜੀ ਨੂੰ ਦਿੱਤੇ ਵਾਅਦੇ ਅਨੁਸਾਰ ਭਟਕੇ ਉਹਨਾਂ ਦੇ ਪਿੱਛੇ ਖੜਦੇ। ਪਰ ਹੋ ਐਨੂ ਇਸਦੇ ਉਲਟ ਰਿਹਾ ਹੈ। ਜਾਪਦਾ ਹੈ ਕਿ ਇਹਨਾਂ ਗੀਦੀ-ਲੀਡਰਾਂ ਨੇ ਕੌਮ ਦਾ ਏਨਾ ਨੁਕਸਾਨ ਕਰਕੇ ਵੀ ਕੋਈ ਸਬਕ ਨਹੀਂ ਸਿੱਖਿਆ। ਕਿਧਰੇ ਲਿਖਤੀ ਵਾਅਦੇ ਕਰਕੇ ਉਹਨਾਂ ਦੀ ਤਰਦੀਦ ਕੀਤੀ ਜਾ ਰਹੀ ਹੈ। ਕਿਧਰੇ ਪਾਰਟੀ ਇਜਲਾਸ ਬੁਲਾ ਕੇ ਆਪਣੇ ਹੱਕ ਵਿਚ ਫਤਵੇ ਲਏ ਜਾ ਰਹੇ ਹਨ। ਕਿਧਰੇ ਨਾਰਦ-ਮੁਨੀ ਟੋਹੜੇ ਵਰਗੇ ਨੌਂ-ਮੈਂਬਰੀ ਕਮੇਟੀ ਦੇ ਪੁਨਰ-ਗਠਨ ਦੇ ਮੁਫਤ-ਮਸ਼ਵਰੇ ਦੇ ਰਹੇ ਹਨ ਅਜੇ ਇਹ ਹਜ਼ਰਤ ਲੋਕ ਸਿੰਘ-ਸਾਹਿਬਾਨ ਦੇ ਹੁਕਮ ਦਾ ਆਖਰੀ ਤੀਰ ਵੀ ਭੱਥੇ ਚੋਂ ਕੱਢਕੇ ਚਲਾਉਂਣਗੇ। ਸਰਕਾਰ ਸਿੱਖਾਂ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ। ਕੌਮ, ਏਕਤਾ ਲਈ ਲ੍ਹਿਲਕੜੀਆਂ ਕੱਢ ਰਹੀ ਹੈ ਪਰ ਕੌਮ ਨੂੰ ਇਸ ਅੱਗ 'ਚ ਝੋਕ ਕੇ ਮਰਵਾਉਂਣ ਵਾਲੇ ਭਰੌਤੇ ਤੇ ਵੀਂਹਵੀਂ ਸਦੀ ਦੇ ਭਾਈ ਮਹਿਤਾਬ ਸਿੰਘ-ਸੁੱਖਾ ਸਿੰਘ ਅਥਵਾ ਬਿਅੰਤ ਸਿੰਘ-ਸਤਵੰਤ ਸਿੰਘ ਨੂੰ ਸ਼ਹੀਦਾਂ ਦਾ ਰੁਤਬਾ ਦੇਣ ਤੋਂ ਘੁੰਡ ਕੱਢਣ ਵਾਲੇ ਇਹ ਮਰੇ-ਸੱਪ ਲੀਡਰ, ਧਿੰਡੋ-ਜ਼ੋਰੀ, ਮੱਲੋ-ਮਲੀ ਫਿਰ ਕੌਮ ਦੇ ਗਲ ਪੈਣ ਲਈ ਕਾਹਲੇ ਤੇ ਬੇਸਬਰੇ ਹਨ। ਬੇਸ਼ੱਕ ਬੇਰ ਕੌਮ ਦੀ ਝੋਲੀ ਚੋਂ ਡੁਲ੍ਹ ਗਏ ਹਨ ਪਰ ਅਜੇ ਵੀ ਬਹੁਤ ਕੁਝ ਨਹੀਂ ਵਿਗੜਿਆ, ਕੌਮ ਦੀ ਵਿਗੜੀ ਸਵਾਰੀ ਜਾ ਸਕਦੀ ਹੈ ਜੇ ਕੌਮ ਵਿਚਲੀ ਏਕਤਾ ਨੂੰ ਸੰਪੂਰਨ- ਏਕਤਾ ਵਿਚ ਬਦਲ ਲਿਆ ਜਾਵੇ। ਪਰ ਇਕ ਗੱਲ ਅਸੀਂ ਹਿੱਕ ਥਾਪੜ ਕੇ ਆਖ ਸਕਦੇ ਹਾਂ ਕਿ ਕੌਮ ਵਿਚ ਕੀਤੀ ਏਕਤਾ ਦਾ ਸਿੱਟਾ ਵੀ ਸਿਫਰ ਹੀ ਨਿਕਲ ਸਕਦਾ ਹੈ ਜੇ ਏਕਤਾ ਕਰਕੇ ਕੌਮ ਦੀ ਕਮਾਨ ਫਿਰ ਇਹਨਾਂ ਹੀ ਕਾਇਰ-ਕਮਾਂਡਰਾਂ ਦੇ ਹੱਥ ਸੌਂਪ ਦਿੱਤੀ ਗਈ। ਇਸ ਹਾਰੀ ਜੰਗ ਨੂੰ ਜਿੱਤਣ ਲਈ, ਏਕਤਾ ਕਰਨ ਪਿਛੋਂ ਕਮਾਨ ਨਵੀਂ ਲੀਡਰਸ਼ਿਪ ਦੇ ਹੱਥ ਹੀ ਦੇਣੀ ਹੋਵੇਗੀ ਵਰਨਾ ਸਾਰਾ ਗੁੜ ਗੋਹਾ ਹੋ ਜਾਵੇਗਾ, ਸੋਵੀਆਂ ਤੇ ਸਵਾਹ ਪੈ ਜਾਵੇਗੀ ! ਜਿਹੜੇ ਲੋਕ ਪੰਝੀ ਦਾ ਭੌਣ ਵੇਖਕੇ ਵੀ ਇਹਨਾਂ ਨੁੱਚੜੇ-ਤਿਲਾਂ ਚੋਂ ਤੇਲ ਭਾਲਦੇ ਹਨ ਉਹ ਮੂਰਖਾਂ ਦੇ ਬਹਿਸ਼ਤ ਵਿਚ ਰਹਿ ਰਹੇ ਹਨ !

ਹੁਣੇ ਹੁਣੇ ਦੋ ਹਿੰਦੂਆਂ ਵਲੋਂ ਕਲਕੱਤਾ ਹਾਈ-ਕੋਰਟ ਵਿਚ ਮੁਸਲਮਾਨਾਂ ਦੇ ਪਵਿੱਤਰ ਧਾਰਮਿਕ ਗ੍ਰੰਥ ਕੁਰਾਨ ਸ਼ਰੀਫ ਤੇ ਪਾਬੰਦੀ ਲਾਉਣ ਦੀ ਪਟੀਸ਼ਨ ਦਾਇਰ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ 'ਹਿੰਦੀ-ਹਿੰਦੂ-ਹਿੰਦੁਸਤਾਨ' ਦੇ ਮੁਦੱਈ ਭਾਰਤ ਵਿਚ ਸਿਵਾਏ ਹਿੰਦੂ ਧਰਮ ਦੇ ਕਿਸੇ ਹੋਰ ਧਰਮ ਨੂੰ ਵਧਦਾ-ਫੁਲਦਾ ਵੇਖ ਕੇ ਰਾਜ਼ੀ ਨਹੀਂ। ਸਮੇਂ ਦੀ ਮੰਗ ਹੈ ਕਿ ਭਾਰਤ ਦੇ ਸਿੱਖ ਰਾਜਸੀ-ਖੇਤਰ ਵਿਚ ਆਪੋਜ਼ੀਸ਼ਨ ਪਾਰਟੀਆਂ ਤੇ ਟੇਕ ਰੱਖਣ ਦੀ ਥਾਂਵੇਂ ਘੱਟ-ਗਿਣਤੀ ਧਰਮਾਂ ਦੇ ਲੋਕਾਂ ਨਾਲ ਸਾਂਝ ਪਕੇਰੀ ਕਰਨ।

ਅੰਤਰਰਾਸ਼ਟਰੀ-ਪੱਧਰ ਤੇ ਸਿੱਖਾਂ ਨੂੰ ਇਕਮੁੱਠ ਕਰਨ ਲਈ ਡਬਲਿਊ. ਐਸ. ਓ. ਦੀ ਸਥਾਪਨਾ ਲਈ ਹਰ ਸਿੱਖ ਦੀ ਇਸ 'ਚ ਸ਼ਮੂਲੀਅਤ ਕੀਤੇ ਜਾਣ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਪਰ ਇਸ ਸਬੰਧੀ ਇਕ ਕਮੀ ਸਾਡੇ ਦ੍ਰਿਸ਼ਟੀਗੋਚਰ ਇਹ ਹੋਈ ਹੈ ਕਿ ਇਸਦਾ ਮੈਂਬਰ ਬਣਨ ਤੇ ਵੋਟ ਦਾ ਹੱਕ ਪ੍ਰਾਪਤ ਕਰਨ ਲਈ ਇਸਦੀ ਮੈਂਬਰਸ਼ਿਪ ਫੀਸ ਉਚੀ-ਮਹਿੰਗੀ ਹੈ। ਨਿਰਸੰਦੇਹ, ਇਸ ਸੰਸਥਾ ਨੂੰ ਮਜ਼ਬੂਤ ਬਣਾਣ ਤੇ ਇਸ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਵੱਡੀ ਰਕਮ ਇੱਕਤਰ ਕਰਨ ਦੀ ਜ਼ਰੂਰਤ ਹੈ ਪਰ ਇਹ ਧਨ ਇਕੱਠਾ ਕਰਨ ਲਈ ਹੋਰ ਬਥੇਰੇ ਹੀਲੇ-ਵਸੀਲੇ ਸੋਚੇ ਕੀਤੇ ਜਾ ਸਕਦੇ ਹਨ। ਮੈਂਬਰਸ਼ਿਪ

ਦੀ ਉਚੇਰੀ ਫੀਸ ਰੱਖਣ ਨਾਲ ਜਿਥੇ ਸਿੱਖਾਂ ਦਾ ਇਕ ਵੱਡਾ ਭਾਗ ਇਸਤੋਂ ਬਾਹਰ ਰਹਿਣ ਕਾਰਨ ਇਹ ਸੰਸਥਾ ਸ਼ਕਤੀਸ਼ਾਲੀ ਬਣਨੋਂ ਰਹਿ ਜਾਵੇਗੀ ਉਥੇ ਇਹ ਸਿੱਖ-ਧਰਮ ਦੇ ਬੁਨਿਆਦੀ- ਸਿਧਾਂਤ ਤੋਂ ਹੀ ਪਾਸੇ ਚਲੇ ਜਾਣ ਕਾਰਨ ਸਿਰਫ ਉਪਰਲੇ ਤਬਕੇ ਨਾਲ ਹੀ ਸਬੰਧਤ ਹੋ ਕੇ ਰਹਿ ਜਾਵੇਗੀ ਤੇ ਇਸ ਨੂੰ ਬਿਗਾਨਾ ਸਮਝਣ ਦੀ ਭਾਵਨਾ ਆਉਂਣ ਨਾਲ ਸਾਧਾਰਨ-ਸਿੱਖ ਇਸਤੋਂ ਦੂਰ ਰਹਿ ਜਾਵੇਗਾ। ਲੋੜ ਹੈ ਕਿ ਇਸ ਸੰਸਥਾ ਦੀ ਮੈਂਬਰਸ਼ਿਪ ਫੀਸ ਘੱਟ ਭਾਵ ਨਾ-ਮਾਤਰ ਹੋਵੇ। ਹਰ ਮੈਂਬਰ ਨੂੰ ਵੋਟ ਦੇਣ ਦਾ ਹੱਕ ਹੋਵੇ ਤੇ ਇੰਝ ਹਰ ਸਿੱਖ ਨੂੰ ਇਸਦੇ ਝੰਡੇ ਥੱਲੇ ਲਿਆ ਕੇ ਇਸਦੇ ਨਿਸ਼ਾਨਿਆਂ ਵੱਲ ਅਤਿ ਸੁਸਤੀ ਨਹੀਂ, ਅਤਿ ਤੇਜ਼ੀ ਨਾਲ ਅਥਵਾ ਛੂਟ ਵੱਟਕੇ ਟੁਰਿਆ ਜਾਵੇ।

ਜਿਥੇ ਭਾਰਤ ਵਿਚ ਲੀਡਰਸ਼ਿਪ ਦਾ ਮਸਲਾ ਸੁਲਝਾ ਕੇ ਤੇ ਵਾਗਡੋਰ ਨਵੀਂ ਲੀਡਰਸ਼ਿਪ ਹੱਥ ਦੇ ਕੇ ਭਾਰਤ ਵਿਚਲੇ ਸਿੱਖਾਂ ਨੂੰ ਪੂਰੀ ਤਰਾਂ ਇਕ ਮੁੱਠ ਕਰਨ ਦੀ ਜ਼ਰੂਰਤ ਹੈ ਉਥੇ ਸਿੱਖ ਕੌਮ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਿਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਖਾਲਿਸਤਾਨ ਕੌਂਸਲ, ਦਸਮੇਸ਼ ਰਜਮੈਂਟ ਤੇ ਬੱਬਰ ਖਾਲਸਾ, ਸਿੱਖ ਸਾਲੀਡੈਰਿਟੀ ਆਦਿ ਜੱਥੇਬੰਦੀਆਂ ਨੂੰ ਹਿੱਸੇਦਾਰ ਬਣਾਕੇ, ਇਸਦੀ ਕਾਰਜ-ਗਤੀ ਨੂੰ ਤੇਜ਼ ਕਰਨ ਲਈ ਸਰਗਰਮ ਹੋਣਾ ਚਾਹੀਦਾ ਹੈ। ਵਿਦੇਸ਼ਾਂ ਦੀਆਂ ਸਰਕਾਰਾਂ ਤੇ ਵਿਦੇਸ਼ੀ ਲੋਕਾਂ ਦੀ ਰਾਇ ਕੌਮ ਦੇ ਹੱਕ ਵਿਚ ਕਰਨ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਵਿਦੇਸ਼ਾਂ ਵਿਚ ਸਾਡੇ ਤੌਰ-ਤਰੀਕੇ ਅਤਿ ਸਾਊ-ਸੁਧਰੇ ਹੋਣ। ਵਿਦੇਸ਼ਾਂ ਵਿਚ ਭਾਰਤੀ ਸਰਕਾਰ ਦੇ ਝੂਠੇ ਪ੍ਰਾਪੇਗੰਡੇ ਦਾ ਮੁਕਾਬਲਾ ਕਰਨ ਤੇ ਸਾਡੇ ਨਾਲ ਵਾਪਰੇ ਜ਼ੁਲਮ ਦੀ ਦਾਸਤਾਂ ਸੰਸਾਰ ਨੂੰ ਦੱਸਣ ਤੇ ਲੋਕ-ਰਾਇ ਨੂੰ ਹੱਕ ਵਿਚ ਉਭਾਰਨ ਲਈ ਅੰਗਰੇਜ਼ੀ ਵਿਚ ਵੱਧ ਤੋਂ ਵੱਧ ਲਿਟਰੇਚਰ ਵਿਦੇਸ਼ੀ ਲੋਕਾਂ ਵਿਚ ਵੰਡਣਾ ਅਤੇ ਰੇਡੀਓ ਤੇ ਟੀ. ਵੀ. ਦੇ ਮਾਧਿਅਮ ਨੂੰ ਇਸ ਪ੍ਰਯੋਜਨ ਲਈ ਵਰਤਿਆ ਜਾਣਾ ਚਾਹੀਦਾ ਹੈ। ਜਿਥੇ ਵਿਦੇਸ਼ਾਂ ਵਿਚਲੇ ਪੰਜਾਬੀਆਂ ਨੂੰ ਚੇਤੰਨਤਾ ਵੰਡਣ ਲਈ ਪੰਜਾਬੀ ਪਰਚਿਆਂ ਨਾਲ ਜੋੜਨ ਦੀ ਜ਼ਰੂਰਤ ਹੈ ਉਥੇ ਵਿਦੇਸ਼ਾਂ ਵਿਚੋਂ ਨਿਕਲਦੇ ਸਾਡੇ ਅੰਗਰੇਜ਼ੀ ਦੇ ਪਰਚਿਆਂ ਅਥਵਾ ਪਰਚਿਆਂ ਦੇ ਅੰਗਰੇਜ਼ੀ ਐਡੀਸ਼ਨਾਂ ਵਿਚ ਬਹੁਤਾ ਸਿੱਖਾਂ ਲਈ ਲਿਖਣ ਦੀ ਬਜਾਏ ਵਿਦੇਸ਼ੀ ਲੋਕਾਂ ਲਈ, ਸਿੱਖਾਂ ਸਬੰਧੀ ਜਾਣਕਾਰੀ ਦੇਣ ਹਿਤ ਲਿਖਿਆ ਜਾਣਾ ਚਾਹੀਦਾ ਹੈ ਤੇ ਇਹ ਪਰਚੇ ਦੂਸਰੀਆਂ ਵਿਦੇਸ਼ੀ ਕੌਮਾਂ ਤੇ ਹੋਰ ਧਰਮਾਂ ਦੀ ਸਹਾਇਤਾ-ਸਹਿਯੋਗ ਨਾਲ ਵੀਕ-ਐਂਡ ਉਤੇ ਚਰਚਾਂ/ਮਸਜਿਦਾਂ ਤੇ ਹੋਰ ਪਬਲਿਕ-ਥਾਂਵਾਂ ਤੇ ਭੇਜਣ-ਵੰਡਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਬਾਬਾ ਜੁਗਿੰਦਰ ਸਿੰਘ ਦੇ ਲੀਡਰਸ਼ਿਪ ਦੀ ਵਾਗਡੋਰ ਸੰਭਾਲਦਿਆਂ ਜਿਸ ਕਦਰ ਬੰਬ ਧਮਾਕਿਆਂ ਦੀਆਂ ਵਾਰਦਾਤਾਂ ਵਾਪਰੀਆਂ ਹਨ ਉਸ ਤੋਂ ਸਾਫ ਜ਼ਾਹਰ ਹੈ ਕਿ ਕੇਂਦਰ ਸਿੱਖਾਂ ਦੀ ਲੀਡਰਸ਼ਿਪ ਦੇ ਬਦਲਣ ਨੂੰ ਭੈਅ ਦੀਆਂ ਨਜ਼ਰਾਂ ਨਾਲ ਦੇਖ ਕੇ ਹੋਤਨ ਦਾ ਸਮਰਥਕ ਤੇ ਪੁਰਾਣੀ ਲੀਡਰਸ਼ਿਪ ਨੂੰ ਬਣਾਏ ਰੱਖਣ ਦਾ ਤਲਬਗਾਰ ਹੈ ਤਾਂ ਕਿ ਉਹ ਸੌਖੀ ਤਰਾਂ ਸਿੱਖਾਂ ਦੇ ਸਿਰ ਚਿੱਥ ਸਕੇ। ਨਵੇਂ ਕਾਨੂੰਨ ਦੀ ਆੜ ਵਿਚ ਸਿੱਖਾਂ ਉਤੇ ਜ਼ੁਲਮ ਦੀ ਜਬਰਦਸਤ ਕਾਂਗ ਚੁੜਨ ਦੀਆਂ ਸੰਭਾਵਨਾਵਾਂ ਪ੍ਰਤੱਖ ਹਨ। ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਦਾ ਸਾਲ ਪਿਛੋਂ 'ਰੋਸ ਹਫਤਾ' ਮਨਾਉਂਣ ਦੇ ਸਮੇਂ ਜੂਨ ਦੇ ਪਹਿਲੇ ਹਫਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਕੋਈ ਵੀ ਸਾਜ਼ਿਸ਼ ਘੜ ਕੇ ਕੋਈ ਵੀ ਅਣਹੋਣੀ ਵਰਤਾਈ ਜਾ ਸਕਦੀ ਹੈ। ਅੱਜ ਅਜਿਹੇ ਸਾਜ਼ਿਸ਼ੀ ਤੇ ਭੈਅ-ਜਨਕ ਮਾਹੌਲ ਵਿਚ ਦੇਸ਼ ਤੇ ਵਿਦੇਸ਼ ਵਿਚ ਕੌਮ ਦੇ ਅੰਦਰਲੇ ਤੇ ਬਾਹਰਲੇ ਖਤਰਿਆਂ ਨੂੰ ਭਾਂਪ ਕੇ ਸਿੱਖਾਂ ਨੇ ਦ੍ਰਿੜਤਾ ਤੇ ਚੌਕਸੀ ਨਾਲ ਅੱਗੇ ਵਧਣਾ ਹੋਏਗਾ। ਖਾਲਸਾ-ਪੰਥ ਆਪਣੇ ਜਨਮ ਤੋਂ ਲੈ ਕੇ ਕਈ ਵੇਰ ਅਜਿਹੀਆਂ ਔਕਤਾਂ ਚੋਂ ਹੋਰ ਵਧੇਰੇ ਪ੍ਰਚੰਡ ਹੋ ਕੇ ਅੱਗਰਸਰ ਹੋਇਆ ਹੈ। ਅੱਜ ਲੋੜ ਹੈ ਕਿ ਸਿੱਖ ਕੌਮ ਆਪਣੇ ਹੌਸਲੇ ਨੂੰ ਬੁਲੰਦ ਰਖਦਿਆਂ ਹੋਇਆਂ ਇਸ ਆਈ ਆਫਤ ਤੇ ਕਾਠੀ ਪਾ ਕੇ ਇਹ ਯਾਦ ਰਖਦਿਆਂ ਹੋਇਆਂ ਮੰਜ਼ਿਲ ਵੱਲ ਵਧੇ ਕਿ ਜੇ ਉਸਨੇ ਆਪਣੇ ਨਿਸ਼ਾਨੇ ਦੀ ਨਿਸਚੇ ਹੀ ਪ੍ਰਾਪਤੀ ਕਰਨੀ ਹੈ ਤਾਂ ਉਸਨੂੰ ਬਸੇਰਾ ਮੁਸੀਬਤਾਂ ਦੀਆਂ ਸਖਤ ਚਿੱਟਾਨਾਂ ਤੇ ਹੀ ਕਰਨਾ ਪਵੇਗਾ ਨਾ ਕਿ ਕੁਰਸੀਆਂ-ਗੱਦੀਆਂ ਦੀ ਲਾਲਸਾ ਦੇ ਮਹੱਲਾਂ ਦਿਆਂ ਗੁੰਬਦਾਂ-ਮਮਟੀਆਂ ਤੇ !

'ਜਾਗੋ'

(ਜੂਨ, 1985)

ਵਿਅੰਗ-ਵਢਾਂਗਾ

ਲੋਂਗੋਵਾਲ ਨੂੰ ਮੁਕਤਸਰ ਵਿਚ ਜਲਸੇ, ਪੇਸ਼ ਕੀਤੀਆਂ ਮਾਈਆਂ ਨੇ ਚੂੜੀਆਂ ਨੇ।
ਕਿਹਾ-ਅਕਲ ਦੀ ਕੋਈ ਨਾ ਗੱਲ ਕੀਤੀ, ਭਰੀਆਂ ਸਿਰੀਂ ਕੀ ਖਬਰਨੀਂ ਤੂੜੀਆਂ ਨੇ !
ਨਾਲ ਗੱਦੀਆਂ-ਕੁਰਸੀਆਂ ਇੰਵ ਚੰਬੜੇ, ਜੀਕਰ ਨਿਰੀਆਂ ਕੋਈ ਗ੍ਰਿਟਕ-ਲਸੂੜੀਆਂ ਨੇ।
ਦੇ ਕੇ ਹੇਲੀਆਂ ਦਿੱਲੀ ਦੇ ਵੱਲ ਭੱਜੋ, ਗੱਲਾਂ ਕਰਨ ਲਈ ਠੰਢੀਆਂ-ਗੂੜ੍ਹੀਆਂ ਨੇ।
ਲੋਂਗੋਵਾਲ ਦੀਆਂ ਤੀਆਂ ਵਿਚ ਦਿਓ ਗੇੜਾ, ਲੜਨਾ ਔਖਾ ਜੇ ਲਗਦੈ ਤਲਵਾਰ ਦੇ ਨਾਲ !
ਪਹਿਨ ਚੂੜੀਆਂ ਬੈਠ ਜਾਓ ਘਰੀਂ ਜਾ ਕੇ, ਕੁੜਤੀ ਪੱਟ ਦੀ ਪਾ ਕੇ ਸਲਵਾਰ ਦੇ ਨਾਲ !!

ਖੂੰਡਾ ਖੜਕਿਆ ਬਾਬੇ ਜੋਗਿੰਦਰ ਸਿੰਘ ਦਾ, ਲੋਂਗੋਵਾਲ ਤ੍ਰੋਲੀਆਂ ਛੁੱਟੀਆਂ ਨੇ।
ਕੁਣਕਾ ਪੱਚੇ ਨਾ ਚਿੱਤ ਉਦਾਸ ਹੋਇਆ, ਬਾਬੇ ਮਿੱਠੀਆਂ-ਕੁਰਸੀਆਂ ਲੁੱਟੀਆਂ ਨੇ।
ਨਿਰੇ ਬਾਬਾ ਜੀ ਨਰਮੇ ਦੇ ਫੁੱਟ ਨਿਕਲੇ, ਜਿਹੜੇ ਲਗਦੇ ਸੀ ਦਹੀਂ ਦੀਆਂ ਫੁੱਟੀਆਂ ਨੇ।
ਬਾਬੇ ਵਾਰਿਆ ਕੌਤਮਾ ਕੌਮ ਉਤੋਂ', ਸੰਤਾਂ ਛਿਤਰੀ' ਘੁੱਗੀਆਂ ਕੁੱਟੀਆਂ ਨੇ।
ਸੰਤ ਸੁੰਗਤੇ ਮੋਰਾਂ ਨੂੰ ਠੰਢ ਲੱਗੇ, ਖੋਹ ਲਈ ਬਾਬੇ ਨੇ ਭੂਰੀ ਪਰਧਾਨਗੀ ਦੀ !
ਨੂਠਾ ਸੱਖਣਾ ਦੇਖ ਕੇ ਸੰਤ ਰੋਂਦੇ-ਬਾਬਾ ਲੈ ਗਿਆ ਚੂਰੀ ਮਰਦਾਨਗੀ ਦੀ !!

ਉਡਿਆ ਮਾਸਕੋ ਵੱਲ ਰਾਜੀਵ ਗਾਂਧੀ, ਗੱਲਾਂ ਕਰਨ ਲਈ ਗੁੱਝੀਆਂ ਅਹੁੜੀਆਂ ਨੇ।
ਸਾਨੂੰ ਖਾਲਸੇ ਤੰਗ - ਹੈਰਾਨ ਕੀਤਾ, ਲਾਉਂਦਾ ਪਿਆ ਅਸਮਾਨ ਨੂੰ ਪੌੜੀਆਂ ਨੇ।
ਮੰਨੋ ਬੇਨਤੀ ਤੁਸੀਂ ਡਰਾਓ ਇਹਨੂੰ, ਲਾਹ ਬੱਕੇ ਹਾਂ ਅਸੀਂ ਤਾਂ ਧੌੜੀਆਂ ਨੇ।
ਅਸੀਂ ਸ਼ੇਰ ਦੇ ਛੁਣਛੁਣਾ ਮਾਰ ਬੈਠੇ ਹੁੀਲਾਂ ਸਾਡੀਆਂ ਸਾਡੀਆਂ ਸ਼ੂਹੜੀਆਂ ਨੇ।
ਸਾਨੂੰ ਕਿਸੇ ਸਿਆਣੇ ਨੇ ਦੱਸਿਆ ਹੈ, ਇਹਨੇ ਅਟਕ ਦਾ ਵਹਿਣ ਸੀ ਮੋੜ ਦਿੱਤਾ !
ਜਿਉਂ ਜਿਉਂ ਵੱਢੀਏ ਹੁੰਦਾ ਹੈ ਦੂਣ-ਚੌਣਾ, ਇਹਨੇ ਮਨੂੰ ਚੂਕਣਾ ਤੋੜ, ਦਿੱਤਾ !!

ਭਜਨ ਲਾਲ ਨੇ ਸੱਜਰਾ ਬਿਆਨ ਦਿੱਤਾ, ਗਲਤ ਬਹੁਤ ਅਕਾਲੀ ਪ੍ਰਚਾਰ ਕਰਦੇ।
ਮੈਂ ਅਮਰੀਕਾ ਜਦ ਗਿਆ ਬਣਵਾਉਣ ਅੱਖਾਂ, ਫਿਰਦੇ ਰਾਜ ਵਿਚ ਰਹੇ ਮਾਰੋ-ਮਾਰ ਕਰਦੇ।
ਘੁੱਗੀ ਅਮਨ ਦੀ ਮੀਟ ਬਣਾਇ ਖਾਧੀ, ਸਦਾ ਨਾਲ ਸਰਕਾਰ ਤਕਰਾਰ ਕਰਦੇ।
ਟੁਟ ਜਾਵੇ ਕੰਗਰੋੜ, ਹੀ ਦੇਸ਼ ਵਾਲੀ, ਐਹੋ ਜਿਹਾ ਮਾਹੌਲ ਤਿਆਰ ਕਰਦੇ।
ਸਾਰੇ ਦੇਸ਼ਾਂ ਵਿੱਚ ਇਹਨਾਂ ਨੇ ਗਾਹ ਪਾਇਆਂ ਬਾਂ ਬਾਂ ਸਾਨੂੰ ਇਹ ਛੱਜ ਵਿੱਚ ਪਾਉਂਣ ਲੱਗੇ !
ਨਿਗਾਹ ਘਟੀ ਤੋਂ ਜਦੋਂ ਮੈਂ ਗਿਆ ਮਿਰਕਣ ਮੇਰੀਆਂ ਅੱਖਾਂ ਸੀ ਓਥੇ ਬਣਾਉਣ ਲੱਗੇ !!

'ਜਾਗੋ'
(ਜੂਨ, 1985)

ਜਗਾਏਂ ਹਮਸਫ਼ਰੋਂ ਕੋ ਉਠਾਏਂ ਪਰਚਮੇ-ਸ਼ੌਕ ...

ਜਵਾਨੀ ਨੂੰ ਸ਼ਾਇਰ ਲੋਕਾਂ ਨੇ ਹੜ੍ਹ ਦੇ ਪਾਣੀ ਨਾਲ ਤੁਲਨਾ ਦਿੱਤੀ ਹੈ। ਪਾਣੀ-ਜੋ ਨਿੱਕੀਆਂ ਨਿੱਕੀਆਂ ਕਣੀਆਂ ਦੇ ਸੰਮਿਲਤ ਹੋਣ ਨਾਲ ਹੜ੍ਹ ਦੇ ਬਲਵਾਨ-ਵੇਗ ਵਿਚ ਵਟ ਜਾਂਦਾ ਹੈ ! ਜਿਸ ਦੀ ਅਥਾਹ ਸ਼ਕਤੀ ਸਿਰਜਣਾਤਮਿਕ ਅਥਵਾ ਉਸਾਰੂ ਵੀ ਹੋ ਸਕਦੀ ਹੈ ਤੇ ਵਿਨਾਸ਼ਕਾਰੀ ਅਥਵਾ ਢਾਹੂ ਵੀ!! ਜਦੋਂ ਵੀ ਮਨੁੱਖ ਨੇ ਇਹਨਾਂ ਬਲਵਾਨ-ਪਾਣੀਆਂ ਨੂੰ ਡੈਮਾਂ ਦੀ ਨੱਥ ਪਾ ਕੇ ਕਿਸੇ ਨਿਸਚਿਤ ਦਿਸ਼ਾ ਵੱਲ ਟੋਰਿਆ ਹੈ ਤਾਂ ਆਪਣੇ ਕਲਪਿਤ ਸੁਪਨੇ ਸਾਕਾਰ ਕਰ ਲਏ ਹਨ ਪਰ ਜਦੋਂ ਵੀ ਇਹ ਪਾਣੀ ਅਣ-ਵਿਉਂਤੇ ਵਹਿਣ ਵਿਚ ਖਿਲਰੇ ਹਨ ਤਾਂ ਇਹਨਾਂ ਆਪਣੇ ਚੌਗਿਰਦੇ ਵਿਚ ਭਿਆਨਕ ਤਬਾਹੀ ਮਚਾਈ ਹੈ। ਭੇਦ ਸਿਰਫ ਇਹਨਾਂ ਦੀ ਅਥਾਹ-ਸ਼ਕਤੀ ਦੀ ਵਰਤੋਂ ਜਾਂ ਕੁਵਰਤੋਂ ਦਾ ਹੈ। ਕਿਸੇ ਕੌਮ ਦਾ ਨੌਜਵਾਨ-ਵਰਗ ਹੀ ਉਸ ਦੀ ਸਹੀ ਸ਼ਕਤੀ ਜਾਂ ਸਮਰੱਥਾ ਦਾ ਸੂਚਕ ਹੁੰਦਾ ਹੈ। ਦੁਨੀਆਂ ਭਰ ਦੇ ਵੱਡੇ ਇਨਕਲਾਬਾਂ ਪਿੱਛੇ ਨੌਜਵਾਨਾਂ ਦੇ ਨੈਣ-ਨਕਸ਼ ਹੀ ਝਲਕਾਰੇ ਮਾਰਦੇ ਹਨ।

ਆਦਿ-ਕਾਲ ਤੋਂ ਜੰਗਾਂ-ਯੁੱਧਾਂ ਤੇ ਮੁਹਿੰਮਾਂ ਦਾ ਅਖਾੜਾ ਰਹੇ ਪੰਜਾਬ ਦੀ ਬਲਵਾਨ ਧਰਤੀ ਤੇ ਜਨਮੇ ਸਿੱਖ ਦੁਨੀਆਂ ਦੀਆਂ ਬਹਾਦਰ ਕੌਮਾਂ ਦੀ ਮੋਹਰਲੀ ਕਤਾਰ ਵਿਚ ਗਿਣੇ ਜਾਂਦੇ ਰਹੇ ਹਨ। ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ 'ਗੁਰਾਂ ਦੇ ਨਾਮ ਤੇ ਜੀਂਦੇ' 'ਜਵਾਨ ਪੰਜਾਬ ਦੇਂ' ਕਿਸੇ ਦੀ 'ਟੈਂ ਨਾ ਮੰਨਣ' ਵਾਲੇ ਅਥਵਾ ਅਣਖ ਨਾਲ ਜ਼ਿੰਦਗੀ ਜਿਉਂਣ ਦੇ ਆਸ਼ਕ ਹਨ। ਪਰ ਸ਼ਾਇਦ ਹੀ ਦੁਨੀਆਂ ਦੀ ਕੋਈ ਕੌਮ ਹੋਵੇ, ਜੋ ਸਿੱਖ ਕੌਮ ਵਾਂਗ ਆਪਣੇ ਇਸ ਅਮੁੱਲੇ ਸਰਮਾਏ-ਵਲੋਂ ਅਵੇਸਲੀ ਤੇ ਬੇਖਬਰ ਹੋਵੇ। ਸਿੱਖਾਂ ਦੀ ਇਕੋ ਇਕ ਪ੍ਰਤੀਨਿਧ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦਲ ਤੇ ਕਾਬਜ਼-ਲੀਡਰਾਂ ਨੇ ਕੌਮ ਦੀ ਇਸ ਅਥਾਹ-ਸ਼ਕਤੀ ਨੂੰ ਪਾਰਟੀ ਦਾ ਅੰਗ ਬਣਾ ਕੇ, ਕੌਮ ਦੀ ਚੜ੍ਹਦੀ-ਕਲਾ ਲਈ ਵਰਤਣ ਲਈ ਯਤਨ ਕਰਨ ਦੀ ਥਾਵੇਂ ਇਸ ਵਲੋਂ ਜਾਣ-ਬੁੱਝ ਕੇ ਘੋਸਲ ਵੱਟੀ ਰੱਖੀ ਜਾਂ ਬੇਰੁਖੀ ਵਿਖਾਈ ਹੈ, ਜਿਸ ਦੇ ਫਲਸਰੂਪ ਪੰਜਾਬ ਦੀਆਂ, ਵਿਸ਼ੇਸ਼ਕਰ ਸਿੱਖ ਵਿਦਿਅਕ-ਸੰਸਥਾਵਾਂ ਦੇ 85 ਫੀ ਸਦੀ ਨੌਜਵਾਨ, ਪੰਜਾਬ ਸਟੂਡੈਂਟਸ ਯੂਨੀਅਨ, ਸਟਡੈਂਟਸ ਫੈਡਰੇਸ਼ਨ ਆਫ ਇੰਡੀਆ ਤੇ ਨਕਸਲਬਾੜੀ-ਲਹਿਰ ਆਦਿ ਦਾ ਭਾਗ ਬਣੇ ਰਹੇ ਹਨ। ਵਿਦਿਅਕ-ਸੰਸਥਾਵਾਂ ਤੋਂ ਬਾਹਰ ਨੌਜਵਾਨਾਂ ਨੂੰ ਆਪਣੇ ਝੰਡਿਆਂ ਥੱਲੇ ਲਿਆਉਂਣ ਲਈ ਜਿਥੇ ਕਮਿਊਨਿਸਟ ਸ਼ਕਤੀਆਂ ਨੇ ਪਿੰਡਾਂ 'ਚ ਨੌਜਵਾਨ-ਸਭਾਵਾਂ ਆਦਿ ਦੇ ਜਾਲ ਵਿਛਾਏ, ਉਥੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਨੇ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਤੇ ਕਾਬਜ਼ ਹੁੰਦਿਆਂ ਹੋਇਆਂ ਵੀ ਸਿੱਖ ਨੌਜਵਾਨਾਂ ਨੂੰ ਉਹਨਾਂ ਦੇ ਗੌਰਵਮਈ ਵਿਰਸੇ ਦਾ ਅਹਿਸਾਸ ਕਰਵਾ ਕੇ, ਕੌਮ ਦੇ ਭਵਿੱਖ ਨੂੰ ਉਜਲ ਕਰਨ ਦੀ ਭਾਵਨਾ ਨਾਲ ਸੰਗਠਿਤ ਕਰਨ ਲਈ ਕਦੇ ਵੀ ਗੰਭੀਰਤਾ ਨਾਲ ਨਹੀਂ ਸੋਚਿਆ। ਇਸੇ ਕਾਰਨ 1944 ਤੋਂ ਬਣੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਅਕਾਲੀ-ਲੀਡਰ ਵਿਚੇ-ਵਿਚ ਆਪਣੇ ਲਈ ਇਕ ਵੰਗਾਰ ਸਮਝਦੇ ਰਹੇ ਹਨ ਤੇ ਇੰਵ ਇਹ ਅਕਾਲੀ-ਲੀਡਰਾਂ ਦੀ ਦਿਆਨਤਦਾਰ ਸਰਪਰਸਤੀ ਤੋਂ ਵਿਰਵੀ-ਵਾਂਝੀ ਅਤੇ ਕੁਝ ਵਿਅਕਤੀਆਂ ਤੇ ਹੀ ਨਿਰਭਰ ਰਹੀ ਹੈ। ਹਾਂ ! ਇਲੈਕਸ਼ਨਾਂ ਦੇ ਦਿਨਾਂ 'ਚ ਮੌਕਾ-ਪ੍ਰਸਤ ਲੀਡਰ ਆਪਣੀ ਲੀਡਰੀ ਨੂੰ ਕਾਇਮ ਰੱਖਣ ਦੀ ਸਵਾਰਥ-ਸਿੰਧੀ ਲਈ ਫੈਡਰੇਸ਼ਨ ਦੇ ਜੁਆਨਾਂ ਨੂੰ ਵਰਤਣ ਉਪਰੰਤ ਜ਼ਰੂਰ ਸੁਟਦੇ ਰਹੇ ਹਨ ਤੇ ਜਾਂ ਫਿਰ ਪਾਰਟੀ ਵਿਚ ਉਹਨਾਂ ਦੇ ਵਧ ਰਹੇ ਪ੍ਰਭਾਵ ਨੂੰ ਖਤਮ ਕਰਨ ਲਈ ਉਹਨਾਂ ਦੀਆਂ ਲੱਤਾਂ ਖਿੱਚ ਕੇ ਅਤੇ ਉਹਨਾਂ ਨੂੰ ਮੁਠੀਏ ਲਾ ਕੇ ਆਪਣੇ ਅਖਾੜੇ 'ਚੋਂ ਕੱਢਦੇ ਰਹੇ ਹਨ। ਐਮਰਜੈਂਸੀ ਵੇਲੇ ਸਭ ਤੋਂ ਪਹਿਲਾਂ ਗ੍ਰਿਫਤਾਰ ਕੀਤੇ ਜਾਣ ਤੇ ਸਭ ਤੋਂ ਮਗਰੋਂ ਛੱਡੇ ਜਾਣ ਵਾਲਾ ਫੈਡਰੇਸ਼ਨ ਦਾ ਸਰਗਰਮ-ਲੀਡਰ ਬੀਰ ਦੇਵਿੰਦਰ ਸਿੰਘ (ਪੰਜਾਬ ਅਸੈਂਬਲੀ 'ਚ ਕਾਂਗਰਸ ਪਾਰਟੀ ਦਾ ਚੀਫ-ਵ੍ਹਿਪ!) ਜੋ ਕਦੇ ਟੌਹੜੇ ਦਾ ਸਭ ਤੋਂ ਵਧ ਵਫਾਦਾਰ ਤੇ ਗੜਬਈ ਸੀ, ਟੌਹੜੇ ਦੀ

ਬੇਵਫਾਈ ਤੋਂ ਸਤ ਕੇ ਕਾਂਗਰਸ ਦੀ ਝੋਲੀ ਪੈ ਕੇ ਸਿੱਖ-ਦੁਸ਼ਮਣਾਂ ਦੀ ਕਤਾਰ ਵਿਚ ਜਾ ਖਲੋਇਆ। ਇਸੇ ਤਰ੍ਹਾਂ ਫੈਡਰੇਸ਼ਨ ਦੇ ਇਕ ਜੋਸ਼ੀਲੇ ਤੇ ਉਤਸ਼ਾਹੀ ਨੌਜਵਾਨ ਜਗਮੀਤ ਸਿੰਘ ਬਰਾੜ ਸਪੁੱਤਰ ਸਾਬਕ ਮੰਤਰੀ ਗੁਰਮੀਤ ਸਿੰਘ ਮਲੋਟ, ਜੋਕਿ ਹੁਣ ਪੰਜਾਬ ਰਾਜ ਬਿਜਲੀ ਬੋਰਡ ਦਾ ਪ੍ਰਬੰਧਕੀ-ਮੈਂਬਰ ਹੈ, ਨੇ ਅਕਾਲੀ ਦਲ 'ਚ ਕਾਬਜ਼ ਸਰਮਾਏਦਾਰ-ਧੜੇ ਦੇ ਜਬ੍ਹਾੜਿਆਂ 'ਚ ਚਿੱਥੇ ਜਾਣ ਨਾਲੋਂ ਕਾਂਗਰਸ 'ਚ ਜਾਣ ਵਿਚ ਹੀ ਆਪਣੀ ਹਿਫਾਜ਼ਤ ਸਮਝੀ। ਫੈਡਰੇਸ਼ਨ ਦੇ 'ਅੱਗਾ-ਸਵਾਰਨ' ਵਾਲੇ ਕਾਰਕੁੰਨਾਂ ਨੂੰ ਅਕਾਲੀ-ਲੀਡਰਸ਼ਿਪ ਲਾਲਚ ਦਾ ਚੋਗਾ ਖਿਲਾਰ ਕੇ ਵੀ ਫਸਾਉਂਦੀ ਰਹੀ ਹੈ। ਇਸੇ ਪ੍ਰੰਪਰਾ-ਅਧੀਨ ਚਲਦਿਆਂ ਸਿੱਖ-ਹਿਤਾਂ ਨਾਲ ਖੇਡਣ ਵਾਲੀ ਅਕਾਲੀ-ਲੀਡਰਸ਼ਿਪ ਨੇ, ਫੈਡਰੇਸ਼ਨ ਦਾ 'ਰਾਅ-ਤੋਤਾ' ਬਲਵੰਤ ਸਿੰਘ ਰਾਮੂੰਵਾਲੀਆ ਤੇ ਪ੍ਰੋ: ਜਗੀਰ ਸਿੰਘ, ਪਾਰਲੀਮੈਂਟ ਅਤੇ ਅਸੈਂਬਲੀ ਦੀਆਂ ਟਿਕਟਾਂ ਦੀ ਚੂਰੀ ਨਾਲ ਭਰਮਾਏ ਹਨ, ਜਿਹਨਾਂ ਲਈ ਚੂਰੀ ਪੈਂਦਿਆਂ ਹੀ ਫੈਡਰੇਸ਼ਨ ਇਕ ਭੁੱਲੀ-ਵਿਸਰੀ ਬਾਤ ਬਣ ਗਈ!

ਅਕਾਲੀ-ਲੀਡਰਾਂ ਨੂੰ ਅਲਕ ਅਥਵਾ ਨਗੌਰੀ-ਵਹਿੜਕਿਆਂ ਵਾਂਗ ਤੇਜ਼-ਤਰਾਰ ਵਗਣ ਵਾਲੇ ਨੌਜਵਾਨਾਂ ਨਾਲੋਂ ਲੋਲ੍ਹੇ-ਮੱਠੇ ਵਗਣ ਵਾਲੇ ਜਥੇਦਾਰ ਹੀ ਬਹੁਤਾ ਵਾਰਾ ਖਾਂਦੇ ਹਨ। ਨੌਜਵਾਨਾਂ ਦੀ ਚਿਤੰਨਤਾ ਅਕਾਲੀ-ਲੀਡਰਾਂ ਨੂੰ ਸਦਾ ਹੀ ਚੁਭਦੀ ਰਹੀ ਹੈ। ਇਹੀ ਕਾਰਨ ਸੀ ਕਿ ਜਦੋਂ ਬਦਨੀਤੇ-ਲੀਡਰਾਂ ਦੀ ਕੂੰਡਾ-ਕਰੂ ਨੀਤੀ ਤੋਂ ਸਤੇ ਨੌਜਵਾਨਾਂ ਦੇ ਕੰਨੀਂ ਸੰਤ ਭਿੰਡਰਾਂ ਦੀ ਦਿਆਨਤਦਾਰ-ਆਵਾਜ਼ ਪਈ ਤਾਂ ਨਾ ਸਿਰਫ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸਗੋਂ ਦੇਰ ਪਹਿਲੋਂ ਪੰਜਾਬ ਸਟੂਡੈਂਟਸ ਯੂਨੀਅਨ, ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਤੇ ਨਕਸਲੀ-ਲਹਿਰ ਆਦਿ ਵੱਲ ਰੁਚਿਤ ਹੋਏ ਨੌਜਵਾਨ ਵੀ ਉਹਨਾਂ ਵੱਲ ਪਰਤੇ ਤੇ ਨੌਜਵਾਨਾਂ ਦਾ ਇਹ ਸਮੂਹ ਆਲ ਇੰਡੀਆ ਸਿੱਖ-ਫੈਡਰੇਸ਼ਨ ਤੋਂ ਵਿਕਸਿਤ ਹੁੰਦਾ ਹੋਇਆ ਅੱਜ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਰੂਪ ਵਿਚ ਪ੍ਰਫੁਲੱਤ ਹੋ ਰਿਹਾ ਹੈ, ਜਿਸ ਵਿਚ ਹੜ੍ਹ ਦੇ ਬਲਵਾਨ ਪਾਣੀਆਂ ਦੀ ਸ਼ਕਤੀ ਦਾ ਸੰਚਾਰ ਹੈ !

ਮੌਜੂਦਾ ਧਰਮ-ਯੁੱਧ ਵਿਚ ਸੰਤ ਭਿੰਡਰਾਂ ਦੀ ਰਾਹਿਨੁਮਾਈ ਹੇਠ ਫੈਡਰੇਸ਼ਨ ਤੇ ਹੋਰ ਨੌਜਵਾਨ ਜਥੇਬੰਦੀਆਂ ਨੇ ਭਰਪੂਰ ਸਹਿਯੋਗ ਦਿੱਤਾ ਹੈ ਤੇ ਨੌਜਵਾਨ ਸਿੱਖ-ਧਰਮ ਤੇ ਹੁੰਦੇ ਹਰ ਹਮਲੇ ਨੂੰ ਪਛਾੜਨ ਲਈ ਜਾਨਾਂ ਹੂਲ ਕੇ ਲੜਦੇ-ਜੂਝਦੇ ਚਲੇ ਆ ਰਹੇ ਹਨ। ਪਹਿਲੀ ਵੇਰ ਸੰਤ ਜਰਨੈਲ ਸਿੰਘ ਨੇ ਨੌਜੁਆਨਾਂ ਨੂੰ ਅਕਾਲੀ-ਲੀਡਰਾਂ ਵਾਂਗੂੰ 'ਚੋਲੇ-ਬਾਲਕੇ' ਨਹੀਂ ਸਗੋਂ ਆਪਣੇ 'ਭਰਾ' ਬਣਾ ਕੇ ਇਕ ਲੜੀ 'ਚ ਪ੍ਰੋਇਆ ਤੇ ਸਿੱਖੀ-ਪ੍ਰੰਪਰਾ ਦੀ ਪਾਣ ਚੁਆੜ ਕੇ ਸਿੱਖੀ-ਮਾਰਗ ਤੇ ਤੋਰਿਆ ਅਤੇ ਕੌਮ ਦੀ ਚੁਭਦੀ ਕਲਾ ਲਈ ਜੂਝਣ ਦੇ ਪੰਧ ਤੇ ਪਾਇਆ। ਪਰ ਦਰਬਾਰ ਸਾਹਿਬ ਤੇ ਹਮਲੇ ਸਮੇਂ ਪੰਜਾਬ ਦੇ ਇਹ ਅਣਖੀਲੇ-ਗਭਰੂ ਕੁਝ ਸ਼ਹਾਦਤ ਦਾ ਜਾਮ ਪੀ ਗਏ, ਕੁਝ ਸੀਖਾਂ ਪਿੱਛੇ ਡੱਕ ਦਿੱਤੇ ਗਏ ਤੇ ਬਚੇ-ਖੁਚੇ ਵਿਦੇਸ਼ਾਂ ਦੇ ਜੰਗਲਾਂ 'ਚ ਗੁਜ਼ਰ ਰਹੇ ਹਨ। ਕੌਮ ਦੇ ਇਹ ਅਮੁੱਲੇ-ਹੀਰੇ ਜਿਥੇ ਵੀ ਕਿਧਰੇ ਹਨ, ਕੌਮ ਦੀ ਆਭਾ ਚਮਕਾਣ ਦੀ ਸਧਰ ਇਹਨਾਂ ਦੇ ਸੀਨਿਆਂ ਵਿਚ ਡੁਲਕਾਂ ਮਾਰਦੀ ਹੈ।

ਇਸ ਸੰਬੰਧ ਵਿਚ ਜਿਥੇ ਖੁਸ਼ੀ ਦੀ ਗੱਲ ਇਹਨਾਂ ਨੌਜਵਾਨਾਂ ਦਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਬੱਬਰ-ਖਾਲਸਾ ਆਦਿ ਜਥੇਬੰਦੀਆਂ ਦੀ ਮਾਲਾ ਵਿਚ ਪ੍ਰੋਏ ਜਾਣਾ ਤੇ ਇਕ ਦੂਸਰੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨਾ ਹੈ, ਉਥੇ ਦੁੱਖ ਲੌਂਗੋਵਾਲ ਅਕਾਲੀ ਦਲ ਅਥਵਾ 'ਅਸਤੀਫਾ ਅਕਾਲੀ ਦਲ, ਵਲੋਂ ਪੰਥ ਤੇ ਪਈ ਇਸ ਭੀੜ ਵਿਚ ਕੌਮ ਦੇ ਨੌਜਵਾਨਾਂ ਦੇ ਜਜ਼ਬਾਤ ਨੂੰ ਨਾ ਸਮਝਦੇ ਹੋਏ ਅੰਦਰਖਾਤੇ ਇਹਨਾਂ ਦਾ ਵਿਰੋਧ ਕਰਨਾ ਹੈ। ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਇਥੇ ਸਿਰਫ ਦੋ ਟਿੱਪਣੀਆਂ ਦੇਣਾ ਉਚਿਤ ਸਮਝਦੇ ਹਾਂ, ਜੋ ਕੌਮ ਖਾਤਰ ਮਰ ਮਿਟਣ ਵਾਲੇ ਹੋਣਹਾਰਾਂ ਸੰਬੰਧੀ ਇਹਨਾਂ ਕੁਰਸੀ-ਭਗਤਾਂ ਦੀ ਬਦ-ਨੀਤੀ ਨੂੰ ਸਮਝਣ ਲਈ ਮਦਦਗਾਰ ਸਾਬਤ ਹੋਣਗੀਆਂ। ਪਹਿਲੀ ਉਦਾਹਰਣ ਕੁਝ ਦੇਰ ਪਹਿਲੋਂ ਦੀ ਸਮਕਾਲੀ 'ਦੇਸ ਪ੍ਰਦੇਸ' ਦੇ 15 ਮਾਰਚ ਦੇ ਅੰਕ 'ਚੋਂ ਹੇਠਾਂ ਹੂ-ਬ-ਹੂ ਦਿੱਤੀ ਜਾ ਰਹੀ ਹੈ :-

ਬਸੀ ਪਠਾਣਾਂ-ਪ੍ਰਾਪਤ ਸੂਚਨਾ ਅਨੁਸਾਰ ਜੇਲ੍ਹਾਂ ਵਿਚ ਬੰਦ ਅਕਾਲੀ ਅਤੇ ਸਿੱਖ ਸਟੈਡੈਂਟਸ ਫੈਡਰੇਸ਼ਨ ਦੇ ਵਰਕਰਾਂ ਵਿਚ ਆਪਸੀ ਤਣਾਅ ਵਧ ਰਿਹਾ ਹੈ। ਵਿਦਿਆਰਥੀਆਂ ਅੰਦਰ ਕਾਫੀ ਗੁੱਸਾ ਹੈ। ਇਸ ਗੱਲ ਦਾ ਪ੍ਰਗਟਾਵਾ ਉਸ ਖਤ ਤੋਂ ਹੋਇਆ ਹੈ, ਜਿਹੜਾ ਪਟਿਆਲਾ ਜੇਲ੍ਹ ਵਿਚੋਂ ਇਕ ਵਰਕਰ ਵਲੋਂ ਅਕਾਲੀ-ਲੀਡਰਸ਼ਿਪ ਨੂੰ ਹੁਣੇ ਜਿਹੇ ਲਿਖਿਆ ਗਿਆ ਹੈ।

ਇਸ ਖਤ ਵਿਚ ਲਿਖਿਆ ਗਿਆ ਹੈ ਕਿ ''ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਜਥਾ ਪਟਿਆਲਾ ਵਲੋਂ ਬਣਾਈ ਗਈ ਡੀਫੈਂਸ-ਕਮੇਟੀ ਦਾ ਕੰਮ ਅਤਿਅੰਤ ਨਿਰਾਸ਼ਾਜਨਕ ਹੈ। ਕਮੇਟੀ ਦਾ ਕੋਈ ਵੀ ਮੈਂਬਰ ਨਾ ਕਦੀ ਜੇਲ੍ਹ ਵਿਚ ਨਜ਼ਰਬੰਦ ਵਰਕਰਾਂ ਨੂੰ ਮਿਲਣ ਆਇਆ ਹੈ ਅਤੇ ਨਾ ਜਾ ਕੇ ਕਚਹਿਰੀਆਂ ਵਿਚ ਇਸ ਗੱਲ ਦੀ ਤਸਦੀਕ ਕੀਤੀ ਹੈ ਕਿ ਵਕੀਲ ਪੇਸ਼ ਹੁੰਦੇ ਵੀ ਹਨ ਜਾਂ ਨਹੀਂ। ਹੁਣ ਜਦੋਂ ਕਿ ਮੁਕੱਦਮਿਆਂ ਦੀਆਂ ਗਵਾਹੀਆਂ ਹੋ ਰਹੀਆਂ ਹਨ ਤਾਂ ਵਕੀਲ ਘੱਟ ਹੀ ਪੇਸ਼ ਹੋ ਰਹੇ ਹਨ। ਸਿੱਟੇ ਵਜੋਂ ਫੈਡਰੇਸ਼ਨ ਦੇ ਇਕ ਵਰਕਰ ਰਣਜੀਤ ਸਿੰਘ ਨੂੰ 9 ਮਹੀਨਿਆਂ ਦੀ ਕੈਦ ਹੋ ਗਈ ਹੈ। ਇਕ ਵਕੀਲ ਕੋਲ ਜਦੋਂ ਉਕਤ ਵਰਕਰ ਦਾ ਬਾਪ ਗਿਆ ਤਾਂ ਉਸ ਨੇ ਅੱਗੋਂ ਆਖਿਆ- 'ਤੁਸੀਂ ਮੇਰੀ ਕਾਰ ਸਾਫ ਕਰੋ, ਮੈਂ ਤੁਹਾਡੇ ਮੁੰਡੇ ਦਾ ਕੇਸ ਵੇਖਦਾ ਹਾਂ।' ਕੀ ਅਸੀਂ ਨੌਜਵਾਨਾਂ ਨੇ ਇਸ ਲਈ ਆਪਣੇ ਸੀਸ ਤਲੀ ਤੇ ਰੱਖੇ ਸਨ ਕਿ ਸਾਡੇ ਬਾਪ ਵਕੀਲਾਂ ਦੀਆਂ ਕਾਰਾਂ ਸਾਫ ਕਰਨ ? ਅਕਾਲੀ-ਲੀਡਰਾਂ ਨੂੰ ਮਿਲਣ ਲਈ ਹਰ ਕੋਈ ਭੱਜਿਆ ਫਿਰਦਾ ਹੈ ਪਰ ਵਰਕਰਾਂ ਨੂੰ ਕੋਈ ਨਹੀਂ ਪੁੱਛਦਾ।''

ਅੱਗੇ ਜਾ ਕੇ ਇਸ ਖਤ ਵਿਚ ਲਿਖਿਆ ਗਿਆ ਹੈ- ''ਸਾਡੇ ਲਈ ਕਾਨੂੰਨੀ-ਇਮਦਾਦ ਬਿਲਕੁਲ ਨਾ ਹੋਣ ਦੇ ਬਰਾਬਰ ਹੈ ਅਤੇ ਬਹੁਤ ਸਾਰੇ ਵਰਕਰਾਂ ਨੂੰ, ਜਿਹੜੇ ਕਿ ਬਿਲਕੁਲ ਬੇਗੁਨਾਹ ਹਨ, ਕੇਵਲ ਇਸ ਲਈ ਸਜ਼ਾਵਾਂ ਹੋ ਜਾਣਗੀਆਂ ਕਿ ਉਹਨਾਂ ਦੇ ਕੇਸਾਂ ਦੀ ਕੋਈ ਪੈਰਵੀ ਨਹੀਂ ਕਰ ਰਿਹਾ। ਹਾਂ, ਬਿਆਨ ਅਖਬਾਰਾਂ ਵਿਚ ਅਕਾਲੀ-ਲੀਡਰਾਂ ਦੇ ਜ਼ਰੂਰ ਧੜਾ-ਧੜ ਛਪ ਰਹੇ ਹਨ। ਅਨੇਕਾਂ ਪਾਸਿਉਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਸਹਾਇਤਾ ਕਰਨ ਦੇ ਇਕਰਾਰਨਾਮੇ ਕੀਤੇ ਜਾ ਰਹੇ ਹਨ ਪਰ ਹਕੀਕਤ ਇਹ ਹੈ ਕਿ ਸਿਵਾਏ ਅਕਾਲੀ-ਲੀਡਰਾਂ ਦੀ ਜੇਲ੍ਹਾਂ ਵਿਚ ਦੇਖ-ਭਾਲ, ਦੇ, ਸਿੱਖ ਨੌਜਵਾਨ-ਵਰਕਰਾਂ ਨੂੰ ਕੋਈ ਧੇਲੇ ਪਿੱਛੇ ਨਹੀਂ ਪੁੱਛਦਾ। ਕਿਸੇ ਹੱਦ ਤੱਕ ਹਾਲਤ ਇਹ ਹੈ ਕਿ ਕਈ ਅਕਾਲੀ-ਲੀਡਰ ਅਤੇ ਵਰਕਰ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਜ਼ਰਬੰਦ ਵਰਕਰਾਂ ਨੂੰ ਆਪਣੇ ਦੁਸ਼ਮਣ ਸਮਝਦੇ ਹਨ। ਸਾਡੀ ਦੁਸ਼ਮਣ ਸਰਕਾਰ ਤਾਂ ਹੈ ਹੀ ਸੀ। ਹੁਣ ਸਾਡੇ ਆਪਣੇ ਅਕਾਲੀ-ਲੀਡਰ ਵੀ ਸਾਨੂੰ ਵਿਰੋਧੀ ਸਮਝਣ ਲੱਗ ਪਏ ਹਨ। ਅਸਲ ਵਿਚ ਇਹਨਾਂ ਅਕਾਲੀ-ਲੀਡਰਾਂ ਨੂੰ ਆਪਣੀਆਂ ਕੁਰਸੀਆਂ ਨੂੰ ਖਤਰਾ ਸਿੱਖ ਨੌਜਵਾਨਾਂ ਤੋਂ ਜਾਪਣ ਲੱਗ ਪਿਆ ਹੈ।''

ਇਸ ਖਤ ਵਿਚ ਇਹ ਵੀ ਲਿਖਿਆ ਗਿਆ ਹੈ ਕਿ ''ਸਾਡੇ ਕੇਸਾਂ ਸੰਬੰਧੀ ਸ: ਰਾਜਿੰਦਰ ਸਿੰਘ ਧਾਲੀਵਾਲ ਨੇ ਇਮਦਾਦ ਦਾ ਭਰੋਸਾ ਦੁਆਇਆ ਸੀ ਪਰ ਅਖਬਾਰੀ ਬਿਆਨਾਂ ਤੋਂ ਵੱਧ ਉਹਨਾਂ ਵੀ ਕੁਝ ਨਾ ਕੀਤਾ। ਖਤ ਵਿਚ ਇਸ ਗੱਲ ਤੇ ਗੁੱਸਾ ਕੀਤਾ ਗਿਆ ਹੈ ਕਿ ਜਦੋਂ ਸਿੱਖ ਸਟੈਡੈਂਟਸ ਫੈਡਰੇਸ਼ਨ ਦੇ ਵਰਕਰਾਂ ਨੇ ਆਪਣਾ ਸਾਰਾ ਜੀਵਨ ਪਾਰਟੀ ਲਈ ਲਾ ਦਿੱਤਾ ਹੈ ਪਰ ਦੂਜੇ ਪਾਸੇ ਇਹਨਾਂ ਵਰਕਰਾਂ ਦੀ ਕੋਈ ਮੁਲਾਕਾਤ ਵੀ ਕਰਨ ਨਹੀਂ ਆਉਂਦਾ।''

ਸੱਜਰੀ ਸਥਿਤੀ ਅਨੁਸਾਰ ਇਕ ਹੋਰ ਸਬੂਤ 6 ਜੂਨ ਨੂੰ ਬਾਬਾ ਜੋਗਿੰਦਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਂਤੀ-ਪੂਰਵਕ ਕਾਨਫਰੰਸ ਉਪਰੰਤ 9 ਜੂਨ ਨੂੰ 'ਅਸਤੀਫਾ ਅਕਾਲੀ ਦਲ' ਵਲੋਂ ਮੰਜੀ ਸਾਹਿਬ ਦੀਵਾਨ ਹਾਲ ਵਿਚ ਪੰਥਕ ਸਫਾਂ 'ਚ ਫੁੱਟ ਪਾ ਕੇ ਅਲੱਗ ਸ਼ਹੀਦੀ-ਕਾਨਫਰੰਸ ਬੁਲਾਉਣਾ ਹੈ। ਜਿਸ ਵਿਚ ਪਹਿਲੀ ਵੇਰ ਦੀਵਾਨ ਅਸਥਾਨ ਉਦਾਲੇ ਕੰਡਿਆਲੀ-ਤਾਰ ਲਾ ਕੇ ਪੁਲਿਸ ਦੀ ਮਦਦ ਨਾਲ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਦਾ ਯਤਨ ਕੀਤਾ ਗਿਆ ਹੈ। ਸਰਕਾਰ ਨਾਲ ਆਪਣੀ ਮਿਲੀ-ਭੁਗਤ ਦੇ ਹਮਾਮ ਵਿਚ ਇਹ ਸਵਾਰਥੀ ਅਖੌਤੀ-ਲੀਡਰ ਨੰਗੇ ਹੀ ਹਨ। ਖੁਫੀਆ ਪੁਲਿਸ ਦਾ 9

ਜੂਨ ਨੂੰ ਇਹਨਾਂ ਦੀ ਸਿੱਧੀ ਮਦਦ ਕਰਨਾ ਇਸ ਦਾ ਤਾਜ਼ਾ ਸਬੂਤ ਹੈ ਪਰ ਇਸ ਕਾਨਫਰੰਸ ਦੀ ਸਭ ਤੋਂ ਖਤਰਨਾਕ ਗੱਲ ਸਾਡੀ ਦ੍ਰਿਸ਼ਟੀ ਅਨਸਾਰ ਅਸਤੀਫਾ ਅਕਾਲੀ ਦਲ ਦੇ ਲੀਡਰਾਂ ਵਲੋਂ ਆਪਣੇ ਯੂਥ ਵਿੰਗ ਦੇ ਨੌਜਵਾਨਾਂ ਨੂੰ ਵਰਗਲਾ ਕੇ ਉਹਨਾਂ ਹੱਥੀਂ ਆਪਣੇ ਹੀ ਫੈਡਰੇਸ਼ਨ ਦੇ ਨੌਜਵਾਨ ਭਰਾਵਾਂ ਵਿਰੁੱਧ ਡਾਂਗਾਂ ਦੇ ਕੇ ਖੁੜੇ ਕਰਨਾ ਹੈ। ਇਹ ਇਹਨਾਂ ਪੰਥ-ਪਾੜੂ ਸਵਾਰਥੀ-ਲੀਡਰਾਂ ਦੀ ਅਜਿਹੀ ਡੂੰਘੀ ਸਾਜ਼ਿਸ਼ ਹੈ, ਜਿਸ ਦਾ ਮਕਸਦ ਸਰਕਾਰ ਨੂੰ ਤੇ ਆਪਣੇ ਆਪ ਨੂੰ ਬਚਾਉਂਣਾ ਅਤੇ ਨੌਜਵਾਨਾਂ ਦਾ ਆਪਸੀ-ਭੇੜ ਪਵਾਉਂਣਾ ਹੈ ਤਾਂ ਕਿ ਇਹ ਸਰਕਾਰ ਦੀਆਂ ਖੁਸ਼ੀਆਂ ਤੇ ਹਮਾਇਤ ਪ੍ਰਾਪਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਆਪਣਾ ਮਜਮਾ ਵੀ ਜਮਾ ਸਕਣ ਤੇ ਨੌਜਵਾਨਾਂ ਦਾ ਆਪਸੀ ਟਾਕਰਾ ਕਰਵਾ ਕੇ ਆਪੂੰ ਰਾਜ਼ੀ-ਬਾਜ਼ੀ ਲੀਡਰ ਵੀ ਬਣੇ ਰਹਿ ਸਕਣ।

ਕੁਰਬਾਨੀ ਦੇ ਪੰਧ ਤੇ ਤੁਰਦੇ ਨੌਜਵਾਨਾਂ ਨੂੰ ਆਏ ਦਿਨ 'ਕਾਂਗਰਸ ਦੇ ਏਜੰਟ' ਗਿਰਦਾਨਣ ਵਾਲੇ, ਅਸਤੀਫਾ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲੀਏ ਸੰਤ ਨੂੰ ਕੌਮ ਦਾ ਪੁੱਛਣ ਦਾ ਪੂਰਾ ਪੂਰਾ ਅਧਿਕਾਰ ਹੈ ਕਿ ਜਿਹਲੋਂ ਨਿਕਲਦਿਆਂ ਸ: ਬਿਅੰਤ ਸਿੰਘ-ਸਤਵੰਤ ਸਿੰਘ ਦੇ ਵਾਰਸਾਂ ਨੂੰ ਸਿਰੋਪੇ ਦੇਣਾ ਤੇ ਇਹਨਾਂ ਦੋਹਾਂ ਨੂੰ ਕੌਮ ਦੇ ਸ਼ਹੀਦ, ਕਹਿਣਾ ਸਿਰਫ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਂਣਾ ਹੀ ਸੀ? ਫਿਰ 12 ਜੂਨ ਨੂੰ ਹੁਣ ਸੰਗਰੂਰ ਵਿਚ ਹੋਏ ਜਲਸੇ ਵਿਚ ਇਹ ਕਹਿਣਾ ਕਿ ਸਤਵੰਤ ਸਿੰਘ ਤੇ ਬਿਅੰਤ ਸਿੰਘ ਅਕਾਲੀ ਨਹੀਂ, ਸਗੋਂ ਇਹ ਦੋਵੇਂ ਤਾਂ ਕਾਂਗਰਸ ਦੇ ਹਿਮਾਇਤੀ ਰਹੇ ਹਨ, ਕਿੱਥੋਂ ਤੱਕ ਤੁਹਾਡੀ ਕੌਮ-ਪ੍ਰਸਤੀ ਸਿੱਧ ਕਰਦਾ ਹੈ। ਕੁਲ ਜੋ ਤੁਹਾਡੇ ਲਈ 'ਮਹਾਨ ਸ਼ਹੀਦ' ਸਨ, ਹੁਣ ਮਹੀਨੇ ਪਿੱਛੋਂ ਕਿਹੜੇ ਕ੍ਰਿਸ਼ਮੇ ਨਾਲ 'ਕਾਂਗਰਸੀ' ਹੋ ਨਿਬੜੇ ? ਇਸੇ ਕਾਨਫਰੰਸ 'ਚ ਆਪ ਜੀ ਕੌਮ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਨੂੰ ਵੀ ਕਾਂਗਰਸ ਦਾ ਭਾਈਵਾਲ ਸਿੱਧ ਕਰਨ ਦਾ ਯਤਨ ਕਰਦੇ ਹੋ ਪਰ ਕੌਮ ਨੂੰ ਮਿੱਟੀ ਵਿਚ ਮਿਲਾ ਕੇ ਤੁਸੀਂ ਅਜੇ ਵੀ ਸਿੱਕੇ-ਬੰਦ ਅਕਾਲੀ ਹੋ ? ਜੇ ਅਕਾਲੀ ਹੋ ਤਾਂ ਫਿਰ 19-4-85 ਨੂੰ ਪੰਥ 'ਚੋਂ ਛੇਕੇ ਕੇਂਦਰੀ-ਮੰਤਰੀ ਬੂਟਾ ਸਿੰਹੁ ਵਲੋਂ ਨਵੀਂ ਦਿੱਲੀ ਸਥਿਤ ਕੋਠੀ ਵਿਚ ਕਰਵਾਏ ਅਖੰਡ ਪਾਠ ਦੇ ਭੋਗ ਤੇ ਸ੍ਰੀ ਅਕਾਲ ਤਖਤ ਹੁਕਮਨਾਮੇ ਦੀ ਉਲੰਘਣਾ ਕਰਕੇ ਤੁਹਾਡੇ ਆਪਣੇ ਦਲ ਦੇ 6 ਮੈਂਬਰ ਜਸਵੰਤ ਸਿੰਘ ਕੋਛੜ, ਸਾਬਕ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਚਰਨ ਸਿੰਘ ਗਿੱਲ, ਫੌਜਾ ਸਿੰਘ ਤੇ ਜਸਵੰਤ ਸਿੰਘ ਆਦਿ ਕਿਉਂ ਗਏ ? ਕੀ ਇਹਨਾਂ ਨੂੰ ਹੁਕਮਨਾਮੇ ਦੀ ਉਲੰਘਣਾ ਕਰਨ ਤੇ ਉਥੇ ਜਾਣ ਦੀ ਹਰੀ-ਝੰਡੀ ਤੁਸੀਂ ਖੁਦ ਦਿੱਤੀ ਸੀ ? ਕੀ ਪੰਥ ਨਾਲ ਇਸ ਹੋਏ ਸਾਰੇ ਕੌਤਕ 'ਚ ਤੁਹਾਡਾ ਭਾਈਵਾਲ ਟੋਹੜਾ ਜਿਹਲ 'ਚੋਂ ਬਾਹਰ ਆਉਂਦਿਆਂ ਨੌਜਵਾਨਾਂ ਨੂੰ ਆਪਣੀ ਬੀਨ ਦੀਆਂ ਗਰਮ-ਧੁਨਾਂ ਨਾਲ ਕੀਲਣ ਲਈ ਸਟੇਜਾਂ ਉਤੇ ਨੌਜਵਾਨਾਂ ਵਲੋਂ ਸੰਤ ਭਿੰਡਰਾਂ ਦੇ ਹੱਕ ਵਿਚ ਨਾਹਰੇ ਲਾਉਂਣ ਵੇਲੇ ਇਹ ਨਹੀਂ ਕਹਿੰਦਾ ਰਿਹਾ ਮੈਂ ਵੀ ਸੰਤ ਭਿੰਡਰਾਂ ਦੀ ਵਿਚਾਰਧਾਰਾ ਦਾ ਵੱਡਾ ਹਮਾਇਤੀ ਹਾਂ ? ਕੀ ਉਸ ਨੇ ਸ: ਬਿਅੰਤ ਸਿੰਘ-ਸਤਵੰਤ ਸਿੰਘ ਨੂੰ 'ਕੌਮ ਦੇ ਸ਼ਹੀਦ' ਨਹੀਂ ਕਿਹਾ ? ਜੇ ਕਿਹਾ ਤਾਂ ਫਿਰ ਨਾਭਾ ਦੇ ਗੁਰਦੁਆਰਾ ਘੋੜਾ ਵਾਲਾ ਵਿਚ ਇਹਨਾਂ ਸ਼ਹੀਦਾਂ ਨੂੰ 'ਦੋ ਪਾਗਲ ਬੰਦੇ' ਕਹਿਣਾ ਉਸ ਨੂੰ ਕੌਮ ਦਾ ਗਦਾਰ ਸਿੱਧ ਨਹੀਂ ਕਰਦਾ ? ਕੀ ਦਰਬਾਰ ਸਾਹਿਬ ਤੇ ਹਮਲਾ ਹੋਣ ਤੋਂ ਪਹਿਲਾਂ ਟੋਹੜੇ ਨੇ ਚੰਡੀਗੜ੍ਹ ਗਵਰਨਰ ਪਾਂਡੇ ਨਾਲ ਮੁਲਾਕਾਤ ਨਹੀਂ ਕੀਤੀ ? ਜੇ ਨਹੀਂ ਕੀਤੀ ਤਾਂ ਫਿਰ ਜੇ ਉਹ ਹੱਥ ਨਾ ਖੁੜੇ ਕਰਨ ਦੀ ਤਰਦੀਦ ਕਰ ਸਕਦਾ ਹੈ ਤਾਂ ਗਵਰਨਰ ਨਾਲ ਹੋਈ ਮੁਲਾਕਾਤ ਦੀ ਦੀ ਤਰਦੀਦ ਕਿਉਂ ਨਹੀਂ ਕਰਦਾ ? ਇਹਨਾਂ ਪ੍ਰਸ਼ਨਾਂ ਦੇ ਉਤਰ ਅੱਜ ਚਿੰਤਨ ਸਿੱਖ ਸਹਿਜੇ ਹੀ ਸਮਝ ਸਕਦੇ ਹਨ।

ਸਾਡਾ ਇਹ ਸਾਰਾ ਵਿਸਥਾਰ ਦੇਣ ਦਾ ਭਾਵ ਹੈ ਕਿ ਜੇ ਇਹ ਅਖੌਤੀ-ਲੀਡਰ ਕਦੇ ਕੌਮ ਦੇ ਸ਼ਹੀਦਾਂ ਦੀ ਕੁਰਬਾਨੀ ਦੀ ਖੱਟਿਆ ਖਾਂਦੇ ਹਨ ਤੇ ਕਦੇ ਉਹਨਾਂ ਨੂੰ ਭੰਡ ਕੇ ਸਰਕਾਰ ਨਾਲ ਜੱਫੀਆਂ ਪਾਉਂਦੇ ਹਨ ਤਾਂ ਇਹਨਾਂ ਦਾ ਇਕੋ-ਇਕ ਮੰਤਵ ਆਪਣੀ ਕੁਰਸੀ ਕਾਇਮ ਰੱਖਣਾ ਹੀ ਹੈ। ਜਿਹੜੇ ਕੌਮ-ਘਾਤਕ ਅਜਿਹੇ ਘੋਰ-ਸੰਕਟ ਸਮੇਂ ਵੀ ਫੈਡਰੇਸ਼ਨ ਦੇ ਨੌਜਵਾਨਾਂ ਦੀਆਂ ਕੌਮ ਪ੍ਰਤੀ ਸੇਵਾਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਸਿਰਫ ਆਪਣੀ ਚੌਧਰ ਤੇ ਲੀਡਰੀ ਖਾਤਰ ਯੂਥ-ਵਿੰਗ ਦੇ ਅਣਭੋਲ-ਨੌਜਵਾਨਾਂ

ਤੇ ਆਪਣੇ ਅਧੀਨ ਕੰਮ ਕਰਦੇ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਨੂੰ ਉਹਨਾਂ ਨਾਲ ਲੜਾਉਂਦੇ ਹਨ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਹੀ ਆਪਣਾ ਵੱਡਾ ਦੁਸ਼ਮਣ ਸਮਝਦੇ ਹਨ, ਕੀ ਉਹ ਜਿਹਲਾਂ ਵਿਚ ਸੜ ਰਹੇ ਫੈਡਰੇਸ਼ਨ ਦੇ ਨੌਜਵਾਨਾਂ ਦੀ ਰਿਹਾਈ ਲਈ ਦਿਲੋਂ ਦਿਆਨਤਦਾਰ ਤੇ ਯਤਨਸ਼ੀਲ ਹੋ ਸਕਣਗੇ ?

ਅਸੀਂ ਇਹਨਾਂ ਸਤਰਾਂ ਰਾਹੀਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਅਕਾਲੀ ਦਲ ਯੂਥ-ਵਿੰਗ ਦੇ ਸੁਹਿਰਦ ਨੌਜਵਾਨਾਂ ਨੂੰ ਸਵਾਰਥੀ ਤੇ ਕੌਮ-ਘਾਤਕ ਲੀਡਰਾਂ ਦੀ ਇਸ ਗੰਭੀਰ-ਸਾਜ਼ਿਸ਼ ਤੋਂ ਸਾਵਧਾਨ ਹੋਣ ਦੀ ਆਵਾਜ਼ ਦਿੰਦੇ ਹਾਂ ਕਿ ਉਹ ਸਰਕਾਰ ਤੇ ਸਿੱਖਾਂ ਦੀ ਲੜਾਈ ਨੂੰ ਨੌਜਵਾਨਾਂ ਦੀ ਆਪਸੀ ਲੜਾਈ ਬਣਾਏ ਜਾਣ ਦੇ ਇਸ ਖਤਰਨਾਕ ਮੋੜ ਤੋਂ ਬਚਣ ਅਤੇ ਆਪਸੀ ਸਹਿਯੋਗ ਵਧਾ ਕੇ ਨੌਜਵਾਨ-ਲਹਿਰ ਨੂੰ ਬਲਵਾਨ ਬਣਾਉਂਣ ਅਤੇ ਇਸ ਦੇ ਨਾਲ ਹੀ ਜੇ ਸਿੱਖ-ਨੌਜਵਾਨਾਂ ਨੇ ਪੰਥ ਤੇ ਪਈ ਇਸ ਆਫਤ ਦੇ ਸੂਕ-ਸੂਕ ਵਗਦੇ ਦਰਿਆ ਨੂੰ ਪਾਰ ਕਰਕੇ ਮੰਜ਼ਿਲ ਤੇ ਪਹੁੰਚਣਾ ਹੈ ਤਾਂ ਉਹਨਾਂ ਨੇ ਵਰਤਮਾਨ ਸਿੱਖ-ਲੀਡਰਸ਼ਿਪ ਦੇ ਸਾਰੇ ਕੱਚੇ ਟੁਣਕਾਅ ਕੇ ਹੀ ਠਿਲਣਾ ਹੋਏਗਾ !

ਆਸਾਰ ਪ੍ਰਤੱਖ ਨਜ਼ਰ ਆ ਰਹੇ ਹਨ ਕਿ ਸਿੱਖ ਕੌਮ ਆਪਣੇ ਆਉਂਣ ਵਾਲੇ ਥੋੜੇ ਜਿਹੇ ਸਮੇਂ ਵਿਚ ਲੀਡਰਸ਼ਿਪ ਦੇ ਮਸਲੇ ਅਤੇ ਦਿੱਲੀ-ਸਰਕਾਰ ਨਾਲ ਲੜਾਈ ਦੇ ਸੰਬੰਧ ਵਿਚ ਮਹੱਤਵ ਪੂਰਨ ਮੋੜ ਕੱਟਣ ਵਾਲੀ ਹੈ। ਪੰਥਕ-ਸਫਾਂ ਵਿਚ ਫੁੱਟ ਪਾਉਂਣ ਵਾਲੇ ਕੁਰਸੀ ਦੇ ਤਲਬਗਾਰਾਂ ਨੇ ਕੌਮ ਨੂੰ ਉਸ ਦਹਾਨੇ ਤੇ ਲਿਆ ਖੜਾ ਕੀਤਾ ਹੈ ਜਿ ਜਿਥੇ ਸਰਕਾਰ ਨਾਲ ਲੜਾਈ ਲੰਬੀ ਪੈ ਕੇ ਕੌਮ ਦੀਆਂ ਸਫਾਂ 'ਚ ਅਣਹੋਣੀ ਵਰਤ ਜਾਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਲੋੜ ਹੈ ਕਿ ਨੌਜਵਾਨ ਸੁਚੇਤਤਾ ਤੇ ਏਕਤਾ ਦਾ ਦਾਮਨ ਫੜ ਕੇ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹੋ ਕੇ ਪੰਥ ਦੇ ਰੋਸ਼ਨ-ਭਵਿੱਖ ਦੇ ਰਸਤੇ ਵਿਚ ਆਈ ਹਰ ਰੁਕਾਵਟ ਤੇ ਸਾਜ਼ਿਸ਼ ਨੂੰ ਸਮਝ ਕੇ ਅੱਗੇ ਵਧਣ। ਇਹ ਕਰਦਿਆਂ ਨੌਜਵਾਨਾਂ ਨੂੰ ਆਪਣੀ ਅਥਾਹ-ਸ਼ਕਤੀ ਨੂੰ ਨਿੱਕੇ-ਨਿਗੂਣੇ ਕੰਮਾਂ ਵਿਚ ਰੋੜਨ ਤੋਂ ਗੁਰੇਜ਼ ਕਰਨਾ, ਹਿੰਦ ਸਰਕਾਰ ਦੇ ਸਿੱਖਾਂ ਪ੍ਰਤੀ ਗਲਤ-ਪ੍ਰਾਪੇਗੰਡਾ ਨੂੰ ਸਮਝ ਕੇ ਕੌਮ ਦੀ ਸਹੀ ਤਸਵੀਰ ਲੋਕਾਂ ਸਾਹਵੇਂ ਰੱਖਣਾ ਅਤੇ ਅੰਤਰਰਾਸ਼ਟਰੀ-ਪੱਧਰ ਉਤੇ ਮਨੁੱਖੀ ਭਾਈਚਾਰੇ ਦੀ ਰਾਇ ਅਤੇ ਵਿਸ਼ਵਾਸ ਜਿੱਤਣ ਲਈ ਆਪਣੇ ਲੋਕ-ਹਿਤੈਸ਼ੀ, ਸੁਲਝੇ-ਸੁਧਰੇ ਅਤੇ ਚੰਗੇਰੇ ਸ਼ਹਿਰੀ ਹੋਣ ਦਾ ਪ੍ਰਮਾਣ ਪੇਸ਼ ਕਰਨਾ ਚਾਹੀਦਾ ਹੈ।

'ਜਾਗੋ'
(ਜੁਲਾਈ, 1985)

ਵਿਅੰਗ-ਵਢਾਂਗਾ

ਲੋਂਗੋਵਾਲ ਜੀ ਰੁੱਸ ਕੇ ਤੁਰੇ ਪੇਕੇ, ਸਾਨੂੰ ਹੱਸ ਨਾ ਕੋਈ ਬੁਲਾਂਵਦਾ ਈ।
ਗੰਭਰੂ-ਪੰਥ ਦੇ ਨਖਰੇ ਨੇ ਹੋਏ ਉਚੇ, ਕਦੇ ਮੰਜੀਆਂ ਜੋਤ ਨਾ ਡਾਂਹਵਦਾ ਈ।
ਬਾਬਾ ਕੁੰਜੀਆਂ ਜੇਬ ਵਿਚ ਪਾਇ ਤੁਰਦਾ, ਸਾਥੋਂ ਪੈਰੀਂ ਨਾ ਹੱਥ ਲਵਾਂਵਦਾ ਈ।
ਨਾ ਕੋਈ ਗਲੇ ਨੂੰ ਹਾਰ ਨਾ ਲਾਡ-ਚਾਓ ਸਾਨੂੰ ਸਹੁਰੜਾ ਮੂਲ ਨਾ ਭਾਂਵਦਾ ਈ।
ਚਾਰ ਦਿਨਾਂ ਵਿਚ ਪੇਕੇ ਦੇ ਚਾਅ ਲੱਥੇ ਕਿਹਾ-ਲੈ ਜੋ ਪੰਚਾਇਤੀਓ ਆਣ ਕੇ ਵੇ !
ਧੀਆਂ ਵਸਦੀਆਂ ਸਹੁਰੀਂ ਹੀ ਚੰਗੀਆਂ ਨੇ ਮੈਨੂੰ ਰੱਖ ਲਓ ਨਿੱਕੜੀ ਜਾਣ ਕੇ ਵੇ !!

'ਇਕੋ ਇਕ ਹੈ ਆਸ ਦੀ ਕਿਰਨ ਬਾਦਲ',ਉਮਰਾਨੰਗਲ ਨੇ ਨਵਾਂ ਬਿਆਨ ਦਿੱਤਾ!
ਝੋਨਾ ਅਕਲ ਦਾ ਝਾਤ ਲੈ ਗਏ ਸ਼ੈਲੱਰ ਬੁੱਢੇ-ਵਾਰੇ ਕੀ ਰੱਬ ਗਿਆਨ ਦਿੱਤਾ !
ਉਮਰਾਨੰਗਲੀਆਂ ਮਾਰਦੇ ਉਮਰ ਲੰਘੀ ਕਿਸੇ ਭੋਰਾ ਵੀ ਨਹੀਓਂ ਧਿਆਨ ਦਿੱਤਾ।
ਸੰਢੇ ਵਾਹ ਵਜ਼ੀਰੀਆਂ ਲੱਭੀਆਂ ਸੂ, ਵੇਖੋ ਬਾਦਲ ਨੇ ਮਾਨ-ਸਨਮਾਨ ਦਿੱਤਾ।
ਚੂਲਾ ਹਿੱਲੀਆਂ, ਨੈਣ-ਪ੍ਰਾਣ ਹਾਰੇ, ਲੋਕੀਂ ਲੱਭਦੇ ਅਜੇ ਵਜ਼ੀਰੀਆਂ ਨੂੰ !
ਵਕਤ ਲੰਘੇ ਤੋਂ ਪੰਥ ਦੀ ਕੋਹੜ-ਕਿਰਲੀ, ਜੱਫੇ ਮਾਰਦੀ ਪਈ ਸ਼ਤੀਰੀਆਂ ਨੂੰ !!

ਹਿੰਦੁਸਤਾਨ ਵਿਚ ਰੋਜ਼ ਅਫਵਾਹ ਉਡੇ, ਕਿਧਰੇ ਗੋਲੀ ਚਲਾਈ ਤਾਂ ਖਾਲਸੇ ਨੇ।
ਕੋਈ ਬੰਬ ਚਲਾਇਆ ਉਹ ਖਾਲਸੇ ਨੇ, ਕੋਈ ਬੱਸ ਜਲਾਈ ਤਾਂ ਖਾਲਸੇ ਨੇ।
ਜੇਕਰ ਪੁਰਾ ਵਗਾਇਆ ਉਹ ਖਾਲਸੇ ਨੇ, ਜੇਕਰ ਪੱਛੋਂ ਵਗਾਈ ਤਾਂ ਖਾਲਸੇ ਨੇ।
ਕੋਈ ਨਹੀਂ ਸਬੂਤ-ਪਰੂਫ ਇਹਦਾ ਜਿਹਤੀ ਕੱਟੀ ਚੁੰਘਾਈ ਤਾਂ ਖਾਲਸੇ ਨੇ।
ਮਾੜਾ ਖਾਲਸੇ ਕੋਈ ਨਾ ਕਰਮ ਕੀਤਾ, ਚੰਗੀ ਭਲੀ ਇਹ ਮੀਸਣੀ ਜਾਣਦੀ ਏ !
ਵੇਖੋ ਦਿੱਲੀ ਨੂੰ ਵਹਿਮ ਦਾ ਢਿੱਡ ਹੋਇਆ, ਵਿਚੋਂ ਨੀਤ ਪੰਜੀਰੀਆਂ ਖਾਣਦੀ ਏ !!

ਵੇਖੋ ਟੋਹੜੇ ਦਾ ਹੋਇਆ ਸਤਿਕਾਰ ਕਿੰਨਾ, ਰੋਕੀ ਮੁੰਡਿਆਂ ਨੇ ਓਸਦੀ ਕਾਰ ਵਾਰੀ !
ਲੈ ਕੇ ਜੱਫੀ ਵਿਚ ਘੁੱਟਿਓ ਸੱਤ ਵੇਰੀਂ, ਕੀਤਾ ਰੱਜ ਕੇ ਕਿੰਨਾ ਪਿਆਰ ਵਾਰੀ।
ਹਾਸੇ ਹਾਸੇ ਵਿਚ ਗਲੇ ਘਰੁਟ ਵੱਜੇ, ਲੱਖੀ ਸੀਸ ਤੋਂ ਸੋਹਣੀ ਦਸਤਾਰ ਵਾਰੀ।
ਪੱਗ ਬੁੰਨਦਿਆਂ ਹੱਸ ਉਚਾਰਿਓ ਨੇ, ਧੰਨ ਤੁਸੀਂ ਤੇ ਧੰਨ ਸਤਿਕਾਰ ਵਾਰੀ।
ਜੰਮ ਜੰਮ ਕਰੋ ਏਦਾਂ ਭਾਵੇਂ ਲੱਖ ਵੇਰੀ, ਗੱਲ ਇਕ ਪਰ ਕਦੇ ਚਿਤਾਰਿਓ ਨਾ !
ਸੱਟਾਂ ਸਾਰੀਆਂ ਸਹਿਲਾਂਗਾ ਹੱਸ ਕੇ ਮੈਂ,ਕੁਰਸੀ ਖੋਹਣ ਦੀ ਸੱਟ ਇਕ ਮਾਰਿਓ ਨਾ !!

'ਜਾਗੋ'
(ਜੁਲਾਈ, 1985)

ਧਰਮ-ਯੁੱਧ ਤੇ ਕੁਰਸੀ-ਯੁੱਧ ਦੇ ਉਰਵਾਰ-ਪਾਰ

ਪੰਜਾਬ ਦਾ ਵਾਤਾਵਰਣ ਅੱਜ ਵੀ ਪੂਰੀ ਤਰ੍ਹਾਂ ਸੰਗੀਨਿਆਂ, ਸੰਘੱਟਿਆਂ ਤੇ ਸਾਜ਼ਿਸੀ ਹੈ ਪਰ ਇਸਦਾ ਸਿਆਸੀ- ਅਸਮਾਨ ਕੁਝ ਨਿੱਖਰਿਆ ਹੈ। 'ਧਰਮ ਯੁੱਧ' ਮੋਰਚੇ ਦੇ ਤਿੰਨ ਸਾਲਾਂ ਵਿਚ ਕੌਮ ਜਿਹਨਾਂ ਰਾਹਾਂ ਚੋਂ ਗੁਜ਼ਰ ਕੇ ਅੱਜ ਇਸ ਪੜਾਅ ਤੇ ਪਹੁੰਚੀ ਹੈ ਇਥੇ ਖੁੜ ਕੇ ਪਿੱਛਲ-ਝਾਤ ਮਾਰਦਿਆਂ ਤੇ ਹਾਲਾਤ ਨੂੰ ਕੱਪੜਛਾਣ ਕਰਦਿਆਂ ਇਹ ਤੱਥ ਸਾਫ ਨਜ਼ਰ ਆ ਰਿਹਾ ਹੈ ਕਿ ਕੌਮ ਮੁੱਦਤ ਮਗਰੋਂ ਮਸਾਂ ਮਿਲਿਆ ਨੇਤਰਤੱਵ ਗਵਾ ਕੇ, ਆਪਣਾ ਅਮੁੱਲਾ ਧਾਰਮਿਕ-ਸਭਿਆਚਾਰਕ ਵਿਰਸਾ ਲੁਟਾ ਕੇ ਅਤੇ ਅੰਤਾਂ ਦਾ ਜਾਨੀ-ਮਾਲੀ ਨੁਕਸਾਨ ਕਰਵਾ ਕੇ ਵੀ ਅੱਜ ਘੱਟਾ ਛਾਣ ਰਹੀ ਹੈ ਤੇ ਇਤਨੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ ਵੀ ਹਾਲਾਤ ਸਾਜ਼ਗਾਰ ਜਾਂ ਅਨੁਕੂਲ ਹੋਣ ਦੀ ਥਾਂ ਸਗੋਂ ਵਧੇਰੇ ਵਿਰੋਧੀ ਤੇ ਪ੍ਰਤੀਕੂਲ ਹੋ ਰਹੇ ਹਨ। ਹਰ ਸਾਧਾਰਨ ਸਿੱਖ ਅੱਜ ਕੌਮ ਦੀ ਲਾਚਾਰੀ ਤੋਂ ਚਿੰਤੁਤ, ਲੁੱਛ ਰਿਹਾ ਹੈ।

ਪੰਥ ਨੂੰ ਬੈਅ ਕਰਨ ਦੇ ਮਨਸੂਬੇ !

ਭਾਵੇਂ ਇਹ ਸਤਰਾਂ ਲਿਖਣ ਵੇਲੇ ਤੱਕ ਦਿੱਲੀ ਅਤੇ ਸਿੱਖਾਂ ਵਿਚਕਾਰ ਗੱਲਬਾਤ ਦੇ ਦਰਵਾਜ਼ੇ ਬੰਦ ਹਨ ਪਰ ਜਿਸ ਕਦਰ ਲੋਂਗੋਵਾਲੀਆ ਸੰਤ ਰਾਜੀਵ ਦੀ ਪੈਤ ਵਿਚ ਪੈਰ ਧਰ ਰਿਹਾ ਹੈ ਉਸ ਤੋਂ ਪਰਤੱਖ ਦਿਸਦਾ ਹੈ ਕਿ ਲੋਂਗੋਵਾਲੀਆ ਤੇ ਉਸਦਾ ਕੁਰਸੀ-ਇੱਛੁਕ ਲੁੰਗ-ਲਾਣਾ ਕਦੇ ਵੀ ਰਾਜੀਵ ਦੀ ਇਕ ਸੈਨਤ ਤੇ ਦਿੱਲੀ ਦੀ ਦਿਹਲੀ ਟੱਪ ਕੇ ਸਮਝੌਤੇ ਲਈ ਉਸਦੀ ਝੋਲੀ 'ਚ ਡਿੱਗ ਸਕਦਾ ਹੈ। ਲੋਂਗੋਵਾਲੀਆ ਸੰਤ ਦਿੱਲੀ ਦੀ ਜੇਬ 'ਚ ਪਾਇਆ 'ਖੰਡ ਦਾ ਖੇਡਣਾ' ਹੈ ਜਿਸ ਨਾਲ ਉਹ ਜਿਵੇਂ ਮਰਜ਼ੀ ਖੇਡ ਸਕਦੀ ਹੈ ਤੇ ਜਦੋਂ ਮਰਜ਼ੀ ਉਸ ਨੂੰ ਖਾ ਸਕਦੀ ਹੈ ਇਸੇ ਲਈ ਹੀ ਉਹ ਸੰਤ ਨੂੰ ਸਿੱਖਾਂ ਦਾ ਸਰਵ-ਉਚੋਂ ਲੀਡਰ ਬਣਾਉਣ ਦੇ ਆਹਰ ਵਿਚ ਹੈ। ਇਸ ਬੇਗੈਰਤ ਕੌਮ-ਵੇਚੂ ਟੋਲੇ ਦੇ ਨਿੱਤ ਬਦਲਦੇ ਬਿਆਨ ਇਸ ਗੱਲ ਦਾ ਸਪੱਸ਼ਟ ਸਬੂਤ ਹਨ ਕਿ ਇਹ ਅੰਦਰਖਾਤੇ ਸਰਕਾਰ ਨਾਲ ਰਲਿਆ ਹੋਇਆ ਅਤੇ ਛੋਤੀ ਚੋਣਾਂ ਲੜਨ ਲਈ ਲੰਗਰ-ਲੰਗੋਟੇ ਕੱਸ ਰਿਹਾ ਹੈ। ਨਿਰੰਕਾਰੀ ਮਸਲੇ 'ਚ ਦਾਗੀ ਹੋਣ ਕਰਕੇ ਖਾਲਸਾ-ਪੰਥ ਦੇ ਰੋਦੀ ਦੀ ਟੋਕਰੀ 'ਚ ਸੁੱਟੇ ਸੁਆਰਥੀ-ਸਿਆਸਤਦਾਨ ਸੁਰਜੀਤ ਸਿੰਘ ਬਰਨਾਲਾ ਤੇ ਕਾਂਗਰਸੀ ਤਾਸੀਰ ਵਾਲੇ ਸਾਬਕ ਖਜ਼ਾਨਾ-ਜੋਤੂ ਮੰਤਰੀ ਬਲਵੰਤ ਸਿੰਘ ਦਾ ਹੁਣ ਕੁਰਸੀ-ਦਲ ਵਿਚ ਮੂਹਰੇ ਮੂਹਰੇ ਫਿਰਨਾ ਲੋਂਗੋਵਾਲੀਏ ਲਾਣੇ ਦੇ ਰਾਜੀਵ ਨਾਲ ਸਮਝੌਤੇ ਲਈ ਤਰਲੋਮੱਛੀ ਹੋਣ ਵੱਲ ਹੀ ਸੰਕੇਤ ਕਰਦਾ ਹੈ। ਹੁਣ ਤੱਕ ਇਹ ਟੋਲਾ ਆਨੰਦਪੁਰ ਦੇ ਮਤੇ ਨੂੰ ਮੰਨਵਾਏ ਬਿਨਾਂ ਚੈਨ ਨਾ ਲੈਣ ਦਾ ਘੱਟਾ ਕੁਰਬਾਨੀ ਦੇ ਮੂੰਹ ਵਿਚ ਝੋਕੀ ਕੌਮ ਦੀਆਂ ਅੱਖਾਂ ਵਿਚ ਪਾਉਂਦਾ ਰਿਹਾ ਹੈ ਪਰ ਜਾਪਦਾ ਹੈ ਕਿ ਇਹਨਾਂ ਦੀ ਸੋਚ ਹੈ ਕਿ ਜਿਸ ਵੇਲੇ ਸ਼ੇਰ-ਮਰਦ ਸੰਤ ਜਰਨੈਲ ਸਿੰਘ ਨੂੰ ਇਹਨਾਂ ਫੌਜ ਸੱਦ ਕੇ ਹੱਥੀਂ ਸ਼ਹੀਦ ਕਰਵਾ ਦਿੱਤਾ ਤਾਂ ਆਨੰਦਪੁਰ ਮਤੇ ਦੀ ਇਹਨਾਂ ਵਲੋਂ ਉਹਨਾਂ ਨੂੰ ਦਿੱਤੀ ਤੇ ਉਹਨਾਂ ਦੇ ਖੀਸੇ ਵਿਚ ਪਾਈ ਕਾਪੀ ਉਹਨਾਂ ਦੇ ਮ੍ਰਿਤਕ-ਸਰੀਰ ਨਾਲ ਹੀ ਸੜ ਗਈ ਸੀ ਤੇ ਹੁਣ ਇਹ ਇਸ ਮਸਲੇ ਤੇ ਰਾਜੀਵ ਸਰਕਾਰ ਨਾਲ ਕੋਈ ਲੈ-ਦੇ ਕਰ ਵੀ ਲੈਣ ਤਾਂ ਕੋਈ ਇਹਨਾਂ ਨੂੰ ਪੁੱਛੇਗਾ ਨਹੀਂ ਅਤੇ ਸਿੱਖ ਸੰਗਤਾਂ ਨੂੰ ਇਹ ਇਸ ਵੇਰ ਵੀ ਸਦਾ ਦੀ ਤਰ੍ਹਾਂ ਬੁਧੂ ਬਣਾ ਲੈਣਗੇ ਪਰ ਇਸ ਵੇਰ ਸਥਿਤੀ ਵੱਖਰੀ ਹੈ ! ਨਾਲੇ ਸਾਡਾ ਵਿਸ਼ਵਾਸ ਹੈ ਕਿ ਇਸ ਗਿੱਦੜ-ਦਲ ਦੇ ਪਾਣੀਆਂ ਤੋਂ ਹਿੰਦ ਸਰਕਾਰ ਭਲੀ-ਭਾਂਤ ਵਾਕਫ ਹੈ। ਉਹ ਇਹ ਮਤਾ ਵੱਧ ਤੋਂ ਵੱਧ ਇਹਨਾਂ ਲਈ ਕਿਸੇ ਕਮਿਸ਼ਨ-ਕਮੇਟੀ ਹਵਾਲੇ ਹੀ ਕਰੇਗੀ ਜਿਹੜਾ ਕਿ ਉਸਨੇ ਪਹਿਲੋਂ ਹੀ ਮੰਨਿਆ ਹੈ। ਪਰ ਆਨੰਦਪੁਰ ਮਤੇ ਦੀ ਪ੍ਰਾਪਤੀ ਲਈ ਅਕਾਲ ਤਖਤ ਤੇ ਅਰਦਾਸ ਕਰਕੇ ਸੰਤ ਜਰਨੈਲ ਸਿੰਘ ਤਾਂ ਜਾਨ ਤੇ ਖੇਡ ਗਏ ਪਰ ਹੁਣ ਲੋਕ ਵੇਖਣਗੇ ਕਿ ਦਰਬਾਰ ਸਾਹਿਬ ਤੇ ਹਮਲਾ ਹੋਣ ਵੇਲੇ ਦੂੰਬ-ਦਬਾ ਕੇ ਭੱਜਣ ਵਾਲੇ ਇਹ ਖੁਦਗਰਜ਼ ਆਪਣੀ ਕੀਤੀ ਅਰਦਾਸ ਤੇ ਖੁੜਦੇ ਹਨ ਜਾਂ ਸਦਾ ਵਾਂਗ ਫਿਰ

ਭੱਜਦੇ ਹਨ। ਸਾਡਾ ਦਾਅਵਾ ਹੈ ਕਿ ਜਿਹਨਾਂ ਸ਼ਰਤਾਂ ਨੂੰ ਪਹਿਲੋਂ ਮੰਨਵਾ ਕੇ ਇਹ ਗੱਲ ਕਰਨ ਲਈ ਹੇਲੀਆਂ ਦਿਤੀ ਫਿਰਦੇ ਹਨ ਸਰਕਾਰ ਪਹਿਲੋਂ ਕਦੇ ਨਹੀਂ ਮੰਨੇਗੀ। ਨਾ ਸਾਰੇ ਸਿੱਖ ਕੈਦੀ ਪਹਿਲੋਂ ਛੱਡੇ ਜਾਣਗੇ ਨਾ ਸਾਰੇ ਫੌਜੀ ਬਹਾਲ ਹੋਣਗੇ ਆਦਿ। ਸਰਕਾਰ ਇਹਨਾਂ ਨੂੰ ਲੰਮੇ ਪਾ ਕੇ, ਦਾਸ ਬਣਾ ਕੇ ਪਿਛੋਂ ਤਾਂ ਹੌਲੀ ਹੌਲੀ ਇਹ ਸ਼ਰਤਾਂ ਲੌਂਗੋਵਾਲੀਏ ਨੂੰ ਆਪਣਾ ਕਠਪੁਤਲੀ-ਲੀਡਰ ਬਣਾਣ ਲਈ ਮੰਨ ਸਕਦੀ ਹੈ ਪਹਿਲੋਂ ਨਹੀਂ ! ਹਾਂ, ਚੰਡੀਗੜ੍ਹ ਤੇ ਸ਼ਾਇਦ ਕੁਝ ਪੰਜਾਬੀ ਬੋਲਦੇ ਇਲਾਕੇ ਇਹਨਾਂ ਦੀਆਂ ਅੱਖਾਂ ਪੂੰਝਣ ਤੇ ਸਿਖਾਂ ਤੋਂ ਇਹਨਾਂ ਦੇ ਲੀਤੇ ਬਚਾਣ ਲਈ ਭਾਵੇਂ ਇਹਨਾਂ ਦੇ ਮੱਥੇ ਮਾਰ ਦਿਤੇ ਜਾਣ। ਇਹ ਵੀ ਹੋ ਸਕਦਾ ਹੈ ਕਿ ਇਹਨਾਂ ਦੀ ਕੁਰਸੀਆਂ ਮੱਲਣ ਦੀ ਕਾਹਲੀ ਦਾ ਫਾਇਦਾ ਉਠਾ ਕੇ ਸਰਕਾਰ ਆਪਣੇ 1982 ਵਾਲੇ ਗੱਡੇ ਨਾਲ ਕੱਟਾ ਬੁੰਨਣ ਵਾਲੇ ਐਵਾਰਡ ਤੋਂ ਚੁਆਨੀ ਵੱਧ ਇਹਨਾਂ ਨੂੰ ਨਾ ਦੇਵੇ ਜਿਸ ਅਨੁਸਾਰ ਪੰਜਾਬ ਦਾ ਚੰਡੀਗੜ੍ਹ, ਪੰਜਾਬ ਨੂੰ ਦੇ ਕੇ ਸਗੋਂ ਫਾਜ਼ਿਲਕਾ ਤੇ ਅਬੋਹਰ ਖੋਹ ਕੇ ਹਰਿਆਣੇ ਦੀ ਝੋਲੀ ਪਾ ਦੇਵੇ। ਜੇ ਐਨੀਆਂ ਅੱਡੀਆਂ ਰਗੜ ਕੇ ਲੌਂਗੋਵਾਲੀਏ ਸਾਧ ਨੇ ਸ਼ਹੀਦਾਂ ਦਾ ਇਤਨਾ ਖੂੰਨ ਡੁਲ੍ਹਵਾ ਕੇ ਇਹ ਭੋਰਾ ਖੈਰ ਆਪਣੀ ਬਗਲੀ ਵਿਚ ਪੁਆ ਵੀ ਲਈ ਤਾਂ ਰਾਜੀਵ ਸਰਕਾਰ ਹਰਿਆਣੇ ਦੇ ਹਿੰਦੂਆਂ ਤੋਂ ਐਜੀਟੇਸ਼ਨਾਂ ਕਰਵਾਏਗੀ ਕਿ ਸਾਧ ਨੂੰ ਦਿੱਲੀ ਨੇ ਘਰ ਲੁਟਾ ਦਿੱਤਾ ਹੈ। ਪਰ ਇਹ ਸਭ ਕੁਝ ਭੋਲੇ-ਭਾਲੇ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕਰਵਾਇਆ ਜਾਵੇਗਾ ਕਿ ਸਿੱਖਾਂ ਦੀਆਂ ਬਹੁਤ ਮੰਗਾਂ ਮੰਨ ਲਈਆਂ ਗਈਆਂ ਹਨ ਤੇ ਕੁਰਸੀ ਦਲ ਦੇ ਆਗਾਮੀ ਚੋਣਾਂ ਵਿਚ ਟਿਕਟਾਂ ਲੈਣ ਦੇ ਤਲਬਗਾਰ ਇਸ ਹਾਰੇ-ਜੁਆਰੀਏ ਦੇ ਜਿੱਤ ਦੇ ਜਲੂਸ ਕੱਢਣਗੇ ਤੇ ਭਾਰਤੀ ਸੰਵਿਧਾਨ ਦੀਆਂ ਹੱਦਾਂ ਤੋਂ ਬੋੜਾ ਪਰ੍ਹੇ ਜਾਣ ਦਾ ਹੁਣੇ ਸੱਜਰਾ ਬਿਆਨ ਦੇਣ ਤੇ 'ਸਿੱਖ ਵੱਖਰੀ ਕੌਮ' ਦਾ ਨਾਅਰਾ ਲਾ ਕੇ ਨੌਜਵਾਨਾਂ ਨੂੰ ਵੱਸ 'ਚ ਕਰਨ ਦੀਆਂ ਚਾਲਾਂ ਖੇਡਣ ਵਾਲਾ ਸ਼ੈਤਾਨ ਟੌਹੜਾ ਜੇ ਅਜਿਹਾ ਸਮਝੌਤਾ ਕਿਧਰੇ ਜੋ ਗਿਆ ਤਾਂਇਹ ਭਾਰਤੀ ਸੰਵਿਧਾਨ ਦੀਆਂ ਹੱਦ 'ਚ ਰਹਿਣ ਦੀ ਗੱਲ ਪਾਰਟੀ ਦਾ 'ਵਫਾਦਾਰ ਸਿਪਾਹੀ' ਬਣਕੇ ਹੱਸ ਕੇ ਕਬੂਲ ਕੇ, ਕੁਰਸੀ ਦੌੜ 'ਚ ਸਭ ਤੋਂ ਮੂਹਰੇ ਹੋਏਗਾ ਤੇ ਦੂਜੇ ਪਾਸੇ ਨੌਜਵਾਨਾਂ ਦੀ ਅੱਖੀਂ ਘੱਟਾ ਪਾਉਣ ਲਈ ਆਪਣੇ ਬੰਦਿਆਂ ਰਾਹੀਂ ਅਜਿਹੇ ਸਮਝੌਤੇ ਦੇ ਜਾਤੀ ਤੌਰ ਤੇ ਵਿਰੁਧ ਹੋਣ ਦਾ ਅੰਦਰਖਾਤੇ ਪ੍ਰਚਾਰ ਵੀ ਕਰਵਾਏਗਾ। ਸਾਡਾ ਇਹ ਸਾਰਾ ਵੇਰਵਾ ਦੇਣ ਦਾ ਭਾਵ ਇਹ ਹੈ ਕਿ ਹਾਲਾਤ ਦਸ ਰਹੇ ਹਨ ਕਿ ਇਹ ਬਦਨੀਤੇ-ਬਿੱਲੇ ਪੰਥ ਦੀਆਂ ਕੁਰਬਾਨੀਆਂ ਦੇ ਦੁੱਧ ਦੀ ਕਾਹੜਨੀ ਲੱਕ ਜਾਣ ਲਈ ਝੋਰ ਲਾਈ ਬੈਠੇ ਹਨ। ਜੇ ਇਹ ਦਿੱਲੀ-ਸਰਕਾਰ ਨਾਲ ਅਜਿਹਾ ਸਮਝੌਤਾ ਕਰ ਜਾਂਦੇ ਹਨ ਤਾਂ ਇਹ ਇਸ ਵੇਰ ਕੌਮ ਨੂੰ ਦਿੱਲੀ ਪਾਸ ਗਹਿਣੇ ਨਹੀਂ ਸਗੋਂ ਬੈਅ ਹੀ ਕਰ ਦੇਣਗੇ ! ਪੰਜਾਬ ਤੇ ਭਾਰਤ ਵਿਚਲੇ ਸਿੱਖ ਚੱਕੀ ਦੇ ਪੁੜਾਂ 'ਚ ਪਿਸ ਰਹੇ ਹਨ। ਜੇ ਇਹ ਦਗੇਬਾਜ਼-ਢਾਣੀ ਅਜਿਹੀ ਕੋਈ ਸਾਜਿਸ਼ ਕਰ ਕੇ ਕੌਮ ਨੂੰ ਵੇਚਣ ਦਾ ਕੋਝਾ ਯਤਨ ਕਰਦੀ ਹੈ ਤਾਂ ਇਹ ਜ਼ਿਮੇਂਵਾਰੀ ਬਾਹਰਲੇ ਸਿੱਖਾਂ ਅਤੇ ਵਿਸ਼ੇਸ਼ਕਰ ਵਿਸ਼ਵ ਸਿੱਖ-ਸੰਸਥਾ ਅਤੇ ਹੋਰ ਸਿੱਖ-ਭਰਾਤਰੀ ਜਥੇਬੰਦੀਆਂ ਤੇ ਆਉਂਦੀ ਹੈ ਕਿ ਉਹ ਜਿਥੇ ਕਿਸੇ ਵੀ ਅਜਿਹੀ ਸਾਜ਼ਿਸ਼ ਨੂੰ ਨਾਕਾਮ ਕਰਨ ਉਥੇ ਇਹਨਾਂ ਖ਼ੁਦਗਰਜ਼ ਸ਼ੈਤਾਨ-ਸਿਆਸਤਦਾਨਾਂ ਦੇ ਮੁਕਾਬਲੇ ਬਾਬਾ ਜੁਗਿੰਦਰ ਸਿੰਘ ਦੇ ਅਕਾਲੀ ਦਲ ਨੂੰ ਪੂਰਾ ਪੂਰਾ ਸਹਿਯੋਗ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਹੌਸਲਾ ਦੇ ਕੇ ਤਕੜਾ ਕਰਨ ਤਾਂ ਕਿ ਕੌਮ ਦੀਆਂ ਹੋਈਆਂ ਬਿਅੰਤ ਸ਼ਹਾਦਤਾਂ ਇਹ ਪਖੰਡੀ ਤੇ ਖ਼ੁਦਗਰਜ਼ ਲੋਕ ਫਿਰ ਖੂਹ-ਖਾਤੇ ਪਾ ਕੇ ਕੌਮ ਨੂੰ ਅਜਿਹੀ ਔਝੜ ਵਿਚ ਨਾ ਪਾ ਦੇਣ ਜਿਸ ਚੋਂ ਕੌਮ ਲੰਬੇ ਅਰਸੇ ਲਈ ਨਾ ਨਿਕਲ ਸਕੇ।

ਦਿੱਲੀ ਦੀ ਦੌਤੀ !

ਸਿੱਖ-ਸੋਇਆਂ ਨੂੰ ਵੱਢਣ ਲਈ ਦਿੱਲੀ ਦੀ ਦਾਤੀ ਦੇ ਦੰਦੇ ਉਵੇਂ ਦੇ ਉਵੇਂ ਤਿੱਖੇ ਹਨ। ਸਿਖਾਂ ਨੂੰ ਧਾਰਮਿਕ, ਸਮਾਜਿਕ ਤੇ ਸਰੀਰੋਂ ਵੱਢਣ ਲਈ ਦਿੱਲੀ ਦੀ ਦਰਿੰਦਗੀ ਬਦਸਤੂਰ ਜਾਰੀ ਹੈ। ਜਿਥੇ ਸਰਕਾਰ ਵਲੋਂ ਕੁਝ ਸਿੱਖਾਂ ਦੀਆਂ ਰਿਹਾਈਆਂ ਦੇ ਫੈਹੇ ਕੌਮ ਦੇ ਜ਼ਖਮਾਂ ਤੇ ਲਾ ਕੇ ਇਸਨੂੰ ਸਹਿਲਾਣ ਦਾ ਨਾਟਕ ਕੀਤਾ ਜਾ ਰਿਹਾ ਹੈ, ਉਥੇ ਰਿਹਾ ਕੀਤਿਆਂ ਉਤੇ ਨਾ ਸਿਰਫ ਨਿਗਰਾਨੀ ਦੇ ਸਹਿਮ ਦੀ ਤਲਵਾਰ ਲਟਕਾ ਕੇ ਉਹਨਾਂ ਨੂੰ ਜ਼ਿਹਨੀ ਤੌਰ ਤੇ ਤੁਰੇ-ਫਿਰਦੇ ਬੰਦੀ ਬਣਾਇਆ ਜਾ ਰਿਹਾ ਹੈ ਸਗੋਂ ਨਾਲ ਦੀ ਨਾਲ ਹੋਰ ਨੌਜਵਾਨਾਂ ਦੀ ਫੜੋ-ਫੜੀ ਦੀ ਰਫਤਾਰ ਕੋਈ ਮੱਧਮ ਨਹੀਂ। ਇਸ ਦੇ ਨਾਲ ਹੀ ਭਾਰਤੀ

ਗ੍ਰਹਿ-ਮੰਤਰਾਲੇ ਦੇ ਫੈਸਲੇ ਅਨੁਸਾਰ ਬਲਿਊ-ਸਟਾਰ ਓਪਰੇਸ਼ਨ ਸਮੇਂ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚੋਂ ਜਿਹੜੇ ਸਿੱਖ-ਯਾਤਰੂ 'ਸਰਕਾਰ ਵਿਰੋਧੀ ਕਾਰਵਾਈਆਂ' ਕਰਨ ਵਾਲੇ ਗ੍ਰਿਫਤਾਰ ਕੀਤੇ ਗਏ ਸਨ ਤੇ ਇਹਨਾਂ ਤੋਂ ਬਿਨਾਂ ਦਲ-ਖਾਲਸਾ, ਬੱਬਰ ਖਾਲਸਾ ਤੇ ਖਾਲਿਸਤਾਨ ਕੌਂਸਲ ਆਦਿ ਪਾਬੰਦੀ-ਸ਼ੁਦਾ ਜਥੇਬੰਦੀਆਂ ਨਾਲ ਸਬੰਧਤ ਸਿੱਖਾਂ ਦੀ ਰਿਹਾਈ ਲਈ ਸਰਕਾਰ ਵਲੋਂ ਨੰਗਾ-ਚਿੱਟਾ ਜਵਾਬ ਹੈ।

ਇਕ ਪਾਸੇ ਗੱਲਬਾਤ ਲਈ ਸਮਝੌਤੇ ਦਾ ਹੱਥ ਵਧਾਇਆ ਜਾ ਰਿਹਾ ਹੈ ਤੇ ਦੂਸਰੇ ਪਾਸੇ ਹਿੰਦ-ਚੀਨ ਜੰਗ ਵੇਲੇ ਭੱਜ ਨਿਕਲੇ ਹਿੰਦੂ ਫੌਜੀ ਭਗੌੜਿਆਂ ਦੀਆਂ ਸਜ਼ਾਵਾਂ ਨੂੰ ਮੁਆਫ ਕਰਨ ਦੇ ਉਲਟ, ਧਰਮ ਦੇ ਮਾਮਲੇ ਤੇ ਕੋਹੇ ਗਏ ਧਰਮ-ਪ੍ਰੱਸਤ ਜਜ਼ਬਾਤੀ ਸਿੱਖ-ਫੌਜੀਆਂ ਨੂੰ ਬਗਾਵਤ ਦੇ ਦੋਸ਼ ਤਹਿਤ, ਉਹਨਾਂ ਦਾ ਕੋਰਟ-ਮਾਰਸ਼ਲ ਕਰਕੇ ਉਹਨਾਂ ਦੇ ਹੱਥ ਲੰਬੇ ਸਮੇਂ ਲਈ ਨੂੜੇ ਜਾ ਰਹੇ ਹਨ ਅਤੇ ਕਿਸੇ ਗੱਲਬਾਤ ਹੋਣ ਦੀ ਸੂਰਤ ਵਿਚ ਵੀ ਪ੍ਰਧਾਨ-ਮੰਤਰੀ ਦੀ ਤੜੀ ਹੈ ਕਿ ਇਹਨਾਂ ਦੇ ਕੇਸਾਂ ਦੇ ਫੈਸਲੇ ਫੌਜੀ ਅਦਾਲਤਾਂ ਦੇ ਕਾਨੂੰਨਾਂ ਅਨੁਸਾਰ ਹੀ ਹੋਣਗੇ।

ਭਾਰਤ-ਹਾਥੀ ਦੇ ਦੰਦ ਦਿਖਾਉਣ ਵਾਲੇ ਡੈਮੋਕਰੈਟਿਕ ਹਨ ਤੇ ਖਾਣ ਵਾਲੇ ਡਿਕਟੇਟਰੀ ! ਦੁਨੀਆਂ ਦੀ ਇਸ ਸਭ ਤੋਂ ਵੱਡੀ ਨਾਮ-ਨਿਹਾਦ ਡੈਮੋਕਰੇਸੀ ਵਿਚ ਸਭ ਲੋਕਾਂ ਨੂੰ ਕਾਗਜ਼ੀ-ਪੱਤਰੀ ਧਾਰਮਿਕ ਅਤੇ ਲਿਖਣ-ਬੋਲਣ ਦੀ ਆਜ਼ਾਦੀ ਹੈ ਪਰ ਸਿੱਖ-ਕੌਮ ਦੇ ਕਥਾਵਾਚਕ, ਕੀਰਤਨੀਏ ਤੇ ਵਾਰਾਂ ਗਾਉਣ ਵਾਲੇ ਸਿੰਘਾਂ-ਸਿੰਘਣੀਆਂ ਨੂੰ ਸੀਖਾਂ ਪਿਛੇ ਡੱਕਿਆ ਜਾ ਰਿਹਾ ਹੈ ਕਿਉਂਕਿ ਸਰਕਾਰ ਨੂੰ ਉਹਨਾਂ ਦੇ ਕਥਾ, ਕੀਰਤਨ ਤੇ ਵਾਰਾਂ ਵਿਚੋਂ 'ਬਗਾਵਤ ਦੀ ਬੋਅ' ਆਉਂਦੀ ਹੈ।

ਸਿੱਖਾਂ ਨੂੰ ਧਾਰਮਿਕ, ਸਮਾਜਿਕ ਅਤੇ ਜਾਨੀ ਪੱਖੋਂ ਰੋਂਦਣ ਦੇ ਨਾਲ ਨਾਲ ਪੰਜਾਬ ਦੀ ਆਰਥਿਕਤਾ ਨੂੰ ਬੜੀ ਤੇਜ਼ੀ ਨਾਲ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ। ਇਕ ਅਨੁਮਾਨ ਅਨੁਸਾਰ ਪਿਛਲੇ ਮਾਰਚ ਤੱਕ ਪੰਜਾਬ ਵਿਚ ਤਾਇਨਾਤ ਬੀ. ਐਸ. ਐਫ. ਤੇ ਸੀ. ਆਰ. ਪੀ. ਦੀਆਂ ਭੇਜੀਆਂ ਧਾੜਾਂ ਦਾ ਹੀ 25 ਕਰੋੜ ਰੁਪਿਆ ਕੇਂਦਰ, ਪੰਜਾਬ ਤੋਂ ਵਸੂਲਣ ਲਈ ਬਜ਼ਿਦ ਹੈ।

ਮਾਮਲਾ ਜੰਬੋ ਜੈਟ ਦਾ !

ਵਿਦੇਸ਼ਾਂ ਵਿਚ ਸਿੱਖਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਹਿੰਦ ਸਰਕਾਰ ਨੇ ਜੰਗੀ-ਪੱਧਰ ਤੇ ਚਲਾਈ ਹੋਈ ਹੈ। ਪਿਛੇ 23 ਜੂਨ ਨੂੰ ਏਅਰ ਇੰਡੀਆ ਦੇ ਬੋਇੰਗ 747 ਦਾ ਮਾਂਟਰੀਅਲ ਤੋਂ ਬੰਬਈ ਵੱਲ ਉਡਦਿਆਂ ਉਤਰੀ ਅੰਧ-ਮਹਾਂਸਾਗਰ ਵਿਚ ਡਿੱਗ-ਡੁੱਬਣ ਦਾ ਅਫਸੋਸਨਾਕ ਹਾਦਸਾ ਹੋਇਆ। ਇਸ ਦੇ 329 ਮ੍ਰਿਤਕਾਂ ਵਿਚ, ਜਹਾਜ਼ ਦੇ ਕੋ-ਪਾਇਲਟ ਐਸ. ਐਸ. ਭਿੰਡਰ ਸਮੇਤ ਬਹੁਤ ਸਾਰੇ ਸਿੱਖ ਸਨ। ਸੰਸਾਰ ਭਰ ਦੇ ਸਿੱਖਾਂ ਨੇ ਇਸ ਅਣਹੋਣੀ ਉਤੇ ਹੰਝੂ ਵਹਾਏ ਤੇ ਡੂੰਘੇ ਅਫਸੋਸ ਦਾ ਇਜ਼ਹਾਰ ਕੀਤਾ ਹੈ ਪਰ ਜਿਸ ਕਦਰ ਹਿੰਦ-ਸਰਕਾਰ ਦੇ ਪੁਰਜ਼ਿਆਂ ਨੇ ਇਸਦੇ ਡਿੱਗਦਿਆਂ ਹੀ ਗੈਰਜ਼ਿੰਮੇਵਾਰ ਬਿਆਨ ਦਾਗੇ ਹਨ ਉਸ ਤੋਂ ਇਹ ਪ੍ਰਤੀਤ ਹੁੰਦਾ ਹੈ ਜਿਵੇਂ ਸਿੱਖਾਂ ਨੂੰ ਸੰਸਾਰ ਦੀਆਂ ਅੱਖਾਂ ਵਿਚ 'ਆਤੰਕਵਾਦੀ' ਅਥਵਾ 'ਹੁੱਲੜਬਾਜ਼' ਗਿਰਦਾਨਣ ਲਈ ਹੀ ਇਹ ਕਾਲੇ-ਕ੍ਰਿਸ਼ਮੇ ਕੀਤੇ ਜਾ ਰਹੇ ਹੋਣ। ਜਿਉਂ ਜਿਉਂ ਸਮੇਂ ਦਾ ਅੰਧ-ਮਹਾਂਸਾਗਰ ਸ਼ਾਂਤ ਹੋ ਰਿਹਾ ਹੈ ਜੰਬੋ-ਜੈਟ ਸਬੰਧੀ ਸਹੀ ਤੱਥ ਇਸਦੇ ਪਾਣੀ ਦੀ ਸਤਹ ਦੇ ਉਪਰ ਆ ਰਹੇ ਹਨ ਤੇ ਸਿੱਖਾਂ ਦਾ ਇਸ ਵਿਚ ਕੋਈ ਹੱਥ ਹੋਣ ਦਾ ਨਿੱਕਾ-ਨਿਗੂਣਾ ਸਬੂਤ ਵੀ ਹੁਣ ਤੱਕ ਨਹੀਂ ਮਿਲ ਸਕਿਆ। ਮ੍ਰਿਤਕਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਸਿੱਧ ਕਰਦਾ ਹੈ ਕਿ ਜਹਾਜ਼ ਵਿਚ ਕੋਈ ਬਾਰੂਦੀ ਧਮਾਕਾ ਵੀ ਨਹੀਂ ਹੋਇਆ। ਜਹਾਜ਼ ਦੇ ਬਲੈਕ-ਬਾਕਸਿਸ ਮਿਲਣ ਉਪਰੰਤ ਅਮਰੀਕਨ ਤੇ ਕੈਨੇਡੀਅਨ ਮਾਹਰਾਂ ਨੇ ਰਿਕਾਰਡਰ ਦੀ ਜਾਂਚ ਇਹਨਾਂ ਮੁਲਕਾਂ ਵਿਚ ਕਰਨ ਦੀ ਰਾਇ ਦਿੱਤੀ, ਕਿਉਂਕਿ ਭਾਰਤ ਦੇ ਮੁਕਾਬਲੇ ਇਹਨਾਂ ਦੇਸ਼ਾਂ ਦੀਆਂ ਲਿਬਾਰਟੀਆਂ ਵਿਚ ਜਾਂਚ ਦੀਆਂ ਕਿਤੇ ਵੱਧ ਸਹੂਲਤਾਂ ਅਤੇ ਆਧੁਨਿਕ ਸਾਜ਼ੋ-ਸਾਮਾਨ ਹੈ। ਪਰ ਭਾਰਤੀ ਅਧਿਕਾਰੀ ਜਿਸ ਤਰਾਂ ਇਹਨਾਂ

ਮਾਹਰਾਂ ਦੀ ਰਾਇ ਨੂੰ ਨਜ਼ਰ-ਅੰਦਾਜ਼ ਕਰਕੇ 'ਬਲੈਕ-ਬਾਕਸਿਸ' ਨੂੰ ਚੋਰਾਂ ਵਾਂਗੂ ਲੈ ਕੇ ਬੰਬਈ ਵਲ ਭੱਜੇ ਹਨ, ਇਸਤੋਂ ਜ਼ਰੂਰ ਬੁੱਕਲ ਵਿਚ ਭੇਲੀ ਭੰਨਣ ਦਾ ਸੰਦੇਹ ਹੁੰਦਾ ਹੈ। ਬਰਤਾਨੀਆਂ ਦੇ ਹਾਦਸਾ-ਪੜਤਾਲ ਬੋਰਡ ਦੇ ਉਡਾਣ-ਰਿਕਾਰਡਿੰਗ ਵਿਭਾਗ ਦੇ ਮੁਖੀ ਮਿ: ਰੇਅ ਡੇਵਿਸ ਨੇ ਠਿੱਕ ਠੋਕ ਕੇ ਕਿਹਾ ਹੈ ਕਿ ਇਹ ਬਾਕਸਿਸ ਉਸਦੀ ਰਾਇ ਵਿਚ ਵਾਸ਼ਿੰਗਟਨ ਜਾਂ ਆਟਵਾ ਲਿਜਾਣੇ ਚਾਹੀਦੇ ਸਨ, ਜਿਥੇ ਕਿੰਨੀਆਂ ਚੰਗੀਆਂ ਪ੍ਰਯੋਗਸ਼ਾਲਾਵਾਂ ਹਨ। ਇਸ ਤੋਂ ਵੀ ਅੱਗੇ ਜਿਵੇਂ ਇਹਨਾਂ ਮਾਹਰਾਂ ਨੂੰ ਬੰਬਈ ਬੁਲਾ ਕੇ ਇਹਨਾਂ ਦਾ ਹਵਾ-ਮਾਫਕ ਸਹਿਯੋਗ ਹੀ ਲਿਆ ਗਿਆ ਇਸ ਬਾਰੇ ਮਾਹਿਰਾਂ ਦੀਆਂ ਸ਼ਿਕਾਇਤਾਂ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਵਿਚ ਛਪੀਆਂ ਹਨ। ਜੇ ਇਹਨਾਂ ਮਾਹਿਰਾਂ ਨੂੰ ਜਾਂਚ ਵਿਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਸੀ ਕਰਨਾ, ਤਾਂ ਕੀ ਇਹਨਾਂ ਨੂੰ ਬੰਬਈ ਵਾਛੜੀਆ ਪੂਜਣ ਲਈ ਮੰਗਵਾਇਆ ਗਿਆ ਸੀ ? ਮੁੱਕਦੀ ਗੱਲ ਜੇ ਇਸ ਹਾਦਸੇ ਦੀ ਜਾਂਚ ਲਈ ਮਾਹਰਾਂ ਦੀ ਕਿਸੇ ਉਨਤ ਦੇਸ਼ ਦੀ ਪ੍ਰਯੋਗਸ਼ਾਲਾ ਵਿਚ ਜਾਂਚ ਕਰਵਾਣ ਦੀ ਰਾਇ ਨਜ਼ਰ-ਅੰਦਾਜ਼ ਕੀਤੀ ਜਾਂਦੀ ਹੈ ਤੇ ਫਿਰ ਬਾਹਰਲੇ ਮਾਹਰਾਂ ਨੂੰ ਬੰਬਈ ਦੀ ਜਾਂਚ ਵਿਚ ਵੀ ਪੂਰੀ ਤਰਾਂ ਸ਼ਾਮਲ ਨਹੀਂ ਕੀਤਾ ਜਾਂਦਾ ਤਾਂ ਸਿੱਖਾਂ ਦੇ ਮਨ ਵਿਚ ਸ਼ੰਕਾ ਉਤਪੰਨ ਹੋਣਾ ਕੁਦਰਤੀ ਹੈ ਕਿ ਇਹ ਤਾਣੇ-ਬਾਣੇ ਸਿੱਖਾਂ ਨੂੰ ਸੰਸਾਰ ਦੀਆਂ ਨਜ਼ਰਾਂ ਵਿਚ ਹੁੱਲੜਬਾਜ਼ ਸਿਧ ਕਰਕੇ ਬਦਨਾਮ ਕਰਨ ਲਈ ਹੀ ਬੁਣੇ ਜਾ ਰਹੇ ਹਨ ਇਸ ਸਬੰਧ ਵਿਚ ਸਰਕਾਰ ਤਾਂ ਸਰਕਾਰ ਭਾਰਤੀ ਜਨਤਾ ਪਾਰਟੀ ਦੇ ਲੀਡਰ ਜੇਠ ਮਿਲਾਨੀ ਵੀ ਪਿਛੇ ਨਹੀਂ ਰਹੇ। ਹਾਲਾਂ ਕਿ ਬਹੁਤ ਸਾਰੇ ਸਿੱਖਾਂ ਅਨੁਸਾਰ ਉਹ 'ਸਿੱਖਾਂ ਦੇ ਹਮਦਰਦ' ਹਨ। ਉਹਨਾਂ ਨੇ ਵੀ ਲੁਧਿਆਣੇ ਇਕ ਤਕਰੀਰ ਵਿਚ ਫੁਰਮਾਇਆ ਹੈ ਕਿ ਜੇ ਕੋਈ ਸਮਝਦਾ ਹੈ ਕਿ ਏਅਰ ਇੰਡੀਆ ਦੇ ਜਹਾਜ਼ ਨੂੰ ਬੰਬਾਂ ਨਾਲ ਉਡਾ ਕੇ ਸੂਬਿਆਂ ਦੇ ਸਬੰਧ ਸੁਧਰ ਜਾਣਗੇ ਜਾਂ ਪੰਜਾਬ ਨੂੰ ਹੋਰ ਪਾਣੀ ਮਿਲ ਜਾਵੇਗਾ, ਇਹ ਗਲਤ ਹੈ!

ਅਸਤੀਫ਼ਾ ਅਥਵਾ ਕੁਰਸੀ ਅਕਾਲੀ ਦਲ ਦੇ ਕਮਰਕਸੇ !

ਇਕ ਪਾਸੇ ਦਿੱਲੀ-ਸਰਕਾਰ ਸਿੱਖਾਂ ਨੂੰ ਮਿੱਟੀ ਵਿਚ ਮਿਲਾਣ ਤੇ ਤੁਲੀ ਹੋਈ ਹੈ ਦੂਸਰੇ ਪਾਸੇ ਬੇਗੈਰਤ ਸਿੱਖ-ਲੀਡਰ ਕੌਮ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ। ਕੌਮ ਨੂੰ ਸੁਚੱਜੀ ਲੀਡਰਸ਼ਿਪ ਦੇਣ ਵਿਚ ਸੌ ਫੀ ਸਦੀ ਫ਼ਿਅਲ ਹੋਣ ਤੇ ਕੌਮ ਦਾ ਬੇਤਾ ਗਰਕ ਕਰਨ ਉਪਰੰਤ ਵੀ ਲੋਂਗੋਵਾਲੀਏ ਸੰਤ ਤੇ ਟੌਹੜੇ ਵਰਗੇ ਚਿੰਚਤ ਕੌਮ ਦੇ ਪਿੰਡੇ ਨੂੰ ਚਿੰਬੜ ਕੇ ਇਸ ਦੇ ਖ਼ੂਨ ਦੀ ਆਖਰੀ ਤਿੱਪ ਚੂਸ ਲੈਣ ਦੇ ਤਲਬਗਾਰ ਹਨ। ਸੰਤ ਭਿੰਡਰਾਂ ਵਰਗੀ ਮਹਾਨ ਸ਼ਖਸੀਅਤ ਨੂੰ ਸ਼ਹੀਦ ਕਰਵਾ ਕੇ ਅਤੇ ਪੰਥਕ-ਏਕਤਾ ਦੇ ਸਾਰੇ ਵਾਅਦੇ ਛਿੱਕੇ ਤੇ ਟੰਗ ਕੇ ਅੱਜ ਵੀ ਕੌਮ ਦੀ ਲੀਡਰੀ ਕਰਨ ਤੇ ਕੁਰਸੀਆਂ ਲਈ ਹਰਫਲੇ ਫਿਰਨਾ ਇਹਨਾਂ ਦੀ ਬੇਗੈਰਤੀ ਤੇ ਕੌਮ-ਧ੍ਰੋਹੀ ਦੀ ਸਿਖਰ ਹੈ। ਅੱਜ ਲੋਂਗੋਵਾਲੀਆ-ਸੰਤ ਪ੍ਰਧਾਨ ਮੰਤਰੀ ਰਾਜੀਵ ਦੀ ਪ੍ਰਸ਼ੰਸਾ ਦਾ ਵੱਛਾ ਪਾਤਰ ਹੈ। ਭਾਰਤੀ ਟੈਲੀਵੀਯਨ ਤੇ ਰੇਡੀਓ ਲੋਂਗੋਵਾਲੀਏ ਦਾ ਗੁਣ-ਗਾਇਨ ਕਰ ਰਹੇ ਹਨ। ਰਾਜੀਵ ਦਾ ਪੈਗਾਮ, 'ਅਤਿਵਾਦੀਆਂ ਦੀ ਨਿਖੇਧੀ' ਤੇ 'ਭਾਰਤੀ ਸੰਵਿਧਾਨਕ ਢਾਂਚੇ 'ਚ ਰਹਿਣਾ' ਹਰ ਸਟੇਜ ਤੋਂ ਪ੍ਰਸਾਰਤ ਕਰਨਾ ਉਸਨੂੰ ਨਹੀਂ ਵਿਸਰਦਾ। ਸਰਕਾਰੀ-ਬੋਲੀ ਬੋਲਣ ਦਾ ਸਿੱਧਾ ਮਤਲਬ ਸੰਤ ਦਾ ਦਿਲੀ ਅੱਗੇ ਲੰਮੇ ਪੈਣਾ ਅਥਵਾ ਉਸਨੂੰ ਡੰਡਾਉਤ ਕਰਨਾ ਹੈ।

'ਧਰਮ-ਯੁਧ' ਮੋਰਚੇ ਦੌਰਾਨ ਕਿਸਾਨਾਂ ਨੂੰ ਸਰਕਾਰੀ-ਕਰਜ਼ੇ ਨਾ ਮੋੜਨ ਅਥਵਾ ਨਾ-ਮਿਲਵਰਤਣ ਦਾ ਹੋਕਾ ਦੇਣ ਵਾਲਾ ਸੰਤ ਅੱਜ ਅਕਾਲੀ ਦਲ ਵਾਸਤੇ ਅਕਾਸ਼ਵਾਣੀ ਤੇ ਟੈਲੀਵੀਯਨ ਤੋਂ ਸਮਾਂ ਮੰਗਣ ਲਈ ਸਰਕਾਰ ਪਾਸ ਬੇਨਤੀਆਂ ਕਰ ਰਿਹਾ ਹੈ। ਇਕ ਪਾਸੇ ਸੰਤ ਸਿੱਖ-ਸੰਗਤਾਂ ਸਾਹਮਣੇ ਬਾਰ ਬਾਰ ਡੌਰੂ ਵਾਂਗ ਨਾਂਹ ਵਿਚ ਸਿਰ ਹਿਲਾ ਕੇ ਫੁਰਮਾਨ ਕਰਦਾ ਹੈ ਕਿ ਸਾਡੀਆਂ ਸਾਰੀਆਂ ਸ਼ਰਤਾਂ ਮੰਨੇ ਬਿਨਾਂ ਚੋਣਾਂ ਲੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਦੂਸਰੇ ਪਾਸੇ ਲੁਧਿਆਣੇ ਬਿਆਨ ਦਿੰਦਾ ਹੈ ਕਿ ਜੇ ਪੰਜਾਬ ਵਿਧਾਨ ਸਭਾ ਦੀਆਂ ਸੰਭਾਵਿਤ ਚੋਣਾਂ ਪਿਛੋਂ ਅਕਾਲੀ ਪਾਰਟੀ ਦੀ ਸਰਕਾਰ ਬਣੀ ਤਾਂ ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਲੈ ਕੇ ਹੁਣ ਤਕ ਪੰਜਾਬ 'ਚ ਹੋਈਆਂ ਸਾਰੀਆਂ ਹਿੰਸਕ-ਘਟਨਾਵਾਂ ਦੀ ਜਾਂਚ ਕਰਾਈ ਜਾਵੇਗੀ। ਇਸਦਾ ਸਾਫ਼ ਮਤਲਬ ਹੈ ਕਿ 'ਸੰਭਾਵਿਤ ਚੋਣਾਂ' ਲੜਨ ਲਈ ਲੋਂਗੋਵਾਲੀਆ ਤੇ ਉਸਦੇ ਬੇਲੀ ਸਰਕਾਰ ਨਾਲ ਪੂਰੀ ਤਰਾਂ ਗਿਟ-ਮਿਟ ਅਥਵਾ ਗਾਂਢਾ-ਸਾਂਢਾ ਕਰ ਚੁੱਕੇ

ਹਨ ਤੇ ਉਹ ਸ਼ਹੀਦਾਂ ਦੇ ਅੰਗਿਆਰ ਠਰਦਿਆਂ ਹੀ ਕੁਰਸੀਆਂ ਤੇ ਬਹਿਣ ਲਈ ਉਤਾਵਲੇ ਹਨ। ਟੌਹੜਾ ਜੋ ਕਿਸੇ ਦਾ ਵੀ ਮਿੱਤ ਨਹੀਂ, ਸਦਾ ਅੱਗ ਲਾ ਕੇ ਕੰਧ ਉਤੇ ਚੜ੍ਹਦਾ ਤੇ ਹਮੇਸ਼ਾਂ ਝੁਕਦੇ-ਪਲੜੇ ਤੇ ਆਪਣੀ ਖਚਰੀ ਅੱਖ ਰਖਦਾ ਹੈ ਅਤੇ ਇਹ ਹਵਾ ਦਾ ਰੁਖ ਵੇਖ ਕੇ ਸਾਈਕਲ ਚਲਾਉਂਦਾ ਹੈ, ਜਿਹਲੋਂ ਨਿਕਲਦਿਆਂ ਅਕਾਲ ਤਖਤ ਨੂੰ ਢਾਹ ਕੇ ਬਣਾਉਂਣ, ਸਰਕਾਰ ਤੋਂ ਨੁਕਸਾਨ ਦਾ ਇਵਜ਼ਾਨਾ ਵਸੂਲਣ ਤੇ ਨੌਜਵਾਨਾਂ ਨੂੰ ਫਾਹੁਣ ਲਈ ਲੋਂਗੋਵਾਲੀਏ ਨਾਲੋਂ ਭਾਰਤੀ ਸੰਵਿਧਾਨਕ-ਢਾਂਚੇ ਸਬੰਧੀ ਇਕ ਪਾਸੇ ਕਰੜੇ ਸ਼ਬਦ ਵਰਤ ਰਿਹਾ ਹੈ ਤੇ ਦੂਸਰੇ ਪਾਸੇ ਫੈਡਰੇਸ਼ਨ ਨੂੰ ਦੁਫਾੜ ਕਰਨ ਲਈ ਸ਼ਤਰੰਜ ਖੇਡ ਰਿਹਾ ਹੈ। ਪਰ ਆਲ ਇੰਡੀਆ ਸਿਖ-ਸਟੈਂਡੈਂਟਸ-ਫੈਡਰੇਸ਼ਨ ਦੇ ਨੌਜਵਾਨ, ਜਾਪਦਾ ਹੈ ਹੁਣ ਟੌਹੜੇ ਨੂੰ ਪੂਰੀ ਤਰਾਂ ਸਮਝ ਗਏ ਹਨ। ਇਕ ਖ਼ਬਰ ਅਨੁਸਾਰ ਫੈਡਰੇਸ਼ਨ ਨੇ ਹੁਣੇ ਹੋਈ ਆਪਣੀ ਇਕ ਮੀਟਿੰਗ ਵਿਚ ਟੌਹੜੇ ਨੂੰ ਸਖਤ ਚਿਤਾਵਨੀ ਦਿਤੀ ਹੈ ਕਿ ਉਹ ਹੁਣ ਇਸ 'ਪੰਥ ਸੇਵਾ' ਤੋਂ ਬਾਜ਼ ਆਵੇ। ਨੌਜਵਾਨਾਂ ਨੂੰ ਪੱਟਣ ਦੇ ਨਾਲ ਇਹ ਚੋਣਾਂ ਲਈ ਵੀ ਬਾਹਾਂ ਅੜੂੰਗ ਰਿਹਾ ਹੈ। ਉਸਦਾ ਇਹ ਬਿਆਨ ਦੇਣਾ ਕਿ ਜੇ ਅਕਾਲੀਆਂ ਦੀ ਬਹੁ-ਸੰਮਤੀ ਵੀ ਹੋਈ ਤਾਂ ਵੀ ਮੈਂ ਮੁੱਖ-ਮੰਤਰੀ ਨਹੀਂ ਬਣਾਂਗਾ, ਇਕ ਪਾਸੇ ਚੋਣਾਂ ਲੜਨ ਦੀ ਤਿਆਰੀ ਵੱਲ ਸੰਕੇਤ ਹੈ ਤੇ ਦੂਜੇ ਪਾਸੇ ਉਸਦੇ ਪੰਥਕ-ਏਕਤਾ ਦੇ ਸ਼ੋਸ਼ਿਆਂ ਦੇ ਉਲਟ ਅਕਾਲੀਆਂ ਵਿਚ ਆਪਣੀ ਬਹੁ-ਸੰਮਤੀ ਬਣਾਉਂਣਾ ਮੁੱਖ-ਮੰਤਰੀ ਦੀ ਕੁਰਸੀ ਲਈ ਉਮੀਦਵਾਰ ਵਜੋਂ ਤਿਆਰੀ ਹੈ। ਖ਼ਬਰਾਂ ਅਨੁਸਾਰ ਬਾਦਲ ਦੇ ਵੀ ਹੁਣ ਹੋਰ ਸਾਰੇ ਰੁਝੇਵੇਂ ਖਤਮ ਹੋ ਗਏ ਹਨ। ਸਾਬਕ ਖ਼ਜ਼ਾਨਾ-ਮੋਤ੍ਰੂ ਮੰਤਰੀ ਬਲਵੰਤ ਸਿੰਘ, ਜੋ ਸੰਤ ਭਿੰਡਰਾਂ ਦੇ ਜ਼ਮਾਨੇ ਸੈਹੇ ਦੇ ਸਿਰ ਤੋਂ ਸਿੰਗਾਂ ਵਾਂਗ ਗ਼ਾਇਬ ਸਨ ਤੇ ਜਿਹਨਾਂ ਦੇ ਉਸ ਸਮੇਂ ਦਰਸ਼ਨ ਵੀ ਦੁਰਲੱਭ ਸਨ, ਉਹ ਵੀ ਅੱਜਕਲ ਕੁਰਸੀ ਅਕਾਲੀ ਦਲ ਦੀਆਂ ਮੀਟਿੰਗਾਂ ਦਾ ਸ਼ਿੰਗਾਰ ਬਣ ਰਹੇ ਹਨ। ਬਲਵੰਤ ਸਿੰਘ ਦਾ ਬੜੀ ਦੇਰ ਬਾਅਦ ਪਹਿਲਾ ਬਿਆਨ ਅਖ਼ਬਾਰ ਵਿਚ ਪੜ੍ਹਨ ਦਾ ਅਵਸਰ ਮਿਲਿਆ ਹੈ ਕਿ ਅਸੀਂ ਬਾਰ-ਬਾਰ ਪਾਰਟੀ ਦੀ ਲੀਡਰਸ਼ਿਪ ਨੂੰ ਦੱਸਦੇ ਰਹੇ ਹਾਂ ਕਿ ਉਹ ਗਲਤ ਫੈਸਲੇ ਨਾ ਕਰੇ। ਇਹ ਫੈਸਲੇ ਹਨ ਵਿਧਾਨ ਦੀ ਧਾਰਾ 25 ਨੂੰ ਜਾਲਣਾ ਤੇ ਪੰਜਾਬ ਅਸੈਂਬਲੀ ਚੋਂ ਅਸਤੀਫੇ ਦੇਣੇ। ਭਾਵ ਬਲਵੰਤ ਸਿੰਘ ਨੇ ਸੰਤ ਭਿੰਡਰਾਂ ਦੀ ਸ਼ਹਾਦਤ ਦੀ ਪੂਰੀ ਤਸੱਲੀ ਕਰਨ ਉਪਰੰਤ ਤੇ ਚੋਣਾਂ ਦਾ ਮੌਸਮ ਆਉਂਣ ਵੇਲੇ ਹੁਣ ਆਪਣੇ ਅੰਦਰਲਾ ਸੱਚ ਜ਼ੁਬਾਨ ਤੇ ਲਿਆਂਦਾ ਹੈ। ਖ਼ੈਰ- ਪੰਥ ਦੀ ਗੱਲ ਕਰਦਿਆਂ ਬਲਵੰਤ ਸਿੰਘ ਦਾ ਨਾਂ ਲੈਣਾ ਹੀ ਵਿਅਰਥ ਹੈ ! ਬਾਦਲ ਦਾ ਵੀ ਕਥਨ ਹੈ ਕਿ ਉਪਰੋਕਤ ਦੋਵੇਂ ਫੈਸਲੇ ਗਲਤ ਸਨ, ਮੈਂ ਤਾਂ ਪਾਰਟੀ ਦੇ ਵਫਾਦਾਰ ਮੈਂਬਰ ਦੀ ਹੈਸੀਅਤ ਵਿਚ ਇਹਨਾਂ ਤੇ ਅਮਲ ਕੀਤਾ ਸੀ। ਬਾਦਲ 'ਕੁਰਸੀ ਅਕਾਲੀ-ਦਲ' ਦੀ ਲੀਡਰਸ਼ਿਪ ਵਿਚ ਸਭ ਤੋਂ ਨਫ਼ੀਸ, ਹਲੀਮੀ ਵਾਲਾ ਤੇ ਸਾਊ-ਇਨਸਾਨ ਹੈ ਪਰ ਜਿਥੇ ਪੰਥਕ-ਮੁਫ਼ਾਦ ਅਤੇ ਕੁਰਸੀ ਵਿਚੋਂ ਚੋਣ ਕਰਨ ਦਾ ਮਸਲਾ ਆਉਂਦਾ ਹੈ, ਬਾਦਲ ਦੀ ਚੋਣ ਹਮੇਸ਼ਾਂ 'ਕੁਰਸੀ' ਹੁੰਦੀ ਹੈ। ਕੁਰਸੀ ਪ੍ਰਾਪਤ ਕਰਕੇ ਪੰਥਕ-ਮੁਫ਼ਾਦ ਦੀ ਸਗੋਂ ਵਧੇਰੇ ਸ਼ਕਤੀ ਨਾਲ ਗੱਲ ਕੀਤੀ ਜਾ ਸਕਦੀ ਹੈ। ਪਰ ਕੁਰਸੀ ਦੀ ਕਮਜ਼ੋਰੀ ਬਾਦਲ ਅੰਦਰ ਏਨਾ ਘਰ ਕਰ ਗਈ ਹੈ ਕਿ ਉਹ ਕੁਰਸੀ ਪ੍ਰਾਪਤ ਕਰਕੇ ਪੰਥਕ-ਮੁਫ਼ਾਦ ਨੂੰ ਉਸਤੋਂ ਨਿਛਾਵਰ ਕਰ ਜਾਂਦਾ ਹੈ। ਜਿਥੇ ਧਰਮ ਤੇ ਗੱਦੀ ਦੀ ਗੱਲ ਆਈ ਹੈ ਬਾਦਲ ਨੇ ਗੱਦੀ ਨਹੀਂ ਜਾਣ ਦਿਤੀ ਧਰਮ ਦਾ ਪੱਲਾ ਛੱਡ ਦਿੱਤਾ ਹੈ। ਸਿੰਘ ਨਿਰੰਕਾਰੀ ਮੁੱਠ-ਭੇੜ ਵੇਲੇ ਬਾਦਲ ਦਾ ਗੱਦੀ-ਬਚਾਊ ਰੋਲ ਇਸਦਾ ਇਕ-ਮਾਤਰ ਦ੍ਰਿਸ਼ਟਾਂਤ ਹੈ। ਬਤੌਰ ਮੁਖ-ਮੰਤਰੀ ਬਾਦਲ ਸਿੱਖੀ ਦੀ ਚੜ੍ਹਦੀ ਕਲਾ ਅਥਵਾ ਧਰਮ ਦੀ ਗੱਲ ਕਰਨੋਂ ਹਮੇਸ਼ਾ ਹਿਚਕਚਾਉਂਦਾ-ਤ੍ਰਹਿੰਦਾ ਹੈ। ਗੱਦੀ ਨੂੰ ਬਣਾਈ ਅਥਵਾ ਬਚਾਈ ਰੱਖਣ ਲਈ ਉਹ ਹਿੰਦੂ ਵੋਟਾਂ ਦੀ ਪ੍ਰਸੰਨਤਾ ਲਈ ਪੰਥ ਨੂੰ ਗਹਿਣੇ ਕਰ ਦਿੰਦਾ ਹੈ। ਪੰਜਾਬ ਦੇ ਰਾਜ-ਸਿੰਘਾਸਨ ਤੇ ਬੈਠਾ ਬਾਦਲ ਪੰਜਾਬ ਦੇ ਜੱਟ ਜ਼ਿੰਮੀਦਾਰ ਲਈ ਤਾਂ ਚੰਗਾ ਹੈ। ਖਾਲੇ-ਨਾਲੇ ਵੀ ਪੱਕੇ ਕਰਵਾ ਦੇਵੇਗਾ ਤੇ ਪਿੰਡਾਂ ਦੇ ਜ਼ਿਮੀਦਾਰਾਂ ਲਈ ਆਪਣੇ ਕਾਰਜ ਪਖੋਂ ਮੁੱਖ-ਮੰਤਰੀ ਵਜੋਂ ਵਧੀਆ 'ਪਾਸ ਮਾਰਕਸ' ਲੈ ਜਾਵੇਗਾ ਪਰ ਜੇ ਮੁਖ-ਮੰਤਰੀ ਦੇ ਅਹੁਦੇ ਤੇ ਹੁੰਦਿਆਂ ਸਿੱਖੀ ਲਈ ਕੁਝ ਕਰ-ਗੁਜ਼ਰਨ ਦਾ ਸਮਾਂ ਆਣ ਪਵੇ ਤਾਂ ਉਹ ਇਸ ਇਮਤਿਹਾਨ ਵਿਚ 'ਰਿਆਇਤੀ ਪਾਸ' ਵੀ ਨਹੀਂ ਹੋ ਸਕੇਗਾ ! ਸਿੱਖ-ਪ੍ਰਧਾਨ ਪੰਜਾਬ ਅਥਵਾ ਪੰਜਾਬੀ ਸੂਬੇ ਵਿਚ ਉਹ ਹਿੰਦੂ ਤੋਂ ਪੁੱਛੇ ਬਗੈਰ ਕਦਮ ਨਹੀਂ ਪੁੱਟ ਸਕਦਾ। ਬਾਦਲ ਉਹ ਜੱਟ ਹੈ, ਜੋ ਪੰਥ ਦੇ ਖ਼ੂਨ ਨਾਲ ਪਾਲੀ ਕੁਰਬਾਨੀ ਦੀ ਕਪਾਹ ਦਾ ਭਰਿਆ-ਭਰਾਇਆ ਗੱਡਾ ਬਾਣੀਏ ਦੇ ਬੂਤੇ ਤੇ ਇਕ ਅੱਖ ਦੇ ਫੋਰ ਵਿਚ ਲਾਹ ਦਿੰਦਾ ਹੈ। ਬਾਦਲ ਇਹ ਭਰਿਆ ਗੱਡਾ ਜੋਤਨ ਦੀ ਫਿਰ ਤਿਆਰੀ 'ਚ

ਹੈ ! ਨਿਰੰਕਾਰੀ ਸਾਕੇ ਵੇਲੇ 'ਧਰਮ-ਯੁੱਧ' ਮੋਰਚੇ ਦੀ ਚੂੜਤ ਤਕ ਗੈਰਹਾਜ਼ਰ ਸੁਰਜੀਤ ਸਿੰਘ ਬਰਨਾਲਾ ਵੀ ਹੁਣ ਬਾਹਰ ਵਧਿਆ ਹੈ। ਚੋਣਾਂ ਦੇ ਸੰਕੇਤ ਦੀ ਬਾਰਸ਼ ਪਿਛੋਂ ਸਵਾਰਥੀ-ਖੰਭਾਂ ਵਾਲੇ ਇਹ ਅਕਾਲੀ-ਕੀੜੇ ਫਿਰ ਨਿਕਲੇ ਹਨ। ਇਹ ਖ਼ੁਦਗਰਜ਼ ਕੁਰਸੀਆਂ ਦੇ ਯਾਰ ਹਨ, ਕੌਮ ਦੇ ਹਰਗਿਜ਼ ਨਹੀਂ ! ਕੁਰਸੀ ਅਕਾਲੀ ਦਲ ਨੇ ਲੋਂਗੋਵਾਲੀਏ ਸੰਤ ਨੂੰ 20 ਅਗਸਤ 1985 ਤੋਂ ਫਿਰ ਮੋਰਚਾ ਸ਼ੁਰੂ ਕਰਨ ਲਈ ਡਿਕਟੇਟਰ ਥਾਪ ਦਿਤਾ ਹੈ। ਮੋਰਚੇ ਦੀ ਰੂਪ-ਰੇਖਾ ਬਣਾਣ ਲਈ ਕੌਮ ਦਾ ਜੋਖਿਆ-ਪਰਖਿਆ ਗੱਦਾਰ ਟੌਹੜਾ, ਬਾਦਲ ਤੇ ਬਲਵੰਤ ਸਿੰਘ ਕਮੇਟੀ ਵਿਚ ਰੱਖੇ ਹਨ। ਇਕ ਮੈਂਬਰ ਬਾਅਦ ਵਿਚ ਸ਼ਾਮਲ ਕੀਤਾ ਜਾਵੇਗਾ। ਪ੍ਰੋਗਰਾਮ ਬਣਾਉਣ ਵਾਲੀ ਕਮੇਟੀ ਤੇ ਮੋਰਚੇ ਦਾ ਡਿਕਟੇਟਰ ਦੋਵੇਂ ਹੀ ਅੱਗੇ ਪੰਥ ਦੇ ਦਾਹੜੀ ਫੂੰਲ ਪੁਆ ਚੁੱਕੇ ਹਨ। ਪੰਥ ਨੂੰ ਇਹਨਾਂ ਦੀ ਦਿਆਨਤਦਾਰੀ ਤੇ ਮਰਦਾਨਗੀ ਦਾ ਚੰਗਾ ਚਾਨਣ ਹੈ। ਸਰਕਾਰ ਨੂੰ ਤਾਂ ਭਲਾ ਹੈ ਹੀ ! ਇਕ ਤੋਂ ਵੀਹ ਅਗਸਤ ਤਕ ਇਹ ਝੂਰਲੀ-ਜੱਥਾ ਆਪਣੀਆਂ ਸਫਾਈਆਂ, ਕਾਨਫਰੰਸਾਂ ਰਾਹੀਂ ਭੋਲੇ-ਭਾਲੇ ਤੇ ਲਹੂ-ਲੁਹਾਣ ਸਿੱਖਾਂ ਅੱਗੇ ਪੇਸ਼ ਕਰਕੇ ਉਹਨਾਂ ਨੂੰ ਫਵੜੇ ਲਾ-ਲਾ ਕੇ ਭਰਮਾਵੇਗਾ ਤੇ ਭਾਰਤੀ ਫਿਲਮਾਂ ਵਾਂਗ 20 ਅਗਸਤ ਨੂੰ ਸਦਾ ਵਾਂਗ ਦਿਤੇ ਜਾਣ ਵਾਲੇ ਆਪਣੇ ਪ੍ਰੋਗਰਾਮ ਦਾ 'ਸਸਪੈਂਸ ਕਰੀਏਟ' ਕਰੇਗਾ ਤੇ 20 ਅਗਸਤ ਨੂੰ ਡਿਕਟੇਟਰ 'ਹੋਕਾ ਦਿੱਤਾ ਵੰਗਾਂ ਦਾ ਤੇ ਕੱਢ ਵਿਖਾਇਆ ਚੱਕੀਰਾਹਾ' ਦੀ ਭੂਮਿਕਾ ਨਿਭਾਵੇਗਾ ਤੇ ਲੋਕਾਂ ਨੂੰ ਠਰਾ-ਵਰਾ ਕੇ ਸਰਕਾਰ ਨਾਲ ਮਿਲੀ-ਭੁਗਤ ਸਦਕਾ ਚੋਣਾਂ ਕਰਵਾ ਕੇ ਵੋਟਾਂ ਮਤੂੰਛ ਕੇ 'ਧਰਮ ਯੁਧ' ਮੋਰਚੇ ਦੀਆਂ ਮੰਗਾਂ ਨੂੰ ਅਧਵਾਟੇ ਛੱਡ ਕੇ ਕੁਰਸੀਆਂ ਸਾਂਭਣ ਲਈ ਅੱਡੀ ਚੋਟੀ ਦਾ ਜ਼ੋਰ ਲਾਏਗਾ। ਇਹ ਸੋਚਣਾ ਹੁਣ ਸਿਖ ਕੌਮ ਦਾ ਫਰਜ਼ ਹੈ ਕਿ ਇਕ ਵਾਰ ਫਿਰ ਇਹਨਾਂ ਦੇ ਇਸ ਜਾਲ ਵਿਚ ਫਸਣਾ ਹੈ ਜਾਂ ਇਸ ਤੋਂ ਸਦਾ ਲਈ ਨਿਕਲ ਜਾਣਾ ਹੈ !

ਬਾਬਾ ਜੀ ਜ਼ਰਾ ਬਚ ਕੇ !

ਬਾਬਾ ਜੋਗਿੰਦਰ ਸਿੰਘ ਅੱਜ ਪੰਥ ਦੀਆਂ ਆਸਾਂ ਦੇ ਕੇਂਦਰ ਹਨ। ਬਾਬਾ ਜੀ ਨੇ ਕੌਮ ਨੂੰ ਆਪਣਾ ਉਹ ਹੀਰਾ ਪ੍ਰਦਾਨ ਕੀਤਾ ਜਿਸਨੇ ਕੌਮ ਦੀਆਂ ਰੂਹਾਂ ਵਿਚ ਰੋਸ਼ਨੀ ਕਰ ਦਿੱਤੀ। ਸੁੱਤੀ ਕੌਮ ਨੂੰ ਜਗਾ ਦਿੱਤਾ। ਗੁਰੂ ਦੇ ਵਰੋਸਾਏ ਇਸ ਪ੍ਰਵਾਰ ਤੇ ਪੰਥ ਨੂੰ ਪੂਰਾ ਭਰੋਸਾ ਤੇ ਮਾਣ ਹੈ। ਇਸ ਪ੍ਰਵਾਰ ਦੇ ਦਾਮਨ ਵਿਚ ਪੰਥ ਲਈ ਪਿਆਰ ਤੇ ਦਿਆਨਤਦਾਰੀ ਹੈ। ਇਸਦੀ ਮੰਜ਼ਿਲ ਕੋਈ ਪ੍ਰਧਾਨਗੀ ਜਾਂ ਕੁਰਸੀ ਨਹੀਂ ! ਸਾਡਾ ਨਿਸਚਾ ਹੈ ਕਿ ਸਰਕਾਰ ਪੰਥ ਦੇ ਇਸ ਬੁੱਢੇ ਜਰਨੈਲ ਦੀ ਝੋਲ ਵਿਚ 'ਪੰਜਾਬ-ਬਾਬਾ' ਖਿਤਾਬ ਵੀ ਕਿਉਂ ਨਾ ਪਾਣ ਦਾ ਯਤਨ ਕਰੇ ਉਹ ਆਪਣੇ ਮਹਾਨ ਪੁੱਤਰ ਦੀ ਮਹਾਨ ਕੁਰਬਾਨੀ ਦਾ ਕੱਦ ਛੋਟਾ ਨਹੀਂ ਹੋਣ ਦੇਵੇਗਾ। ਬਾਬਾ ਜੀ ਦਾ ਸਰੀਰ ਜਿੰਨਾ ਬਿਰਧ ਹੈ ਓਨੀ ਹੀ ਵੱਡੀ ਜ਼ਿੰਮੇਵਾਰੀ ਦੀ ਪੰਡ ਉਹਨਾਂ ਦੇ ਸਿਰ ਤੇ ਆਣ ਪਈ ਹੈ। ਉਹਨਾਂ ਦੇ ਸਿਰ ਤੇ ਦਸਮ ਪਿਤਾ ਦਾ ਮਿਹਰ ਭਰਿਆ ਹੱਥ ਹੈ ਤੇ ਉਹ ਆਪ ਹੀ ਆਪਣੇ ਪੰਥ ਦੇ ਰੋਸ਼ਨ-ਭਵਿੱਖ ਲਈ ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰਨਗੇ। ਅਸੀਂ ਇਕ ਸਨਿਮਰ-ਗੁਜ਼ਾਰਿਸ਼ ਬਾਬਾ ਜੀ ਨੂੰ ਕਰਨ ਦੀ ਖੁਲ੍ਹ ਅੱਜ ਲੈਣਾ ਚਾਹੁੰਦੇ ਹਾਂ। ਉਹ ਇਹ ਕਿ ਅਸੀਂ ਨਹੀਂ ਕਹਿੰਦੇ ਕਿ ਉਹਨਾਂ ਦੇ ਬੇੜੇ ਵਿਚਲੇ ਸੇਖੋਂ ਦਾ ਪਿਛੋਕੜ ਕਾਂਗਰਸੀ ਹੈ, ਤਲਵੰਡੀ ਦਾ ਨਿਸ਼ਾਨਾ ਸਿਰਫ ਲੋਂਗੋਵਾਲੀਏ ਦੀ ਪ੍ਰਧਾਨਗੀ ਦਾ ਫੌਟਾ ਮੁਧਾ ਮਾਰਨ ਤੱਕ ਹੀ ਹੈ ਜਾਂ ਆਤਮਾ ਸਿੰਘ, ਸੇਖਵਾਂ ਤੇ ਮਜੀਠਾ ਬਾਦਲ ਦੇ ਖਾਸ ਬੰਦੇ ਹਨ। ਇਹ ਸਾਰੇ ਸਿਆਸੀ-ਲੀਡਰ ਅੱਜ ਕਾਲੇ ਕਾਂ ਹਨ ਕੁਲ ਬੱਗੇ ਹੋ ਜਾਂਦੇ ਹਨ। ਕੁੱਲ ਦੇ ਕਿੰਨੇ ਅਕਾਲੀ ਅੱਜ ਕਮਿਊਨਿਸਟ ਪਾਰਟੀ ਦੀਆਂ ਸਫਾਂ 'ਚ ਹਨ। ਅੱਜ ਦੇ ਕਿੰਨੇ ਕਾਂਗਰਸੀ ਅਕਾਲੀ ਦਲ ਦੀ ਪੈਦਾਵਾਰ ਹਨ। ਅੱਜ ਦੇ ਕੁਰਸੀ-ਅਕਾਲੀ ਦਲ ਦੀ ਲੀਡਰਸ਼ਿਪ ਦੇ 75 ਫੀ ਸਦੀ ਕਬੂਤਰ ਕਾਂਗਰਸ ਦੀ ਛਤਰੀ ਤੋਂ ਉਡਕੇ ਆਏ ਹਨ। ਸਿਆਸੀ-ਲੀਡਰ ਛਲੇਡੇ ਹੁੰਦੇ ਹਨ ! ਅਮੂਮਨ ਇਹਨਾਂ ਦਾ ਧਰਮ ਕੁਰਸੀ ਹੁੰਦਾ ਹੈ। ਪਰ ਤੁਹਾਡੀ ਉਚੀ-ਸੁੱਚੀ ਸ਼ਖਸੀਅਤ ਧਾਰਮਿਕ ਹੈ। ਚੌਧਰ ਦੀ ਦਲਦਲ ਵਿਚ ਗਲ-ਗਲ ਧਸੇ ਸਿਆਸੀ ਲੀਡਰ ਬਤੇ ਦਾਅ ਪੇਚ ਮਾਰਨਗੇ। ਪਰ ਆਪ ਕੇਸਰੀ ਨਿਸ਼ਾਨ ਨੂੰ ਲੈ ਕੇ ਗੁਰੂ ਆਸਰੇ ਅੱਗੇ ਚਲਦੇ ਜਾਓ। ਤੁਸੀਂ ਉਸ ਮਹਾਨ ਪੁੱਤਰ ਦੇ ਪਿਤਾ ਹੋ ਜਿਸਨੇ ਸਿੱਖ ਕੌਮ ਦੀਆਂ ਕੁਰਬਾਨੀਆਂ ਦੀ ਖੱਟਿਆ ਖਾਣ ਵਾਲੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਸਰਕਾਰ ਤੇ ਕਾਬਜ਼ ਲੀਡਰਾਂ ਦੀ ਵਿਰੋਧਤਾ ਦੇ ਬਾਵਜੂਦ ਦਸਮ ਪਿਤਾ ਦੀ ਵਿਚਾਰਧਾਰਾ ਤੇ ਦਿਆਨਤਦਾਰੀ ਨਾਲ ਪਹਿਰਾ

ਦਿਤਾ ਤੇ ਇਕ ਦਿਨ ਉਹ ਇਹਨਾਂ ਸਵਾਰਥੀ ਲੀਡਰਾਂ ਦੇ ਮੁਕਾਬਲੇ ਸਮੁੱਚੇ ਸਿੱਖ-ਪੰਥ ਦੇ ਦਿਲ ਦੀ ਧੜਕਣ ਬਣ ਗੁਜ਼ਰਿਆ। ਤੁਸੀਂ ਉਸੇ ਦ੍ਰਿੜ੍ਹਤਾ ਦਲੇਰੀ ਤੇ ਦਿਆਨਦਾਰੀ ਨਾਲ ਅੰਮ੍ਰਿਤ-ਸੰਚਾਰ ਕਰਕੇ ਕੌਮ ਨੂੰ ਜਗਾਉਂਦੇ ਤੇ ਸੱਚ ਲਈ ਜੂਝਣ ਦਾ ਪੈਗਾਮ ਦਿੰਦੇ ਤੁਰੇ ਜਾਓ। ਸਾਰੀ ਕੌਮ ਇਕ ਦਿਨ ਤੁਹਾਡੀਆਂ ਸੁਡੌਲ ਬਾਹਵਾਂ ਬਣ ਜਾਏਗੀ ਤੇ ਇਹ ਝੂਠ ਦੇ ਬੱਦਲ ਇਕ ਦਿਨ ਅਵੱਸ਼ ਛਟਣਗੇ। ਆਮੀਨ!

ਵਿਸ਼ਵ ਸਿੱਖ ਸੰਸਥਾ ਨਿੱਤਰੇ !

ਸੰਸਾਰ ਪੱਧਰ ਉਤੇ ਸਿੱਖਾਂ ਦੇ ਰਾਜਸੀ-ਪਲੈਟਫਾਰਮ 'ਵਿਸ਼ਵ ਸਿੱਖ ਸੰਸਥਾ' ਦਾ ਆਰੰਭਲਾ ਅਥਵਾ ਸੰਵਿਧਾਨ ਲਿਖਣ-ਛਾਪਣ ਦਾ ਕਾਗਜ਼ੀ-ਕੰਮ ਸੰਪੂਰਨ ਹੋਣ ਉਪਰੰਤ ਇਸ ਦੀ ਹੁਣੇ ਹੋਈ ਚੋਣ ਵਿਚ ਇਸ ਦੀ ਮੋਹਰਲੀ ਸਫ 'ਚ ਕੁਝ ਸਰਗਰਮ ਸਿੰਘਾਂ ਦੀ ਸ਼ਮੂਲੀਅਤ ਦੀ ਖ਼ਬਰ ਆਸ਼ਾ-ਜਨਕ ਹੈ। ਆਸ ਹੈ ਅਗਾਮੀ ਕੁਝ ਸਮੇਂ ਵਿਚ ਹੀ ਸੰਸਥਾ ਦੇ ਮੋਹਰੀ ਦੂਸਰੀਆਂ ਭਰਾਤਰੀ-ਜਥੇਬੰਦੀਆਂ ਨੂੰ ਆਪਣੇ ਸਹਿਯੋਗ ਅਤੇ ਭਰੋਸੇ ਵਿਚ ਲੈ ਕੇ ਸੰਸਾਰ ਭਰ ਦੇ ਸਿੱਖਾਂ ਨੂੰ ਇਸ ਨਾਲ ਜੋੜਨ ਤੇ ਪੰਜਾਬ ਵਿਚ ਬਾਬਾ ਜੋਗਿੰਦਰ ਸਿੰਘ ਦੀ ਲੀਡਰਸ਼ਿਪ ਭਾਵ ਸ਼ੋਮਣੀ ਅਕਾਲੀ ਦਲ ਨਾਲ ਸੰਪਰਕ ਕਾਇਮ ਕਰਕੇ ਪੰਥ ਦੇ ਰੌਸ਼ਨ-ਭਵਿੱਖ ਲਈ ਅਸਰਦਾਇਕ-ਪ੍ਰੋਗਰਾਮ ਉਲੀਕ ਕੇ ਉਸਤੇ ਸਰਗਰਮੀ ਨਾਲ ਅਮਲ ਸ਼ੁਰੂ ਕਰਨਗੇ ਤਾਂ ਕਿ ਕੌਮ ਦੀਆਂ ਅੰਦਰੂਨੀ ਤੇ ਬੈਰੂਨੀ ਪੰਥ-ਵਿਰੋਧੀ ਸ਼ਕਤੀਆਂ ਦੇ ਮੁਕਾਬਲੇ ਉਸਨੂੰ ਸੁਚੱਜੀ ਅਗਵਾਈ ਨਾਲ ਸਹੀ ਦਿਸ਼ਾ ਵੱਲ ਟੋਰਿਆ ਜਾ ਸਕੇ।

'ਜਾਗੋ'
(ਅਗਸਤ, 1985)

ਜੁਝਾਰੂ-ਸਿੰਘ

ਦਸਮੇਸ਼-ਦਰਬਾਰ ਦੀ ਸਰਦਲ ਤੇ !

ਕਲਗੀਧਰ ਦਸਮ ਪਿਤਾ !
ਦਿਨ ਕਿੰਨੇ ਗੁਜ਼ਰ ਗਏ
ਦਿਲ ਸੱਚੀਂ ਕਰਦਾ ਸੀ।
ਭਰ ਭਰ ਕੇ ਡੁਲ੍ਹਦਾ ਸੀ
ਡੁਲ੍ਹ ਡੁਲ੍ਹ ਕੇ ਭਰਦਾ ਸੀ।

ਝੋਲੀ ਵਿਚ ਸ਼ਿਕਵੇ ਸਨ
ਗੰਭੀਰ ਸ਼ਿਕਾਇਤਾਂ ਸਨ
ਕੁਝ ਗਿਲੇ-ਉਲਾਹਮੇ ਸਨ
ਕਿ ਭੇਟ ਚੜ੍ਹਾ ਜਾਵਾਂ।
ਸਿਰ ਤੇ ਜੁ ਗੁਜ਼ਰ ਰਹੀ
ਹੱਡਾਂ ਤੇ ਬੀਤ ਰਹੀ
ਇਕ ਦਰਦ ਕਹਾਣੀ ਜੁ
ਤੈਨੂੰ ਤਾਂ ਸੁਣਾ ਜਾਵਾਂ !

ਦਰਬਾਰ 'ਚ ਹਾਜ਼ਰ ਹਾਂ
ਇਕ ਅਰਜ਼ ਗੁਜ਼ਾਰਨ ਲਈ।
ਧੁਖਦਾ ਦਿਲ ਫੋਲਣ ਲਈ
ਫੂੰਟ ਧਾਹਾਂ ਮਾਰਨ ਲਈ !

ਬਹਿ ਕੇ ਦਾਤਾਰ ਪਿਤਾ
ਮੇਰੀ ਵਿਥਿਆ ਸੁਣ ਲੈਣੀ !
ਬਸ ਲੇਖਾ ਕਰ ਲੈਣਾ
ਗੱਲ ਆਪੇ ਪੁਣ ਲੈਣੀ !!

ਜੇ ਦੁਖ-ਸੁਖ ਕਰਦਾ ਮੈਂ
ਕੁਝ ਵੱਧ ਘੱਟ ਕਹਿ ਜਾਵਾਂ
ਦਿਲ ਤੇ ਨਾ ਲਾ ਲੈਣਾ !
ਮੈਂ ਭੁੱਲਣਹਾਰਾ ਹਾਂ
ਤੂੰ ਬਖਸ਼ਣਹਾਰਾ ਹੈਂ
ਇਕ ਮਿੱਠੀ ਘੂਰੀ ਦੇ
ਨਿੱਕੀ ਜਿਹੀ ਕੰਨ ਤੇ ਲਾ
ਰੋਂਦੇ ਨੂੰ ਵਰਾ ਲੈਣਾ !!

ਤੂੰ ਹੀ ਜੇ ਪਿਤਾ ਮੇਰਾ
ਤੇਰਾ ਮੈਂ ਬੇਟਾ ਹਾਂ।
ਮੈਨੂੰ ਤੂੰ ਰੂਪ ਕਿਹਾ
ਤੇਰਾ ਰੌਘਰੇਟਾ ਹਾਂ।
ਮੈਨੂੰ ਕੋਈ ਦੁੱਖ ਹੋਵੇ
ਤੈਨੂੰ ਹੀ ਸੁਣਾਣਾ ਹੈ !
ਤੂੰ ਧਿਰ ਹੈਂ ਨਧਿਰਿਆਂ ਦੀ
ਤੂੰ ਮਾਣ ਨਿਮਾਣਿਆਂ
ਬੇ-ਦਰ ਬੇ-ਘਰ ਹੋਇਆਂ
ਤੇਰੇ ਹੀ ਆਣਾ ਹੈ !!

ਹਾਂ ! ਸੁਣੀ ਦਾਤਾਰ ਮੇਰੇ !
ਮੈਂ ਹਾਂ ਉਹ ਸਿੱਖ ਤੇਰਾ
ਯੁੱਧ ਵਿਚ ਆਨੰਦਪੁਰ ਦੇ
ਸੱਜੀ ਬਾਂਹ ਬਣ ਤੇਰੀ
ਇਕ ਦਿਨ ਜੁ ਲੜਿਆ ਸਾਂ।
ਚਮਕੌਰ ਗੜ੍ਹੀ ਅੰਦਰ
ਤੀਰਾਂ ਦੀ ਛਾਂ ਹੇਠਾਂ
ਤੇਰੇ ਨਾਲ ਖੜਿਆ ਸਾਂ।
ਭੁੱਲ ਕੇ, ਵੱਖ ਹੋ ਕੇ ਵੀ
ਖਿਦਰਾਣੇ ਢਾਬ ਉਤੇ
ਤੈਂ ਸੰਗ ਆ ਰਲਿਆ ਸਾਂ।
ਦੁਸ਼ਮਣ ਦੇ ਦਲ ਉਤੇ
ਬਿਜਲੀ ਬਣ ਟੁੱਟਿਆ ਸਾਂ
ਮੈਦਾਨਿ-ਜੰਗ ਅੰਦਰ
ਲਟ-ਲਟ ਕਰ ਬਲਿਆ ਸਾਂ।

ਮੇਰੇ ਲਈ ਖੇਡ ਜਿਹੀ
ਆਰੇ ਨਾਲ ਚਿਰ ਜਾਣਾ
ਤੂੰਬੇ ਹੋ ਜਾਣ ਲਈ
ਚਰਖੜੀਏਂ ਚੜ੍ਹ ਜਾਣਾ।

ਅੰਗ ਅੰਗ ਕਟਵਾ ਲੈਣਾ
ਜੀਂਦੇ-ਜੀ ਮੁਸਕਾ ਕੇ
ਆਪਾ ਚਿਣਵਾਣ ਲਈ
ਕੰਧਾਂ ਵਿਚ ਖੁੜ ਜਾਣਾ।
ਦਲ ਚੀਰ ਕੇ ਵੈਰੀ ਦੇ
ਬਿਨ ਸੀਸੋਂ ਲੜ ਜਾਣਾ !
ਬੁੰਨਵਾ ਕੇ ਤਨ ਜੰਡੀਂ
ਜਿਉਂਦੇ-ਜੀ ਸੜ ਜਾਣਾ!!

ਜਦ ਹੁਣ ਦਾਤਾਰ ਪਿਤਾ
ਕੁਲ ਸੰਨ ਚੁਰਾਸੀ ਵਿਚ
ਇਕ ਕਹਿਰ-ਹਨੇਰੀ ਇਹ
ਦਿੱਲੀਓਂ ਚੁੜ ਆਈ ਹੈ।
ਬਿਫਰੇ ਹੋਏ ਟੈਂਕਾਂ ਤੇ
ਹੰਕਾਰੀ ਤੋਪਾਂ ਨੇ
ਸੁੱਚੇ ਹਰਿਮੰਦਰ ਤੇ
ਕੋਈ ਅੱਗ ਵਰ੍ਹਾਈ ਹੈ।
ਮੈਂ ਪਿੰਜਰ ਡਾਹ ਅੱਗੇ
ਹੰਕਾਰੀ ਟੈਂਕਾਂ ਦੇ
ਪਿੰਜਰ ਇਉਂ ਭੰਨੇ ਹਨ
ਦਿੱਲੀ ਦੀ ਅੱਖ ਖਚਰੀ
ਤੱਕ ਕੇ ਸ਼ਰਮਾਈ ਹੈ !
ਕੀ ਹੋਇਆ ਪੁਰਜ਼ੇ ਜੇ
ਜੇ ਤੂੰਬੇ ਹੋ ਡਿੱਗਾ
ਝੰਡਾ ਨਹੀਂ ਡਿੱਗਣ ਦਿੱਤਾ
ਨਾ ਧੌਣ ਨਿਵਾਈ ਹੈ !
ਦਿੱਲੀ ਮੁਸ਼ਟੰਡੀ ਨੇ
ਜੋ ਭੱਜੀ ਚੁਤੀ ਸੀ
ਕੁਝ ਦਿਨ ਤਾਂ ਅਟਕ ਗਿਆ
ਪਰ ਜਿਸ ਦਿਨ ਮੋੜੀ ਮੈਂ
ਕਰ ਐਨ ਸਵਾਈ ਹੈ !!
ਜੱਗ ਗੱਲਾਂ ਟੁਰੀਆਂ ਹਨ
ਗੋਬਿੰਦ ਦੇ ਪੁੱਤਰਾਂ ਨੇ
ਮੁੱਛ ਉਚੀ ਰੱਖੀ ਸਦਾ
ਫਿਰ ਰੱਖ ਵਿਖਾਈ ਹੈ !!!

ਤੂੰ ਰਸਤਾ ਦੱਸਿਆ ਹੈ
ਇਸ ਰਸਤੇ ਤੁਰਦਾ ਜੇ
ਮੈਂ ਕੁਲ ਵੀ ਮਰਿਆ ਸੀ
ਤੇ ਅੱਜ ਵੀ ਮਰਦਾ ਹਾਂ
ਇਸਦਾ ਗਮ ਭੋਰਾ ਨਹੀਂ !
ਇਸ ਰਸਤੇ ਤੁਰਦਾ ਜੇ
ਮੈਂ ਕੁਲ ਵੀ ਸੜਿਆ ਸੀ

ਤੇ ਅੱਜ ਵੀ ਸੜਦਾ ਹਾਂ
ਇਸਦਾ ਗਮ ਭੋਰਾ ਨਹੀਂ !!

ਗਮ ਹੈ ਤਾਂ ਇਕੋ ਬੱਸ
ਘਰ ਬੈਠੇ ਗੰਗੂ ਦਾ
ਜੁ ਬਿਪਤਾ ਪੈਂਦੇ ਹੀ
ਕੋਈ ਡੰਗ ਚਲਾ ਜਾਂਦੈ।
ਜੁ ਲੂਣ-ਹਰਾਮੀ ਹੋ
ਸਭ ਰਿਸ਼ਤੇ ਭੁੱਲ ਜਾਂਦੈ
ਤੇ ਦਗਾ ਕਮਾ ਜਾਂਦੈ।
ਬਣ ਕਦੇ ਡੋਗਰਾ ਜੋ
ਦੁਸ਼ਮਣ ਨਾਲ ਮਿਲ ਜਾਂਦੈ
ਬਾਰੂਦ ਲਕੋ ਲੈਂਦੈ
ਸਰਸੋਂ ਵਰਤਾ ਜਾਂਦੈ।
ਦਲ ਵਾਢੀ ਕਰਦੇ ਦੇ
ਤੇ ਵਧਦੇ ਜਾਂਦੇ ਦੇ
ਬਸ ਪਿੱਛੇ ਖਤਾ ਖਤਾ
ਮੇਰੇ ਛੁਹਲੇ ਪੈਰਾਂ ਵਿਚ
ਕੋਈ ਜਾਲ ਲਗਾ ਜਾਂਦੈ।
ਮੇਰੀ ਜਿਤਦੇ ਜਿਤਦੇ ਦੀ
ਬਾਜ਼ੀ ਨੂੰ ਹਰਾ ਜਾਂਦੈ।
ਵਿਗੜੀ ਨੂੰ ਬਣਾਉਂਦੇ ਦੀ
ਬਣਦੀ ਵਿਗੜਾ ਜਾਂਦੈ !!

ਜਾਂ ਗਮ ਹੈ ਗਿੱਦੜ ਦਾ
ਜੁ ਸ਼ੇਰ ਦੀ ਖੱਲ ਪਹਿਨੀਂ
ਦਲ ਦੇ ਵਿਚ ਆ ਵੜਿਆ !
ਜਦ ਛੁੱਟੇ ਗੋਲੇ ਸਨ
ਤੇ ਟੈਂਕ ਦਹਾੜ ਪਏ
ਮੈਨੂੰ ਮਰਵਾਣ ਲਈ
ਘੁਰਨੇ ਵਿਚ ਜਾ ਵੜਿਆ !!

ਜਾਂ ਗਮ ਉਸ ਬਿੱਲੇ ਦਾ
ਚੌਧਰ ਦੇ ਦੁੱਧ ਸੰਦੀ
ਜੁ ਕਰਦਾ ਭਾਲ ਰਿਹਾ।

ਜਿਹੜੇ ਘਰ ਵੜਿਆ ਉਹ
ਲੁੱਟ ਗਿਆ ਚੁਆਤੀ ਇਕ
ਸੂਹੇ ਫੁੱਲ ਝੁਲਸ ਗਿਆ
ਘਰ ਵਸਦੇ ਜਾਲ ਗਿਆ !!
ਇਕ ਕੁਰਸੀ-ਪੀਹੜੀ ਤੇ
ਦੋ ਪਲ ਬਹਿ ਜਾਣ ਲਈ
ਚਲਦਾ ਹਰ ਚਾਲ ਗਿਆ !!!

ਜਾ ਸੱਪ ਉਹ ਬੁੱਕਲ ਦਾ
ਵਰ੍ਹਦੀ ਜੁ ਅੱਗ ਸਮੇਂ
ਦੜ ਵੱਟ ਕੇ ਪਿਆ ਰਿਹਾ
ਠੰਢੀ ਜਦ ਸੁਆਹ ਹੋਈ
ਨਿਕਲ ਕੇ ਆ ਬੈਠਾ।
ਲਾਹ ਜਾਲੀ ਦਾਹੜੀ ਤੋਂ
ਇਕ ਫੂੰਨ ਫੈਲਾ ਬੈਠਾ !
ਇਕ ਗਿੱਦੜ-ਸਿੰਗੀ ਨੂੰ
ਹੱਥਾਂ ਵਿਚ ਲੈ ਅਪਣੇ
ਬੱਸ ਰਾਸ ਰਚਾ ਬੈਠਾ !!
ਮੈਨੂੰ ਮਰਵਾਣ ਲਈ
ਲਾਹ ਸ਼ਰਮ-ਹਯਾ ਬੈਠਾ !!!
ਜਾਂ ਬੌਨਾ ਤਿੰਨ-ਮੁੱਠੀਆ
ਛੁਰਲੀ ਦਾ ਰੂਪ ਨਿਰਾ
ਚੰਡੀਗੜ੍ਹ-ਦਿੱਲੀ ਵਿਚ
ਲਾਟੂ ਬਣ ਘੁੰਮਦਾ ਜੁ !
ਦਿੱਲੀ ਦੇ ਬੂਟਾਂ ਨੂੰ
ਚਟਦਾ ਤੇ ਚੁੰਮਦਾ ਜੁ !!
ਪੈਸੇ ਦਾ ਪੁੱਤ ਨਿਰਾ
ਨਟਖਟ ਸ਼ੈਤਾਨ ਜਿਹਾ
ਬੱਸ ਅੰਦਰੋ-ਅੰਦਰ ਹੀ
ਹਰ ਬਣਤ ਬਣਾ ਕੇ ਵੀ
ਸੈਹੇ ਦੇ ਸਿਰ ਉਤੋਂ
ਸਿੰਗਾਂ ਦੇ ਵਾਂਗ ਕਿਵੇਂ
ਲੁਕਦਾ ਤੇ ਗੁੰਮਦਾ ਜੁ !!

ਗਮ ਹੈ ਕਲ-ਮੂੰਹੇਂ ਦਾ
ਦਿੱਲੀ ਦਰਬਾਰ 'ਚ ਜੋ
ਝਾੜੂ ਵੀ ਲਾ ਸਕਦੈ।
ਪਰ ਅਪਣੇ ਇਸ਼ਟ ਉਤੇ
ਇਕ ਕਟਕ ਚੜ੍ਹਾਉਣ ਲਈ
ਜੁ ਕਲਮ ਚਲਾ ਸਕਦੈ !!

ਅਪਣੇ ਹੀ ਭੈਣ ਭਰਾ
ਦਾਣਿਆਂ ਵਾਂਗ ਭੁੰਨਣ ਲਈ
ਜੁ ਅੱਗ ਵਰ੍ਹਾ ਸਕਦੈ !!!

ਗਮ ਹੈ ਉਸ ਚੰਦਰੇ ਦਾ
ਜੁ ਰੰਗ ਵਿਖਾਉਂਦਾ ਹੈ !
ਸਿੱਖੀ ਦੇ ਬੂਟੇ ਨੂੰ
ਜੁ ਜੜ੍ਹੋਂ ਉਖਾੜਨ ਲਈ
ਇਸ ਜੂਹ ਵਿਚ ਉਗ ਖੜਦੈ
ਬੂਟਾ ਅਖਵਾਉਂਦਾ ਹੈ !!

ਜਾਂ ਗਮ ਹੈ ਬੱਦਲ ਦਾ
ਜੁ ਉਚਾ ਗਜਦਾ ਹੈ।
ਕੁਰਸੀ ਨੂੰ ਰੋਕਣ ਦੀ
ਇਕੋ ਬੱਸ ਹਸਰਤ ਲਈ
ਕੁਝ ਨਾਅਰੇ ਲਾਉਂਦਾ ਹੈ
ਰੁਖ ਵੇਖ ਹਵਾਵਾਂ ਦੇ
ਦਾਹੜਾ ਪ੍ਰਕਾਸ਼ ਕਰੇ
ਸਿੱਖਾਂ ਨੂੰ ਠਗਦਾ ਹੈ !!

ਕਿਸ ਕਿਸ ਦੀ ਗੱਲ ਕਰਾਂ ?
ਕਿਸ ਕਿਸ ਦਾ ਨਾਮ ਲਵਾਂ ?
ਜੀਹਨੂੰ ਲੀਡਰ ਕਹਿੰਦੇ ਨੇ
ਇਹ ਨਿਰਾ ਛਲੇਡਾ ਹੈ
ਇਹ ਸਭ ਕੁਝ ਕਰ ਸਕਦੈ
ਸਭ ਰੂਪ ਵਟਾ ਸਕਦੈ !
ਲੱਖ ਵਲ-ਛਲ ਕਰ ਸਕਦੈ
ਹੱਥ ਸਰ੍ਹੋਂ ਜਮਾ ਸਕਦੈ !!
ਕਿਸੇ ਗੱਦੀ ਬਹਿਣ ਲਈ
ਇਹ ਰਾਤ-ਬਰਾਤੇ ਹੀ
ਅੰਮ੍ਰਿਤ ਵੀ ਛਕ ਸਕਦੈ
ਕਿਰਪਾਨ ਸਜਾ ਸਕਦੈ !!!

ਇਹ ਦੇਸ਼-ਦਿਸ਼ਾਂਤਰ ਵਿਚ
ਪਿੰਡ ਸ਼ਹਿਰ ਗਿਰਾਂ ਅੰਦਰ
ਜਿਥੇ ਵੀ ਮਿਲਦਾ ਹੈ
ਅਪਣੇ ਜਿਹੇ ਕਰ ਕੱਠੇ
ਦਸ ਦਾਣੇ ਚੋਲਾਂ ਦੇ
ਪੰਜ ਦਾਣੇ ਮੂੰਗੀ ਦੇ
ਢਾਈ ਪਾ ਖਿਚੜੀ ਇਹ

ਵੱਖਰੀ ਹੀ ਪਕਾ ਲੈਂਦੈ।
ਪ੍ਰਧਾਨ ਬਣਨ ਖਾਤਰ
ਜਾਂ ਇਕ ਸਕੱਤਰੀ ਲਈ
ਦਲ ਮਿੰਟੀਂ ਸਿਰਜ ਲਵੇ
ਝੱਟ ਸਭਾ ਬਣਾ ਲੈਂਦੈ।
ਕਿਸੇ ਹੋਟਲ-ਸ਼ੋਟਲ ਵਿਚ
ਕੋਈ ਮੀਟਿੰਗ ਰਖ ਲੈਂਦੈ
ਕੋਈ ਮਤਾ ਪਕਾ ਲੈਂਦੈ।
ਫਿਰ ਮੂਰਤ ਖਬਰ ਜਿਹੀ
ਅਖਬਾਰ 'ਚ ਦੇ ਅਪਣੀ
ਹਉਮੈ ਨੂੰ ਪੱਠੇ ਪਾ
ਬੱਸ ਦਿਲ ਵਰਚਾ ਲੈਂਦੈ।
ਜਦ ਸੰਗਤ ਜੁੜੇ ਕਿਤੇ
ਇਹ ਮੇਰਾ ਨਾਂ ਲੈ ਕੇ
ਕੋਈ ਭਾਸ਼ਣ ਕਰਦੈ ਫਿਰ ?
ਤੇ ਬੜਾ ਪਖੰਡੀ ਹੈ
ਆਪੂੰ ਵੀ ਰੋ ਪੈਂਦੈ
ਸੰਗਤ ਨੂੰ ਰੁਆ ਲੈਂਦੈ !
ਮਾਇਆ ਉਗਰਾਹ ਲੈਂਦੈ !!

ਇਹ ਅਮਰਵੇਲ ਵਾਂਗੂੰ
ਸਿੱਖੀ ਦੇ ਬੂਟੇ ਤੇ
ਮੇਰੇ ਖੂੰਨ ਤੇ ਪਲਦਾ ਹੈ !
ਮੈਂ ਮਰਦਾ-ਸੁੱਕਦਾ ਹਾਂ
ਝੱਖੜਾਂ ਵਿਚ ਟੁੱਟਦਾ ਹਾਂ

ਇਹ ਨਿੱਤ ਨਿੱਤ ਵਧਦਾ ਹੈ
ਤੇ ਫੁਲਦਾ ਫਲਦਾ ਹੈ !!

ਮੇਰੇ ਦਾਤਾਰ ਪਿਤਾ !

ਕੁਝ ਸਮਝ ਨਾ ਪੈਂਦੀ ਹੈ
ਤੇ ਰੰਗ ਨਿਆਰੇ ਹਨ !
ਝੂਠੇ ਦੀ ਸ਼ੁਹਰਤ ਹੈ
ਝੂਠੇ ਲਈ ਕੁਰਸੀ ਹੈ
ਕੋਈ ਵਜ਼ੀਰੀ ਹੈ
ਸੱਚੇ ਲਈ ਸੂਲੀ ਹੈ
ਸੱਚੇ ਲਈ ਆਰੇ ਹਨ !!

ਕਲਗੀਧਰ ਦਸਮ ਪਿਤਾ !
ਮੈਂ ਤੇਰੀ ਸਿੱਖੀ
ਪੁਲਸ ਨਾਲ ਭੇੜ ਦਿਖਾ
ਕਿਸੇ ਪੁਲ ਤੇ ਟੁੱਕਿਆ ਹਾਂ।
ਜਾਂ ਸਿਰ ਦਾ ਮੁੱਲ ਧਰੇ
ਕਿਸੇ ਮੰਡ 'ਚ ਛੁਪਿਆ ਹਾਂ।
ਸਾਜ਼ਿਸ਼ ਦਾ ਜਾਲ ਵਿਛਾ
ਸੀਖਾਂ ਪਿਛੇ ਡੁੱਕਿਆ ਹਾਂ।
ਜਿਥੇ ਹਾਂ, ਤੇਰਾ ਹਾਂ
ਸਿੱਖੀ ਲਈ ਮਰ ਜਾਂਗਾ !
ਜਿੰਨਾ ਵੀ ਕਸ਼ਟ ਮਿਲੇ
ਹੱਸ ਹੱਸ ਕੇ ਜਰ ਜਾਂਗਾ !!

ਗਮ ਹੈ ਤਾਂ ਇੱਕੋ ਬੱਸ
ਕਲਗੀਧਰ ਪਿਤਾ ਮੇਰੇ !
ਮੇਰੀ ਤਾਂ ਲਾਸ਼ ਉਤੇ
ਕੁਰਸੀ ਉਹ ਡਾਹੁੰਦਾ ਹੈ !!
ਤੇਰਾ ਨਾਂ ਲੈ ਕੇ ਜੋ
ਮੇਰਾ ਹੀ ਲੀਡਰ ਬਣ
ਮੇਰੇ ਨਾਲ ਦਗਾ ਕਮਾ
ਮੈਨੂੰ ਮਰਵਾਉਂਦਾ ਹੈ !!!

'ਜਾਗੋ'
(ਅਗਸਤ, 1985)

ਵਿਅੰਗ-ਵਢਾਂਗਾ

ਸੌਣ ਭਾਦਰੋਂ ਦੀ ਲੰਬੀ ਝੜੀ ਲੱਗੀ ਕੰਮ ਦੇਸ਼-ਉਸਾਰੀ ਦਾ ਠੱਪ ਸਮਝੋ।
ਸੇਪੀ ਟੁੱਟਣੀ ਜ਼ੈਲ-ਰਾਜੀਵ ਵਾਲੀ ਘੁਸਰ-ਮੁਸਰੀਆਂ ਮੂਲ ਨਾ ਗੱਪ ਸਮਝੋ।
ਲੈਂਟਰ ਹੋਣਾ ਰਿਪੇਅਰ ਨਾ ਦੋਸਤੀ ਦਾ ਸੀਮੈਂਟ ਦੀ ਇਕ ਨਾ ਲੱਪ ਸਮਝੋ।
ਕੰਮ ਨਿਕਲਦਿਆਂ ਸੰਦ ਚੁਕਾਇ ਦਿੰਦੇ ਬੁਰਕੀ ਸਾਂਝੀ ਸੀ ਪੈ ਗਈ ਖੱਪ ਸਮਝੋ।
ਰੰਦਾ ਫੇਰ ਕੇ ਪੰਥ ਨੂੰ ਛਿਲਿਓ ਸੂ, ਵੇਖੋ ਮੰਜੀਆਂ ਹੁਣ ਕੀਹਦੀਆਂ ਠੁਕਦੀਆਂ ਨੇ !
ਹੱਡਾ-ਰੋੜੀ ਸਿਆਸਤ ਦੀ ਖੇਡ ਸਾਰੀ ਲੱਗੀਆਂ ਟੁੱਟਦੀਆਂ ਹੱਡੀਆਂ ਮੁਕਦੀਆਂ ਨੇ !!

ਦਿਤੀ ਟੋਹੜੇ ਨੇ ਨਵੀਂ ਵਿਚਾਰਧਾਰਾ- ਕੀ ਉਹ ਲੀਡਰ ਜਿਸ ਕੌਮ ਨੂੰ ਚਾਰਿਆ ਨਾ ?
ਬੇਤਾ ਕੌਮ ਦਾ ਡੋਬ ਕੇ ਵਾਂਗ ਮੇਰੇ, ਬੇੜਾ ਆਪਣਾ ਹੀ ਜਿਸ ਨੇ ਤਾਰਿਆ ਨਾ ।
ਜਾਨਾਂ ਵਾਰਦੇ ਮੂਰਖ ਨੇ ਕੌਮ ਖਾਤਰ ਮੈਂ ਤਾਂ ਕੁਤਤਾ ਵੀ ਕੌਮ ਤੋਂ ਵਾਰਿਆ ਨਾ ।
ਅੱਗ ਲਾਈ ਤੇ ਕੰਧ ਤੇ ਜਾਇ ਚੂੜਿਆ ਭੋਲੀ ਕੌਮ ਨੇ ਭੋਰਾ ਵਿਚਾਰਿਆ ਨਾ।
ਕਾਮਰੇਡ ਹਾਂ ! ਨਾਲੇ ਸਰਕਾਰੀਆ ਵੀ !! ਫੂੰਡ ਦਿੱਤਾ ਮੈਂ ਕੌਮ ਦੇ ਮਾਲੀਆਂ ਨੂੰ !
ਇਹ ਜੋ ਗੱਤਕਾ ਪੰਥ ਵਿਚ ਰੋਜ ਚੱਲੇ ਮੇਰੀ ਦੇਣ ਹੈ ਇੱਕੋ ਅਕਾਲੀਆਂ ਨੂੰ !

ਅੱਜ ਕੱਲ ਬੋਲਦੀ ਪਈ ਅਕਾਸ਼ਬਾਣੀ-ਟੋਹੜਾ ਚੰਗਾ ਤੇ ਲੌਂਗੋਵਾਲ ਚੰਗਾ ।
ਦੂਰ-ਦਰਸ਼ਨ ਤੇ ਮੂਰਤਾਂ ਆਉਂਦੀਆਂ ਨੇ ਵਿਚ ਪੇਪਰਾਂ ਹਾਲ-ਹਵਾਲ ਚੰਗਾ ।
'ਕੋਠੀ ਲੈਣ ਲਈ' ਮਾਰਦਾ ਰੋਜ ਗੇੜੇ ਹੈ ਸਰਕਾਰ ਦਾ ਟੋਹੜਾ ਭਿਆਲ ਚੰਗਾ ।
ਗਾਂਧੀ ਹੱਸਦਾ ਤੇ ਨਾਲੇ ਆਖਦਾ ਹੈ- 'ਲੌਂਗੋਵਾਲ ਦਾ ਬੜਾ ਖਿਆਲ ਚੰਗਾ' ।
ਕੁੱਤੀਆਂ ਰਲਣ ਇਹ ਚੋਰਾਂ ਦੇ ਨਾਲ ਕਾਹਤੋਂ ? ਸੰਗਤਾਂ ਅੰਦਰੋਂ ਲੂਰੀਆਂ ਲੈਂਦੀਆਂ ਨੇ!
ਐਪਰ ਧੰਨ ਨੇ ਸ਼ਰਮ-ਪਰੂਫ ਢੂਹੀਆਂ, ਵਿਸਰ ਜਾਂਦੀਆਂ ਜਿਹੜੀਆਂ ਪੈਂਦੀਆਂ ਨੇ !!

ਭੂਆ ਭੈਣ ਭਤੀਜੀ ਤੇ ਮਾਂ ਕੁਰਸੀ, ਕੁਰਸੀ ਨਾਲ ਹੀ ਲੀਡਰ ਵਿਆਹੇ ਜਾਂਦੇ।
ਕੁਰਸੀ ਮਿਲਦਿਆਂ ਮੋਇਆਂ ਵਿਚ ਜਾਨ ਪੈਂਦੀ ਕੁਰਸੀ ਛੁਟਦਿਆਂ ਲੀਡਰ ਦਫਨਾਏ ਜਾਂਦੇ।
ਕੁਰਸੀ ਚੋਗਾ ਹੈ ਇਹਨਾਂ ਕਬੂਤਰਾਂ ਦਾ ਕੁਰਸੀ ਦਿਸਦਿਆਂ ਝੱਟ ਭਰਮਾਏ ਜਾਂਦੇ।
ਪੱਟੀ ਜਿਵੇਂ ਘਲਾਤੀ ਤੋਂ ਰੋਣ ਕੁੱਤੇ ਕੁਰਸੀ ਗਿਆਂ ਨਾ ਲੀਡਰ ਵਰਾਏ ਜਾਂਦੇ।
ਰਤੇ ਮਾਰ ਕੇ ਕੌਮ ਨੂੰ ਕੁੱਲ ਜਿਹੜੇ ਦੜੇ ਬੈਠੇ ਸਨ ਚੋਰ ਦੀ ਰੰਨ ਵਾਂਗੂ !
ਗੱਲ ਚੋਣ ਦੀ ਬੋਤੀ ਜਿਹੀ ਤੁਰਨ ਲੱਗੀ ਨਿਕਲ ਪਏ ਦਹੇਜੂ ਦੀ ਜੰਨ ਵਾਂਗੂ !!

'ਜਾਗੋ'

(ਅਗਸਤ, 1985)

ਸਮਝੌਤਾ ਤੇ ਅਜੋਕੀ ਸਿੱਖ-ਸਿਆਸਤ

ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤੇ ਦਿੱਲੀ ਦੀਆਂ ਸੜਕਾਂ ਤੋਂ ਸਿੱਖਾਂ ਦਾ ਖ਼ੂਨ ਪੂਰੀ ਤਰ੍ਹਾਂ ਨਹੀਂ ਸੁੱਕਾ ਕਿ 24 ਜੁਲਾਈ 1985 ਨੂੰ ਲੌਂਗੋਵਾਲੀਏ ਸੰਤ ਨੇ ਸਾਰੀ ਸਿੱਖ ਕੌਮ ਨੂੰ 'ਟਿੱਚ' ਜਾਣ ਕੇ ਬਰਨਾਲਾ-ਬਲਵੰਤ ਬੈਸਾਖੀਆਂ ਦੇ ਸਹਾਰੇ ਦਿੱਲੀ-ਦਰਬਾਰ ਪਹੁੰਚ, ਰਾਜੀਵ ਦੀ ਵਹੀ ਤੇ 'ਗੂਠਾ ਲਾ ਕੇ ਕੌਮ ਦੀ ਅਣਖ ਨੂੰ ਗਹਿਣੇ ਪਾਉਂਣ ਦਾ ਉਹ ਘਟੀਆ ਕਿਰਦਾਰ ਅਥਵਾ ਕਹਿਰ ਕਰ ਗੁਜ਼ਾਰਿਆ, ਜਿਸ ਦਾ ਸਿੱਖਾਂ ਨੂੰ ਚਿੰਤ-ਚੇਤਾ ਵੀ ਨਹੀਂ ਸੀ।

ਆਨੰਦਪੁਰ ਮਤੇ ਦਾ ਕੀਰਤਨ-ਸੋਹਿਲਾ ਤੇ ਬੈਗ਼ੈਰਤ ਬਗਲੀ ਦੀ ਦਾਸਤਾਂ !

ਸਿੱਖਾਂ ਦੇ ਹੋ-ਗੁਜ਼ਰੇ, ਅਕਲੋਂ-ਅੰਨ੍ਹੇ ਪਰ ਗੰਢੋਂ-ਪੂਰੇ ਲੀਡਰਾਂ ਦੀਆਂ ਕੀਤੀਆਂ-ਗਲਤੀਆਂ ਦਾ ਖਮਿਆਜ਼ਾ ਭੁਗਤ ਰਹੀ ਕੌਮ ਦੇ, ਵਰਤਮਾਨ ਭਾਰਤ ਵਿਚਲੇ, ਨਵੇਂ ਦੌਰ ਦੇ ਖ਼ੁਦਗਰਜ਼ ਬਗਲੇ-ਅਕਾਲੀ-ਲੀਡਰਾਂ ਨੇ ਪੰਜਾਬ ਦੀਆਂ ਮੰਗਾਂ ਲਈ ਸਮੇਂ ਸਮੇਂ ਮੋਰਚੇ ਲਾ ਲਾ ਕੇ ਬੇ-ਨਿਸ਼ਾਨੇ ਅਥਵਾ ਉਖੱੜੇ-ਕੁਹਾੜੇ ਮਾਰ ਮਾਰ ਕੇ, ਸਮੇਤ ਆਪਣੇ, ਕੌਮ ਦੇ ਗੋਡੇ-ਗਿੱਟੇ ਭੰਨਵਾਏ। ਖਚਰੀ ਕੇਂਦਰ-ਸਰਕਾਰ ਤੇ ਇਹ ਸੁਆਰਥੀ-ਲੀਡਰ ਸਿੱਖਾਂ ਲਈ ਇਕੋ ਜਿਹੇ ਹੋ ਨਿਬੜਦੇ ਰਹੇ। ਜਿਹੋ ਜਿਹੀ ਨੰਦੋ ਬਾਹਮਣੀ ਓਹੋ ਜਿਹਾ ਘੁੱਦੂ ਜੇਠ ! ਇਹ ਦੋਵੇਂ ਧਿਰਾਂ ਹਰ ਵੇਰੀ ਆਪਸ ਵਿਚ ਲੈ-ਦੇ ਕਰਦੀਆਂ ਰਹੀਆਂ ... ਕੌਮ ਮਰਦੀ ਰਹੀ ... ਪੰਜਾਬ ਦੇ ਮਸਲੇ ਲਟਕਦੇ ਰਹੇ ਤੇ ਇਹ ਨੀਲੇ-ਗੋਲੇ ਕਬੂਤਰ, ਸਿੱਖਾਂ ਦੀਆਂ ਕੁਰਬਾਨੀਆਂ ਦਾ ਚੋਗਾ ਖਾ ਕੇ ਸਰਕਾਰ ਦੀਆਂ ਛਤਰੀਆਂ ਤੇ ਮਸਤ ਗੁਟਰਗੂੰ-ਗੁਟਰਗੂੰ ਕਰਦੇ ਰਹੇ!

ਆਖਰ ਕੌਮ ਨੇ ਪੰਜਾਬ ਅਥਵਾ ਸਿੱਖਾਂ ਦੀਆਂ ਸਾਰੀਆਂ ਅਹੁਰਾਂ ਦੇ ਇਲਾਜ ਦਾ ਨੁਸਖ਼ਾ 17 ਅਕਤੂਬਰ 1973 ਨੂੰ ਆਨੰਦਪੁਰ ਦੇ ਮਤੇ ਦੇ ਰੂਪ ਵਿਚ ਸਿਰਜਿਆ ਤਾਂ ਕਿ ਇਸ ਦੁਆਰਾ ਭਾਰਤੀ ਸੰਵਿਧਾਨਿਕ-ਦਾਇਰੇ 'ਚ ਰਹਿੰਦਿਆਂ, ਪੰਜਾਬ ਨਾਲ ਹੋਏ ਸਾਰੇ ਅਨਿਆਂਏਂ ਅਥਵਾ ਵਿਤਕਰਿਆਂ ਨੂੰ ਦੂਰ ਕਰਵਾ ਕੇ, ਉਹਨਾਂ ਨੂੰ ਇਕ ਵੱਖਰੇ ਧਰਮ ਦੇ ਧਾਰਨੀ ਹੋਣ ਦੇ ਨਾਤੇ ਧਾਰਮਿਕ-ਰਾਜਸੀ ਸੁਤੰਤਰਤਾ ਪ੍ਰਾਪਤ ਕਰਕੇ ਭਾਰਤ 'ਚ ਬਰਾਬਰ ਦੇ ਸ਼ਹਿਰੀ-ਸ਼ਰੀਕ ਹੋ ਕੇ, ਸੁਤੰਤਰਤਾ ਨਾਲ ਜਿਉਂਣ ਦਾ ਹੱਕ ਹਾਸਲ ਹੋ ਸਕੇ ਅਤੇ ਸੂਬੇ ਪੰਜਾਬ ਨੂੰ (ਹੋਰ ਸੂਬਿਆਂ ਨੂੰ ਵੀ !) ਵੱਧ ਅਧਿਕਾਰ ਅਥਵਾ ਲਗਪਗ ਖ਼ੁਦ-ਮੁਖਤਿਆਰੀ ਮਿਲ ਕੇ ਉਹਨਾਂ ਦੇ ਇਸ ਖਿੱਤੇ ਵਿਚ 'ਬੋਲਬਾਲੇ' ਹੋ ਸਕਣ (ਭਾਵੇਂ ਕਿ 'ਬੋਲਬਾਲੇ' ਦੇ ਅਰਥ ਇਸ ਮਤੇ ਦੇ ਚੌਖਟੇ ਤੋਂ ਕਿਤੇ ਵਿਸ਼ਾਲਤਰ ਹਨ !)। ਇਸ ਮਤੇ ਦੀ ਪ੍ਰਾਪਤੀ ਲਈ 1982 ਵਿਚ ਸ਼ੁਰੂ ਕੀਤੇ ਗਏ ਧਰਮ-ਯੁੱਧ ਮੋਰਚੇ ਨੂੰ ਕੌਮ ਵਲੋਂ ਸਾਰੇ ਲੀਡਰਾਂ ਨੇ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਆਰੰਭਿਆ ਅਤੇ ਕੌਮ ਦੀ 'ਜ਼ਿੰਦਗੀ ਮੌਤ ਦੀ ਲੜਾਈ' ਕਹਿ ਕੇ ਵ੍ਹਿੰਚਿਆ। ਪਰ ਮੋਰਚੇ ਦੇ ਇਤਨਾ ਲੰਬਾ ਅਰਸਾ ਚੱਲਣ ਪਿੱਛੇ ਕੌਮ ਦਾ ਅਮਿਣਵਾਂ ਮਿਲਵਰਤਣ ਤੇ ਸ਼ੇਰ-ਮਰਦ ਸੰਤ ਜਰਨੈਲ ਸਿੰਘ ਅਥਵਾ ਖਾੜਕੂ ਨੌਜਵਾਨਾਂ ਦੀ ਦਲੇਰੀ ਤੇ ਦ੍ਰਿੜ੍ਹਤਾ ਸੀ, ਜਿਹਨਾਂ ਦੀਆਂ ਸ਼ਹਾਦਤਾਂ ਅਥਵਾ ਦਰਬਾਰ ਸਾਹਿਬ ਤੇ ਹਮਲੇ ਲਈ ਇਹ ਕੁਰਸੀ ਦੇ ਯਾਰ ਲੀਡਰ, ਬਿਨਾਂ ਕਿਸੇ ਸ਼ੱਕ ਦੇ ਨੰਗੇ-ਚਿੱਟੇ ਜ਼ਿੰਮੇਵਾਰ ਹਨ। ਇਸ ਤੋਂ ਉਰ੍ਹੇ ਦਿੱਲੀ 'ਚ ਸਿੱਖਾਂ ਦੀ ਦਰਦਨਾਕ-ਦਾਸਤਾਂ ਵਰਨਣ ਤੋਂ ਬਾਹਰੀ ਹੈ।

ਪਰ ਪਿੱਛੇ 23 ਜੁਲਾਈ, 85 ਨੂੰ ਜਿਸ ਕਦਰ ਲੌਂਗੋਵਾਲੀਆ ਸੰਤ ਆਪਣੀ ਬੇਗੈਰਤ ਬਗਲੀ ਚੁੱਕ ਕੇ ਚੋਰਾਂ ਵਾਂਗ ਦਿੱਲੀ ਜਾ ਕੇ ਰਾਜੀਵ ਨਾਲ ਬਗਲਗੀਰ ਹੋਇਆ ਹੈ ਤੇ ਉਸ ਤੋਂ ਗੱਲੀਂ-ਬਾਤੀ ਚੰਡੀਗੜ੍ਹ ਦਾ 'ਖੇਡਣਾ' ਲੈ ਕੇ ਤੇ ਕਮਿਸ਼ਨਾਂ ਦਾ ਕੁਤਤਾ ਗਲ ਪੁਆ ਕੇ ਮੋਰਚਾ 'ਫਤਹਿ' ਕਰ ਕੇ ਮੁੜਿਆ, ਇਸ ਤੋਂ ਹਰ ਸਾਧਾਰਨ ਬੁੱਧੀ ਵਾਲਾ ਸਿੱਖ ਇਸ ਸਮਝੌਤੇ ਦੇ ਹਰ ਨੁਕਤੇ ਵਿਚਲੀਆਂ ਘੁੰਡੀਆਂ ਨੂੰ ਪਤੂ ਕੇ ਸੌਖਿਆਂ ਸਮਝ ਜਾਂਦਾ ਹੈ ਕਿ ਅੱਧੀ ਕੌਮ ਮਰਵਾ ਕੇ ਕੌਮ ਨੂੰ ਰੁਪਈਏ ਵਿਚੋਂ ਦੁਆਨੀ ਨਹੀਂ ਮੁੜੀ ! ਇਹ ਸਮਝੌਤਾ ਦਿੱਲੀ ਨਾਲ ਕੌਮ ਦਾ ਸਮਝੌਤਾ ਕਦਾਚਿਤ ਨਹੀਂ ਕਿਹਾ ਜਾ

ਸਕਦਾ। ਹਾਂ, ਇਸ ਨੂੰ ਇਕ ਸਾਧ ਤੇ ਦੋ ਸੁਆਰਥੀਆਂ ਦੀ ਸਾਜ਼ਿਸ਼ ਦਾ ਨਾਂ ਜ਼ਰੂਰ ਦਿੱਤਾ ਜਾ ਸਕਦਾ ਹੈ। ਵਕਤੀ ਤੌਰ ਤੇ ਇਸ ਸਮਝੌਤੇ 'ਚ ਸਰਕਾਰੀਆ-ਕਮਿਸ਼ਨ ਅਤੇ ਇਲਾਕਿਆਂ ਅਥਵਾ ਦਰਿਆਈ ਪਾਣੀਆਂ ਸੰਬੰਧੀ ਕਮਿਸ਼ਨਾਂ ਦੀ ਕਾਇਮੀ ਨਾਲ ਜੋ 'ਲਾਰਾ-ਲੱਪਾ ਅੱਡੀ-ਟੱਪਾ' ਪਾਲਿਸੀ ਦੇ ਜਾਲ 'ਚ ਕੌਮ ਨੂੰ ਫਸਾਉਣ ਦਾ ਯਤਨ ਇਸ ਸਰਕਾਰੀ-ਟੋਲੇ ਵਲੋਂ ਕੀਤਾ ਗਿਆ ਹੈ, ਇਹਨਾਂ ਕਮਿਸ਼ਨਾਂ ਦੇ ਨਤੀਜਿਆਂ ਦੇ ਵਾਲ ਛੇਤੀ ਹੀ ਕੌਮ ਦੇ ਸਾਹਮਣੇ ਡਿੱਗ ਹੀ ਪੈਣੇ ਹਨ। ਹਨੇਰ ਸਾਈਂ ਦਾ, ਦਰਬਾਰ ਸਾਹਿਬ ਤੇ ਹੋਰ ਪਵਿੱਤਰ ਗੁਰਦੁਆਰਿਆਂ ਤੇ ਕਹਿਰੀ-ਹਮਲੇ ਉਪਰੰਤ ਹੋਏ ਇਸ ਸਮਝੌਤੇ ਵਿਚ ਭਵਿੱਖ ਵਿਚ ਗੁਰਧਾਮਾਂ ਤੇ ਹਮਲਾ ਨਾ ਕਰਨ ਦੀ ਗਰੰਟੀ ਦਾ ਲਫਜ਼ ਤੱਕ ਨਹੀਂ, ਸਗੋਂ ਇਸ ਤੋਂ ਮਗਰੋਂ 9 ਅਗਸਤ ਨੂੰ ਗਵਰਨਰ ਪੰਜਾਬ ਅਰਜਨ ਸਿੰਘ ਬਿਆਨ ਦਾਗਦਾ ਹੈ ਕਿ ਲੋੜ ਪਵੇ ਤਾਂ ਸਰਕਾਰ ਗੁਰਧਾਮਾਂ ਵਿਚ ਦਾਖਲ ਹੋ ਸਕਦੀ ਹੈ।

ਢੁੱਕ ਸਵਾਰਥੀ ਮੁਸ਼ਟੰਡਿਆਂ ਦੀ ! ਚਾਲੇ ਲੌਂਗੋਵਾਲੀਏ ਦੇ !! ਸਨਮਾਨ ਸਰਕਾਰ ਦੇ !!!

ਕਹਿੰਦੇ ਹਨ, ਰੰਡੀਆਂ ਤਾਂ ਰੰਡ ਕੱਟ ਲੈਂਦੀਆਂ ਹਨ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ ! ਇੰਞ ਹੀ ਲੌਂਗੋਵਾਲੀਏ ਸੰਤ ਦੀ ਮੌਤ ਦੀ ਜ਼ੁੰਮੇਵਾਰ ਮੂਲ ਰੂਪ ਵਿਚ ਸਮਝੌਤੇ ਦੇ ਮੋਹਰੀ ਬਰਨਾਲਾ, ਬਲਵੰਤ ਸਮੇਤ ਉਹ ਟਿਕਟਾਂ ਦੀ ਉਹ ਤਲਬਗਾਰ-ਢਾਣੀ ਹੈ, ਜੋ ਰਿਹਾਈ ਉਪਰੰਤ ਲੌਂਗੋਵਾਲ ਤੋਂ ਫਿਰ ਸੰਤ ਨੂੰ ਖਿੱਚ ਕੇ ਲਿਆਈ ਸਮੇਤ ਜਾਂ ਸਮਝੌਤੇ ਦੇ ਮੋਹਰੀ ਬਰਨਾਲਾ-ਬਲਵੰਤ ਤੇ ਜਾਂ ਫਿਰ ਸਰਕਾਰ, ਜਿਸ ਨੇ ਬਾਵਜੂਦ ਸਭਨਾਂ ਦੀ ਦੁਹਾਈ ਦੇ ਸਿੱਖਾਂ ਦੀ ਫੁੱਟ ਵਾਲੀ ਸਥਿਤੀ ਦਾ ਫਾਇਦਾ ਉਠਾਉਣ ਲਈ ਚੋਣਾਂ ਦੀ ਜਲਦਬਾਜ਼ੀ ਅਥਵਾ ਫੁਰਤੀ ਦਿਖਾਈ ਹੈ ਭਾਵੇਂ ਕਿ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਇਹ ਅਣਹੋਣੀ ਕੌਮ ਦੀਆਂ ਭਾਵਨਾਵਾਂ ਦੇ ਉਲਟ ਸੰਤ ਵਲੋਂ ਕੀਤੇ ਗਏ ਸਮਝੌਤੇ ਦਾ ਸਿੱਟਾ ਹੈ। ਅਸੀਂ ਸਰਬਤ ਦਾ ਭਲਾ ਮੰਗਣ ਵਾਲੀ ਕੌਮ ਦੇ ਇਕ ਨਿਮਾਣੇ ਅੰਗ ਹੋਣ ਦੇ ਨਾਤੇ ਮਨੁੱਖਾ-ਜ਼ਿੰਦਗੀ ਦੇ ਇਸ ਤਰ੍ਹਾਂ ਅਜਾਈਂ ਚਲੇ ਜਾਣ ਦੇ ਦਿਲੋਂ ਵਿਰੁੱਧ ਹਾਂ ਤੇ ਇਸ ਤੇ ਅਫਸੋਸ ਦਾ ਇਜ਼ਹਾਰ ਕਰਦੇ ਹਾਂ ਪਰ ਕੌਮ ਦੀ ਇਸ ਲੜਾਈ ਅਥਵਾ ਧਰਮ-ਯੁੱਧ ਮੋਰਚੇ ਦੌਰਾਨ ਵਾਪਰੀਆਂ ਘਟਨਾਵਾਂ ਵੱਲ ਪਰਤਵੀਂ ਨਜ਼ਰ ਮਾਰਨ ਦਾ ਹਰ ਇਕ ਨੂੰ ਹੱਕ ਹੈ। ਧਰਮ-ਯੁੱਧ ਮੋਰਚੇ ਦੇ ਦੌਰਾਨ ਸੰਤ ਜਰਨੈਲ ਸਿੰਘ ਨੇ ਬਾਵਜੂਦ ਆਪਣੇ ਵੱਖਰੇ ਵਿਚਾਰਾਂ ਦੇ, ਅਕਾਲੀ-ਲੀਡਰਸ਼ਿਪ ਦੀ ਕੋਈ ਗੱਲ ਕਦੇ ਨਹੀਂ ਸੀ ਉਲੱਦੀ। ਆਪਣੀ ਵੱਖਰੀ ਰਾਇ ਹੁੰਦਿਆਂ ਵੀ ਉਹ ਸੁਆਰਥੀ ਅਕਾਲੀ-ਲੀਡਰਾਂ ਦੇ ਹਰ ਹੁਕਮ ਦੀ ਪਾਲਣਾ ਇਕ ਵਰਕਰ ਵਾਂਗ ਕਰਦੇ ਰਹੇ ਤੇ ਉਹਨਾਂ ਦਾ ਸਿਰ ਪੰਥ ਦੇ ਹਰ ਫੈਸਲੇ ਅੱਗੇ ਝੁਕਿਆ। ਪਰ ਇਸ ਦੇ ਮੁਕਾਬਲੇ ਸਾਰੀ ਕੌਮ ਦਾ ਧਾਣ ਕਰਵਾ ਕੇ ਲੌਂਗੋਵਾਲੀਏ ਸੰਤ ਨੇ ਕੌਮ ਦੀ ਇਸ ਜ਼ਿੰਦਗੀ-ਮੌਤ ਦੀ ਲੜਾਈ ਦਾ ਫੈਸਲਾ ਕਰਨ ਲੱਗਿਆਂ ਸਭ ਤੋਂ ਅੱਗੇ ਹੋ ਕੇ ਮਰਨ ਵਾਲੇ ਨੌਜਵਾਨਾਂ ਜਾਂ ਬਾਬਾ ਜੋਗਿੰਦਰ ਸਿੰਘ ਨੂੰ ਤਾਂ ਕੀ, ਆਪਣੇ ਕੁਰਸੀ-ਦਲ ਦੇ ਸਾਥੀਆਂ ਨਾਲ ਵੀ ਜ਼ਬਾਨ ਸਾਂਝੀ ਨਹੀਂ ਕੀਤੀ। ਸਿਆਣੀਆਂ ਸਰਕਾਰਾਂ, ਦੇਸ਼ ਦੇ ਮਹੱਤਵ ਪੂਰਨ ਫੈਸਲੇ ਕਰਨ ਸਮੇਂ ਆਪਣੀ ਪਾਰਟੀ ਹੀ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਵੀ ਵਿਸ਼ਵਾਸ ਵਿਚ ਲੈਂਦੀਆਂ ਹਨ। ਕੀ ਸਾਰੀ ਕੌਮ ਨੂੰ ਅੱਗ ਵਿਚ ਝੋਕ ਕੇ ਕੌਮ ਦੀ ਤਕਦੀਰ ਦਾ ਫੈਸਲਾ ਕਰਨ ਦਾ ਹੱਕ ਕੇਵਲ ਤਿੰਨ ਜਣਿਆਂ ਨੂੰ ਹੀ ਰਹਿ ਜਾਂਦਾ ਹੈ ? ਅਕਾਲ ਤਖਤ ਤੇ ਕੌਮ ਨੂੰ ਮਰ ਮਿਟਣ ਦੀਆਂ ਕਸਮਾਂ ਖਵਾ ਕੇ ਤੇ ਕੌਮ ਨੂੰ ਮਰਵਾ ਕੇ, ਕੌਮ ਦੀ ਕਿਸਮਤ ਦਾ ਫੈਸਲਾ ਉਹ ਤਿੰਨ ਮਨੁੱਖ ਕਰਨ, ਜਿਹਨਾਂ ਦੇ ਆਪਣੇ ਪਿੰਡੇ ਤੇ ਝਰੀਟ ਤੱਕ ਨਹੀਂ ਆਈ?

ਲੌਂਗੋਵਾਲੀਏ ਸੰਤ ਤੇ ਉਹਨਾਂ ਦੇ ਨਜ਼ਦੀਕੀ ਲੀਡਰਾਂ ਨੂੰ ਦਰਬਾਰ ਸਾਹਿਬ ਹਮਲੇ ਸਮੇਂ ਹਿਫਾਜ਼ਤੀ ਗੱਡੀਆਂ 'ਚ ਲਿਜਾ ਕੇ ਜਿਹਲਾਂ 'ਚ ਉਹਨਾਂ ਦੀ ਸ਼ਾਹੀ ਖਾਤਰ-ਤਵੱਜੋ ਕੀਤੀ ਜਾਂਦੀ ਰਹੀ। ਰਿਹਾਈ ਸਮੇਂ ਹੈਲੀਕਾਪਟਰ ਮੁਹੱਈਆ ਕੀਤੇ ਗਏ। ਰੱਖਿਆ ਲਈ ਫੌਜ, ਪੈਰਾ-ਮਿਲਟਰੀ ਤਾਇਨਾਤ ਕੀਤੀ ਗਈ। ਮਰਨ-ਉਪਰੰਤ ਸਸਕਾਰ ਸਰਕਾਰੀ-ਸਨਮਾਨਾਂ ਨਾਲ ਕੀਤਾ ਗਿਆ ਤੇ ਸਰਕਾਰ ਵੱਲੋਂ ਅਫਸੋਸ ਲਈ ਉਚੇਚੇ ਏਲਚੀ ਭੇਜੇ ਗਏ। ਲੋਕ ਵੇਖਣਗੇ ਕਿ ਸੰਤ ਨੂੰ ਸਰਕਾਰ ਅਮਨ, ਸ਼ਾਂਤੀ ਤੇ ਕੌਮੀ-ਏਕਤਾ ਦਾ ਅਲੰਬਰਦਾਰ ਗਿਰਦਾਨ ਕੇ ਮਰਨ ਉਪਰੰਤ ਹੋਰ ਉਚੇਚੇ ਸਨਮਾਨ ਵੀ ਦੇਵੇਗੀ ! ਪਰ ਦੁੱਖ ਹੁੰਦਾ ਹੈ ਜਦ ਇਹੀ ਰਖਵਾਲੀ ਫੌਜ ਇਹਨਾਂ ਹੀ ਹੈਲੀਕਾਪਟਰਾਂ ਨਾਲ ਦਰਬਾਰ ਸਾਹਿਬ ਤੇ ਹਮਲਾ ਕਰਕੇ ਸੰਤ ਜਰਨੈਲ ਸਿੰਘ ਵਰਗੀ ਧਰਮ-ਪ੍ਰਸਤ ਸ਼ਖਸੀਅਤ ਤੇ ਹੋਰ ਗੁਰੂ-ਪਿਆਰਿਆਂ ਨੂੰ ਢੁੰਡ ਕੇ

ਉਹਨਾਂ ਦੀਆਂ ਲਾਸ਼ਾਂ ਮਿਊਂਸੀਪਲ-ਕਮੇਟੀ ਦੀਆਂ ਕੂੜਾ ਢੋਣ ਵਾਲੀਆਂ ਗੱਡੀਆਂ ਵਿਚ ਲੱਦ ਕੇ ਸਾੜਦੀ-ਸੁੱਟਦੀ ਫਿਰਦੀ ਹੈ ਤੇ ਉਹਨਾਂ ਨੂੰ ਡਾਕੂ-ਲੁਟੇਰੇ ਤੇ ਅਤਿਵਾਦੀ ਆਖ ਕੇ ਭੰਡਦੀ ਹੈ।

ਲੌਂਗੋਵਾਲੀਏ ਸੰਤ ਦਾ ਫੁਰਮਾਨ ਸੀ ਕਿ ਸਮਝੌਤਾ ਕਰਨ ਵੇਲੇ ਉਹਨਾਂ ਮੁਖਵਾਕ 'ਦੁਬਿਧਾ ਛਾਡ ਗੁਰ ਤੇਰੇ ਸੰਗ' ਤੋਂ ਰੋਸ਼ਨੀ ਲਈ ਹੈ। ਕੀ ਅਭੁੱਲ ਗੁਰੂ-ਕਰਤਾਰ ਮੋਰਚਾ ਸ਼ੁਰੂ ਕਰਨ ਸਮੇਂ ਦੀ ਲੌਂਗੋਵਾਲੀਏ ਦੀ ਕੀਤੀ ਅਰਦਾਸ ਨੂੰ ਵਿਸਾਰ ਸਕਦੇ ਸਨ ? ਇਹ ਭੁੱਲੜ ਲੌਂਗੋਵਾਲੀਏ ਦੀ ਕਮਜ਼ੋਰੀ ਸੀ ਕਿ ਉਸ ਆਪਣੀ ਕੀਤੀ ਅਰਦਾਸ ਨੂੰ ਭੁੱਲ, ਫਿਰ ਮੁਖਵਾਕ ਸੁਣ ਕੇ ਉਸ ਦੇ ਅਰਥ ਆਪਣੇ ਮਕਸਦ ਲਈ ਕੱਢ ਲਏ। ਕੀ ਸੱਚੇ ਪਾਤਸ਼ਾਹ ਲੌਂਗੋਵਾਲੀਏ ਨੂੰ ਇਸ ਮੁਖਵਾਕ ਵਿਚ ਵੀ ਇਹ ਨਹੀਂ ਕਹਿ ਰਹੇ ਸਨ ਕਿ ਕੁਰਸੀ-ਪ੍ਰਸਤ ਸਿੱਖਾ ! ਸਮਝੌਤਾ ਕਰਨ ਦੀ ਦੁਬਿਧਾ ਛੱਡ ਕੇ ਆਪਣੀ ਕੀਤੀ ਅਰਦਾਸ ਅਥਵਾ ਪ੍ਰਣ ਤੇ ਡਟਿਆ ਰਹਿ, ਮੈਂ ਤੇਰੇ ਅੰਗ-ਸੰਗ ਸਹਾਈ ਹੋਵਾਂਗਾ। ਪਰ ਗੀਤਾ ਦਾ ਸ਼ਲੋਕ ਹੈ, "ਵਿਨਾਸ਼ ਕਾਲੇ ਵਿਪਰੀਤ ਬੁਧੀ" ਲੌਂਗੋਵਾਲੀਏ ਦੇ ਵਿਘਟਨ ਦਾ ਸਮਾ ਆਉਣ ਤੋਂ ਪਹਿਲਾਂ ਉਸ ਦੀ ਬੁੱਧ ਭ੍ਰਿਸ਼ਟ ਹੋ ਗਈ ਸੀ।

ਪੰਥ ਨੂੰ 'ਬਾਬਿਆਂ' ਤੇ 'ਬੱਬਿਆਂ' ਦਾ ਗ੍ਰਹਿਣ !

ਵੀਹਵੀਂ ਸਦੀ ਵਿਚ ਗੁਰੂ ਕੇ ਪੰਥ ਦੀ ਸਿਆਸਤ ਨੂੰ ਢੋਲਕੀ-ਛੁੱਟ 'ਬਾਬਿਆਂ' ਤੇ ਮੋਕਾ-ਤਾੜੂ 'ਬੱਬਿਆਂ' ਨੇ ਢੇਰ ਚਿਰ ਤੋਂ ਪੂਰੀ ਤਰ੍ਹਾਂ ਗ੍ਰਹਿਣਿਆ ਹੋਇਆ ਹੈ। ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਅਨਪੂਰ ਜੋੜੀ ਬਾਬਾ ਫਤਹਿ ਸਿੰਘ ਤੇ ਬਾਬਾ ਚੰਨਣ ਸਿੰਘ ਤੇ ਫਿਰ ਧਰਮ-ਯੁੱਧ ਮੋਰਚੇ 'ਚ ਦਰਬਾਰ ਸਾਹਿਬ ਤੇ ਹਮਲੇ ਪਿੱਛੋਂ ਬਾਬਾ ਸੰਤਾ ਸਿੰਘ, ਬਾਬਾ ਨਰੈਣ ਸਿੰਘ ਕਲੇਰਾਂ, ਬਾਬਾ ਮੀਹਾਂ ਸਿੰਘ ਸਿਆਹੜ ਤੇ ਪੰਥਕ-ਬੇੜੇ ਦੇ ਵੱਡੇ ਮਲਾਹ ਲੌਂਗੋਵਾਲੀਏ ਬਾਬਾ ਜੀ ਆਦਿ ਬਾਬੇ ਧਰਮ ਨੂੰ ਪਿੱਠ ਦੇ ਕੇ ਸਿਆਸਤ ਦੀ ਸ਼ਤਰੰਜ ਵਿਚ ਸਰਕਾਰ ਦੇ ਮੋਹਰੇ ਬਣ ਕੇ ਚੱਲੇ ਹਨ।

'ਬੱਬਿਆਂ' ਵਿਚੋਂ ਪਹਿਲਾ ਨੰਬਰ 1947 ਵੇਲੇ ਕੌਮ ਦੀਆਂ ਕੁਰਬਾਨੀਆਂ ਦੀ ਖੱਟੀ ਖਾਣ ਵਾਲੇ ਬਲਦੇਵ ਸਿੰਘ ਦਾ ਆਉਂਦਾ ਹੈ। ਸਾਨੂੰ ਸਵਰਗਵਾਸੀ ਗਿਆਨੀ ਕਰਤਾਰ ਸਿੰਘ ਨੇ ਦੱਸਿਆ ਸੀ ਕਿ ਬਲਦੇਵ ਸਿੰਘ ਮੰਜੇ ਤੇ 6 ਮਹੀਨੇ ਅੱਡੀਆਂ ਰਗੜ-ਰਗੜ ਕੇ ਮਰਿਆ ਤੇ ਮਰਨ ਲੱਗੇ ਉਸ ਦੇ ਮੂੰਹ ਦੇ ਲਫਜ਼ ਸਨ ਕਿ ਮੈਂ ਕੌਮ ਨਾਲ ਬਹੁਤ ਵੱਡਾ ਧੋਖਾ ਕੀਤਾ ਸੀ, ਵਾਹਿਗੁਰੂ ਮੈਨੂੰ ਉਸ ਦੀ ਸਜ਼ਾ ਦੇਂਦਾ ਰਿਹਾ ਹੈ। ਵਰਤਮਾਨ ਸਮੇਂ ਵਿਚ ਬਾਦਲ ਦੇ ਕੁਰਸੀ-ਕਿੱਸੇ ਉਪਰੰਤ ਧਰਮ-ਯੁੱਧ ਮੋਰਚੇ ਦੇ ਪ੍ਰਸੰਗ ਵਿਚ ਬਰਨਾਲੇ-ਬਲਵੰਤ ਦੀ ਗਦਾਰੀ ਨੂੰ ਸਿੱਖ-ਇਤਿਹਾਸ ਨਾ ਭੁਲਾ ਸਕੇਗਾ ਤੇ ਨਾ ਹੀ ਮੁਆਫ ਕਰੇਗਾ!

ਤਾਜਪੋਸ਼ੀ ਡੰਗ-ਟਪਾਊ ਬਰਨਾਲੇ ਦੀ ! ਸਫ਼ਬੰਦੀ ਦਲਾਂ ਦੀ !! ਚੱਕਰ ਚੋਣਾਂ ਦਾ !!!

ਲੌਂਗੋਵਾਲੀਏ ਸੰਤ ਦੇ ਚਾਲੇ ਪਾਉਣ ਉਪਰੰਤ ਉਹਨਾਂ ਦੀ ਥਾਵੇਂ ਬਰਨਾਲੇ ਨੂੰ ਡੰਗ-ਟਪਾਊ ਪ੍ਰਧਾਨ ਵਜੋਂ ਪੱਗ ਬੁੰਨਾਈ ਗਈ ਹੈ। ਕੁਰਸੀ ਅਕਾਲੀ ਦਲ 'ਚ ਜੂਨੀਅਰ ਬਰਨਾਲੇ ਦਾ ਸੀਨੀਅਰ ਅਥਵਾ ਖਾਘੜ-ਲੀਡਰਾਂ ਦੇ ਮੁਕਾਬਲੇ 'ਕੁਲ ਦੀ ਭੂਤਨੀ ਸਿਵਿਆਂ 'ਚ ਅੱਧ' ਵਾਲਾ ਹਾਲ ਹੈ। ਇਸ ਲਈ ਉਸ ਦੇ ਪੈਰ ਸਰਕਾਰ ਲੁਆਣ ਦਾ ਪੂਰਾ ਟਿੱਲ ਲਾਵੇਗੀ ਤੇ ਉਸ ਦੀਆਂ ਲੱਤਾਂ ਉਸ ਦੇ ਦਲ ਦੇ ਘਾਗ-ਲੀਡਰ ਖਿੱਚਣਗੇ ਪਰ ਸ਼ਾਇਦ ਪਰਧਾਨਗੀ ਦੀ ਕੁਰਸੀ ਤੇ ਆਪੂੰ ਬੈਠਣ ਦਾ ਹੀਆ ਕੋਈ ਨਾ ਹੀ ਕਰੇ। ਪ੍ਰਧਾਨਗੀ ਦਾ ਹਾਰ ਲੌਂਗੋਵਾਲ ਦੇ ਗਲੋਂ ਲਹਿ ਕੇ ਬਰਨਾਲੇ ਦੇ ਗਲ 'ਚ ਮੱਲੋ-ਮੱਲੀ ਆਣ ਪਿਆ ਹੈ। ਉਂਞ ਭੀਬਾਂ ਬਾਣੀਂ ਸੁਣੀਆਂ ਖਬਰਾਂ ਅਨੁਸਾਰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਅੰਦਰ ਇਕ ਹੋਰ ਸਮਝੌਤਾ ਤਹਿ ਕੀਤਾ ਗਿਆ ਸੀ ਕਿ ਸਮਝੌਤੇ ਮਗਰੋਂ ਰਾਜੀਵ-ਲੌਂਗੋਵਾਲ ਪਿਆਰ-ਪੀਂਘਾਂ ਪਾ ਕੇ ਚੋਣਾਂ ਜਿੱਤਣ ਤੇ ਫਿਰ ਨਿਰੰਕਾਰੀ-ਪੱਖੀ ਬਰਨਾਲੇ ਨੂੰ ਪੰਜਾਬ ਦਾ ਮੁੱਖ-ਮੰਤਰੀ ਤੇ ਪਿਛਲੇ ਖਜ਼ਾਨਾ-ਲੁੱਟੂ ਮੰਤਰੀ ਬਲਵੰਤ ਸਿੰਘ ਨੂੰ ਰਾਜੀਵ ਸੈਂਟਰ ਵਿਚ ਆਪਣੇ ਗੋਡੇ-ਮੁੱਢ ਲਿਜਾ ਬਿਠਾਏਗਾ। ਇਸੇ ਲਾਲਚ ਵੱਸ ਇਹਨਾਂ ਦੋ ਖੁਦਗਰਜ਼ਾਂ ਨੇ ਪੰਥ ਦੀ ਕੰਡ ਲੁਆ ਕੇ ਇਸ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲੇ ਕੀਤੇ ਹਨ। ਸਿੱਖ ਸਿਆਸਤ ਵਿਚ ਟੌਹਤਾ ਹਮੇਸ਼ਾਂ ਪਹਿਲੋਂ ਲਟਕਣ-ਕਲਾਸ ਵਿਚ ਰਹਿੰਦਾ ਹੈ ਤੇ ਫਿਰ ਝੁਕਦੇ ਪਲੜੇ ਵਿਚ ਛਾਲ ਮਾਰਦਾ ਹੈ, ਪਰ ਇਸ ਵੇਰ ਬਾਦਲ ਵੀ ਇਸੇ ਦਾਅ ਤੇ ਹੈ। ਕੁਰਸੀ ਅਕਾਲੀ

ਦਲ ਵਿਚ ਬਰਨਾਲਾ, ਬਲਵੰਤ, ਸੁਖਜਿੰਦਰ, ਅਮਰਿੰਦਰ ਸਿੰਘ ਸਾਰਿਆਂ ਦੀ ਅੱਖ ਪੰਜਾਬ ਦੀ ਵੱਡੀ ਝੰਡੀ ਵਾਲੀ ਕਾਰ ਤੇ ਹੈ। ਇਸ ਦਲ 'ਚ ਜਿਸ ਦੀ ਕੰਡ ਨੂੰ ਹੱਥ ਲਾਓ, ਮੁੱਖ-ਮੰਤਰੀ ਬਣਨ ਦਾ ਇੱਛੁਕ ਹੈ। ਬਾਦਲ ਤਾਂ ਇਸ ਬੈਲੀ ਦਾ ਵੱਡਾ-ਵੱਟਾ ਹੈ। ਸੋ ਇਸ ਮੰਤਵ-ਸਿੱਧੀ ਲਈ ਉਹ ਹੁਣ ਬਾਬਾ ਜੋਗਿੰਦਰ ਸਿੰਘ ਦਾ ਕੁੰਡਾ ਖੜਕਾਵੇਗਾ। ਜਿਥੇ ਉਸ ਦੇ ਸਾਥੀ ਉਸ ਲਈ ਪਹਿਲਾਂ ਹੀ ਹਾਰ ਗੂੰਦੀ ਫਿਰਦੇ ਹਨ। ਸਭ ਤੋਂ ਡਾਵਾਂ-ਡੋਲ ਸਥਿਤੀ ਟੋਹੜੇ ਦੀ ਹੈ, ਜੋ ਦਰਬਾਰ ਸਾਹਿਬ ਦੇ ਹਮਲੇ ਤੇ ਸਮੇਂ ਫੌਜ ਬੁਲਾਉਣ ਤੇ ਦੂੰਬ ਦਬਾ ਕੇ ਭੱਜਣ ਵਿਚ ਲੌਂਗੋਵਾਲ ਦਾ ਵੱਡਾ ਭਰਾ ਹੈ ਤੇ ਆਪਣੀ ਦਗੇਬਾਜ਼ੀ ਲਈ ਹੁਣ ਸਿੱਖ ਪੰਥ ਵਿਚ ਪੌਣੇ ਸੋਲਾਂ ਆਨੇ ਬਦਨਾਮ ਹੋ ਚੁੱਕਾ ਹੈ। ਉਹ ਕਿਸੇ ਵੀ ਧਿਰ ਦਾ ਇਸ ਵੇਲੇ ਵਿਸ਼ਵਾਸ-ਪਾਤਰ ਨਹੀਂ ਰਿਹਾ। ਜੇ ਉਹ ਹੁਣ ਸ਼ਰੋਮਣੀ ਅਕਾਲੀ ਦਲ 'ਚ ਆਇਆ ਤਾਂ ਇਸ ਵੇਰ ਬਾਦਲ ਦੀ ਬਾਂਹ ਫੜ ਕੇ ਆਵੇਗਾ ਹਾਲਾਂ ਕਿ ਉਹ ਸਿਆਸਤ ਵਿਚ ਹੁਣ ਤੱਕ ਬਾਦਲ ਦਾ ਨੰਬਰ ਇਕ ਦੁਸ਼ਮਣ ਰਿਹਾ ਹੈ ਪਰ ਬਾਦਲ ਦੇ ਸ਼ਰੋਮਣੀ ਅਕਾਲੀ ਦਲ ਵਿਚ ਆਉਣ ਵਿਚ ਸਭ ਤੋਂ ਵੱਡੀ ਰੁਕਾਵਟ ਜੋ ਇਸ ਵੇਲੇ ਆਣ ਖੁੜੀ ਹੋਈ ਹੈ, ਉਹ ਹੈ ਬਾਬਾ ਜੋਗਿੰਦਰ ਸਿੰਘ ਵਲੋਂ ਚੋਣਾਂ ਨਾ ਲੜਨ ਦਾ ਐਲਾਨ ਕਰਨਾ ਜੋ ਕਿ ਕੁਰਸੀ ਅਕਾਲੀ ਦਲ ਦੇ ਮੁਕਾਬਲੇ ਸ਼ਰੋਮਣੀ ਅਕਾਲੀ ਦਲ ਦਾ ਸਿਧਾਂਤਿਕ, ਸੰਜੀਦਾ ਤੇ ਸੁੱਘੜ ਫੈਸਲਾ ਹੈ। ਜੇ ਬਾਬਾ ਜੀ ਆਪਣੇ ਇਸ ਸਿਧਾਂਤਕ-ਫੈਸਲੇ ਤੇ ਡਟੇ ਰਹਿਣ ਤਾਂ ਕੁਰਸੀ-ਅਕਾਲੀ ਦਲ ਦੀ ਸਰਕਾਰ-ਭਿਆਲੀ ਨੰਗੀ ਹੋਣ ਕਾਰਨ ਸ਼ਰੋਮਣੀ ਅਕਾਲੀ ਦਲ ਕੁਝ ਮਹੀਨਿਆਂ ਦੇ ਅੰਦਰ ਅੰਦਰ ਬਹੁਤ ਬਲਵਾਨ ਹੋ ਕੇ ਉਭਰੇਗਾ। ਹੋ ਸਕਦਾ ਹੈ ਬਾਦਲ ਦੇ ਸ਼ਰੋਮਣੀ ਅਕਾਲੀ ਦਲ 'ਚ ਆਉਣ ਦੀ ਸੂਰਤ ਵਿਚ ਬਾਬਾ ਜੋਗਿੰਦਰ ਸਿੰਘ ਜੀ ਤੇ ਚੋਣਾਂ ਲੜਨ ਦਾ ਦਬਾਅ ਪਾਇਆ ਜਾਵੇ। ਇਸ ਹਾਲਤ ਵਿਚ ਬਾਬਾ ਜੀ ਨੂੰ ਆਪਣੇ ਫੈਸਲੇ ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਸੂਰਤ ਵਿਚ ਸਭ ਨੂੰ ਇਸ ਨੂੰ ਕਬੂਲਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹੇਗਾ। ਹਾਂ, ਜੇ ਕਿਸੇ ਕਾਰਨ ਸ਼ਰੋਮਣੀ ਅਕਾਲੀ ਦਲ ਨੂੰ ਚੋਣਾਂ ਲੜਨ ਦਾ ਫੈਸਲਾ ਕਰਨਾ ਹੀ ਪੈਂਦਾ ਹੈ ਤਾਂ ਅਸੀਂ ਇਕੋ ਇਕ ਮਸ਼ਵਰਾ ਬਾਬਾ ਜੀ ਨੂੰ ਜ਼ੋਰ ਨਾਲ ਦੇਣ ਦੀ ਖੁੱਲ੍ਹ ਲੈਣ ਦੀ ਗੁਸਤਾਖੀ ਕਰਾਂਗੇ ਕਿ ਅਜਿਹੀ ਸਥਿਤੀ ਵਿਚ ਉਹ ਸੰਤ ਜਰਨੈਲ ਸਿੰਘ ਦੇ ਕੁਰਸੀ-ਤਿਆਗ ਨੂੰ ਆਧਾਰ ਮਿਥ ਕੇ ਤਲਵੰਡੀ, ਆਤਮਾ ਸਿੰਘ ਆਦਿ ਘੁਲਾਟੀਆਂ ਨੂੰ ਸਿਰਫ ਦਲ ਦੇ ਵਫਾਦਾਰਾਂ ਵਜੋਂ ਹੀ ਮਾਣ ਦੇਣ ਕਿਉਂਕਿ ਇਹਨਾਂ ਸਭਨਾਂ ਨੇ ਪੰਥ ਦੀ ਚੰਗੀ ਖਾਸੀ ਟਹਿਲ-ਸੇਵਾ ਕਰ ਲਈ ਹੈ ਤੇ ਹੁਣ ਇਹਨਾਂ ਨੂੰ ਬੁੱਢੇ-ਵਾਰੇ ਚੋਣਾਂ ਲੜਨ ਦੀ ਜ਼ਹਿਮਤ ਨਹੀਂ ਦੇਣੀ ਚਾਹੀਦੀ ਤੇ ਚੋਣ ਲੜਨ ਦੀ ਸਥਿਤੀ 'ਚ ਬਾਬਾ ਜੀ ਨੂੰ ਪੰਜਾਬ ਦੇ ਸਾਰੇ ਹਲਕਿਆਂ ਉਤੇ ਸਾਰੇ ਦੇ ਸਾਰੇ ਟਿਕਟ ਸ਼ਹੀਦਾਂ ਦੇ ਪਰਿਵਾਰਾਂ ਵਿਚੋਂ ਤੇ ਕੁਰਬਾਨੀ ਵਾਲੇ ਚੜ੍ਹਦੀ ਉਮਰ ਦੇ ਅੰਮ੍ਰਿਤਧਾਰੀ-ਨੌਜਵਾਨਾਂ ਨੂੰ ਦੇਣੇ ਚਾਹੀਦੇ ਹਨ। ਚੋਣਾਂ ਜਿੱਤੀਆਂ ਜਾ ਸਕਣ ਜਾਂ ਨਾ ਪਰ ਸਿਧਾਂਤਕ ਪੱਖੋਂ ਕੌਮ ਲਈ ਮਰ ਮਿਟਣ ਵਾਲੇ ਕੌਮ ਦੇ ਵਾਰਸਾਂ ਦਾ ਇਹ ਅਜਿਹਾ ਸਨਮਾਨ ਹੋਵੇਗਾ, ਜਿਸ ਨਾਲ ਸਿੱਖ-ਸਿਆਸਤ ਪੰਥ ਦੇ ਰੋਸ਼ਨ-ਭਵਿੱਖ ਵੱਲ ਮੋੜ ਕੱਟੇਗੀ।

ਅਮਲਾਂ ਤੇ ਹੋਣਗੇ ਨਿਬੇੜੇ !

ਅੱਜ ਵਿਦੇਸ਼ਾਂ ਵਿਚ ਸਿੱਖ-ਰਾਜ ਲਈ ਸੁਹਿਰਦਤਾ ਨਾਲ ਅਨੇਕ-ਜਥੇਬੰਦੀਆਂ ਅਤੇ ਬੇਅੰਤ ਸਿੰਘ ਸਰਗਰਮ ਹਨ। ਅਜਿਹੇ ਸਮੇਂ ਵੱਖ-ਵੱਖ ਜਥੇਬੰਦੀਆਂ ਵਿਚ ਕਈ ਵਾਰ ਕਈ ਮਸਲਿਆਂ ਉਤੇ ਵਿਚਾਰਾਂ ਦੀ ਵਿਭਿੰਨਤਾ ਸੁਭਾਵਿਕ ਹੈ। ਇਸ ਸੰਬੰਧ ਵਿਚ ਆਪਸੀ ਸਹਿਯੋਗ ਦੀ ਅਤਿਅੰਤ ਜ਼ਰੂਰਤ ਹੈ। ਇਸ ਦੇ ਨਾਲ ਹੀ ਇਕ ਗੱਲ ਹਰ ਵਿਅਕਤੀ ਤੇ ਹਰ ਸੰਸਥਾ ਦੇ ਧਿਆਨ ਵਿਚ ਰਹਿਣੀ ਚਾਹੀਦੀ ਹੈ ਕਿ ਕੌਮ ਦੀ ਲੜਾਈ ਉਸ ਦੌਰ 'ਚੋਂ ਗੁਜ਼ਰ ਰਹੀ ਹੈ, ਜਿਥੇ ਹਰ ਵਿਅਕਤੀ ਜਾਂ ਸੰਸਥਾ ਦਾ ਕੰਮ ਅਥਵਾ ਅਮਲ ਹੀ ਉਸ ਨੂੰ ਕੌਮ ਵਿਚ ਮਕਬੂਲ ਬਣਾਵੇਗਾ। ਨਹੀਂ ਤਾਂ ਕੋਈ ਵੀ ਵਿਅਕਤੀ ਜਾਂ ਸੰਸਥਾ ਭਾਵੇਂ ਉਹ ਕਿੱਡੇ ਵੱਡੇ ਅਹੁਦੇ, ਰੁਤਬੇ ਜਾਂ ਬੋਰਡ ਵਾਲੀ ਹੋਵੇ, ਉਸ ਦੀ ਸਾਖ ਲੋਕਾਂ ਵਿਚੋਂ ਅਵੱਸ਼ ਡਿੱਗ ਪਵੇਗੀ।

'ਜਾਗੋ'
(ਸਤੰਬਰ, 1985)

ਇਕ ਕੇਸਰੀ ਗ਼ਜ਼ਲ

ਦਿੱਲੀ ਨੂੰ ਸਰਦਾਰਾਂ ਤੋਂ ਡਰ ਲਗਦਾ ਹੈ !
ਚਮਕਦੀਆਂ ਤਲਵਾਰਾਂ ਤੋਂ ਡਰ ਲਗਦਾ ਹੈ !!

ਹਰ ਮੱਥੇ ਵਿਚ ਉਗ ਪਏ ਬੀਜ ਬਗਾਵਤ ਦੇ
ਹੁਣ ਇਹਨਾਂ ਹਥਿਆਰਾਂ ਤੋਂ ਡਰ ਲਗਦਾ ਹੈ!

ਇੱਜ਼ਤ ਅਣਖ ਆਜ਼ਾਦੀ ਜਿਹਨਾਂ ਮੋਤੀ ਸੀ,
ਅੱਜ ਉਹਨਾਂ ਦਸਤਾਰਾਂ ਤੋਂ ਡਰ ਲਗਦਾ ਹੈ !

ਅੱਖ ਨਹੀਂ ਲਗਦੀ ਅੱਜ ਕੁਲ ਵੱਡੇ ਵਜ਼ੀਰੇ ਦੀ,
ਹਾਏ! ਨਿੱਕੀਆਂ ਦੀਵਾਰਾਂ ਤੋਂ ਡਰ ਲਗਦਾ ਹੈ !!

ਫਿਕਰ ਪਿਆ ਹੈ ਅੱਜ ਹੋਛੇ - ਤਿਰਸ਼ੂਲਾਂ ਨੂੰ,
ਤੀਰਾਂ ਤੇਜ਼-ਤਰਾਰਾਂ ਤੋਂ ਡਰ ਲਗਦਾ ਹੈ !

ਜੋ ਲਹਿਰਾਂ ਨਾਲ ਖੇਡ ਖੇਡ ਪ੍ਰਵਾਨ ਚੜ੍ਹੇ,
ਉਹਨਾਂ ਨੂੰ ਮੰਝਧਾਰਾਂ ਤੋਂ ਡਰ ਲਗਦਾ ਹੈ ?

ਕੱਫਣ ਖ਼ੂਨ ਸਿਰਾਂ ਤੇ ਜਿਹੜੇ ਨਿਕਲੇ ਹਨ,
ਉਹਨਾਂ ਨੂੰ ਨਾ ਦਾਰਾਂ ਤੋਂ ਡਰ ਲਗਦਾ ਹੈ !

ਕੇਹਾ ਚੰਦਰਾ ਮੌਸਮ ਯਾਰੋ ਆਇਆ ਹੈ,
ਬੇੜੀ ਨੂੰ ਪਤਵਾਰਾਂ ਤੋਂ ਡਰ ਲਗਦਾ ਹੈ !

ਹੁਣ ਵੀ ਸ਼ਰਮ-ਹਯਾ ਨੂੰ ਛਿੱਕੇ ਟੰਗਦੇ ਹਨ,
ਇਹਨਾਂ ਕੁਰਸੀ-ਯਾਰਾਂ ਤੋਂ ਡਰ ਲਗਦਾ ਹੈ।

ਵੇਚ ਰਹੇ ਜੋ ਖ਼ੂਨ ਸ਼ਹੀਦਾਂ - ਪੁੱਤਰਾਂ ਦਾ,
ਕੁਝ ਉਹਨਾਂ ਪਰਵਾਰਾਂ ਤੋਂ ਡਰ ਲਗਦਾ ਹੈ !

ਫਤਹ ਤੀਕ ਪਰਵਾਜ਼ ਗੁਰੂ ਕਿਆਂ ਬਾਜ਼ਾਂ ਦੀ,
ਇਹਨਾਂ ਨੂੰ ਸਰਕਾਰਾਂ ਤੋਂ ? ਡਰ ਲਗਦਾ ਹੈ ??

(ਸਤੰਬਰ, 1985)

ਵਿਅੰਗ-ਵਢਾਂਗਾ

ਦਲ ਬਦਲੀ ਨੇ ਕਿੰਨਾ ਵੇਖੋ ਪੈਂਡਾ ਦਿੱਤਾ ਚੀਰ !
ਰਗੜਾ ਸਿੰਘ ਜੀ ਰਾਤੋ-ਰਾਤੀਂ ਬਣ ਗਏ ਕਿਵੇਂ ਵਜ਼ੀਰ!!

ਸਿੱਖੀ ਪੱਗ ਤੇ ਦਸਖਤ ਕਰਨੇ 'ਟੈਲੀਫੋਨ' ਵੀ ਕਰਨਾ ।
ਰਖ 'ਟਿਊਸ਼ਨ' ਐਖੇ - ਸੌਖੇ ਸਿੱਖ ਲਈ ਤਕਰੀਰ ।

ਨਸ਼ਾਬੰਦੀ ਦਾ ਭਾਸ਼ਣ ਕਰਕੇ ਸ਼ਾਮੀਂ ਵਿਸਕੀ ਪੀਣੀਂ,
ਭੋਰਾ ਭਾਰ ਰਹੇ ਨਾ ਮਨ ਤੇ ਹੌਲਾ ਫੁੱਲ ਸਰੀਰ ।

ਜੋ ਕੁਝ ਬਣਦਾ ਹੁਣੇ ਬਣਾਲੋ ਪਾ ਲੋ ਭਾਈ ਮੌਜੇ !
ਕਲ ਦਾ ਕੀ ਭਰਵਾਸਾ ਮਿੱਤਰਾ ? ਕਹਿ ਗਏ ਭਗਤ ਕਬੀਰ !!

ਸਿਆਸਤਦਾਨ

ਗੋਰਮਿੰਟ ਜੋ ਮਿੰਟ ਮਿੰਟ ਤੇ ਕਰਦੀ ਰਹਿੰਦੀ ਗ਼ੌਰ !
ਜਿਸਦੀ ਖਾਤਰ ਨੇਤਾ ਜੀ ਭੰਨਵਾਉਂਦੇ ਨਿਸਦਿਨ ਮੋਰ!!

ਪੈਰੀਂ ਪੱਗਾਂ ਮਿੰਨਤਾਂ-ਤਰਲੇ ਬਾਪ ਗਧੇ ਨੂੰ ਕਹਿਣਾ,
ਹੱਥ ਲਾਉਂਣਾ ਵੋਟਰ ਦੇ ਪੈਰੀਂ ਸਿਰ ਤੇ ਕਰਨਾ ਚੋਰ!

ਚੋਣ ਨੇੜ, ਤਾਂ ਪੈਰ - ਪੈਰ ਤੇ ਜਾਣਾ ਦੇਣ ਵਧਾਈ,
ਵੋਟਰ ਦੀ ਗਾਂ ਵੱਛਾ ਦੇਵੇ, ਬੱਕਰੀ ਜਾਵੇ ਸੋਰ !

ਚੋਣ ਜਿੱਤੀ ਤਾਂ ਮਾਰ ਉਡਾਰੀ ਚੰਡੀਗੜ੍ਹ ਜਾ ਵੜਨਾ,
ਰੇਲੂ ਰੇਲਾ ਰਾਮ ਬਣੇ ਤੇ ਬਦਲ ਜਾਵਦੇ ਤੌਰ !

ਹਲਕੇ ਵਿਚ ਕੀ ਕੱਟਾ ਬੁੰਨਿਐ ? ਮੱਲੀਏ ਚੱਲ ਫਲੈਟ,
ਪੁੱਤ ਲਗਦੈ ਹੁਣ ਵੋਟਰ ਸਾਡਾ ? ਉਕਾ ਚਿੜੀ ਜਨੌਰ!!

' ਜਾਗੋ '
(ਸਤੰਬਰ,1985)

ਸਿੱਖ-ਸਿਆਸਤ ਦਾ ਦੁਖਾਂਤ: ਅਹੁਰ ਤੇ ਇਲਾਜ !

'ਸਿੱਖਾਂ ਨੇ ਅਜੇ ਡਾਂਗ ਤੇ ਡੇਰਾ ਹੀ ਰੱਖਣਾ ਅਥਵਾ ਇਕ ਜੁੱਲੀ-ਚੱਕ ਕੌਮ ਵਜੋਂ ਹੀ ਸੰਸਾਰ 'ਚ ਵਿਚਰਨਾ ਹੈ ਜਾਂ ਆਪਣੇ ਕਿਸੇ ਕਲਪਿਤ-ਘਰ ਦੀ ਪ੍ਰਾਪਤੀ ਵੀ ਕਰਨੀ ਹੈ ?' ਇਸ ਫਨੀਅਰ-ਪ੍ਰਸ਼ਨ ਦੀ ਪਟਾਰੀ ਤੋਂ ਪੋਣਾ ਲਾਹੁਣਾ ਇਸ ਆਰਟੀਕਲ ਦਾ ਵਿਸ਼ਾ ਨਹੀਂ। ਮੰਤਵ, ਪਿਛੋਕੜ ਤੇ ਇਕ ਭਰਵੀਂ ਝਾਤ ਪਵਾਉਂਦਿਆਂ ਹੋਇਆਂ, ਪ੍ਰਸ਼ਨਾਂ ਦੇ ਇਸ ਪ੍ਰਸ਼ਨ ਦਾ ਜਬਾਬ ਦੇਣਾ ਹੈ ਕਿ ਬਿਪਤਾ ਦੇ ਜਿਸ ਜੰਗਲ ਵਿਚ ਕੌਮ ਅੱਜ ਭਟਕ ਰਹੀ ਹੈ ਇਸ 'ਚੋਂ ਇਸਨੂੰ ਕਿਸੇ ਰੋਸ਼ਨ ਦਿਸ਼ਾ ਵੱਲ ਕੱਢਣ ਲਈ ਕਿਹੜੇ ਹੀਲੇ-ਵਸੀਲੇ ਹਨ ਤੇ ਇਹਨਾਂ ਨੂੰ ਕਿਵੇਂ ਵਰਤਣ ਦੀ ਜ਼ਰੂਰਤ ਹੈ।

ਆਪਣੇ ਆਰੰਭ ਤੋਂ ਹੀ ਸਿੱਖ ਕਿਵੇਂ ਜ਼ੁਲਮ ਵਿਰੁਧ ਜੂਝਦੇ ਤੇ ਕਟਦੇ-ਮਰਦੇ ਅਥਵਾ ਕੁਰਬਾਨੀਆਂ ਕਰਦੇ ਰਹੇ ਹਨ ਇਥੇ ਇਸ ਇਤਿਹਾਸ ਨੂੰ ਦੁਹਰ ਪਾਉਂਣ ਦੀ ਜ਼ਰੂਰਤ ਨਹੀਂ। ਗੱਲ ਚਲਦੀ ਸਦੀ ਦੇ ਆਰੰਭ ਤੋਂ ਚਲਾਈਏ ਤਾਂ ਆਸ਼ਾਜਨਕ ਤੱਥ ਇਹ ਦ੍ਰਿਸਟੀਗੋਚਰ ਹੁੰਦੇ ਹਨ ਕਿ ਕੌਮ ਆਪਣੀਆਂ ਬਿਅੰਤ ਕੁਰਬਾਨੀਆਂ ਦੇ ਬਲ-ਬੋਤੇ ਇਸ ਸਮੇਂ ਦੋ ਪ੍ਰਮੁੱਖ-ਪ੍ਰਤੀਨਿਧ ਸੰਸਥਾਵਾਂ ਦੀ ਸਿਰਜਣਾ-ਪ੍ਰਾਪਤੀ ਕਰਦੀ ਹੈ। ਇਹ ਹਨ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸਨੇ ਸਿੱਖਾਂ ਦੀ ਧਾਰਮਿਕ-ਖੇਤਰ ਵਿਚ ਰਾਹਿਨੁਮਾਈ ਕਰਨੀ ਭਾਵ ਧਾਰਮਿਕ-ਸਥਾਨਾਂ ਦਾ ਪ੍ਰਬੰਧ ਤੇ ਧਰਮ ਦਾ ਪ੍ਰਚਾਰ-ਪ੍ਰਸਾਰ ਕਰਨਾ ਸੀ ਤੇ ਦੂਸਰੀ ਸ਼੍ਰੋਮਣੀ ਅਕਾਲੀ ਦਲ, ਜਿਸਨੇ ਸਿੱਖਾਂ ਦੀ ਰਾਜਸੀ-ਖੇਤਰ ਵਿਚ ਅਗਵਾਈ ਕਰਨੀ ਸੀ ਅਥਵਾ ਕੌਮ ਨੂੰ ਰਾਜਸੀ ਸੱਤਾ-ਪ੍ਰਾਪਤੀ ਨਾਲ ਬਲਵਾਨ ਬਣਾਉਂਣਾ ਸੀ। ਦੂਸਰੇ ਸ਼ਬਦਾਂ 'ਚ ਇਸ ਸਮੇਂ ਖਾਲਸਾ-ਪੰਥ ਦੇ ਇਹੀ ਦੋ ਪੈਰ ਸਨ ਜਿਹਨਾਂ ਉਤੇ ਤੁਰ ਕੇ ਪੰਥ ਨੇ ਕਿਸੇ ਮੰਜ਼ਿਲ ਤੇ ਪਹੁੰਚਣਾ ਸੀ। ਪਰ ਮੈਨੂੰ ਅੱਜ ਇਹ ਲਿਖਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਵਰਤਮਾਨ ਸਮੇਂ ਪੰਥ ਦੇ ਇਹ ਦੋਵੇਂ ਪੈਰ ਲਗਪਗ ਪੂਰੀ ਤਰਾਂ ਸ਼ਕਤੀਹੀਣ ਅਥਵਾ ਨਿਕਾਰਾ ਹੋ ਚੁੱਕੇ ਹਨ ਤੇ ਗੁਰੂ ਕਾ ਲਾਡਲਾ ਪੰਥ ਅੱਜ ਗੁਰੂ-ਭੇਜੀਆਂ ਬੈਸਾਖੀਆਂ ਦੇ ਸਹਾਰੇ ਹੀ ਲੜਖੜਾਂਦਾ ਤੁਰਿਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਕਿਰਦਾਰ ਦਾ ਲੇਖਾ-ਜੋਖਾ ਕਰੀਏ ਤਾਂ ਸਾਮਰਤੱਖ ਹੈ ਕਿ ਇਸਦੇ ਮੋਢੀਆਂ ਨੇ ਸਿੱਖ-ਅਵਾਮ ਦੇ ਸਿਰਾਂ ਨਾਲ ਜਿੱਤੇ ਗੁਰੂ ਕੇ ਬਾਗ਼, ਜੈਤੋ ਅਤੇ ਚਾਬੀਆਂ ਆਦਿ ਦੇ ਅਥਵਾ ਗੁਰਦੁਆਰਾ-ਸੁਧਾਰ ਲਹਿਰ ਦੇ ਮੋਰਚਿਆਂ ਨਾਲ ਨਾ ਸਿਰਫ ਸਿੱਖ-ਧਰਮ-ਸਥਾਨਾਂ ਦਾ ਪ੍ਰਬੰਧ ਸੁਧਾਰਨ ਲਈ ਉਪਰਾਲੇ ਕੀਤੇ ਤੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਹੋਂਦ ਵਿਚ ਲਿਆ ਕੇ ਇਕ ਮਾਅਰਕੇ ਦਾ ਸਾਰਥਿਕ-ਕੰਮ ਕੀਤਾ ਸਗੋਂ ਭਾਰਤੀ ਆਜ਼ਾਦੀ ਦਾ ਝੰਡਾ-ਬਰਦਾਰ ਬਣਕੇ ਸਿੱਖਾਂ ਦੀ ਭੱਲ ਵੀ ਬਣਾਈ। ਪਰ ਇਸਤੋਂ ਅਗੇਰੇ ਤੁਰਦਿਆਂ ਖਾਸ ਕਰ ਸੰਨ ਸੰਤਾਲੀ ਤੋਂ ਲੈ ਕੇ ਹੁਣ ਤੀਕ ਦਾ ਅਕਾਲੀ ਦਲ ਦਾ ਇਤਿਹਾਸ ਜਿਥੇ ਇਸਦੀਆਂ ਵਰਕਰ-ਸਫਾਂ ਦੀਆਂ ਕੁਰਬਾਨੀਆਂ ਵਲੋਂ ਸ਼ਾਨਦਾਰ ਹੈ ਉਥੇ ਇਸਦੀ ਨਿਕੰਮੀ-ਲੀਡਰਸ਼ਿਪ ਵਲੋਂ ਉਤਨਾ ਹੀ ਦਾਗਦਾਰ ਹੈ।

ਬਾਬਾ ਖੜਕ ਸਿੰਘ ਤੋਂ ਬਾਅਦ ਮਾਸਟਰ ਤਾਰਾ ਸਿੰਘ ਸਿੱਖਾਂ ਦੇ ਮਕਬੂਲ-ਲੀਡਰ ਹੋਏ ਜਿਨ੍ਹਾਂ ਨੇ ਦੇਸ਼ ਵੰਡ ਸਮੇ ਕੌਮ ਦੀਆਂ ਕੁਰਬਾਨੀਆਂ ਦੀ ਸਾਰੀ ਖੱਟੀ ਪੂੰਜੀਪਤੀ ਬਲਦੇਵ ਸਿੰਘ ਦੀ ਕੋਂਦਰ ਵਿਚ ਇਕ ਵਜ਼ੀਰੀ ਲਈ ਰੋੜ ਦਿੱਤੀ ਅਤੇ ਸੁਆਰਥ-ਹਿਤ ਆਜ਼ਾਦ ਸਿੱਖ-ਖਿਤੇ ਲਈ ਪ੍ਰਯਤਨ ਨਾ ਕਰਨ ਦੀ ਇਤਿਹਾਸਕ ਗਲਤੀ ਕੀਤੀ। ਇਸਤੋਂ ਉਪਰੰਤ ਠੇਕੇਦਾਰ ਲਛਮਣ ਸਿੰਘ ਗਿੱਲ ਨੇ ਮਾਸਟਰ ਜੀ ਦੀ ਲੀਡਰੀ ਦਾ ਪਿੱਪਲ ਪੁੱਟ ਕੇ ਬੁੱਢੇ-ਜੌਹੜ ਤੋਂ ਸੰਤ ਫਤਹਿ ਸਿੰਘ ਦਾ ਬੋਹੜ ਕੌਮ ਦੇ ਵਿਹੜੇ ਵਿਚ ਆਣ ਗੱਡਿਆ ਜਿਸ ਨੇ ਆਉਂਦਿਆਂ ਹੀ ਪਹਿਲਾ ਸ਼ੁਭ-ਕਾਰਜ ਆਪਣੇ ਜੋਟੀਦਾਰ ਸੰਤ ਚੰਨਣ ਸਿੰਘ 'ਗੁਠਾ-ਛਾਪ' ਭਾਵ ਛੋਟੇ ਸੰਤਾਂ ਨੂੰ ਸ਼੍ਰੋ: ਕਮੇਟੀ ਦੀਆਂ ਚਾਬੀਆਂ ਸਾਂਭਣ ਦਾ ਕੀਤਾ। ਕੌਮ ਦੀ ਬਚੀ-ਖੁਚੀ

ਕਿਸਮਤ ਤੇ ਸੁਹਾਗਾ ਸਾਧ-ਜੋੜੀ ਨੇ ਉਸ ਸਮੇਂ ਫੇਰਿਆ ਜਦ ਉਹਨਾਂ 'ਗੁਰੂ ਕੀ ਖੇਤੀ' ਅਥਵਾ ਕੌਮ ਨੂੰ ਖਰਾਬ ਤੇ ਬਰਬਾਦ ਕਰਨ ਲਈ ਛਿੱਤਰ-ਥੁੱਤ ਟੌਹੜੇ ਦੀਆਂ ਜੜ੍ਹਾਂ ਸਿੱਖਾਂ ਦੀ ਇਸ ਪ੍ਰਮੁੱਖ-ਸੰਸਥਾ ਵਿਚ ਲੁਆ ਦਿੱਤੀਆਂ। ਇਹ ਸੰਤਾਂ ਦੀ ਜੋਗ ਦਾ ਅੰਧ-ਕਾਲ ਹੀ ਸੀ ਜਦ ਅਕਾਲੀ-ਦਲ ਸ: ਕਪੂਰ ਸਿੰਘ ਵਰਗੇ ਬੁੱਧੀ-ਜੀਵੀਆਂ ਦੇ ਭਰਵੇਂ ਸਹਿਯੋਗ ਸੇਵਾ ਤੋਂ ਵੰਚਿਤ ਹੋਇਆ।

ਇਸ ਤੋਂ ਅੱਗੇ ਪ੍ਰਧਾਨਗੀ ਦੀ ਝੂਰੀ ਕਬਨ-ਯੋਗ ਧੁਰੰਤਰ 'ਖਾਖੀ-ਵਿੰਦਵਾਨ' ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਮੋਢਿਆਂ ਤੇ ਆਣ ਡਿੱਗੀ। ਆਪ ਜੀ ਵੀ ਛੋਟੇ-ਵੱਡੇ ਸੰਤਾਂ ਵਾਂਗ ਵਿੰਦਵਾਨਾਂ ਦੇ ਬੂਰੇ ਦੇ ਘਰ ਤੱਕ ਕਦਰਦਾਨ ਸਨ! ਆਪ ਇਕ ਕੁਲੱਕਤ ਤੇ ਕੁਰੱਖਤ ਸੁਭਾ ਦੇ ਪ੍ਰਧਾਨ ਸਨ ਜੋ ਪ੍ਰਧਾਨਗੀ ਸਾਂਭੀ ਰੱਖਣ ਲਈ ਸਦਾ ਕੁੱਤਕੇ ਦਾ ਸਹਾਰਾ ਲਿਆ ਕਰਦੇ ਸਨ। ਜਥੇਦਾਰ ਮੋਹਣ ਸਿੰਘ ਜੀ ਦੀ ਪ੍ਰਧਾਨਗੀ ਖੋਹਣ ਲਈ ਆਪ ਜੀ ਨੇ ਇਹੀ ਨੁਸਖਾ ਵਰਤੋਂ ਵਿਚ ਲਿਆਂਦਾ ਸੀ। ਫੇਰ ਜਥੇਦਾਰ ਤਲਵੰਡੀ ਦੀ ਪ੍ਰਧਾਨਗੀ ਵੇਲੇ ਬਾਦਲ ਦੀ ਕੁਰਸੀ-ਲਾਲਸਾ ਨੇ ਭਾਈ ਮਨੀ ਸਿੰਘ ਦੇ ਪਾਵਨ-ਸਥਾਨ ਲੌਂਗੋਵਾਲ ਮਸਤਕ ਰਗੜ ਕੇ ਸੰਤ ਹਰਚੰਦ ਸਿੰਘ ਨੂੰ ਜਥੇਦਾਰ ਤਲਵੰਡੀ ਦੇ ਖੁਰੀਆਂ ਲਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਲਈ ਸ਼ਿਗਾਰਿਆ। ਸੰਤ ਲੌਂਗੋਵਾਲ ਅਕਾਲੀ ਦਲ ਦਾ ਇਕ ਸੇਵਾ-ਭਾਵ ਵਾਲਾ, ਸਨਿਮਰ ਪਰ ਕਮਜ਼ੋਰ ਅਥਵਾ ਰਾਮ-ਗਊ-ਪ੍ਰਧਾਨ ਸੀ ਜਿਸਦੇ ਪਹਿਲੋਂ ਤਲਵੰਡੀ ਵਰਗੇ ਮਾਰਨ-ਖੰਡੇ ਪ੍ਰਧਾਨ-ਸਾਹਨ ਨੇ ਪੈਰ ਨਾ ਲੱਗਣ ਦਿੱਤੇ ਤੇ ਫਿਰ ਸਾਰਾ ਸਮਾਂ ਉਸਨੂੰ ਬਾਦਲ ਟੌਹੜਾ ਤੇ ਹੋਰ ਸ਼ਰਧਾਲੂ ਹੀ ਵਰਤਦੇ ਰਹੇ। ਦੂਸਰੇ ਸ਼ਬਦਾਂ ਵਿਚ ਸੰਤ ਲੌਂਗੋਵਾਲ ਗੁਰੂ ਕੇ ਲੰਗਰ ਦੀ ਉਹ ਲੋਹ ਸੀ ਜਿਸਤੇ ਵਾਰੋ-ਵਾਰੀ ਸਾਰੇ ਸੁਆਰਥੀ ਅਕਾਲੀ-ਲੀਡਰ ਰੋਟੀਆਂ ਲਾਹੁੰਦੇ ਰਹੇ ਤੇ ਅੰਤ ਨੂੰ ਬਰਨਾਲੇ-ਬਲਵੰਤ ਨੇ ਆਟੇ ਦੀ ਪੂਰੀ ਤੋਣ ਲਾਹ ਕੇ ਅਥਵਾ ਆਪਣੇ ਸੁਆਰਥ ਲਈ ਪੰਜਾਬ-ਸਮਝੌਤੇ ਦੀ ਤਾਰੀਖੀ-ਗਲਤੀ ਕਰਵਾ ਕੇ ਇਸ ਲੋਹ ਨੂੰ ਚੁਰ-ਚਿਖਾ ਵਿਚ ਵਗਾਹ ਮਾਰਿਆ। 'ਰੰਨ ਨਾ ਕੰਨ' ਦਾ ਧਾਰਨੀ ਸੰਤ ਲੌਂਗੋਵਾਲ ਆਪਣੇ ਖਾਤਰੂ-ਭਰਾ ਸੰਤ ਭਿੰਡਰਾਂ ਵਾਲੇ ਨਾਲ ਰਲ ਕੇ ਪੰਥ ਦੀ ਉਘੀ ਸੇਵਾ ਕਰ ਸਕਦਾ ਸੀ ਪਰ ਟੌਹੜੇ ਦੀ ਸਿੱਖਾਂ ਦਾ ਸੁਪਰੀਮ-ਲੀਡਰ ਬਣਨ ਦੀ ਲਾਲਸਾ ਨੇ ਦੋਹਾਂ ਸੰਤਾਂ ਨੂੰ ਵਿੰਬ ਤੇ ਰੱਖਣ ਦੀ ਨੀਤੀ-ਤਹਿਤ ਕੀਤੀਆਂ ਸ਼ੈਤਾਨੀਆਂ-ਘਚਾਨੀਆਂ ਨਾਲ ਦੋਹਾਂ ਨੂੰ ਇਕੋ ਬੇੜੀ ਦੇ ਸਵਾਰ ਹੁੰਦੇ ਹੋਏ ਵੀ ਦੋ ਬੇੜੀਆਂ ਤੇ ਚ੍ਹਾੜ, ਦੋ ਵੱਖ-ਵੱਖ ਦਿਸ਼ਾਵਾਂ ਵੱਲ ਤੋਰਿਆ ਤੇ ਫਿਰ ਡੂੰਘੀ ਸਾਜ਼ਿਸ਼ ਨਾਲ ਦੋਹਾਂ ਬੇੜੀਆਂ ਨੂੰ ਕਰੈਸ਼ ਕਰਾ ਕੇ ਪੰਥ ਦੇ ਇਹਨਾਂ ਦੋਹਾਂ ਮਲਾਹਾਂ ਨੂੰ ਬਿਲੇ ਲਾ ਦਿੱਤਾ। ਲੌਂਗੋਵਾਲ ਦੀ ਕਮਜ਼ੋਰੀ-ਮਜ਼ਬੂਰੀ ਦਾ ਜਿਥੇ ਜਿਉਂਦਿਆਂ ਟੌਹੜੇ-ਬਾਦਲ ਨੇ ਪੂਰਾ ਫਾਇਦਾ ਉਠਾਇਆ ਉਥੇ ਮਰਨ-ਉਪਰੰਤ ਬਲਵੰਤ-ਬਰਨਾਲੇ ਨੇ ਉਸਦੀ ਲਾਸ਼ ਦਾ ਪੂਰਾ ਪੂਰਾ ਭਾਅ ਵੱਟਿਆ ! ਪੰਥ ਦੇ ਵਰਤਮਾਨ ਦੁਖਾਂਤ ਲਈ ਜਿਥੇ ਟੌਹੜੇ ਦੀ ਸੁਕਾਰ ਨਾਲ ਸਾਜ਼ਿਸ਼ ਤੇ ਸਿੱਖਾਂ ਨਾਲ ਗੱਦਾਰੀ ਨੂੰ ਜ਼ਿਮੇਵਾਰ ਠਹਿਰਇਆ ਜਾਂਦਾ ਰਹੇਗਾ ਉਥੇ ਲੌਂਗੋਵਾਲ ਦੀ ਘੱਟ ਸਿਆਸੀ-ਸੂਝ ਅਤੇ ਕਮਜ਼ੋਰੀ ਨੂੰ ਵੀ ਕਦੇ ਬਰੀ ਨਹੀਂ ਕੀਤਾ ਜਾ ਸਕੇਗਾ !

ਸਾਧਾਰਨ ਸਿੱਖ, ਜਿਹਨਾਂ ਨੂੰ ਸੁਆਰਥੀ ਅਕਾਲੀ-ਲੀਡਰ ਦਹਾਕਿਆਂ ਤੋਂ 'ਪੰਥ ਖਤਰੇ 'ਚ' ਦਾ ਨਾਅਰਾ ਲਾ ਕੇ ਕੁਰਬਾਨੀ ਦੇ ਬੱਕਰੇ ਬਣਾਉਂਦੇ ਰਹੇ, ਹਮੇਸ਼ਾ ਅਕਾਲੀ ਦਲ ਪ੍ਰਤੀ ਸਹਿਰਦ ਤੇ ਵਫ਼ਾਦਾਰ ਰਹੇ ਹਨ। ਅਕਾਲੀ ਦਲ ਨੇ ਜੋ ਉਮੀਦਵਾਰ ਵੀ ਉਹਨਾਂ ਤੇ ਠੋਸਿਆ-ਥਾਪਿਆ ਉਹਨਾਂ ਵੀਹ ਗਿਲੇ-ਗੁਜ਼ਾਰਿਸ਼ਾਂ ਹੁੰਦਿਆਂ ਵੀ ਅਪਣੀ ਵਫ਼ਾ-ਵੋਟ-ਨੋਟ ਉਸ ਦੀ ਝੋਲੀ ਪਾ ਕੇ ਪਾਰਟੀ ਲੀਡਰਸ਼ਿਪ ਦਾ ਹੁਕਮ ਮੰਨਿਆ। ਪਰ ਅੱਜ ਪੰਥ ਉਤੇ ਪਈ ਭੀੜ ਸਮੇਂ ਦੋਹਾਂ ਮੁੱਖ ਅਕਾਲੀ ਦਲਾਂ ਦੇ ਮੂਹਰੇ-ਮੂਹਰੇ ਫਿਰਦੇ ਲੀਡਰਾਂ ਚੋ ਕਿਹੜੇ ਕਿਹੜੇ ਸਿੱਖ-ਅਵਾਮ ਦੀ ਇਸ ਵਫ਼ਾ ਦਾ ਮੁੱਲ ਮੋੜ ਰਹੇ ਹਨ ? ਕਿਸ ਕਿਸ ਨੂੰ ਭੱਠ ਪਈ ਕੌਮ ਦੀ ਚਿੰਤਾ ਹੈ ? ਅੱਜ ਦੇ ਦੋਹਾਂ ਦਲਾਂ ਦੇ ਦਰਵਾਜ਼ਿਆਂ ਤੇ ਆਪਣੀ ਖੁਦਗਰਜ਼ੀ ਲਈ ਲਾਏ ਗਏ 'ਸ਼੍ਰੋਮਣੀ ਅਕਾਲੀ ਦਲ' ਦੇ ਬੋਰਡਾਂ ਹੇਠ ਬੈਠੇ ਵਿਚਾਰੇ ਸਿੱਖ ਅੱਜ ਵੀ ਸ਼੍ਰੋ: ਅਕਾਲੀ ਦਲ ਪ੍ਰਤੀ ਸੁਹਿਰਦ ਹਨ ਪਰ ਇਹਨਾਂ ਦੋਹਾਂ ਦਲਾਂ ਦੇ ਚੁਬਾਰਿਆਂ 'ਚ ਬੈਠੇ ਲੀਡਰਾਂ ਦਾ ਦਿੱਲੀ ਨਾਲ ਅੱਖ-ਮੁਟੱਕਾ ਹੈ। ਜੇ ਅੱਜ ਵੀ ਇਹ ਨਾਮ-ਨਿਹਾਦ ਲੀਡਰ-ਲੋਕ ਕੌਮ ਤੇ ਪਈ ਇਸ ਕਹਿਰੀ-ਬਿਪਤਾ

ਸਮੇਂ ਪੰਥਕ-ਹਿਤਾਂ ਨਾਲੋਂ ਪਹਿਲ ਖੁਦਗਰਜ਼ੀ ਨੂੰ ਹੀ ਦੇ ਰਹੇ ਹਨ। ਜੇ ਅੱਜ ਵੀ ਵੱਢੀ-ਟੁੱਕੀ ਕੌਮ ਦੀ ਦਸ਼ਾ ਉਤੇ ਤਰਸ ਨਾ ਖਾ ਕੇ ਇਹਨਾਂ ਦਾ ਇਕ ਨਿਸ਼ਾਨਾ ਸਿਰਫ ਕੁਰਸੀ ਹੀ ਹੈ। ਕੀ ਫਿਰ ਅਜਿਹੇ ਨਿਕਾਰਾ-ਨਿਕੰਮੇ ਲੋਕਾਂ ਨੂੰ ਲੀਡਰ ਮੰਨ ਕੇ ਸਿੱਖ-ਅਵਾਮ ਨੂੰ ਇਹਨਾਂ ਮਗਰ ਅੱਖਾਂ ਮੀਟ ਕੇ ਤੁਰੇ ਜਾਣਾ ਚਾਹੀਦਾ ਹੈ ? ਹਰਗਿਜ਼ ਨਹੀਂ !

ਅੱਜ ਇਸ ਮੋੜ ਤੇ ਖੜ੍ਹ ਕੇ ਸਿੱਖ-ਅਵਾਮ ਨੂੰ ਸੋਚਣ ਦੀ ਜ਼ਰੂਰਤ ਹੈ ਕਿ ਜੇ ਟੌਹੜੇ ਵਰਗੇ ਛਲੇਡੇ ਤੇ ਖੁਦਗਰਜ਼-ਖੋਟੇ ਅਖੌਤੀ-ਲੀਡਰ ਅੰਦਰਖਾਤੇ ਕਾਮਰੇਡਾਂ-ਕਾਂਗਰਸੀਆਂ ਦੋਹਾਂ ਨਾਲ ਦੋਸਤੀ ਗੰਢਦਿਆਂ, ਸਿੱਖ-ਧਰਮ-ਸਥਾਨਾਂ ਨੂੰ ਨਾਸਤਿਕਾਂ ਕੋਲ ਗਹਿਣੇ ਰੱਖਕੇ ਤੇ ਧਾਰਮਿਕ-ਸ਼ਖਸੀਅਤਾਂ ਤੇ ਮਾਸੂਮ ਸਿੱਖਾਂ ਨੂੰ ਸ਼ਹੀਦ ਕਰਵਾ ਕੇ ਵੀ ਕੌਮ ਦੇ ਸੁਪਰੀਮ-ਲੀਡਰ ਬਣਨ ਦੇ ਤਲਬਗਾਰ ਹਨ !

ਜੇ ਬਲਵੰਤ ਸਿੰਘ ਵਰਗੇ ਸਿੱਖੀ ਕੱਦ ਵਿਚ ਠੇਂਗਣੇ ਸਿਰਫ ਚੋਣਾਂ ਵੇਲੇ ਸਿਰੀ ਕੱਢਕੇ, ਸਿੱਖ ਵਜ਼ਾਰਤਾਂ 'ਚ ਮੋਹਰੀ ਬਣਦਿਆਂ, ਕਾਰਖਾਨਿਆਂ ਵਿਚ ਮਾਇਆ ਵੇਲ ਕੇ, ਬਾਹਰਲੀਆਂ ਬੈਂਕਾਂ ਦੇ ਢਿੱਡ ਭਰ ਕੇ ਤੇ ਨੌਜਵਾਨਾਂ ਦੇ ਜਤੀਂ ਤੇਲ ਦੇ ਕੇ ਕੇਂਦਰ ਦਾ ਪੱਖ ਪੂਰਦੇ, ਸਿੱਖੀ ਨੂੰ ਸੁਆਰਥ ਤੋਂ ਕੁਰਬਾਨ ਕਰੀ ਜਾ ਰਹੇ ਹਨ !

ਜੇ ਬਰਨਾਲੇ ਵਰਗੇ ਲੋਕ ਸ਼ਹੀਦਾਂ ਦੀਆਂ ਲਾਸ਼ਾਂ ਉਤੇ ਵਜ਼ਾਰਤਾਂ ਉਸਾਰ ਕੇ ਸਿਰਫ ਗੱਦੀ ਲਈ ਸਿੱਖੀ-ਪਰੰਪਰਾਵਾਂ ਦੇ ਵਿਪਰੀਤ ਜਾ ਕੇ ਦਿੱਲੀ ਵੱਜਦੀ ਝੁਗਝੁਗੀ ਤੇ ਨੱਚ ਕੇ ਉਸਤੋਂ ਵੀ ਦੋ ਕਦਮ ਪਰੇਰੇ ਜਾ ਸਕਦੇ ਹਨ !

ਜੇ ਬਾਦਲ ਵਰਗੇ ਪੰਥ ਦੇ ਅਖੌਤੀ 'ਨਿਸ਼ਕਾਮ-ਸੇਵਕ' ਸਿਰਫ ਮੁੱਖ-ਮੰਤਰੀ ਦੀ ਕੁਰਸੀ ਲਈ ਵੱਖਰੇ ਦਲ ਸਿਰਜ ਸਕਦੇ ਹਨ ਤੇ ਆਪਣੀ ਹਰ ਚੋਣ ਵਿਚ ਅਕਾਲੀ-ਕਾਂਗਰਸੀ ਵਰਕਰਾਂ ਨੂੰ ਅੱਖਾਂ ਸਾਹਵੇਂ ਡਾਂਗੋ-ਡਾਂਗੀ ਹੁੰਦੇ ਵੇਖ ਕੇ ਵੀ ਅਪਣੇ ਸਿਆਸੀ-ਭਵਿੱਖ ਲਈ ਕਾਂਗਰਸੀਆਂ ਸਾਹਵੇਂ ਰਿਸ਼ਤੇ ਦਾਰੀਆਂ ਗੰਢਦੇ ਹਨ !

ਜੇ ਪਰਸੋਂ ਲੋਕਾਂ ਤੋਂ ਛਿੱਲਤ-ਛਿੱਲਤ ਉਗਰਾਹੁਣ ਵਾਲੇ ਢਾਡੀ ਤੇ ਢੋਲਕੀ-ਕੁੱਟ, ਕੁਲ ਪੰਥ ਦੇ ਤਰਜਮਾਨ ਬਣਕੇ ਅਪਣੇ ਹਲਕੇ ਦੇ ਸਿੱਖਾਂ ਤੋਂ ਸੀਮੈਂਟ-ਪਾਸਪੋਰਟ ਦੀਆਂ ਦਰਖਾਸਤਾਂ ਤੇ ਦਸਖ਼ਤ ਕਰਨ ਲਈ ਉਹਨਾਂ ਦੀ ਛਿੱਲ ਲਾਹੁਣ ਤੋਂ ਲੈ ਕੇ ਅੱਜ ਏਜੰਸੀਆਂ ਦੇ ਮਾਲਕ ਬਣ ਕੇ ਪੰਥ ਤੇ ਪਈ ਇਸ ਭੀੜ ਸਮੇਂ ਵੀ ਅਪਣੀਆਂ ਜੇਬਾਂ ਹੀ ਭਰ ਰਹੇ ਹਨ। ਤਾਂ ਅਜਿਹੇ ਖੁਦਗਰਜ਼ ਲੋਕਾਂ ਦੇ ਕੰਧੇ ਤੇ ਪੰਜਾਲੀ ਧਰ ਕੇ ਪੰਥ ਭਲਾ ਕਿਹੜੀ ਮੰਜ਼ਿਲ ਤੇ ਪਹੁੰਚ ਜਾਵੇਗਾ ?

ਵੰਡ ਮਗਰੋਂ ਕਾਂਗਰਸ-ਸਰਕਾਰ ਨੇ ਕਾਂਗਰਸੀ ਪਟੇ ਵਾਲੇ ਸਿੱਖਾਂ ਰਾਹੀਂ ਇਸਤੇ ਕਬਜ਼ਾ ਕਰਨ ਤੇ ਕਾਬਜ਼ ਰਹਿਣ ਲਈ ਇਸਦੇ ਮਾਹੌਲ ਨੂੰ ਕਸ਼ੀਦਗੀ ਵਾਲਾ ਬਣਾਈ ਰੱਖਿਆ ਤੇ ਮਗਰੋਂ ਲੰਬੇ ਅਰਸੇ ਤੋਂ ਲੈ ਕੇ ਹੁਣ ਤੱਕ ਗੁਰੂ ਕੀ ਸਿੱਖੀ ਨੂੰ ਪ੍ਰਫੁੱਲਤ ਕਰਨ ਦੇ ਵੱਡੇ ਦਾਅਵੇਦਾਰ ਅਖੌਤੀ ਅਕਾਲੀ-ਲੀਡਰਾਂ ਨੇ ਸਵੱਛ ਗੁਰਦੁਆਰਾ ਪ੍ਰਬੰਧ ਦੇਣ ਤੇ ਅੰਮ੍ਰਿਤ-ਸੰਚਾਰ ਕਰਨ ਦੀ ਥਾਂਵੇਂ ਇਸਨੂੰ ਸਿਆਸੀ-ਗੌਤਕੇਬਾਜ਼ੀ ਦਾ ਅਖਾੜਾ ਬਣਾਇਆ ਹੋਇਆ ਹੈ।

ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜੇ ਵਿਚ ਤਬਦੀਲ ਕਰਨ ਵਿਚ ਸਭ ਤੋਂ ਵੱਧ ਹੱਥ ਗੁਰਚਰਨ ਸਿੰਘ ਟੌਹੜੇ ਦਾ ਰਿਹਾ ਹੈ। ਉਹ ਜਿਥੇ ਸਿੱਖ-ਵਿਰੋਧੀ ਨਕਲੀ ਨਿਰੰਕਾਰੀ-ਲਹਿਰ ਨੂੰ ਉਭਾਰਨ ਵਿਚ ਸਰਕਾਰ ਦਾ ਸਹਿਯੋਗੀ ਬਣਿਆ ਉਥੇ ਉਸ ਨੇ ਸੰਤ ਜਰਨੈਲ ਸਿੰਘ ਨੂੰ ਸ਼ਹੀਦ ਕਰਵਾਣ, ਅਕਾਲ ਤਖਤ ਨੂੰ ਢਵਾਂਣ ਅਤੇ ਕੌਮ ਦੀ ਜਾਨੀ-ਮਾਲੀ ਤੇ ਇੱਜ਼ਤ-ਆਬਰੂ ਪੱਖੋਂ ਹਾਨੀ ਕਰਵਾਣ ਲਈ ਲੌਂਗੋਵਾਲ ਨੂੰ ਵਰਗਲਾ ਕੇ ਸਰਕਾਰ ਨਾਲ ਅੰਦਰਖਾਤੇ ਹੱਥ ਮਿਲਾਇਆ। ਮਗਰੋਂ ਇਹੀ

ਸ਼ੈਤਾਨ ਦੀ ਛੜੀ ਟੌਹੜਾ ਸਰਕਾਰੀ-ਹਿਫਾਜ਼ਤ ਵਿਚੋਂ ਬਾਹਰ ਆ ਨੌਜਵਾਨਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਣ ਲਈ ਪਰਕਰਮਾ ਵਿਚ 'ਸੰਤ ਜਰਨੈਲ ਸਿੰਘ-ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਸ਼੍ਰੋਮਣੀ ਕਮੇਟੀ ਦੀਆਂ ਚਾਬੀਆਂ ਬੋਝੇ ਪਾ ਤੇ ਫਿਰ, ਬਾਦਲ ਨਾਲ ਖੁੜ 'ਪੰਜਾਬ-ਸਮਝੌਤੇ' ਦਾ ਵਕਤੀ ਵਿਰੋਧ ਕਰਕੇ ਲੋਂਗੋਵਾਲ ਦਾ ਕੰਡਾ ਕਢਵਾਣ ਦਾ ਮਾਹੌਲ ਬਣਾ ਕੇ ਆਪ ਰਾਜ਼ੀ-ਖੁਸ਼ੀ, ਅੰਦਰ ਪਹੁੰਚ ਜਾਂਦਾ ਹੈ।

ਸਿੱਖਾਂ ਦੀ ਸੁਬੋਤਮ ਧਾਰਮਿਕ-ਸੰਸਥਾ ਦੇ ਪੇਸ਼ ਪਏ ਇਸ 'ਪਾਪੀ ਪੋਪ' ਨੇ ਪਾਰਲੀਮੈਂਟ ਦੀ ਇਕ ਨਿਗੂਣੀ-ਮੈਂਬਰੀ ਸਾਰੇ ਪੰਥ ਦੇ ਹਾਲ-ਪਾਹਰਿਆ ਪਾਉਂਣ ਤੇ ਵੀ ਨਹੀਂ ਛੱਡੀ ਭਾਵੇਂ ਕਿ ਪਾਰਲੀਮੈਂਟ ਵਿਚ ਸਾਰਾ ਸਮਾਂ ਇਹ ਮੂੰਹ ਵਿਚ ਘੁੰਗਣੀਆਂ ਪਾ ਕੇ ਕਿਸੇ ਅਫਸੋਸ ਕਰਨ ਗਏ ਬੰਦੇ ਵਾਂਗ ਹੀ ਬੈਠਾ ਰਿਹਾ ਹੈ। ਉਕਤ ਦੋਵੇਂ ਅਹੁਦੇ ਲੈ ਕੇ ਵੀ ਇਸ ਰਾਜਸੀ ਹਵਸ-ਵੱਸ ਹਲਕੇ ਪੰਥ-ਘਾਤਕ ਦੀਆਂ ਲਾਲਾ ਮੁੱਖ ਮੰਤਰੀ ਦੇ ਅਹੁਦੇ ਲਈ ਹੁਣ ਤਕ ਮਤਵਾਤਰ ਡਿੱਗਦੀਆਂ ਰਹੀਆਂ ਹਨ ਅਤੇ ਇਸਤੋਂ ਉਤੋਂ ਦੀ ਸ਼੍ਰੋ: ਅਕਾਲੀ ਦਲ ਦਾ ਪ੍ਰਧਾਨ ਬਣ ਜਾਣ ਦੀ ਸਧਰ ਇਸਦੇ ਸੀਨੇ ਸਦਾ ਚਿਖਾ ਵਾਂਗ ਬਲਦੀ ਰਹੀ ਹੈ।

ਨਿਰਸੰਦੇਹ ਪਿਛਲੇ 16 ਅਕਤੂਬਰ ਨੂੰ ਅਜਿਹੇ-ਅਧਰਮੀ ਅਥਵਾ ਨਾਸਤਿਕ ਮਨੁੱਖ ਦਾ ਸਿੱਖਾਂ ਦੀ ਇਸ ਸਰਬੋਤਮ ਧਾਰਮਿਕ-ਸੰਸਥਾ ਦਾ 16ਵੀਂ ਵੇਰ ਪ੍ਰਧਾਨ ਚੁਣੇ ਜਾਣਾ ਧਰਮ-ਪ੍ਰਸਤ ਸਿੱਖਾਂ ਲਈ ਦੁਖਦਾਇਕ ਹੈ ਪਰ ਵੇਖਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਹੜੇ ਪਿਛਲੱਗ ਕਮੇਟੀ-ਮੈਂਬਰ ਅਜਿਹੇ ਨੰਗੇ-ਚਿੱਟੇ ਨਾਸਤਿਕ ਅਥਵਾ ਓਪ੍ਰੇਸ਼ਨ ਬਲਿਊ-ਸਟਾਰ ਵਿਚ ਭਾਗੀਦਾਰ ਨਿੱਘਰੇ ਵਿਅਕਤੀ ਨੂੰ ਅੱਜ ਵੀ ਪ੍ਰਧਾਨ ਚੁਣਦੇ ਹਨ ਕੀ ਉਹਨਾਂ ਦੀ ਸਿੱਖ-ਧਰਮ ਵਿਚ ਕੋਈ ਸ਼ਰਧਾ-ਆਸਥਾ ਹੈ ? ਕੀ ਉਹਨਾਂ ਦੀ ਜ਼ਮੀਰ ਓਪ੍ਰਰੇਸ਼ਨ ਬਲਿਊ-ਸਟਾਰ ਮਗਰੋਂ ਵੀ ਜਾਗੀ ਹੈ ? ਬਿਲਕੁਲ ਨਹੀਂ ! ਇਹ ਅਜਿਹੇ ਪੰਥ-ਮਾਰੂ ਲੀਡਰਾਂ ਦੇ ਜੀ-ਹਜ਼ੂਰੀਏ ਅਥਵਾ ਉਹੀ ਟਾਊਟ-ਲੋਕ ਹਨ ਜਿਹਨਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਟਿਕਟਾਂ ਹੀ ਇਸ ਸ਼ਰਤ ਤੇ ਦਿੱਤੀਆਂ ਗਈਆਂ ਸਨ ਕਿ ਉਹ ਇਹਨਾਂ ਮਗਰ ਅੱਖਾਂ ਤੇ ਪੱਟੀ ਬੁੰਨਕੇ ਤੁਰਦੇ ਆਉਂਣਗੇ ਅਥਵਾ ਅਜਿਹੇ ਮਸੰਦਾਂ ਨੂੰ ਪ੍ਰਧਾਨ ਚੁਣਦੇ ਰਹਿਣਗੇ। ਨਿਰੰਕਾਰੀ-ਸਾਕੇ ਉਪਰੰਤ ਹੋਈਆਂ ਚੋਣਾਂ ਦੌਰਾਨ ਜਦ ਸੰਤ ਭਿੰਡਰਾਂ ਸ਼੍ਰੋਮਣੀ ਕਮੇਟੀ ਵਿਚੋਂ ਅਜਿਹੇ ਧਰਮ-ਵਿਹੂਣੇ ਅਨਸਰ ਦਾ ਸਫਾਇਆ ਕਰਨਾ ਦੀ ਤਮੰਨਾ ਰਖਦੇ ਸਨ, ਉਹਨਾਂ ਉਸ ਸਮੇਂ ਜ: ਉਜਾਗਰ ਸਿੰਘ ਸੇਖਵਾਂ ਨੂੰ ਹਰ ਹਲਕੇ ਵਿਚੋਂ ਅੰਮ੍ਰਿਤਧਾਰੀ-ਗੁਰਮੁਖਾਂ ਨੂੰ ਟਿਕਟ ਦੇਣ ਦੀ ਗੱਲ ਕਹੀ ਤਾਂ ਜਥੇਦਾਰ ਸੇਖਵਾਂ ਨੇ ਮੰਨਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੀਟਾਂ ਲਈ ਅੰਮ੍ਰਿਤਧਾਰੀ-ਉਮੀਦਵਾਰ ਲੱਭਣੇ ਮੁਸ਼ਕਲ ਹਨ। ਜੇ ਸਿੱਖਾਂ ਦੀ ਵਾਹਿਦ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਇਸ ਧਾਰਮਿਕ-ਪਾਰਲੀਮੈਂਟ ਦੇ ਹੋਂਦ ਵਿਚ ਆਉਂਣ ਤੋਂ ਸੱਠ ਸਾਲ ਮਗਰੋਂ ਵੀ ਇਸਦੇ ਹਰ ਹਲਕੇ ਲਈ ਇਕ ਇਕ ਅੰਮ੍ਰਿਤਧਾਰੀ-ਕੈਂਡੀਡੇਟ ਪੈਦਾ ਨਹੀਂ ਕਰ ਸਕੀ ਤਾਂ ਸਿੱਖਾਂ ਵਲੋਂ ਅੱਜ ਆਪਣੀਆਂ ਇਹਨਾਂ ਦੋ ਪਿਆਰੀਆਂ ਪ੍ਰਮੁੱਖ ਸੰਸਥਾਵਾਂ ਦੇ ਮੇਜਰ-ਓਪਰੇਸ਼ਨ ਕਰਨ ਅਥਵਾ ਇਹਨਾਂ ਵਿਚ ਇਨਕਲਾਬੀ-ਤਬਦੀਲੀਆਂ ਕਰਕੇ ਇਹਨਾਂ ਤੇ ਕਾਬਜ਼ ਬੋਥੀ, ਜਰਜਰੀ ਤੇ ਖੁਦਗਰਜ਼ ਲੀਡਰਸ਼ਿਪ ਨੂੰ ਗੱਦੀਆਂ ਤੋਂ ਧੂਹ ਲਾਹੁਣ ਬਿਨਾਂ ਪੰਥ ਦਾ ਭਵਿੱਖ ਕਿਵੇਂ ਵੀ ਰੋਸ਼ਨ ਨਹੀ ਹੋ ਸਕਦਾ !

ਪਿੱਛੇ ਆਨੰਦਪੁਰ ਸਾਹਿਬ ਵਿਚ ਹੋਈ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਸਮੇਂ ਜਿਵੇਂ ਦੋਹਾਂ ਦਲਾਂ ਨੇ ਕਮੇਟੀ ਦੀ ਵੱਖਰੀ ਵੱਖਰੀ ਚੋਣ ਕਰਕੇ ਸ਼੍ਰੋਮਣੀ ਕਮੇਟੀ ਨੂੰ ਦੋਫਾੜ ਕਰਕੇ, ਕੁਰਸੀ ਲਈ ਭਾਂਗ ਵਾਹ ਕੇ, ਆਪਣੀ ਆਪਣੀ ਅਕਲ ਦਾ ਜਨਾਜ਼ਾ ਕੱਢਿਆ ਹੈ ਉਸਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਹਨਾਂ ਦੋਹਾਂ ਧੜਿਆਂ ਵਿਚੋਂ ਕਿਸੇ ਨੂੰ ਨਾ ਮਰ ਰਹੀ ਕੌਮ ਨਾਲ ਭੋਰਾ ਪਿਆਰ ਹੈ ! ਨਾ ਸ਼੍ਰੋਮਣੀ ਕਮੇਟੀ ਦੀ ਹੋਂਦ ਰੱਖਣ ਨਾਲ ਕੋਈ ਸਰਕਾਰ !! ਨਾ ਪੰਥ ਦੀ ਇੱਜ਼ਤ-ਆਬਰੂ ਦਾ ਉੱਕਾ ਸਤਿਕਾਰ !!! ਹੁਣ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਸਲਾਹ ਨਾਲ ਕਰਦਾ ਰਿਹਾ ਟੌਹੜਾ, ਇਸ ਚੋਣ 'ਚ ਕੇਂਦਰ ਨਾਲ ਮਿਲੀ-ਭੁਗਤ ਰਾਹੀਂ ਕਾਮਰੇਡ ਸੁਰਜੀਤ ਨੂੰ

ਬਰਨਾਲੇ ਦੀ ਮਦਦ ਤੇ ਲਿਆ ਕੇ ਆਪਣੇ ਮੱਥੇ ਉਤੇ ਲੱਗੇ ਕਾਮਰੇਡ ਨਾਲ ਸਬੰਧ ਰੱਖਣ ਦੇ ਕਲੰਕ ਨੂੰ ਧੋ ਕੇ ਤੇ ਇਹੀ ਦੋਸ਼ ਬਰਨਾਲੇ ਤੇ ਲਾ ਕੇ ਚੋਣ ਜਿੱਤਣ ਲਈ ਹਥਕੰਡੇ ਵਰਤਦਾ ਹੈ ਤੇ ਦੂਜੇ ਪਾਸੇ ਸ਼ਹੀਦਾਂ ਦੇ ਸਿਰਾਂ ਦਾ ਮੁੱਲ ਵੱਟ ਕੇ ਮੁੱਖ ਮੰਤਰੀ ਬਣ, ਦਿੱਲੀ-ਪਲੰਘ ਦੇ ਪੁਆਂਦੀ ਬੈਠ, ਆਪਣੀ ਜ਼ਮੀਰ-ਅਣਖ ਨੂੰ ਮਾਰ ਉਸਦੇ ਹੁਕਮ ਦਾ ਤਾਬਿਆਦਾਰ ਬਣ ਸਿੱਖ-ਧਰਮ ਅਸਥਾਨਾਂ ਵਿਚ ਆਏ ਦਿਨ ਪੁਲੀਸ ਭੇਜਣ ਤੇ ਨੌਜਵਾਨਾਂ ਨੂੰ ਫੂੰਡਣ ਵਾਲਾ ਬਰਨਾਲਾ ਸ਼੍ਰੋਮਣੀ ਕਮੇਟੀ ਦਾ ਇਸ ਚੋਣ ਨੂੰ ਖ਼ਰੂਦੀ-ਅਖਾੜਾ ਬਣਾ ਕੇ ਇਸਨੂੰ ਤੋੜਨ ਦੀ ਵਿਉਂਤ ਵਿਚ ਦਿੱਲੀ ਦਾ ਹੱਥ-ਠੋਕਾ ਬਣਦਾ ਹੈ। ਪ੍ਰਤੱਖ ਹੈ ਕਿ ਇਹਨਾਂ ਦੋਹਾਂ ਧੜਿਆਂ ਦੇ ਲੀਡਰ 'ਹਰਿ ਕੇ ਸੰਤ' ਨਹੀਂ 'ਬਨਾਰਸ ਕੇ ਠਗ' ਹਨ ਜੁ ਗੁਰੂ ਅਥਵਾ ਧਰਮ ਦੇ ਨਾਂ ਤੇ ਗੁਰੂ ਪੰਥ ਨਾਲ ਮਸੰਦਾਂ ਦੇ ਪਹਿਰਾਵੇ ਵਿਚ ਠੱਗੀਆਂ ਮਾਰ ਰਹੇ ਹਨ !

ਇਸ ਸਾਰੇ ਵਿਵਰਣ ਦੇਣ ਦਾ ਮਕਸਦ ਸਿਰਫ ਸਿੱਖ-ਸੰਸਾਰ ਨੂੰ ਇਹ ਦੱਸਣਾ ਹੈ ਕਿ ਕੌਮ ਦੀਆਂ ਦੋਹਾਂ ਪ੍ਰਮੁੱਖ ਸੰਸਥਾਵਾਂ ਸ਼੍ਰੋ: ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀਆਂ ਮੋਹਰਲੀਆਂ ਸਫਾਂ ਵਿਚ ਵਿੰਦਮਾਨ ਕਰੀਬ ਕਰੀਬ ਸਾਰੇ ਲੀਡਰ ਭ੍ਰਿਸ਼ਟ ਤੇ ਖੁਦਗਰਜ਼ ਹਨ, ਜਿਹਨਾਂ ਨੂੰ ਪੰਥ ਨਾਲ ਕੋਈ ਪਿਆਰ ਨਹੀਂ ਸਿਰਫ ਕੁਰਸੀ ਦੀ ਲਾਲਸਾ ਹੈ। ਧਰਮ ਵਿਚ ਆਸਥਾ ਰੱਖਣ ਵਾਲੇ ਸਾਊ-ਸ਼ਰੀਫ ਸਿੱਖ ਇਹਨਾਂ ਦੇ ਪਾਏ ਹਨੇਰ ਤੇ ਬੁਰਛਾਗਰਦੀ ਤੋਂ ਸਤ ਕੇ ਸਿੱਖ-ਰਾਜਨੀਤੀ ਵਲੋਂ ਉਦਾਸੀਨ ਹੋ ਘਰੀਂ ਦਤੇ ਬੈਠੇ ਹਨ। ਬਿਪਤਾ ਚੋਂ ਗੁਜ਼ਰ ਰਹੇ ਪੰਥ ਦੀ ਆਨ-ਸ਼ਾਨ ਲਈ ਇਹਨਾਂ ਦੋ ਸੰਸਥਾਵਾਂ ਦੀ ਜ਼ਿਮੇਵਾਰੀ ਦਾ ਕਾਰਜ ਦਮਦਮੀ ਟਕਸਾਲ ਦੇ ਸਿੰਘ ਤੇ ਖਾੜਕੂ-ਗਰੁੱਪ ਜਾਨਾਂ ਤਲੀ ਤੇ ਧਰ ਕੇ ਨਿਭਾਅ ਰਹੇ ਹਨ। ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸਿੱਖਾਂ ਦੀ ਵਾਹਿਦ ਪ੍ਰਤੀਨਿਧ ਕਹੀ ਜਾਂਦੀ ਜਮਾਤ ਸ਼੍ਰੋ: ਅਕਾਲੀ ਦਲ ਦੀ ਖੁਦਗਰਜ਼ ਗੰਦੀ-ਲੀਡਰਸ਼ਿਪ ਕੌਮ ਲਈ ਕੁਰਬਾਨ ਹੋ ਰਹੇ ਨੌਜਵਾਨਾਂ ਦੀ ਢਾਲ ਬਣਨ ਦੀ ਬਜਾਏ ਅੱਜ ਵੀ ਉਹਨਾਂ ਦੀ ਢਿੱਡੋਂ ਦੁਸ਼ਮਣ ਹੈ ਤੇ ਉਹਨਾਂ ਨੂੰ ਆਪਣੇ ਲਈ ਇਕ ਵੰਗਾਰ ਸਮਝ ਰਹੀ ਹੈ। ਜੇ ਇਹਨਾਂ ਦੋਹਾਂ ਸ਼੍ਰੋਮਣੀ ਸਿੱਖ-ਸੰਸਥਾਵਾਂ ਤੇ ਕਾਬਜ਼ ਲੀਡਰਸ਼ਿਪ ਮੌਜੂਦਾ ਹਾਲਤ 'ਚ ਵੀ ਸਿੱਖ-ਹਿਤਾਂ ਉਤੇ ਪਹਿਰਾ ਦੇਣ ਤੋਂ ਅਸਮਰਥ, ਕੌਮ ਲਈ ਮਰ ਰਹੇ ਆਪਣੇ ਨੌਜਵਾਨ ਪੁੱਤਰਾਂ ਦੀ ਦੁਸ਼ਮਣ ਅਤੇ ਸਿੱਖੀ ਦੀ ਸੇਵਾ-ਸੰਭਾਲ ਦੀ ਕਿਵੇਂ ਵੀ ਜ਼ਾਮਨ ਨਹੀਂ ਤਾਂ ਸਪੱਸ਼ਟ ਹੈ ਕਿ ਖਾਲਸਾ-ਪੰਥ ਦੇ ਇਹ ਦੋਵੇਂ ਪੈਰ ਇਸਦੀ ਨਿਕੰਮੀ-ਲੀਡਰਸ਼ਿਪ ਕਾਰਨ ਪੂਰੀ ਤਰਾਂ ਨਿਕਾਰਾ ਹੋ ਚੁੱਕੇ ਹਨ ਤੇ ਪੰਥ ਅੱਜ ਦਮਦਮੀ ਟਕਸਾਲ ਅਤੇ ਖਾੜਕੂ- ਬੈਸਾਖੀਆਂ ਦੇ ਸਹਾਰੇ ਹੀ ਟੁਰ ਰਿਹਾ ਹੈ।

ਹੁਣ ਸਵਾਲ ਇਹ ਉਤਪੰਨ ਹੁੰਦਾ ਹੈ ਕਿ ਕੀ ਕੌਮ ਦੇ ਇਹ ਦੋਵੇਂ ਨਿਕਾਰਾ ਪੈਰ ਵੱਢ ਦੇਣੇ ਚਾਹੀਦੇ ਹਨ ? ਬਿਲਕੁਲ ਨਹੀਂ ! ਬੀਮਾਰੀ ਦੇ ਇਸ ਇਲਾਜ ਦੀ ਸਟੇਜ ਨਹੀਂ ਪਹੁੰਚੀ !! ਸਾਡੀਆਂ ਇਹ ਦੋਵੇਂ ਸ਼੍ਰੋਮਣੀ ਸੰਸਥਾਵਾਂ ਬੜੀ ਆਸਾਨੀ ਨਾਲ ਰਾਤੋ-ਰਾਤ ਨਹੀਂ ਬਣ ਗਈਆਂ ਪੰਥ ਦੇ ਇਹਨਾਂ ਦੇ ਸ਼ਾਨਦਾਰ-ਮਹੱਲਾਂ ਦੀਆਂ ਨੀਹਾਂ ਵਿਚ ਕਿੰਨੇ ਹੀ ਸਿੱਖ-ਸੂਰਮਿਆਂ ਦੇ ਹੱਡ ਕੁੱਟੇ ਗਏ ਹਨ। ਕੌਮ ਦੀਆਂ ਇਹਨਾਂ ਸ਼ਾਨਦਾਰ-ਇਮਾਰਤਾਂ ਨੂੰ ਤੋੜਨਾ-ਢਾਹੁਣਾ-ਡੇਗਣਾ ਕਿਵੇਂ ਵੀ ਕੌਮ ਦੇ ਹਿਤ ਵਿਚ ਨਹੀਂ !

ਤਾਂ ਫਿਰ ਇਸ ਰੋਗ ਦਾ ਇਲਾਜ ਕੀ ਹੈ ? ਇਸਦਾ ਇਕੋ-ਇਕ ਇਲਾਜ ਪੰਥ ਦੇ ਇਹਨਾਂ ਦੋ ਮਹਾਨ-ਰੁੱਖਾਂ ਉਤੋਂ ਖੁਦਗਰਜ਼ ਅਕਾਲੀ-ਲੀਡਰਸ਼ਿਪ ਦੀ ਬਿਫਰੀ-ਫੈਲਰੀ ਅਮਰਵੇਲ ਨੂੰ ਲਾਹ-ਪੁੱਟ ਪਰ੍ਹੇ ਵਗਾਹ ਮਾਰਨਾ ਹੈ !

ਅੱਜ ਆਲ ਇੰਡੀਆ ਗੁਰਦੁਆਰਾ ਐਕਟ ਦੀ ਆੜ ਵਿਚ ਨਾ ਕੇਂਦਰ-ਸਰਕਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਣ ਦੇ ਹੱਕ ਵਿਚ ਹੈ ਅਤੇ ਨਾ ਟੌਹੜਾ ਤੇ ਉਸਦੇ ਪਿਛਲੱਗ ! ਕਿਉਂਕਿ ਨਵੀਆਂ ਚੋਣਾਂ ਹੋਣ ਦੀ ਸੂਰਤ ਵਿਚ ਟੌਹੜੇ ਦੀ ਲੀਡਰਸ਼ਿਪ ਜਾਂਦੀ ਹੈ ਤੇ ਸਿੱਖ ਧਾਰਮਿਕ-ਸੰਸਥਾਵਾਂ ਤੋਂ ਸਰਕਾਰ ਅਤੇ ਕਾਮਰੇਡਾਂ ਦਾ ਕਬਜ਼ਾ ਜਾਂਦਾ ਹੈ।

ਸਮਾਂ ਆਣ ਪਹੁੰਚਾ ਹੈ ਅੱਜ ਪੰਥ ਲਈ ਕੁਰਬਾਨੀ ਕਰਨ ਵਾਲੇ ਦਮਦਮੀ ਟਕਸਾਲ ਤੇ ਖਾੜਕੂ ਪੰਥ-ਹਿਤੂ ਆਪਣੇ ਉਤੇ ਪੈਂਦੀ ਦੁਵੱਲੀ-ਵਾਛੜ ਵਿਚੋਂ ਵੀ ਸਿਦਕ ਨਾਲ ਗੁਜ਼ਰਦੇ ਹੋਏ ਇਹਨਾਂ ਦੇ ਪੰਥਕ-ਸੰਸਥਾਵਾਂ ਨੂੰ ਬਚਾਉਣ ਲਈ ਸਿੱਖ-ਅਵਾਮ ਨੂੰ ਜਗਾ ਕੇ ਆਪਣੇ ਨਾਲ ਜੋੜਨ ਤੇ ਇਹਨਾਂ ਸੰਸਥਾਵਾਂ ਤੋਂ ਦੂਰ ਹੋਣ ਦੀ ਬਜਾਏ ਇਹਨਾਂ ਦੇ ਨੇੜੇ ਅਤੇ ਇਹਨਾਂ ਦੇ ਵਿਚ ਆ ਕੇ ਇਹਨਾਂ ਦੀ ਖੁਦਗਰਜ਼-ਲੀਡਰਸ਼ਿਪ ਬਦਲਣ ਲਈ ਯਤਨਸ਼ੀਲ ਹੋਣ।

ਲੋੜ ਹੈ ਕਿ ਉਹ ਜਿਥੇ ਵੀ ਸ਼੍ਰੋ: ਅਕਾਲੀ ਦਲ ਤੇ ਸ਼੍ਰੋ: ਕਮੇਟੀ ਦੀ ਇਕੱਤਰਤਾ ਹੋਵੇ ਉਹ ਸਿੱਖ-ਅਵਾਮ ਦੀ ਮਦਦ ਨਾਲ ਹਰ ਹਲਕੇ ਵਿਚੋਂ ਚੁਣੇ ਨੁਮਾਇੰਦਿਆਂ ਤੇ ਦਬਾਅ ਪਾ ਕੇ ਉਹਨਾਂ ਨੂੰ ਮੌਜੂਦਾ ਨਿਕੰਮੀ-ਲੀਡਰਸ਼ਿਪ ਨੂੰ ਮੂਧਾ ਮਾਰਨ ਲਈ ਮਜ਼ਬੂਰ ਕਰਨ !

ਲੋੜ ਹੈ ਕਿ ਉਹ ਇਹਨਾਂ ਸੰਸਥਾਵਾਂ ਦੀਆਂ ਇਕੱਤਰਤਾਵਾਂ ਵਿਚ ਸਿੱਖ-ਸੰਗਤਾਂ ਦੀ ਭਾਰੀ ਤਾਦਾਦ ਲੈ ਕੇ ਪਹੁੰਚਣ ਤੇ ਲੋਕ-ਰਾਇ ਦੇ ਜ਼ੋਰ ਨਾਲ ਇਸ ਪੰਥ-ਘਾਤਕ ਲੀਡਰਸ਼ਿਪ ਦੀ ਧੌਣ ਤੇ ਗੋਡਾ ਰੱਖ ਕੇ ਇਸਨੂੰ ਮਨ-ਆਏ ਗਲਤ ਫੈਸਲੇ ਕਰਨ ਤੋਂ ਹੋੜਨ-ਰੋਕਣ !!

ਇਹ ਗੱਲ ਕੋਈ ਗੁੱਝੀ-ਛੰਨੀ ਨਹੀਂ ਕਿ ਸ਼੍ਰੋਮਣੀ ਕਮੇਟੀ ਦੀ ਸੁਆਰਥੀ-ਲੀਡਰਸ਼ਿਪ ਵਿਸ਼ੇਸ਼ਕਰ ਤਖਤ ਸਹਿਬਾਨ ਉਤੇ ਆਪਣੇ ਸੁਆਰਥ ਲਈ ਨਿਕੰਮੀਆਂ-ਨਿਯੁਕਤੀਆਂ ਕਰ ਕੇ ਇਹਨਾਂ ਨਾਲ ਸਬੰਧਤ ਹਸਤੀਆਂ ਨੂੰ ਆਪਣੇ ਹਿਤ ਲਈ ਵਰਤਦੀ ਰਹੀ ਹੈ ਜਿਸ ਨਾਲ ਪੰਥ ਦੀ ਮਾਨ-ਮਰਿਆਦਾ ਦੀ ਢੇਰ ਹਾਨੀ ਹੋਈ ਹੈ। ਲੋੜ ਹੈ ਕਿ ਸਿੱਖ-ਸੰਗਤਾਂ ਸ਼੍ਰੋਮਣੀ ਕਮੇਟੀ ਦੇ ਹਰ ਇਜਲਾਸ (ਭਾਵੇਂ ਇਹ ਇਕੱਲੀ ਐਗਜ਼ੈਕਟਿਵ ਦਾ ਹੀ ਕਿਉਂ ਨਾ ਹੋਵੇ !) ਤੇ ਪਹੁੰਚਣ ਤੇ ਅਜਿਹੀ ਹਰ ਨਿਯੁਕਤੀ ਨੂੰ ਰੋਕ ਕੇ ਪੰਥ ਲਈ ਕੁਰਬਾਨੀ ਕਰਦੇ ਸਿੰਘਾਂ ਨੂੰ ਅੱਗੇ ਲਿਆਉਣ !!!

ਸੋ ਹੱਥ ਰੱਸਾ ਸਿਰੇ ਤੇ ਗੰਢ, ਵਕਤ ਦੀ ਵੱਡੀ ਜ਼ਰੂਰਤ ਹੈ ਕਿ ਪੰਥ ਦੀ ਆਨ-ਸ਼ਾਨ ਲਈ ਜੂਝਣ ਵਾਲੇ ਖਾੜਕੂ ਸਿੰਘ, ਸਿੱਖ-ਅਵਾਮ ਨੂੰ ਨਾਲ ਲੈ ਕੇ ਵਰਤਮਾਨ ਖੁਦਗਰਜ਼-ਲੀਡਰਸ਼ਿਪ ਨੂੰ ਖੁਦੇੜ ਕੇ ਅੱਗੇ ਆਉਣ ਅਤੇ ਪੰਥ ਦੀਆਂ ਇਹਨਾਂ ਦੇ ਮਹਾਨ ਸੰਸਥਾਵਾਂ ਤੇ ਕਾਬਜ਼ ਹੋ ਕੇ ਆਪਣੇ ਇਹ ਪੁਰਾਣੇ ਪਲੈਟਫਾਰਮ ਵਰਤਕੇ ਪੰਥ ਦੀ ਵਿਗੜੀ ਬਣਾਣ !

'ਜਾਗੋ'

(ਅਕਤੂਬਰ,1985)

ਮੌਜੂਦਾ ਸਿੱਖ-ਸੰਘਰਸ਼ ਦੇ ਇਕ ਸ਼ਹੀਦ-ਸਿੰਘ ਦੀ ਪਤਨੀ ਤੇ ਪੁੱਤਰੀ ਦਾ

ਦੁੱਖ-ਸੁਖ

ਧੀ - ਮੇਰੀਏ ਨੀ ਮਾਏ ! ਮੇਰੇ ਦਿਲਾਂ ਦੀਏ ਮਹਿਰਮੇ !! ਬੁੱਝ ਮੇਰੀ ਮੁੱਠੀ ਵਿਚ ਕੀ ?
ਕੱਲੀ-ਕਾਰੀ ਕੂੰਜ ਵਾਂਗੂੰ ਓਦਰੀ ਜੀਹ ਫਿਰਾਂ ਮਾਏ ਕਿਤੇ ਮੇਰਾ ਲਗਦਾ ਨਾ ਜੀ !
ਹਾਸਿਆਂ ਤੇ ਰੌਣਕਾਂ ਦੀ ਕੋਸੀ-ਕੋਸੀ ਰੁੱਤ ਮਾਏ ਸਾਡੇ ਕੋਲੋਂ ਰੁੱਸ ਕਿਉਂ ਗਈ ?
ਚੁੱਪ - ਚੁੱਪ ਵਿਹੜਾ ਅਤੇ ਸੱਖਣਾ ਦਲਾਨ ਸਾਡਾ ਵੀਹੀ ਸਾਡੀ ਉਜੜੀ ਪਈ।
ਬੂਰੀ ਵੀ ਉਦਾਸ ਅਤੇ ਹੀਰੀ ਨੂੰ ਵੀ ਹੇਰਵਾ ਹੈ ਜੋਗ ਦਾ ਤਾਂ ਪੁੱਛਣਾ ਹੀ ਕੀ !
ਅੰਮਾਂ-ਬਾਬਾ ਰੁੱਖੜੇ ਉਦਾਸ ਮਾਏ ਝੰਵੇਂ - ਝੰਵੇਂ ਪਹਿਲਾਂ ਵਾਂਗੂ ਝੂਮਦੇ ਨਹੀਂ।
ਖਿੰਡ ਦੇ ਦੇ ਮੁੱਕੀਆਂ ਜੇ ਰੋਵੇ ਅੰਮਾਂ ਅੰਮੀਏਂ ਨੀ ਬਚਿਆ ਹੀ ਉਹਦਾ ਭਲਾ ਕੀ ?
ਬਾਬੇ ਦੀ ਤਾਂ ਦਾਹੜੀ ਉਤੋਂ ਹੰਝੂ ਇਉਂ ਡਿੱਗਣ ਮਾਏ ਟੁੱਟਦਿਆਂ ਤਾਰਿਆਂ ਦਾ ਮੀਂਹ !
ਕੰਧੀ-ਕੋਲੀਂ ਲੱਗ ਰੋਵੇਂ ਮਾਏ ਨੀ ਦੁਪਹਿਰ ਜਿਹੀਏ ! ਚਲਣਾ ਹੀ ਕਰਮਾਂ 'ਚ ਸੀ ?
ਪਾਟਿਆ 'ਸਮਾਨ ਜਦੋਂ ਹਿਲੀਆਂ ਸੀ ਕੰਧਾਂ ਮਾਏ, ਜਾਣਦੀ ਸਾਂ ਹੋਇਆ ਉਦੋਂ ਕੀ !
ਚੰਗੀ-ਭਲੀ ਗੁੱਡੀਆਂ-ਪਟੋਲੇ ਪਈ ਖੇਡਦੀ ਸਾਂ, ਖੇਡ ਮੇਰੀ ਖਿੰਡ ਕਿਉਂ ਗਈ ?
ਵਿਹੜੇ ਵਿਚੋਂ ਲੱਥੀ ਸਾਡੇ ਚਾਵਾਂ ਵਾਲੀ ਚਾਨਣੀ ਕਿਉਂ, ਗਮਾਂ ਵਾਲੀ ਸਫ ਕਿਉਂ ਵਿਛੀ?
ਦੱਸੀਂ ਕੀ ਕਸੂਰ ਮੇਰੇ ਮਿੱਠੇ ਜਿਹੇ ਬਾਬਲੇ ਦਾ, ਜ਼ਾਲਮਾਂ ਨੇ ਜਿੰਦ ਕਿਉਂ ਲਈ ?

ਮਾਂ - ਭੋਲੀਏ ਨੀ ਧੀਏ ਅੱਜ ਭਲੀ ਪੁੱਛੀ ਛਿੰਦੀਏ ਤੈਂ ਰੱਜ ਰੱਜ ਕਰਾਂ ਨੀ ਪਿਆਰ!!
ਬਾਹਾਂ ਵਿਚ ਘੁੱਟ ਕੇ ਆ ਕਾਲਜਾ ਮੈਂ ਠਾਰ ਲਵਾਂ ਪਾਵਾਂ ਗਲ ਚੁੰਮਣਾਂ ਦਾ ਹਾਰ।
ਹੌਠੀਂ ਮੇਰੇ ਜੰਦਰਾ ਜੁ ਕਦੇ ਵੀ ਮੈਂ ਖੋਲ੍ਹਿਆ ਨਾ ਦਿਲੇ ਤੋਂ ਨਾ ਲਾਹਿਆ ਕਦੇ ਭਾਰ।
ਗਿੱਲੇ-ਗੋਹੇ ਵਾਂਗ ਧੁਖਾਂ ਵਿੱਚੋ-ਵਿਚ ਬੱਚੀਏ ਨੀ ਜਦੋਂ ਦਾ ਨਾ ਰਿਹਾ ਗਮਖਾਰ।
ਮੁੜਦੇ ਨਾ ਮੋਏ ਅਤੇ ਬਹੁੜਦੇ ਨਾ ਗਏ ਧੀਏ ਜਾਣੀਂਦੀ ਨਾ ਆਵੇ ਇਤਬਾਰ !
ਅਜੇ ਵੀ ਭੁਚੱਕੇ ਪੈਣ ਓਸ ਦਿਆਂ ਬੋਲਾਂ ਦੇ ਮੈਂ ਦੇਈ ਜਾਵਾਂ ਅਜੇ ਵੀ ਹੁੰਘਾਰ।
ਗੱਲਾਂ ਓਹੋ ਦਸਦਾ ਸੀ ਚੁਲ੍ਹੇ ਮੂਹਰੇ ਬੈਠ ਕੇ ਤੇ ਕੱਢਦਾ ਸੀ ਦਿਲੇ ਦਾ ਗੁਬਾਰ।
ਆਖਦਾ ਸੀ ਬਾਹਮਣਾਂ ਦੀ ਧਾੜ ਲਈ ਨੌਂਵੇਂ ਗੁਰਾਂ ਸੀਸ ਦਿੱਤਾ ਦਿੱਲੀ ਜਾ ਕੇ ਵਾਰ।
ਜੰਞੂ ਤੇ ਤਿਲਕ ਦੀ ਸੀ ਗੱਲ ਕੋਈ ਆਪਣੀ ਨਾ ਝੱਲੀ ਗੁਰਾਂ ਸੀਸ ਤੇ ਕਟਾਰ।
ਕੌਣ ਹਿੰਦੂ ਆਇਆ ਓਦੋਂ ਸੀਸ-ਧੜ ਢੁੱਕਣੇ ਲਈ ? ਪਲਾਂ ਵਿਚ ਭੁੱਲੇ ਉਪਕਾਰ।
ਫੇਰ ਦਸਮੇਸ਼ - ਦੂਲੇ ਦਿੱਲੀ ਨੂੰ ਵੰਗਾਰਿਆ ਜਾਂ ਵੱਡੇ ਵੈਰੀ ਬਣੇ ਬਾਈ - ਧਾਰ।
ਮਾਤਾ-ਪਿਤਾ ਪੁੱਤ ਵਾਰ ਤੁਰਿਆ ਉਹ ਸੱਚੀਂ-ਮੁੱਚੀਂ ਤੁਰਿਆ ਤਾਂ ਹੈ ਸੀ ਖੰਡੇ ਧਾਰ !
ਆਈ ਔਖੀ ਘੜੀ ਜਦੋਂ ਕਿਸੇ ਹਿੰਦੂ ਝੱਲਿਆ ਨਾ ਛੁਪੇ ਸਾਰੇ ਕੁੰਡੇ-ਜਿੰਦੇ ਮਾਰ।
ਨਬੀ-ਗਨੀ ਖਾਂ ਓਦੋਂ ਬਣੇ ਪਹਿਰੇਦਾਰ ਉਹਦੇ ਰੱਖਿਆ ਤਾਂ ਉਹਨਾਂ ਫੁੱਲਾਂ-ਹਾਰ !
ਚਿਣੇ ਗਏ ਨਿੱਕੇ - ਨਿੱਕੇ ਲਾਲ ਨੀਹਾਂ ਵਿਚ ਜਦ ਗੰਗੂ ਉਤੇ ਕੀਤਾ ਇਤਬਾਰ !
ਫੇਰ ਵੀ ਜੇ ਚੁੱਕ ਲਈਆਂ ਬੇਟੀਆਂ ਨੂੰ ਮੋੜਦੇ ਸੀ ਮੋੜਦੇ ਕਸੂਰੋਂ ਸਰਦਾਰ !
ਕੁਲ ਵੀ ਆਜ਼ਾਦੀ ਲਈ ਭਗਤਾਂ ਨੇ ਰੱਸੇ ਚੁੰਮੇ ਹੱਸ ਹੱਸ ਮਰੇ ਕਰਤਾਰ।
ਗਦਰੀ ਤੇ ਬੱਬਰਾਂ ਨੇ ਪੱਤਝੜਾਂ ਝੋਲ ਪਾਈਆਂ ਲੈਣ ਲਈ ਆਜ਼ਾਦੀ ਦੀ ਬਹਾਰ।
ਭੋਲੇ-ਭਾਲੇ ਸਿੰਘਾਂ ਦੀਆਂ ਤੇਗਾਂ ਛਾਵੇਂ ਪਲੇ ਜਿਹੜੇ ਨਿੱਕਲੇ ਉਹ ਦਿਲੇ ਦੇ ਮੱਕਾਰ।
ਦੁੱਧ ਪੀ ਕੇ ਭੁੱਲੇ ਅਤੇ ਲੂਣ ਖਾ ਹਰਾਮੀ ਹੋਏ ਗਏ ਉਹ ਚੁਰਾਸੀ ਡੰਗ ਮਾਰ !

ਤਖਤ ਅਕਾਲ ਢਾ ਕੇ ਗੁਰੂ - ਸੀਨਾ ਸੁਲਿਓ ਸੂ ਲਾਏ ਸੂ ਮਾਸੂਮਾਂ ਦੇ ਅੰਬਾਰ।
ਸ਼ੇਰਾਂ ਦੀਆਂ ਛਾਤੀਆਂ ਤੇ ਗਿੱਦੜਾਂ ਨੇ ਲੱਡੂ ਵੰਡੇ ਇਹ ਵੀ ਤਾਂ ਸੀ ਇਕ ਅਲੋਕਾਰ!
ਏਸਦਾ ਤਾਂ ਦੁੱਖ ਹੀ ਸੀ ਏਸਤੋਂ ਵੀ ਦੁੱਖ ਵੱਡਾ ਆਪਣੇ ਹੀ ਗਏ ਜਦ ਮਾਰ।
ਰੁੜ੍ਹ ਜਾਵੇ ਬੇੜਾ ਉਹਨਾਂ ਰੁੜ੍ਹ ਜਾਣੇ ਲੀਡਰਾਂ ਦਾ ਛੱਡ ਗਏ ਬੇੜੀ ਮੰਝਧਾਰ।
ਸ਼ੇਰ ਦਸਮੇਸ਼ ਦੇ ਨੂੰ ਢੁੰਡਣੇ ਲਈ ਵੈਰੀਆਂ ਨਾ(ਲ) ਰਲ ਗਏ ਡੋਗਰੇ ਗੱਦਾਰ!
ਨਹੀਂ ਤਾਂ ਮਜਾਲ ਕੀ ਸੀ ਗਿੱਦੜਾਂ ਦੀ ਟੋਲੀ ਏਦਾਂ ਕਰ ਲੈਂਦੀ ਸ਼ੇਰਾਂ ਦਾ ਸ਼ਿਕਾਰ!
ਜਿਹਨਾਂ ਦੀਆਂ ਇੱਜ਼ਤਾਂ ਗੁਆਚੀਆਂ ਨੂੰ ਮੋੜਿਆ ਸੀ ਦਿੱਲੀ ਸਾਡੀ ਲਾਹੁੰਦੇ ਦਸਤਾਰ!!
ਇਹਨੀਂ ਸੋਚੀਂ ਬਲੇ ਤੇਰਾ ਤੇਜ਼-ਤੱਤਾ ਬਾਬਲਾ ਨੀਂ ਪੈਰਾਂ ਹੇਠ ਜੀਹਦੇ ਅੰਗਿਆਰ!
ਟੇਪਾਂ ਜਰਨੈਲ ਦੀਆਂ ਉਠ ਸੁਣੇ ਅੱਧੀ - ਰਾਤੀਂ ਕਦੇ ਕਦੇ ਰੋਵੇ ਭੁੱਬਾਂ ਮਾਰ!
ਇਕ ਸ਼ਾਮੀਂ ਗੱਲ ਉਸ ਦੱਸੀ ਮੈਨੂੰ ਭੇਤ ਵਾਲੀ ਗੁਰੂ ਨਾਲ ਕੀਤਾ ਇਕਰਾਰ।
ਕਰਨਾ ਹੀ ਪਿਆ ਵਿਦਾ ਆਪ ਮੈਨੂੰ ਫੇਰ ਉਹਨੂੰ ਪਾ ਕੇ ਗਲ ਹੰਝੂਆਂ ਦਾ ਹਾਰ।
ਤੇਰਾ, ਤੇਰੇ ਵੀਰ ਦਾ ਤਾਂ ਮੂੰਹ ਸੁੱਤਾ ਚੁੰਮ ਕੇ ਉਹ ਗਿਆ ਨੀ ਉਡਾਰੀ ਕਿਤੇ ਮਾਰ!
ਕਿਥੇ ਕਿਥੇ ਗਿਆ ਅਤੇ ਕਿਥੇ ਕਿਥੇ ਰਿਹਾ? ਬੱਸ ਜਾਣਦਾ ਹੈ ਇਕ ਕਰਤਾਰ!
ਫੇਰ ਇਕ ਰਾਤੀਂ ਮੈਨੂੰ ਆਇਆ ਇਕ ਸੁਪਨਾ ਇਹ ਸੁਪਨਾ ਕੀ ਸੱਚ ਸੀ ਸਾਕਾਰ।
ਉਚੀਆਂ ਨੇ ਕੰਧਾਂ ਵਿਚ ਨਿੱਕੀ ਜਿਹੀ ਕੋਠੜੀ ਤੇ ਵਿਚ ਮੇਰਾ ਸੂਰਾ ਸਰਦਾਰ!
ਪੁੱਟਤੇ ਜਮੂਰਾਂ ਨਾਲ ਨਹੁੰ ਉਹਦੇ ਜ਼ਾਲਮਾਂ ਨੇ ਕਹਿਰ ਕਿਹਤਾ ਲਿਆ ਨਾ ਗੁਜ਼ਾਰ?
ਮੁੱਕਗੇ ਤਸੀਹੇ ਨਹੀਂ ਮੁੱਕਿਆ ਸਿਦਕ ਉਹਦਾ ਛਿੱਬੀ - ਛਿੱਬੀ ਪਈ ਸਰਕਾਰ।
ਹਾਰੇ-ਹੁਟੇ ਹਾਕਮਾਂ ਨੇ ਗੱਲ ਇਹ ਉਡਾਈ ਫੇਰ ਖੰਭਾਂ ਦੀ ਬਣਾਈ ਕੋਈ ਡਾਰ-
ਕੜੀਆਂ ਸਮੇਤ ਪੇਸ਼ੀ ਵੇਲੇ ਤਾਂ ਕਚਹਿਰੀਆਂ 'ਚੋਂ ਹੋ ਗਿਆ ਫਲਾਨਾ ਨੀ ਫਰਾਰ।
ਫੇਰ ਇਕ ਚੰਦਰੀ ਸਵੇਰ ਪਿੰਡ ਖੂੰਢਾਂ ਉਤੇ ਝੂਠ - ਮੂਠ ਬਕੀ ਅਖ਼ਬਾਰ।
ਦੱਸਿਆ ਮੁਕਾਬਲੇ 'ਚ ਬਾਪ ਤੇਰਾ ਮਰਿਆ ਜਾਂ ਬਲ ਗਿਆ ਮੇਰਾ ਸੰਸਾਰ!
ਆਖਦੇ ਨੇ ਲੋਕ ਪੁਲ ਦਹਿਲ ਗਿਆ ਅੱਧੀ-ਰਾਤੀਂ ਗੋਲੀਆਂ ਦੇ ਹੋਏ ਖੜਕਾਰ।
ਖਾਤੇ ਵਾਲੀ ਨਹਿਰ ਓਦੋਂ ਰੱਤੀ-ਰੱਤੀ ਵਗੀ ਧੀਏ ਪਾਣੀਂ ਉਹਦੇ ਰੋਏ ਜਾਰੋ-ਜਾਰ।
ਪਿੰਡ ਦੇ ਪਰਿੰਦਿਆਂ ਨੇ ਸੋਗ ਵਿਚ ਵੈਣ ਪਾਏ ਝਿਤੀ ਨੂੰ ਵੀ ਚੁੜਿਆ ਬੁਖਾਰ!
ਸੰਦਲੀ-ਸਵੇਰਾਂ ਸੁਰਮਈ-ਸ਼ਾਮਾਂ ਢਲ ਗਈਆਂ ਗਮਾਂ ਵਾਲੇ ਚੁੜ ਗਏ ਗੁਬਾਰ।
ਝੁੱਲਿਆ ਝੱਖੜ ਏਨੇ ਕਹਿਰ ਦਾ ਕਿ ਅੱਜ ਤੱਕ ਭੱਠੀ ਵਿਚ ਪਿਆ ਪਰਵਾਰ।
ਧੀਏ! ਸਿਵਾ ਇਕ ਕੀ ਸੀ ਭਲਾ ਤੇਰੇ ਬਾਬਲੇ ਦਾ? ਸਿਵਿਆਂ ਦਾ ਰਿਹਾ ਨਾ ਸ਼ੁਮਾਰ!
ਬੱਚੀਏ ਹੈ ਗਮ ਵੀ ਕਿ ਰਿਹਾ ਤੇਰਾ ਬਾਬਲਾ ਨਾ ਤੁਰੀ ਜਾਣ ਉਹਦੇ ਦਿਲਦਾਰ।
ਗਮ ਹੈ ਕਿ ਹੱਸ ਹੱਸ ਵਾਰਦੇ ਹਾਂ ਚੱਪੂ ਪਰ ਬੇੜੀ ਸਾਡੀ ਅਜੇ ਮੰਝਧਾਰ!
ਏਨਾ ਕੁਝ ਹੁੰਦਿਆਂ ਬੇਸ਼ਰਮਾਂ ਦੀ ਧਾੜ ਧੀਏ! ਚੌਧਰਾਂ ਦਾ ਕਰਦੀ ਵਪਾਰ।
ਅੱਜ ਹੀ ਨਾ ਪਰ ਭੀੜ ਪਈ ਸਾਡੀ ਕੌਮ ਉਤੇ ਇਹ ਤਾਂ ਸਾਡਾ ਮੁੱਢ ਤੋਂ ਵਿਹਾਰ।
ਸਮੇਂ ਦਿਆਂ ਮਨੂੰਆਂ ਨੇ ਦੌਤੀਆਂ ਚਲਾਈਆਂ ਭਾਵੇਂ ਖਿੜੀ ਰਹੀ ਫੇਰ ਗੁਲਜ਼ਾਰ!
ਖਾਲਸਾ ਉਹ ਖੰਡਾ ਅੱਗ ਪਾਇਆਂ ਪ੍ਰਚੰਡ ਹੋਵੇ ਹੋਵੇ ਤੇਜ਼ ਸਗੋਂ ਇਹਦੀ ਧਾਰ।
ਉਹ ਵੀ ਤਾਂ ਸਮਾਂ ਸੀ ਜਦੋਂ ਭਾਲ-ਭਾਲ ਮਾਰਦੇ ਸੀ ਫੇਰ ਕਿਤੇ ਮੁੱਕੇ ਸਰਦਾਰ?
ਅੱਜ ਵੀ ਸਿਰਾਂ ਦੇ ਮੁੱਲ ਰੱਖ ਰੱਖ ਮਾਰਦੀ ਏ, ਮਾਰਦੀ ਏ ਹਿੰਦ - ਸਰਕਾਰ।
ਲਾਸ਼ਾਂ ਉਤੇ ਕੁਰਸੀਆਂ ਡਾਹੁਣ ਲਈ ਕਾਹਲੇ-ਕਾਹਲੇ ਫਿਰਦੇ ਨੇ ਅੱਜ ਵੀ ਗੱਦਾਰ!
ਅਜੇ ਵੀ ਤਾਂ ਕੁਝ ਲੋਕੀ ਅੱਖਾਂ ਮੀਟੀ ਬੈਠੇ ਜਿਹੜੇ ਜੀਂਦੇ ਜ਼ਮੀਰਾਂ ਤਾਈਂ ਮਾਰ।
ਕੰਨਾਂ ਵਿਚ ਗੂੰਜਦਾ ਸੁਨੇਹਾ ਤੇਰੇ ਬਾਬਲੇ ਦਾ ਦੇ ਗਿਆ ਜੁ ਧੀਏ ਜਾਂਦੀ ਵਾਰ।
ਆਖਦਾ ਸੀ- ਮੇਰੇ ਪਿੱਛੋਂ ਝੱਖੜਾਂ 'ਚ ਡੋਲਣਾ ਨਾ ਸਿੱਖੀ ਨਾਲ ਰੱਖਣਾ ਪਿਆਰ!
ਆਪਣੇ ਜੇ ਹੱਥੀਂ, ਹੱਥ ਪੀਲੇ ਕਰੋਂ ਬੱਚੜੀ ਦੇ ਦਾਜ ਵਿਚ ਦੇਈਂ ਤਲਵਾਰ!!

ਖੂੰਨ ਕੇ ਸ਼ਹੀਦੀ - ਗਾਨਾ ਪੰਥ ਲਈ ਤੋਰ ਦੇਵੀਂ ਪੁੱਤ ਮੇਰਾ ਹੋਇਆ ਜਾਂ ਉਡਾਰ।
ਸ਼ਾਨ ਉਚੀ ਰੱਖਣੀ ਹੈ ਗੁਰੂ ਜੀ ਕੇ ਖਾਲਸੇ ਦੀ ਤੂੰਬਾ ਤੂੰਬਾ ਉਡੇ ਪਰਵਾਰ।
ਕੌਮ ਨੂੰ ਵੀ ਫਤਹ ਮੇਰੀ ਆਖਰੀ ਬੁਲਾਇ ਦੇਣੀ ਕੰਠੇ ਚੜ੍ਹ ਪਾਉਂਣੀ ਇਹ ਵੰਗਾਰ-
ਜਾਗਦੇ ਹੈ ਰਹਿਣਾ ਇਸ ਕਾਲੀ-ਬੋਲੀ ਰਾਤ ਵਿਚ ਰਹਿਣਾ ਹੈ ਤਿਆਰ! ਹੋਸ਼ਿਆਰ!!
ਭੀੜ ਪਈ ਗੁਰੂ ਉਤੇ, ਮੋਢਾ ਦੇਣਾ ਖਾਲਸੇ ਨੇ ਪਵੇ ਨਾ ਬੇਦਾਵਿਆਂ ਦੀ ਮਾਰ।
ਖੂੰਨਣੀ ਹੈ ਗੱਲ ਪੱਲੇ ਸਿੰਘ ਦਸਮੇਸ਼ ਦੇ ਨਾ ਅਣਖਾਂ ਦੇ ਕਰਦੇ ਵਪਾਰ।
ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਸੰਘਾਰਨਾ ਹੈ ਖਾਲਸੇ ਦਾ ਸੁੱਚਾ - ਕਿਰਦਾਰ।
ਜਿੰਨੀ ਛੇਤੀ ਹੋਵੇ ਭੱਜੀ ਮੋਤਨੀ ਹੈ ਜ਼ਾਲਮਾਂ ਦੀ, ਖਾਲਸੇ ਨ ਰੱਖਦੇ ਉਧਾਰ!
ਜੁੱਤੀ ਦੀ ਤਾਂ ਨੋਕ ਉਤੋਂ ਵਾਰਿਓ ਨਵਾਬੀਆਂ ਨੂੰ ਚੌਧਰਾਂ ਦਾ ਛੱਡਿਓ ਪਿਆਰ।
ਜਦੋਂ ਤੱਕ ਪਾਟੋ-ਧਾੜ ਰਹੀ ਅਤੇ ਲੜੀ ਗਏ ਓਦੋਂ ਤੱਕ ਹੋਵੇਂਗੇ ਖੁਆਰ।
'ਕੱਠੇ 'ਕੱਠੇ ਤੁਰੋਂਗੇ ਜੇ ਕੇਸਰੀ - ਨਿਸ਼ਾਨ ਥੱਲੇ ਮੰਜ਼ਿਲ ਵੀ ਲੈਣੀ ਤੁਸਾਂ ਮਾਰ।
ਪੱਲੇ ਸੱਚ ਖੂੰਨਕੇ ਜੇ ਸਿਦਕਾਂ ਦੇ ਨਾਲ ਚੱਲੇ ਬਾਹਾਂ ਦੇ ਜੇ ਹੋਏ ਬਲਕਾਰ!
ਚੁੱਪ - ਚੁੱਪ ਵਾਚਦਾ ਜੁ ਅੱਜ ਤੱਕ ਖਾਲਸੇ ਨੂੰ ਨਾਲ ਨਾਲ ਤੁਰੂ ਸੰਸਾਰ!!

(ਅਕਤੂਬਰ, 1985)

ਵਿਅੰਗ-ਵਢਾਂਗਾ !

ਪਹਿਰੇਦਾਰਾਂ ਬਰਨਾਲੇ ਨੂੰ ਘੇਰਿਓ ਸੂ, ਘੇਰੀ ਹੀਰ ਜਿਉਂ ਸੱਠ ਸਹੇਲੀਆਂ ਨੇ।
ਚਾਕ-ਪੰਥ ਨੂੰ ਕੰਡ ਵਿਖਾਇ ਦਿੱਤੀ, ਮੱਝਾਂ ਚਾਰ ਜਿਸ ਮੁਸ਼ਕਲਾਂ ਝੇਲੀਆਂ ਨੇ।
ਸੈਦਾ ਦਿੱਲੀ ਦਾ ਛਮਕ ਨੂੰ ਵਿਆਹ ਤੁਰਿਆ ਗੱਲਾਂ ਖੁੱਲ੍ਹੀਆਂ, ਨਹੀਂ ਪਹੇਲੀਆਂ ਨੇ।
ਕੁਰਸੀ ਸੇਜ ਨੂੰ ਮਾਨਣ ਦੀ ਤਮ੍ਹਾਂ ਜਾਗੀ ਰੰਨ ਕੀਤੀਆਂ ਖੂਬ ਅਠਖੇਲੀਆਂ ਨੇ।
ਭਿੰਡਰਾਂਵਾਲੇ ਦੇ ਟਿੱਲਿਓਂ ਛਕ ਅੰਮ੍ਰਿਤ ਚਾਕ-ਪੰਥ ਤਿਆਰੀਆਂ ਕੱਸੀਆਂ ਨੇ !
ਜਿਹੜੀਆਂ ਰਾਂਝਣਾਂ ਨੂੰ ਦਗਾ ਦੇਂਦੀਆਂ ਨੇ ਕੰਵਲ ਰੰਨਾਂ ਉਹ ਕਦੇ ਨ ਵਸੀਆਂ ਨੇ !!

ਟੋਹੜੇ ਆਖਿਆ ਬਾਦਲ ਰਕੀਬ ਮੇਰੇ, ਗਲੇ ਲੱਗ ਜਾ, ਲੱਗ ਕੇ ਰੋ ਲਈਏ।
ਦਿਲ ਕਾਲੇ ਜੋ ਹੋਏ ਨੇ ਤਵੇ ਵਾਂਗੂੰ ਪਾ ਕੇ ਸਰਫ ਮੁਹੱਬਤ ਦਾ ਧੋ ਲਈਏ।
ਗਾਂਓ-ਲੀਡਰੀ ਮਾਰ ਕੇ ਛੜਾਂ ਨੱਠੀ ਪਾਈਏ ਐਸਾ ਨਿਆਣਾ ਕਿ ਚੋ ਲਈਏ।
ਮੰਜ਼ਿਲ ਆਪਣੀ ਦੋਹਾਂ ਦੀ ਇਕ ਕੁਰਸੀ ਕੀਹਨੂੰ ਸੁੱਟਿਆਂ ਮਿਲੇ?ਕਨਸੋਅ ਲਈਏ।
ਅਸੀਂ ਅਜੇ ਵੀ ਕੀਤੀ ਨਾ ਏਕਤਾ ਜੇ, ਸਾਡਾ ਦੋਹਾਂ ਦਾ ਕੰਮ ਗੁਲਕੰਦ ਹੋ ਜੂ!
ਤੈਨੂੰ-ਚੰਡੀਗੜ੍ਹ ਜਾਣਾ ਦੁਰਲੱਭ ਹੋ ਜੂ ਮੇਰਾ ਅੰਬਰਸਰ ਨਾਹੁਣਾ ਵੀ ਬੰਦ ਹੋ ਜੂ !!

ਦੇ ਕੇ ਗਾਂਧੀ ਨੇ ਬੁਲਿਟ-ਪਰੂਫ ਜਾਕਟ ਕਿਹਾ-ਸੰਤ ਜੀ! ਇਹ ਸਵੀਕਾਰ ਕਰਿਓ।
ਦੋ ਗਿਰੇ ਹੈ ਗੋਗੜ ਤੋਂ ਇਹ ਨੀਵੀਂ ਕੰਮ ਆਵੇਗੀ, ਮੇਰਾ ਇਤਬਾਰ ਕਰਿਓ !
ਇਹਨੂੰ ਪਹਿਨ ਕੇ ਦਿਓ ਪੰਜਾਬ ਗੇੜਾ ਤੇ ਸਮਝੌਤੇ ਦਾ ਸੋਹਣਾ ਪਰਚਾਰ ਕਰਿਓ।
ਹੋਰ ਕਿੰਨੀਆਂ ਪੰਥ ਨੂੰ ਚਾਹੀਦੀਆਂ ਨੇ ? ਬਹਿ ਕੇ ਪਾਰਟੀ ਵਿਚ ਵਿਚਾਰ ਕਰਿਓ।
ਹੁਣ ਤਾਂ ਛੇਤੀ ਵਿਚ ਸਰੀ ਹੈ ਇਹੀ ਜਾਕਟ,ਆਏ ਫੇਰ, ਉਲਾਂਭੇ ਸਭ ਲਾਹ ਦਿਆਂਗੇ !
ਖਬਰੇ ਗੋਲੀਆਂ ਕਿੱਧਰ ਨੂੰ ਆਉਂਣੀਆਂ ਨੇ? ਨਾਲੇ ਇਕ ਕਛਹਿਰਾ ਬਣਵਾ ਦਿਆਂਗੇ !!

ਪਾਰਲੀਮੈਂਟ ਦੀ ਮੈਂਬਰੀ ਘਿਓ ਵਰਗੀ ਟੋਹੜੇ ਛੱਡੀ ਨਾ ਪੰਥ ਪੁਕਾਰਿਆ ਜਦ।
ਹਵਸ ਲੀਡਰੀ ਦੀ ਨਾ ਹੋਈ ਠੰਢੀ ਜੱਫਾ ਨਾਲ ਕਮੇਟੀ ਨੂੰ ਮਾਰਿਆ ਜਦ।
ਅੱਖਾਂ ਨਾਲ ਪਤਾਸੜੇ ਸਦਾ ਭੋਰੇ ਫੌਜ ਸੱਦ ਕੇ ਕੌਮ ਨੂੰ ਮਾਰਿਆ ਜਦ।
ਟਿਕਟ ਲੈਣ ਤੋਂ ਕਰੀ ਹੁਣ ਆਪ ਤੌਬਾ ਅੱਗਾ ਨੇੜ ਹੁਣ ਆਇਆ ਵਿਚਰਿਆ ਜਦ।
ਖੁੱਸੀ ਮੈਂਬਰੀ, ਦਿੱਲੀ ਵਲ ਮੂੰਹ ਕਰਕੇ ਸੁਰਮਾਂ ਅੱਖਾਂ ਦਾ ਰੋਇ ਪਲੱਟਿਆ ਈ !
ਮੈਨੂੰ ਮਾਰਿਆ ਹਾਏ ! ਸ਼ੈਤਾਨੀਏ ਨੀਂ !! ਤੇਰੇ ਨਾਲ ਮੈਂ ਪੰਥ ਨੂੰ ਪੱਟਿਆ ਈ !!!

ਲੱਗਾ ਪਤਾ ਬਰਨਾਲਾ ਪ੍ਰਧਾਨ ਬਣਿਆ ਹੱਸ ਸ਼ਾਇਰ ਨੇ ਕਿਹਾ-ਵਧਾਈ ਹੋਵੇ !
'ਪੰਥ-ਸੇਵਾ' ਦੀ ਰੱਜ ਕੇ ਖੀਰ ਖਾਧੀ ਇਹ ਇਕ ਤੁਸਾਂ ਨੂੰ ਦੰਦ-ਘਸਾਈ ਹੋਵੇ !
ਸੰਗਤਾਂ ਰਾਹਾਂ ਨੂੰ ਮੱਲ ਕੇ ਹੋਣ ਖੜੀਆਂ ਜੁੱਤੀ ਸਭਨਾਂ ਸਤਕਾਰ ਸੰਗ ਲਾਹੀ ਹੋਵੇ!
ਹਾਰ ਗਲੇ ਵਿਚ ਇਹੋ ਜਿਹੇ ਪੈਣ ਥੋੜੇ ਨੀਂਵੀਂ ਪਾਈ ਤੇ ਅੱਖ ਸ਼ਰਮਾਈ ਹੋਵੇ !
ਜਿਹੜੇ ਤੁਸਾਂ-ਵਤ ਪੰਥ ਕੀ ਕਰਨ ਸੇਵਾ ਪੰਥ ਉਹਨਾਂ ਦਾ ਕਰੇ ਸਨਮਾਨ ਸੋਹਣਾ !
ਗੋਲੀ ਏਸ ਦੀ ਜ਼ਹਿਮਤਾਂ ਕੱਟਦੀ ਏ ਪੰਥ ਗੁਰੂ ਕਾ ਨਿਰਾ ਲੁਕਮਾਨ ਸੋਹਣਾ !!

'ਜਾਗੋ'

(ਅਕਤੂਬਰ,1985)

ਸ੍ਰੀ ਦਰਬਾਰ ਸਾਹਿਬ ਦੇ ਘੱਲੂਘਾਰੇ ਪਿੱਛੋਂ ਵਿਦੇਸ਼ੀ-ਸਿੱਖ

(ਇਹ ਪਰਚਾ ਲੇਖਕ ਵਲੋਂ 25, 26 ਅਤੇ 27 ਅਕਤੂਬਰ 1985 ਨੂੰ 'ਬਰਤਾਨਵੀ ਪੰਜਾਬੀ ਸਿੱਖ-ਸਾਹਿਤਕਾਰ ਸਭਾ' ਵਲੋਂ ਆਯੋਜਿਤ ਕੀਤੀ ਗਈ ਕੌਮਾਂਤਰੀ-ਕਾਨਫਰੰਸ ਵਿਚ, ਬਿਲਸਟਨ- ਯੂ. ਕੇ. ਵਿਖੇ ਪੜ੍ਹਿਆ ਗਿਆ)

ਪਰਸਤਾਵਨਾ ਤੇ ਪਿਛੋਕੜ !

ਸਿੱਖਾਂ ਦੇ ਘਰ 'ਪੰਜਾਬ' ਦੀ ਸਮੱਸਿਆ ਪਿੱਛੇ, ਦਿੱਲੀ-ਸਰਕਾਰ ਦੇ ਵਿਤਕਰਿਆਂ, ਕੁਝ ਹਿੰਦੂ ਫਿਰਕਾ-ਪ੍ਰੱਸਤਾਂ ਦੀਆਂ ਬਦਨੀਤੀਆਂ ਤੇ ਅਕਾਲੀ-ਲੀਡਰਾਂ ਦੀਆਂ ਖੁਦਗਰਜ਼ੀਆਂ ਦੀ ਲੰਬੀ ਦਾਸਤਾਂ ਹੈ। ਦੇਸ਼-ਵੰਡ ਤੋਂ ਪਹਿਲਾਂ 1929 ਦੇ ਲਾਹੌਰ ਕਾਂਗਰਸ-ਸੈਸ਼ਨ ਵਿਚ ਮੋਤੀ ਲਾਲ ਨਹਿਰੂ, ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਦੇ ਆਜ਼ਾਦ ਭਾਰਤ ਦੇ ਸੰਵਿਧਾਨ ਨੂੰ ਸਿੱਖਾਂ ਦੀ ਪੂਰਨ ਰਜ਼ਾਮੰਦੀ ਨਾਲ ਬਣਾਉਂਣ, 1931 ਵਿਚ ਗੁ: ਸੀਸ ਗੰਜ ਦਿੱਲੀ ਵਿਚ ਮਹਾਤਮਾ ਗਾਂਧੀ ਦੇ ਸਿੱਖਾਂ ਨੂੰ ਕਾਂਗਰਸ ਤੇ ਵਿਸ਼ਵਾਸ ਕਰਨ ਅਤੇ ਵਿਸ਼ਵਾਸਘਾਤ ਕਰਨ ਦੀ ਹਾਲਤ ਵਿਚ ਹਥਿਆਰ ਚੁੱਕ ਕੇ ਆਪਣੇ ਅਧਿਕਾਰ ਪ੍ਰਾਪਤ ਕਰਨ ਦਾ ਮੁਫਤ ਮਸ਼ਵਰਾ ਦੇਣ ਅਤੇ 1946 ਵਿਚ ਕਾਂਗਰਸ ਪ੍ਰਧਾਨ ਨਹਿਰੂ ਵਲੋਂ ਕਲਕੱਤਾ ਕਾਨਫਰੰਸ ਵਿਚ ਬਹਾਦਰ ਸਿੱਖਾਂ ਲਈ ਦੇਸ਼ ਦੇ ਉਤਰ ਵਿਚ ਆਜ਼ਾਦੀ ਦਾ ਨਿੱਘ ਪ੍ਰਾਪਤ ਕਰਨ ਲਈ ਖਿੱਤਾ ਸਥਾਪਤ ਕਰਨ ਦੇ ਸਬਜ਼-ਬਾਗ ਦਿਖਾਉਂਣ ਵਾਲੇ ਝੂਠੇ-ਲਾਰਿਆਂ ਤੇ ਇਤਬਾਰ ਕਰਕੇ ਜਦ ਸੁਆਰਥੀ ਅਤੇ ਦੂਰ-ਦ੍ਰਿਸ਼ਟੀ ਤੋਂ ਹੀਣੇ ਸਿੱਖ-ਲੀਡਰਾਂ ਨੇ ਅੰਗਰੇਜ਼ ਅਤੇ ਮੁਸਲਮਾਨ ਨੇਤਾਵਾਂ ਦੇ ਲੱਖ ਮੱਤਾਂ ਦੇਣ ਦੇ ਬਾਵਜੂਦ ਵੀ ਕੌਮ ਦੀ ਤਕਦੀਰ ਨੂੰ ਭਾਰਤ ਨਾਲ ਨਰੜ ਕਰ ਲਿਆ। ਆਜ਼ਾਦੀ ਮਿਲਦਿਆਂ ਹੀ ਜਦ ਤੱਤੇ-ਘਾਅ ਸੰਵਿਧਾਨਿਕ-ਅਸੈਂਬਲੀ ਘੱਟ-ਗਿਣਤੀ ਕਮੇਟੀ ਵਲੋਂ ਧਾਰਮਿਕ ਘੱਟ-ਗਿਣਤੀਆਂ ਦੇ ਕਾਨੂੰਨੀ ਰਾਖਵੇਂ-ਕਰਨ ਦਾ ਭੋਗ ਪਾ ਦਿੱਤਾ ਗਿਆ ਤੇ ਗ੍ਰਹਿ-ਮੰਤਰੀ ਪਟੇਲ ਨੇ ਆਪਣੇ ਗੁਪਤ-ਸਰਕੂਲਰ ਰਾਹੀਂ ਸਿੱਖ ਕੌਮ ਨੂੰ ਜਰਾਇਮ-ਪੇਸ਼ਾ ਕਰਾਰ ਦੇਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਅਤੇ 1951 ਵਿਚ ਪੰਜਾਬ ਦੇ ਧਾਨ ਤੇ ਪਲਦੇ ਫਿਰਕਾ-ਪ੍ਰਸਤ ਹਿੰਦੂਆਂ ਨੇ ਆਪਣੀ ਮਾਂ-ਪੰਜਾਬੀ ਦੇ ਦੁੱਧ ਨਾਲ ਹੀ ਦਗਾ ਕਰ ਵਿਖਾਇਆ ਤਾਂ ਕਿਤੇ ਸਿੱਖ-ਲੀਡਰਾਂ ਦੇ ਖਾਨੇ ਪਈ ਕਿ ਫਿਰਕਾ-ਪ੍ਰੱਸਤ ਮਹਾਸ਼ਾ ਉਹਨਾਂ ਨਾਲ ਹੱਥ ਕਰ ਗਿਆ ਹੈ ਤੇ ਹੁਣ ਉਹਨਾਂ ਨੂੰ ਮਿਸਟਰ ਜਿਨਾਹ ਦੇ ਸਰ ਸੋਭਾ ਸਿੰਘ ਨੂੰ 1947 'ਚ ਕਹੇ ਸ਼ਬਦਾਂ 'ਚ ਛੁਪੀ ਸਚਾਈ ਦਾ ਚਾਨਣ ਹੋਇਆ, ਜਿਸ ਅਨੁਸਾਰ ਜਿਨਾਹ ਨੇ ਕਿਹਾ ਸੀ "Sardar Bahadur, you know the Hindu as your co-slave, now, you will know the real Hindu when he becomes your master and you become his slave."

- 'ਸਾਚੀ ਸਾਖੀ' (ਸਿਰਦਾਰ ਕਪੂਰ ਸਿੰਘ) ਪੰਨਾ 145.

ਭਾਸ਼ਾ ਦੇ ਆਧਾਰ ਤੇ ਸੂਬਿਆਂ ਦੀ ਕਾਇਮੀ ਕਰਨ ਵੇਲੇ ਵੀ ਪੰਜਾਬੀਆਂ ਨੂੰ 60,000 ਦੇ ਕਰੀਬ ਗ੍ਰਿਫਤਾਰੀਆਂ ਦੇ ਕੇ ਅਤੇ ਬੇਅੰਤ ਕੁਰਬਾਨੀਆਂ ਕਰ ਕੇ ਹੀ ਕੇਂਦਰ ਦੀ ਬੱਕਰੀ ਨੇ ਪੰਜਾਬੀ-ਸੂਬੇ ਦਾ ਦੁੱਧ ਮੇਂਗਣਾਂ ਪਾ ਕੇ ਦਿੱਤਾ ਅਤੇ ਪੰਜਾਬੀ ਬੋਲਦੇ ਇਲਾਕੇ ਇਕ ਡੂੰਘੀ-ਸਾਜ਼ਿਸ਼ ਅਧੀਨ ਕਲਮ ਦੀ ਕੈਂਚੀ ਨਾਲ ਕਤਰ ਕੇ ਇਸ ਨਾਲੋਂ ਕੱਟ ਲਏ ਗਏ ਤੇ ਪੰਜਾਬੀ ਪਿੰਡਾ ਨੂੰ ਉਜਾੜ ਕੇ ਵਸਾਇਆ ਚੰਡੀਗੜ੍ਹ ਦਾ ਸਿਰ ਪੰਜਾਬ ਨਾਲੋਂ ਵੱਢ ਲਿਆ ਗਿਆ। ਪੰਜਾਬ ਦੇ ਪਾਣੀ-ਬਿਜਲੀ ਨੂੰ ਦੋਹੀਂ ਹੱਥੀਂ-ਲੁੱਟਿਆ ਅਤੇ ਬਾਣੀਆ ਰਣ-ਨੀਤੀ ਵਰਤ ਕੇ ਸਿੱਖ-ਧਰਮ, ਸਿੱਖ-ਸਭਿਆਚਾਰ ਅਤੇ ਸਿੱਖ-ਹੋਂਦ ਨੂੰ ਹਤੱਪਣ ਮਿਟਾਉਂਣ ਲਈ ਗੁੱਝੇ ਮਾਰੂ-ਹਮਲੇ ਆਏ ਦਿਨ ਕੀਤੇ ਜਾਂਦੇ ਰਹੇ। ਇਸ ਅਰਸੇ ਦੌਰਾਨ ਸਿਵਾਏ ਸਿਦਕੀ ਫੇਰੂਮਾਨ ਦੇ, ਕੌਮ ਦੀ ਵਫਾ ਦੇ ਵਤੇਂਵੇ ਛਕਦੇ ਤੇ ਪੰਥ ਦੀ ਪੂਜਾ ਦਾ ਧਾਨ ਖਾਂਦੇ ਕੌਮ ਦੇ ਢੱਟੇ-ਲੀਡਰ ਪੰਜਾਬ ਦੀਆਂ ਮੰਗਾਂ ਦੀ ਪੂਰਤੀ ਲਈ ਮਰਨ-ਵਰਤ ਰੱਖ ਰੱਖ ਭੱਜ ਨਿਕਲਦੇ ਰਹੇ,

ਕੁਝ ਫਿਰਕਾਪ੍ਰਸਤ-ਹਿੰਦੂ, ਕੇਂਦਰ ਦੀ ਪੰਜਾਬ-ਮਾਰੂ ਨੀਤੀ ਵਿਚ ਕੇਂਦਰ ਦੀ ਪਿੱਠ ਪੂਰਦੇ ਰਹੇ ਅਤੇ ਪੰਜਾਬੀਆਂ ਦੀਆਂ ਵੋਟਾਂ ਮਤੁੱਛ ਕੇ ਖਚਰੇ-ਖੁਦਗਰਜ਼ ਲੋਕ ਵਜ਼ੀਰੀ ਦੀਆਂ ਪੀਘਾਂ ਝੂਟਦੇ ਰਹੇ ਪਰ ਸਮੇਂ ਸਮੇਂ ਚੱਲਿਆਂ ਮੋਰਚਿਆਂ ਵਿਚ ਅਣਖੀਲੇ-ਪੰਜਾਬੀ ਕੇਂਦਰ ਦੇ ਧੱਕੇ ਵਿਰੁੱਧ ਜਾਨਾਂ ਹੂਲ ਕੇ ਲੜਦੇ ਰਹੇ। ਕੇਂਦਰ ਦੇ ਇਸ ਧੱਕੇ ਨੂੰ ਦੂਰ ਕਰਾਵਣ ਲਈ ਹੀ 17 ਅਕਤੂਬਰ 1973 ਨੂੰ ਆਨੰਦਪੁਰ ਸਾਹਿਬ ਦਾ ਮਤਾ ਸ੍ਰੋ: ਅਕਾਲੀ ਦਲ ਵਲੋਂ ਪਾਸ ਕੀਤਾ ਗਿਆ। ਕੇਂਦਰ ਦੇ ਵਿਤਕਰੇ ਭਰੇ ਵਤੀਰੇ ਦੇ ਬਦਸਤੂਰ ਜਾਰੀ ਰਹਿਣ ਮਗਰੋਂ ਜਦ 27 ਮਾਰਚ 1977, ਨੂੰ ਜਨਤਾ-ਜੱਫੀ ਨਾਲ ਅਕਾਲੀ ਸਰਕਾਰ ਬਣੀ ਤਾਂ ਸਿੱਖ-ਵੋਟਾਂ ਦਾ ਚੋਗਾ ਚੁਗ ਕੇ ਚੰਡੀਗੜ੍ਹ ਦੇ ਵਜ਼ੀਰ-ਬੰਗਲਿਆਂ 'ਚ ਗੁਟੁਕਦੇ ਅਕਾਲੀ-ਕਬੂਤਰਾਂ ਨੂੰ ਕੇਂਦਰ 'ਚ ਆਪਣੀ ਭਿਆਲ-ਸਰਕਾਰ ਤੋਂ ਨਾ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਮੰਗਣ ਦਾ ਚੇਤਾ ਆਇਆ, ਨਾ ਬੀਨ-ਡੈਮ ਦੀ ਉਸਾਰੀ ਦੀ ਪ੍ਰਵਾਨਗੀ ਲੈਣ ਦਾ, ਨਾ ਰਾਵੀ-ਬਿਆਸ ਦੇ ਪਾਣੀਆਂ ਦੀ ਗੁੱਥੀ ਸੁਲਝਾਉਣ ਦਾ ਤੇ ਨਾ ਭਾਖੜਾ-ਨੰਗਲ ਬੋਰਡ ਦੀ ਮੈਨੇਜਮੈਂਟ ਆਪਣੇ ਹੱਥਾਂ ਵਿਚ ਲੈਣ ਦਾ ! ਤੇਰਾਂ ਅਪ੍ਰੈਲ 1978 ਦੀ ਸਿੰਘ-ਨਿਰੰਕਾਰੀ ਮੁੱਠ-ਭੇੜ ਵਿਚ 13 ਸਿੰਘਾਂ ਦੀ ਸ਼ਹਾਦਤ ਉਪਰੰਤ ਵੀ ਅਕਾਲੀ ਸਰਕਾਰ ਦਾ ਬਹੁਤਾ ਜ਼ੋਰ ਪੰਜਾਬ ਦੀਆਂ ਮੰਗਾਂ ਨਾਲੋਂ ਸਿੱਖ-ਜਜ਼ਬਾਤਾਂ ਦੀ ਤਰਜਮਾਨੀ ਕਰ ਰਹੇ ਸੰਤ ਜਰਨੈਲ ਸਿੰਘ ਖਾਲਸਾ ਦੀ ਸਿੱਖਾਂ ਵਿਚ ਵਧ ਰਹੀ ਸ਼ਾਖ ਨੂੰ ਡੇਗਣ ਤੇ ਆਪਣੀਆਂ ਕੁਰਸੀਆਂ ਨੂੰ ਕਾਇਮ ਰੱਖਣ ਵਿਚ ਹੀ ਲੱਗਾ ਰਿਹਾ। ਇਸ ਤੋਂ ਅਗਲੀ ਕਾਂਗਰਸ ਸਰਕਾਰ ਦੇ ਮੁੱਖ-ਮੰਤਰੀ ਦਰਬਾਰਾ ਸਿੰਘ ਨੂੰ ਉਸ ਦੇ ਪੂਰਵਵਰਤੀ ਰਕੀਬ ਚੀਫ ਮਨਿਸਟਰ ਜ਼ੈਲ ਸਿੰਘ ਦੁਆਰਾ ਗਧੀ-ਗੇੜ ਪਾਉਣ ਕਰਕੇ ਉਸ ਨੇ ਵੀ ਜਿਥੇ ਸੰਤ ਜਰਨੈਲ ਸਿੰਘ ਨੂੰ ਕੇਂਦਰ ਦੀਆਂ ਨਜ਼ਰਾਂ ਵਿਚ ਹਊਆ ਦਿਖਾ ਕੇ ਤੇ ਝੂਠੇ ਕੇਸਾਂ ਵਿਚ ਫਸਾ ਕੇ ਆਪਣੀ ਗੱਦੀ ਬਚਾਉਣ ਲਈ ਪੰਜਾਬ ਵਿਚ ਹਿੰਦੂ-ਸਿੱਖਾਂ ਵਿਚਕਾਰ ਪਾੜੇ ਨੂੰ ਵਧਾਇਆ, ਉਥੇ ਪੰਜਾਬ ਦੇ ਵਿਕਾਸ ਨੂੰ ਰੋਕ ਕੇ ਸੂਬੇ ਦੀਆਂ ਮੰਗਾਂ ਨੂੰ ਦੋਮ ਸਮਝ ਕੇ ਪ੍ਰਾਥਮਿਕਤਾ ਆਪਣੀ ਗੱਦੀ ਬਚਾਉਣ ਨੂੰ ਹੀ ਦਿੱਤੀ। ਇਸ ਤਰ੍ਹਾਂ ਪੰਜਾਬ ਦੀਆਂ ਚਿਰੋਕਣੀਆਂ ਲਮਕਦੀਆਂ ਆ ਰਹੀਆਂ ਮੰਗਾਂ ਨੂੰ ਮੰਨਵਾਉਣ ਲਈ 26 ਜੁਲਾਈ 1982 ਨੂੰ ਹੋਈ ਆਲ-ਵਰਲਡ ਸਿੱਖ-ਕਨਵੈਨਸ਼ਨ ਵਿਚ ਸੰਤ ਲੌਂਗੋਵਾਲ ਨੂੰ ਧਰਮ-ਯੁੱਧ ਮੋਰਚਾ ਸ਼ੁਰੂ ਕਰਨ ਦੇ ਅਧਿਕਾਰ ਦੇ ਕੇ 4 ਅਗਸਤ, 82 ਨੂੰ ਇਹ ਮੋਰਚਾ ਸ਼ੁਰੂ ਕੀਤਾ ਗਿਆ, ਜਿਸ ਵਿਚ ਸੰਤ ਜਰਨੈਲ ਸਿੰਘ ਵੀ ਇਸ ਵੇਰ ਇਕ ਧਿਰ ਸਨ! ਇਸ ਮੋਰਚੇ ਦੇ ਦੌਰਾਨ ਜਿਥੇ ਸੰਤ ਜਰਨੈਲ ਸਿੰਘ ਦੀ ਦਲੇਰੀ ਤੇ ਪ੍ਰਸਿੱਧੀ ਕੇਂਦਰ ਤੇ ਫਿਰਕਾ-ਪ੍ਰਸਤ ਹਿੰਦੂਆਂ ਨੂੰ ਚੁੱਭਦੀ ਸੀ, ਉਥੇ ਸਿੱਖਾਂ ਵਿਚ ਮਕਬੂਲ ਹੋਣ ਕਰਕੇ ਉਹ ਅਕਾਲੀ-ਲੀਡਰਾਂ ਦੇ ਵੀ ਅੱਖ-ਤਿਣ ਬਣੇ। ਇੰਜ ਸਿੱਖ-ਲੀਡਰਾਂ ਦਾ ਗੱਤਕਾ ਸਰਕਾਰ ਨਾਲ ਵੀ ਚਲਦਾ ਸੀ ਤੇ ਅੰਦਰਖਾਤੇ ਆਪਸ ਵਿਚ ਵੀ ! ਇਸ ਲੜਾਈ ਨੂੰ ਲੰਬਿਆਂ ਕਰਕੇ ਤੇ ਸਿੱਖਾਂ ਦੀ ਫੁੱਟ ਨੂੰ ਵਧਾ ਕੇ ਜਿਥੇ ਸ੍ਰੀ ਮਤੀ ਇੰਦਰਾ ਗਾਂਧੀ ਪੰਜਾਬ ਅਥਵਾ ਸਿੱਖਾਂ ਦੀਆਂ ਰਾਜਸੀ ਅਤੇ ਧਾਰਮਿਕ ਮੰਗਾਂ ਨੂੰ ਘੱਟੇ ਰੋਲਣਾ ਚਾਹੁੰਦੀ ਸੀ, ਓਥੇ ਹਿੰਦੂ-ਸਿੱਖ ਪਾੜਾ ਵਧਾ ਕੇ ਆਉਂਦੀਆਂ ਚੋਣਾਂ ਲਈ ਵੀ ਇਸ ਨੂੰ ਵਰਤਣਾ ਚਾਹੁੰਦੀ ਸੀ। ਇਸੇ ਕਾਰਨ ਹੀ ਸਰਕਾਰ ਤੇ ਅਕਾਲੀਆਂ ਦੀਆਂ ਗੱਲਬਾਤਾਂ ਜਾਣ ਬੁੱਝ ਕੇ ਕਈ ਵਾਰ ਤੋੜੀਆਂ ਗਈਆਂ। "The Punjab Story" ਦੇ 91 ਸਫੇ ਉਤੇ ਲੈ: ਜਨਰਲ ਜਗਜੀਤ ਸਿੰਘ ਅਰੋੜਾ ਨੇ ਹਰਕਿਸ਼ਨ ਸਿੰਘ ਸੁਰਜੀਤ ਦੇ ਹਵਾਲੇ ਨਾਲ ਲਿਖਿਆ ਹੈ : 'Many discussions were held between Akali Party and the Central Govt. When differences were narrowed down considerably and decisions were practically arrived at, but at the last minute talks were broken off by the government.' ਸਰਕਾਰ ਅਤੇ ਸਿੱਖਾਂ ਦੇ ਪਏ ਇਸ ਅਹੁਟੇ ਦੇ ਦੌਰਾਨ ਹੀ ਦਸੰਬਰ 1982 ਵਿਚ ਦਿੱਲੀ ਵਿਖੇ ਹੋਈਆਂ ਏਸ਼ੀਅਨ-ਖੇਡਾਂ ਅਜਿਹੀ ਘਟਨਾ ਸੀ, ਜਿਸ ਨੇ ਦਿੱਲੀ ਅਤੇ ਅੰਮ੍ਰਿਤਸਰ ਵਿਚਲੀ ਵਿੱਥ ਨੂੰ ਬਹੁਤ ਵਧਾ ਦਿੱਤਾ ਅਤੇ ਦਿੱਲੀ ਨੇ ਅੰਮ੍ਰਿਤਸਰ ਦੇ ਵਿਸ਼ਵਾਸ਼ ਉਤੇ ਇਕ ਕਰਾਰੀ ਸੱਟ ਮਾਰੀ। ਇਹ ਇਕ ਅਜਿਹਾ ਮੰਦਭਾਗਾ ਮੋੜ ਸੀ, ਜਦ ਇਹ ਲੜਾਈ ਕੇਂਦਰ ਅਤੇ ਪੰਜਾਬ ਦੀ ਲੜਾਈ ਨਾ ਰਹਿ ਕੇ ਦਿੱਲੀ ਅਤੇ ਸਿੱਖਾਂ ਦੀ ਸਿੱਧੀ ਟੱਕਰ ਬਣੀ। ਇਸ ਟੱਕਰ ਵਿਚ ਵੱਡਾ ਜ਼ਿੰਮੇਵਾਰ ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ ਸੀ, ਜਿਸ ਨੇ ਆਪਣੀ ਗੱਦੀ ਨੂੰ ਕਾਇਮ ਰੱਖਣ ਲਈ ਤੇ ਕੇਂਦਰ ਦਾ ਵਿਸ਼ਵਾਸ ਜਿੱਤਣ ਲਈ ਵਰਨਣਯੋਗ ਭੂਮਿਕਾ ਨਿਭਾਈ।

ਕੁਲਦੀਪ ਨਈਅਰ ਅਨੁਸਾਰ-''ਕਹਿੰਦੇ ਹਨ, ਭਜਨ ਲਾਲ ਨੇ ਸ੍ਰੀਮਤੀ ਗਾਂਧੀ ਨੂੰ ਦੱਸਿਆ ਕਿ ਉਹ ਜਾਣਦਾ ਹੈ ਕਿ ਉਹਨੂੰ ਏਸ਼ੀਆਡ ਬਾਰੇ ਚਿੰਤਾ ਹੈ ਪਰ ਜੇ ਕੋਈ ਗੜਬੜ ਹੋਈ ਤਾਂ ਉਹ ਆਪਣੇ ਆਪ ਨੂੰ ਫਾਹੇ ਲਾ ਲਵੇਗਾ, ਉਹ ਇਹ ਗੱਲ ਯਕੀਨੀ ਬਣਾਏਗਾ ਕਿ ਕੋਈ ਅਕਾਲੀ ਦਿੱਲੀ ਵਿਚ ਦਾਖਲ ਨਾ ਹੋ ਸਕੇ''-(ਪੰਜਾਬ ਦਾ ਦੁਖਾਂਤ-ਪੰਨਾ 94) ਇਸ ਸਮੇਂ ਹਰਿਆਣਾ ਪੁਲਿਸ ਨੇ ਗੱਡੀਆਂ, ਬੱਸਾਂ ਅਤੇ ਕਾਰਾਂ 'ਚੋਂ ਸਿੱਖਾਂ ਨੂੰ ਧੂਹ-ਧੂਹ ਕੇ ਉਹਨਾਂ ਦੀ ਤਲਾਸ਼ੀ ਲਈ ਅਤੇ ਉਹਨਾਂ ਨੂੰ ਬੇਇਜ਼ਤ ਤੇ ਪ੍ਰੇਸ਼ਾਨ ਕੀਤਾ। ਇਥੋਂ ਤੱਕ ਕਿ ਏ: ਚੀਫ ਮਾਰਸ਼ਲ ਅਰਜਨ ਸਿੰਘ, ਲੈ: ਜਨਰਲ ਅਰੋੜਾ, ਮੇ: ਜਨਰਲ ਸੁਬੇਗ ਸਿੰਘ ਵਰਗੇ ਰਿਟਾਇਰਡ ਸਿੱਖ ਅਫਸਰਾਂ ਅਤੇ ਸਰਦਾਰ ਸਵਰਨ ਸਿੰਘ ਤੇ ਸ੍ਰੀਮਤੀ ਅਮਰਜੀਤ ਕੌਰ (ਕਾਂਗਰਸ ਐਮ. ਪੀ.) ਨੂੰ ਬਾਵਜੂਦ ਦੱਸਣ ਦੇ ਵੀ ਰੋਕਿਆ ਗਿਆ। ਇਹ ਇਕ ਅਜਿਹੀ ਘਟਨਾ ਸੀ, ਜਿਸ ਨੇ ਸਿੱਖਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਉਹ ਭਾਰਤ ਵਿਚ ਰਹਿ ਕੇ ਬਾਕੀ ਭਾਰਤੀਆਂ ਨਾਲੋਂ ਅਲੱਗ ਅਤੇ ਉਹਨਾਂ ਲਈ ਬਿਗਾਨੇ ਹਨ। ਦੂਜੇ ਪਾਸੇ 'ਆਨੰਦਪੁਰ ਦਾ ਮਤਾ' ਜੋ ਧਰਮ-ਯੁੱਧ ਮੋਰਚੇ ਦਾ ਧੁਰਾ ਸੀ, ਦਾ ਨਾਂ ਹੀ ਕੇਂਦਰ ਤੇ ਫਿਰਕਾ-ਪ੍ਰੱਸਤਾਂ ਨੂੰ ਚੁਭਦਾ-ਭੰਗਦਾ ਸੀ ਤੇ ਸੰਤ ਜਰਨੈਲ ਸਿੰਘ ਸਿਵਾਏ ਆਮ ਸਿੱਖਾਂ ਦੇ, ਕੇਂਦਰ, ਫਿਰਕਾ-ਪ੍ਰਸਤ ਹਿੰਦੂਆਂ ਤੇ ਅਕਾਲੀ-ਲੀਡਰਾਂ, ਤਿੰਨਾਂ ਧਿਰਾਂ ਨੂੰ ਹੀ ਵੰਗਾਰ ਦਿਸਦੇ ਸਨ। ਇਸ ਤਰਾਂ ਇਹਨਾਂ ਤਿੰਨਾਂ ਧਿਰਾਂ ਦੇ ਆਪਣੇ ਆਪਣੇ ਹਿਤਾਂ ਅਤੇ ਮਿਲਵੀਂ-ਭੁਗਤ ਅਤੇ ਸਾਜ਼ਿਸ਼ ਨਾਲ ਅਜਿਹਾ ਮਾਹੌਲ ਬਣਿਆ ਕਿ ਸੂਬੇ ਵਿਚ ਫੈਲ ਰਹੇ 'ਆਤੰਕਵਾਦ' ਦੀ ਓਟ ਲੈ ਕੇ ਸ੍ਰੀਮਤੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉਤੇ ਫੌਜੀ ਧਾਵਾ ਬੋਲਿਆ। ਇਹ ਵੀ ਨੰਗਾ-ਚਿੱਟਾ ਸੱਚ ਹੈ ਕਿ ਪੰਜਾਬ ਵਿਚ ਹੋਈਆਂ ਹਿੰਸਕ-ਘਟਨਾਵਾਂ ਦੀ ਗਿਣਤੀ ਇਸ ਸਾਲ ਮਹਾਰਾਸ਼ਟਰ ਆਦਿ ਕਈ ਸਟੇਟਾਂ ਵਿਚ ਹੋਈਆਂ ਘਟਨਾਵਾਂ ਨਾਲੋਂ ਕਿਤੇ ਘੱਟ ਸੀ। ਨਾਲੇ ਸੰਨ 82 ਵਿਚ ਸਰਕਾਰ ਨੇ ਸ਼ਰੋਮਣੀ ਕਮੇਟੀ ਨੂੰ ਦਰਬਾਰ ਸਾਹਿਬ 'ਚ ਛੁਪੇ ਜਿਹਨਾਂ 40 ਕਥਿਤ-ਅਪਰਾਧੀਆਂ ਦੀ ਸੂਚੀ ਭੇਜੀ, ਉਹਨਾਂ ਵਿਚ 18 'ਚੋਂ ਕੁਝ ਜਹਾਜ ਦੇ ਅਗਵਾ ਹੋਣ ਕਾਰਨ ਪਾਕਿਸਤਾਨ ਤੇ ਦੂਜੇ ਦੇਸ਼ਾਂ ਵਿਚ ਚਲੇ ਗਏ, ਕੁਝ ਮਾਰੇ ਗਏ, ਕੁਝ ਜ਼ਮਾਨਤ ਤੇ ਰਿਹਾ ਕੀਤੇ ਗਏ ਤੇ ਰਹਿੰਦੇ 22 ਪੜਤਾਲੀਆ ਕਮੇਟੀ ਨੂੰ ਦਰਬਾਰ ਸਾਹਿਬ ਵਿਚੋਂ ਹੀ ਨਹੀਂ ਸਨ ਮਿਲ ਸਕੇ ਕਿਉਂਕਿ ਇਹਨਾਂ ਬਾਰੇ ਭੇਜੇ ਗਏ ਤੋਬ ਹੀ ਠੀਕ ਨਹੀਂ ਸਨ (ਇਹ ਪਿੱਛੋਂ ਗ੍ਰਹਿ ਮੰਤਰੀ ਪੀ. ਸੀ. ਸੇਠੀ ਨੇ ਲੋਕ ਸਭਾ 'ਚ ਸਵੀਕਾਰ ਕੀਤਾ !) ਤੇ ਇਸਤੋਂ ਮਗਰੋਂ ਸ੍ਰੋ: ਕਮੇਟੀ ਨੂੰ ਉਥੇ ਛੁਪੇ 'ਅਪਰਾਧੀਆਂ' ਜਾਂ 'ਆਤੰਕਵਾਦੀਆਂ' ਦੀ ਕੋਈ ਲਿਸਟ ਨਹੀਂ ਸੀ ਭੇਜੀ ਗਈ। ਦਰਬਾਰ ਸਾਹਿਬ ਉਤੇ ਹਮਲਾ ਕਰਨ ਦੇ ਸਿੱਟਿਆਂ ਬਾਰੇ ਸੂਝਵਾਨ ਸਿਆਸਤਦਾਨਾਂ ਦੀ ਰਾਏ ਨੂੰ ਵੀ ਪੂਰੀ ਤਰਾਂ ਨਜ਼ਰ-ਅੰਦਾਜ਼ ਕੀਤਾ ਗਿਆ। ਇਸ ਬਾਰੇ ਸ੍ਰੀ ਸੁਬਰਾਮਾਨੀਅਮ ਸਵਾਮੀ ਦੀ ਰਾਏ ਸੀ- ''ਜੇ ਦਰਬਾਰ ਸਾਹਿਬ ਵਿਚ ਦਾਖਲ ਹੋਣ ਦੀ ਭੁੱਲ ਕੀਤੀ ਗਈ ਤਾਂ ਸਾਰਾ ਪੰਜਾਬ ਇਸ ਦੀ ਲਪੇਟ ਵਿਚ ਆ ਜਾਵੇਗਾ।'' 'In the Theatre of Violence' The Illustrated Weekly Of India-May 13, 84 Page 11.

ਹਰਿਮੰਦਰ ਸਾਹਿਬ ਤੇ ਹਮਲਾ !

ਪੰਜਾਬ, ਸਿੱਖ ਬਹੁ-ਸੰਮਤੀ ਵਾਲਾ ਸੂਬਾ ਹੋਣ ਕਾਰਨ ਕੇਂਦਰ ਦੀ ਘੱਟ-ਗਿਣਤੀ ਧਰਮਾਂ ਨੂੰ ਹੜੱਪਣ ਵਾਲੀ ਨੀਤੀ ਤਹਿਤ ਹਮੇਸ਼ਾਂ ਹੀ ਕੇਂਦਰ ਦੀਆਂ ਅੱਖਾਂ ਵਿਚ ਰੜਕਦਾ ਰਿਹਾ ਹੈ। ਇਸੇ ਭਾਵਨਾ ਅਧੀਨ ਅਤੇ ਹਿੰਦੂ-ਬਹੁ-ਸੰਮਤੀ ਦੀਆਂ ਵੋਟਾਂ ਬਟੋਰਨ ਦੀ ਇੱਛਾ ਨਾਲ ਸ੍ਰੀਮਤੀ ਗਾਂਧੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਬ੍ਰਾਨਣੂੰ ਕਾਫੀ ਸਮਾਂ ਪਹਿਲਾਂ ਹੀ ਬੁੰਨਿਆ ਹੋਇਆ ਸੀ। ਇਸ ਕਾਰਜ ਲਈ ਗੁਪਤ ਸੰਸਥਾ 'RAW' ਦੇ ਨੁਮਾਇੰਦਿਆਂ ਆਰ. ਐਨ. ਕੇ. ਅਤੇ ਗੈਨੀ ਸਕਸੈਨਾ ਨੂੰ ਕਾਫੀ ਦੇਰ ਪਹਿਲਾਂ ਹੀ ਇਸ ਕਾਰਵਾਈ ਵਿਚ ਮੁਹਾਰਤ ਹਾਸਲ ਕਰਨ ਹਿਤ ਲੰਡਨ ਭੇਜਿਆ ਗਿਆ ਤੇ ਵੇਖੋ ਵੱਖਰੀਆਂ ਯੂਨਿਟਾਂ ਦੇ 600 ਜੁਆਨਾਂ ਨੂੰ ਚਕਰਾਤਾ (ਯੂ. ਪੀ.) ਵਿਚ ਦਰਬਾਰ ਸਾਹਿਬ ਉਤੇ ਹਮਲੇ ਲਈ ਟ੍ਰੇਨਿੰਗ ਦਿੱਤੀ ਗਈ। ਹਾਲਾਂ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੇ ਖੁਲ੍ਹੇਆਮ ਅਤੇ ਗ੍ਰਹਿ-ਮੰਤਰੀ ਪੀ. ਸੀ. ਸੇਠੀ ਨੇ ਪਾਰਲੀਮੈਂਟ ਦੇ ਦੋਹਾਂ ਸਦਨਾਂ ਨੂੰ ਕੁਝ ਦਿਨ ਪਹਿਲਾਂ ਹੀ ਹਮਲਾ ਨਾ ਕਰਨ ਦਾ ਭਰੋਸਾ ਦਿਵਾਇਆ ਸੀ ਪਰ ਪਤਾ ਉਦੋਂ ਲੱਗਾ ਜਦ 3 ਜੂਨ 1984 ਨੂੰ, ਜਦ ਕਿ ਹਜ਼ਾਰਾਂ ਸਿੱਖ-

ਸ਼ਰਧਾਲੂ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਪੁਰਬ ਮਨਾਉਂਣ ਹਿਤ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਜੁੜੇ ਹੋਏ ਸਨ, ਪੰਜਾਬ 'ਚ 72 ਘੰਟੇ ਦਾ ਕਰਫੀਊ ਠੋਕ ਕੇ, ਇਸ ਦਾ ਸੰਚਾਰ-ਸਿਲਸਿਲਾ ਸਾਰੇ ਸੰਸਾਰ ਨਾਲੋਂ ਕੱਟ ਕੇ, ਪੰਜਾਬ ਨੂੰ ਸੀਲ ਕਰਕੇ, ਵਿਦੇਸ਼ੀ ਪੱਤਰਕਾਰਾਂ ਨੂੰ ਉਥੋਂ ਕੱਢ ਕੇ, ਪੈਰਾ-ਮਿਲਟਰੀ ਤੋਂ ਬਿਨਾਂ 50000 ਟਰੇਂਡ-ਆਰਮੀ, ਸਮੇਤ ਕੁਝ ਨੇਵੀ ਅਤੇ ਏਅਰ-ਫੋਰਸ ਦੇ, ਤਾਇਨਾਤ ਕਰ ਦਿੱਤੀ ਗਈ ਤੇ ਪੰਜ ਜੂਨ ਨੂੰ ਹੈਲੀਕਾਪਟਰਾਂ, ਟੈਂਕਾਂ-ਤੋਪਾਂ ਤੇ ਮਸ਼ੀਨਗੰਨਾਂ ਨਾਲ ਦਰਬਾਰ ਸਾਹਿਬ ਤੇ 42 ਹੋਰ ਗੁਰਦੁਆਰਿਆਂ ਉਤੇ ਭਾਰੀ ਫੋਰਸ ਨਾਲ ਹੱਲਾ ਬੋਲ ਦਿੱਤਾ ਗਿਆ, ਜਿਸ ਦੇ ਫਲਸਰੂਪ ਸ੍ਰੀ ਅਕਾਲ ਤਖਤ ਨੂੰ ਤਬਾਹ ਕੀਤਾ ਗਿਆ, ਸਿੱਖ ਅਜਾਇਬ-ਘਰ ਤੇ ਲਾਇਬ੍ਰੇਰੀ ਨੂੰ ਅੱਗ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1000 ਤੋਂ ਉਪਰ ਸਰੂਪ, ਅਗਨ-ਭੇਟ ਕਰ ਕੇ, ਗੋਲਕਾਂ ਨੂੰ ਲੁੱਟ ਕੇ, ਸਿੱਖ-ਸਭਿਆਚਾਰ ਨਾਲ ਸੰਬੰਧਿਤ ਹੋਰ ਕਿੰਨੀਆਂ ਹੀ ਕੀਮਤੀ ਇਤਿਹਾਸਕ-ਵਸਤਾਂ ਨੂੰ ਲੁੱਟਿਆ ਜਾਂ ਤਬਾਹ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦਾ ਪਿਛਲੇ 60 ਸਾਲਾਂ ਦਾ ਰਿਕਾਰਡ ਸਾੜ ਕੇ ਸੁਆਹ ਕਰ ਦਿੱਤਾ ਗਿਆ। ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਰਾਮਦਾਸ ਲੰਗਰ ਆਦਿ ਵਿਸ਼ਾਲ-ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ, ਦਰਸ਼ਨੀ-ਡਿਉਢੀ ਨੂੰ ਭਾਰੀ ਨੁਕਸਾਨ ਪਹੁੰਚਾ ਕੇ ਹਰਿਮੰਦਰ ਸਾਹਿਬ ਨੂੰ ਵੀ 250 ਤੋਂ ਵੱਧ ਗੋਲੀਆਂ ਨਾਲ ਛਾਨਣੀ ਕੀਤਾ ਗਿਆ। ਗੁਰਪਰਬ ਮਨਾਉਂਣ ਆਏ ਬੱਚਿਆਂ, ਬਜ਼ੁਰਗਾਂ ਤੇ ਇਸਤਰੀਆਂ ਸਮੇਤ ਹਜ਼ਾਰਾਂ ਸ਼ਰਧਾਲੂਆਂ ਨੂੰ ਵਹਿਸ਼ੀਆਨਾ ਤਰੀਕੇ ਨਾਲ ਫੁੰਡ ਦਿੱਤਾ ਗਿਆ। ਦਰਬਾਰ ਸਾਹਿਬ ਤੋਂ ਬਿਨਾਂ ਅਜਿਹਾ ਹੀ ਕਹਿਰ ਗੁ: ਦੂਖ-ਨਿਵਾਰਨ ਪਟਿਆਲਾ, ਗੁ: ਮੁਕਤਸਰ ਸਾਹਿਬ, ਗੁ: ਤਰਨ ਤਾਰਨ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਵਰਤਾਇਆ ਗਿਆ। ਸਰਕਾਰੀ ਚਿੱਟੇ-ਝੂਠ ਦੇ ਪਲੰਦੇ ਅਥਵਾ (White Paper) ਵਿਚ ਗੋਲੀਆਂ ਨਾਲ ਸ਼ਹੀਦ ਹੋਏ ਲੋਕਾਂ ਦੀ ਗਿਣਤੀ 554 ਦੱਸੀ ਗਈ ਹੈ, ਜਿਹਨਾਂ ਤੋਂ ਬਿਨਾਂ 92 ਧਾੜਵੀ ਫੌਜੀ ਵੀ ਮਾਰੇ ਗਏ ਪਰ 23 ਜੂਨ, 1984 ਦੇ 'ਸ਼ਿਕਾਗੋ-ਟਰੀਬਿਊਨ' ਅਨੁਸਾਰ ਗੋਲੀਆਂ ਦਾ ਨਿਸ਼ਾਨਾ ਬਣੇ ਲੋਕਾਂ ਦੀ ਗਿਣਤੀ 2000, ਖੁਸ਼ਵੰਤ ਸਿੰਘ ਅਨੁਸਾਰ 5000, ਹੋਰ ਕਈ ਸੂਤਰਾਂ ਅਨੁਸਾਰ 20000 ਤੱਕ ਵੀ ਦੱਸੀ ਗਈ। Joice Pettigrew ਨੂੰ ਇਕ ਗਰੰਥੀ ਵਲੋਂ ਸੁਣਾਏ ਬ੍ਰਿਤਾਂਤ ਅਨੁਸਾਰ "ਇਹਨਾਂ ਵਿਚੋਂ ਬਹੁਤ ਸਾਰੇ ਔਰਤਾਂ, ਬ੍ਰਿਧ ਅਤੇ ਬੱਚੇ ਸਨ। ਜਿਹੜੇ ਫੜੇ ਗਏ ਤੇ ਜਿਹਨਾਂ ਆਤਮ-ਸਮਰਪਣ ਕੀਤਾ, ਉਹਨਾਂ ਨੂੰ ਗੋਲੀਆਂ ਮਾਰੀਆਂ ਗਈਆਂ। ਜਦੋਂ ਫੌਜੀ ਸੇਵਾਦਾਰਾਂ ਦੇ ਕੁਆਰਟਰਾਂ ਵਿਚ ਗਏ ਤਾਂ ਉਹਨਾਂ ਕਈ ਔਰਤਾਂ ਨੂੰ ਨੰਗਿਆਂ ਕੀਤਾ, ਭੰਗੜੇ ਪਾਏ ਅਤੇ ਉਹਨਾਂ ਦੀ ਅਸਮਤ ਲੁੱਟੀ।"

(Chicago Tribune, June 12, 84, page 119)

ਪ੍ਰਧਾਨ-ਮੰਤਰੀ ਨੇ ਉਕਤ ਘੱਲੂਘਾਰੇ ਤੋਂ ਤਿੰਨ ਮਹੀਨੇ ਬਾਅਦ ਆਪੋਜ਼ੀਸ਼ਨ ਵਲੋਂ ਪੰਜਾਬ ਦੀ ਸਥਿਤੀ ਨਾਲ ਨਜਿੱਠਣ ਦੀ ਸਰਕਾਰੀ ਸਮਰੱਥਾ ਤੇ ਹੋਈ ਨੁਕਤਾਚੀਨੀ ਦੇ ਜਵਾਬ ਵਿਚ ਵ੍ਹਾਈਟ-ਪੇਪਰ ਅਨੁਸਾਰ ਮਾਰੇ ਗਏ ਜਵਾਨਾਂ ਦੀ ਗਿਣਤੀ 92 ਦੀ ਬਜਾਏ 700 ਦੱਸੀ, ਜਿਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੋਲੀ ਦਾ ਨਿਸ਼ਾਨਾ ਬਣੇ ਸਿੱਖਾਂ ਦੀ ਗਿਣਤੀ ਵ੍ਹਾਈਟ-ਪੇਪਰ ਵਿਚਲੇ ਸਰਕਾਰੀ ਅੰਕੜਿਆਂ ਤੋਂ ਕਿਤੇ ਵੱਧ ਹੋਵੇਗੀ। ਜਿਸ ਕਦਰ ਨਿਰਦੋਸ਼ ਯਾਤਰੀਆਂ ਨੂੰ ਉਹਨਾਂ ਦੇ ਹੱਥ ਪੱਗਾਂ ਨਾਲ ਪਿੱਛੇ ਨੂੜ ਕੇ ਤੇ ਉਹਨਾਂ ਨੂੰ ਕਤਾਰਾਂ ਵਿਚ ਖੂੜੇ ਕਰਕੇ ਗੋਲੀਆਂ ਮਾਰੀਆਂ ਗਈਆਂ ਤੇ ਅੱਧ- ਨੰਗੇ ਕਰਕੇ ਉਹਨਾਂ ਨੂੰ ਤੱਤੇ-ਫਰਸ਼ਾਂ ਉਪਰ ਲਿਟਾਇਆ ਗਿਆ ਜਾਂ ਕਮਰਿਆਂ ਵਿਚ ਬੰਦ ਕੀਤੇ ਯਾਤਰੂਆਂ ਵਿਚਲੇ ਬੱਚਿਆਂ ਨੂੰ ਪਾਣੀ-ਖੁਣੋਂ ਪਿਆਸੇ ਤੜਫਾ ਕੇ ਮਾਰਿਆ ਗਿਆ, ਇਹ ਜ਼ੁਲਮ ਦੀ ਸਿਖਰ ਹੈ। ਅੱਖਾਂ ਦੀ ਜੋਤੋਂ-ਵਿਹੂਣੇ ਰਾਗੀ ਭਾਈ ਅਮਰੀਕ ਸਿੰਘ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਦੇ ਮੋਢੇ ਨੂੰ ਚੀਰ ਕੇ ਗੋਲੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਨੂੰ ਵਿੰਨ ਗਈ।

ਜਾਬਰ ਸਰਕਾਰ ਦੇ ਸਿੱਖਾਂ ਤੇ ਜ਼ੁਲਮ ਦੀ ਇੰਤਹਾ ਨੂੰ ਬਿਆਨ ਕਰਦਿਆਂ "ਇੰਡੀਆ ਟੂ-ਡੇ" ਦਾ ਪੱਤਰਕਾਰ ਸਤੰਬਰ 30, 84 ਦੇ ਅੰਕ ਵਿਚ ਪੰਨਾ 25 ਤੇ ਲਿਖਦਾ ਹੈ- "ਓਪਰੇਸ਼ਨ ਬਲਿਊ ਸਟਾਰ" ਦੇ ਸ਼ਿਕਾਰ ਹੋਰ ਵੀ ਸਨ ਛੋਟੇ ਬੱਚੇ ! ਕੁਝ ਬਹੁਤ ਛੋਟੇ ਸਿਰਫ ਦੋ ਸਾਲ ਦੇ, ਜੋ ਪੇਂਡੂ ਇਲਾਕੇ

ਵਿਚੋਂ ਫੌਜ ਦੁਆਰਾ ਹਿਰਾਸਤ ਵਿਚ ਲਏ ਗਏ। ਉਦੋਂ ਤੋਂ ਇਹ 2 ਤੋਂ 12 ਸਾਲ ਦੇ 39 ਬੱਚੇ ਲੁਧਿਆਣੇ ਦੀਆਂ ਦੋ ਜਿਹਲਾਂ ਵਿਚ ਅੰਦਰ ਘੁਲ ਰਹੇ ਹਨ। ਇਹਨਾਂ ਵਿਚ ਇਕ 4 ਵਰ੍ਹੇ ਦਾ ਰਿੰਕੂ ਹੈ, ਜਿਸ ਦਾ ਪਿਤਾ ਆਰਮੀ-ਧਾਵੇ ਵੇਲੇ ਮਾਰਿਆ ਗਿਆ, ਉਸ ਦੀ ਮਾਂ ਲਾ-ਪਤਾ ਹੈ।"

New Statesman ਨਵੰਬਰ 16, 84 ਦੇ ਆਪਣੇ ਲੇਖ "The Other side of Mrs. Gandhi" ਵਿਚ Amrit Wilson ਲਿਖਦੀ ਹੈ- "ਜਦੋਂ ਫੌਜੀ ਹਮਲੇ ਵੇਲੇ ਸੋਨ-ਮੰਦਰ ਦੇ ਅਹਾਤੇ ਦੇ ਇਕ ਹਿੱਸੇ ਵਿਚ ਗੋਲਾਬਾਰੀ ਹੋਈ ਤਾਂ ਇਕ ਹੋਰ ਹਿੱਸੇ ਵਿਚ ਬੱਚਿਆਂ, ਬੁੱਢਿਆਂ ਸਮੇਤ ਹਜ਼ਾਰਾਂ ਯਾਤਰੀਆਂ ਨੂੰ, ਜਿਹਨਾਂ ਦਾ 'ਅਲਹਿਦਗੀ-ਪਸੰਦਾਂ' ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ, ਇਕ ਵਿਹੜੇ ਵਿਚ ਤਾੜ ਕੇ ਗਰਨੇਡਾਂ ਤੇ ਮਸ਼ੀਨ-ਗੰਨਾਂ ਨਾਲ ਭੁੰਨਿਆ ਗਿਆ। ਜਿਹੜੇ ਜਿਉਂਦੇ ਬਚੇ, ਉਹਨਾਂ ਨੂੰ ਉਥੋਂ ਜਾਣ ਤੋਂ ਰੋਕਿਆ ਗਿਆ। ਬਹੁਤ ਸਾਰੇ ਜ਼ਖਮੀਆਂ ਨੂੰ ਆਖਰ ਨੂੰ ਹਸਪਤਾਲ ਲਿਜਾਇਆ ਗਿਆ ਪਰ ਜਿਹੜੇ ਫੌਟੜ ਨਹੀਂ ਸਨ, ਉਹਨਾਂ ਨੂੰ ਹਿਰਾਸਤ ਵਿਚ ਰੱਖਿਆ ਗਿਆ। ਬੇਹੋਸ਼ਾਂ ਦੇ ਸਮੇਤ 3000 ਦੇ ਲਗਪਗ ਮਰਿਆਂ ਨੂੰ ਟਰੱਕਾਂ ਵਿਚ ਤੂੜ ਕੇ ਉਥੋਂ ਲਿਜਾਇਆ ਗਿਆ" ਤੇ ਜਿਸ ਤਰ੍ਹਾਂ ਦਰਬਾਰ ਸਾਹਿਬ ਦੇ ਅਹਾਤੇ ਵਿਚੋਂ ਲਾਸ਼ਾਂ ਦੇ ਅੰਬਾਰਾਂ ਨੂੰ, ਭੰਗੀਆਂ ਨੂੰ ਸ਼ਰਾਬਾਂ ਪਿਆ ਕੇ ਤੇ ਪੈਸੇ ਵੰਡ ਕੇ ਕੂੜਾ ਢੋਣ ਵਾਲੀਆਂ ਗੱਡੀਆਂ ਵਿਚ ਢੋਅ ਕੇ, ਬਿਨਾਂ ਉਹਨਾਂ ਦੇ ਵਾਰਸਾਂ ਨੂੰ ਖਬਰ ਕੀਤੇ, ਸਾੜਿਆ ਗਿਆ, ਇਹ ਅਖੌਤੀ ਲੋਕ-ਰਾਜੀ ਭਾਰਤ ਦੇ ਮੱਥੇ ਤੇ ਅਜਿਹਾ ਕਲੰਕ ਹੈ, ਜਿਸ ਨੂੰ ਕਦੇ ਵੀ, ਕਿਵੇਂ ਵੀ ਧੋਤਾ ਨਹੀਂ ਜਾ ਸਕਦਾ।

ਇਥੇ ਹੀ ਬੱਸ ਨਹੀਂ, ਜਿਸ ਕਦਰ ਇਸ ਸਾਕੇ ਮਗਰੋਂ ਸਰਕਾਰ ਵਲੋਂ ਆਪਣੇ ਇਸ ਕਾਲੇ ਕਾਰਨਾਮੇ ਉਤੇ ਮੀਡੀਏ ਦਾ ਦੁਰ-ਉਪਯੋਗ ਕਰ ਕੇ, ਸੱਚ ਨੂੰ ਛੁਪਾ ਕੇ ਪਰਦਾ ਪਾਉਂਣ ਦੇ ਕੋਝੇ ਯਤਨ ਕੀਤੇ ਗਏ, ਸਿੱਖ-ਪਰੰਪਰਾ ਦੀਆਂ ਧੱਜੀਆਂ ਉਡਾ ਕੇ 'ਸੁਬੱਤ ਖਾਲਸੇ' ਦਾ ਤੰਬੂ ਤਾਣ ਕੇ ਆਪਣੇ ਪਿੱਛਲੱਗ ਸੰਤਾ ਸਿੰਘ ਰਾਹੀਂ 'ਕਾਰ ਸੇਵਾ' ਦਾ ਡਰਾਮਾ ਕਰਵਾਇਆ, ਧਾੜਵੀ-ਸੈਨਿਕਾਂ ਨੂੰ ਹਿੰਦ-ਪਾਕਿ ਦੀਆਂ ਲੜਾਈਆਂ ਵਿਚ ਮਰੇ ਸੈਨਿਕਾਂ ਤੋਂ ਵੱਧ ਨਕਦ-ਭੁਗਤਾਨ ਕੀਤੇ ਗਏ, ਜੁਡੀਸ਼ੀਅਲ-ਇਨਕੁਆਰੀ ਤੋਂ ਇਨਕਾਰ ਕੀਤਾ ਗਿਆ ਤੇ ਹਮਲਾਵਰ-ਸੈਨਿਕਾਂ ਨੂੰ ਤਮਗਿਆਂ ਨਾਲ ਨਿਵਾਜ਼ਿਆ ਗਿਆ, ਇਹ ਵੱਢੀ-ਟੁੱਕੀ ਗਈ ਸਿੱਖ-ਕੌਮ ਦੇ ਅੱਲ੍ਹੇ-ਜ਼ਖਮਾਂ ਤੇ ਲੂਣ ਛਿੜਕਣ ਤੁੱਲ ਸੀ।

ਦਿੱਲੀ-ਦੁਖਾਂਤ !

ਇਸ ਤੋਂ ਉਪਰੰਤ ਇੰਦਰਾ ਗਾਂਧੀ ਦਾ ਕਤਲ ਹੋਣ ਉਤੇ ਦਿੱਲੀ ਅਤੇ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਜੋ ਕਹਿਰ ਦੇ ਪਹਾੜ ਟੁੱਟੇ, ਉਹਨਾਂ ਦਾ ਵਰਨਣ ਕੀਤਿਆਂ ਕਲਮ ਕੰਬ ਜਾਂਦੀ ਹੈ। ਅਜਿਹੀਆਂ ਮਿਸਾਲਾਂ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਟਾਵੀਆਂ-ਟੱਲੀਆਂ ਤਾਂ ਲੱਭੀਆਂ ਜਾ ਸਕਦੀਆਂ ਹਨ ਪਰ ਜਿਸ ਕਦਰ ਲੋਕ-ਰਾਜ ਦੇ ਬੁਰਕੇ ਥੱਲੇ ਸਰਕਾਰੀ-ਮਸ਼ੀਨਰੀ ਦੇ ਪੁਰਜ਼ਿਆਂ ਨੇ ਗਿਣੀ-ਮਿਥੀ ਸਾਜ਼ਿਸ਼ ਅਧੀਨ ਪੂਰੀ ਵਿਉਂਤਬੰਦੀ ਕਰਕੇ ਭਾਰਤ ਦੀ ਆਜ਼ਾਦੀ ਤੇ ਖੁਸ਼ਹਾਲੀ ਲਈ ਜੀਵਨ-ਦਾਨ ਕਰਨ ਵਾਲੀ ਘੱਟ-ਗਿਣਤੀ ਦੇ ਮੈਂਬਰ ਸਿੱਖਾਂ ਨੂੰ 'ਸਬਕ ਸਿਖਾਉਂਣ' ਲਈ ਵਹਿਸ਼ੀਆਨਾ ਤਰੀਕੇ ਨਾਲ ਉਹਨਾਂ ਦੀ ਜਾਨ-ਮਾਲ ਤੇ ਅਸਮਤ ਨੂੰ ਲੁੱਟਿਆ ਹੈ, ਇਹ ਮਨੁੱਖ ਦੇ ਅਤਿ-ਘਟੀਆ ਕਿਰਦਾਰ ਦਾ ਇਕ ਅਤਿ-ਸ਼ਰਮਨਾਕ ਤੇ ਅਬਰੂਆਂ ਨਾਲ ਲਿਖਿਆ ਜਾਣ ਵਾਲਾ ਕਾਂਡ ਹੈ। ਯੋਜਨਾਬੱਧ ਤਰੀਕੇ ਨਾਲ ਸਰਕਾਰ ਵਿਚ ਭਾਈਵਾਲ ਲੋਕਾਂ ਨੇ ਆਪ ਨਾਲ ਲੱਗ ਕੇ ਸਿੱਖਾਂ ਦੇ ਘਰਾਂ-ਕਾਰੋਬਾਰਾਂ ਨੂੰ ਸਾੜ ਕੇ, ਬੱਚਿਆਂ, ਬੁੱਢਿਆਂ, ਮਰਦਾਂ-ਔਰਤਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਸਾੜਿਆ-ਮਾਰਿਆ ਤੇ ਸਮੂਹਿਕ-ਰੂਪ ਵਿਚ ਔਰਤਾਂ ਦੀਆਂ ਅਸਮਤਾਂ ਲੁੱਟੀਆਂ। ਫਿਰ ਜਿਸ ਤਰਾਂ ਮਨੁੱਖਤਾ ਦੇ ਨਿਕਲ ਰਹੇ ਇਸ ਜਨਾਜ਼ੇ ਉਤੇ ਹੰਝੂ ਕੇਰਨ, ਆਹ ਦਾ ਨਾਅਰਾ ਮਾਰਨ ਅਥਵਾ ਇਹਨਾਂ ਜ਼ੁਲਮਾਂ ਦੀ ਹੌਲਨਾਕ ਤੇ ਦਿਲ-ਕੰਬਾਊ ਤਸਵੀਰ ਸੰਸਾਰ ਸਾਹਵੇਂ ਲਿਆਉਂਣ ਵਾਲੇ ਸੁਹਿਰਦ ਤੇ ਨਿਰਪੱਖ, ਮੰਨੇ-ਪ੍ਰਮੰਨੇ ਲੋਕਾਂ ਨੂੰ ਸਰਕਾਰੀ ਸ਼ਕਤੀ ਦੇ ਜਬ੍ਹਾੜਿਆਂ 'ਚ ਲੈ ਕੇ ਉਹਨਾਂ ਦੀ ਆਵਾਜ਼ ਨੂੰ ਬੰਦ ਕਰਨ ਦੇ ਘਟੀਆ ਕੋਝੇ ਯਤਨ

ਕੀਤੇ ਗਏ, ਉਹਨਾਂ ਨੇ ਸੰਸਾਰ ਦੇ ਸ਼ਹਿਰੀ-ਆਜ਼ਾਦੀ ਤੇ ਮਨੁੱਖੀ-ਸਵਤੰਤਰਤਾ ਦੇ ਹਾਮੀ ਲੋਕਾਂ ਦੀਆਂ ਮੂੰਹ-ਉੱਗਲੀਆਂ ਪੁਆ ਦਿੱਤੀਆਂ ਹਨ। ਇਸ ਤੋਂ ਅੱਗੇ ਜਿਵੇਂ ਮਨੁੱਖੀ-ਜ਼ੁਲਮ ਦੀਆਂ ਇਹਨਾਂ ਅਤਿ ਘਿਨਾਉਣੀਆਂ ਦੁਰਘਟਨਾਵਾਂ ਵਿਚ ਸਾਬਤ ਹੋ ਚੁਕੇ ਮੋਹਰੀ-ਭਾਈਵਾਲ ਐਚ. ਕੇ. ਐਲ. ਭਗਤ ਤੇ ਟਾਇਟਲਰ ਵਰਗੇ ਦਰਿੰਦਿਆਂ ਨੂੰ ਰਾਜੀਵ ਸਰਕਾਰ ਉਚ-ਅਹੁਦਿਆਂ ਨਾਲ ਨਿਵਾਜਦੀ ਹੈ, ਉਸ ਤੋਂ ਸਮੇਤ ਰਾਜੀਵ, ਕੇਂਦਰ-ਸਰਕਾਰ ਦੀ ਇਮਾਨਦਾਰੀ ਤੇ ਸਿੱਖਾਂ ਪ੍ਰਤੀ ਸੁਹਿਰਦਤਾ ਦਾ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਤੇ ਭਾਰਤ ਵਿਚ ਸਿੱਖਾਂ ਦੇ ਭਵਿੱਖ ਦਾ ਵੀ ! ਇਹ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਅਤੇ ਦਿੱਲੀ ਦੀਆਂ ਦੁਰਘਟਨਾਵਾਂ ਦਾ ਸਦਕਾ ਹੀ ਹੈ ਕਿ ਸ: ਖੁਸ਼ਵੰਤ ਸਿੰਘ ਵਰਗੇ ਆਪਣੇ ਆਪ ਨੂੰ 'ਪਹਿਲਾਂ ਭਾਰਤੀ ਤੇ ਫਿਰ ਸਿੱਖ' ਕਹਾਉਣ ਵਾਲੇ ਲੋਕਾਂ ਦੀਆਂ ਅੱਖਾਂ ਤੋਂ ਭਰਮ ਦੀਆਂ ਪੱਟੀਆਂ ਲਹਿ ਗਈਆਂ ਹਨ ਤੇ ਉਹਨਾਂ ਦੀ ਕਲਮ ਇਹ ਲਿਖਣ ਤੇ ਮਜ਼ਬੂਰ ਹੋਈ ਹੈ- "ਸਿੱਖਾਂ ਉਪਰ ਹਿੰਦੂਆਂ ਦੇ ਹਮਲੇ ਅਤੇ ਉਦਾਹਰਣ-ਰਹਿਤ ਤਸ਼ੱਦਦ ਨੇ ਸਿੱਖਾਂ ਨੂੰ ਵੱਖਰੇ ਹੋਮ-ਲੈਂਡ ਦੀ ਜ਼ਰੂਰਤ ਲਈ ਕਾਇਮ ਕਰ ਲਿਆ ਹੈ।"

ਵਿਦੇਸ਼ੀ ਸਿੱਖ ਤੇ ਉਹਨਾਂ ਦਾ ਪ੍ਰਤੀਕਰਮ !

ਆਪਣੀ ਮਿੱਟੀ ਅਥਵਾ ਸਭਿਆਚਾਰ ਪ੍ਰਤੀ ਦੂਰ ਅਥਵਾ ਪ੍ਰਦੇਸ ਗਏ ਮਨੁੱਖ ਦੇ ਮਨ ਵਿਚ ਵਧੇਰੇ ਮੋਹ ਉਮਡਦਾ ਹੈ। ਉਥੋਂ ਦੀ ਹਰ ਨਿੱਕੀ ਤੋਂ ਨਿੱਕੀ ਘਟਨਾ ਉਸ ਦੇ ਦਿਲ ਨੂੰ ਵਧੇਰੇ ਟੁੰਬਦੀ ਹੈ। ਧਰਮ, ਜੋ ਕਿਸੇ ਮਨੁੱਖ ਦੇ ਸਭਿਆਚਾਰ ਦਾ ਇਕ ਅਨਿੱਖੜਵਾਂ ਅੰਗ ਹੁੰਦਾ ਹੈ, ਉਸ ਦੇ ਮਨ ਦੀਆਂ ਅੰਤਰੀਵ-ਡੂੰਘਾਣਾਂ ਵਿਚ ਉਤਰ-ਸਿੰਜਰ ਜਾਂਦਾ ਹੈ। ਧਰਮ ਦਾ ਇਹ ਜਜ਼ਬਾ ਹੁੰਦਾ ਵੀ ਅਤਿ-ਨਾਜ਼ੁਕ ਹੈ! ਸਿੱਖ ਕੌਮ ਆਪਣੇ ਖਾਸੇ ਅਤੇ ਸੁਭਾਅ ਵਲੋਂ ਹੈ ਵੀ ਕੁਝ ਵਧੇਰੇ ਜਜ਼ਬਾਤੀ! ਇਸ ਜਜ਼ਬੇ ਦਾ ਕ੍ਰਿਸ਼ਮਾ ਹੀ ਸੀ ਕਿ ਸਦੀ ਦੇ ਆਰੰਭ ਵਿਚ ਚੰਗੀ ਰੋਟੀ ਦੀ ਤਲਾਸ਼ ਵਿਚ ਵਿਦੇਸ਼ੀਂ ਟੁਰ ਆਏ ਸਿੱਖ ਗਦਰ ਪਾਰਟੀ ਤੇ ਆਈ. ਐਨ. ਏ. ਆਦਿ ਵਿਚ ਸ਼ਾਮਿਲ ਹੋ ਕੇ ਦੇਸ ਦੀ ਆਜ਼ਾਦੀ ਦੀ ਲੜਾਈ ਵਿਚ ਹੋਰਨਾਂ ਤੋਂ ਅੱਗੇ ਹੋ ਕੇ ਲੜੇ। ਆਜ਼ਾਦੀ ਉਪਰੰਤ ਦੇਸ ਦੀ ਖੁਸ਼ਹਾਲੀ ਵਿਚ ਸਿੱਖਾਂ ਨੇ ਵਿਦੇਸ਼ਾਂ ਵਿਚੋਂ ਵੀ ਹੋਰਨਾਂ ਤੋਂ ਕਿਤੇ ਵੱਧ ਹਿੱਸਾ ਪਾਇਆ। ਇਹਨਾਂ ਸਿੱਖਾਂ ਦੇ ਬੁੱਤ ਭਾਵੇਂ ਪ੍ਰਦੇਸ ਵਿਚ ਵਸਦੇ ਸਨ ਰੂਹ ਤਾਂ ਦੇਸ਼ ਵਿਚ ਹੀ ਸੀ। ਉਹ ਮਾਨਸਿਕ ਤੌਰ ਤੇ ਆਪਣੀ ਮਿੱਟੀ, ਆਪਣੇ ਕਲਚਰ ਅਤੇ ਆਪਣੇ ਧਰਮ ਨਾਲ ਪੂਰੀ ਤਰਾਂ ਜੁੜੇ ਹੋਏ ਸਨ।

ਅੰਮ੍ਰਿਤਸਰ, ਸਿੱਖ-ਸੰਸਾਰ ਦਾ ਦਿਲ ਹੈ ! ਸਾਡੀ ਧਾਰਮਿਕ ਤੇ ਸਭਿਆਚਾਰਕ ਜ਼ਿੰਦਗੀ ਦਾ ਮਰਕਜ਼ ! ਸਿੱਖ ਭਾਵੇਂ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਰਹਿੰਦਾ ਹੋਵੇ, ਜਦ ਸੁਬਾਹ-ਸ਼ਾਮ ਅਰਦਾਸ ਕਰਦਾ ਹੈ, ਤਾਂ ਉਹ- "ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ, ਚੌਕੀਆਂ-ਝੰਡੇ, ਬੁੰਗੇ ਜੁਗੋ-ਜੁਗ ਅਟੱਲ" ਅਤੇ ਆਪਣੇ "ਧਰਮ ਕਾ ਜੈਕਾਰ" ਮੰਗਦਾ ਹੈ ਕਿਉਂਕਿ ਗੁਰੂ ਕੀ ਨਗਰੀ ਅੰਮ੍ਰਿਤਸਰ ਦਾ ਹਰਿਮੰਦਰ ਸਿੱਖਾਂ ਲਈ ਰੂਹਾਨੀ ਤੇ ਆਤਮਿਕ-ਸ਼ਕਤੀ ਦਾ ਸੋਮਾ ਹੈ, ਮੀਰੀ-ਪੀਰੀ ਦਾ ਮੁਜੱਸਮਾ ਹੈ। ਸਿੱਖ, ਧਾਰਮਿਕ ਤੇ ਰਾਜਸੀ-ਸ਼ਕਤੀ ਲਈ ਅੰਮ੍ਰਿਤਸਰ ਵੱਲ ਵੇਖਦੇ ਹਨ।

ਅੰਮ੍ਰਿਤਸਰ- ਹਰਿਮੰਦਰ ਸਾਹਿਬ ਉਤੇ ਹੋਏ ਫੌਜ ਦੇ ਹਮਲੇ ਦੀ ਖਬਰ ਵਿਦੇਸ਼ੀ ਸਿੱਖਾਂ ਉਤੇ ਬਿਜਲੀ ਵਾਂਗ ਡਿੱਗੀ ਤੇ ਵਿਦੇਸ਼ੀ ਸਿੱਖ-ਸੰਸਾਰ ਵਿਚ ਜੰਗਲ ਦੀ ਅੱਗ ਵਾਂਗ ਫੈਲੀ, ਜਿਸ ਨਾਲ ਵਿਦੇਸ਼ਾਂ ਵਿਚਲੇ ਸਿੱਖ ਸਿਰ ਤੋਂ ਪੈਰਾਂ ਤੱਕ ਝੰਜੋੜੇ ਗਏ। ਬਾਕੀ ਸੰਸਾਰ ਨਾਲੋਂ ਪੰਜਾਬ ਦਾ ਸੰਪਰਕ ਕੱਟੇ ਜਾਣ ਕਾਰਨ ਉਹ ਸ਼ੋਕ ਦੇ ਸਾਗਰ ਵਿਚ ਡੁੱਬੇ, ਰੋਹ ਦੀ ਅੱਗ ਵਿਚ ਬਲਦੇ, ਬੀ. ਬੀ. ਸੀ., ਟੀ. ਵੀ. ਟੈਲੀਫੋਨ, ਅਖਬਾਰਾਂ ਵਿਚੋਂ ਆਪਣੇ ਪਾਵਨ-ਹਰਿਮੰਦਰ ਉਤੇ, ਆਪਣੀ ਹੀ ਸਰਕਾਰ ਵਲੋਂ ਢਾਹੇ ਗਏ ਇਸ ਕਹਿਰ ਦੀਆਂ ਖਬਰਾਂ ਦਾ ਸਾਹ ਰੋਕ ਰੋਕ ਕੇ ਇੰਤਜ਼ਾਰ ਕਰਦੇ ਰਹੇ। ਇਸ ਕਹਿਰੀ-ਹਮਲੇ ਕਾਰਨ ਉਹ ਆਪਣੇ ਹਜ਼ਾਰਾਂ ਬੇਦੋਸ਼ੇ ਭੈਣ-ਭਰਾਵਾਂ ਦੇ ਸ਼ਹੀਦ ਕੀਤੇ ਜਾਣ ਕਾਰਨ ਰੋਹ ਦੀ ਅੱਗ ਵਿਚ ਬਲ ਰਹੇ ਸਨ। ਉਹਨਾਂ ਦੇ ਦਿਲਾਂ ਤੇ ਲੱਗੇ ਇਸ ਘਾਓ ਦਾ ਸੰਸਾਰ-ਪੱਧਰ ਤੇ ਤਿੱਖਾ ਪ੍ਰਤੀਕਰਮ

ਹੋਇਆ। ਰੋਹ ਦੀ ਇਸ ਅੱਗ ਵਿਚ ਬਲਦੇ ਤੇ ਹੱਥੀਂ ਆਜ਼ਾਦ ਕਰਵਾਏ ਭਾਰਤ ਦੀ ਆਪਣੀ ਸਰਕਾਰ ਨੂੰ ਦੁਹੱਥੜੀਂ ਪਿੱਟਦੇ ਉਹ ਵਿਸ਼ਵ ਦੀਆਂ ਸੜਕਾਂ ਤੇ ਨਿਕਲ ਆਏ। ਵਿਸ਼ਾਲ-ਮੁਜ਼ਾਹਰਿਆਂ ਦੇ ਰੂਪ ਵਿਚ ਉਹਨਾਂ ਭਾਰਤੀ ਰਾਜਦੂਤ-ਘਰਾਂ ਅੱਗੇ ਪ੍ਰਦਰਸ਼ਨ ਕੀਤੇ, ਤਿਰੰਗੇ ਫੂਕੇ ਅਤੇ ਹਮਲੇ ਲਈ ਜ਼ਿੰਮੇਵਾਰ ਇੰਦਰਾ ਤੇ ਜ਼ੈਲ ਸਿੰਘ ਦੇ ਪੁਤਲੇ ਜਲਾਏ। ਅਜਿਹੇ ਮੁਜ਼ਾਹਰੇ ਤੇ ਰੈਲੀਆਂ ਜਿਥੇ ਜਿਥੇ ਵੀ ਸਿੱਖ ਵਸਦੇ ਸਨ, ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਹੋਏ। ਬਰਤਾਨੀਆਂ ਦੇ ਸਿੱਖਾਂ ਵਲੋਂ ਲੰਡਨ ਵਿਚ ਇਕ ਇਤਿਹਾਸਿਕ ਮੁਜ਼ਾਹਰੇ ਵਿਚ 100,000 ਸਿੱਖਾਂ ਨੇ ਭਾਗ ਲਿਆ। ਵੈਨਕੂਵਰ (ਕੈਨੇਡਾ) ਵਿਚ 30,000 ਸਿੱਖਾਂ ਨੇ ਆਪਣੇ ਧਰਮ ਤੇ ਹੋਏ ਇਸ ਹਮਲੇ ਵਿਰੁੱਧ ਹੋਏ, ਇਕ ਮੁਜ਼ਾਹਰੇ ਵਿਚ ਆਪਣਾ ਰੋਹ ਪ੍ਰਗਟਾਇਆ। ਅਜਿਹਾ ਹੀ ਇਕ ਜ਼ਬਰਦਸਤ ਮੁਜ਼ਾਹਰਾ ਅਮਰੀਕਾ ਦੇ ਸਿੱਖਾਂ ਵਲੋਂ ਸਾਨ-ਫਰਾਂਸਿਸਕੋ ਵਿਚ ਕੀਤਾ ਗਿਆ। ਪਿਛਲੇ ਡੇਢ ਸਾਲ ਤੋਂ ਲੈ ਕੇ ਸਿੱਖਾਂ ਦੇ ਦਿਲਾਂ ਵਿਚ ਬਲਦੀ ਵਿਦਰੋਹ ਦੀ ਜੁਆਲਾ ਹੁਣ ਤੀਕ ਮੁਜ਼ਾਹਰਿਆਂ-ਪ੍ਰਦਰਸ਼ਨਾਂ ਦੇ ਰੂਪ ਵਿਚ ਸੜਕਾਂ ਤੇ ਭੜਕਦੀ ਰਹੀ ਹੈ। ਬਰਤਾਨੀਆਂ ਵਿਚ ਲੰਡਨ ਤੋਂ ਬਿਨਾਂ ਬਰਮਿੰਘਮ, ਲੈਸਟਰ, ਲਿਵਰਪੂਲ, ਕਵੈਂਟਰੀ, ਵੁਲਵਰਹੈਂਪਟਨ, ਡਰਬੀ, ਬਰੈਡਫੋਰਡ, ਹਿਚਨ ਤੇ ਹੋਰ ਸ਼ਹਿਰਾਂ ਵਿਚ, ਕੈਨੇਡਾ ਵਿਚ ਵੈਨਕੂਵਰ ਤੋਂ ਛੁੱਟ ਟਰਾਂਟੋ, ਕੈਲਗਰੀ, ਵਿਨੀਪੈਗ, ਐਡਮੰਟਨ, ਐਬਟਸਫੋਰਡ ਤੇ ਹੋਰ ਸ਼ਹਿਰਾਂ ਵਿਚ, ਅਮਰੀਕਾ ਵਿਚ ਸਾਨ-ਫਰਾਂਸਿਸਕੋ ਦੇ ਨਾਲ ਨਾਲ ਨਿਊਯਾਰਕ, ਵਾਸ਼ਿੰਗਟਨ, ਸ਼ਿਕਾਗੋ, ਲਾਸ-ਏਂਜਲਸ ਤੇ ਦੂਸਰੇ ਸ਼ਹਿਰਾਂ ਵਿਚ, ਜਰਮਨੀ 'ਚ ਬੌਨ, ਫਰੈਂਕਫਰਟ, ਕੋਲਨ ਤੇ ਹੋਰਨੀਂ ਥਾਈਂ ਅਤੇ ਇਸ ਤੋਂ ਬਿਨਾਂ ਸਿਡਨੀ (ਆਸਟ੍ਰੇਲੀਆ) ਮਲੇਸ਼ੀਆ, ਸਿੰਘਾਪੁਰ, ਹਾਲੈਂਡ, ਸਵੀਡਨ ਤੇ ਹੋਰ ਦੇਸ਼ਾਂ ਵਿਚ ਸਿੱਖਾਂ ਨੇ ਆਪਣੇ ਧਰਮ ਤੇ ਹੋਏ ਇਸ ਹਮਲੇ ਵਿਰੁੱਧ ਆਪਣੇ ਗਹਿਰੇ ਗਮ-ਗੁੱਸੇ ਦਾ ਪ੍ਰਗਟਾਵਾ ਕੀਤਾ। ਦਿੱਲੀ-ਸਰਕਾਰ ਵਿਰੁੱਧ ਹੋਏ ਇਹਨਾਂ ਮੁਜ਼ਾਹਰਿਆਂ ਦੀ ਗਾਥਾ ਅਧੂਰੀ ਰਹੇਗੀ, ਜੇ ਭਾਈ ਜਸਵੀਰ ਸਿੰਘ ਦੇ ਭਾਰਤ ਭੇਜੇ ਜਾਣ ਤੇ ਹਾਈਡ-ਪਾਰਕ (ਲੰਡਨ) 'ਚੋਂ ਉਠੇ 100,000 ਸਿੱਖਾਂ ਦੇ ਮੁਜ਼ਾਹਰੇ ਦਾ ਜ਼ਿਕਰ ਨਾ ਕੀਤਾ ਜਾਵੇ। ਇਹਨਾਂ ਮੁਜ਼ਾਹਰਿਆਂ ਤੋਂ ਸਿੱਖਾਂ ਦੇ, ਦਰਬਾਰ ਸਾਹਿਬ ਤੇ ਹਮਲਾ ਹੋਣ ਦੇ ਵਿਰੁੱਧ ਗਮ-ਗੁੱਸੇ ਦਾ ਪ੍ਰਗਟਾਵਾ ਹੀ ਨਹੀਂ ਹੁੰਦਾ, ਸਗੋਂ ਉਹਨਾਂ ਦੇ ਵਿਚਾਰਾਂ ਵਿਚ ਆਈ ਕਰਵਟ ਜਾਂ ਤਬਦੀਲੀ ਦਾ ਝਲਕਾਰਾ ਵੀ ਪੈਂਦਾ ਹੈ। ਇਸ ਪਰਸੰਗ ਵਿਚ 'ਦੇਸ ਪ੍ਰਦੇਸ' 'ਚ ਛਪੇ ਇਕ ਲੇਖ ਦੇ ਹਵਾਲੇ ਅਨੁਸਾਰ ਲੰਡਨ 'ਚ ਹੋਏ ਮੁਜ਼ਾਹਰੇ ਵਿਚ ਇਕ ਬੱਚੇ ਦੇ ਹੱਥ ਵਿਚ ਫੜੇ ਮਾਟੋ ਦਾ ਜ਼ਿਕਰ ਕਰਨਾ ਅਣਉਚਿੱਤਾ ਨਹੀਂ ਹੋਵੇਗਾ, ਜਿਸ ਉਤੇ ਲਿਖੀ ਇਬਾਰਤ ਦਰਬਾਰ ਸਾਹਿਬ ਉਤੇ ਹੋਏ ਹਮਲੇ ਉਪਰੰਤ ਵਿਦੇਸ਼ੀ-ਸਿੱਖਾਂ ਵਿਚ ਆਈ ਮਾਨਸਿਕ-ਤਬਦੀਲੀ ਦਾ ਇੰਨ-ਬਿੰਨ ਨਿਰੂਪਣ ਕਰਦੀ ਹੈ : -

"My Grand Father **Freed** India
My Father **Feeds** India
I Will **Freeze** India."

ਸਿੱਖ-ਧਰਮ ਉਤੇ ਹੋਏ ਹਮਲੇ ਦੇ ਪ੍ਰਤੀਕਰਮ ਵਜੋਂ ਵਿਦੇਸ਼ੀ ਸਿੱਖਾਂ ਵਲੋਂ ਮੁਜ਼ਾਹਰਿਆਂ ਦੇ ਰੂਪ ਵਿਚ ਆਏ ਜਵਾਰਭਾਟੇ ਨੇ ਵਿਦੇਸ਼ੀ ਸਿੱਖ-ਸੰਸਾਰ ਦੇ ਕੰਢਿਆਂ ਉਤੇ ਕਨਵੈਨਸ਼ਨਾਂ-ਸੰਸਥਾਵਾਂ ਦੇ ਕੁਝ ਸੰਖ-ਸਿੱਟੇ ਵੀ ਛੱਡੇ ਹਨ, ਜਿਹਨਾਂ ਦਾ ਅਸਲੀ ਰੰਗ ਸਮੇਂ ਦੀ ਹਵਾ-ਧੁੱਪ ਲੱਗਣ ਨਾਲ ਉਘੜ ਨਿੱਖਰ ਰਿਹਾ ਹੈ !

ਇਸ ਸੰਬੰਧ ਵਿਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਤੇ ਬਰਤਾਨੀਆਂ ਦੇ ਵੱਖੋ ਵੱਖ ਭਾਗਾਂ ਵਿਚਲੇ ਗੁਰਦੁਆਰਿਆਂ ਤੇ ਸੰਸਥਾਵਾਂ ਨੇ ਇਕ ਸਿੱਖ-ਕਨਵੈਨਸ਼ਨ ਕਰਕੇ ਭਾਰਤ ਨਾਲੋਂ ਸੰਬੰਧ ਤੋੜਨ ਅਤੇ 'ਖਾਲਿਸਤਾਨ' ਅਥਵਾ ਇਕ ਵੱਖਰੀ ਸਿੱਖ-ਸਟੇਟ ਦੀ ਸਥਾਪਨਾ ਦਾ ਮਤਾ 23 ਜੂਨ, 84 ਨੂੰ ਪਾਸ ਕਰ ਦਿੱਤਾ।

ਅਜਿਹਾ ਹੀ ਇਕ ਤਿੰਨ ਦਿਨਾਂ ਦਾ ਸੰਮੇਲਨ ਬੱਬਰ-ਖਾਲਸਾ ਵਲੋਂ 19 ਜੁਲਾਈ ਤੋਂ 21 ਜੁਲਾਈ, 84 ਤੱਕ ਆਯੋਜਿਤ ਕਰਕੇ ਇਸੇ ਮੰਗ ਲਈ ਆਵਾਜ਼ ਬੁਲੰਦ ਕੀਤੀ ਗਈ।

27, 28 ਜੁਲਾਈ 84 ਨੂੰ ਨਿਊਯਾਰਕ ਵਿਚ 'ਵਰਲਡ ਸਿੱਖ ਆਰਗੇਨਾਈਜ਼ੇਸ਼ਨ' ਦਾ ਗਠਨ ਕੀਤਾ ਗਿਆ, ਜਿਸ ਨੇ ਵੀ ਮਗਰੋਂ ਸਿੱਖਾਂ ਦਾ ਨਿਸ਼ਾਨਾ ਖਾਲਿਸਤਾਨ ਮਿਥਿਆ।

23 ਸਤੰਬਰ, 1984 ਨੂੰ ਸੰਤ ਜਰਨੈਲ ਸਿੰਘ ਦੇ ਭਤੀਜੇ ਭਾਈ ਜਸਵੀਰ ਸਿੰਘ ਵਲੋਂ ਵਾਲਸਾਲ, ਵੈਸਟ ਮਿਡਲੈਂਡ (ਯੂ. ਕੇ.) ਵਿਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਨਾ ਕੀਤੀ ਗਈ, ਜਿਸ ਦਾ ਨਿਸ਼ਾਨਾ ਵੀ ਸਿੱਖ-ਨੌਜਵਾਨਾਂ ਨੂੰ ਇਕ ਮੰਚ ਉਤੇ ਇਕੱਠਿਆਂ ਕਰਕੇ ਖਾਲਸਾ-ਰਾਜ ਦੀ ਪ੍ਰਾਪਤੀ ਕਰਨਾ ਹੈ।

6, 7 ਤੇ 8 ਅਪ੍ਰੈਲ, 85 ਨੂੰ ਕੁਈਨਜ਼ ਰੋਡ ਸ਼ੈਫਰਡਜ਼ਬੁਸ਼ (ਯੂ.ਕੇ) ਵਿਚ ਖਾਲਿਸਤਾਨ-ਕੌਂਸਲ ਵਲੋਂ ਕੌਮਾਂਤਰੀ ਖਾਲਿਸਤਾਨ ਕਨਵੈਨਸ਼ਨ ਹੋਈ, ਜਿਸ ਵਿਚ ਮਿ: ਏ. ਫਿਜ਼ੋ (ਪ੍ਰਧਾਨ ਨਾਗਾ ਨੈਸ਼ਨਲ ਕੌਂਸਲ), ਮਿ: ਅਮਾਨ ਯਾਰ ਖਾਂ (ਅਫਗਾਨੀ ਮੁਜਾਹਦੀਨ) ਡਾ: ਸੱਯਦ (ਭਾਰਤੀ ਮੁਸਲਿਮ ਫੈਡਰੇਸ਼ਨ) ਤੇ ਮਿ: ਸੱਯਦ ਨਜ਼ਰ ਗਿਲਾਨੀ (ਜੰਮੂੰ ਕਸ਼ਮੀਰ ਫਰੰਟ) ਸ਼ਾਮਿਲ ਹੋਏ। ਇਸ ਕਨਵੈਨਸ਼ਨ ਵਿਚ ਦਰਬਾਰ ਸਾਹਿਬ ਉਤੇ ਹਮਲੇ ਦੀ ਕੜੀ ਨਿਖੇਧੀ ਵੀ ਕੀਤੀ ਗਈ ਤੇ ਖਾਲਿਸਤਾਨ ਲਈ ਲਾਮਬੰਦ ਹੋਣ ਦਾ ਸੱਦਾ ਵੀ ਦਿੱਤਾ ਗਿਆ।

30 ਜੂਨ, 85 ਵਿਚ ਵੀ ਸ੍ਰੀ ਗੁਰੂ ਸਿੰਘ ਸਭਾ ਹਿਚਨ (ਯੂ. ਕੇ.) ਵਿਚ ਅੱਠ ਜਥੇਬੰਦੀਆਂ ਨੇ ਮਿਲ ਕੇ ਸੰਪੂਰਨ ਸਿੱਖ-ਸਟੇਟ ਦਾ ਮਤਾ ਪਾਸ ਕੀਤਾ। ਉਕਤ ਸੰਸਥਾਵਾਂ ਵਾਂਗ ਜਿਵੇਂ ਅਮਰੀਕਾ ਵਿਚ ਸਿੱਖ ਯੂਥ ਆਫ ਕੈਲੇਫੋਰਨੀਆ, ਸਿੱਖ-ਸਾਲੀਡੈਰਿਟੀ ਜਾਂ ਕਈ ਫਾਊਂਡੇਸ਼ਨਾਂ-ਫੈਡਰੇਸ਼ਨਾਂ ਹੋਂਦ ਵਿਚ ਆਈਆਂ, ਉਸੇ ਤਰ੍ਹਾਂ ਹੋਰਨਾਂ ਮੁਲਕਾਂ ਵਿਚ ਵੀ ਇਲਾਕਾਈ ਜਾਂ ਸਥਾਨਿਕ ਤੌਰ ਤੇ ਅਜਿਹੀਆਂ ਸੰਸਥਾਵਾਂ ਖੁੰਭਾਂ ਵਾਂਗ ਉਠੀਆਂ ਪਰ ਮਗਰੋਂ ਇਹ ਉਪਰੋਕਤ ਤਿੰਨ-ਚਾਰ ਮੁਖੀ ਸੰਸਥਾਵਾਂ ਦੇ ਝੰਡਿਆਂ ਹੇਠ ਹੀ ਕੰਮ ਕਰਨ ਲੱਗੀਆਂ।

ਦਰਬਾਰ ਸਾਹਿਬ ਉਤੇ ਹਮਲੇ ਉਪਰੰਤ ਗਠਿਤ-ਸੰਸਥਾਵਾਂ ਵਲੋਂ ਮੁਜ਼ਾਹਰੇ-ਰੈਲੀਆਂ, ਕਾਨਫਰੰਸਾਂ, ਕਨਵੈਨਸ਼ਨਾਂ ਤਾਂ ਬਹੁਤ ਆਯੋਜਿਤ ਕੀਤੀਆਂ ਗਈਆਂ ਪਰ ਵਿਦੇਸ਼ੀ-ਸਿੱਖਾਂ ਵਿਚ ਧਾਰਮਿਕ-ਰਾਜਸੀ ਚਿਤੰਨਤਾ ਲਿਆਉਂਣ ਲਈ ਕੋਈ ਬਹੁਤੇ ਸਾਰਥਿਕ ਉਪਰਾਲੇ ਨਹੀਂ ਕੀਤੇ ਗਏ ਅਤੇ ਵਿਦੇਸ਼ੀ ਸਿੱਖਾਂ ਨੇ ਆਪਣੇ ਇਹਨਾਂ ਮੁਲਕਾਂ ਦੇ ਪ੍ਰੈਸ ਅਥਵਾ ਮੀਡੀਏ ਦੇ ਵੇਰ ਚਿਰ ਪਹਿਲਾਂ ਤੋਂ ਸੰਪਰਕ ਵਿਚ ਆਉਣ ਤੋਂ ਵੀ ਬਹੁਤਾ ਸਬਕ ਨਹੀਂ ਸਿੱਖਿਆ।

ਇਸ ਬੰਨੇ ਖਾਲਿਸਤਾਨ ਦੇ ਸਵੈ-ਸਜਿਤ ਰਾਸ਼ਟਰਪਤੀ ਡਾ: ਜਗਜੀਤ ਸਿੰਘ ਨੇ ਲਕਸਮਬਰਗ ਤੋਂ 'ਖਾਲਸਾ ਵਾਇਸ' ਨਾਮੇ ਸ਼ਕਤੀਸ਼ਾਲੀ-ਰੇਡੀਓ ਪ੍ਰੋਗਰਾਮ ਪ੍ਰਸਾਰਿਤ ਕਰਨ ਦਾ ਐਲਾਨ ਕੀਤਾ ਪਰ ਇਸੇ ਰੇਡੀਓ ਦੀ ਆਵਾਜ਼ ਉਸ ਦੀਆਂ ਮਜ਼ਬੂਰੀਆਂ ਤੇ ਵਿਦੇਸ਼ੀ-ਸਰਕਾਰਾਂ ਦੀਆਂ ਸਖਤੀਆਂ ਦੇ ਹੇਠ ਹੀ ਦਬ ਕੇ ਰਹਿ ਗਈ।

ਹਾਂ, ਵਿਸ਼ਵ ਵਿਚ ਕਈ ਦੇਸ਼ਾਂ ਵਿਚ ਸਿੱਖਾਂ ਨੇ ਕਿੰਨੇ ਹੀ ਰੇਡੀਓ-ਸਟੇਸ਼ਨਾਂ ਤੋਂ ਕੁਝ ਸਮਾਂ ਲੈ ਕੇ ਆਪਣੇ ਪ੍ਰੋਗਰਾਮ ਪ੍ਰਸਾਰਿਤ ਕਰਨ ਦੇ ਉਦੱਮ ਕੀਤੇ ਪਰ ਇਹਨਾਂ 'ਚੋਂ ਬਹੁਤੇ ਮਾਇਕ-ਥੁੜਾਂ ਕਾਰਨ ਹੀ ਬੰਦ ਹੋ ਗਏ।

ਆਪਣੇ ਧਾਰਮਿਕ ਅਤੇ ਰਾਜਸੀ-ਨਿਸ਼ਾਨੇ ਦੀ ਪ੍ਰਾਪਤੀ ਲਈ ਲੋਕਾਂ ਵਿਚ ਜਾਗਰਿਤੀ ਲਿਆਉਂਣ ਹਿਤ ਪ੍ਰੈਸ ਵਲੋਂ ਸਿੱਖਾਂ ਦਾ ਦੇਸ਼ ਵਾਂਗ ਪ੍ਰਦੇਸਾਂ ਵਿਚ ਵੀ ਹਾਲ ਮੰਦਾ ਹੀ ਹੈ, ਜਿਵੇਂ ਦੇਸ਼ ਵਿਚ ਸਿੱਖਾਂ ਦੀ ਇੱਕੋ ਪ੍ਰਤੀਨਿਧ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਗਰੇਜ਼ੀ ਤਾਂ ਕੀ, ਪੰਜਾਬੀ ਦਾ ਵੀ ਕੋਈ ਚੱਜ ਦਾ ਅਖਬਾਰ ਹੁਣ ਤੀਕ ਨਹੀਂ ਚਲਾ ਸਕੀ ਤੇ ਉਥੋਂ ਦੇ ਕਾਮਯਾਬ ਰਿਸਾਲੇ / ਅਖਬਾਰ ਵਿਅਕਤੀਗਤ-ਯਤਨਾਂ ਦਾ ਹੀ ਸਿੱਟਾ ਹਨ। ਇਵੇਂ ਵਿਦੇਸ਼ਾਂ ਵਿਚਲੀਆਂ ਸੰਸਾਰ-ਪੱਧਰ ਦੀਆਂ ਗਠਿਤ ਸੰਸਥਾਵਾਂ / ਜਥੇਬੰਦੀਆਂ ਦਾ ਇਸ ਬੰਨੇ ਧਿਆਨ ਨਹੀਂ ਗਿਆ।

ਪਰ ਇਹ ਮਾਣ ਤਰਸੇਮ ਸਿੰਘ ਪੁਰੇਵਾਲ ਨੂੰ ਜਾਂਦਾ ਹੈ, ਜਿਸ ਦੇ 'ਦੇਸ ਪ੍ਰਦੇਸ' ਨੇ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਦੇਸ਼-ਵਿਦੇਸ਼ 'ਚ ਝੰਡੀ ਲਈ ਹੈ ਤੇ ਦਰਬਾਰ ਸਾਹਿਬ ਉਤੇ ਹੋਏ ਹਮਲੇ ਮਗਰੋਂ ਸਿੱਖ-ਲਹਿਰ ਦੀ ਹਿੱਕ ਥਾਪੜ ਕੇ ਹਮਾਇਤ ਕੀਤੀ ਹੈ ਤੇ ਦਿੱਲੀ-ਸਰਕਾਰ ਦੀ ਸੋਹਣੀ ਜਹੀ-ਤਹੀ ਫੇਰੀ ਹੈ। ਇੰਗਲੈਂਡ ਦੇ 'ਪੰਜਾਬ-ਟਾਈਮਜ਼' ਨੇ ਵੀ ਇਸ ਕਾਰਜ ਵਿਚ ਮੋਢਾ ਦਿੱਤਾ।

ਦਰਬਾਰ ਸਾਹਿਬ ਉਤੇ ਹਮਲੇ ਉਪਰੰਤ ਵਿਦੇਸ਼ਾਂ ਵਿਚ ਕਿੰਨੇ ਹੀ ਨਵੇਂ ਅਖਬਾਰ / ਰਸਾਲੇ ਨਿਕਲੇ। ਜਿਵੇਂ ਸਪਤਾਹਿਕਾਂ ਵਿਚ ਇੰਗਲੈਂਡ ਚੋਂ 'ਪੰਜਾਬੀ ਜਰਨੈਲ', 'ਸਿੱਖ ਟਰੀਬਿਊਨ' ਤੇ 'ਪੰਜਾਬੀ ਦਰਪਣ' ਅਤੇ ਅਮਰੀਕਾ 'ਚੋਂ 'World Sikh News' (ਅੰਗਰੇਜ਼ੀ) ਤੇ 'The Sikh Times'। ਆਦਿ ਮਾਸਿਕ-ਪੱਤ੍ਰ 'ਜਾਗੋ' (ਅਮਰੀਕਾ), 'ਸ਼ਮਸ਼ੀਰ-ਦਸਤ' (ਕੈਨੇਡਾ), 'ਸ਼ਹਾਦਤ' (ਜਰਮਨੀ), ਅਤੇ 'ਚਰਚਾ' ਤੇ 'ਸੂਰਜ' (ਯੂ. ਕੇ.) ਆਦਿ। ਇਹਨਾਂ ਵਿਚੋਂ ਜਿੱਥੇ ਇੰਗਲੈਂਡ ਦਾ 'ਪੰਜਾਬੀ ਜਰਨੈਲ' ਸਿੱਖ-ਲਹਿਰ ਦੇ ਹੱਕ ਵਿਚ ਡਟ ਕੇ ਭੁਗਤਿਆ, ਉਤਨਾ ਹੀ ਸਿੱਖ-ਲਹਿਰ ਦੇ ਵਿਰੁੱਧ ਭੁਗਤਿਆ ਮਾਸਿਕ 'ਚਰਚਾ'। ਸਪਤਾਹਿਕਾਂ ਵਿਚੋਂ World Sikh News ਤੇ 'ਦੀ ਸਿੱਖ ਟਾਈਮਜ਼' ਵੀ ਸਿੱਖ-ਲਹਿਰ ਦੇ ਹੱਕ ਵਿਚ ਰਿਹਾ ਹੈ।

ਉਪਰ-ਲਿਖਤ ਅਖਬਾਰਾਂ / ਰਿਸਾਲਿਆਂ ਤੋਂ ਬਿਨਾਂ ਹੋਰ ਵੀ ਕਿੰਨੇ ਦਰਬਾਰ ਸਾਹਿਬ ਉਤੇ ਹਮਲੇ ਉਪਰੰਤ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ ਪਰ ਇਹਨਾਂ ਵਿਚੋਂ ਬਹੁਤੇ ਮਾਇਕ-ਔਕੜਾਂ ਕਾਰਨ ਬੰਦ ਹੋ ਗਏ ਤੇ ਕੁਝ ਅਜੇ ਇਸ ਸੰਕਟ ਵਿਚੋਂ ਗੁਜ਼ਰਦੇ ਹੋਏ ਕਾਮਯਾਬੀ ਲਈ ਪ੍ਰਯਤਨਸ਼ੀਲ ਹਨ।

ਹਰਿਮੰਦਰ-ਹਮਲੇ ਅਤੇ ਦਿੱਲੀ ਦੀਆਂ ਦਰਦਨਾਕ-ਦੁਰਘਟਨਾਵਾਂ ਉਪਰੰਤ ਛਪੀਆਂ ਪੁਸਤਕਾਂ 'ਚੋਂ ਯੂਨੀਵਰਸਿਟੀ ਆਫ ਸ਼ਿਕਾਗੋ ਦੇ ਇਕਬਾਲ ਸਿੰਘ ਦਾ ਖੋਜ-ਪੱਤਰ 'The Punjab Crisis and Human Rights' ਬਰਤਾਨੀਆਂ ਵਿਚੋਂ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵਲੋਂ ਪ੍ਰਕਾਸ਼ਿਤ ਤੇ ਸੁਜਿੰਦਰ ਸਿੰਘ ਸੰਘਾ ਵਲੋਂ ਸੰਪਾਦਿਤ 'ਘੁੰਨੀ-84 'ਚ ਪੰਜਾਬ ਤੇ ਸਿੱਖ-ਕੌਮ' ਕੈਨੇਡਾ ਤੋਂ ਗੁਰਦੇਵ ਸਿੰਘ ਮਾਨ ਰਚਿਤ 'ਅਕਾਲ ਤਖਤ ਦੀ ਵਾਰ' ਬਰਤਾਨੀਆਂ 'ਚੋਂ ਬਲਿਹਾਰ ਸਿੰਘ ਰੰਧਾਵਾ ਦੀ ਰਚਨਾ 'ਧਰਮ-ਯੁੱਧ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ', ਡਾ: ਸੁਖਬੀਰ ਸਿੰਘ ਰਚਿਤ 'The Evasion of Golden Temple' ਅਤੇ ਸ: ਮਲੂਕ ਸਿੰਘ ਦੀ 'Genocide of the Sikhs' ਜ਼ਿਕਰਯੋਗ ਹਨ ਤੇ ਇ: ਸਿੱਖ ਯੂਥ ਫੈਡਰੇਸ਼ਨ ਵਲੋਂ ਪ੍ਰਕਾਸ਼ਿਤ 'ਜੇ ਸਿੱਖਾਂ ਦਾ ਰਾਜ ਹੁੰਦਾਂ' ਅਤੇ 'ਕਿਸ ਉਦਮ ਤੇ ਰਾਜ ਮਿਲੇ' (ਲੇਖਕ-ਗਿ: ਰਤਨ ਸਿੰਘ ਰੀਹਲ) ਆਦਿ ਵੀ ਵਰਨਣਯੋਗ ਰਚਨਾਵਾਂ ਹਨ। ਇਸ ਤੋਂ ਬਿਨਾਂ ਇ: ਸਿੱਖ ਯੂਥ ਫੈਡਰੇਸ਼ਨ ਵਲੋਂ 'ਗਗਨ ਦਮਾਮਾ ਬਾਜਿਓ' ਕੈਸਿਟ-ਲੜੀ ਰਿਲੀਜ਼ ਕੀਤੀ ਗਈ ਤੇ ਇਸੇ ਪ੍ਰਸੰਗ ਵਿਚ ਇਕ ਸੁੰਦਰ ਕੈਲੰਡਰ ਵੀ ਛਾਪਿਆ ਗਿਆ। ਇਹ ਸਭ ਕੁਝ ਵਿਦੇਸ਼ੀ ਸਿੱਖਾਂ ਵਲੋਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਨੂੰ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਣ ਦਾ ਹੀ ਫਲ ਹੈ। ਇਸ ਅਰਸੇ ਦੌਰਾਨ ਕੌਮ ਦੇ ਭਾਵਾਂ ਨੂੰ ਹਿਲੂਣਣ ਤੇ ਇਸ ਨੂੰ ਸੇਧ ਦੇਣ ਲਈ ਸਭਨਾਂ ਦੇਸ਼ਾਂ ਦੇ ਲੇਖਕਾਂ ਨੇ ਯਥਾ-ਸ਼ਕਤ ਹਿੱਸਾ ਪਾਇਆ। ਗਿਣਨਾਤਮਿਕ ਤੌਰ ਤੇ ਇੰਗਲੈਂਡ ਦੇ ਲੇਖਕ ਸਭਨਾਂ ਤੋਂ ਅੱਗੇ ਰਹੇ ਹਨ। ਦਰਬਾਰ ਸਾਹਿਬ ਉਤੇ ਹੋਏ ਹਮਲੇ ਦੇ ਰੋਸ ਵਜੋਂ ਕੈਨੇਡਾ ਦੇ ਗਿ : ਕੇਸਰ ਸਿੰਘ ਨਾਵਲਿਸਟ ਨੇ

ਭਾਸ਼ਾ ਵਿਭਾਗ ਪੰਜਾਬ ਦੇ 1982 'ਚ ਐਲਾਨ ਕੀਤੇ ਆਪਣੇ ਪੁਰਸਕਾਰ ਨੂੰ ਲੈਣ ਤੋਂ ਇਨਕਾਰ ਕਰਕੇ ਸਿੱਖ-ਲੇਖਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਵੀ ਕੀਤੀ ਹੈ ਤੇ ਉਹਨਾਂ ਦਾ ਮਾਣ ਵੀ ਵਧਾਇਆ ਹੈ।

ਰਾਜਸੀ-ਪੱਖ ਤੋਂ ਸਿੱਖਾਂ ਦੇ ਕੇਸ ਨੂੰ ਅੰਤਰ-ਰਾਸ਼ਟਰੀ ਪੱਧਰ ਉਤੇ ਪਬਲਿਸਟੀ ਦੇਣ ਵਿਚ ਹਰਿਮੰਦਰ ਸਾਹਿਬ ਉਤੇ ਹਮਲਾ ਹੋਣ ਮਗਰੋਂ ਸ: ਹਰਿੰਦਰ ਸਿੰਘ ਦਾ ਨਾਰਵੇ ਵਿਚ ਭਾਰਤੀ ਸਫਾਰਤਖਾਨੇ ਵਿਚੋਂ ਰੋਸ ਵਜੋਂ ਅਸਤੀਫਾ ਦੇਣਾ ਅਤੇ ਉਥੇ ਸਿਆਸੀ-ਸ਼ਰਨ ਲੈਣਾ ਹੈ। ਸ: ਹਰਿੰਦਰ ਸਿੰਘ ਦਾ ਅਸਤੀਫਾ ਜਿੱਥੇ ਭਾਰਤ ਸਰਕਾਰ ਵਿਚਲੇ ਸਿੱਖਾਂ ਵਿਚ ਹਮਲੇ ਕਾਰਨ ਪਾਏ ਜਾਂਦੇ ਰੋਹ ਦਾ ਸੂਚਕ ਹੈ, ਉਥੇ ਇਹ ਵਿਦੇਸ਼ੀ ਸਿੱਖਾਂ ਦੀਆਂ ਇਸ ਸੰਬੰਧ ਵਿਚ ਭਾਵਨਾਵਾਂ ਦਾ ਵੀ ਪ੍ਰਤੀਕ ਹੋ ਨਿਬੜਿਆ, ਜਿਸ ਨੇ ਵਿਸ਼ਵ ਦਾ ਧਿਆਨ ਦਿੱਲੀ-ਸਰਕਾਰ ਦੀ ਸਿੱਖਾਂ ਪ੍ਰਤੀ ਜਾਂ ਸਿੱਖ-ਧਰਮ ਪ੍ਰਤੀ ਨੀਤੀ ਵੱਲ ਖਿੱਚਿਆ।

ਦਿੱਲੀ-ਸਰਕਾਰ ਨੇ ਆਲਮੀ-ਪੱਧਰ ਤੇ ਆਪਣੇ ਬਿਅੰਤ ਵਸੀਲੇ ਵਰਤ ਕੇ ਸਿੱਖਾਂ ਨੂੰ 'ਆਤੰਕਵਾਦੀ' 'ਹੁੱਲੜਬਾਜ' ਅਤੇ 'ਵੱਖਵਾਦੀ' ਜਾਹਿਰ ਕਰਨ ਦਾ ਜੋ ਧੂੰਆਂਧਾਰ-ਪ੍ਰਾਪੇਗੰਡਾ ਕੀਤਾ ਇਹ ਸਿੱਖਾਂ ਨੂੰ ਸੰਸਾਰ ਦੀਆਂ ਨਜ਼ਰਾਂ ਵਿਚ ਡੇਗਣ ਤੇ ਆਪਣੇ ਆਪ ਨੂੰ ਬੇਕਸੂਰ ਸਿੱਧ ਕਰਨ ਲਈ ਇਕ ਵਿਉਂਤਬੰਦ ਚਾਲ ਸੀ, ਜਿਸ ਕਾਰਨ ਸਿੱਖਾਂ ਵਲੋਂ ਉਹਨਾਂ ਦੇ ਪੱਖ ਨੂੰ ਸੰਸਾਰ ਸਾਹਵੇਂ ਰੱਖਿਆ ਜਾਣਾ ਅਤਿਅੰਤ-ਜਰੂਰੀ ਸੀ ਪਰ ਇਸ ਮੁਹਾਜ ਤੇ ਸਿੱਖ ਕੌਮ ਸਰਕਾਰ ਨਾਲੋਂ ਕਿਤੇ ਪਿੱਛੇ ਹੈ। ਵਿਦੇਸ਼ਾਂ ਵਿਚ ਸਥਾਪਤ ਸਿੱਖ-ਸੰਸਥਾਵਾਂ ਨੇ ਇਸ ਅਰਸੇ ਵਿਚ ਬਹੁਤਾ ਧਿਆਨ ਸਿੱਖਾਂ ਨੂੰ ਹੀ ਇਸ ਸਮੱਸਿਆ ਸੰਬੰਧੀ ਸੂਸਿਖਿਅਤ ਕਰਨ ਤੇ ਦਿੱਤਾ ਹੈ ਤੇ ਆਪਣਾ ਕੇਸ ਉਹ ਅੰਤਰਰਾਸ਼ਟਰੀ-ਭਾਈਚਾਰੇ ਨੂੰ ਪੂਰੀ ਤਰਾਂ ਨਹੀਂ ਸਮਝਾ ਸਕੇ। ਇਸੇ ਕਰਕੇ ਅਤੇ ਉਤੋਂ ਦੀ ਪਏ ਭਾਰਤੀ-ਸਰਕਾਰ ਦੇ ਦਬਾਅ ਕਰਕੇ ਕਿਸੇ ਮੁਲਕ ਨੇ ਸਿੱਖਾਂ ਤੇ ਹੋਏ ਜ਼ੁਲਮ ਵਿਰੁੱਧ ਆਵਾਜ਼ ਨਹੀਂ ਉਠਾਈ-ਆਹ ਦਾ ਨਅਰਾ ਨਹੀਂ ਮਾਰਿਆ !

ਹਾਂ, ਸਿੱਖਾਂ ਦੇ ਹੱਕ ਵਿਚ ਵਿਦੇਸ਼ਾਂ ਵਿਚੋਂ ਜੋ ਆਵਾਜ਼ਾਂ ਉਠੀਆਂ ਹਨ, ਉਹ ਭਾਰਤ ਸਰਕਾਰ ਵਲੋਂ ਵਿਦੇਸ਼ੀ ਸਰਕਾਰਾਂ ਉਤੇ ਸਿੱਖਾਂ ਉਪਰ ਦਬਾਓ ਪਾਉਣ ਲਈ ਜੋਰ ਦੇਣ ਅਤੇ ਵਿਦੇਸ਼ੀ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਭਾਰਤ ਸਰਕਾਰ ਵਲੋਂ ਮਿਲਵਰਤਣ ਨਾ ਦੇਣ ਜਾਂ ਹਨੇਰੇ ਵਿਚ ਰੱਖਣ ਵਜੋਂ ਹੀ ਉਠੀਆਂ ਹਨ। ਮਿਸਾਲ ਵਜੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਬਰਾਇਨ ਮਰੂਨੀ ਨੇ ਭਾਰਤ ਸਰਕਾਰ ਵਲੋਂ ਕੈਨੇਡਾ ਸਰਕਾਰ ਨੂੰ ਸਿੱਖਾਂ ਉਤੇ ਸਖਤੀ ਕਰਨ ਦੇ ਜਵਾਬ ਵਿਚ ਹੀ ਭਾਰਤੀ ਪ੍ਰਧਾਨ ਮੰਤਰੀ ਨੂੰ 'ਆਪਣਾ ਘਰ ਸੁਆਰਨ' ਲਈ ਖਤ ਲਿਖਿਆ। ਇੰਜ ਹੀ ਕੈਲੇਫੋਰਨੀਆ (ਅਮਰੀਕਾ) ਦੇ ਡੈਮੋਕਰੈਟਿਕ ਪ੍ਰਤੀਨਿਧ ਮਿ: ਵਿਕ ਫੈਜੀਓ ਦੇ ਪੰਜ-ਮੈਂਬਰੀ ਵਫਦ ਨੂੰ ਜਦ ਸਿੱਖਾਂ ਉਤੇ ਹੋ ਰਹੇ ਤਸੱਦਦ ਦੀ ਪੁੱਛ-ਪੜਤਾਲ ਕਰਨ ਲਈ ਭਾਰਤ ਸਰਕਾਰ ਨੇ ਇਨਕਾਰ ਕੀਤਾ ਤਾਂ ਉਸ ਨੇ ਅਤੇ ਕੈਲੇਫੋਰਨੀਆ ਦੇ ਰੀਪਬਲਿਕਨ ਮੈਂਬਰ ਮਿ: ਜੈਰੀ ਲੈਵਿਸ ਨੇ ਅਮਰੀਕਾ ਦੀ ਪ੍ਰਤੀਨਿਧ-ਸਭਾ 'ਚ ਸਿੱਖਾਂ ਦੇ ਮਾਮਲੇ ਉਤੇ ਚਿੰਤਾ ਦਾ ਇਜਹਾਰ ਕੀਤਾ ਅਤੇ ਨਾਲ ਹੀ ਫੌਜੀ ਹਮਲੇ ਪਿੱਛੋਂ ਪੜਤਾਲ ਕਰਨ ਲਈ ਪੰਜਾਬ ਨਾ ਜਾਣ ਦਣ ਤੇ ਭਾਰਤੀ ਪ੍ਰਧਾਨ ਮੰਤਰੀ ਨੂੰ ਉਲਾਂਭਾ ਵੀ ਦਿੱਤਾ। ਇਸ ਤਰਾਂ ਬਰਤਾਨੀਆ ਦੇ ਇਕ ਪਾਰਲੀਮੈਂਟਰੀ ਵਫਦ ਨੂੰ ਵੀ ਇਨਕਾਰ ਕੀਤਾ ਗਿਆ। ਇਸ ਤੋਂ ਬਿਨਾਂ 17 ਅਮਰੀਕਨ ਕਾਂਗਰਸ ਮੈਂਬਰਾਂ ਨੇ ਦਿੱਲੀ ਦੇ ਦੰਗਿਆਂ ਦੀ ਨਿਰਪੱਖ-ਜਾਂਚ ਦੀ ਜੋਰਦਾਰ ਮੰਗ ਕੀਤੀ ਹੈ, ਪਰ ਇਸ ਪ੍ਰਸੰਗ ਵਿਚ ਮਹੱਤਵ-ਪੂਰਨ ਘਟਨਾ ਰਾਜੀਵ ਗਾਂਧੀ ਦੇ ਅਮਰੀਕਾ ਦੌਰੇ ਉਤੇ ਆਉਣ ਸਮੇਂ ਯੂ. ਐਸ. ਸੈਨਿਟ ਵਿਚ ਸੈਨੇਟਰ ਜੈਸੀ ਹੈਲਮਜ ਵਲੋਂ ਸਿੱਖਾਂ ਦੇ ਹੱਕ ਵਿਚ ਆਵਾਜ ਉਠਾਉਣਾ ਅਤੇ ਅਮਰੀਕੀ ਸਿੱਖ ਨੇਤਾ ਗੰਗਾ ਸਿੰਘ ਢਿਲੋਂ ਦੇ ਭਾਸ਼ਨ 'ਖੁਦਮੁਖਤਾਰ ਸਿੱਖ-ਸਟੇਟ ਦੀ ਜਰੂਰਤ' ਨੂੰ 'ਕਾਂਗਰੈਸਨਲ-ਰਿਕਾਰਡ' ਵਿਚ ਦਰਜ ਕਰਵਾਉਣਾ ਹੈ। ਇਹਨਾਂ ਕੁਝ ਵਿਕੋਲਿੱਤਰੇ ਕੇਸਾਂ ਨਾਲ ਅੰਤਰਰਾਸ਼ਟਰੀ ਪੱਧਰ ਉਤੇ ਸਿੱਖਾਂ ਦੇ ਕੇਸ ਨੂੰ ਸਮਝਣ ਤੇ ਉਹਨਾਂ ਉਤੇ ਹੋ ਰਹੇ ਜ਼ੁਲਮ ਵਿਰੁੱਧ ਆਵਾਜ ਉਠਾਉਣ ਦੇ ਕੁਝ ਉਪਰਾਲੇ ਹੋਏ ਹਨ। ਇਕੁਆਡੋਰ ਦੇ ਸਿੱਖਾਂ ਵੱਲ ਕੁਝ ਝੁਕਾਅ ਅਤੇ ਉਪਰੋਕਤ ਗੱਲਾਂ ਪਿੱਛੇ ਸਮੂਹਿਕ

ਨਾਲੋਂ ਵਿਅਕਤੀਗਤ ਯਤਨ ਹੀ ਵਧੇਰੇ ਕੰਮ ਕਰਦੇ ਨਜ਼ਰ ਆਉਂਦੇ ਹਨ। ਸਿੱਖ-ਕੇਸ ਨੂੰ ਕਿਸੇ ਹੱਦ ਤੱਕ ਬਾਹਰਲੇ ਲੋਕਾਂ ਤੱਕ ਪਹੁੰਚਾਉਣ ਵਿਚ ਗੰਗਾ ਸਿੰਘ ਢਿਲੋਂ ਤੇ ਡਾ: ਜਗਜੀਤ ਸਿੰਘ ਨੇ ਕੁਝ ਹੱਥ-ਪੈਰ ਮਾਰੇ ਹਨ। ਪਰ ਸਮੁੱਚੇ ਵਿਦੇਸ਼ੀ ਸਿੱਖ, ਅੰਤਰਰਾਸ਼ਟਰੀ ਭਾਈਚਾਰੇ 'ਚ ਆਪਣੇ ਕੇਸ ਦੀ ਵਕਾਲਤ ਕਰਨ ਵਿਚ ਲਗਪਗ ਪੂਰਨ ਤੌਰ ਤੇ ਅਸਫਲ ਰਹੇ ਹਨ।

ਥੋੜੇ ਸ਼ਬਦਾਂ ਵਿਚ, ਦਰਬਾਰ ਸਾਹਿਬ ਉਤੇ ਹਮਲੇ ਅਤੇ ਦਿੱਲੀ ਦੀਆਂ ਘਟਨਾਵਾਂ ਪਿੱਛੋਂ ਸਿੱਖਾਂ ਨੂੰ ਕੁਝ ਸੁਰਤ ਤਾਂ ਆਈ ਹੈ। ਉਹਨਾਂ ਵਲੋਂ ਇਸ ਸਮੇਂ ਗਠਿਤ-ਸੰਸਥਾਵਾਂ ਤੇ ਨੇਤਾਵਾਂ ਨੇ ਨਾਅਰਿਆਂ-ਮੁਜ਼ਾਹਰਿਆਂ ਪਿੱਛੋਂ ਆਪਣਾ ਇਕ ਨਿਸ਼ਾਨਾ ਵੀ ਮਿਥ ਲਿਆ ਹੈ ਪਰ ਇਸ ਦੀ ਪ੍ਰਾਪਤੀ ਲਈ ਕੋਈ ਠੋਸ ਪ੍ਰੋਗਰਾਮ ਉਲੀਕਣ ਜਾਂ ਇਸ ਤੇ ਅਮਲ ਕਰਨ ਪੱਖੋਂ ਉਹ ਸਫਲ ਨਹੀਂ ਰਹੇ।

ਇਸੇ ਅਰਸੇ ਦੌਰਾਨ ਦਿੱਲੀ-ਸਰਕਾਰ ਨੇ ਵਿਦੇਸ਼ੀ ਸਿੱਖਾਂ ਦੀਆਂ ਵੀਜ਼ਾ-ਸ਼ਰਤਾਂ ਨੂੰ ਕਰੜਿਆਂ ਕਰ ਕੇ, ਕਈਆਂ ਦੇ ਭਾਰਤ ਦਾਖਲੇ ਉਤੇ ਪਾਬੰਦੀ ਲਾ ਕੇ, ਬਾਹਰਲੀਆਂ ਸਰਕਾਰਾਂ ਉਤੇ ਸਿੱਖਾਂ ਨੂੰ ਦਬਾਉਣ ਲਈ ਦਬਾਓ ਪਾ ਕੇ, ਸਰਕਾਰੀ-ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਅਤੇ ਧਾਰਮਿਕ-ਸੰਸਥਾਵਾਂ ਨੂੰ ਮਾਇਕ-ਸਹਾਇਤਾ ਭੇਜਣ ਉਤੇ ਪਾਬੰਦੀਆਂ ਆਇਦ ਕਰਕੇ ਅਤੇ ਵਿਦੇਸ਼ੀ-ਸਿੱਖਾਂ ਪ੍ਰਤੀ ਵਿਤਕਰੇ ਵਾਲਾ ਰਵੱਈਆ ਅਪਣਾ ਕੇ ਭਾਰਤ ਪ੍ਰਤੀ ਉਹਨਾਂ ਦੀ ਮਾਨਸਿਕਤਾ ਵਿਚ ਭਾਰੀ ਤਬਦੀਲੀ ਲਿਆਂਦੀ ਹੈ।

ਬਿਨਾਂ ਸ਼ੱਕ, ਸਰਕਾਰ ਨੇ ਸਿੱਖਾਂ ਨੂੰ ਆਪਣੇ ਕਾਰਨਾਮਿਆਂ ਨਾਲ ਭਾਰਤੀ ਮੁੱਖ-ਧਾਰਾ ਤੋਂ ਨਿਖੇੜ ਕੇ ਆਪਣੇ ਆਪ ਦੂਰ ਧੱਕ ਦਿੱਤਾ ਹੈ। ਵਿਦੇਸ਼ੀ ਸਿੱਖਾਂ ਦਾ ਇਹ ਸ਼ੱਕ ਦਰਬਾਰ ਸਾਹਿਬ ਉਤੇ ਹੋਏ ਹਮਲੇ ਅਤੇ ਦਿੱਲੀ ਦੀਆਂ ਘਟਨਾਵਾਂ ਉਪਰੰਤ ਦ੍ਰਿੜ-ਵਿਸ਼ਵਾਸ ਵਿਚ ਬਦਲ ਗਿਆ ਹੈ ਕਿ ਭਾਰਤੀ ਝੰਡੇ ਹੇਠ ਸਿੱਖਾਂ ਦਾ ਧਰਮ-ਕਲਚਰ ਅਤੇ ਜਾਨ-ਮਾਲ ਸੁਰੱਖਿਅਤ ਨਹੀਂ। ਉਹ ਹੁਣ ਮਹਿਸੂਸ ਕਰ ਰਹੇ ਹਨ ਕਿ ਉਹਨਾਂ ਦਾ ਆਪਣਾ ਕੋਈ ਅਜਿਹਾ ਖਿੱਤਾ ਹੋਵੇ, ਜਿਥੇ ਉਹਨਾਂ ਨੂੰ ਸੁਤੰਤਰਤਾ ਦਾ ਅਹਿਸਾਸ ਵੀ ਹੋਵੇ ਤੇ ਉਹਨਾਂ ਦੀ ਸਮੁੱਚੀ ਸੁਰੱਖਿਆ ਦੀ ਗਰੰਟੀ ਵੀ ! ਅਸੁਰੱਖਿਅਤਾ ਦੀ ਅਹੁਰ ਦੇ ਇਲਾਜ ਲਈ ਵਿਦੇਸ਼ੀ ਸਿੱਖਾਂ ਵਲੋਂ ਵਿਦੇਸ਼ਾਂ ਵਿਚ ਗਠਿਤ ਹੋਈਆਂ ਲਗਪਗ ਸਾਰੀਆਂ ਮੁੱਖ-ਜਥੇਬੰਦੀਆਂ ਨੇ ਖਾਲਿਸਤਾਨ ਦੇ ਹੱਕ ਵਿਚ ਮਤੇ ਪਾਸ ਕੀਤੇ ਹਨ।

ਪਰ ਪ੍ਰਸ਼ਨ ਇਹ ਉਠਦੇ ਹਨ ਕਿ ਕੀ ਵਿਦੇਸ਼ੀ-ਸਿੱਖ ਆਪਣਾ ਕੇਸ-ਅੰਤਰਰਾਸ਼ਟਰੀ ਭਾਈਚਾਰੇ ਨੂੰ ਸਮਝਾ ਕੇ ਇਸ ਦੀ ਹਮਦਰਦੀ ਜਿੱਤ ਸਕਣਗੇ ? ਕੀ ਉਹ ਆਪਣੀਆਂ ਹੁਣੇ ਗਠਿਤ-ਸੰਸਥਾਵਾਂ ਦਾ ਸੰਸਾਰ-ਪੱਧਰ ਤੇ ਸੰਪੂਰਨ ਗੱਠਜੋੜ ਜਾਂ ਏਕੀਕਰਣ ਕਰਕੇ ਤੇ ਕੋਈ ਠੋਸ-ਪ੍ਰੋਗਰਾਮ ਉਲੀਕ ਕੇ ਉਸ ਤੇ ਅਮਲ ਵੀ ਕਰ ਸਕਣਗੇ ? ਕੀ ਉਹ ਭਾਰਤ-ਵਸਦੇ ਸਿੱਖਾਂ ਜਾਂ ਅਕਾਲ ਤਖਤ ਤੋਂ ਇਸ ਮੰਗ ਉਤੇ ਪ੍ਰਵਾਨਗੀ ਦੀ ਮੋਹਰ ਵੀ ਲੁਆ ਸਕਣਗੇ ? ਕੀ ਵਿਦੇਸ਼ਾਂ ਵਿਚਲੀਆਂ ਗਠਿਤ ਸਿੱਖ-ਸੰਸਥਾਵਾਂ ਦੇ ਖਾਲਿਸਤਾਨ ਦੀ ਮੰਗ ਦੇ ਮੁੱਖ ਪ੍ਰਚਾਰਕ ਲੀਡਰ-ਲੋਕ ਸੰਤ ਜਰਨੈਲ ਸਿੰਘ ਵਰਗੀ ਦਿਆਨਤਦਾਰੀ ਤੇ ਦਲੇਰੀ ਆਪਣੇ ਵਿਚ ਪੈਦਾ ਕਰਕੇ ਗਦਰ-ਪਾਰਟੀ ਦੇ ਕਾਰਕੁੰਨਾਂ ਵਾਂਗ ਆਪ ਅੱਗੇ ਹੋ ਕੇ ਦਿੱਲੀ-ਸਰਕਾਰ ਨਾਲ ਦਸਤਪੰਜਾ ਲੈਣ ਲਈ ਵੀ ਤਿਆਰ ਹੋਣਗੇ ਕਿ ਸਿਰਫ ਨੌਜਵਾਨਾਂ ਨੂੰ ਹੀ ਮਰਵਾਉਣਗੇ ?

ਜਾਰੀ

(ਨਵੰਬਰ,1985)

ਅਨਾੜੀ !

ਸ਼ਹਿਨਸ਼ਾਹ ਨਾਦਰ ਸ਼ਾਹ
ਲਾਹੌਰ ਸ਼ਾਹੀ-ਦਰਬਾਰ ਤੇ
ਪ੍ਰਸ਼ਨ ਕਰਦਾ ਹੈ -
ਇਹ 'ਅਤਿਵਾਦੀ' ਕੌਣ ਹਨ ?

''ਇਨ੍ਹਾਂ ਨੂੰ 'ਸਿੱਖ' ਕਹਿੰਦੇ ਹਨ ਜਹਾਂ-ਪਨਾਹ !''
ਗਵਰਨਰ ਲਾਹੌਰ ਜ਼ਕਰੀਆ ਖਾਨ ਜਬਾਬ ਅਰਜ਼ ਕਰਦਾ ਹੈ ।

'ਇਹਨਾਂ ਦੀ ਰਹਾਇਸ਼ ਜਾਂ ਸਰਨਾਵਾਂ ?
ਦਾਨਿਸ਼ਮੰਦ-ਨਾਦਰ ਸ਼ਾਹ ਦਾ ਦੂਜਾ ਪ੍ਰਸ਼ਨ ਹੈ ।

'ਇਹ ਘੋੜਿਆਂ ਦੀਆਂ ਕਾਠੀਆਂ ਤੇ ਵਿਚਰਦੇ ਹਨ ਹਜ਼ੂਰ !'
ਖ਼ਾਨ ਘਬਰਾਇਆ ਹੋਇਆ ਬੋਲਦਾ ਹੈ !

'ਜ਼ਕਰੀਆ ! ਇਹਨਾਂ ਤੋਂ ਖ਼ਬਰਦਾਰ !!
ਇਹ ਲੋਕ ਕਦੇ ਰਾਜ ਵੀ ਖੋਹ ਸਕਦੇ ਹਨ !!!
ਦੂਰ-ਅੰਦੇਸ਼ ਨਾਦਰ ਸ਼ਾਹ ਨਸੀਹਤ ਕਰਦਾ ਹੈ ।

ਢਾਈ ਸਦੀਆਂ ਬਾਅਦ-
ਦਿੱਲੀ ਤਖਤ ਤੇ ਬੈਠਾ ਇੱਕ ਅੰਨ੍ਹਾ ਬ੍ਰਾਹਮਣ-ਮੁੰਡਾ
ਆਪਣੇ ਕਿਸੇ ਚੰਡੀਗੜ੍ਹ ਬਿਠਾਏ ਟਾਊਟ ਤੋਂ ਪੁੱਛਦਾ ਹੈ -
'ਇਹ ਖ਼ਲਬਲੀ ਮਚਾਉਂਣ ਵਾਲੇ ਲੋਕ ਕੌਣ ਹਨ?'

ਸਾਡੀ-ਤੁਹਾਡੀ ਬੋਲੀ ਵਿੱਚ ਇਹਨਾਂ ਨੂੰ 'ਅਤਿਵਾਦੀ' ਕਹਿੰਦੇ ਹਨ ਹਜ਼ੂਰ !
ਟਾਊਟ ਬੋਲਦਾ ਹੈ ।

'ਇਹਨਾਂ ਦੀ ਗਿਣਤੀ ਕਿੰਨੀ ਕੁ ਹੈ ਹੋਣਹਾਰ ?'
ਬ੍ਰਾਹਮਣ-ਮੁੰਡਾ ਪ੍ਰਸ਼ਨ ਕਰਦਾ ਹੈ ।

'ਬੱਸ ਏਹੀ 50-60 ਹਜ਼ੂਰ !'
ਟਾਊਟ ਬੋਲਦਾ ਹੈ ।

'ਇਹਨਾਂ ਨੂੰ ਜਿਵੇਂ ਚਾਹੋ
ਭੁੰਨ ਦੇਵੋ ਮਾਰ ਦੇਵੋ ਖਤਮ ਕਰ ਦੇਵੋ !'
ਮੁਨਾਖਾ ਬਾਹਮਣ-ਮੁੰਡਾ ਹੁਕਮ ਕਰਦਾ ਹੈ ।

ਪਰ ਉਸਦੇ ਸਿਰਹਾਣੇ ਖੜਾ ਇਤਿਹਾਸ
ਖਿੜ-ਖਿੜਾ ਕੇ ਹਸਦਾ ਹੈ
ਤੇ ਬ੍ਰਾਹਮਣ ਮੁੰਡੇ ਦੀਆਂ ਗੁੱਲਾਂ ਨੂੰ
ਆਪਣੇ ਹੱਥਾਂ ਵਿਚ ਲੈ ਕੇ ਆਖਦਾ ਹੈ-
ਤੂੰ ਤਾਂ ਮੈਨੂੰ ਉਕਾ ਹੀ ਅਨਾੜੀ ਲਗਦਾ ਹੈਂ-ਮੁੰਡਿਆ !

(ਨਵੰਬਰ,1985)

ਵਿਅੰਗ-ਵਢਾਂਗਾ

ਇਕ ਦਿਨ ਬਾਦਲ ਬੱਤਾ ਪੀਵੇ ਮੁਕਸਰ ਵਿਚ ਬਜਾਰ!
ਮੂੰਹ ਵਿਚ ਉਂਗਲਾਂ ਪਾ ਪਾ ਦੇਖੇ ਭੀੜ 'ਚ ਪੱਤਰਕਾਰ ।
ਭੀੜ 'ਚ ਪੱਤਰਕਾਰ ਕਰੇ ਇਹ ਲੇਖਾ - ਜੋਖਾ ।
ਢਿੱਡ ਤੇ ਭਰਿਆ ਚੂੰਢ ਮਤੇ ਇਹ ਹੋਏ ਭੁਲੇਖਾ।
ਕਹੈ ਮੁਗਧਰ ਕਵੀਰਾਇ ਲੀਡਰੀ ਕਾਰ ਚੜ੍ਹਾਵੇ ।
ਛੁੱਟ ਜਾਏ ਹੱਥੋਂ ਪੂਛ ਟੈਰਾਂ ਵਿਚ ਲੰਮਾ ਪਾਵੇ !

ਕਾਮਰੇਡ ਦੇ ਪੈਰੀਂ ਪੈ ਕੇ ਆਖੇ ਜਥੇਦਾਰ ।
ਕਰੋ 'ਡਰਾਫਟ' 'ਰੇਜ਼ੂਲੇਸ਼ਨ' ਇਕ ਮੇਰੀ ਸਰਕਾਰ !!
ਇਕ ਮੇਰੀ ਸਰਕਾਰ ਹੋਰ ਵੀ ਬਣਤ ਬਣਾਓ ।
ਅਧਿਕਾਰਾਂ ਦੀ ਗੱਲ ਜਰਾ ਚੰਗੂੰ ਸਮਝਾਓ ।
ਕਹੈ ਮੁਗਧਰ ਕਵੀਰਾਇ ਕੌਮ ਵਿਚ ਪਏ ਹੈਰਾਨੀ!
ਹੋਰ ਨਾ ਲੀਡਰ ਫੇਰ ਮੇਰਾ ਕੋਈ ਦਿਸੇ ਸਾਨੀ !!

ਗੁਰ ਕੀ ਗੋਲਕ ਦੇ ਹਾਂ ਸੱਚੇ ਦਿਲ ਤੋਂ ਪਹਿਰੇਦਾਰ।
ਅੱਖ ਪੱਟ ਕੇ ਇਸ ਵੱਲ ਕਿਹੜਾ ਸਕਦਾ ਭਲਾ ਨਿਹਾਰ ?
ਸਕਦਾ ਭਲਾ ਨਿਹਾਰ ਛਕਾਈਏ ਝਬਦੇ ਝਾਟਾ ।
ਇਸ ਸੇਵਾ ਦੇ ਬਦਲੇ ਪੂਰਾ ਕਰੀਏ ਘਾਟਾ ।
ਕਹੈ ਮੁਗਧਰ ਕਵੀਰਾਇ ਵਜਾਈ ਐਸੀ ਢੋਲਕ !
ਪਤਾ ਨਾ ਲਗਿਆ ਕਦੋਂ ਗੁਰੂ ਕੀ ਲੁੱਟ ਗਈ ਗੋਲਕ !!

ਕਾਮਰੇਡ ਜੀ ਨਿਕਲ ਕਪਾਹ 'ਚੋਂ ਪੁਲਸ ਵੇਖ ਕੇ ਭੱਜੇ !
ਅੱਧੇ ਖੱਬੇ ਪਾਸੇ ਮੁੜ ਗਏ ਅੱਧੇ ਮੁੜ ਗਏ ਸੱਜੇ !!
ਅੱਧੇ ਮੁੜ ਗਏ ਸੱਜੇ ਕਿਹਾ ਜਿਨ - ਇੰਦਰਾ ਭੇਟੇ !
ਹਾਸੇ ਹਾਸੇ ਦੇ ਵਿਚ ਐਵੇਂ ਹੋ ਗਏ ਠੈਂਟੇ !!
ਕਹੈ ਮੁਗਧਰ ਕਵੀਰਾਇ ਆਪ ਹੋ ਅੱਡੋ - ਅੱਡੀ !
ਮਿਹਨਤ - ਕਸ਼ਾ ਨੂੰ ਇਕ ਕਰਨ ਦੀ ਗੱਲ ਨਾ ਛੱਡੀ !!

ਮਸਤ ਚਾਲ ਤੇ ਮਿੱਠੀ ਬਾਣੀ ਅਹੁ ਜਾਂਦੇ ਪਰਧਾਨ !
ਨੈਣ ਦੀਵਾਨੇ ਤੇ ਮਸਤਾਨੇ ਮੰਦ - ਮੰਦ ਮੁਸਕਾਨ !!
ਮੰਦ - ਮੰਦ ਮੁਸਕਾਨ ਮੋਢੇ ਤੇ ਬਾਂਹ ਉਲਾਰਨ ।
ਨਾਲ ਚਾਲ ਦੇ ਖੁਤਾ - ਖਤੋਤਾ ਵਰਕਰ ਮਾਰਨ ।
ਕਹੈ ਮੁਗਧਰ ਕਵਿਰਾਇ ਸੁਣਹੁ ਭਾਈ ਮੀਤ ਪਆਰੇ !
ਦੂਰ- ਫਿੱਟੇ ਮੂੰਹ ਲੀਡਰ ਦੇ ਜੋ ਵਰਕਰ ਚਾਰੇ !!

'ਜਾਗੋ'
(ਨਵੰਬਰ, 1985)

ਮੌਜੂਦਾ ਸਿੱਖ-ਸਿਆਸਤ ਦੇ ਉਘੜਦੇ ਨੈਣ-ਨਕਸ਼

ਦਿੱਲੀ-ਸਰਕਾਰ ਦੇ ਪੰਜਾਬ 'ਚ ਲੰਮੇ ਸਮੇਂ ਤੋਂ ਪਾਏ ਕੁੱਤੀ-ਚੀਕੇ ਤੋਂ ਸਤ ਕੇ ਜਿਹਨਾਂ ਲੋਕਾਂ ਨੇ ਲੌਂਗੋਵਾਲੀਏ ਦਲ ਦੇ ਚੋਣ-ਨਿਸ਼ਾਨ ਉਤੇ ਮੋਹਰਾਂ ਜੜ ਕੇ ਤੇ ਪਰਚੀਆਂ ਪਾ ਕੇ ਪੰਜਾਬ ਦੇ ਸਰਕਾਰੀ-ਰਥ ਦਾ ਸੁਰਜੀਤ ਸਿੰਘ ਬਰਨਾਲਾ ਨੂੰ ਰਥਵਾਨ ਬਣਾਇਆ ਸੀ ਥੋੜੇ ਅਰਸੇ ਬਾਅਦ ਹੀ ਉਹਨਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਇਸ ਦਲ ਦੀਆਂ ਸੰਦੂਕੜੀਆਂ ਨੂੰ ਕੰਨਾਂ ਤੀਕ ਭਰ ਕੇ ਵੀ ਪੰਜਾਬ 'ਚ ਸਿਰਹਾਣੇ ਥੱਲੇ ਬਾਂਹ ਦੇ ਕੇ ਸੌਣ ਦੀ ਸਥਿਤੀ ਲਿਆਉਂਣੀ ਤਾਂ ਪਾਸੇ ਰਹੀ, ਇਸ 'ਚ ਉਨੀ-ਇੱਕੀ ਦਾ ਸੁਧਾਰ ਵੀ ਨਹੀਂ ਲਿਆ ਸਕੇ !

ਜਿਸ ਸਰਕਾਰ ਦੇ ਛਿੱਤਰ ਆਸਰੇ ਬਰਨਾਲੇ ਨੇ ਮੁੱਖ-ਮੰਤਰੀ ਦੀ ਕੁਰਸੀ-ਘੁੱਗੀ ਕੁੱਟੀ ਹੈ, ਉਸ ਸਰਕਾਰ ਨੇ 'ਲੈ-ਦੇ-ਸਮਝੌਤੇ' ਨੂੰ ਪੂਰੀ ਤਰਾਂ ਨਾ ਲਾਗੂ ਕਰਨਾ ਸੀ-ਨਾ ਕੀਤਾ, ਨਾ ਕਰ ਰਹੀ ਹੈ ਤੇ ਨਾ ਕਰੇਗੀ। ਬਰਨਾਲਾ-ਵਜ਼ਾਰਤ ਦੀ ਚਾਨਣੀ ਪੰਜਾਬ 'ਚ ਤਣਨ ਮਗਰੋਂ ਦਰਬਾਰ ਸਾਹਿਬ 'ਚ ਪੁਲੀਸ ਦਾ ਆਉਂਣਾ-ਜਾਣਾ ਬਦਸਤੂਰ ਜਾਰੀ ਹੈ। ਪੰਜਾਬ 'ਚ ਗੋਲੀਆਂ ਦੀ ਠਾਹ-ਠੂਹ ਉੱਚ ਦੀ ਉੱਚ ਸੁਣਦੀ ਹੈ। ਜਿਥੇ ਰਾਜੀਵ-ਲੌਂਗੋਵਾਲ ਸਮਝੌਤੇ ਦੀ ਵਿਚੋਲਾ-ਜੋਤੀ ਬਰਨਾਲੇ-ਬਲਵੰਤ ਨੂੰ ਸਿੱਖ ਸ਼ੱਕੀ ਨਜ਼ਰਾਂ ਨਾਲ ਵੇਖਦੇ ਹਨ ਉਥੇ ਸਿੱਖਾਂ ਦੇ ਖੁੱਲੇ ਜ਼ਖਮਾਂ ਤੇ ਲੂਣ ਛਿੜਕਣ ਲਈ ਦਰਬਾਰ ਸਾਹਿਬ ਉਤੇ ਹਮਲਾ ਕਰਨ ਅਤੇ ਸਿੱਖ-ਸੰਘਰਸ਼ ਨੂੰ ਦਬਾਉਂਣ ਵਾਲੇ ਲੋਕਾਂ ਦੇ ਸਿਰਾਂ ਤੇ ਸਰਕਾਰ ਜਿੱਤ ਦੇ ਦੁਮਾਲੇ ਬੁੰਨ ਕੇ ਉਹਨਾਂ ਦਾ ਸਨਮਾਨ ਕਰ ਰਹੀ ਹੈ। ਇਸੇ 'ਅਦੂਤੀ-ਸੇਵਾ' ਬਦਲੇ ਲੈ: ਜਨਰਲ ਕੇ. ਸੁੰਦਰਜੀ ਨੂੰ ਤਰੱਕੀ ਦੇ ਕੇ ਚੀਫ ਆਫ ਦੀ ਆਰਮੀ ਸਟਾਫ ਬਣਾਇਆ ਜਾ ਰਿਹਾ ਹੈ। ਅਰਜਨ ਸਿੰਘ ਗਵਰਨਰ ਪੰਜਾਬ ਨੂੰ ਕੇਂਦਰ ਚ ਵੰਝਜ-ਵਜ਼ੀਰੀ ਦੇ ਅਹੁਦੇ ਤੇ ਸੁਸ਼ੋਭਿਤ ਕੀਤਾ ਜਾ ਰਿਹਾ ਹੈ ਤੇ ਲਲਿਤ ਮੋਕਨ ਦੇ ਸਹੁਰੇ ਸ਼ੰਕਰ ਦਿਆਲ ਸ਼ਰਮਾ ਦੇ ਸਿਰ ਤੇ ਗਵਰਨਰੀ ਦੇ ਅਹੁਦੇ ਦਾ ਤਾਜ ਰੱਖ ਕੇ ਉਸਨੂੰ ਬਰਨਾਲਾ ਵਜ਼ਾਰਤ ਉਤੇ ਨਿਗਰਾਨ ਨਿਯੁਕਤ ਕੀਤਾ ਜਾ ਰਿਹਾ ਹੈ। ਇਹ ਗੱਲਾਂ ਦਿੱਲੀ-ਸਰਕਾਰ ਦੀ ਸਿੱਖਾਂ ਪ੍ਰਤੀ ਬਦ-ਨੀਤੀ ਦਾ ਝਲਕਾਰਾ ਵੀ ਪਾਉਂਦੀਆਂ ਹਨ ਤੇ ਬਰਨਾਲੇ ਦੇ ਵਜ਼ਾਰਤੀ-ਰਥ ਦੇ ਰਸਤੇ ਵਿਚ ਟੋਏ-ਖਤਾਨ ਪੱਟ ਕੇ ਭਵਿੱਖ 'ਚ ਇਸਦਾ ਪਹੀਆ ਜਾਮ ਕਰਨ ਦੇ ਰੱਸੇ-ਪੈੜੇ ਵੱਟਣ ਦੀਆਂ ਵੀ ਸੰਕੇਤਿਕ ਹਨ।

ਲੌਂਗੋਵਾਲ ਦੀ ਮ੍ਰਿਤੂ ਉਪਰੰਤ ਹਲਚਲ ਦੇ ਸਮੇਂ ਬਰਨਾਲੇ ਨੂੰ ਅਕਾਲੀ ਦਲ (ਲੌ:) ਦੀ ਪ੍ਰਧਾਨਗੀ ਵਿਰਾਸਤ 'ਚ ਭਾਵੇਂ ਮਿਲ ਗਈ ਹੈ ਤੇ ਬਣ ਰਹੀ ਵਜ਼ਾਰਤ ਦੇ ਛੱਤੇ ਉਦਾਲੇ ਉਡਦੀਆਂ ਸੁਆਰਥੀ-ਮੱਖੀਆਂ ਨੇ ਭਾਵੇਂ ਵਕਤੀ ਤੌਰ ਤੇ ਬਰਨਾਲੇ ਦਾ ਪੱਖ ਵੀ ਪੂਰ ਦਿੱਤਾ ਹੈ ਪਰ ਅਸਲ 'ਚ ਬਰਨਾਲੇ ਦੀ ਇਸ ਦਲ 'ਚ ਆਪਣੀ ਕੋਈ ਪ੍ਰਭਾਵਸ਼ਾਲੀ ਸ਼ਾਖ ਨਹੀਂ। ਕੋਹ ਨਾ ਚੱਲੀ ਬਾਬਾ ਤਿਹਾਈ! ਮੁੱਖ-ਮੰਤਰੀ ਬਣਨ ਦੀ ਆਪਣੀ ਮਨਾਪਲੀ ਟੁੱਟਣ ਮਗਰੋਂ ਜਿਥੇ ਨਿਰਾਸ਼ ਬਾਦਲ ਦੀ ਝੋਰ ਕਿਸੇ ਅਜਿਹੇ ਮੌਕੇ ਲਈ ਲੱਗੀ ਹੋਈ ਹੈ ਕਿ ਬਰਨਾਲਾ ਵਜ਼ਾਰਤ ਦੇ ਊਠ ਦਾ ਬੁਲ੍ਹ ਕਦੋਂ ਟੁੱਟ ਕੇ ਡਿੱਗੇ ਤੇ ਉਸਦਾ ਦਾਅ ਲੱਗ ਜਾਵੇ, ਉਥੇ ਸ਼ੈਤਾਨ-ਉਲ-ਸ਼ੈਤਾਨ ਟੌਹੜਾ ਕੌਮ ਦਾ ਟਿਮਟਿਮਾਉਂਦਾ ਦੀਵਾ ਵੀ ਗੁੱਲ ਕਰਨ ਤੇ ਤੁਲਿਆ ਹੈ। ਉਹ ਜਿਥੇ ਕਮਜ਼ੋਰ ਬਰਨਾਲੇ ਉਤੇ ਦਬਾਓ ਦੀ ਕਾਠੀ ਪਾ ਕੇ ਸ਼੍ਰੋਮਣੀ ਕਮੇਟੀ ਦੀਆਂ ਕੁੰਜੀਆਂ ਨੂੰ ਆਪਣੇ ਕਛਹਿਰੇ ਦੇ ਨਾਲੇ ਨਾਲ ਗੋਲ-ਗੰਢਾ ਦੇਣ ਲਈ ਹਰਫਲਿਆ ਫਿਰਦਾ ਹੈ ਉਥੇ ਮੁੱਖ-ਮੰਤਰੀ ਦੇ ਅਹੁਦੇ ਦੇ ਨਾਲ ਨਾਲ ਬਰਨਾਲੇ ਦੇ ਅਕਾਲੀ ਦਲ (ਲੌ:) ਦਾ ਪ੍ਰਧਾਨ ਬਣੇ ਰਹਿਣ ਨੂੰ ਵੰਗਾਰ ਕੇ ਇਸ ਕੁਰਸੀ ਤੇ ਆਪ ਚੌਂਕੜੀ ਮਾਰਨ ਲਈ ਤਰਲੋਮੱਛੀ ਹੈ। ਆਪ ਭਾਵੇਂ ਉਹ ਸ਼੍ਰੋਮਣੀ ਕਮੇਟੀ ਅਤੇ ਪਾਰਲੀਮੈਂਟ ਦੀ ਮੈਂਬਰੀ ਭਾਵ ਦੋਹਾਂ ਅਹੁਦਿਆਂ ਉਤੇ ਛਾਪਲ ਕੇ ਪਿਆ ਰਿਹਾ ਹੈ ਤੇ



ਗੁਰਧਾਮਾਂ ਦੀ ਰੱਖਿਆ ਲਈ ਸੀਸ ਤਲੀ ਧਰ ਲੜਨ ਵਾਲੇ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਸ਼ਹੀਦ ਦਰਬਾਰ ਸਾਹਿਬ ਦੀ ਰੱਖਿਆ ਲਈ ਲਕੀਰ ਖਿੱਚ ਕੇ ਸਿੰਘ-ਸੂਰਮਿਆਂ ਨੂੰ ਵੰਗਾਰਦੇ ਹੋਏ !

ਸ੍ਰੀ ਅਕਾਲ ਤਖਤ ਸਾਹਿਬ ਦੇ ਫੌਲਾਦੀ-ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ, ਜਿਹਨਾਂ ਆਪਣੇ ਉਚੇ-ਕਿਰਦਾਰ ਸਦਕਾ ਗੁਰੂ ਕੇ ਮਹਾਨ-ਤਖਤ ਦੇ ਇਸ ਮਹਾਨ-ਪਦ ਦੀ ਆਭਾ-ਕੀਰਤੀ ਨੂੰ ਚਾਰ-ਚੰਨ ਲਾਏ ।

ਖਾਲਸੇ ਉਤੇ ਬਿਪਤਾ ਸਮੇਂ ਦੁਸ਼ਮਣ-ਦਲਾਂ 'ਚੋਂ ਉਠ ਕੇ ਵੀ ਆਪਣੇ ਭਰਾਵਾਂ ਦੀ ਬਾਂਹ ਬਣ ਜਾਣ ਵਾਲੇ ਬਹਾਦਰ ਸ: ਜੱਸਾ ਸਿੰਘ ਰਾਮਗੜ੍ਹੀਆ !

ਤੇਗ ਤੇ ਤਕਦੀਰ ਦੇ ਧਨੀ, ਵਿਸ਼ਾਲ ਖਾਲਸਾ-ਰਾਜ ਦੇ ਸੰਸਥਾਪਕ, ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ।



ਸਿੰਘ-ਸ਼ਕਤੀ ਦੇ ਪ੍ਰਤੀਕ ਬਾਬਾ ਬੰਦਾ ਸਿੰਘ ਜੀ ਬਹਾਦਰ, ਜਿਨਹਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਅ ਕੇ ਸਭ ਤੋਂ ਪਹਿਲਾਂ ਸਿੰਘ-ਰਾਜ ਦਾ ਸੁਪਨਾ ਸਾਕਾਰ ਕੀਤਾ !

ਸਿਆਸਤ ਨਾਲੋਂ ਸਦਾ ਧਰਮ ਨੂੰ ਪਹਿਲ-ਪ੍ਰਾਥਮਿਕਤਾ ਦੇਣ ਵਾਲੇ
ਦੂਰ-ਅੰਦੇਸ਼ ਮਹਾਨ ਸਿੱਖ-ਨੇਤਾ ਸ: ਜੱਸਾ ਸਿੰਘ ਜੀ ਆਹਲੂਵਾਲੀਆ ।

ਜੁੱਤੀ ਦੀ ਨੋਕ ਤੋਂ ਨਵਾਬੀਆਂ ਵਾਰਨ ਵਾਲੇ: ਤਿਆਗ, ਸੇਵਾ ਤੇ
ਨਿਸ਼ਕਾਮਤਾ ਦੀ ਸਿਖਰ ਨਵਾਬ ਕਪੂਰ ਸਿੰਘ ਜੀ ਫੈਜ਼ਲਪੁਰੀਏ !

ਸ੍ਰੀ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਦੁਸ਼ਟ ਮੱਸੇ ਰੰਘਾੜ ਦਾ ਸਿਰ ਵੱਢ ਕੇ ਲਿਜਾਂਦੇ ਹੋਏ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਜੀ ।



ਨੌਜਵਾਨ ਦਿਲਾਂ ਦੀ ਧੜਕਣ
ਸ਼ਹੀਦ ਭਾਈ ਅਮਰੀਕ ਸਿੰਘ ਜੀ (ਪ੍ਰਧਾਨ ਆ: ਇੰ: ਸਿ: ਸ: ਫੈ:)

ਵੱਡੇ ਸੂਰੇ-ਸਿਰਾਰੇ ਵਾਲੇ ਅਤੇ ਸੁਦਿੱਤੂ ਸਿੰਘ , ਭਾਈ ਗੁਰਦੇਵ ਸਿੰਘ ਕਾਂਧੂਰੇ, ਜੋ ਇਸ ਬਿਖਰੇ ਸਮੇਂ ਵਿਚ ਕੌਮ ਦੀ ਦੰਡੀ ਸੋਚਾ ਨਿਭਾਉਂਦੇ ਹੀ ਸਮਰੱਥਾ ਸਕਤੀ ਰੱਖਦੇ ਸਨ ਪਰ ਸਿੰਘਾਂ ਨੇ ਉਹਨਾਂ ਨੂੰ ਸਹੀਦ ਕਰਕੇ ਲੈਣ ਵਿਚ ਹੀ ਆਪਣੇ ਧੰਨ-ਭਾਗ ਸਮਝੇ !

ਕੌਮ ਦੀ ਲੱਬੀ ਪੱਗ ਨੂੰ ਉਸਦੇ ਸਿਰ ਤੇ ਰੱਖਣ ਵਾਲੇ ਕੌਮ ਦੇ ਅਣਖੀਲੇ ਤੇ ਅਨਮੋਲ-ਹੀਰੇ ਸਹੀਦ ਭਾਈ ਬਿਅੰਤ ਸਿੰਘ - ਸਤਵੰਤ ਸਿੰਘ ਅਤੇ ਭਾਈ ਕਿਹਰ ਸਿੰਘ ਜੀ ।



ਵੀਹਵੀਂ ਸਦੀ ਵਿਚ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਜੀ ਦੇ ਇਤਿਹਾਸ ਨੂੰ ਦੁਹਰਾਉਂਣ ਵਾਲੇ ਦੋ ਸਿਦਕੀ-ਸੂਰਮੇਂ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ।



ਅਸੀਂਤ ਸਿੰਘ-ਜਰਨੈਲ ਹਰੀ ਸਿੰਘ ਨਲੂਆ ਪਿਸ਼ਾਵਰ ਉਤੇ ਚੜ੍ਹਾਈ ਕਰਨ ਸਮੇਂ। ਸਰਦਾਰ ਜੀ ਦੀ ਵੱਡੀ ਸਿਫਤ ਸੀ ਕਿ ਆਪ ਸਤਿਗੁਰਾਂ ਦੇ ਹੁਕਮ ਅਨੁਸਾਰ ਗੁਲਾਮ ਉਪਰਲੇ ਵਿਚ ਕਦਮ ਪੈਣਾਂਦਾ ਨਹੀਂ ਸਨ ਪਾਉਂਦੇ !

ਆਖਰੀ ਸਿੱਖ-ਬਾਦਸ਼ਾਹ ਅਤੇ ਸ਼ੇਰਿ-ਪੰਜਾਬ ਦੇ ਛੋਟੇ ਸਪੁੱਤਰ
ਮਹਾਰਾਜਾ ਦਲੀਪ ਸਿੰਘ ਜੀ ।

ਸ਼ਾਨਦਾਰ ਸਿੱਖੀ-ਪਰੰਪਰਾਵਾਂ ਨੂੰ ਵਰਤਮਾਨ ਸਮੇਂ ਵਿਚ ਪ੍ਰਜਵੱਲਿਤ ਕਰਨ
ਵਾਲੇ, ਦਮਦਮੀ-ਟਕਸਾਲ ਦੇ ਚੌਧਵੇਂ ਜਥੇਦਾਰ ਤੇ ਵੀਹਵੀਂ ਸਦੀ ਦੇ ਮਹਾਨ-
ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ।

ਗੁਰਧਾਮਾਂ ਤੇ ਚੜ੍ਹ ਆਏ ਭਾਰਤੀ-ਲਸ਼ਕਰਾਂ ਨੂੰ ਲੋਹੇ ਦੇ ਚਣੇ ਚਬਾਉਣ ਵਾਲੇ ਯੋਧੇ ਸਿੰਘ ਜਰਨੈਲ ਸਰਦਾਰ ਸੁਬੇਗ ਸਿੰਘ ਜੀ !

ਤੀਸਰੇ ਅਹੁਦੇ ਭਾਵ ਅਕਾਲੀ ਦਲ ਦੀ ਪ੍ਰਧਾਨਗੀ ਲਈ ਵੀ ਲਗਾਤਾਰ ਲਾਲਾਂ ਸੁਟਦਾ ਰਿਹਾ ਹੈ। ਪਰ ਜੇ ਕਮਜ਼ੋਰ ਬਰਨਾਲਾ ਟੋਹੜੇ ਦੇ ਸਾਰੇ ਸਾਬਕਾ ਦੋਸਤਾਂ ਦਾ ਟੋਹੜੇ ਹੱਥੋਂ ਹੋਇਆ ਹਸ਼ਰ ਵੇਖਦਿਆਂ-ਜਾਣਦਿਆਂ ਵੀ ਉਸਦੀ ਮਦਦ ਦੇ ਲਾਲਚ ਵਿਚ ਉਸਦੇ ਦਾਅ ਹੇਠ ਆ ਗਿਆ ਤਾਂ ਇਤਿਹਾਸ ਪੜ੍ਹੇ-ਲਿਖੇ ਬਰਨਾਲੇ ਨੂੰ ਵਰਤਮਾਨ ਸਿੱਖ-ਸਿਆਸਤ ਦਾ ਤੁਗਲਕ-ਬਾਦਸ਼ਾਹ ਹੀ ਸਿੱਧ ਕਰੇਗਾ !

ਅਸੀਂ ਮੁੱਢ ਹੀ ਇਸ ਵਿਚਾਰ ਦੇ ਮੁਦੱਈ ਰਹੇ ਹਾਂ ਕਿ ਸਿੱਖ-ਧਰਮ ਤੇ ਸਿੱਖ-ਸੰਘਰਸ਼ ਦੀ ਗੱਲ ਨੂੰ ਧਰਮ-ਪ੍ਰਸਤ ਲੋਕਾਂ ਅਤੇ ਸਿਰਾਂ ਤੇ ਕੱਫਣ ਬੰਨ੍ਹ ਕੇ ਕੌਮ ਦੇ ਹੱਕਾਂ ਲਈ ਜੂਝਣ ਵਾਲੇ ਨੌਜਵਾਨਾਂ ਨੇ ਹੀ ਅੱਗੇ ਤੋਰਨਾ ਹੈ। ਕੌਮ ਨੂੰ ਘਚਾਨੀਆਂ ਦੇਣ ਵਾਲੇ ਲੋਕ ਇਕ ਦਿਨ ਕੌਮ ਨਾਲੋਂ ਕੱਟੇ ਜਾਣਗੇ। ਇਸਦਾ ਪ੍ਰਤੱਖ ਝਲਕਾਰਾ ਕੌਮ ਦੇ ਸਾਹਮਣੇ ਪਿਛਲੇ ਦਿਨੀਂ ਚੌਕ ਮਹਿਤਾ ਵਿਚ ਦਮਦਮੀ ਟਕਸਾਲ, ਇੰ: ਸਿੱਖ ਯੂਥ ਫੈਡਰੇਸ਼ਨ ਤੇ ਸ਼ਹੀਦ-ਪਰਵਾਰਾਂ ਵਲੋਂ ਇਕ ਸਿੱਖ-ਰੀਲੀਫ-ਕਮੇਟੀ ਦਾ ਗਠਨ ਕੀਤੇ ਜਾਣਾ ਹੈ। ਜਿਸ ਵਿਚ ਸੰਤ ਜਰਨੈਲ ਸਿੰਘ ਖਾਲਸਾ ਦੇ ਭਤੀਜੇ ਭਾਈ ਜਸਵੀਰ ਸਿੰਘ, ਸ: ਸਿਮਰਨਜੀਤ ਸਿੰਘ ਅਤੇ ਸ਼ਹੀਦ ਬਿਅੰਤ ਸਿੰਘ ਦੀ ਪਤਨੀ ਬੀਬੀ ਬਿਮਲਾ ਕੌਰ ਖਾਲਸਾ ਆਦਿ ਨੂੰ ਲਿਆ ਗਿਆ ਹੈ। ਇਸ ਕਮੇਟੀ ਦੇ ਗਠਨ ਦਾ ਕਾਰਨ ਭਾਵੇਂ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸਥਾਪਤ ਕੀਤੀ ਗਈ ਕਮੇਟੀ ਵਲੋਂ ਸ਼ਹੀਦਾਂ ਦੇ ਪਰਿਵਾਰਾਂ ਤੇ ਸਿੱਖ-ਰਿਫੀਊਜ਼ੀਆਂ ਦੀ ਸਹਾਇਤਾ ਵਿਚ ਪੂਰੀ ਤਰਾਂ ਅਸਫਲ-ਅਵੇਸਲੇ ਰਹਿਣਾ ਦੱਸ ਕੇ ਇਹਨਾਂ ਦੀ ਸੇਵਾ-ਸੰਭਾਲ ਲਈ ਅੱਗੇ ਹੋ ਕੇ ਉਦਮ ਕਰਨਾ ਦਸਿਆ ਗਿਆ ਹੈ। ਪਰ ਸਾਡੀ ਸੋਚ ਅਨੁਸਾਰ ਇਸ ਕਮੇਟੀ ਦੇ ਕਾਰਕੁੰਨਾਂ ਦੀ ਦਿਆਨਤਦਾਰੀ, ਏਕਤਾ ਅਤੇ ਤਿਆਗ ਦੇ ਬਲਬੋਤੇ ਇਹ ਕਮੇਟੀ ਸਿੱਖਾਂ ਦੀ ਇਕ ਅਜਿਹੀ ਪ੍ਰਤੀਨਿਧ ਸਿਆਸੀ-ਸ਼ਕਤੀ ਹੋ ਨਿਬੜੇਗੀ ਕਿ ਬਹੁਤ ਥੋੜੇ ਸਮੇਂ ਵਿਚ ਹੀ ਸਿੱਖ-ਲੀਡਰਸ਼ਿਪ ਦਾ ਖੱਪਾ ਵੀ ਪੂਰਿਆ ਜਾਵੇਗਾ ਤੇ ਇਸ ਨਾਲ ਕੌਮ ਵਿਚ ਇਕ ਆਸ਼ਾਵਾਦੀ-ਚੇਤਨਾ ਦਾ ਸੰਚਾਰ ਵੀ ਹੋਵੇਗਾ।

ਸੰਤ ਜਰਨੈਲ ਸਿੰਘ ਖਾਲਸਾ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਨੇ ਜਿਸ ਕਦਰ ਲੋਂਗੋਵਾਲੀਏ ਸੁਆਰਥੀ ਲੁੰਗ-ਲਾਣੇ ਨੂੰ ਵੰਗਾਰ ਕੇ ਪੰਥ ਦੇ ਰੌਸ਼ਨ-ਭਵਿੱਖ ਲਈ ਸਿੱਖ-ਸੰਸਾਰ ਨੂੰ ਵੰਗਾਰ ਪਾਈ ਹੈ ਅਸੀਂ ਉਸਦੇ ਦਿਲੋਂ ਕਦਰਦਾਨ ਹਾਂ। ਜਿਸ ਬਿਰਧ-ਅਵਸਥਾ ਵਿਚ ਕੌਮ ਦੀ ਵਿਗੜੀ ਬਣਾਣ ਦਾ ਉਹਨਾਂ ਬੀੜਾ ਚੁੱਕਿਆ, ਉਸ ਲਈ ਬਾਬਾ ਜੀ ਦੇ ਅਸੀਂ ਸਦਕੜੇ ਜਾਂਦੇ ਹਾਂ। ਅਸੀਂ ਇਹਨਾਂ ਪੰਨਿਆਂ ਰਾਹੀਂ ਕੌਮ ਨੂੰ ਉਹਨਾਂ ਦੇ ਹਰ ਹੁਕਮ ਤੇ ਮਰ ਮਿਟਣ ਲਈ ਵੀ ਕਲਮ ਵਾਹੁੰਦੇ ਰਹੇ ਹਾਂ। ਇਸਦੇ ਨਾਲ ਹੀ ਅਸੀਂ ਪੰਥ ਲਈ ਮਹਾਨ ਕੁਰਬਾਨੀ ਕਰਨ ਵਾਲੇ ਇਸ ਪ੍ਰਵਾਰ ਦੇ ਇਸ ਮੋਢੀ-ਮਹਾਨ ਬਾਬਾ ਜੀ ਦੀ ਕੁਝ ਸੁਆਰਥੀ ਲੋਕਾਂ ਵਲੋਂ ਅਣਹੋਣੀ ਵਿਰੋਧਤਾ ਕਰਨ ਦੇ ਅੱਜ ਵੀ ਵਿਰੋਧੀ ਹਾਂ ਤੇ ਅਜਿਹੇ ਲੋਕਾਂ ਦੀ ਕੜੀ ਨਿੰਦਾ ਕਰਦੇ ਹਾਂ। ਪਰ ਪਾਠਕਾਂ ਨੂੰ ਯਾਦ ਹੋਵੇਗਾ ਕਿ ਅਸੀਂ ਜਥੇਦਾਰ ਤਲਵੰਡੀ, ਬਾਬੂ ਆਤਮਾ ਸਿੰਘ, ਮਜੀਠਾ, ਆਦਿ ਦੀ ਗੱਲ ਟੁਰਦਿਆਂ ਬਾਬਾ ਜੀ ਨੂੰ ਪੰਥਕ-ਘੋਲ ਵਿਚ ਇਹਨਾਂ ਦੀਆਂ ਸੇਵਾਵਾਂ ਤੇ ਸਹਿਯੋਗ ਲੈਂਦਿਆਂ ਹੋਇਆਂ ਵੀ ਇਹਨਾਂ ਨੂੰ ਪੰਥ ਦੀ ਅਗਵਾਈ ਕਰਨ ਦੀ ਸੇਵਾ ਤੋਂ ਛੁੱਟੀ ਕਰਨ ਲਈ ਲਿਖਦੇ ਰਹੇ ਹਾਂ। ਪਰ ਦਿਆਨਤਦਾਰ ਬਾਬਾ ਜੀ ਆਪਣੇ ਬਿਰਧ-ਸਰੀਰ ਦੀਆਂ ਮਜ਼ਬੂਰੀਆਂ ਤੇ ਮੌਕਾਪ੍ਰਸਤ ਸਿਆਸਤਦਾਨਾਂ ਦੀਆਂ ਚਾਲਾਂ ਨੂੰ ਸਮਝਣ ਤੋਂ ਅਸਮਰਥ ਰਹੇ। ਬਿਨਾਂ ਸ਼ੱਕ ਕਾਰਨਵੱਸ ਉਹ ਕੌਮ ਨੂੰ ਅਜਿਹਾ ਕੋਈ ਇਨਕਲਾਬੀ-ਪ੍ਰੋਗਰਾਮ ਵੀ ਨਹੀਂ ਦੇ ਸਕੇ ਜਿਸ ਦੀ ਕਿ ਲੋਂਗੋਵਾਲ ਲੁੰਗ-ਲਾਣੇ ਹੱਥੋਂ ਸਤੀਂ ਕੌਮ ਨੂੰ ਉਹਨਾਂ ਤੋਂ ਆਸ-ਤਵੱਕੋ ਸੀ। ਪਰ ਇਸਦੇ ਨਾਲ ਹੀ ਸਾਨੂੰ ਇੱਟ ਵਰਗਾ ਯਕੀਨ ਹੈ ਕਿ ਇਹ ਜਾਣਦਿਆਂ ਹੋਇਆਂ ਕਿ ਸ਼ਹੀਦ ਕਿਸੇ ਇਕ ਪ੍ਰਵਾਰ ਦੀ ਵਿਰਾਸਤ ਨਾ ਹੋ ਕੇ ਸਮੁੱਚੀਆਂ ਕੌਮਾਂ ਦਾ ਸਰਮਾਇਆ ਹੋ ਨਿਬੜਦੇ ਹਨ, ਬਾਬਾ ਜੀ ਹੁਣ ਬੇ-ਅਸੂਲੇ ਸਵਾਰਥੀ ਲੀਡਰਾਂ ਤੋਂ ਪਾਸੇ ਰਹਿੰਦਿਆਂ ਆਪਣੀ ਵਡੇਰੀ ਉਮਰ ਤੇ ਢਿੱਲੀ ਸਿਹਤ ਨੂੰ ਮੱਦੇ-ਨਜ਼ਰ ਰਖਦਿਆਂ ਚੌਕ ਮਹਿਤੇ ਤੋਂ ਉਠੇ ਨੌਜਵਾਨ-ਕਾਫਲੇ ਦੇ ਸਰਪਰਸਤ ਵਜੋਂ ਇਸਦੇ ਸਿਰ ਤੇ ਹੱਥ ਰੱਖ ਕੇ ਇਸਨੂੰ ਥਾਪੜਾ ਦੇ ਕੇ ਤਕੜਿਆਂ ਕਰਨਗੇ।

ਅੰਤ ਵਿਚ ਇਹ ਖਾਸ ਸੁਰਖੀ ਲਾ ਕੇ ਅਸੀਂ ਇਸ ਲੇਖ ਨੂੰ ਕਿਉਂਟਦੇ ਹਾਂ ਕਿ ਚੌਕ-ਮਹਿਤਾ ਵਿਚ ਜੋ ਪਿੱਛੇ-ਕਥਿਤ 'ਸਿੱਖ-ਰੀਲੀਫ-ਕਮੇਟੀ' ਬਣੀ ਹੈ, ਆਸ ਤੇ ਨਿਸਚਾ ਹੈ ਪੰਥ ਦੇ ਝੰਡੇ ਨੂੰ ਇਹੀ ਚੁੱਕੇਗੀ। ਪੰਥ ਲਈ ਕੁਰਬਾਨੀਆਂ ਕਰਨ ਵਾਲਾ ਕਾਫਲਾ ਹੀ ਕੌਮ ਦੀ ਤਕਦੀਰ ਘੜ ਕੇ ਪੰਥ ਦਾ ਅਸਲੀ ਵਾਰਸ ਬਣ ਸਕੇਗਾ। ਉਕਤ ਕਮੇਟੀ ਦੇ ਗਠਨ ਸਮੇਂ ਚੌਕ-ਮਹਿਤਾ ਵਿਚ ਦਮਦਮੀ-ਟਕਸਾਲ ਦੇ ਪ੍ਰਤੀਨਿਧ ਭਾਈ ਮੁਹਕਮ ਸਿੰਘ ਨੇ ਜੋ ਗੱਲ ਸੰਤ ਜਰਨੈਲ ਸਿੰਘ ਖਾਲਸਾ ਦੇ ਜ਼ਿੰਦਾ ਹੋਣ ਬਾਰੇ ਕਹੀ ਹੈ, ਕੌਮ ਨੂੰ ਇਸ ਲਈ ਮੁਬਾਰਕਬਾਦ ਦੇਂਦਿਆਂ ਸਾਨੂੰ ਗਿੱਠ-ਗਿੱਠ ਲਾਲੀ ਤਾਂ ਚੜ੍ਹ ਸਕਦੀ ਹੈ ਪਰ ਜੇ ਸੰਤ ਜਰਨੈਲ ਸਿੰਘ ਸਰੀਰਕ-ਰੂਪ ਵਿਚ ਸਾਡੇ ਵਿਚਕਾਰ ਨਾ ਵੀ ਵਿਚਰਨ ਤਾਂ ਵੀ ਉਸ ਸ਼ੇਰ-ਮਰਦ ਦੀ ਬਾਜ਼-ਨਜ਼ਰ ਕੌਮ ਦੇ 'ਕੱਲੇ-'ਕੱਲੇ ਨੌਜਵਾਨ ਨੂੰ ਵੰਗਾਰਦੀ ਰਹੇਗੀ ਕਿ ਲੰਮੀਆਂ ਤਾਣਕੇ ਬੇਗੈਰਤੀ ਦੀ ਨੀਂਦ ਸੌਣਾ ਹੈ ਜਾਂ ਪ੍ਰਿਥਮ-ਭਗੌਤੀ ਸਿਮਰਨ ਵਾਲੇ ਗੁਰੂ ਗੋਬਿੰਦ ਪਿਤਾ ਦੇ ਪੁੱਤਰ ਬਣ ਕੇ ਜ਼ਿੰਦਗੀ ਦੇ ਦੋ ਪੈਰ ਅਣਖ ਨਾਲ ਤੁਰਨਾ ਹੈ !

'ਜਾਗੋ'

(ਜਨਵਰੀ,1986)

ਗ਼ਜ਼ਲ

ਰੰਗ ਕੇਸਰੀ ਪਹਿਨ ਸੜਕ ਤੇ ਨਿਕਲ ਪਈਆਂ ਦਸਤਾਰਾਂ !
ਜਾਪੇ ਹੁਣ ਕੁੱਝ ਸੋਚ ਲਿਆ ਹੈ ਮੁੱਛ-ਫੁਟਦੇ ਸਰਦਾਰਾਂ !!

ਏਸ ਚਮਨ ਦੀਆਂ ਉਡ-ਪੁੱਡ ਗਈਆਂ ਕਿੱਧਰ ਭਲਾ ਬਹਾਰਾਂ?
ਜਿਸਦੇ ਕਲੀਆਂ-ਫੁੱਲ ਝਰੀਟੇ ਜ਼ਾਲਮ ਚੰਦਰੇ ਖ਼ਾਰਾਂ ।

ਉਸ ਬੇੜੀ ਨੇ ਖ਼ਬਰੇ ਕੀਕੂੰ ਲਗਣਾ ਕਦੋਂ ਕਿਨਾਰੇ ?
ਜਿਸਨੂੰ ਛੱਡ ਮੁਹਾਣੇ ਤੁਰ ਗਏ ਸੰਗ ਛੱਡਿਆ ਪਤਵਾਰਾਂ !

ਹਰਿਮੰਦਰ ਦੇ ਦਿਲ ਵਿਚ ਹੌਕਾ ਸਰਵਰ ਦੀ ਅੱਖ ਹੰਝੂ,
ਜਿਸਦੇ ਹਾਏ ਸਾਜ਼ਿੰਦੇ ਸੌਂ ਗਏ ਸੁੱਤੀਆਂ ਕਿਵੇਂ ਸਤਾਰਾਂ !

ਧੰਨ ਉਹ ਗੋਰੀਆਂ - ਬਾਂਹੀਂ ਜ਼ਿੰਨਾਂ ਪਹਿਨੇ ਸੂਹੇ ਚੂੜੇ,
ਜਾਣਦਿਆਂ ਕਿ ਨਹੀਂ ਪਰਤਣਾ ਜੰਗ 'ਚੋਂ ਸ਼ਾਹ-ਸਵਾਰਾਂ।

ਸ਼ਹਿਰ 'ਚ ਉਂਝ ਤਾਂ 'ਸਭ ਅੱਛਾ' ਹੈ ਰਾਤੀਂ ਜਾਗਣ ਪਹਿਰੇ,
ਫਿਰ ਵੀ ਕੋਈ ਇਬਾਰਤ ਲਿਖਦਾ ਜਗਦੀਆਂ ਰੋਜ਼ ਦੀਵਾਰਾਂ।

ਉਨ੍ਹਾਂ ਦੇ ਖੰਭ ਛਿੰਗਦੇ ਛਿੰਗਦੇ ਵਟ ਗਏ ਵਿਚ ਤਲਵਾਰਾਂ,
ਕੀ ਜੇ ਚਤਰ-ਸ਼ਿਕਾਰੀ ਫੁੰਡ ਗਏ ਉਹ ਹੰਸਾਂ ਦੀਆਂ ਡਾਰਾਂ !

ਕੁੱਝ ਸਿਰ ਵੱਢ ਕੇ ਮਨੂੰ ਵਾਗੂ ਹੱਸ ਰਹੀ ਹੈ ਦਿੱਲੀ,
ਇਹ ਨਾ ਜਾਣੇ ਸਿੰਘ ਮੁਕਾਉਂਦੇ ਮੁੱਕ ਗਈਆਂ ਸਰਕਾਰਾਂ !

(ਜਨਵਰੀ,1986)

ਵਿਅੰਗ-ਵਢਾਂਗਾ

ਕਲਾਮ ਰਾਂਝਾ

ਡਿੱਠਾ ਖ਼ਾਬ ਅੰਦਰ, ਕਿਹਾ ਰਾਂਝਣੇ ਨੇ ਮੈਨੂੰ ਰੜੇ-ਪਟੱਕ ਨਾ ਮਾਰ ਹੀਰੇ !
ਬਾਰਾਂ ਵੂਰੇ ਲਵੇਰੀਆਂ ਚਾਰੀਆਂ ਨੇ ਚੂੰਘੀ ਇਕ ਨਾ ਚੋਰੀ ਦੀ ਧਾਰ ਹੀਰੇ ।
ਸਿਨਮਾ ਦੇਖਿਆਂ ਮੁੱਦਤਾਂ ਗੁਜ਼ਰ ਗਈਆਂ ਅੱਖੀਂ ਦੇਖੀ ਨਾ ਕਦੇ ਅਖ਼ਬਾਰ ਹੀਰੇ।
ਲੌਲਰ ਲਾਇਆ ਕੀ ਚੂਰੀਆਂ ਕੁੱਟਕੇ ਤੂੰ ਏਦੂੰ ਚੰਗਾ ਸੀ ਅੰਬ-ਅਚਾਰ ਹੀਰੇ ।
ਤੇਰੇ ਟੋਹਤੇ ਦੇ ਵਾਂਗ ਬਿਆਨ ਦੀਂਹਦੇ ਦੋਂਹ-ਦੋਂਹ ਬੇਤੀਏਂ ਹੋਵੇਂ ਅਸਵਾਰ ਮੁਈਏ!
ਨਾਲੇ ਡੁਬੇਂਗੀ ਡੋਬੇਂਗੀ ਨਾਲ ਮੈਨੂੰ ਭੰਡੀ ਪਵੇਗੀ ਵਿਚ ਸੰਸਾਰ ਮੁਈਏ !!

ਕਲਾਮ ਹੀਰ

ਹੀਰ ਆਖਿਆ ਰਾਂਝਣਾ ਝਾਂਵਿਆਂ ਦੇ ਐਵੇਂ ਜਗਤ-ਨਰੈਣੀਆਂ ਭੋਰ ਨਾਹੀਂ।
ਟੋਹਤੇ ਨਾਲ ਤਸ਼ਬੀਹਾਂ ਨਾ ਦੇਹ ਮੈਨੂੰ ਉਹਦੇ ਨਾਲਦੀ ਮੈਂਡੜੀ ਤੋਰ ਨਾਹੀਂ ।
ਚੋਧਰ-ਚਾਤੁਰੀ ਤੇਰੇ ਤੋਂ ਘੋਲ ਘੱਤੀ ਵੇ ਮੈਂ ਮੋਹ ਦੀ ਗੋਲਕ ਦੀ ਚੋਰ ਨਾਹੀਂ ।
ਬਾਦਲ ਵਾਂਗ ਪਲੱਟ ਨਾ ਨੀਰ ਨੈਣੋਂ ਮੂੰਹ ਵਿਚ ਹੋਰ ਤੇ ਮੇਰੇ ਮਨ ਹੋਰ ਨਾਹੀਂ ।
ਮੇਰਾ ਦੀਨ-ਈਮਾਨ ਧਨ-ਮਾਲ ਤੂੰਹੀਂ ਖੜੀ ਮਰਾਂ ਜੇ ਤੇਰੇ ਤੋਂ ਮੁੱਖ ਮੋੜਾਂ !
ਟੁੱਟ ਜਾਵੇ ਪ੍ਰਧਾਨਗੀ ਅੱਧ ਵਿਚੋਂ ਤੇਰੇ ਬਾਝ ਫਰੈਂਡ ਜੇ ਹੋਰ ਲੋੜਾਂ !!

ਕਲਾਮ ਰਾਂਝਾ

ਮੱਥਾ ਪਟਕ ਕੇ ਆਤਮਾ ਸਿੰਘ ਵਾਂਗੂੰ ਕਿਹਾ ਰਾਂਝਣ-ਨਾ ਆਵੇ ਯਕੀਨ ਹੀਰੇ।
ਲੀਡਰ ਅਤੇ ਮਾਸ਼ੂਕ ਇਤਬਾਰ ਨਾਹੀਂ ਦੋਵੇਂ ਜੁਰਮ ਇਹ ਕਰਨ ਸੰਗੀਨ ਹੀਰੇ ।
ਭੰਨਿਆ ਇਹਨਾਂ ਦਾ ਸ਼ਖ਼ਸ ਨਾ ਕੋਈ ਉਠੇ ਭਾਵੇਂ ਚਾਰੀਏ ਘਿਉ ਦਾ ਟੀਨ ਹੀਰੇ ।
ਅਰਜ਼ ਵਫ਼ਾ ਦੀ ਲੀਡਰ ਮਾਸ਼ੂਕ ਕੋਲੇ ਮੱਝ ਅੱਗੇ ਵਜਾਵਣੀ ਬੀਨ ਹੀਰੇ ।
ਮੈਨੂੰ, ਸੈਦੇ ਨੂੰ ਲੀਡਰਾਂ ਵਾਂਗ ਚਾਰੇ ਭੱਠਾ ਦੋਹਾਂ ਦਾ ਗੁੱਲ ਕਰਵਾਏਂਗੀ ਨੀ !
ਅਸਾਂ ਦੋਹਾਂ ਹੀ ਸੰਤਾਂ ਨੂੰ ਟੋਹਤੀਏ ਨੀਂ ! ਦਾਓ ਲੱਗਿਆਂ ਕਦੇ ਮਰਵਾਏਂਗੀ ਨੀ !!

ਕਲਾਮ ਹੀਰ

ਸੁਣਕੇ ਹੀਰ ਨੇ ਘੋਟਣਾ ਹੱਥ ਫੜਿਆ ਵੱਟੀਆਂ ਵਾਂਗ ਡਿਸਾਈ ਦੇ ਘੂਰੀਆਂ ਨੇ ।
ਭਾਸ਼ਣ ਝਾੜ ਨਸੋੜੀਆਂ ਚੂਸਦਾ ਏਂ ਜੇਂਟਾ ਦੁੱਧ ਵਿਚ ਰੋਟੀਆਂ ਚੂਰੀਆਂ ਨੇ ।
ਝਈਆਂ ਲਵੇਂ ਤਲਵੰਡੀ ਦੇ ਵਾਂਗ ਮੈਨੂੰ ਅੱਖਾਂ ਕੱਢੀਆਂ ਟੋਹੜਿਓ ਭੂਰੀਆਂ ਨੇ ।
ਗੋਡੇ ਭਿਤਦੇ ਸਨ ਜਦੋਂ ਸੀ ਝੰਗ ਆਇਆ ਖਾ ਖਾ ਫਿੱਟ ਕੇ ਪਰਖੀਆਂ ਚੂਰੀਆਂ ਨੇ।
ਜੇ ਨਹੀਂ ਉਕਾ ਸਿਆਸਤ ਦੀ ਸਮਝ ਤੈਨੂੰ ਉਕਾ ਤੇਰਾ ਤੇ ਮੇਰਾ ਸਰਬੰਧ ਹੈ ਨਹੀਂ !
ਚੁੱਕ ਭੂਰੀ ਹਜ਼ਾਰੇ ਜਾਹ ਵਾਹ ਝੋਟੇ ਤੇਰੇ ਰਾਸ਼ਣ ਦਾ ਏਥੇ ਪਰਬੰਧ ਹੈ ਨਹੀਂ !!

ਕਲਾਮ ਸ਼ਾਇਰ

ਬਿਨਾ ਪਾਲਸ਼ ਤੇ ਕਪੜੇ ਪ੍ਰੈਸ ਕੀਤੇ ਰਾਂਝਾ ਉਠ ਤੁਰਿਆ ਬੇਲੇ ਵੱਲ ਯਾਰੋ ।
ਅੰਦਰੋਂ ਫਿਕਰ ਬਰਨਾਲੇ ਦੇ ਵਾਂਗ ਖਾਵੇ ਬਾਹਰ ਸ਼ੂਕ ਡਰਾਂਵਦੇ ਝੱਲ ਯਾਰੋ ।
ਨਾਲੇ ਰੋਂਵਦਾ ਨਾਲੇ ਪਛਤਾਂਵਦਾ ਏ ਸੁੱਕੀ ਕਾਹਤੋਂ ਲੁਹਾਈ ਸੂ ਖੱਲ ਯਾਰੋ।
ਪਾਲੀਟਿਕਸ ਚੋਂ ਕੋਠੀਆਂ ਲੋਕ ਪਾ ਗਏ ਖੱਟਿਆ ਅਸੀਂ ਕੀ ਇਸ਼ਕ ਚੋਂ ਟੱਲ ਯਾਰੋ?
ਦਿੰਦਾ ਫੇਰ ਸਮਝੌਤੀਆਂ ਆਪ ਨੂੰ ਹੀ-ਹੂੰਦੇ ਆਸ਼ਕ ਤਾਂ ਰੱਬ ਦਾ ਰੂਪ ਮੀਆਂ !
ਗੰਨੇ ਵਾਂਗਰਾਂ ਹੀਰ ਨੇ ਚੂਪਿਆ ਜਿਉਂ ਟੋਹਤਾ ਗਿਆ ਕਮੇਟੀ ਨੂੰ ਚੂਪ ਮੀਆਂ !!

'ਜਾਗੋ'

(ਜਨਵਰੀ, 1986)

ਮਾਮਲਾ ਗੜਬੜ ਹੈ !

(ਨੰ: ਇਕ)

* ਸਟਾਕਟਨ 'ਚ ਗਦਰੀ-ਭੂਚਾਲ ਦਾ ਝਟਕਾ !
* ਮੁਕੱਦਮਾ ਭੁੱਲਰ ਬਨਾਮ ਢਿੱਲੋਂ
* ਗਵਾਹਾਂ ਦੇ ਬਿੜਕਦੇ ਬਿਆਨ
* ਅੰਤਮ-ਫੈਸਲਾ ਸੁਪਰੀਮ ਸੰਗਤ ਦੀ ਕੋਰਟ ਹੱਥ !

3 ਦਸੰਬਰ, 1985 ਨੂੰ ਗਦਰੀ-ਬਾਬਿਆਂ ਦੀ ਧਰਤੀ ਸਟਾਕਟਨ (ਕੈਲੇਫੋਰਨੀਆ) 'ਚ ਸਿਆਸੀ-ਗਦਰ ਦੇ ਭੂਚਾਲ ਦਾ ਇਕ ਝਟਕਾ ਲੱਗਿਆ, ਜਿਸ ਦੇ ਫਲਸਰੂਪ ਵਿਸ਼ਵ ਸਿੱਖ-ਸੰਸਥਾ ਦੇ ਜਨਰਲ-ਸਕੱਤਰ ਮੇ: ਜਨਰਲ ਜਸਵੰਤ ਸਿੰਘ ਭੁੱਲਰ ਦੀ ਦਸਤਾਰ ਸਿਰੋਂ ਲਾਹ ਲਈ ਗਈ ਤੇ ਇਸ ਦੇ ਸਿੱਟੇ ਵਜੋਂ ਸ: ਗੰਗਾ ਸਿੰਘ ਢਿੱਲੋਂ ਦੀ ਪਿੱਠ ਥੱਲਿਓਂ ਸੰਸਥਾ ਦੀ ਅਮਰੀਕਾ ਸ਼ਾਖਾ ਦੀ ਪ੍ਰਧਾਨਗੀ ਦੀ ਕੁਰਸੀ ਖਿੱਚ ਲਈ ਗਈ !

ਇਕ ਪਾਸੇ ਦਿੱਲੀ-ਸਰਕਾਰ ਸਿੱਖਾਂ ਨੂੰ ਖੱਖੜੀਆਂ-ਕਰੇਲੇ ਕਰ ਕੇ ਮਿੱਟੀ ਵਿਚ ਮਿਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ ਤੇ ਦੂਸਰੇ ਪਾਸੇ ਕੁਰਸੀ ਦੇ ਯਾਰ ਅਖੌਤੀ-ਲੀਡਰ ਦੇਸ਼-ਵਿਦੇਸ਼ 'ਚ ਸਾਰੀ ਸ਼ਰਮ-ਹਯਾ ਨੂੰ ਛਿੱਕੇ ਤੇ ਟੰਗ ਕੇ ਸਿਆਸੀ-ਸ਼ਤਰੰਜ ਦੀਆਂ ਚਾਲਾਂ ਵਿਚ ਬਦਮਸਤ ਹਨ ਅਤੇ ਤੀਸਰੇ ਪਾਸੇ ਕੌਮ ਦੇ ਹੋਣਹਾਰ ਹੀਰਿਆਂ-ਮਨਸੂਰਾਂ ਨੂੰ ਕੌਮ ਦੀ ਇੱਜ਼ਤ-ਆਬਰੂ ਨੂੰ ਬਹਾਲ ਕਰਨ ਅਤੇ ਇਸ ਦੇ ਸਿਰ ਤੇ ਜਿੱਤ ਦਾ ਦੁਮਾਲਾ ਬੁੰਨਣ ਲਈ ਸਿਰਾਂ ਤੇ ਕੱਫਣ ਬੁੰਨ ਕੇ ਉਪਰੋਕਤ ਦੋਹਾਂ ਕੌਮ-ਘਾਤਕ ਸ਼ਕਤੀਆਂ ਨਾਲ ਆਢਾ ਲੈਣਾ ਪੈ ਰਿਹਾ ਹੈ !

ਜਦੋਂ ਸਟਾਕਟਨ ਵਿਖੇ ਉਪਰੋਕਤ ਦੋਵੇਂ ਘਟਨਾਵਾਂ ਘਟੀਆਂ ਤਾਂ ਸਾਡੇ ਟੈਲੀਫੋਨ ਦੀ ਘੰਟੀ ਨੇ ਬਥੇਰੀ ਹਾਲ-ਪਾਹਰਿਆ ਪਾਈ ਕਿ ਅਸੀਂ ਇਸ ਮਾਮਲੇ ਸੰਬੰਧੀ ਕੁਝ ਲਿਖੀਏ ਪਰ ਅਸੀਂ ਇਸ ਬਿਖਤੀ-ਘੜੀ ਵਿਚ ਪੰਥ ਦੀ ਅਨੇਕਤਾ 'ਚੋਂ ਏਕਤਾ ਵੇਖਣ ਦੇ ਤਲਬਗਾਰ ਸਾਂ ਤੇ ਇਸ ਰਾਜ ਦੇ ਝੱਗੇ ਦੇ ਚੁੱਕਿਆਂ ਕੌਮ ਦਾ ਢਿੱਡ ਹੀ ਨੰਗਾ ਹੋਣਾ ਸੀ, ਇਸੇ ਲਈ ਅਸੀਂ ਆਪਣੀ ਕਲਮ ਨੂੰ ਹੁਣ ਤੀਕ ਖਾਮੋਸ਼ ਰੱਖਿਆ ਪਰ ਸੁਹਿਰਦ-ਸਿੱਖ-ਸੰਗਤਾਂ ਦੇ ਬਾਰ-ਬਾਰ ਜ਼ੋਰ ਦੇਣ ਦੇ ਅੰਤ ਅਸੀਂ 'ਮੁਕੱਦਮਾ ਭੁੱਲਰ ਬਨਾਮ ਢਿੱਲੋਂ' ਸੰਗਤ ਦੀ ਕਚਹਿਰੀ ਵਿਚ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦੇ ਹਾਂ।

ਗੰਗਾ ਸਿੰਘ ਢਿੱਲੋਂ ਸਾਡਾ ਕੋਈ ਮਸੇਰ ਨਹੀਂ ਲਗਦਾ ਤੇ ਜਨਰਲ ਭੁੱਲਰ ਨਾਲ ਸਾਡਾ ਕੋਈ ਵੱਟ ਦਾ ਰੌਲਾ ਨਹੀਂ !

ਪਗੜੀ ਜ: ਭੁੱਲਰ ਦੀ ਥਾਂਵੇਂ ਕਿਸੇ ਗਲੀ 'ਚ ਜਾਂਦੇ ਸਿੱਖ ਦੀ ਵੀ ਲਾਹੀ ਜਾਂਦੀ, ਇਸ ਦੀ ਹਰ ਸਿੱਖ ਨੂੰ ਨਿੰਦਾ ਕਰਨੀ ਬਣਦੀ ਹੈ ਕਿਉਂਕਿ ਸਿੱਖ ਦੀ ਦਸਤਾਰ ਗੁਰੂ ਦੀ ਅਮਾਨਤ ਹੈ। ਜ: ਭੁੱਲਰ ਦੀ ਦਸਤਾਰ ਲਾਹੁਣ ਵਾਲੇ ਵਿਅਕਤੀ ਸਾਡੀ ਮੁਬਾਰਕਬਾਦ ਦੇ ਪਾਤਰ ਨਹੀਂ, ਨਿਖੇਧੀ ਦੇ ਅਧਿਕਾਰੀ ਹਨ, ਅਸੀਂ ਉਹਨਾਂ ਦੇ ਇਸ ਕਾਰਜ ਦੀ ਕਰੜੇ ਸ਼ਬਦਾਂ 'ਚ ਨਿੰਦਾ ਕਰਦੇ ਹਾਂ। ਸਾਨੂੰ ਸਬੰਧਤ ਵਿਅਕਤੀਆਂ ਦੇ ਦਸਤਾਰ ਉਤਾਰਨ ਪਿੱਛੇ ਛੁਪੀ ਭਾਵਨਾ ਦਾ ਤਾਂ ਬਹੁਤਾ ਗਿਆਨ ਨਹੀਂ ਪਰ ਅਸੀਂ ਉਹਨਾਂ ਦੇ ਗਿਆਨ 'ਚ ਵਾਧਾ ਕਰਨ ਦੀ ਖੁੱਲ੍ਹ ਜ਼ਰੂਰ ਲਵਾਂਗੇ ਕਿ ਉਹਨਾਂ ਨੇ ਇਹ ਕ੍ਰਿਸ਼ਮਾ ਕਰਕੇ ਆਪਣਾ ਕਾਜ ਸੰਪੂਰਨ ਕਰਨ ਉਪਰੰਤ ਦੇਸ਼ ਨੂੰ ਬਿਸਤਰਾ ਬੁੰਨੀ ਬੈਠੇ ਭੁੱਲਰ ਦੀ ਲੀਡਰੀ ਦੇ ਹੱਥ ਵਕਤੀ ਤੌਰ ਤੇ ਜ਼ਰੂਰ ਮਜ਼ਬੂਤ ਕਰ ਦਿੱਤੇ ਹਨ।

ਪਰ ਅੱਜ ਅਸੀਂ ਜ: ਭੁੱਲਰ ਦੀਆਂ ਮਚਲੀਆਂ-ਅੱਖਾਂ ਉਤੇ ਬੁੰਨੀ ਹੋਈ ਭਰਮ ਦੀ ਪੱਟੀ ਉਤਾਰ ਕੇ ਉਹਨਾਂ ਨੂੰ ਸਾਖਿਆਤ ਦਿਖਾ ਰਹੇ ਹਾਂ ਕਿ ਸਟਾਕਟਨ ਦੀ ਦੁਰਘਟਨਾ ਦੀ ਜ਼ਿੰਮੇਵਾਰੀ ਨਾ ਏਨੀ ਗੰਗਾ ਸਿੰਘ ਢਿੱਲੋਂ ਤੇ ਆਉਂਦੀ ਹੈ, ਤੇ ਨਾ ਹੀ ਇਸ ਘਟਨਾ ਨਾਲ ਸੰਬੰਧਤ 4 ਨੌਜਵਾਨਾਂ ਤੇ, ਸਗੋਂ ਇਸ ਲਈ ਸਭ ਤੋਂ ਵੱਧ ਜ਼ਿੰਮੇਵਾਰ ਉਹਨਾਂ ਦਾ ਆਪਣਾ ਪੈਦਾ ਕੀਤਾ ਅਵਿਸ਼ਵਾਸ ਹੈ। ਜਿਸ ਅਵਿਸ਼ਵਾਸ ਦੀ ਦਾਸਤਾਨ 31 ਮਈ, 1984 ਨੂੰ ਉਹਨਾਂ ਦੇ ਦੇਸ਼ੋਂ ਵਿਦੇਸ਼ ਵੱਲ ਖਿਸਕਣ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਜ: ਭੁੱਲਰ ਨੂੰ ਦਰਬਾਰ ਸਾਹਿਬ ਉਤੇ ਹਮਲੇ ਤੋਂ 4 ਦਿਨ ਪਹਿਲਾਂ ਅਰਥਾਤ 31 ਮਈ, 1984 ਨੂੰ ਕੌਮ ਦੇ ਗਿੱਦੜ-ਗਦਾਰ ਪ੍ਰਧਾਨ ਲੋਂਗੋਵਾਲ ਨੇ ਹੇਠਲੀ ਚਿੱਠੀ ਦੇ ਕੇ ਵਿਦੇਸ਼ੀ-ਸਿੱਖਾਂ ਨੂੰ ਕਾਬੂ ਕਰਨ ਲਈ ਭੇਜਿਆ ਸੀ।

(ਅਸਲ ਚਿੱਠੀ ਦੀ ਕਾਪੀ)

ਵਾਹਿਗੁਰੂ ਜੀ ਕੀ ਫਤਹਿ ॥

(Sant) HARCHAND SINGH LONGOWAL
President,
SHIROMANI AKALI DAL

From : [illegible]
SRI AMRITSAR

May 18, 1984

Dear Sardar Sahib,

Wahaguru Ji Ka Khalsa,
Wahaguru Ji Ki Fateh .

Major General Jaswant Singh Bhullar and Professor Manjit Singh Sidhu are visiting your country to review the present set up and explain Akali Dal's stand on various issues facing the Panth.

You are requested to provide them all the facilities and help during the stay in your country.

With regards,

Yours Sincerely,

(Sant Harchand Singh Longowal)

ਲੋਂਗੋਵਾਲੀਏ ਸਰਕਾਰੀ-ਸਾਧ ਦੀ ਦਿੱਲੀ ਨਾਲ ਭਿਆਲੀ ਹੁਣ ਪੂਰੀ ਤਰਾਂ ਨੰਗੀ ਹੋ ਚੁੱਕੀ ਹੈ ਤੇ ਰਹਿੰਦੀ ਹੋ ਜਾਵੇਗੀ। ਜੇ ਲੋਂਗੋਵਾਲ-ਟੋਹਤਾ ਸੁੰਞਲੀ ਦਰਬਾਰ ਸਾਹਿਬ ਉਤੇ ਹਮਲੇ ਲਈ ਭਿਆਲ ਮੰਨੀ ਜਾ ਸਕਦੀ ਹੈ ਤਾਂ ਹਮਲੇ ਤੋਂ ਚਾਰ ਦਿਨ ਪਹਿਲਾਂ ਲੋਂਗੋਵਾਲੀਏ ਦੀ ਵਿਦੇਸ਼ੀ-ਸਿੱਖਾਂ ਤੋਂ ਮਿਲਵਰਤਣ ਲੈਣ ਵਾਲੀ ਚਿੱਠੀ ਲੈ ਕੇ ਖਿਸਕੇ ਜ: ਭੁੱਲਰ ਦੀ ਸ਼ੁਭਾਵਤ ਹਰ ਚਿਤੰਨ-ਸਿੱਖ ਸਹਿਜੇ ਹੀ ਸਮਝ ਸਕਦਾ ਹੈ। ਦਰਬਾਰ ਸਾਹਿਬ ਉਤੇ ਹਮਲੇ ਦੀ ਉਹਨਾਂ ਨੂੰ ਪਹਿਲੋਂ ਹੀ ਭਿਣਕ ਸੀ, ਇਹ ਗੱਲ

ਉਹ ਆਪਣੇ ਨਜ਼ਦੀਕੀਆਂ ਪਾਸ ਅਕਸਰ ਕਰਿਆ ਕਰਦੇ ਹਨ। ਉਪਰੋਕਤ ਚਿੱਠੀ ਦੇ ਪ੍ਰੈਸ ਵਿਚ ਆ ਜਾਣ ਉਪਰੰਤ ਉਹਨਾਂ ਇਹ ਤਵਾ ਲਾਉਂਣਾ ਸ਼ੁਰੂ ਕਰ ਦਿੱਤਾ ਕਿ ਸੰਤ ਜਰਨੈਲ ਸਿੰਘ ਖਾਲਸਾ ਨੇ ਇਹ ਚਿੱਠੀ ਉਹਨਾਂ ਨੂੰ ਮੋਕੇ ਦੇ ਅਕਾਲੀ ਦਲ ਦੇ ਪ੍ਰਧਾਨ ਲੋਂਗੋਵਾਲੀਏ ਸੰਤ ਤੋਂ ਆਪ ਆਖ ਕੇ ਦਵਾਈ ਸੀ ਪਰ ਜਿਹੜੇ ਸੱਜਣਾਂ ਨੇ ਟੈਲੀਵੀਜ਼ਨ ਉਤੇ ਸੀ. ਬੀ. ਐਸ. ਦਾ 'Sixty Minutes' ਪ੍ਰੋਗਰਾਮ ਦੇਖਿਆ ਹੈ, ਉਹ ਇਸ ਇੰਟਰਵਿਊ 'ਚ ਲੋਂਗੋਵਾਲੀਏ ਦੇ ਸ਼ਬਦਾਂ 'ਚੋਂ ਭਲੀ-ਭਾਂਤ ਸਮਝ ਸਕਦੇ ਹਨ ਕਿ ਇਹਨੀਂ ਦਿਨੀਂ ਤਾਂ ਸੰਤ ਭਿੰਡਰਾਂ ਤੇ ਲੋਂਗੋਵਾਲੀਏ ਸੰਤ ਦਾ ਮੂੰਹ-ਮੁਲਾਹਜਾ ਵੀ ਟੁੱਟ ਚੁੱਕਾ ਸੀ, ਦੂਜਾ ਸੰਤ ਜਰਨੈਲ ਸਿੰਘ ਵਰਗੇ ਅਸੂਲ-ਪ੍ਰਸਤ ਦਾ ਭੁੱਲਰ ਲਈ ਲੋਂਗੋਵਾਲੀਏ ਨੂੰ ਸਿਫਾਰਸ਼ਾਂ ਕਰਦੇ ਫਿਰਨਾ ਮੂਲੋਂ ਦਿਲ ਲੱਗਣ ਵਾਲੀ ਗੱਲ ਨਹੀਂ। ਜੇ ਜ: ਭੁੱਲਰ ਸੰਤ ਭਿੰਡਰਾਂ ਦੇ ਥੋੜੇ-ਬਹੁਤ ਵੀ ਨਜ਼ਦੀਕ ਸਨ ਤਾਂ ਲੋਂਗੋਵਾਲੀਏ ਦਾ ਜਨਾਬ ਨੂੰ ਚਿੱਠੀ ਦੇ ਕੇ ਹੱਥੀਂ ਵਿਦੇਸ਼ ਤੋਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜ: ਭੁੱਲਰ ਨੇ ਹੁਣ ਤੱਕ ਆਪਣੇ ਆਪ ਨੂੰ ਸੰਤ ਜਰਨੈਲ ਸਿੰਘ ਖਾਲਸਾ ਦੀ ਸੱਜੀ-ਬਾਂਹ ਦਰਸਾਣ ਦਾ ਵਿਅਰਥ ਯਤਨ ਕੀਤਾ ਹੈ ਪਰ ਸੰਤ ਜਰਨੈਲ ਸਿੰਘ ਦੀ ਖੱਬੀ-ਬਾਂਹ ਜਨਰਲ ਸੁਬੇਗ ਸਿੰਘ ਤਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਸਮੇਂ ਭਾਰਤੀ ਫੌਜਾਂ ਦੇ ਦੰਦ ਖੱਟੇ ਕਰਕੇ ਪੁਰਜ਼ਾ-ਪੁਰਜ਼ਾ ਹੋ ਸਕਦੀ ਹੈ ਪਰ ਜੇ ਕੋਈ ਅਖੱਤੀ ਸੱਜੀ-ਬਾਂਹ ਇਸ ਔਖੀ ਘੜੀ ਵਿਚ ਦੇਸ਼ੋਂ ਭੱਜ ਕੇ ਸਾਜ਼ਿਸ਼ ਅਧੀਨ ਲੁਕਦੀ ਹਫਦੀ ਹੈ ਤਾਂ ਇਹ ਬਾਂਹ ਸੰਤ ਜਰਨੈਲ ਸਿੰਘ ਖਾਲਸਾ ਦੀ ਨਹੀਂ ਯਕੀਨਨ ਲੋਂਗੋਵਾਲੀਏ ਸੰਤ ਦੀ ਹੈ, ਜਿਸ ਦੀ ਪ੍ਰਤੱਖ ਗਵਾਹੀ ਅੰਮ੍ਰਿਤਸਰ ਵਿਚ ਲੋਂਗੋਵਾਲ ਵਲੋਂ ਉਸ ਨੂੰ ਦਿੱਤਾ ਗਿਆ ਉਹ ਸਿਰੋਪਾ ਹੈ, ਜਿਸ ਵੱਲ ਆ: ਇੰ: ਸਿ. ਸ: ਫੈਡਰੇਸ਼ਨ ਦੀ ਚੋਣ ਵਾਲੇ ਸਮਾਗਮ ਦੀ ਵੀਡੀਓ-ਟੇਪ ਵਿਚ ਸ: ਭਰਪੂਰ ਸਿੰਘ ਬਲਬੀਰ ਨੇ ਸੰਕੇਤ ਕੀਤਾ ਹੈ। ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਇਸ ਵਿਚ ਰੱਤੀ ਮਾਤਰ ਵੀ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ 'ਕੌਮੀ-ਜਰਨੈਲ' ਜੀ ਲੋਂਗੋਵਾਲੀਏ ਵਲੋਂ ਆਪਣਾ ਪ੍ਰੋਗਰਾਮ ਦੇ ਕੇ ਹਮਲੇ ਤੋਂ ਪਹਿਲਾਂ ਬਾਹਰ ਕੱਢੇ ਗਏ ਸਨ ਪਰ ਹਮਲੇ ਉਪਰੰਤ ਵਿਦੇਸ਼ੀ-ਸਿੱਖਾਂ ਦੇ ਉਭਾਰ ਨੂੰ ਦੇਖਦਿਆਂ ਇਹਨਾਂ ਪੈਂਤਰਾ ਬਦਲ ਕੇ ਆਪਣੇ ਮੱਥੇ ਉਤੇ ਸੰਤ ਭਿੰਡਰਾਂ ਦਾ ਨਜ਼ਦੀਕੀ ਹੋਣ ਦਾ ਲੇਬਲ ਲਾ ਲਿਆ ਤੇ ਇੰਵ ਵਿਦੇਸ਼ੀ-ਸਿੱਖਾਂ ਦੇ ਜਜ਼ਬਾਤ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਹੋਇਆਂ ਲੀਡਰੀ ਨੂੰ ਹਥਿਆ ਕੇ ਸਿੱਖਾਂ ਦੇ ਉਭਾਰ ਨੂੰ ਤਹਿਸ-ਨਹਿਸ ਕਰਨ ਵਿਚ ਕੋਈ ਕਸਰ ਨਾ ਛੱਡੀ। ਇੰਵ ਇਹ ਕਦੇ ਵਿਦੇਸ਼ੀ-ਸਿੱਖਾਂ ਦੇ ਵਿਸ਼ਵਾਸ ਦੇ ਪਾਤਰ ਨਹੀਂ ਬਣ ਸਕੇ। ਅਜਿਹੀ ਸ਼ੱਕੀ ਪੁਜ਼ੀਸ਼ਨ ਵਾਲੇ ਲੀਡਰ ਦੀ ਮੌਜੂਦਗੀ ਕਿਸੇ ਸੰਸਥਾ ਨੂੰ ਕਿਹੜਾ ਲੁੱਲਰ ਲਾ ਸਕਦੀ ਹੈ ? ਕਿੰਨੇ ਕੁ ਲੋਕ ਉਸ ਸੰਸਥਾ ਨਾਲ ਜੁੜ ਸਕਦੇ ਹਨ ? ਤੇ ਉਸ ਵਿਚਲੇ ਕੁਝ ਸੁਹਿਰਦ ਲੋਕਾਂ ਦੇ ਯਤਨ ਕਿੰਨੇ ਕੁ ਕਾਰਾਗਰ ਸਾਬਤ ਹੋ ਸਕਦੇ ਹਨ? ਸਿੱਖ-ਸੰਗਤਾਂ ਵਿਚ ਜ: ਭੁੱਲਰ ਉਤੇ ਅਵਿਸ਼ਵਾਸ ਦੀ ਘੁਸਰ-ਮੁਸਰ ਉਦੋਂ ਤੋਂ ਹੀ ਚਲ ਰਹੀ ਹੈ, ਜਦੋਂ ਤੋਂ ਜਰਨੈਲ ਜੀ ਦੇ ਪੈਰ ਹੇਠ ਵਿਸ਼ਵ ਸਿੱਖ-ਸੰਸਥਾ ਦੀ ਜਨਰਲ-ਸਕੱਤਰੀ ਦਾ ਬਟੇਰਾ ਆਇਆ ਹੈ ! ਦਰਅਸਲ ਆਪਣੇ ਆਪ ਨੂੰ ਸੰਤ ਜਰਨੈਲ ਸਿੰਘ ਵਰਗੇ ਸੱਚੇ-ਸੱਚੇ ਮਹਾਨ ਪੁਰਖ ਦੀ ਸੱਜੀ ਬਾਂਹ ਕਹਿਣ ਵਾਲੇ ਜ: ਭੁੱਲਰ 'ਚੋਂ ਵਿਦੇਸ਼ੀ-ਸਿੱਖਾਂ ਨੂੰ ਸੱਚ ਦਾ ਨਹੀਂ, ਝੂਠ ਦਾ ਹੀ ਝਲਕਾਰਾ ਪਿਆ ਹੈ।

ਅੱਜ ਇਸ ਗੱਲ ਦਾ ਸਭ ਨੂੰ ਚਾਨਣ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਦੇ ਅਤਿ ਨਜ਼ਦੀਕੀ ਕਹਾਉਂਣ ਵਾਲੇ ਜ: ਭੁੱਲਰ ਨੇ 22 ਜੂਨ 1985 ਨੂੰ ਬਰਕਲੇ (ਕੈਲੇਫੋਰਨੀਆ) ਵਿਚ ਵਿਸ਼ਵ ਸਿੱਖ-ਸੰਸਥਾ (ਅਮਰੀਕਾ) ਦੀ ਚੋਣ ਵਾਲੇ ਦਿਨ ਹੀ ਸਵੇਰੇ ਅੰਮ੍ਰਿਤ ਪਾਨ ਕੀਤਾ ਹੈ। ਵਿਦੇਸ਼ ਵਿਚ ਆ ਕੇ ਉਹ ਇਸ ਖਾਸ ਦਿਨ ਗੁਰੂ ਵਾਲੇ ਬਣੇ ਹਨ, ਇਹ ਅਤਿਅੰਤ ਪ੍ਰਸੰਨਤਾ ਦੀ ਗੱਲ ਹੈ ਪਰ ਸਾਡੇ ਪਾਸ ਇਕ ਸੱਜਣ ਸ: ਜਗਜੀਤ ਸਿੰਘ ਰਾਠੌਰ ਹੋਰਾਂ ਦਾ ਖਤ ਪੁੱਜਾ ਹੈ (ਜਿਸ ਨੂੰ 'ਚਿੱਠੀ-ਚੀਰਾਂ' ਕਾਲਮ ਵਿਚ ਪੂਰੇ ਦਾ ਪੂਰਾ ਛਾਪਿਆ ਜਾ ਰਿਹਾ ਹੈ) ਇਸ ਖਤ ਵਿਚ ਜ: ਭੁੱਲਰ ਉਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਦੇ ਖਿਲਾਫ ਅਵਾ-ਤਵਾ ਕਹਿਣ ਦਾ ਸੰਗੀਨ ਦੋਸ਼ ਲਾਇਆ ਗਿਆ ਹੈ। ਭਾਵੇਂ ਇਹ ਸ਼ਬਦ ਉਹਨਾਂ ਉੱਵ ਆਖੇ ਹਨ ਜਾਂ ਕਿਸੇ ਪੁਸਤਕ ਦੇ ਹਵਾਲੇ ਨਾਲ ਖਤ-ਵਿਚਲੇ ਲਹਿਜ਼ੇ ਅਨੁਸਾਰ ਕਹੇ ਹਨ, ਇਸ ਦੀ ਤਵੱਕੋ ਕਿਸੇ ਸੁਲਝੇ ਮਨੁੱਖ ਤਾਂ ਕੀ, ਕਿਸੇ ਸਿਰ-ਫਿਰੇ ਤੋਂ ਵੀ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਿਨਾਂ ਇਕ ਵਿਸ਼ਵਾਸ, ਵਿਚ ਨਾ ਆਉਂਦੀ ਗੱਲ ਸੰਤ ਜਰਨੈਲ ਸਿੰਘ ਬਾਰੇ ਵੀ ਕਹੀ ਲਿਖੀ ਗਈ ਹੈ। ਜੇ ਇਹ ਸਭ ਸੱਚ ਹੈ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਅਜਿਹੇ

ਸ਼ਬਦ ਕਹਿਣ ਵਾਲਾ ਕੋਈ ਵਿਅਕਤੀ ਸਿੱਖੀ ਦੇ ਵਿਸ਼ਵਾਸ ਤੋਂ ਕੋਹਾਂ ਦੂਰ ਰਹਿਣ ਵਾਲਾ ਹੈ ਤੇ ਉਹ ਕਦੇ ਸੰਤ ਜਰਨੈਲ ਸਿੰਘ ਦਾ ਨਜ਼ਦੀਕੀ ਨਹੀਂ ਹੋ ਸਕਦਾ। ਜੇ ਦਸਮ ਪਿਤਾ ਸੰਬੰਧੀ ਕੋਈ ਵਿਅਕਤੀ ਗਲਤ ਸ਼ਬਦ ਪ੍ਰਯੋਗ ਕਰ ਸਕਦਾ ਹੈ ਤਾਂ ਉਹ ਕਦੇ ਵੀ ਸਿੱਖਾਂ ਦੇ ਸਤਿਕਾਰ ਜਾਂ ਧੰਨਤਾ ਦਾ ਪਾਤਰ ਨਹੀਂ ਹੋ ਸਕਦਾ। ਸੰਭਵ ਹੈ ਸਟਾਕਟਨ ਦੀ ਦੁਰਘਟਨਾ ਦੀ ਹਨੇਰੀ ਇਹਨਾਂ ਕਲਿਆਣਾਂ ਵਾਲੇ ਟਿੱਬਿਆਂ ਵਿਚੋਂ ਹੀ ਉਠੀ ਹੋਵੇ !

ਪੈਸੇ ਦੇ ਮਾਮਲੇ ਵਿਚ ਜ: ਭੁੱਲਰ ਦੀ ਪੁਜ਼ੀਸ਼ਨ ਹੋਰ ਵੀ ਅਵਿਸ਼ਵਾਸ ਵਾਲੀ ਹੈ। ਇਕ ਬੰਨੇ ਕੌਮ ਲਈ ਜਾਨਾਂ ਨਿਛਾਵਰ ਕਰਨ ਵਾਲੇ ਸ਼ਹੀਦਾਂ ਦਾ ਕਾਫਲਾ ਹੈ, ਜਿਹਨਾਂ ਦੀਆਂ ਵਿਧਵਾਵਾਂ ਤੇ ਯਤੀਮ ਬੱਚਿਆਂ ਲਈ ਕੌਮ-ਦਰਦੀ ਕਿਰਤੀ ਆਪਣੇ ਖੂੰਨ-ਪਸੀਨੇ ਦੀ ਕਮਾਈ 'ਚੋਂ ਢਿੱਡ ਬੰਨ ਕੇ ਤਿੱਲ-ਫੁੱਲ ਕੱਢ ਰਹੇ ਹਨ ਤੇ ਦੂਸਰੇ ਬੰਨੇ ਪੰਥ ਦੇ 'ਨਿਸ਼ਕਾਮ-ਸੇਵਕ' ਭੁੱਲਰ ਜੀ ਵਿਸ਼ਵ ਸਿੱਖ-ਸੰਸਥਾ ਦੇ 50,000 ਡਾਲਰ ਸਾਲਾਨਾ ਛੁੱਕ ਰਹੇ ਹਨ। ਅਸੀਂ ਡਾ: ਗੁਰਮੀਤ ਸਿੰਘ ਔਲਖ ਦੀ ਸ਼ਕਲ ਦੇ ਵੀ ਵਾਕਿਫ ਨਹੀਂ, ਉਹਨਾਂ ਦੀ ਸਾਡੇ ਵਲੋਂ ਵਕਾਲਤ ਕਰਨ ਦਾ ਕੋਈ ਸੁਆਲ ਹੀ ਨਹੀਂ ਉਠਦਾ ਪਰ ਅਸੀਂ ਪੜ੍ਹਿਆ ਤੇ ਸੁਣਿਆ ਹੈ ਕਿ ਉਹ ਆਪਣੀ ਇਕ ਚੰਗੀ-ਭਲੀ ਨੌਕਰੀ ਛੱਡ ਕੇ ਵਿਸ਼ਵ ਸਿੱਖ-ਸੰਸਥਾ ਦੇ ਦਾਇਰੇ ਵਿਚ ਲਿਆਂਦੇ ਗਏ ਹਨ।

ਉਹਨਾਂ ਸੰਬੰਧੀ ਭੁੱਲਰ ਜੀ ਵਲੋਂ ਵਿਸ਼ਵ ਸਿੱਖ-ਸੰਸਥਾ ਤੋਂ ਤਨਖਾਹ ਲੈਣ ਆਦਿ ਦੇ ਸੰਸਥਾ ਦੇ ਅੰਦਰੂਨੀ ਰਿਕਾਰਡ ਤੱਕ ਵੀ ਲੋਕਾਂ ਵਿਚ ਨਸ਼ਰ ਕੀਤੇ ਗਏ ਜਿਵੇਂ ਖੁਦ ਜ: ਭੁੱਲਰ ਸੰਸਥਾ ਦੀ ਕੋਈ ਪੂੰਨਾਰਥੀ ਸੇਵਾ ਕਰਦੇ ਹੋਣ ! ਆਪ ਉਹ ਸੰਸਥਾ ਅਥਵਾ ਕੌਮ ਦਾ ਪੈਸਾ ਪਹਿਲੇ ਦਿਨ ਤੋਂ ਹੀ ਬੇਕਿਰਕੀ ਨਾਲ ਮੁੱਛ ਰਹੇ ਹਨ (ਭਾਂਵੇਂ ਕਿ ਉਹਨਾਂ ਦੀ ਪੈਨਸ਼ਨ ਸੁੱਖ ਨਾਲ ਪਿੱਛੇ ਜਮ੍ਹਾਂ ਹੋ ਹੀ ਰਹੀ ਹੈ!) ਇਸ ਵਿਚ ਵੀ ਕੋਈ ਝੂਠ ਨਹੀਂ ਕਿ ਵਿਸ਼ਵ ਸਿੱਖ-ਸੰਸਥਾ ਦੀ ਕਾਇਮੀ ਤੋਂ ਮਗਰੋਂ ਸਾਲ ਤੋਂ ਉਪਰ ਸਮੇਂ ਤੱਕ ਇਸ ਸੰਸਥਾ ਦੇ ਖਜ਼ਾਨਚੀ ਦੀ ਨਿਯੁਕਤੀ ਨਹੀਂ ਸੀ ਕੀਤੀ ਗਈ। ਸਾਡੀ ਇਤਲਾਹ ਅਨੁਸਾਰ ਇਸ ਅਰਸੇ ਦੌਰਾਨ ਜਜ਼ਬਾਤ ਅਥਵਾ ਸ਼ਰਧਾ ਅਧੀਨ ਗੁਰ-ਸਿੱਖਾਂ ਵਲੋਂ ਦਿਲ ਖੋਹਲ ਕੇ ਮਾਇਆ ਸੰਸਥਾ ਲਈ ਦਾਨ ਕੀਤੀ ਗਈ। ਇਸ ਹੱਥੋ-ਹੱਥ ਫੜੀ ਜਾਂ ਉਘੁਰੀ ਮਾਇਆ ਦੀ ਜ਼ਿੰਮੇਵਾਰੀ ਬਤੌਰ ਸੰਸਥਾ ਦੇ ਜਨਰਲ-ਸਕੱਤਰ ਮਿ: ਭੁੱਲਰ ਸਿਰ ਸਭ ਤੋਂ ਵੱਧ ਆਉਂਦੀ ਹੈ ਪਰ ਇਸ ਸਮੇਂ ਸੰਸਥਾ ਨੂੰ ਪਹੁੰਚੀ ਮਾਇਆ ਦੀ ਸਿੱਖ-ਸੰਗਤਾਂ ਨੂੰ ਹੁਣ ਤੱਕ ਕੋਈ ਉਘ-ਸੁੱਘ ਨਹੀਂ ਮਿਲੀ ਕਿ ਇਹ ਮਾਇਆ ਕਿੰਨੀ ਸੀ ਤੇ ਕਿਸ ਖਾਤੇ ਵਿਚ ਗਈ। ਕੀ ਸਿੱਖ-ਸੰਗਤਾਂ ਭੇਡਾਂ-ਬੱਕਰੀਆਂ ਹਨ, ਜੋ ਆਪਣੀ ਉਨੰ ਲੁਹਾ ਕੇ ਅਜਿਹੇ ਆਜੜੀ-ਲੀਡਰਾਂ ਮਗਰ ਕਤਾਰਾਂ ਬੰਨ ਕੇ ਸਦਾ ਅਣਭੋਲ ਤੁਰੀਆਂ ਆਉਂਣਗੀਆਂ? ਸਿੱਖ-ਸੰਗਤਾਂ ਦੇ ਸਿਰਾਂ ਤੇ ਲੀਡਰੀ ਕਰਨ ਵਾਲੇ ਹਰ ਲੀਡਰ ਨੂੰ ਕੌਮ ਅੱਗੇ ਜਵਾਬ-ਦੇਹ ਹੋਣਾ ਚਾਹੀਦਾ ਹੈ ਤੇ ਹੋਣਾ ਹੀ ਪਵੇਗਾ !

ਸਾਨੂੰ ਇਲਮ ਹੈ ਕਿ ਵਿਸ਼ਵ ਸਿੱਖ-ਸੰਸਥਾ ਦੀ ਸਥਾਪਨਾ ਮਗਰੋਂ ਆਮ ਸਿੱਖ ਤੇ ਵਿਸ਼ੇਸ਼ਕਰ ਨੌਜਵਾਨ, ਸੰਸਥਾ ਦੇ ਪ੍ਰੋਗਰਾਮ ਬਾਰੇ ਬਾਰ-ਬਾਰ ਪੁੱਛਦੇ ਰਹੇ ਹਨ ਤੇ ਮਿ: ਭੁੱਲਰ ਸਦਾ ਇਹ ਕਹਿ ਕੇ ਖਹਿੜਾ ਛੁਡਾਉਂਦੇ ਰਹੇ ਕਿ 'ਅਸੀਂ ਅੰਦਰਖਾਤੇ ਸਭ ਕੁਝ ਕਰ ਰਹੇ ਹਾਂ, ਸਾਰੀਆਂ ਗੱਲਾਂ ਪਬਲੀਕਲੀ ਦੱਸਣ ਵਾਲੀਆਂ ਨਹੀਂ ਹੁੰਦੀਆਂ।' ਮੰਨਿਆਂ, ਸੰਸਥਾਵਾਂ ਦੇ ਕੁਝ ਭੇਦ ਹੁੰਦੇ ਹਨ ਪਰ ਕੀ ਕੋਈ ਸੰਸਥਾ ਜੋ ਕਿਸੇ ਕੌਮ ਦੀ ਬਿਹਤਰੀ ਲਈ ਬਣਾਈ ਗਈ ਹੋਵੇ, ਉਹ ਲੋਕਾਂ ਨੂੰ ਵਿਸ਼ਵਾਸ ਵਿਚ ਲਏ ਬਿਨਾਂ ਕੋਈ ਪ੍ਰੋਗਰਾਮ ਨੇਪਰੇ ਚੜ੍ਹਾ ਸਕਦੀ ਹੈ ? ਕਦਾਚਿਤ ਨਹੀਂ ! ਸਾਡੇ ਇਸ ਲੇਖ ਦਾ ਵਿਸ਼ਾ ਵਿਸ਼ਵ ਸਿੱਖ-ਸੰਸਥਾ ਦੀਆਂ ਪ੍ਰਾਪਤੀਆਂ / ਅਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨਾ ਨਹੀਂ, ਇਹ ਕਿਸੇ ਹੋਰਸ ਲੇਖ ਵਿਚ ਕਦੇ ਕਰਾਂਗੇ ਪਰ ਜ: ਭੁੱਲਰ ਜਿਸ 'ਅੰਦਰਖਾਤੇ ਵਾਲੇ ਪ੍ਰੋਗਰਾਮ' ਦਾ ਲਾਰਾ-ਲੱਪਾ ਅੱਡੀ-ਟੱਪਾ ਹੁਣ ਤੱਕ ਲਾਉਂਦੇ ਰਹੇ ਹਨ, ਉਸ ਦਾ ਕੋਈ ਨਤੀਜਾ ਹੁਣ ਤੀਕ ਸੰਗਤਾਂ ਦੇ ਸਾਹਮਣੇ ਕਿਉਂ ਨਹੀਂ ਆਇਆ? ਜੇ ਉਹ ਬੁੱਕਲ ਵਿਚ ਕੋਈ ਭੇਲੀ ਭੰਨ ਰਹੇ ਹਨ ਤਾਂ ਉਡੀਕਦੀਆਂ ਸੰਗਤਾਂ ਦਾ ਅਵਿਸ਼ਵਾਸ ਉਹਨਾਂ ਤੇ ਵਧਣ ਵਿਚ ਕਸੂਰ ਉਹਨਾਂ ਦਾ ਆਪਣਾ ਹੀ ਹੈ !

ਸਾਡੇ ਪਾਸ ਅਜਿਹੀਆਂ ਇਤਲਾਹਾਂ ਵੀ ਹਨ ਕਿ ਜ: ਭੁੱਲਰ ਕਿੰਨੇ ਮੌਕਿਆਂ ਤੇ ਜ਼ਾਹਰਾ ਸਿੱਖ-ਕਾਜ ਅਤੇ ਸਿੱਖ-ਸੰਘਰਸ਼ ਕਰਨ ਵਾਲਿਆਂ ਦੇ ਵਿਰੁੱਧ ਭੁਗਤੇ ਹਨ, ਸਿੱਖ-ਮੰਗਾਂ ਲਈ ਮੁਜ਼ਾਹਰੇ ਕਰਨ ਦੀ ਕਮਾਨ ਛੱਡ ਕੇ ਭੱਜੇ ਹਨ। ਅਜਿਹੇ ਕਿਰਦਾਰ ਸਦਕਾ ਕੀ ਫਿਰ ਉਹ ਵਿਦੇਸ਼ੀ-ਸਿੱਖਾਂ ਦੀਆਂ ਪਲਕਾਂ ਤੇ ਬੈਠਣ ਦੇ ਅਧਿਕਾਰੀ ਹੋਣਾ ਲੋਚਦੇ ਹਨ ?

ਸਾਨੂੰ ਪੱਕੀ ਤਰਾਂ ਪਤਾ ਹੈ ਇਕ ਬੰਨੇ ਭਾਰਤ ਦੀਆਂ ਅਖ਼ਬਾਰਾਂ ਵਿਚ ਜ: ਭੁੱਲਰ ਨੂੰ ਵਿਦੇਸ਼ੀ-ਸਿੱਖਾਂ ਦਾ 'ਹਊਆ ਲੀਡਰ' ਦਰਸਾ ਦੇ ਕਾਲਮਾਂ ਦੇ ਕਾਲਮ ਕਾਲੇ ਕੀਤੇ ਜਾ ਰਹੇ ਹਨ ਕਿ ਉਹਨਾਂ ਵਿਦੇਸ਼ਾਂ ਵਿਚ ਸਿੱਖਾਂ ਨੂੰ ਇਕੱਠੇ ਕਰ ਕੇ ਸਰਕਾਰ ਨੂੰ ਵਖਤ ਪਾ ਕੇ ਖ਼ਤਰਾ ਖੜ੍ਹਾ ਕਰ ਦਿੱਤਾ ਹੈ ਤੇ ਦੂਸਰੇ ਪਾਸੇ ਇਕ ਆਮ ਸਿੱਖ ਨੂੰ ਭਾਰਤ ਜਾਣ ਵਿਚ ਸੈਅ ਦੁਸ਼ਵਾਰੀਆਂ-ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਪਰ ਮਿਸਿਜ਼ ਭੁੱਲਰ ਥੋੜ੍ਹਾ ਟਿਕ-ਟਿਕਾ ਹੁੰਦੇ ਹੀ ਰਾਜ਼ੀ-ਖੁਸ਼ੀ ਪੰਜਾਬ ਪਹੁੰਚ ਚੁੱਕੇ ਹਨ। ਜ: ਭੁੱਲਰ ਵੀ ਕੁਝ ਦੇਰ ਪਹਿਲਾਂ ਤੋਂ ਫੌਜੀ ਯੁੱਧ-ਨੀਤੀ ਵਰਤ ਕੇ 'ਰੀਟਰੀਟ' ਕਰ ਅਥਵਾ ਪਿੱਛੇ ਮੁੜ ਰਹੇ ਹਨ। ਪਹਿਲਾਂ ਉਹਨਾਂ ਕਹਿਣਾ ਸ਼ੁਰੂ ਕੀਤਾ ਕਿ ਮੈਂ ਤਾਂ ਇਹ ਆਰਗੇਨਾਈਜ਼ੇਸ਼ਨ ਖੜ੍ਹੀ ਕਰਨੀ ਸੀ, ਹੁਣ ਮੇਰਾ ਕੰਮ ਖਤਮ ਹੈ। ਦੂਸਰੇ ਪੜਾਅ ਤੇ ਜਨਰਲ-ਸਕੱਤਰ ਦੀਆਂ ਕੁਝ ਸ਼ਕਤੀਆਂ ਗਵਰਨਿੰਗ-ਕੌਂਸਲ ਦੇ ਗਲੇ ਪਾ ਕੇ ਆਪਣਾ ਖਹਿੜਾ ਛੁਡਾਉਂਣ ਲਈ ਰਾਹ ਤਿਆਰ ਕਰ ਲਿਆ (ਭਾਂਵੇਂ ਕਈ ਸੱਜਣ ਇਸ ਨਾਲ ਬਤੇ ਨਿਹਾਲ ਹੋਏ ਹਨ!) ਤੇ ਆਖਰੀ ਪੜਾਅ ਤੇ ਹੁਣ ਲੁਕਣ-ਮੀਟੀ ਖੇਡਣ ਦੀ ਅਵੱਸਥਾ ਅਧੀਨ ਸੁਣਿਆ ਹੈ ਉਹਨਾਂ ਦੋ ਕੁ ਮਹੀਨੇ ਪਹਿਲਾਂ ਆਪਣਾ ਅਸਤੀਫਾ ਵੀ ਦੇ ਦਿੱਤਾ ਹੈ, ਜੋ ਫਿਲਹਾਲ ਵਿਸ਼ਵ ਸਿੱਖ-ਸੰਸਥਾ (ਅੰਤਰਰਾਸ਼ਟਰੀ) ਦੇ ਪ੍ਰਧਾਨ ਸ: ਦੀਦਾਰ ਸਿੰਘ ਨੇ ਅੰਦਰਲੀ ਜੇਬ ਵਿਚ ਪਾਇਆ ਹੋਇਆ ਹੈ। ਇਹ ਆਗਾਮੀ ਦਿਨ ਹੀ ਦੱਸਣਗੇ ਕਿ ਉਹ ਵਿਦੇਸ਼ੀ-ਸਿੱਖਾਂ ਦੀ ਸੇਵਾ ਕਰਕੇ ਥੱਕੇ-ਭੱਜੇ ਜਰਨੈਲ ਜੀ ਦੀ ਢਿੱਲੀ-ਮੱਠੀ ਸਿਹਤ ਨੂੰ ਮੱਦੇ-ਨਜ਼ਰ ਰੱਖਦਿਆਂ ਹੋਇਆਂ ਉਹਨਾਂ ਨੂੰ ਰਿਟਾਇਰਮੈਂਟ ਦੇ ਕੇ, ਦੇਸ਼ ਪਹੁੰਚਾ ਕੇ ਹੁਣ ਉਥੇ ਬੈਠੇ ਸਿੱਖਾਂ ਦੀ ਟਹਿਲ-ਸੇਵਾ ਲਈ ਅਵਸਰ ਪ੍ਰਦਾਨ ਕਰਨਗੇ ਜਾਂ ਫਿਰ ਅਕਾਲੀ-ਲੀਡਰਾਂ ਵਾਂਗ ਉਹਨਾਂ ਦੀ ਅਸਤੀਫਾ ਮਨਜ਼ੂਰ ਨਾ ਕਰਕੇ ਵਿਸ਼ਵ ਸਿੱਖ-ਸੰਸਥਾ ਦਾ ਰਹਿੰਦਾ-ਖੂੰਹਦਾ ਕਾਰਜ ਵੀ ਉਹਨਾਂ ਤੋਂ ਪੂਰਾ ਕਰਵਾਉਂਣਗੇ!

ਜ: ਭੁੱਲਰ ਨੂੰ ਉਹਨਾਂ ਦੀਆਂ ਕੌਮ ਪ੍ਰਤੀ 'ਅਦੁੱਤੀ ਸੇਵਾਵਾਂ' ਬਦਲੇ ਪਿੱਛੇ ਜਿਹੇ ਸੋਨੇ ਦੇ ਤਗ਼ਮੇ (ਤਮਗੇ) ਨਾਲ ਵੀ ਨਿਵਾਜ਼ਿਆ ਗਿਆ ਹੈ ਪਰ ਅਫਸੋਸ ਕਿ ਅਸੀਂ ਭੁੱਲਰ ਜੀ ਨੂੰ ਇਸ ਤਮਗੇ ਲਈ ਵੱਧ ਚੁੜ ਕੇ ਮੁਬਾਰਕਬਾਦ ਨਹੀਂ ਦੇ ਸਕਦੇ। ਉਂਵ ਉਹਨਾਂ ਦੇ ਗਲ ਵਿਚ ਭਾਂਵੇਂ ਦੋ ਤੋਲੇ ਵੱਧ ਦਾ ਤਮਗਾ ਵੀ ਪਾ ਦਿੱਤਾ ਜਾਂਦਾ ਤਾਂ ਸਾਡੇ ਕੰਨੋਂ ਕੋਈ ਮੈਲ ਨਹੀਂ ਸੀ ਜਾਣੀ ਪਰ ਉਪਰ ਲਿਖੇ ਸਾਰੇ ਤੱਥਾਂ ਦੀ ਰੌਸ਼ਨੀ ਵਿਚ ਜੇ ਮਿ: ਭੁੱਲਰ ਦੀ ਕੁਰਬਾਨੀ ਜਾਨ ਤਲੀ ਤੇ ਧਰਨ ਵਾਲੇ ਪ੍ਰਵਾਨਿਆਂ ਨਾਲੋਂ ਹਜ਼ਾਰਵਾਂ ਹਿੱਸਾ ਵੀ ਨਹੀਂ ਤਾਂ ਇਹ ਤਮਗਾ ਲੈਣ ਤੇ ਦੇਣ ਵਾਲੀਆਂ ਦੋਵੇਂ ਧਿਰਾਂ ਤੋਂ ਕੌਮ ਕਿਵੇਂ ਵੀ ਬਲਿਹਾਰੇ ਨਹੀਂ ਜਾ ਸਕਦੀ !

ਗੁਰਦੁਆਰਾ ਸਾਹਿਬ ਸਟਾਕਟਨ ਦੀ ਕਮੇਟੀ ਵਲੋਂ ਵੀ ਭੁੱਲਰ ਜੀ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ ਹੈ। ਇਸ ਸੰਬੰਧੀ ਅਸੀਂ ਅਗਲੇ ਅੰਕ 'ਚ ਪਾਠਕਾਂ ਨੂੰ ਮੁਖਾਤਿਬ ਹੋਵਾਂਗੇ।

ਮਈ, 1985 ਦੇ, W.S.O. ਦੀ ਅੰਦਰੂਨੀ ਲਿਖਾ-ਪੜ੍ਹੀ ਦੇ ਇਹ ਦੋ ਖ਼ਤ ਮਿ: ਭੁੱਲਰ ਦੀ ਸੰਸਥਾ ਦੇ ਸਕੱਤਰ-ਜਨਰਲ ਵਜੋਂ ਆਪਣੇ ਫਰਜ਼ਾਂ ਤੋਂ ਕੋਤਾਹੀ ਅਤੇ ਪੈਸੇ ਸਬੰਧੀ ਪੁਜ਼ੀਸ਼ਨ ਦੇ ਸਾਖਸ਼ਾਤ ਸਬੂਤ ਹਨ। ਇਹਨਾਂ ਦੇ ਮਿ: ਭੁੱਲਰ ਵਲੋਂ ਕੀ ਉਤਰ ਆਏ ? ਇਹ ਤਾਂ W.S.O. ਨੂੰ ਹੀ ਪਤਾ ਹੈ। ਪਰ ਸਿੱਖ-ਸੰਗਤਾਂ ਇਹਨਾਂ ਦੇ ਜਬਾਬ ਦੀਆਂ ਅਜੇ ਵੀ ਤਲਬਗਾਰ ਹਨ।

(ਕਾਪੀਆਂ ਦੋਵੇਂ ਖ਼ਤ, ਅਗਲੇ ਸਫ਼ੇ ਤੇ !)

World Sikh Organization

1420 Sixteenth Street, N.W.
Washington, D.C. 20036 U.S.A.
(202) 387-5276

May 18,1985

Mr.J.S.Bhullar
Secretary General
World Sikh Organization
1420 Sixteenth Street,N.W.
Washington,D.C. 20036

Ref: Press release on alleged conspiracy

Dear Mr. Bhullar,

Your above Press release brought to my notice has come as a big surprise to me.

In the Governing Council meeting held at Chicago, you were earnestly requested to take full charge of the planning and execution of protests during the forthcoming visit of Rajiv Gandhi, but you declined and I had to step in to assume this responsibility.

In view of this decision, your Press Release is a direct insult to the office of the President.This Press release not only has created confusion, but also has misrepresented basic truths. I hold you fully accountable and resposible for this irresponsible act.

Very truly,

Didar Singh Bains
(Didar Singh Bains)
President

World Sikh Organization

1420 Sixteenth Street, N.W.
Washington, D.C. 20036 U.S.A.
(202) 387-5276

The Secretary General
World Sikh Organization
1420 Sixteenth Street,N.W.
Washington,D.C.

May 18,1985

Ref: Your letter of May 17,1985 to members of Governing Council regarding acute financial position

Dear Mr. Bhullar,

You had been repeatedly requested for several months to render accounts of W.S.O. since its inception to date, but you have failed to do so. This wilful negligence on your part has caused complete loss of confidence in Sikhs and therefore, the funds are not forthcoming.

We are right now faced with two most important projects needing financial resources. Your lack of foresight and outright negligence in following prudent accounting and financial practices have put us in this tight financial spot. This situation will sure hurt the cause of The Sikh Nation.

You are hereby directed to stop spending any money or writing any checks, and handover the bank accounts and books to S.Surinder Singh with immediate effect: and render full accounts within 15 days.

Very truly,

Didar Singh Bains
(Didar Singh Bains)
President

'ਜਾਗੋ-ਇੰਟਰਨੈਸ਼ਨਲ'
(ਮਾਰਚ, 1986)

ਮਾਮਲਾ ਗੜਬੜ ਹੈ !!

(ਦੋ)

ਸਟਾਕਟਨ ਦੀ ਧਰਤੀ ਨੂੰ ਗਦਰੀ-ਬਾਬਿਆਂ ਦੀ ਚਰਨ-ਛੂਹ ਪ੍ਰਾਪਤ ਹੈ। ਇਸ ਦੀ ਹਿੱਕੜੀ ਉਤੇ ਉਹਨਾਂ ਦੇ ਕਰ-ਕਮਲਾਂ ਦੁਆਰਾ ਉਸਰਿਆ ਗੁਰਦੁਆਰਾ ਸਾਹਿਬ ਸਿੱਖ-ਸੰਸਾਰ ਲਈ ਇਕ ਰੌਸ਼ਨ-ਮੀਨਾਰ ਹੈ ਜੋ ਸੁਤੰਤਰਤਾ ਲਈ ਸੰਘਰਸ਼ ਦਾ ਪ੍ਰਤੀਕ ਹੈ। ਕੁਰਬਾਨੀ ਤੇ ਤਿਆਗ ਦਾ ਪੈਗਾਮ-ਦਾਤਾ ਹੈ ! ਇਸ ਇਤਿਹਾਸਕ ਗੁਰਦੁਆਰੇ ਵਿਚ ਹੀ 3 ਦਸੰਬਰ, 1985 ਨੂੰ ਮੇ: ਜ: ਭੁੱਲਰ ਦੀ ਦਸਤਾਰ-ਉਤਾਰੀ ਦਾ ਦੁਖਾਂਤਿਕ-ਨਾਟਕ ਖੇਡਿਆ ਗਿਆ।

ਅਸੀਂ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ-ਕਮੇਟੀ ਦੇ ਪ੍ਰਸ਼ੰਸਕਾਂ ਦੀ ਕਤਾਰ ਵਿਚ ਖੜਦੇ ਹਾਂ। ਇਸ ਲਈ ਨਹੀਂ ਕਿ ਇਸ ਵਿਚ ਸਾਡੇ ਕਈ ਮਿੱਤਰ ਸ਼ਾਮਲ ਹਨ ਸਗੋਂ ਇਸ ਲਈ ਕਿ ਇਸ ਕਮੇਟੀ ਦੀ ਕਾਰਕਰਦਗੀ ਵਿਚ ਸਾਨੂੰ ਕਈ ਖੂਬਸੂਰਤੀਆਂ ਦੇ ਦਰਸ਼ਨ-ਦੀਦਾਰੇ ਹੁੰਦੇ ਰਹੇ ਹਨ। ਮਸਲਨ ਇਸ ਦੀ ਚੋਣ ਦਾ ਸਰਬ-ਸੰਮਤੀ ਨਾਲ ਹੋਣਾ ਤੇ ਹਰਿਮੰਦਰ-ਹਮਲੇ ਉਪਰੰਤ ਕਈ ਹੋਰਨਾਂ ਗੁਰੂ-ਘਰਾਂ ਤੋਂ ਉਲਟ ਇਸ ਦੀ ਸਟੇਜ ਤੋਂ ਸਿੱਖ-ਸੰਘਰਸ਼ ਸੰਬੰਧੀ ਬੋਲਣ ਉਤੇ ਪ੍ਰਬੰਧਕਾਂ ਵਲੋਂ ਕਿਸੇ ਤਰਾਂ ਦੀਆਂ ਪਾਬੰਦੀਆਂ ਦਾ ਆਇਦ ਨਾ ਕਰਨਾ ... ਆਦਿ।

3 ਦਸੰਬਰ ਦੀ ਉਪਰੋਕਤ ਘਟਨਾ ਉਪਰੰਤ ਇਸ ਕਮੇਟੀ ਨਾਲ ਸੰਬੰਧਤ ਸਾਡੇ ਕੁਝ ਮਿੱਤਰਾਂ ਨੇ ਆਪਣੀ ਇਸ ਇੱਛਾ ਦਾ ਇਜਹਾਰ ਸਾਡੇ ਪਾਸੇ ਕੀਤਾ ਸੀ ਕਿ ਅਸੀਂ ਇਸ ਘਟਨਾ ਸੰਬੰਧੀ ਆਪਣੇ ਨਿਰਪੱਖ ਵਿਚਾਰ ਪਾਠਕਾਂ-ਸੰਗਤਾਂ ਦੇ ਸਨਮੁੱਖ ਰੱਖੀਏ। ਉਹਨਾਂ ਦੀ ਇਸੇ ਇੱਛਾ ਅਥਵਾ ਮਸ਼ਵਰੇ ਤੇ ਅਮਲ ਕਰਦਿਆਂ ਹੋਇਆ ਅਸੀਂ ਪਿਛਲੇ ਅੰਕ ਤੋਂ ਆਪਣੇ ਵਿਚਾਰ ਪਾਠਕਾਂ ਨਾਲ ਇਸ ਲੇਖ-ਲੜੀ ਰਾਹੀਂ ਸਾਂਝੇ ਕਰ ਰਹੇ ਹਾਂ ਤੇ ਇਸੇ ਪ੍ਰਸੰਗ ਵਿਚ ਅੱਜ ਉਹਨਾਂ ਦੀ ਆਪਣੀ ਵਾਰੀ ਹੈ ! ਜੇ ਇਸ ਸੰਬੰਧ ਵਿਚ ਖਰੀਆਂ-ਖਰੀਆਂ ਲਿਖਦਿਆਂ ਕੋਈ ਸ਼ਬਦ-ਸਤਰ ਉਹਨਾਂ ਦੇ ਗੋਡੇ-ਗਿੱਟੇ ਲੱਗੇ ਤਾਂ ਅਸੀਂ ਉਹਨਾਂ ਤੋਂ ਇਸ ਲਈ ਪੇਸ਼ਗੀ ਖਿਮਾ ਮੰਗਦੇ ਹਾਂ। ਉਂਵ ਸਾਨੂੰ ਚਾਨਣ ਹੈ ਕਿ ਇਹ ਸਤਰਾਂ ਲਿਖ ਕੇ ਸ਼ਾਇਦ ਅਸੀਂ ਆਪਣੇ ਇਹਨਾਂ ਮਿੱਤਰਾਂ ਦੀ ਕੁਝ ਨਰਾਜਗੀ ਵਿਹਾਝ ਰਹੇ ਹੋਵਾਂਗੇ ਪਰ ਪੰਥਕ-ਮੁਫਾਦ ਲਈ ਸਾਨੂੰ ਇਸ ਦੀ ਕੋਈ ਚਿੰਤਾ ਨਹੀਂ ਕਿਉਂਕਿ ਇਕ ਪੱਤਰਕਾਰ ਵਜੋਂ ਅਸੀਂ ਇਸ ਕਲਮ ਨਾਲ ਸੱਚ ਲਿਖਣ ਦੇ ਧਰਮ ਨੂੰ ਨਿਭਾਉਂਣਾ ਹੈ ਨਾ ਕਿ ਕਿਸੇ ਲੀਡਰੀ-ਵਹੁਟੀ ਨੂੰ ਲੱਭਣ-ਪ੍ਰਨਾਣ ਲਈ ਇਸ ਨਾਲ ਮੈਟਰੀਮੋਨੀਅਲ ਲਿਖਣੇ ਹਨ !

ਅਸਲ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਪਾਠਕਾਂ ਦੇ ਗਿਆਤ ਲਈ ਲਗਦੇ ਹੱਥ ਇਹ ਗੱਲ ਵੀ ਦੱਸ ਦੇਈਏ ਕਿ 1984 ਦੇ ਅਕਾਲ ਤਖਤ ਦੇ ਘੱਲੂਘਾਰੇ ਉਪਰੰਤ ਸਟਾਕਟਨ ਦੇ ਇਸ ਅਸਥਾਨ ਨਾਲ ਸੰਬੰਧਤ ਕਮੇਟੀ ਵਾਲੇ ਇਹ ਸੱਜਣ ਕਾਫੀ ਸਰਗਰਮ ਰਹੇ ਹਨ। ਇਹਨਾਂ ਨੇ ਆਪਣੇ ਪੈਸੇ, ਸਮੇਂ, ਸਮਰੱਥਾ ਅਥਵਾ ਤਨ ਮਨ ਧਨ ਨਾਲ ਸਿੱਖ-ਸੰਘਰਸ਼ ਵਿਚ ਯਥਾ-ਯੋਗ ਹੀ ਨਹੀਂ ਸਲਾਘਾ-ਯੋਗ ਹਿੱਸਾ ਪਾਇਆ ਹੈ। ਗੁਰਦੁਆਰਾ ਕਮੇਟੀ ਦੇ ਨਾਲ ਨਾਲ ਇਹਨਾਂ 'ਚੋਂ ਕੁਝ ਸੱਜਣ W.S.O. ਦੇ ਸਰਗਰਮ ਮੈਂਬਰ ਵੀ ਹਨ ਤੇ ਇਹਨਾਂ ਇਥੋਂ ਇਕ ਅਖਬਾਰ ਕੱਢਣ ਦਾ ਉਦਮ ਵੀ ਕੀਤਾ ਹੈ।

ਹਾਂ ! ਉਪਰ ਗੱਲ ਅਸੀਂ ਇਸ ਕਮੇਟੀ ਦੇ ਜਿਸ ਖੂਬਸੂਰਤ ਚਿਹਰੇ ਦੀ ਕਰ ਰਹੇ ਸਾਂ, ਉਸ ਉਤੇ ਛੰਭ-ਸ਼ਾਹੀਆਂ ਦੇ ਕੁਝ ਨਿਸ਼ਾਨ ਪਿਛਲੇ ਸਾਲ ਤੋਂ ਹੀ ਦਿਸਣੇ ਪ੍ਰਤੱਖ ਹੋ ਗਏ ਸਨ। ਅਫਸੋਸ ਕਿ ਜ: ਭੁੱਲਰ ਦੀ ਦਸਤਾਰ ਉਤਾਰੇ ਜਾਣ ਦੀ ਘਟਨਾ ਦੇ ਧਮਾਕੇ ਨਾਲ ਇਸ ਦਾ ਚਿਹਰਾ-ਮੁਹਰਾ ਮੂਲੋਂ ਹੀ ਧੁਆਂਖਿਆ ਗਿਆ ਹੈ। ਜਿਸ ਅਧੀਨ ਕਮੇਟੀ ਵਿਚ ਸ਼ਾਮਲ ਸਾਡੇ ਮਿੱਤਰਾਂ ਨੇ ਇਸ ਮਸਲੇ ਨੂੰ ਆਪਣੇ ਵੱਕਾਰ ਦਾ ਮਸਲਾ ਬਣਾ ਕੇ ਸਿੱਖ-ਪ੍ਰੰਪਰਾਵਾਂ ਦੇ ਪਾੜਛੇ ਹੀ ਉਡਾ ਘੱਤੇ ਹਨ, ਆਪਣੇ ਸਿਆਸੀ-ਵੱਕਾਰ ਨੂੰ ਵੀ ਸੱਟ ਮਾਰੀ ਹੈ ਤੇ ਇਥੋਂ ਤੱਕ ਕਿ ਵਿਅਕਤੀਗਤ-ਤੌਹੀਨ ਤੱਕ ਨੂੰ ਵੀ ਜੀ-ਆਇਆਂ ਆਖ ਲਿਆ ਹੈ।

ਅਸੀਂ ਇਹ ਗੱਲ ਮੰਨ ਕੇ ਅੱਗੇ ਤੁਰਦੇ ਹਾਂ ਕਿ ਜ: ਭੁੱਲਰ ਦੀ ਦਸਤਾਰ ਲਾਹੇ ਜਾਣਾ ਭਾਵੇਂ :-

"ਤੰਗ ਆਏ ਹੋਏ ਫੁੱਲ ਤੇ ਸਤਾਈਆਂ ਹੋਈਆਂ ਕਲੀਆਂ
ਮਾਲੀ ਦੇ ਲਾਹ ਦੇਣਗੇ ਦਸਤਾਰ ਕਿਸੇ ਦਿਨ !"

ਦਾ ਨਤੀਜਾ ਸੀ ਜਾਂ ਕਿਸੇ ਸਿਆਸੀ-ਸ਼ਤਰੰਜ ਦੀ ਚਾਲ, ਇਹ ਘਟਨਾ ਨਿਖੇਧੀਜਨਕ ਸੀ ਕਿਉਂਕਿ ਗੁਰੂ ਕੀ ਬਖਸ਼ਿਸ਼ ਦਸਤਾਰ ਸਾਡੇ ਸਤਿਕਾਰ ਦੀ ਪਾਤਰ ਹੈ ਤੇ ਇਸ ਸਤਿਕਾਰ ਨੂੰ ਸੱਟ ਕਦਾਚਿਤ ਨਹੀਂ ਲੱਗਣੀ ਚਾਹੀਦੀ। ਅਸੀਂ ਇਹ ਘਟਨਾ ਵਰਤਾਉਣ ਵਾਲੇ ਨੌਜਵਾਨਾਂ ਦੀ ਬਚਗਾਨਾ ਹਰਕਤ ਨੂੰ ਪਹਿਲੋਂ ਹੀ ਬੁਰਾ ਕਹਿ ਚੁੱਕੇ ਹਾਂ ਪਰ ਸਾਡੇ ਪਾਸ ਇਸ ਘਟਨਾ ਸਮੇਂ ਹਾਜ਼ਰ ਚਸ਼ਮਦੀਦ ਗਵਾਹਾਂ ਦੇ ਬਿਆਨ ਪੁੱਜੇ ਹਨ ਕਿ ਜਦੋਂ ਜ: ਭੁੱਲਰ ਦੀ ਕਾਲੀ ਦਸਤਾਰ ਲਾਹੀ ਗਈ ਤਾਂ ਉਸੇ ਸਮੇਂ ਗੁ: ਕਮੇਟੀ ਤਥਾ ਵਰਲਡ ਸਿੱਖ-ਆਰਗੇਨਾਈਜ਼ੇਸ਼ਨ 'ਚ ਸ਼ਾਮਲ ਸਾਡੇ ਇਕ ਮਿੱਤਰ ਨੇ ਝਟਪਟ ਆਪਣੀ ਗੁਲਾਬੀ-ਗਾਜਰੀ ਦਸਤਾਰ ਆਪਣੇ ਸਿਰੋਂ ਉਤਾਰ ਕੇ ਸਤਿਕਾਰ ਵਜੋਂ ਜ: ਭੁੱਲਰ ਦੇ ਸਿਰ ਉਤੇ ਰੱਖ ਦਿੱਤੀ। ਪਰ ਜਿਸ ਕਦਰ ਇਸ ਦਸਤਾਰ ਸੰਬੰਧੀ ਕੁਰੱਖਤ ਲਫਜ਼ ਵਰਤ ਕੇ ਜ: ਭੁੱਲਰ ਨੇ ਇਸ ਨੂੰ ਆਪਣੇ ਸਿਰੋਂ ਉਤਾਰ ਕੇ ਇਕ ਵੇਰ ਥੱਲੇ ਵਗਾਹ ਮਾਰਿਆ ਇਸ ਵਿਚੋਂ ਨਾ ਤਾਂ ਸਾਨੂੰ ਜ: ਭੁੱਲਰ ਦੀ ਸੁਲਝੀ ਸ਼ਖਸੀਅਤ ਦਾ ਕੋਈ ਜਲਵਾ ਦਿਸਿਆ ਹੈ ਤੇ ਨਾ ਹੀ ਉਸ ਸ਼ਰੀਫ ਸੱਜਣ ਜਾਂ ਉਸ ਦੀ ਦਸਤਾਰ ਦੇ ਸਤਿਕਾਰ ਦੀ ਝਲਕ ! ਜੇ ਗੈਰ-ਜ਼ੁੰਮੇਵਾਰ ਬੱਚਿਆਂ ਦੀ ਹਰਕਤ ਨੂੰ ਅਸੀਂ ਬੁਰਾ ਆਖਦੇ ਹਾਂ ਤਾਂ ਜ: ਭੁੱਲਰ ਵਰਗੇ ਅੰਮ੍ਰਿਤਧਾਰੀ ਤੇ ਜ਼ੁੰਮੇਵਾਰ ਸਦੀਦੇ ਬਜ਼ੁਰਗ ਨੂੰ ਦਸਤਾਰ ਦਾ ਉਪਰ ਲਿਖਿਆ ਸਤਿਕਾਰ ਕਰਨ ਲਈ ਅਸੀਂ ਸਵਾ-ਵਧਾਈਆਂ ਦੇਈਏ ? ਹਰਗਿਜ਼ ਨਹੀਂ !

ਸਾਡਾ ਵਿਸ਼ਵਾਸ ਹੈ ਕਿ ਇਸ ਮੰਦਭਾਗੀ ਘਟਨਾ ਉਪਰੰਤ ਵੀ ਇਸ ਮਸਲੇ ਨੂੰ ਵੱਕਾਰ ਦਾ ਸੁਆਲ ਨਾ ਬਣਾ ਕੇ ਸੰਜੀਦਾ ਢੰਗ ਨਾਲ ਸੁਲਝਾਇਆ ਜਾ ਸਕਦਾ ਸੀ ਪਰ ਜਿਸ ਕਦਰ ਆਪ ਹੀ ਇਸ ਨੂੰ ਝਟਾਪਟ ਛਾਪ ਕੇ, ਅਖ਼ਬਾਰ ਦੇ ਘੋੜੇ ਦੇ ਚੜ੍ਹਾ ਕੇ ਹਵਾ ਵਿਚ ਉਛਾਲਿਆ ਗਿਆ ਤੇ ਬੰਦ-ਮੁੱਠੀ ਨੂੰ ਖੋਹਲ ਕੇ ਸਿਆਸੀ-ਫਿਜ਼ਾ ਵਿਚ ਤਾੜੀ ਮਾਰ ਦਿੱਤੀ ਗਈ, ਇਹ ਗੱਲ ਵਾਸਤਵ ਵਿਚ ਨਾ ਕਮੇਟੀ ਦੇ ਹੱਕ ਵਿਚ ਸੀ, ਨਾ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੇ ਹੱਕ ਵਿਚ ਤੇ ਨਾ ਸਮੁੱਚੀ ਸਿੱਖ-ਕੌਮ ਦੇ ਹੱਕ ਵਿਚ !

ਸਾਡੇ ਤੀਕਰ ਘਟਨਾ ਉਪਰੰਤ ਦੀਆਂ ਦੋ ਗੈਰ-ਤਸਦੀਕ-ਸ਼ੁਦਾ ਇਤਲਾਹਾਂ ਵੀ ਪਹੁੰਚੀਆਂ ਹਨ। ਪਹਿਲੀ ਇਹ ਕਿ ਇਸ ਘਟਨਾ ਮਗਰੋਂ ਘਟਨਾ ਨਾਲ ਸੰਬੰਧਤ ਨੌਜਵਾਨਾਂ ਵਲੋਂ ਕਮੇਟੀ ਮੈਂਬਰਾਂ ਨੂੰ ਬਜ਼ਰੀਆ ਟੈਲੀਫੋਨ ਧਮਕੀਆਂ ਦਿੱਤੀਆਂ ਗਈਆਂ। ਜੇ ਇਹ ਸੱਚ ਹੈ, ਤਾਂ ਇਸ ਲਈ ਅਸੀਂ ਸਬੰਧਤ ਨੌਜਵਾਨਾਂ ਨੂੰ ਕਦੇ ਸ਼ਾਬਾਸ਼ ਦੀ ਬਾਪੀ ਨਹੀਂ ਦੇ ਸਕਦੇ। ਇਸ ਦੀ ਸਖ਼ਤ ਨਿਖੇਧੀ ਕਰਦੇ ਹਾਂ। ਪਰ ਦੂਸਰੇ ਬੰਨੇ ਨੌਜਵਾਨਾਂ ਦਾ ਸ਼ਿਕਵਾ ਹੈ ਕਿ ਉਹਨਾਂ ਉਤੇ ਘਟਨਾ ਨਾਲ ਸਿੱਧੀ-ਅਸਿੱਧੀ ਤਰਾਂ ਸੰਬੰਧਤ ਸੱਜਣਾਂ ਵਲੋਂ ਆਖ ਕੇ ਛਾਪੇ ਤੱਕ ਪਵਾਏ ਗਏ, ਜੇ ਇਹ ਸਚਾਈ ਹੈ ਤਾਂ ਇਸ ਬਹਾਦਰੀ ਭਰੇ ਕਾਰਨਾਮੇ ਲਈ ਇਹ ਸੱਜਣ ਵੀ ਕਿਸੇ ਵਸ਼ਿਸ਼ਟ-ਸੇਵਾ-ਮੈਡਲ ਦੇ ਹਰਗਿਜ਼ ਅਧਿਕਾਰੀ ਨਹੀਂ। ਉਹ ਸੋਲਾਂ ਆਨੇ ਨਿਖੇਧੀ ਦੇ ਪਾਤਰ ਹਨ। ਜੋ ਗੱਲਾਂ ਘਟਨਾ ਸਮੇਂ ਕੁਰਸੀ ਚਲਾਉਣ ਜਾਂ ਘਟਨਾ ਮਗਰੋਂ ਕੁਰਸੀ ਖੋਹਣ-ਬਣਾਣ ਦੀਆਂ ਸੁਣੀਂਦੀਆਂ ਹਨ, ਉਹ ਜ਼ਿੰਮੇਵਾਰੀ ਨਾਲ ਇਸ ਸਮੱਸਿਆ ਜਾਂ ਕੌਮ ਦੀ ਗੁੱਥੀ ਸੁਲਝਾਣ ਵੱਲ ਨਹੀਂ ਇਸ ਨੂੰ ਉਲਝਾਣ ਵੱਲ ਹੀ ਸੰਕੇਤ ਕਰਦੀਆਂ ਹਨ। ਘਟਨਾ ਉਪਰੰਤ ਜਿਸ ਤਰਾਂ ਤੱਤ-ਭੜੱਥੀ ਵਿਚ 14 ਦਸੰਬਰ ਨੂੰ ਵਰਲਡ ਸਿੱਖ-ਆਰਗੇਨਾਈਜ਼ੇਸ਼ਨ (ਅਮਰੀਕਾ) ਦੀ ਨੈਸ਼ਨਲ-ਕੌਂਸਲ ਦੀ ਮੀਟਿੰਗ, ਫਿਰ ਇਸ ਤੋਂ ਮਗਰੋਂ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੀਆਂ ਦੋ ਮੀਟਿੰਗਾਂ ਦਾ ਐਲਾਨ ਤੇ ਫਿਰ ਨਿਊਜਰਸੀ ਵਿਚ ਮੀਟਿੰਗ ਦੇ ਖਲਜਗਣ ਵਿਚ ਸਾਡੇ ਇਨਾਂ ਕਮੇਟੀ ਮੈਂਬਰ-ਮਿੱਤਰਾਂ ਨੂੰ ਭੱਜ-ਨੱਠ ਤੇ ਉਧੇੜ-ਬੁਣ ਦਾ ਉਚੇਚਾ ਕਸ਼ਟ ਕਰਨਾ ਪਿਆ ਇਸ ਨਾਲ ਉਹਨਾਂ ਨੇ ਕੋਈ ਸੋਭਾ ਖੱਟੀ ਨਹੀਂ, ਸਗੋਂ ਗੁਆਈ ਹੈ। ਕੱਚੀ ਲੱਸੀ ਵਾਂਗ ਸਿਆਸੀ-ਹਿਤਾਂ ਲਈ ਵਧਾਏ ਗਏ ਇਸ ਝਗੜੇ ਕਾਰਨ ਸੁਹਿਰਦ-ਸਿੱਖਾਂ ਦੀਆਂ ਨਜ਼ਰਾਂ ਵਿਚ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦਾ ਮਾਣ ਵੀ ਘਟਿਆ ਹੈ।

ਗੱਲ ਇਸ ਮਰਹਲੇ ਤੇ ਹੀ ਮੁੱਕ ਜਾਂਦੀ ਤਾਂ ਵਾਹ ਭਲੀ ਸੀ ਪਰ ਅਸਲੀ ਸਿਤਮ ਤਾਂ ਉਸ ਵੇਲੇ ਹੋਇਆ ਜਦੋਂ ਕਮੇਟੀ ਵਾਲੇ ਸੱਜਣਾਂ ਨੇ ਆਪਣੇ ਵੱਕਾਰ ਦੀਆਂ ਮੁੱਛਾਂ ਨੂੰ ਤਾਅ ਦੇ ਕੇ ਲੱਬੀ ਦਸਤਾਰ ਬਦਲੇ ਜ: ਭੁੱਲਰ ਨੂੰ ਗੁਰਦੁਆਰਾ ਸਾਹਿਬ ਵਲੋਂ ਸਿਰੋਪਾਓ ਦੇਣ ਦਾ ਫੈਸਲਾ ਕਰ ਕੇ ਇਸ ਨੂੰ ਅਮਲੀ ਜਾਮਾ ਵੀ ਪਹਿਨਾ ਦਿੱਤਾ। ਇਹ ਇਸ ਇਤਿਹਾਸਕ-ਗੁਰਦੁਆਰੇ ਦੇ ਇਤਿਹਾਸ ਵਿਚ ਕੀਤੀ ਗਈ ਇਕ ਇਤਿਹਾਸਕ-ਭੁੱਲ ਸੀ ਜਿਸ ਦਾ ਸਿੱਖੀ-ਪ੍ਰੰਪਰਾਵਾਂ ਦੇ ਪ੍ਰਸੰਗ ਵਿਚ ਕੋਈ ਥਾਂ ਬਣ ਹੀ ਨਹੀਂ ਸਕਦਾ। ਸਿੱਖੀ-ਪ੍ਰੰਪਰਾਵਾਂ ਅਨੁਸਾਰ ਸਿੱਖੀ ਦੀ ਉਘੀ ਅਥਵਾ ਮਹਾਨ ਸੇਵਾ ਬਦਲੇ ਸਿਰੋਪਾਓ ਦੀ ਬਖਸ਼ਿਸ਼ ਤਾਂ ਕੀਤੀ ਹੀ ਜਾਂਦੀ ਹੈ ਪਰ ਕਿਸੇ ਦੀ ਲੱਬੀ ਪਗੜੀ ਜਾਂ ਦਸਤਾਰ ਨੂੰ ਆਪਣੇ ਵੱਕਾਰ ਦਾ ਸੁਆਲ ਬਣਾ ਕੇ ਉਸ ਬਦਲੇ ਸਿਰਪਾਓ ਬਖਸ਼ ਦੇਣਾ ਸਿੱਖੀ-ਪ੍ਰੰਪਰਾ ਦੀਆਂ ਧੱਜੀਆਂ ਉਡਾ ਦੇਣ ਤੋਂ ਕਿਵੇਂ ਵੀ ਘੱਟ ਨਹੀਂ। ਪਾਠਕਾਂ ਨੂੰ ਯਾਦ ਹੋਵੇਗਾ ਕਿ ਸ੍ਰੀ ਅਕਾਲ ਤਖਤ ਤੋਂ ਜਨਰਲ ਡਾਇਰ ਨੂੰ ਸਿਰੋਪਾ ਦੇਣ ਅਤੇ ਗਦਰੀ-ਬਾਬਿਆਂ ਨੂੰ ਗੱਦਾਰ ਗਿਰਦਾਨਣ ਵਾਲੇ ਅਰੂੜ ਸਿੰਘ ਨੂੰ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਇਸ ਭੁੱਲ ਬਦਲੇ ਸਿੱਖੀ ਤੋਂ ਖਾਰਜ ਕਰ ਦਿੱਤਾ ਸੀ ਪਰ ਗਦਰੀ ਬਾਬਿਆਂ ਦੇ ਪਾਵਨ ਅਸਥਾਨ ਉਤੇ ਹੀ ਗੁਰੂ ਕੇ ਸਿਰੋਪੇ ਦੀ ਇਸ ਸ਼ਾਨਦਾਰ-ਪਰੰਪਰਾ ਨੂੰ ਸਿਰਫ ਆਪਣਾ ਵੱਕਾਰ ਰੱਖਣ ਲਈ ਇਤਨਾ ਤੋੜ-ਮੋੜ ਦਿੱਤਾ ਜਾਵੇ, ਇਹ ਦੀਵੇ ਥੱਲੇ ਹਨੇਰਾ ਹੋਣ ਤੁੱਲ ਹੈ ! ਕੁਆਂਬੇ ਵਿਚ ਕੁਫਰ ਦੇ ਬਰਾਬਰ ਹੈ !!

ਸਿੱਖ-ਧਰਮ ਦੀ ਪਰੰਪਰਾ ਦੇ ਪ੍ਰਸੰਗ ਵਿਚ ਉਪਰੋਕਤ ਸਿਰੋਪੇ ਤੋਂ ਵਧ ਕੇ ਹੈਰਾਨਕੁੰਨ ਗੱਲ ਜੋ ਸਾਡੇ ਕੰਨੀਂ ਪਈ, ਉਹ ਇਹ ਕਿ ਇਸ ਕਮੇਟੀ ਅਤੇ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਨਾਲ ਸੰਬੰਧਤ ਇਕ ਸੱਜਣ ਨੇ ਉਪਰੋਕਤ ਘਟਨਾ ਮਗਰੋਂ ਅਰਥਾਤ 16 ਫਰਵਰੀ, 85 ਨੂੰ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੀ ਨਿਊਜਰਸੀ ਵਿਚ ਹੋਈ ਮੀਟਿੰਗ ਵਿਚ ਇਥੋਂ ਤੱਕ ਆਖ ਦਿੱਤਾ 'ਦਾਹੜੀ ਰੱਖਿਆਂ ਕੋਈ ਜ਼ਿਆਦਾ ਸਿੱਖ ਨਹੀਂ ਬਣ ਜਾਂਦਾ।' ਅਜਿਹੇ ਸੱਜਣ ਨੂੰ ਅਸੀਂ ਪੁੱਛਣ ਦੀ ਗੁਸਤਾਖੀ ਜ਼ਰੂਰ ਕਰਾਂਗੇ ਕਿ ਕੀ ਦਾਹੜੀ-ਮੁੱਛ ਕਟਵਾਣ ਨਾਲ ਹੀ ਉਹ ਸੰਪੂਰਨ-ਸਿੱਖ ਦੀ ਕਲਪਨਾ ਕਰਦੇ ਹਨ ? ਜੇ ਕਿਸੇ ਗੁਰਦੁਆਰਾ ਕਮੇਟੀ ਵਿਚਲੇ ਜਾਂ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਵਿਚ ਸ਼ਾਮਲ ਕਿਸੇ ਸਿੱਖ ਦਾ ਇਹ ਵਿਸ਼ਵਾਸ ਹੈ ਤਾਂ ਸਾਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ-ਸੰਕੋਚ ਨਹੀਂ ਕਿ ਅਜਿਹੇ ਸੱਜਣਾਂ ਨੇ ਨਾ ਸਿੱਖ-ਧਰਮ ਦਾ ਕੋਈ ਅਧਿਅਨ ਕੀਤਾ ਹੈ ਤੇ ਨਾ ਉਹਨਾਂ ਨੇ ਅਜੇ ਤੱਕ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੇ ਸੰਵਿਧਾਨ ਦੀ ਮੁੱਢਲੀ ਉਥਾਨਕਾ ਹੀ ਵਾਚੀ ਹੈ। ਅਜਿਹੇ ਸੱਜਣਾਂ ਦੇ ਸਿੱਖਾਂ ਦੀ ਲੀਡਰੀ ਕਰਨ ਦੇ ਚਾਓ ਦਾ ਤਾਂ ਅਸੀਂ ਸਵਾਗਤ ਕਰਦੇ ਹਾਂ ਪਰ ਜੇ ਉਹ ਵਾਕਈ ਸਿੱਖੀ ਦੀ ਚੜ੍ਹਦੀ ਕਲਾ ਦੇ ਤਲਬਗਾਰ ਹਨ ਤਾਂ ਉਹਨਾਂ ਨੂੰ ਪਹਿਲਾਂ ਅਸੀਂ ਸਿੱਖ-ਧਰਮ ਜਾਂ ਸਿੱਖੀ ਸੰਬੰਧੀ ਘੱਟੋ-ਘੱਟ ਮੁਢਲਾ ਗਿਆਨ ਹਾਸਲ ਕਰਨ ਦੀ ਜ਼ਰੂਰ ਸਿਫਾਰਸ਼ ਕਰਾਂਗੇ।

ਸਿੱਖ-ਸੰਘਰਸ਼ ਸੰਬੰਧੀ ਸਾਡੇ ਕਮੇਟੀ ਵਿਚਲੇ ਇਹੀ ਮਿੱਤਰ ਆਪਣੇ ਆਪ ਨੂੰ ਖਾਲਿਸਤਾਨ ਦੇ ਸਭ ਤੋਂ ਵੱਡੇ ਮੁਦੱਈ ਜ਼ਾਹਿਰ ਕਰਦੇ ਹਨ ਤੇ ਇਸ ਸੰਬੰਧ ਵਿਚ ਵਾਹ ਲਗਦੀ ਆਮ ਮੁਫਤ-ਮਸ਼ਵਰਾ ਵੀ ਦਿੰਦੇ ਹਨ। ਅਸੀਂ ਉਹਨਾਂ ਦੇ ਸਿੱਖ-ਸੰਘਰਸ਼ ਵਿਚ ਦਿਲਚਸਪੀ ਤੇ ਸੇਵਾ ਦੇ ਦਿਲੋਂ ਕਦਰਦਾਨ ਹਾਂ ਤੇ ਇਸ ਦੀ ਦਾਦ ਦਿੰਦੇ ਹਾਂ ਪਰ ਅਸੀਂ ਉਹਨਾਂ ਦੀ ਜਾਣਕਾਰੀ ਲਈ ਅੱਜ ਇਹ ਦੱਸਣਾ ਵੀ ਵਾਜਬ ਸਮਝਦੇ ਹਾਂ ਕਿ ਜਦ ਪਿਛਲੇ ਸਾਲ ਸਟਾਕਟਨ ਗੁਰਦੁਆਰੇ ਵਿਚ ਉਹ ਭਾਰਤੀ ਜਨਤਾ ਪਾਰਟੀ ਦੇ ਲੀਡਰ ਜੇਠ ਮਿਲਾਨੀ ਨੂੰ ਸਿਰੋਪਾ ਦਿਵਾਣ ਲਈ ਮੂਹਰੇ-ਮੂਹਰੇ ਸਨ ਤਾਂ ਦੂਰ-ਦ੍ਰਿਸ਼ਟੀ ਨਾਲ ਵੇਖਦਿਆਂ ਪਤਾ ਲੱਗੇਗਾ ਕਿ ਇਹ ਉਹਨਾਂ ਦੀ ਵੱਡੀ ਸਿਆਸੀ-ਗਲਤੀ ਸੀ। ਜੇਠ ਮਿਲਾਨੀ ਦੇ 1984 ਦੇ ਘੱਲੂਘਾਰੇ ਉਪਰੰਤ ਸਿੱਖਾਂ ਪ੍ਰਤੀ ਹਮਦਰਦੀ ਦੇ ਇਜ਼ਹਾਰ ਦੇ ਤਾਂ ਅਸੀਂ ਪ੍ਰਸ਼ੰਸਕ ਹਾਂ ਪਰ ਜਿਹਨੀਂ ਦਿਨੀਂ ਇਥੇ ਸ੍ਰੀ ਮਿਲਾਨੀ ਨੂੰ ਉਹਨਾਂ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ ਸੀ, ਉਹਨੀਂ ਦਿਨੀਂ ਸਿਆਸਤਦਾਨ-ਮਿਲਾਨੀ ਇਕ ਪੱਥਰ ਨਾਲ ਦੋ ਸਿਕਾਰ ਕਰਨ ਆਏ ਸਨ। ਇਕ ਬੰਨੇ ਉਹ ਘਾਇਲ ਸਿੱਖਾਂ ਦੇ ਫੱਟਾਂ ਤੇ ਹਮਦਰਦੀ ਦੇ ਫੈਹੇ ਰੱਖ ਕੇ ਕਾਂਗਰਸ ਵਿਰੁੱਧ ਸਿੱਖਾਂ ਦਾ ਪੱਖ ਹਾਸਲ ਕਰ ਰਹੇ ਸਨ ਤੇ ਦੂਸਰੇ ਬੰਨੇ ਸਿੱਖਾਂ ਨੂੰ ਵਰਾ-ਵਰਚਾ ਕੇ ਖਾਲਿਸਤਾਨ ਦੇ ਰਾਹ ਜਾਣੋਂ ਰੋਕਣ ਲਈ ਭਾਰਤ ਸਰਕਾਰ ਦਾ ਸਰੇਆਮ ਪੱਖ ਪੂਰ ਰਹੇ ਸਨ ਤੇ ਇਹ ਸੰਦੇਸ਼ਾ ਉਹਨਾਂ ਇਥੇ ਥਾਂ ਥਾਂ ਵੰਡਿਆ ਸੀ। ਸ੍ਰੀ ਮਿਲਾਨੀ ਨੂੰ

ਇਹ ਸਿਰੋਪਾ ਦੇਣਾ ਵੀ ਸਾਡੇ ਇਹਨਾਂ ਮਿੱਤਰਾਂ ਦੇ ਸਿਆਸੀ ਪੱਖੋਂ ਬਹੁਤੇ ਚੇਤੰਨ ਜਾਂ ਕੰਟਰ ਹੋਣ ਦਾ ਜ਼ਾਮਨ ਨਹੀਂ ਸੀ।

ਸਿੱਖ-ਕਾਜ਼ ਲਈ ਸੰਘਰਸ਼ ਦੇ ਸੰਬੰਧ ਵਿਚ ਸਾਡਾ ਸਪੱਸ਼ਟ-ਸਟੈਂਡ ਹੈ ਕਿ ਸਿੱਖਾਂ ਨੂੰ ਇਕ ਪਲੈਟਫਾਰਮ ਉਤੇ ਇਕੱਠੇ ਹੋਣ ਦੀ ਸਖਤ ਜ਼ਰੂਰਤ ਹੈ। ਇਸ ਸੰਬੰਧੀ ਅਸੀਂ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੀ ਸਥਾਪਨਾ ਨੂੰ ਮੁਬਾਰਕ ਕਦਮ ਵੀ ਕਿਹਾ ਸੀ ਤੇ ਸਿੱਖ-ਸੰਗਤਾਂ ਨੂੰ ਇਸ ਨੂੰ ਭਰਪੂਰ ਸਹਿਯੋਗ ਦੇਣ ਲਈ ਵੀ ਲਿਖਿਆ ਸੀ। ਅਸੀਂ ਇਹ ਵੀ ਲਿਖਦੇ ਰਹੇ ਹਾਂ ਕਿ ਇਸ ਦੀ ਲੀਡਰਸ਼ਿਪ ਨੂੰ ਦਿਆਨਤਦਾਰੀ ਨਾਲ ਛੂਟ ਵੱਟ ਕੇ ਅੱਗੇ ਵਧਣਾ ਚਾਹੀਦਾ ਹੈ। ਸਾਡੇ ਇਹ ਮਿੱਤਰ ਕੁਲ ਤੱਕ ਆਪੂੰ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੇ ਮੱਠੀ ਤੋਰ ਉਤੇ ਅਕਸਰ ਰੁਦਨ ਅਤੇ ਸ਼ਿਕਵਾ ਕਰਦੇ ਰਹੇ ਹਨ ਅਤੇ ਇਸਦੀ ਚਾਲ ਨੂੰ ਤੇਜ਼ ਵੇਖਣ ਦੇ ਤਲਬਗਾਰ ਰਹੇ ਹਨ। (ਵਿਸ਼ਵ ਸਿੱਖ-ਸੰਸਥਾ ਦੇ ਕਿਸੇ ਵੀ ਸੁਲਝੇ ਹੋਏ ਵਿਅਕਤੀ ਨੇ ਕੋਈ ਇਸ ਤਰਾਂ ਦਾ ਬਿਆਨ ਨਹੀਂ ਦਿੱਤਾ)ਪਰ ਅੱਜ ਕੁਲ ਇਹ ਸਿੱਖ-ਸੰਗਤਾਂ ਨੂੰ ਸੰਬੋਧਨ ਕਰ ਰਹੇ ਹਨ :-

" ਸਾਡੇ ਟੱਟੂ ਨੇ ਮੜਕ ਨਾਲ ਤੁਰਨਾ
ਕਾਹਲੀ ਏਂ ਤਾਂ ਰੇਲੇ ਚੁੜ ਜਾਹ !"

ਅਸੀਂ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਨੂੰ ਟੱਟੂ ਕਹਿਣ ਦੀ ਕਦੇ ਗੁਸਤਾਖੀ ਨਹੀਂ ਕਰ ਸਕਦੇ ਪਰ ਜੇ ਇਹ ਸੱਜਣ ਇਸ ਬੋਲੀ ਵਿਚ ਇਸ ਨੂੰ ਟੱਟੂ ਤੇ ਉਹ ਵੀ 'ਸਾਡਾ' ਟੱਟੂ ਕਹਿੰਦੇ ਹਨ ਤੇ ਨਾਲ ਹੀ ਇਹ ਵੀ ਫੁਰਮਾਉਂਦੇ ਹਨ ਕਿ ਇਸ ਨੇ ਮੜਕ ਨਾਲ ਭਾਵ ਹੌਲੀ ਹੌਲੀ ਹੀ ਤੁਰਨਾ ਹੈ ਤੇ ਜਿਹੜੇ ਕਾਹਲੇ ਹਨ, ਉਹ ਕਿਸੇ ਹੋਰ ਰੇਲ ਚੁੜ ਜਾਣ ਤਾਂ ਅਜਿਹੇ ਸੱਜਣਾਂ ਦੀ ਸੋਚ ਵਿਚ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੀ ਬਰਕਲੇ ਦੀ ਮੀਟਿੰਗ ਉਪਰੰਤ ਤੁਰੰਤ ਆਈ ਤਬਦੀਲੀ ਤੇ ਅਸੀਂ ਹੈਰਾਨ ਵੀ ਹਾਂ ਤੇ ਉਹਨਾਂ ਨੂੰ ਇਹ ਗਿਆਤ ਕਰਵਾਣ ਦੀ ਗੁਸਤਾਖੀ ਕਰਨਾ ਵੀ ਚਾਹੁੰਦੇ ਹਾਂ ਕਿ ਇਹ ਟੱਟੂ ਸਿਰਫ ਉਹਨਾਂ ਦਾ ਨਹੀਂ, ਸਿੱਖ-ਸੰਗਤਾਂ ਦਾ ਹੈ। ਜੇ ਸਿੱਖ-ਸੰਗਤਾਂ ਇਸ ਨੂੰ ਦਾਣਾ-ਪੱਠਾ ਚਾਰਨਗੀਆਂ ਤਾਂ ਇਸ ਨੂੰ ਚਾਬਕ ਨਾਲ ਅੱਗੇ ਤੋਰਨ ਦੀਆਂ ਵੀ ਤਲਬਗਾਰ ਹੋਣਗੀਆਂ ਤੇ ਜੇ ਭਾਈ ਤੁਸੀਂ ਇਕੱਲਿਆਂ ਹੀ ਇਸ ਤੇ ਸਵਾਰ ਹੋ ਕੇ ਇਸ ਟੱਟੂ ਨੂੰ ਪੂਤ 'ਚ ਭਜਾਈ ਫਿਰਨਾ ਹੈ ਜਾਂ ਮੜਕ ਨਾਲ ਤੋਰਨਾ ਹੈ ਤਾਂ ਨਾ ਇਸ ਦੇ ਕਿਸੇ ਤਣ-ਪੱਤਣ ਲੱਗਣ ਦੀ ਹੀ ਆਸ ਹੈ ਤੇ ਨਾ ਇਸ ਦੀ ਸਿਹਤ ਹੀ ਰਿਸ਼ਟ-ਪੁਸ਼ਟ ਰਹਿ ਸਕਦੀ ਹੈ !

ਸਟਾਕਟਨ-ਕਮੇਟੀ ਵਿਚਲੇ ਸੱਜਣ ਪੰਥ-ਦਰਦੀ ਹਨ, ਤਾਲੀਮ-ਯਾਫਤਾ ਅਤੇ ਸੇਵਾ ਦੇ ਜਜ਼ਬੇ ਵਾਲੇ ਨੌਜਵਾਨ ਹਨ ਪਰ ਪਿਛਲੇ ਕੁਝ ਅਰਸੇ ਤੋਂ ਇਸ ਕਮੇਟੀ ਦੀ ਸੋਚਣੀ ਦੇ ਮੂੰਹ ਤੇ ਬੁਢਾਪੇ ਦੀਆਂ ਝੁਰੜੀਆਂ ਸਾਮਰਤੱਖ ਹੋ ਰਹੀਆਂ ਹਨ ਜੋ ਜਵਾਨੀ ਨੂੰ ਘੂਰ ਰਹੀਆਂ ਹਨ। ਸਾਨੂੰ ਅੱਜ ਇਹਨਾਂ ਮਿੱਤਰਾਂ ਨੂੰ ਇਸ ਕੌੜੇ ਸੱਚ ਨਾਲ-ਮੁਖਾਤਿਬ ਹੋਣ ਵਿਚ ਉਕਾ ਝਿਜਕ ਨਹੀਂ ਕਿ ਜੇ ਉਹ ਦਸਤਾਰ-ਉਤਾਰੀ ਦੀ ਘਟਨਾ ਦੇ ਮਾਹੌਲ ਵਿਚ ਹੀ ਤੁਰਦੇ ਰਹੇ ਅਥਵਾ ਲੀਡਰੀ ਦੀ ਮ੍ਰਿਗ-ਤ੍ਰਿਸ਼ਨਾ ਦਾ ਸ਼ਿਕਾਰ ਹੋ ਕੇ ਦੌੜਦੇ ਗਏ ਤਾਂ ਨਿਸਚੇ ਹੀ ਉਹਨਾਂ ਦੇ ਬੁੱਤ ਵੀ ਹੋਰ ਕਿੰਨਿਆਂ ਵਾਂਗ ਇਕ ਦਿਨ ਸਿਆਸਤ ਦੀ ਦਲਦਲ ਵਿਚ ਗਰਕ ਹੋ ਜਾਣਗੇ।

ਅਸੀਂ ਇਹ ਵੀ ਦਾਅਵੇ ਨਾਲ ਆਖ ਰਹੇ ਹਾਂ ਕਿ ਸਟਾਕਟਨ ਦੀ ਦੁਰਘਟਨਾ ਮਗਰੋਂ ਬੇਸ਼ਕ ਉਹਨਾਂ ਦੇ ਪਾਏ ਗੁੰਗਲ-ਧੁੰਏ ਕਾਰਨ ਗੰਗਾ ਸਿੰਘ ਢਿੱਲੋਂ ਦਾ ਸਿਆਸੀ ਭੂਤ ਵਰਲਡ ਸਿੱਖ-ਆਰਗੇਨਾਈਜ਼ੇਸ਼ਨ ਦੇ ਘਰੋਂ ਨਿਕਲ ਗਿਆ ਹੈ ਪਰ ਉਹ ਜਾਂਦਾ ਜਾਂਦਾ ਲੋਕਾਂ ਵਿਚ ਇਹਨਾਂ ਦੀ ਸਾਖ ਦੀ ਲਟੈਣ ਨੂੰ ਵੀ ਤੋੜ ਗਿਆ ਹੈ।

ਵਰਲਡ ਸਿੱਖ-ਆਰਗੇਨਾਈਜ਼ੇਸ਼ਨ (ਅਮਰੀਕਾ) ਦੇ ਮਗਰੋਂ-ਲੱਬੇ ਪ੍ਰਧਾਨ ਗੰਗਾ ਸਿੰਘ ਨੇ ਸਟਾਕਟਨ-ਦੁਰਘਟਨਾ ਦੇ ਆਰ-ਪਾਰ ਪੰਥ ਦੀ ਭਲਾ ਕਿਹੜੀ ਟਹਿਲ-ਸੇਵਾ ਕੀਤੀ ਹੈ ? ਇਸ ਦਾ ਸਰਵੇਖਣ ਅਸੀਂ ਅਗਲੇ ਅੰਕ ਵਿਚ 'ਚ ਕਰਾਂਗੇ .....।

' ਜਾਗੋ '

(ਅਪ੍ਰੈਲ, 1986)

ਮਾਮਲਾ ਗੜਬੜਹੈ !

(ਤਿੰਨ)

ਸ: ਗੰਗਾ ਸਿੰਘ ਢਿੱਲੋਂ ਦੀ W.S.O. (ਅਮਰੀਕਾ) ਦੀ ਪ੍ਰਧਾਨਗੀ ਦਾ ਝਟਕਾ ਸਟਾਕਟਨ-ਦੁਰਘਟਨਾ ਦੀ ਤਲਵਾਰ ਨਾਲ ਕੀਤਾ ਗਿਆ ਹੈ। ਇਸ ਘਟਨਾ ਨੂੰ ਕੱਪੜਛਾਣ ਕਰਨ ਲਈ ਬਣਾਈ ਗਈ 5-ਮੈਂਬਰੀ ਕਮੇਟੀ ਦੀ ਰੀਪੋਰਟ ਦੇ ਆਧਾਰ ਉਤੇ ਹੀ, 14 ਦਸੰਬਰ, 85 ਨੂੰ ਸਟਾਕਟਨ 'ਚ ਹੋਈ W.S.O. (ਅਮਰੀਕਾ) ਦੀ ਨੈਸ਼ਨਲ ਕੌਂਸਲ ਦੀ ਫੌਰੀ ਸੱਦੀ ਮੀਟਿੰਗ ਨੇ ਜ: ਭੁੱਲਰ ਦੀ ਦਸਤਾਰ-ਉਤਾਰੀ ਦੀ ਤੁੱਖਣਾ ਦਾ ਤੌਕ ਗੰਗਾ ਸਿੰਘ ਢਿੱਲੋਂ ਦੇ ਗਲ ਵਿਚ ਪਾ ਕੇ ਉਸ ਨੂੰ ਸਟਾਕਟਨ-ਨਾਟਕ ਦਾ ਨਿਰਦੇਸ਼ਕ ਗਿਰਦਾਨਿਆ ਹੈ ਤੇ ਇਸ ਘਟਨਾ ਦੀ ਪੈੜ W.S.O. ਦੀ ਵਾਸ਼ਿੰਗਟਨ ਡੀ. ਸੀ. ਵਿਚਲੀ ਮੀਟਿੰਗ ਤੱਕ ਜਾਂਦੇ ਹੋਣ ਵੱਲ ਸੰਕੇਤ ਕੀਤਾ ਹੈ। ਇਸ ਤੋਂ ਬਿਨਾਂ ਮੀਟਿੰਗ ਨੇ ਸ : ਗੰਗਾ ਸਿੰਘ ਦੇ ਇਕੋ ਸਮੇਂ W.S.O. (ਅਮਰੀਕਾ) ਦੇ ਪਰਧਾਨ ਹੋਣ, W.S.O. (ਅਮਰੀਕਾ) ਦੇ ਪਰਧਾਨ ਹੁੰਦਿਆਂ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਨਾਂ ਉਤੇ ਮਾਇਆ ਉਗਰਾਹੁਣ, ਭਾਰਤ ਸਰਕਾਰ ਨਾਲ ਗਾਂਢਾ-ਸਾਂਢਾ ਰੱਖਣ, W.S.O. ਦੀ ਮੈਂਬਰਸ਼ਿਪ ਫੀਸ ਵਧਾਉਂਣ ਤੇ W.S.O. ਨੂੰ ਕਾਂਗਰਸੀ-ਏਜੰਟਾਂ ਵਲੋਂ 'ਕੰਟਰੋਲ ਕਰਨ' ਆਦਿ ਦੇ ਦੂਸ਼ਣ ਲਾਉਂਣ ਦੀਆਂ ਐਂਟੀ-ਪੰਥਕ ਕਾਰਵਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਹ ਵੱਖਰੀ ਗੱਲ ਹੈ ਕਿ ਤੱਤ-ਭੜੱਥੀ ਸੱਦੀ ਇਸ ਮੀਟਿੰਗ ਦੇ ਫੈਸਲੇ ਨੂੰ ਇਸ ਤੋਂ ਮਗਰੋਂ ਨਿਊਜ਼ਰਸੀ ਵਿਚ ਹੋਈ ਮੀਟਿੰਗ ਵਿਚ ਗੰਗਾ ਸਿੰਘ ਦੇ ਅਸਤੀਫੇ ਦੀ ਪ੍ਰਾਪਤੀ ਨਾਲ ਬਦਲੇ ਰੂਪ 'ਚ ਪ੍ਰਵਾਨ ਚੁਾਤਿਆ ਗਿਆ ਕਿਉਂਕਿ ਪਹਿਲੀ ਮੀਟਿੰਗ ਵਿਚ ਜਿਸ ਕਦਰ ਗੰਗਾ ਸਿੰਘ ਢਿੱਲੋਂ ਦੀ ਗੈਰ-ਹਾਜ਼ਰੀ 'ਚ ਜਲਦਬਾਜ਼ੀ ਨਾਲ ਉਸ ਦੀ ਪ੍ਰਧਾਨਗੀ ਦਾ ਘਾਣ ਕੀਤਾ ਗਿਆ, ਉਸ ਦੇ ਸੁਆਗਤ ਦੀ ਆਸ-ਤਵੱਕੋ ਦਾ ਕਿੰਧਰੋਂ ਵੀ ਸੁਆਲ ਨਹੀਂ ਸੀ ਉਠਦਾ।

ਸ: ਗੰਗਾਸਿੰਘ ਢਿੱਲੋਂ ਦੇ ਗੰਗਾ-ਨਹਾਤੇ ਲੀਡਰ ਹੋਣ ਦੇ ਅਸੀਂ ਹਰਗਿਜ਼ ਦ੍ਰਾਅਵੇਦਾਰ ਨਹੀਂ। ਉਪਰੋਕਤ ਭਾਰਾਂ ਦੇ ਬਣਨ ਪਿੱਛੇ ਨਿਸਚੇ ਹੀ ਕੁਝ ਖੰਭ ਹੋਣਗੇ। ਬਤੌਰ W.S.O. (ਅਮਰੀਕਾ) ਦੇ ਪਰਧਾਨ, ਗੰਗਾ ਸਿੰਘ ਢਿੱਲੋਂ ਨੇ ਕੋਈ ਖੁੱਤੀ ਨਹੀਂ ਪਾਈ ਤੇ ਕਿਸੇ ਕ੍ਰਿਸ਼ਮੇ ਨਾਲ ਸਿੱਖ-ਸੰਸਾਰ ਦੀਆਂ ਅੱਖਾਂ ਨਹੀਂ ਚੁੰਧਿਆ ਕੇ ਰੱਖ ਦਿੱਤੀਆਂ। ਜਦ W.S.O. ਦੀ ਪਰਧਾਨਗੀ ਦੀ ਕੁਰਸੀ ਤੇ ਬੈਠਣ ਪਿੱਛੋਂ ਇਸ ਦੀ ਸੈਕਰਾਮੈਂਟੋ ਵਿਚ ਹੋਈ ਮੀਟਿੰਗ 'ਚ ਸ: ਗੰਗਾ ਸਿੰਘ ਨੇ ਕਿਹਾ ਸੀ ਕਿ ਜੇ ਉਹ ਛੇ ਮਹੀਨੇ ਵਿਚ ਸੰਸਥਾ 'ਚ ਰਹਿੰਦਿਆਂ ਮੁਆਰਕੇ-ਖੇਜ਼ ਕੰਮ ਨਾ ਕਰ ਕੇ ਵਿਖਾ ਸਕੇ ਤਾਂ ਆਪ ਅਸਤੀਫਾ ਦੇ ਦੇਣਗੇ, ਤਾਂ ਉਹਨਾਂ ਦੀ ਇਹ ਸਟੇਟਮੈਂਟ ਸਾਨੂੰ ਕਿਵੇਂ ਵੀ ਸੰਜੀਦਾ ਨਹੀਂ, ਭਾਵੁਕ ਹੀ ਜਾਪੀ ਸੀ।

ਅਸੀਂ ਸ: ਗੰਗਾ ਸਿੰਘ ਢਿੱਲੋਂ ਦੇ ਵਿਅਕਤੀਗਤ ਤੌਰ ਤੇ ਕੰਮ ਲਈ ਕੀਤੇ ਕੰਮ ਦੇ ਪ੍ਰਸ਼ੰਸਕ ਹਾਂ। ਇਕ ਚਿਤੰਨ ਸਿੱਖ-ਲੀਡਰ ਵਜੋਂ ਜ਼ਾਤੀ ਤੌਰ ਉਤੇ ਕੀਤੇ ਆਪਣੇ ਕੰਮਾਂ ਕਾਰਨ ਉਹਨਾਂ ਸਿੱਖ-ਸੰਸਾਰ ਦਾ ਧਿਆਨ ਖਿੱਚਿਆ ਹੈ। ਇਹ ਮਾਣ ਸ: ਗੰਗਾ ਸਿੰਘ ਨੂੰ ਹੀ ਜਾਂਦਾ ਹੈ ਕਿ ਉਹਨਾਂ 1981 ਵਿਚ 'ਸਿੱਖ-ਵੱਖਰੀ ਕੌਮ' ਦਾ ਨਾਅਰਾ ਲਾਇਆ, ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਸੰਭਾਲ-ਯਾਤਰਾ ਲਈ ਆਪਣੇ ਨਿੱਜੀ-ਸੰਬੰਧਾਂ ਦੇ ਆਧਾਰ ਤੇ ਸਿੱਖ-ਭਾਵਨਾਵਾਂ ਦੇ ਲੜ ਪਾਕਿਸਤਾਨ-ਲੀਡਰਸ਼ਿਪ ਨਾਲ ਜੋੜੇ, ਜੂਨ 1985 ਵਿਚ ਅਮਰੀਕਨ ਕਾਂਗਰੈਸ਼ਨਲ-ਰਿਕਾਰਡ ਵਿਚ ਆਪਣੀ 'Sikh-Struggle' ਸਟੇਟਮੈਂਟ ਨੂੰ ਦਰਜ ਕਰਵਾਇਆ ਤੇ ਪਿੱਛੋਂ ਰਾਜੀਵ ਗਾਂਧੀ ਦੇ ਅਮਰੀਕਾ ਦੌਰੇ ਸਮੇਂ 'ਨੈਸ਼ਨਲ ਪ੍ਰੈਸ ਕਲੱਬ' ਵਿਚ ਭਾਰਤੀ ਜ਼ੁਲਮ ਖਿਲਾਫ ਸਿੱਖਾਂ ਦੇ ਪੱਖ ਨੂੰ ਪੇਸ਼ ਕੀਤਾ। ਉਪਰੋਕਤ ਉਦਮ ਲਈ ਨਿਰਸੰਦੇਹ ਸ: ਗੰਗਾ ਸਿੰਘ ਸਿੱਖ-ਸੰਸਾਰ ਦੀ ਬਾਪੀ ਦੇ ਅਧਿਕਾਰੀ ਹਨ। ਸ: ਗੰਗਾ ਸਿੰਘ ਇਕ ਅਜਿਹਾ ਸਿੱਖ ਸਿਆਸਤਦਾਨ ਹੈ, ਜਿਸ ਵਿਚ ਕਿਸੇ ਮੰਤਵ ਨੂੰ ਪ੍ਰਾਪਤ ਕਰਨ ਲਈ ਹੀਲੇ-ਵਸੀਲੇ ਲੱਭਣ ਅਤੇ ਉਹਨਾਂ ਤੱਕ ਰਸਾਈ ਕਰਨ ਦੀ ਵਿਸ਼ੇਸ਼ ਕਾਬਲੀਅਤ ਹੈ।

ਪਰ ਇਹ ਗੰਗਾਸਿੰਘ ਢਿੱਲੋਂ ਦੀ ਬਦਕਿਸਮਤੀ ਹੈ ਤੇ ਸ਼ਾਇਦ ਸਿੱਖ-ਸੰਸਾਰ ਦੀ ਵੀ ਇਕੱਲਿਆਂ ਉਪਰੋਕਤ ਕੰਮ ਕਰਨ ਉਪਰੰਤ W. S. O. ਦੀ ਲੀਡਰਸ਼ਿਪ 'ਚ ਪਹੁੰਚ ਕੇ ਵੀ ਕੌਮ ਉਤੇ ਇਸ ਔਖੀ ਘੜੀ ਵਿਚ ਉਸਦੀ ਇਸ ਸੰਸਥਾ ਵਿਚ ਦਾਲ ਨਹੀਂ ਗਲ ਸਕੀ। ਇਸ ਸੰਸਥਾ ਦੇ ਅੰਦਰ ਅਤੇ ਬਾਹਰ ਸ: ਗੰਗਾ ਸਿੰਘ ਢਿੱਲੋਂ ਵਰਗਾ ਚਿਤੰਨ ਲੀਡਰ ਜੇ ਬਹੁਤੇ ਸਿੱਖਾਂ ਦਾ ਮਕਬੂਲ ਤੇ ਵਿਸ਼ਵਾਸ ਪਾਤਰ ਲੀਡਰ ਨਹੀਂ ਬਣ ਸਕਦਾ ਤਾਂ ਨਿਸਚੇ ਹੀ ਇਸਦੇ ਕੁਝ ਕਾਰਨ ਹੋਣਗੇ, ਜਿਨ੍ਹਾਂ ਉਤੇ ਪੰਛੀ-ਝਾਤ ਮਾਰਨੀ ਹੀ ਬਣਦੀ ਹੈ।

ਲੀਡਰੀ ਦੀ ਲਾਲਸਾ ਸਿਆਸਤਦਾਨਾਂ ਦੀ ਵੱਡੀ ਕਮਜ਼ੋਰੀ ਤਾਂ ਹੁੰਦੀ ਹੀ ਹੈ। ਪਰ ਗੰਗਾ ਸਿੰਘ ਢਿੱਲੋਂ ਦੇ ਦੇ ਵਿਦੇਸ਼ੀ-ਸਿੱਖਾਂ ਦਾ ਪੱਕਾ ਵਿਸਵਾਸ ਪਾਤਰ ਨਾ ਬਣ ਸਕਣ ਦਾ ਵੱਡਾ ਕਾਰਨ ਇਸ ਤੋਂ ਵੱਧ ਕੇ ਦੋਂਹ-ਦੋਂਹ ਪਾਸੀਂ ਹੱਥ ਮਿਲਾਉਂਣਾ ਹੈ। ਜਿਸ ਵੱਲ w.s.o. ਅਮਰੀਕਾ ਦੀ 14 ਦਸੰਬਰ 1985, ਨੂੰ ਸਟਾਕਟਨ 'ਚ ਹੋਈ ਮੀਟਿੰਗ ਸੰਕੇਤ ਕਰਦੀ ਹੈ। ਜਿਸ ਦੇ ਅਨੁਸਾਰ ਉਸਦੇ ਭਾਰਤ ਸਰਕਾਰ ਦੇ ਨਾਲ ਸੰਬੰਧ ਹੋਣ ਦਾ ਦੋਸ਼ ਉਸ ਉਤੇ ਲਾਇਆ ਜਾਂਦਾ ਹੈ। ਮੀਟਿੰਗ ਦੇ ਸਬੂਤ ਵਜੋਂ ਜਿਸ ਖਤ ਦਾ ਜ਼ਿਕਰ ਕੀਤਾ ਹੈ, ਉਸ ਵਿਚ ਗੰਗਾ ਸਿੰਘ ਢਿੱਲੋਂ ਦਾ ਇਕ ਹੱਥ ਇਨਕਲਾਬੀ ਗਜਿੰਦਰ ਸਿੰਘ ਨਾਲ ਮਿਲਦਾ ਹੈ ਤੇ ਦੂਸਰਾ ਗਿ: ਜ਼ੈਲ ਸਿੰਘ ਨਾਲ। 'Tragedy of Punjab' ਅਥਵਾ 'ਪੰਜਾਬ ਦਾ ਦੁਖਾਂਤ' (ਕਰਤਾ ; ਖੁਸ਼ਵੰਤ ਸਿੰਘ ਅਤੇ ਕੁਲਦੀਪ ਨਈਅਰ) ਵਿਚ ਛਪੇ ਇਸ *ਖਤ ਦੀ ਪੰਜਾਬੀ-ਇਬਾਰਤ ਇੰਞ ਤੁਰਦੀ ਹੈ :

* ਪਿਆਰੇ ਗਜਿੰਦਰ ਸਿੰਘ ਜੀ, - ਵਾਹਿਗੁਰੂ ਜੀ ਕੀ ਫਤਹਿ ।

ਮੈਨੂੰ ਯਕੀਨ ਹੈ ਕਿ ਵਾਹਿਗੁਰੂ ਦੀ ਕਿਰਪਾ ਨਾਲ ਤੁਸੀਂ ਰਾਜੀ ਖੁਸ਼ੀ ਹੋਵੋਗੇ । ਆਸ ਹੈ ਕਿ ਤੁਹਾਨੂੰ ਮੇਰਾ ਪਹਿਲਾ ਪੱਤਰ ਮਿਲ ਗਿਆ ਹੋਵੇਗਾ । ਉਸ ਪੱਤਰ ਵਿਚ, ਮੈਂ ਕਰਨਾਲ ਵਿਖੇ ਗਿ: ਜ਼ੈਲ ਸਿੰਘ ਨਾਲ ਆਪਣੀ ਗੱਲਬਾਤ ਦਾ ਵੇਰਵੇ ਸਹਿਤ ਵਰਨਣ ਕੀਤਾ ਸੀ । ਹੁਣ ਤੱਕ ਤੁਸੀਂ ਉਹਨੂੰ ਮਿਲ ਹੀ ਚੁੱਕੇ ਹੋਵੋਗੇ ਤੇ ਉਹਨੇ ਵਿਤ ਸਬੰਧੀ ਤੇ ਹੋਰ ਦੂਜੀਆਂ ਲੋੜੀਂਦੀਆਂ ਗੱਲਾਂ ਸੰਬੰਧੀ ਪ੍ਰਬੰਧ ਕਰ ਦਿਤਾ ਹੋਵੇਗਾ । ਪਰ ਇਕ ਗੱਲ ਦਾ ਖਿਆਲ ਰਹੇ ਕਿ ਉਹਨੂੰ ਬਹੁਤ ਵਾਰ ਨਾ ਮਿਲਿਆ ਜਾਵੇ । ਉਹਨੂੰ ਲਿਖਣਾ ਮੈਂ ਮੁਨਾਸਬ ਨਹੀਂ ਸਮਝਦਾ । ਠੀਕ ਜੇ ਲੋੜ ਪਵੇ ਤਾਂ ਤੁਸੀਂ ਉਹਨੂੰ ਇਹ ਪੱਤਰ ਵਿਖਾ ਸਕਦੇ ਹੋ । ਵਾਹਿਗੁਰੂ ਤੁਹਾਡੇ ਅੰਗ ਸੰਗ ਰਹੇ । ਬਾਕੀ ਫੇਰ ।

ਤੁਹਾਡਾ ਸੁਭ-ਚਿੰਤਕ - ਗੰਗਾ ਸਿੰਘ

ਇਸੇ ਪਰਮੰਗ ਦਾ ਦੂਦਰਾ ਸਬੂਤ ਸ: ਗੰਗਾ ਸਿੰਘ ਦੇ ਆਪਣੇ ਇਕ ਕਾਂਗਰਸੀ-ਪੁਰਜ਼ੇ ਮਿੱਤਰ, ਤਿਰਲੋਚਨ ਸਿੰਘ ਰਿਆਸਤੀ ਨਾਲ ਗੂੜ੍ਹੇ-ਗਹਿਰੇ ਸੰਬੰਧਾਂ ਦਾ ਤੇ ਉਸ ਨੂੰ ਵਾਸ਼ਿੰਗਟਨ 'ਚ ਹੋਈ w.s.o. ਦੀ ਜਨਰਲ ਅਸੈਂਬਲੀ ਦੀ ਮੀਟਿੰਗ 'ਚ ਲਿਆਉਂਣ ਦੇ ਯਤਨ ਕਰਨ ਦਾ ਹੈ। ਗੰਗਾ ਸਿੰਘ ਵੱਲੋਂ ਰਿਆਸਤੀ ਨਾਲ ਆਪਣੀ ਗੂੜ੍ਹੀ ਮਿੱਤਰਤਾ ਨੂੰ ਤਾਂ ਮੰਨਿਆ ਗਿਆ ਹੈ ਤੇ ਇਹ ਵੀ ਕਿਹਾ ਗਿਆ ਹੈ ਕਿ ਰਿਆਸਤੀ ਤਾਂ ਮਿ: ਭੁੱਲਰ ਆਦਿ ਨੂੰ ਵੀ ਕਈ ਵਾਰ ਮਿਲਿਆ ਹੈ। ਪਰ ਗੰਗਾ ਸਿੰਘ ਵੱਲੋਂ ਰਿਆਸਤੀ ਨੂੰ w.s.o. ਦੀ ਵਾਸ਼ਿੰਗਟਨ 'ਚ ਹੋਈ ਜਨਰਲ ਅਸੈਂਬਲੀ ਦੀ ਮੀਟਿੰਗ 'ਚ ਲਿਜਾਣ ਤੋਂ ਇਨਕਾਰ ਕੀਤਾ ਗਿਆ ਹੈ। ਸਾਨੂੰ ਸ: ਗੰਗਾ ਸਿੰਘ ਢਿੱਲੋਂ ਦੇ ਮਿ: ਰਿਆਸਤੀ ਨਾਲ ਸੰਬੰਧਾਂ ਤੇ ਕੋਈ ਉਜਰ ਨਹੀਂ ਤੇ ਨਾ ਹੋਣਾ ਚਾਹੀਦਾ ਹੈ ਪਰ ਜੇ ਉਸ ਨੇ ਰਿਆਸਤੀ ਨੂ w.s.o. ਦੀ ਮੀਟਿੰਗ 'ਚ ਲਿਜਾਣ ਦੀ ਇਕ ਭੋਰਾ ਵੀ ਕੋਸ਼ਿਸ਼ ਕੀਤੀ (ਇਹ ਸਿਰੇ ਚੁਤੀ ਜਾਂ ਨਾ ਚੁਤੀ, ਇਹ ਵੱਖਰੀ ਗੱਲ ਹੈ!) ਤਾਂ ਨਾ ਇਸ 'ਚੋਂ ਗੰਗਾ ਸਿੰਘ ਦੀ w.s.o. ਨਾਲ ਵਫਾ ਦਾ ਭੋਰਾ ਝਲਕਾਰਾ ਪੈਂਦਾ ਹੈ ਤੇ ਨਾ ਹੀ ਇਸ 'ਚੋਂ ਉਸਦੀ ਸਿੱਖ-ਕਾਜ਼ ਨਾਲ ਸੁਹਿਰਦਤਾ ਦਾ ਕੋਈ ਜਲਵਾ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਇਸ ਨੂੰ ਗੰਗਾ ਸਿੰਘ ਦੀਆਂ ਦੋਹਾਂ ਬੇੜੀਆਂ 'ਚ ਸਵਾਰ ਹੋਣ ਤੋਂ ਕਿਵੇਂ ਵੀ ਘੱਟ ਨਹੀਂ ਕਿਹਾ ਜਾ ਸਕਦਾ।

ਇਕ ਮਿਸਾਲ ਇਸੇ ਲੜੀ 'ਚ ਹੋਰ ! ਸਾਨੂੰ ਇਲਮ ਹੈ ਕਿ W. S. O. (ਅਮਰੀਕਾ) ਦੀ ਪ੍ਰਧਾਨਗੀ ਸ: ਗੰਗਾ ਸਿੰਘ ਨੂੰ ਬੇ-ਏਰੀਏ (ਕੈਲੇਫੋਰਨੀਆ) ਦੀ ਮਾਰਫਤ ਮਿਲੀ ਸੀ ਤੇ ਇਸ ਪ੍ਰਧਾਨਗੀ-ਕੁਰਸੀ ਦੇ ਪਾਵੇ ਬੇ-ਏਰੀਏ ਦੇ ਨੌਜਵਾਨਾਂ ਦੇ ਮੋਢੇ ਬਣੇ ਸਨ ਪਰ ਕੁਰਸੀ ਤੇ ਬਿਰਾਜਮਾਨ ਹੋਣ ਉਪਰੰਤ ਇਹ ਪਾਵੇ ਸ: ਗੰਗਾ ਸਿੰਘ ਦੀਆਂ ਅੱਖਾਂ ਤੇ ਲੱਗੀ ਰੰਗੀਨ ਐਨਕ 'ਚੋਂ ਉਸ ਨੂੰ ਲਗਭਗ

ਦਿਸਣੋਂ ਬੰਦ ਹੋ ਗਏ ਸਨ, ਜਿਸ ਦਾ ਸੰਕੇਤ 'ਜਾਗੋ' ਦੇ ਮਾਰਚ 86 ਅੰਕ ਸਫਾ 28 ਉਤੇ ਛਪੀ ਸਿੱਖ ਯੂਥ ਆਫ ਕੈਲੇਫੋਰਨੀਆ ਦੀ ਚਿੱਠੀ 'ਚੋਂ ਪ੍ਰਤੱਖ ਮਿਲਦਾ ਹੈ । ਜੇ ਕੋਈ ਕੁਰਸੀ ਆਪਣੇ ਸਿਰ ਉਤੇ ਬਹੁਤਾ ਮਾਣ ਕਰਕੇ ਤੇ ਆਪਣੇ ਪੈਰ-ਪਾਵਿਆਂ ਨੂੰ ਭੁੱਲ ਕੇ ਖੁੜੀ ਰਹਿਣਾ ਚਾਹੁੰਦੀ ਹੈ ਤਾਂ ਇਹ ਉਸਦੀ ਗਲਤੀ ਹੈ ਤੇ ਗੰਗਾ ਸਿੰਘ ਨੇ ਇਸ ਗਲਤੀ ਦਾ ਝਲਕਾਰਾ ਵੇਖ ਲਿਆ ਹੈ। ਜੇ ਰਿਆਸਤੀ ਨੂੰ W. S. O. ਦੀ ਮੀਟਿੰਗ 'ਚ ਦੀ ਕੋਸ਼ਿਸ਼ ਕਰਨ ਵਾਲੀ ਗੱਲ ਵਾਕਈ ਠੀਕ ਹੈ, ਜੇ ਗੰਗਾ ਸਿੰਘ ਢਿੱਲੋਂ ਦੀ ਜ: ਭੁੱਲਰ ਦੀ ਲੀਡਰਸ਼ਿਪ ਵਿਚ ਪੂਰਨ ਵਿਸ਼ਵਾਸ਼ ਪ੍ਰਗਟਾਣ ਦੀ ਪ੍ਰੈਸ-ਰਿਲੀਜ਼ ਤੇ ਦਸਤਖਤ ਕਰਨੇ ਵੀ ਸੱਚ ਹਨ, ਜੇ ਉਸਦੇ ਨੌਜਵਾਨਾਂ ਨਾਲ ਵਫਾਦਾਰੀ ਦੇ ਵਾਅਦੇ ਵੀ ਝੂਠ ਨਹੀਂ ਤਾਂ ਇਕੋ ਸਮੇਂ ਇਹਨਾਂ ਸਭਨਾਂ ਦਾ ਵਿਸ਼ਵਾਸ-ਪਾਤਰ ਬਣੇ ਦਿਸਣਾ ਗੰਗਾ ਸਿੰਘ ਦਾ ਇਕ ਸਿਆਸੀ-ਕ੍ਰਿਸ਼ਮਾ ਹੈ ਤੇ ਜਾਂ ਫਿਰ 'ਗੰਗਾ ਗਏ ਤਾਂ ਗੰਗਾ ਰਾਮ ਅਤੇ ਜਮਨਾ ਗਏ ਤਾਂ ਜਮਨਾ ਦਾਸ' ਦੀ ਬਹੁਰੂਪੀ ਭੂਮਿਕਾ ਦਾ ਪ੍ਰਤੀਬਿੰਬ !

ਅਸੀਂ ਜ: ਭੁੱਲਰ ਦੀ ਦਸਤਾਰ-ਉਤਾਰੀ ਪਿੱਛੇ ਸ: ਗੰਗਾ ਸਿੰਘ ਦਾ ਹੱਥ ਨਾ ਹੋਣ ਦੀ ਉਨ੍ਹਾਂ ਦੀ ਗੱਲ ਨੂੰ ਤਾਂ ਚਲੋ ਮੰਨ ਲੈਂਦੇ ਹਾਂ ਪਰ ਘਟਨਾ ਨਾਲ ਸਬੰਧਤ ਨੌਜਵਾਨਾਂ ਨਾਲ ਕਦੇ ਆਪਣੇ ਸੰਪਰਕ ਰਹਿਣ ਤੋਂ ਉਹ ਕਿਵੇਂ ਵੀ ਮੁਨਕਰ ਨਹੀਂ ਹੋ ਸਕਦੇ । ਜੇ ਸਬੰਧਤ ਨੌਜਵਾਨਾਂ ਦੇ ਕਹਿਣ ਅਨੁਸਾਰ ਉਹਨਾਂ ਨੇ ਇਹ ਘਟਨਾ ਜ: ਭੁੱਲਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਕੋਈ ਗਲਤ-ਬਿਆਨੀ ਕਰਨ ਦੇ ਰੋਸ ਵਜੋਂ ਵਰਤਾਈ ਹੈ ਤਾਂ ਦਸਤਾਰ-ਉਤਾਰੀ ਮਗਰੋਂ ਇਸ ਮੁਕੱਦਮੇ ਵਿਚ ਜ: ਭੁੱਲਰ ਮੁਦੱਈ ਤੇ ਨੌਜਵਾਨ ਮੁਦੈਲਾ ਹਨ ਤੇ ਇੰਞ ਘਟਨਾ ਦੀ ਕਹਾਣੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਜ: ਭੁੱਲਰ ਵੱਲੋਂ ਗਲਤ ਗੱਲਾਂ ਕਹਿਣ ਦੇ ਸ: ਗੰਗਾ ਸਿੰਘ ਗਵਾਹ ਸਨ ਪਰ ਸਾਡੀ ਇਤਲਾਹ ਅਨੁਸਾਰ ਘਟਨਾ ਉਪਰੰਤ ਸਟਕਟਨ ਗੁ: ਲਾਇਬਰੇਰੀ ਸਾਹਮਣੇ ਜਦ ਸਬੰਧਤ ਨੌਜਵਾਨਾਂ 'ਚੋਂ ਇਕ ਨੇ ਸ਼ਰੇਆਮ ਸ: ਗੰਗਾ ਸਿੰਘ ਤੋਂ ਇਹ ਗੱਲ ਪੁੱਛੀ ਤਾਂ ਉਨ੍ਹਾਂ ਦਾ ਇਸ ਗਵਾਹੀ ਤੋਂ ਮੁੱਕਰ ਜਾਣਾ ਕਿਵੇਂ ਵੀ ਉਨ੍ਹਾਂ ਦੇ ਸਪੱਸ਼ਟ ਸਟੈਂਡ ਤੇ ਸੁਹਿਰਦਤਾ ਦਾ ਜ਼ਾਮਨ ਨਹੀਂ । ਇਸ ਦਸ਼ਾ ਵਿਚ ਸ: ਗੰਗਾ ਸਿੰਘ ਦਾ ਖੁੜੇ-ਖੜੋਤੇ ਇੰਞ ਮੁਕਰਨਾ ਜਾਂ ਤਾਂ ਉਨ੍ਹਾਂ ਦੇ ਸੱਚ ਕਹਿਣ ਤੋਂ ਝਿਪ ਜਾਣ ਦੀ ਕਮਜ਼ੋਰੀ ਨੂੰ ਜ਼ਾਹਰ ਕਰਦਾ ਹੈ ਤੇ ਜਾਂ ਫਿਰ ਭੋਲੇ ਨੌਜਵਾਨਾਂ ਨੂੰ ਦਾਅ ਲੱਗੇ ਤੋਂ ਆਪਣੇ ਸਿਆਸੀ-ਹਿਤਾਂ ਲਈ ਵਰਤਣ ਵੱਲ ਸੰਕੇਤ ਕਰਦਾ ਹੈ । ਇਸ ਘਟਨਾ ਦੀ ਰੌਸ਼ਨੀ ਵਿਚ ਅਸੀਂ ਸਬੰਧਤ ਨੌਜਵਾਨਾਂ ਨੂੰ ਹੀ ਨਹੀਂ ਸਗੋਂ ਹੋਰ ਸਭ ਨੌਜਵਾਨਾਂ ਨੂੰ ਅੱਖਾਂ ਖੋਲ ਕੇ ਤੁਰਨ ਦੀ ਗੁਜ਼ਾਰਿਸ਼ ਵੀ ਕਰਾਂਗੇ ਅਤੇ ਇਹ ਮਸ਼ਵਰਾ ਵੀ ਦਿਆਂਗੇ ਕਿ ਉਹ ਕਿਸੇ ਸੁਆਰਥੀ-ਲੀਡਰ ਦੇ ਫਫੜਿਆਂ ਹੇਠ ਆ ਕੇ ਉਸਦੀ ਸਿਆਸੀ-ਸ਼ਤਰੰਜ ਦੇ ਮੁਹਰੇ ਨਾ ਬਣਨ ਤੇ ਉਸਦੀ ਉਂਗਲ ਫੜ ਕੇ ਤੁਰਨ ਦੇ ਸੁਭਾਅ ਨੂੰ ਤਿਆਗ ਕੇ ਗੁਰੂ ਆਸਰੇ ਆਪਣੇ ਸੁਤੰਤਰ ਸਟੈਂਡ ਉਤੇ ਖੁੜੇ ਹੋਣ ਤੇ ਸੱਚ ਨੂੰ ਪੱਲੇ ਬੰਨ ਕੇ ਤੁਰਨ ! ਤਾਂ ਹੀ ਉਹ ਕੌਮ ਦੀ ਮਨ-ਚਾਹੀ ਤਸਵੀਰ ਦੇ ਨਕਸ਼ ਉਘਾੜ ਸਕਣਗੇ, ਵਰਨਾ ਲੀਡਰੀ-ਹਵਸ ਦੇ ਇਹ ਭੁੱਖੇ ਲੀਡਰ-ਲੋਕ ਕੌਮ ਦੇ ਇਨ੍ਹਾਂ ਦੁਸਹਿਰੀ-ਅੰਬਾਂ ਨੂੰ ਚੂਪ ਕੇ ਗੁਟਲੀਆਂ ਦੇ ਰੂਪ ਵਿਚ ਪਹਿਲਾਂ ਵਾਂਗ ਹੀ ਸੜਕਾਂ ਤੇ ਸੁੱਟਦੇ-ਵਗਾਹੁੰਦੇ ਰਹਿਣਗੇ !

ਮੌਜੂਦਾ ਸੰਘਰਸ਼ ਵਿਚ ਹਰ ਪੰਥ-ਦਰਦੀ ਤਨ, ਮਨ ਅਤੇ ਧਨ ਨਿਛਾਵਰ ਕਰਨ ਲਈ ਤਤਪਰ ਹੈ ਬਸ਼ਰਤਿ ਕਿ ਪੰਥ ਦੀ ਚੜ੍ਹਦੀ-ਕਲਾ ਲਈ ਲੀਡਰ ਸੁਹਿਰਦਤਾ ਨਾਲ ਰੇਵੀਏ ਪੈਣ । ਅਸੀਂ ਕਿਸੇ ਵੀ ਸਪੱਸ਼ਟ ਸਬੂਤ ਬਿਨਾਂ ਕਿਸੇ ਲੀਡਰ ਉਤੇ ਲਗਦੇ ਦੋਸ਼ਾਂ ਨੂੰ ਸਹੀ ਮੰਨਣ ਲਈ ਤਿਆਰ ਨਹੀਂ ਪਰ ਹਰ ਸਿੱਖ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦਾ ਹੈ ਜਦ ਕਿਸੇ ਲੀਡਰ ਸਿਰ ਕੌਮ ਉਤੇ ਇਸ ਔਖੀ ਘੜੀ ਵਿਚ ਪੰਥਕ-ਮੁਫਾਦ ਦੇ ਨਾਂ ਉਤੇ ਪੈਸਾ ਹਜ਼ਮ ਕਰਨ ਦਾ ਇਲਜ਼ਾਮ ਲਗਦਾ ਪੜਦਾ-ਸੁਣਦਾ ਹੈ । ਭਾਂਵੇਂ ਉਹ ਜ: ਭੁੱਲਰ ਹੈ ਜਾਂ ਗੰਗਾ ਸਿੰਘ ਢਿੱਲੋਂ ! ਪਾਕਿਸਤਾਨ ਵਿਚਲੇ ਸਿੱਖ-ਹਾਈਜੈਕਰਜ਼ ਦੇ ਕੇਸ ਸਬੰਧੀ ਕੋਸ਼ਿਸ਼ਾਂ ਕਰਨ ਦਾ ਜ਼ਿਕਰ ਅਸੀਂ ਸ: ਗੰਗਾ ਸਿੰਘ ਢਿੱਲੋਂ ਦੇ ਮੂੰਹੋਂ ਆਪਣੇ ਇਹਨਾਂ ਕੰਨਾਂ ਨਾਲ ਸੁਣਿਆ ਹੈ ਪਰ ਇਸੇ ਪ੍ਰਸੰਗ ਵਿਚ ਇਕ ਪੰਥਕ-ਹਿਤੂ ਅਤੇ ਗੰਗਾ ਸਿੰਘ ਢਿੱਲੋਂ ਦੇ ਸਾਬਕਾ ਮਿੱਤਰ, ਜਿਸ ਪਾਸ ਉਹ ਸਟਾਕਟਨ ਘਟਨਾ ਤੋਂ ਪਹਿਲੀ ਰਾਤ ਠਹਿਰੇ ਸਨ, ਦੀਆਂ World Sikh News ਮਿਤੀ 24 ਜਨਵਰੀ, 86 ਦੇ ਸਫਾ 10 ਉਤੇ ਛਪੇ ਖਤ ਦੀਆਂ ਸਤਰਾਂ ਨੂੰ ਜ਼ਰਾ ਪੜੋ :-

" ... it is also surprising that the senior Sikh leader, Who had taken himself the responsibility of pursuing this case, failed to cut any ice with Pakistan authorities. Sikh community has contributed thousand of dollars on the assurance that no harm will come to Sikh hijackers.
We have no more faith in these so called leaders ... "

ਜੇ ਇਹ ਸੱਚ ਹੈ ਤਾਂ ਕੀ ਸਿੱਖਾਂ ਦੇ ਵਿਸ਼ਵਾਸ ਤੋਂ ਵਿਰਵੇ-ਵਿਹੂਣੇ ਲੀਡਰ ਸਦਾ ਸਿੱਖਾਂ ਦੇ ਵਿਸ਼ਵਾਸ-ਪਾਤਰ ਬਣੇ ਰਹਿਣਗੇ ?

ਪ੍ਰੈਸ ਵਿਚ ਜ: ਭੁੱਲਰ ਦੇ ਸਬੰਧ ਵਿਚ ਕਾਰਾਂ ਦੀ ਗੱਲ ਵੀ ਲੋਕਾਂ ਨੇ ਚਿਰੋਕਣੀ ਪੂੜੀ ਹੋਈ ਹੈ। ਗੰਗਾ ਸਿੰਘ ਢਿੱਲੋਂ ਦੇ ਮਰਸਡੀ ਖਰੀਦਣ ਦੀਆਂ ਖਬਰਾਂ ਵੀ ਛਪ ਗਈਆਂ ਹਨ। ਇਹਨਾਂ ਖਬਰਾਂ ਪਿਛਲੇ ਸੱਚ ਨੂੰ ਤਾਂ ਇਹੀ ਲੋਕ ਬਿਹਤਰ ਜਾਣਦੇ ਹਨ ਪਰ ਜੇ ਸਿੱਖ-ਲੀਡਰਾਂ ਦੇ ਕਾਰਾਂ-ਕੁਰਸੀਆਂ ਲਈ ਕੌਮ ਨੂੰ ਵਰਤਣ ਦੀਆਂ ਖਬਰਾਂ ਵਿਚ ਅਸਲੀਅਤ ਹੈ ਤਾਂ ਅਜਿਹੇ ਲੀਡਰਾਂ ਦੇ ਗਲਾਂ ਲਈ ਕਦੋਂ ਤੱਕ ਸਿੱਖ ਹਾਰ ਗੁੰਦਦੇ ਰਹਿ ਸਕਣਗੇ ?

ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਵਾਨਿਆਂ ਦੀ ਕਤਾਰ ਨਿਊ ਆਰਲੀਨਜ਼ ਤੋਂ ਜੋਧਪੁਰ ਜਿਹਲ ਤੱਕ ਲੰਬੀ ਹੈ। ਜਿਨ੍ਹਾਂ ਨੇ ਕੌਮ ਦਾ ਇਤਿਹਾਸ ਸਿਰਜਣਾ ਹੈ ਉਹ ਮਰਕੇ ਹੀ ਨਹੀਂ, ਜਿਉਂਦੇ-ਮਰਕੇ ਵੀ ਇਸ ਦੇ ਪੰਨਿਆਂ ਨੂੰ ਖੂੰਨ ਦੀ ਸਿਆਹੀ ਨਾਲ ਲਿਖੀ ਚਲੇ ਜਾ ਰਹੇ ਹਨ। ਇਹਨਾਂ ਸੂਰਬੀਰਾਂ ਦੀ ਕੁਰਬਾਨੀ ਦੀ ਖੱਟਿਆ ਖਾਣ ਵਾਲੇ ਅਖੌਤੀ-ਲੀਡਰਾਂ ਪਾਸ ਹਰ ਸਾਧਾਰਨ ਸਿੱਖ ਦੀ ਅਜੇ ਵੀ ਜੋਦੜੀ ਹੈ ਕਿ ਉਹ ਨਿੱਜੀ-ਸੁਆਰਥ, ਚੌਧਰ ਅਤੇ ਕੁਰਸੀ ਦੀ ਲਾਲਸਾ ਤਿਆਗ ਕੇ ਕੌਮ ਦੀ ਰਾਹਿਨੁਮਾਈ ਕਰਨ ਤੇ ਜੇ ਸੁਹਿਰਦਤਾ ਨਾਲ ਰਾਹਿਨੁਮਾਈ ਨਹੀਂ ਕਰ ਸਕਦੇ ਤਾਂ ਇਸਦੀ ਹਾਲਤ ਤੇ ਤਰਸ ਖਾ ਕੇ ਘੱਟੋ-ਘੱਟ ਆਪਣੇ ਘਰ ਬੈਠ ਜਾਣ ਤੇ ਕੁਰਬਾਨੀ ਦੇ ਰਾਹ ਤੇ ਸਿਰਾਂ ਉਪਰ ਕੱਫਨ ਬੰਨ ਕੇ ਤੁਰੇ ਕਾਫਲੇ ਦੇ ਪੈਰਾਂ ਲਈ ਰੋੜੇ ਕੰਡੇ ਨਾ ਬਣਨ।

ਅੱਜ ਫਿਰ ਪਵਿੱਤਰ ਦਰਬਾਰ ਸਾਹਿਬ ਦੀ ਸੂਹ ਵਿਚ ਫੌਜੀ-ਦਸਤੇ ਦਨਦਨਾਏ ਹਨ। ਇਹਨਾਂ ਨੂੰ ਭਿਜਵਾਇਆ ਭਾਵੇਂ ਉਸੇ ਦਿੱਲੀ-ਸਰਕਾਰ ਨੇ ਹੀ ਹੈ ਪਰ ਇਸ ਵੇਰ ਅਫ਼ਸੋਸ ਕਿ ਇਸ ਵੇਰ ਇਹ ਹਿਮਾਕਤ ਸਰਕਾਰੀਏ ਅਕਾਲੀ-ਹੁਕਮਰਾਨਾਂ ਦੁਆਰਾ ਹੋਈ ਹੈ, ਜਿਨ੍ਹਾਂ ਦਾ ਵਜ਼ਾਰਤੀ-ਮਹੱਲ ਉਸਰਿਆ ਹੀ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹਮਲੇ ਸਮੇਂ ਸ਼ਹੀਦ ਹੋਏ ਅਣਗਿਣਤ ਸੂਰਬੀਰਾਂ ਦੇ ਪਿੰਜਰਾਂ ਤੇ ਸੀ।

ਸਾਡੀ ਇਸ ਲੇਖ-ਲੜੀ ਦਾ ਮੰਤਵ ਨਾ ਜ: ਭੁੱਲਰ ਦੀ ਹੇਠੀ ਕਰਨਾ ਸੀ ਅਤੇ ਨਾ ਗੰਗਾ ਸਿੰਘ ਢਿੱਲੋਂ ਨੂੰ ਨੀਂਵਾਂ ਦਿਖਾਉਣਾ ਤੇ ਨਾ ਹੀ ਸਟਾਕਟਨ ਵਾਲੇ ਮੱਜਣਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਸੀ । ਸਾਡਾ ਮੰਤਵ ਹਰ ਮਹਿਜ਼ ਇਹਨਾਂ ਦੇ ਕਿਰਦਾਰ ਸਬੰਧੀ ਸੰਗਤਾਂ 'ਚ ਹੋ ਰਹੀ ਘੁਸਰ-ਮੁਸਰ ਨੂੰ ਇਹਨਾਂ ਤੱਕ ਪਹੁੰਚਾਣਾ ਸੀ ਤਾਂ ਕਿ ਇਹਨਾਂ ਤੱਥਾਂ ਦੇ ਆਧਾਰ ਤੇ ਸਵੈ-ਪੜਚੋਲ ਕਰਕੇ ਤੇ ਸੱਚ ਦਾ ਪੱਲਾ ਫੜ ਕੇ, ਔਝੜਜ਼ਨ ਦੀ ਬਜਾਏ, ਇਹ ਸਹੀ ਪੰਧ ਉਤੇ ਵਧੇਰੇ ਸਾਬਤ-ਕਦਮ ਹੋ ਕੇ ਟੁਰ ਸਕਣ। ਅਜ ਅਸੀਂ ਇਸ ਲੇਖ-ਲੜੀ ਦੇ ਅੰਤ ਤੇ ਇਹਨਾਂ ਸਾਰੀਆਂ ਧਿਰਾਂ ਨੂੰ ਮੌਜੂਦਾ ਸੰਘਰਸ਼ ਵਿਚ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਅਤੇ ਸਿਰ ਜੋੜ ਕੇ ਆਪਣਾ ਯੋਗਦਾਨ ਪਾਉਣ ਦਾ ਪੈਗਾਮ ਦਿੰਦੇ ਹਾਂ।

ਆਓ ! ਇਸ ਬਿਖੜੀ-ਘੜੀ ਵਿਚ ਅਸੀਂ ਸਾਰੇ ਸੁਆਰਥ ਤੇ ਵਖਰੇਵੇਂ ਭੁੱਲ ਕੇ ਅੱਜ ਉਨ੍ਹਾਂ ਸੂਰਬੀਰਾਂ ਨੂੰ ਮੋਢਾ ਦੇਈਏ ਜੋ ਕੌਮ ਦੀ ਸ਼ਮ੍ਹਾਂ ਨੂੰ ਰੋਸ਼ਨ ਰੱਖਣ ਲਈ ਆਪਣਾ ਖੂੰਨ ਦੇ ਰਹੇ ਹਨ !

' ਜਾਗੋ '
(ਮਈ, 1986)

ਲੀਡਰ

ਮੈਂ ਇਕ ਘਾਗ ਸਿੱਖ-ਸਿਆਸਤਦਾਨ ਹਾਂ !
ਜੁ ਕੁਝ ਦਿਨਾਂ ਤੋਂ ਪ੍ਰੇਸ਼ਾਨ ਹਾਂ। ਬਹੁਤ ਪੇਸ਼ਮਾਨ ਹਾਂ !!
ਮੈਂ-ਜੁ ਪੰਥ ਦੀ ਚੜ੍ਹਦੀ ਕਲਾ ਦਾ ਤਲਬਗਾਰ ਹਾਂ
ਕੁਝ ਦਿਨਾਂ ਤੋਂ ਸ਼ਰਮਸ਼ਾਰ ਹਾਂ ! ਬਹੁਤ ਹੀ ਸ਼ਰਮਸ਼ਾਰ ਹਾਂ !!

ਉਂਞ ਮੈਂ ਪੰਥ ਲਈ ਸੀਸ ਤਲੀ ਤੇ ਧਰਨ ਲਈ ਤਿਆਰ ਹਾਂ
ਤੇ ਕੌਮ ਲਈ ਮਰਨ ਵਾਸਤੇ ਵੀ ਬੇਕਰਾਰ ਹਾਂ
ਪਰ ਇਹ ਅੰਦਰੇ-ਅੰਦਰ ਸਿਰਫ ਮੈਨੂੰ ਹੀ ਪਤਾ ਹੈ
ਕਿ ਮੈਂ ਇਹ ਸਭ ਕੁਝ ਗੱਲੀਂ-ਬਾਤੀਂ ਤੇ ਭਾਸ਼ਣਾਂ ਰਾਹੀਂ ਹੀ
ਕਰਨ 'ਚ ਹੁਸ਼ਿਆਰ ਹਾਂ !
ਮੈਂ-ਜੁ ਇਕ ਇਤਿਹਾਸਕ-ਪਾਤਰ ਹਾਂ
ਇਸ ਕਿੱਤੇ 'ਚ ਬਹੁਤ ਦੇਰ ਤੋਂ ਮਾਹਰ ਹਾਂ !!

ਆਖਣ ਨੂੰ ਤਾਂ ਮੈਂ ਗੁਰੂ ਕਾ ਸਿੰਘ ਹਾਂ
ਪੰਥ ਦਾ ਦਾਸ ਹਾਂ !
ਪਰ ਮੇਰੇ ਚੋਂ ਗੁਰੂ ਕਾ ਸਿੰਘ ਗੁਜ਼ਰ ਗਿਆ ਹੈ
ਤੇ ਪੰਥ ਦਾ ਦਾਸ ਕਦੋਂ ਦਾ ਮਰ ਗਿਆ ਹੈ !
ਮੈਂ ਬੜੀ ਵੇਰ ਗੁਰੂ ਨੂੰ ਬੇਦਾਵਾ ਲਿਖਿਆ ਹੈ
ਤੇ ਕੌਮ ਦਾ ਵਿਸ਼ਵਾਸ ਟੁਕਿਆ ਹੈ !
ਪਰ ਮੈਂ ਏਨਾ ਕੱਚਾ ਨਹੀਂ
ਕਿ ਆਪਣੀ ਗ਼ਲਤੀ ਦੇ ਪਸਚਾਤਾਪ ਵਜੋਂ
ਖਿਦਰਾਣੇ ਦੀ ਢਾਬ ਤੇ ਜਾ
ਆਪਣੀ ਬਚਾਈ ਜਾਨ ਖੂਹ 'ਚ ਲੈ ਰੁਲਾਵਾਂ
ਤੇ ਆਪਣੇ ਹੱਥਾਂ ਦਾ ਸੋਚ-ਸਮਝ ਕੇ ਲਿਖਿਆ
ਬੇਦਾਵਾ ਜਾ ਪੜਵਾਵਾਂ ।
ਆਪਣੇ ਕੀਤੇ ਗੁਨਾਹ ਕੌਮ ਤੋਂ ਆਪਣੀ ਝੋਲੀ 'ਚ ਪੁਆ ਲਵਾਂ
ਤੇ ਜਿਉਂਦੇ-ਜੀਅ ਆਪਣੀ ਲਛਿਰੀ ਦਾ ਹੀ ਭੋਗ ਢੁੱਕ ਪਾਵਾਂ !

ਮੈਂ ਬੜੀ ਵੇਰ ਅਰਦਾਸ ਕਰਕੇ ਹਰ ਮੋਰਚਾ ਭੁਖਾਇਆ ਹੈ
ਗੁਰੂ ਦੇ ਵਫ਼ਾਦਾਰ ਸਿੰਘਾਂ ਨੂੰ ਜਿਹਲਾਂ 'ਚ ਸੁਟਵਾਇਆ ਹੈ
ਤੇ ਗੋਲੀਆਂ ਨਾਲ ਭੂੰਨਵਾਇਆ ਹੈ !
ਮੈਂ ਬੜੀਆਂ ਮਾਵਾਂ-ਭੈਣਾਂ ਨੂੰ ਵਿਧਵਾ ਕੀਤਾ ਹੈ
ਤੇ ਮਾਸੂਮ ਬਾਲਾਂ ਨੂੰ ਯਤੀਮ ਬਣਵਾਇਆ ਹੈ !
ਪਰ ਮੈਂ ਕੌਮ ਦਾ ਸਦਾ-ਬਹਾਰ ਲੀਡਰ ਵੀ ਤਾਂ ਰਹਿਣਾ ਹੈ
ਇਸ ਲਈ ਇਹ ਅੰਦਰਖਾਤੇ ਮੈਂ ਹਰ ਸਰਕਾਰ ਨਾਲ
ਗਾਂਢਾ-ਸਾਂਢਾ ਰੱਖਿਆ ਹੈ

ਤੇ ਸਮਝੌਤੇ ਦਾ ਕੋਈ ਰਾਹ ਅਪਣਾਅ ਕੇ
ਵਿਚ-ਵਿਚਾਲਾ ਕਰ ਵਿਖਾਇਆ ਹੈ !
ਸਿੰਘਾਂ ਦੀ ਸ਼ਹਾਦਤ ਨੂੰ ਖੂਹ-ਖਾਤੇ ਸੁੱਟ ਕੇ
ਹਰ ਮੋਰਚਾ ਮੁਕਾਇਆ ਹੈ
ਤੇ ਹਾਰ ਕੇ ਵੀ ਜਿੱਤ ਦਾ ਨਾਅਰਾ ਲਾਇਆ ਹੈ !!
ਮੈਂ ਗੁਰੂ ਦੇ ਸਨਮੁਖ ਅਰਦਾਸੇ ਸੋਧ ਸੋਧ ਕੇ
ਮਰਨ-ਵਰਤ ਵੀ ਰੱਖੇ ਹਨ
ਪਰ ਗੁਰੂ ਦੇ ਵਫਾਦਾਰ ਸਿੰਘਾਂ ਨੂੰ
ਸਦਾ ਬੇਸਮਝ ਤੇ ਬੇਵਕੂਫ ਸਿੱਧ ਕੀਤਾ ਹੈ
ਤੇ ਜੂਸ ਪੀ ਕੇ ਆਪ ਪਿੰਡਾ ਵੀ ਬਚਾਇਆ ਹੈ !
ਪਰ ਉਹਨਾਂ ਨੂੰ ਫਿਰ ਵੀ ਆਪਣੇ ਮਗਰ ਲਾਇਆ ਹੈ !!

ਮੈਂ ਗੁਫਤਾਰ ਦਾ ਗਾਜ਼ੀ ਹਾਂ -
ਜਦ ਵੀ ਮੈਂ ਲੱਛੇਦਾਰ ਤੇ ਗੁਰਬਾਣੀ ਦੀ ਜੜਤ ਵਾਲੇ
ਭਾਸ਼ਣ ਕੀਤੇ ਹਨ
ਲੋਕਾਂ ਦਾ ਖੂੰਨ ਗਰਮਾਇਆ ਹੈ !
ਤੇ ਸੰਗਤ 'ਚ ਪਹਿਲੋਂ ਸਿਖਾ ਕੇ ਬਿਠਾਏ
ਆਪਣੇ ਕਿਸੇ ਟੋਡੀ ਤੋਂ ਜੈਕਾਰਾ ਵੀ ਬੁਲਾਇਆ ਹੈ !!
ਮੈਂ 'ਪੰਥ-ਰਤਨ' ਹਾਂ 'ਸੰਤ ਬਾਬਾ' ਹਾਂ
'ਸਰਦਾਰੇ-ਆਜ਼ਮ' ਹਾਂ 'ਸ਼ਿਰੋਮਣੀ ਲੀਡਰ' ਹਾਂ
ਮੈਂ ਗੁਰੂ ਵਾਂਗ
ਹਰ ਮੋਰਚੇ 'ਚ ਸਿੱਖਾਂ ਤੋਂ ਸਿਰ ਵੀ ਮੰਗੇ ਹਨ
ਪਰ ਉਹਨਾਂ ਦੇ ਸਿਰ ਵਢਾ ਕੇ ਇਹਨਾਂ ਦੇ ਮੁੱਲ ਵੀ ਵੱਟੇ ਹਨ
ਪਰ ਮੈਂ ਗੁਰੂ ਜਿੰਨਾ ਭੋਲਾ ਨਹੀਂ
ਜੁ ਆਪਣਾ ਸਰਬੰਸ ਵਾਰ ਦੇਵਾਂ
ਮੈਂ ਆਪਣੇ ਪਿੰਡੇ ਤੇ ਇਕ ਝਰੀਟ ਨਹੀਂ ਆਉਣ ਦਿੱਤੀ
ਤੇ ਟੱਬਰ ਕੀ ਦੂਰ ਦੇ ਰਿਸ਼ਤੇਦਾਰਾਂ
ਦੀਆਂ ਵੀ ਕੁੱਖਾਂ ਕੱਢ ਦਿਤੀਆਂ ਹਨ
ਉਹਨਾਂ ਨੂੰ ਕੌਮ ਦੇ ਕੁਲ ਦੇ ਨੇਤਾ ਵੀ ਬਣਾਇਆ ਹੈ !
ਤੇ ਆਪਣੇ ਸਿਆਸੀ-ਭਵਿੱਖ ਲਈ
ਉਹਨਾਂ ਨੂੰ ਵੰਡ ਵੰਡ ਕੇ ਅੱਡੋ-ਅੱਡ
ਪਾਰਟੀਆਂ 'ਚ ਪਾਇਆ ਹੈ !!

ਮੈਂ ਜਾਣਦਾ ਹਾਂ
ਕਿ ਮੈਂ ਗੁਰੂ ਨੂੰ ਸਦਾ ਹੀ ਪਿੱਠ ਦਿਤੀ ਹੈ
ਉਸਦੇ ਪੰਥ ਨੂੰ ਵੀਹ ਵੇਰੀ
ਵੇਚਿਆ-ਵੱਟਿਆ ਤੇ ਮਰਵਾਇਆ ਹੈ
ਪਰ ਮੈਂ ਏਨਾ ਘੋਗਲ-ਕੰਨਾਂ ਨਹੀਂ
ਮੈਂ ਸੰਗਤਾਂ ਦਾ ਰੋਂ ਵੇਖ ਕੇ ਚਲਦਾ ਰਿਹਾ ਹਾਂ !
ਮੈਂ ਭਾਤੇ ਦੇ ਟੱਟੂ ਅਖਬਾਰਾਂ ਨੂੰ

ਇਸ਼ਤਿਹਾਰਾਂ ਦਾ ਚਟ੍ਹਾਲਾ ਪਾ ਕੇ
ਵਰਾਇਆ ਤੇ ਚੁੱਪ ਕਰਾਇਆ ਹੈ !
ਤੇ ਪਰਚਿਆਂ ਦੀਆਂ ਸਦਾ ਲੱਤਾਂ ਘੁੱਟੀਆਂ ਹਨ
ਉਹਨਾਂ ਨੂੰ ਮਿੰਨਤ ਨਾਲ ਵੀ ਮਨਾਇਆ ਹੈ !!

ਮੇਰੀ ਝੱਗੀ ਦੀ ਜੇਬ 'ਚ
ਦਲ ਦੀਆਂ, ਕਮੇਟੀ ਦੀਆਂ
ਅਸੈਂਬਲੀ ਦੀਆਂ, ਪਾਰਲੀਮੈਂਟ ਦੀਆਂ
ਅਤੇ ਕਾਰਪੋਰੇਸ਼ਨਾਂ ਤੇ ਬੋਰਡਾਂ ਦੀਆਂ ਕਿੰਨੀਆਂ ਹੀ ਟਿਕਟਾਂ/ਪੋਸਟਾਂ ਹਨ
ਜਦ ਵੀ ਤੇ ਜਿੰਨਾ ਵੀ ਕੋਈ ਮੇਰੇ ਖਿਲਾਫ ਭੌਂਕਿਆ ਹੈ
ਮੈਂ ਉਸਦਾ ਮੂੰਹ ਬੰਦ ਕਰਨ ਲਈ
ਉਸਦੇ ਮੇਚੇ ਦਾ ਟਿਕਟ ਉਸਦੇ ਮੂੰਹ 'ਚ ਪਾਇਆ ਹੈ
ਇੰਝ ਸਗੋਂ ਆਪਣਾ ਪੱਖ ਵੀ ਬਣਾਇਆ ਹੈ !
ਤੇ ਆਪਣੀ ਕੁਰਸੀ ਦੀਆਂ ਲੱਤਾਂ ਨੂੰ
ਭੋਰਾ ਸੀਮੈਂਟ ਹੀ ਲਾਇਆ ਹੈ !!

ਪਰ ਪਿਛਲੇ ਕੁਝ ਸਮੇਂ ਤੋਂ
ਜਦ ਤੋਂ ਸਰਕਾਰ ਨੇ ਹਰਿਮੰਦਰ ਨੂੰ ਛਾਨਣੀ ਕੀਤਾ ਹੈ
ਤੇ ਅਕਾਲ ਤਖਤ ਨੂੰ ਢਾਹਿਆ ਹੈ
ਪਰਕਰਮਾ ਵਿਚ ਨਿਹੱਥੇ ਲੋਕਾਂ ਨੂੰ ਫੁੰਡਿਆ ਹੈ
ਤੇ ਗੁਰ-ਵਿਰਸੇ ਨੂੰ ਜਲਾਇਆ ਹੈ !
ਮੈਂ ਬਹੁਤ ਪ੍ਰੇਸ਼ਾਨ ਹਾਂ ! ਮੈਂ ਸੁੱਤਾ ਨਹੀਂ !!
ਉਂਞ ਮੈਂ ਨਿਹੱਥੇ ਲੋਕਾਂ ਨੂੰ ਭੁਜਦੇ
ਤੇ ਅਕਾਲ ਤਖਤ ਨੂੰ ਸਤਦੇ ਛੱਡ ਕੇ
ਅਕਲ ਦੀ ਚਾਲ ਨਾਲ ਨਿਕਲ ਕੇ
ਪੰਚਮਹੀ ਜਿਹਲ ਵਿਚ ਸੁਰੱਖਿਅਤ ਵੀ ਬੈਠ ਗਿਆ ਹਾਂ
ਤੇ ਮੈਂ ਸਿਰ ਤੇ ਪੈਰ ਰੱਖ ਕੇ ਮੁਲਕੋਂ ਭੱਜ ਕੇ
'ਸੰਤਾਂ ਦਾ ਸੰਦੇਸ਼ਵਾਹਕ' ਹੋਣ ਦਾ ਲੇਬਲ ਵੀ
ਆਪਣੇ ਮੱਥੇ ਤੇ ਲਾਇਆ ਹੈ
ਮੈਂ ਕਾਨਫਰੰਸਾਂ ਕਰਕੇ ਗੋਂਗਲੂਆਂ ਤੋਂ ਮਿੱਟੀ ਵੀ ਝਾੜੀ ਹੈ
ਤੇ ਸੰਗਤਾਂ ਦੀਆਂ ਅੱਖਾਂ 'ਚ ਮਣਾਂ-ਮੂੰਹੀਂ ਘੱਟਾ ਵੀ ਪਾਇਆ ਹੈ।

ਮੈਂ ਲੰਡਨ ਸਾਊਥਾਲ ਦੇ ਸਭ ਤੋਂ ਵੱਡੇ ਗੁਰਦੁਆਰੇ 'ਚ
ਆਪਣੇ ਸਿਆਸੀ-ਜੋਤਸ਼ ਦਾ ਸਿੱਕਾ ਵੀ ਜਮਾਇਆ ਹੈ।
ਤੇ ਆਪਣੇ ਕਿੰਨੀ ਦੇਰ ਪਹਿਲੋਂ ਦੇ ਲਾਏ ਨਾਅਰੇ ਸੰਗ
ਪੰਥ ਨੂੰ ਮੰਜ਼ਿਲ ਦਾ ਰਾਹ ਵੀ ਦਰਸਾਇਆ ਹੈ ।
ਮੈਂ ਵੈਨਕੂਵਰ ਦੇ ਗੁਰੂ-ਘਰਾਂ 'ਚ ਹਰਿਮੰਦਰ ਦੇ
ਛਾਨਣੀ ਹੋਣ ਦਾ ਵਿਰਲਾਪ ਵੀ ਕੀਤਾ ਹੈ
ਤੇ ਸਟਾਕਟਨ ਦੇ ਗਦਰੀ-ਗੁਰਦੁਆਰੇ 'ਚ
ਪੰਥ ਦੀ ਆਜ਼ਾਦ ਹਸਤੀ ਦਾ ਨਾਅਰਾ ਵੀ ਲਾਇਆ ਹੈ ।

ਮੈਂ ਨਿਊਯਾਰਕ ਵਿਚ ਸੁਲਝੇ ਹੋਏ ਬਿਆਨ ਵੀ ਦਾਗੇ ਹਨ
ਤੇ ਕੌਮ ਨੂੰ ਚੱਕ੍ਰਿਤ ਕਰ ਵਿਖਾਇਆ ਹੈ !

ਮੈਂ ਵਾਸ਼ਿੰਗਟਨ 'ਚ
ਪੰਥ ਦੀ ਹੋਣੀ ਉਤੇ ਆਪਣੀ ਬੇਵਸੀ ਦੇ ਹੰਝੂ ਕੇਰ ਕੇ
ਨੌਜਵਾਨ ਵੀ ਭਰਮਾ ਸਕਦਾ ਹਾਂ
ਤੇ ਲੀਡਰੀ ਦੀ ਦੁਲਹਨ ਵੀ ਪਰਨਾਅ ਸਕਦਾ ਹਾਂ !
ਹੱਥ ਤੇ ਸਰ੍ਹੋਂ ਜਮਾ ਸਕਦਾ ਹਾਂ !!
ਤੇ ਨਾ ਕੁਛ ਕਰ ਸਕਣ ਦੀ ਸੂਰਤ 'ਚ
ਗੱਦੀ ਛੱਡ ਜਾਣ ਦਾ ਨਾਅਰਾ ਲਾ ਕੇ
ਆਪਣਾ ਤੀਰ ਐਨ ਨਿਸ਼ਾਨੇ ਤੇ ਵੀ ਲਾ ਸਕਦਾ ਹਾਂ !!!
ਮੈਂ ਕੁਆਲਾਲੰਪਰ ਦੇ ਤੱਤ ਖਾਲਸਾ ਗੁਰਦੁਆਰੇ ਤੋਂ ਲੈ ਕੇ
ਯੂਬਾ ਸਿਟੀ ਦੇ ਗੁਰਦੁਆਰੇ ਤੱਕ
ਪੰਥ ਨੂੰ ਇਕ ਲੜੀ 'ਚ ਪ੍ਰੋਤਾ ਹੈ
ਤੇ ਦੂਰ ਦਿਸ-ਹੱਦੇ ਤੱਕ
ਆਪਣੀ ਲੀਡਰੀ ਦਾ ਝੰਡਾ ਵੀ ਲਹਿਰਾਇਆ ਹੈ !
ਮੈਂ ਕੌਮ ਦੀ ਤਨ ਮਨ ਤੇ ਧਨ ਨਾਲ
ਸਵਾ ਸੋਲਾ ਆਨੇ ਸੱਚੇ ਦਿਲੋਂ ਸੇਵਾ ਕੀਤੀ ਹੈ
ਤੇ ਪੰਥ ਦੇ ਕਬੂਤਰਾਂ ਨੂੰ
ਆਪਣੀਆ ਤਲੀਆਂ ਤੇ ਚੋਗਾ ਚੁਗਾਇਆ ਹੈ !
ਤੇ ਇੰਵ ਆਪਣੀ ਛਤਰੀ ਤੇ ਬਿਠਾਇਆ ਹੈ !!!

ਮੈਂ ਮੋਰਚਿਆਂ 'ਚੋਂ ਵਿਚਰ ਦੇ ਤਿੱਖਾ
ਤੇ ਘਟਨਾਵਾਂ ਚੋਂ ਲੰਘ ਕੇ ਸਿਆਣਾ ਹੋ ਗਿਆ ਹਾਂ
ਮੈਂ ਕੌਮ ਦੇ ਰਿਫੀਊਜ਼ੀਆਂ ਲਈ
ਮਾਇਆ ਦੇ ਖੁਲ੍ਹੇ-ਗੱਫੇ ਵੀ ਇਕੱਠੇ ਕੀਤੇ ਹਨ
ਪਰ ਐਤਕੀਂ ਮੈਂ ਆਈ ਮਾਇਆ ਦੇ
ਅਖਬਾਰਾਂ 'ਚ ਵੇਰਵੇ ਵੀ ਛਾਪੇ ਹਨ
ਤੇ ਦਾਨੀਆਂ ਨੂੰ ਪੱਕੀਆਂ ਰਸੀਦਾਂ ਵੀ ਦਿੱਤੀਆਂ ਹਨ
ਤੇ ਗੁਰੂ ਦੀ ਸਹੁੰ
ਐਤਕੀਂ ਮੈਂ ਹਿਸਾਬ ਨੂੰ ਇਕੋ ਰਜਿਸਟਰ ਹੀ ਲਾਇਆ ਹੈ !
ਮੈਂ ਪੰਥ ਦੀ ਕਿਸੇ ਸੇਵਾ ਲਈ ਦੁਆਨੀ ਵੱਧ ਨਹੀਂ ਖਰਚੀ
ਜਿੰਨਾ ਹੋ ਸਕਿਆ ਹੈ ਬਚਾਇਆ ਹੈ !!
ਮੈਂ ? ਮੈਂ ਪੰਥ ਦਾ ਪੈਸਾ-ਪੈਸਾ ਸਾਂਭ ਕੇ ਵਿਖਾਇਆ ਹੈ !!

ਅਕਾਲ ਤਖਤ ਢਹਿ ਗਿਆ ਹੈ .....
ਹਰਿਮੰਦਰ ਛਾਨਣੀ ਹੋ ਗਿਆ ਹੈ .....
ਜੁਆਨੀ ਗੰਨਿਆਂ ਵਾਂਗ ਟੋਟੇ ਕਰ ਦਿਤੀ ਗਈ ਹੈ .....
ਲੋਕੀ ਦਾਣਿਆਂ ਵਾਂਗ ਭੂੰਨ ਦਿੱਤੇ ਗਏ ਹਨ .....
ਭਜਦੇ-ਲੁਕਦੇ ਮਾਸੂਮ ਬੱਚੇ

ਮਾਵਾਂ ਸਮੇਤ ਫੂੰਡ ਦਿਤੇ ਗਏ ਹਨ .....
ਸਰਕਾਰੀ-ਦਰਿੰਦਿਆਂ ਨੇ ਦਿਨ-ਦਿਹਾੜੇ ਘਰ ਲੁੱਟ ਲਿਆ ਹੈ .....
ਕੌਮ ਲਾਵਾਰਸ ਹੋ ਗਈ ਹੈ .....
ਕੋਈ ਨਾ ! ਗੁਰੂ ਦੀ ਮਿਹਰ ਚਾਹੀਦੀ ਹੈ-ਸਭ ਭੁੱਲ ਜਾਏਗਾ !
ਉਹ ਆਪ ਸਾਂਭੇਗਾ-ਪੰਥ ਦਾ ਵਾਲੀ ਹੈ !!
ਉਹ ਆਪ ਟਿਕ-ਟਿਕਾ ਵੀ ਕਰੇਗਾ
ਮੈਨੂੰ ਕੁਰਸੀ ਤੇ ਵੀ ਬਿਠਾਵੇਗਾ
ਪੰਥ ਨੂੰ ਨੱਥਣ ਦੀ ਸ਼ਕਤੀ ਵੀ ਬਖਸ਼ੇਗਾ
ਜਿਸਨੇ ਮੈਨੂੰ ਪੰਥ ਦੀ ਸੇਵਾ ਤੇ ਲਾਇਆ ਹੈ !
ਵੀਹ ਵੇਰੀ ਸਿੱਟ ਸਿੱਟ ਕੇ ਮੁੜ ਕੁਰਸੀ ਤੇ ਬਿਠਾਇਆ ਹੈ !!
ਮੈਂ 'ਵਿਗੜੇ ਬਾਲਕ' ਨੂੰ ਇਸ ਖਿਡੌਣੇ ਸੰਗ ਵਰਚਾਇਆ ਹੈ !!!!
ਪਰ ਕਿੰਨੇ ਹੀ ਦਿਨਾਂ ਤੋਂ ਮੈਂ ਕਿਧਰੇ ਵੀ ਸੁਰੱਖਿਅਤ ਨਹੀਂ
ਪਤਾ ਨਹੀਂ ਮੈਨੂੰ ਕਿਉਂ ਨੀਂਦ ਨਹੀਂ ਆ ਰਹੀ ?
ਮੇਰਾ ਦਿਲ ਕਿਉਂ ਘਟਦਾ ਹੈ ?
ਮੇਰੀ ਆਤਮਾ ਕਿਉਂ ਤੜਪਦੀ ਹੈ ?
ਮੈਂ ਪ੍ਰੇਸ਼ਾਨ ਹਾਂ ! ਬਹੁਤ ਪਸ਼ੇਮਾਨ ਹਾਂ !!
ਮੈਂ-ਜੁ ਗੁਰੂ ਘਰ ਦਾ ਕੂਕਰ ਹਾਂ !
ਪੰਥ ਦਾ ਦਾਸ ਹਾਂ !!
ਇਕ ਘਾਗ ਸਿੱਖ-ਸਿਆਸਤਦਾਨ ਹਾਂ !!!

(ਮਈ, 1986)

ਵਿਅੰਗ-ਵਢਾਂਗਾ

ਚਿੱਟਾ ਬਾਣਾ ਮਿੱਠੀ ਬਾਣੀ ਮੰਦ - ਮੰਦ ਮੁਸਕਾਨ !
ਸੰਗਤ-ਮੋਹਣੇ ਪੰਥ-ਮਾਰਨੇ ਅਹੁ ਜਾਂਦੇ ਪਰਧਾਨ !!
ਅਹੁ ਜਾਂਦੇ ਪਰਧਾਨ ਭੋਰਦੇ ਅੱਖ ਪਤਾਸੇ।
ਜਦ ਦੀ ਕੁਰਸੀ ਮਿਲੀ ਤਦੋਂ ਦੇ ਰੰਗ ਤਮਾਸੇ।
ਕਹੇ ਮੁਗਧਰ ਕਵੀ ਰਾਇ ਅਜਬ ਹੈ ਉਸਦੀ ਲੀਲਾ !
ਮੱਕੀ ਗੁੰਡਦੇ ਆਣ ਮਾਂਜਿਆ ਪੰਥ - ਪਤੀਲਾ !!

ਹੇ ਸਤਿਗੁਰ ਜੀ ਕਰਾਂ ਬੇਨਤੀ ਬਣ ਜਾਵਾਂ ਪਰਧਾਨ !
ਕੁਰਸੀ ਕਾਰ ਮਿਲੇ ਹੇ ਦਾਤਾ ਨਿੱਤ ਨਿੱਤ ਛਪਣ ਬਿਆਨ।
ਨਿੱਤ ਨਿੱਤ ਛਪਣ ਹਉਮੈ ਨੂੰ ਪੈਸਣ ਪੱਠੇ।
ਟਰਕਾਵਾਂ ਦਿਨ ਰਾਤ ਲੋਕ ਫਿਰ ਆਵਣ ਨੱਠੇ।
ਕਹੇ ਮੁਗਧਰ ਕਵੀ ਰਾਇ ਪ੍ਰਭੂ ਇਹ ਕਰੋ ਜਤਨ ਜੀ!
ਬੁਧੀਮਾਨੀ ਹਾਂ ਪਾਸ ਬਣਾਓ 'ਪੰਥ - ਰਤਨ' ਜੀ !!

ਤਲਵੰਡੀ ਨੂੰ ਤੁੱਖਣਾ ਦੇ ਕੇ ਤੁਤ ਜੀ ਅਸੀਂ ਚਲਾਏ!
ਫੱਟਾ ਖਿੱਚਿਆ ਤਲਵੰਡੀ ਦਾ ਲੋਂਗੋਵਾਲ ਬੁਲਾਏ।
ਲੋਂਗੋਵਾਲ ਬੁਲਾਏ ਕਿਹਾ ਫਿਰ- ਇਹ ਹਨ ਠੰਢੇ।
ਤੁਸੀਂ ਬਣੋ ਜਰਨੈਲ ਸੰਤ ਜੀ ਚਾੜੋ ਝੰਡੇ।
ਕਹੇ ਮੁਗਧਰ ਕਵੀ ਰਾਇ ਸੰਤ ਪਾ ਗਏ ਸ਼ਹੀਦੀ !
ਰੜੇ ਮਾਰਤੀ ਕੌਮ ਜਿਉਂਦੇ ਮਰ ਗਏ ਗੀਦੀ !!

'ਅੰਗ-ਰੇਜੀਂ' ਵਿਚ ਦਸਖਤ ਕਰਨੇ ਸਿਖਲਾਓ ਅਸ਼ਿਨਾਸੀ !
ਮੁੱਖ-ਮੰਤਰੀ ਬਣਨੈਂ ਸਾਡੀ ਉਮਰ ਚਲੀ ਗਈ ਖਾਸੀ।
ਉਮਰ ਚਲੀ ਗਈ ਖਾਸੀ ਖਾਹਸ਼ ਨਾ ਮਨ ਵਿਚ ਰਹਿ ਜੇ।
ਪ੍ਰਿਗ ਸੰਮਣ ਹੈ ਸਾਡਾ ਬਾਦਲ ਟਿਕ ਜੇ ਬਹਿ ਜੇ।
ਕਹੇ ਮੁਗਧਰ ਕਵੀ ਰਾਇ ਮਾਰੀਏ ਕੋਈ ਘਚਾਨੀ !
ਕੁਰਸੀ ਮਿਲ ਜਾਏ ਹੋਰ, ਬੁੱਢੇ ਨੂੰ ਚੁਤੇ ਜਵਾਨੀ !!

' ਜਾਗੋ '
(ਮਈ, 1986)

ਚੁਰਾਸੀ ਤੋਂ ਚੁਰਾਹੇ ਤੱਕ !

(ਜੂਨ 84 ਦੀ ਤੀਸਰੀ ਵਰ੍ਹੇ-ਗੰਢ ਤੇ....)

ਅੱਜ ਅਸੀਂ ਜੂਨ, 84 ਦੀ ਤੀਸਰੀ ਮਨਹੂਸ ਵਰ੍ਹੇ-ਗੰਢ ਮਨਾ ਰਹੇ ਹਾਂ, ਜਦ ਦਿੱਲੀ ਦੀ ਅਕ੍ਰਿਤਘਣ ਬ੍ਰਾਹਮਣ-ਬਾਣੀਆਂ ਸਰਕਾਰ ਵਲੋਂ ਸਿੱਖਾਂ ਦੀ ਧਾਰਮਿਕ-ਰਾਜਸੀ ਸ਼ਕਤੀ ਨੂੰ ਤਹਿਸ-ਨਹਿਸ ਅਤੇ ਸਿੱਖਾਂ ਨੂੰ ਲੀਡਰ-ਲੈਸ ਕਰਨ ਲਈ ਪੂਰਵ-ਨਿਸਚਤ ਵਿਉਂਤਬੰਦੀ ਨਾਲ ਉਨ੍ਹਾਂ ਤੇ ਮਾਰੂ ਵਾਰ ਕੀਤਾ ਗਿਆ। ਪੂਰੇ ਤਿੰਨ ਵਰ੍ਹੇ ਬਾਅਦ ਅੱਜ ਜੂਨ, 87 ਦੀ ਸਰਦਲ ਤੇ ਖੜ੍ਹ ਕੇ ਪਿੱਛਲ-ਝਾਤ ਮਾਰਦਿਆਂ ਸਿੱਖਾਂ ਦੀ ਹੋਣੀ ਉਤੇ ਆਪ-ਮੁਹਾਰੇ ਖੂੰਨ ਦੇ ਅੱਥਰੂ ਕਿਰਦੇ ਹਨ !

ਕਿਸੇ ਵੀ ਵਿਅਕਤੀ, ਕੌਮ ਜਾਂ ਦੇਸ਼ ਦੇ ਇਤਿਹਾਸ ਵਿਚ ਘਟੀ ਕੋਈ ਵੀ ਦੁਰਘਟਨਾ ਉਸ ਲਈ ਮਹਿੰਗੀ ਨਹੀਂ ਬਸ਼ਰਤਿ ਕਿ ਉਹ ਉਸ ਚੋਂ ਗੁਜ਼ਰ ਕੇ ਕੋਈ ਸਬਕ ਸਿੱਖ ਲਵੇ। ਕੋਈ ਗੱਲ ਪੱਲੇ ਬੰਨ ਲਵੇ !

ਪਰ ਵੱਡੇ ਹੌਫ ਦੀ ਗੱਲ ਇਹ ਕਿ ਜਿਸ ਕੌਮ ਦੇ ਧਰਮ-ਧਾਮਾਂ ਦੀ ਘੋਰ-ਬੇਹੁਰਮਤੀ ਕੀਤੀ ਗਈ, ਜਿਸਦੇ ਗੌਰਵਮਈ ਵਿਰਸੇ ਨੂੰ ਰਾਖ ਦੇ ਢੇਰ ਵਿਚ ਬਦਲ ਦਿੱਤਾ ਗਿਆ, ਜਿਸਨੂੰ ਸਦੀਆਂ ਮਗਰੋਂ ਮਿਲੇ ਉਸਦੇ ਨਿਸ਼ਕਾਮ-ਨਿਧੱੜਕ ਲੀਡਰ ਤੋਂ ਮਹਿਰੂਮ ਕਰ ਦਿੱਤਾ ਗਿਆ, ਜਿਸਦੀਆਂ ਬਹੂ-ਬੇਟੀਆਂ ਦੀ ਇੱਜ਼ਤ -ਆਬਰੂ ਸ਼ਰੇਆਮ ਲੁੱਟੀ ਗਈ ਤੇ ਜਿਸਦੇ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਤਸੀਹੇ ਦੇ ਦੇ ਕੇ ਸਾੜਿਆ-ਮਾਰਿਆ ਗਿਆ, ਉਸ ਕੌਮ ਨੇ ਇਸ ਬੀਤੇ ਦੁਖਾਂਤ ਤੋਂ ਕੋਈ ਸਬਕ ਨਹੀਂ ਸਿੱਖਿਆ ! ਉਸਨੂੰ ਅਜੇ ਸੁਰਤ ਨਹੀਂ ਆਈ !!

ਪਹਿਲੀ ਗੱਲ, ਚੁਰਾਸੀ ਦੇ ਇਸ ਘੱਲੂਘਾਰੇ ਤੋਂ ਪਿਛੋਂ, ਜਿਸ ਵਿਚ ਗੁਰਧਾਮਾਂ ਤੇ ਧਰਮ-ਰੱਖਿਆ ਲਈ ਸੰਤ ਜਰਨੈਲ ਸਿੰਘ ਖਾਲਸਾ ਦੀ ਕਮਾਨ ਹੇਠ ਜੁ ਧਰਮੀ-ਲੋਕ ਜਾਨਾਂ ਤਲੀ ਤੇ ਧਰ ਕੇ ਲੜੇ ਉਹਨਾਂ ਦੇ ਪਿੰਜਰਾਂ ਤੇ ਬੈਠ ਕੇਂਦਰ ਦੀ ਖਚਰੀ-ਸਰਕਾਰ ਨਾਲ ਸਮਝੌਤਾ ਉਹ ਲੋਕ ਕਰਦੇ ਹਨ ਜਿਹਨਾਂ ਨੇ ਆਪਣੀ ਉਂਗਲ ਤੇ ਝਰੀਟ ਤੱਕ ਨਹੀਂ ਆਉਣ ਦਿੱਤੀ ਤੇ ਜਿਹਨਾਂ ਦੀ ਨਿਪੁੰਸਕਤਾ ਨੇ ਹੀ ਦਿੱਲੀ ਦੇ ਧਾੜਵੀਆਂ ਨੂੰ ਵਾਸਤਵ ਵਿਚ ਇਸ ਧਾਵੇ ਲਈ ਸੱਦਾ ਦਿੱਤਾ ਸੀ।

ਅਗਲੀ ਅਚੰਭਾ-ਜਨਕ ਤੇ ਹੈਰਾਨ-ਕੁਨ ਗੱਲ ਇਹ ਹੈ ਕਿ ਇਸ ਹਮਲੇ ਮਗਰੋਂ ਪੰਜਾਬ ਦੀ ਖੂੰਨ-ਰੰਗੀ ਧਰਤ ਉਤੇ ਜੋ ਅਖੌਤੀ ਅਕਾਲੀ-ਸਰਕਾਰ ਬਣਦੀ ਹੈ ਉਹ ਉਹਨਾਂ ਲੋਕਾਂ ਦੀ ਬਣਦੀ ਹੈ ਜਿਹਨਾਂ ਦਾ ਧਰਮ-ਯੁੱਧ ਮੋਰਚੇ ਜਾਂ ਪੰਜਾਬ ਦੇ ਹਿਤਾਂ ਲਈ ਟਕੇ ਦਾ ਯੋਗਦਾਨ ਨਹੀਂ ਸੀ, ਜੋ ਸਿੱਖ-ਧਰਮ ਦੇ ਜਾਣੇ-ਪਹਿਚਾਣੇ ਤੇ ਨੰਗੇ-ਚਿੱਟੇ ਦੁਸ਼ਮਣ ਸਨ ਤੇ ਜਿਹਨਾਂ ਨੇ ਸਿੱਖਾਂ ਦੀਆਂ ਵੋਟਾਂ ਬਟੋਰ ਕੇ ਦਿੱਲੀ ਹੱਥੋਂ ਸਿੱਖਾਂ ਦੇ ਖੂੰਨ-ਲਿੱਬੜੀ ਤਲਵਾਰ ਆਪਣੇ ਹੱਥ ਲੈ ਕੇ ਨਾ ਸਿਰਫ ਸਿੱਖਾਂ ਦੇ ਕਤਲੇਆਮ ਨੂੰ ਬਦਸਤੂਰ ਤੇ ਮਤਵਾਤਰ ਜਾਰੀ ਰੱਖਿਆ ਸਗੋਂ ਸਿੱਖ-ਧਰਮ ਅਸਥਾਨਾਂ ਉਤੇ ਖੁਦ ਹਮਲੇ ਕੀਤੇ ਤੇ ਦਿੱਲੀ-ਸਰਕਾਰ ਦੀ ਹਰ ਸਿੱਖ-ਵਿਰੋਧੀ ਆਸ਼ਾ-ਮਨਸ਼ਾ ਨੂੰ ਸਿੱਖਾਂ ਵਿਚ ਪ੍ਰਚਾਰਨ-ਪ੍ਰਸਾਰਨ ਦਾ ਹਰ ਯੋਗ-ਅਯੋਗ ਉਪਰਾਲਾ ਕੀਤਾ। ਸਰਕਾਰ ਦੀ ਇਸ ਸੁਆਰਥੀ ਤੇ ਕੁਰੱਪਟ-ਹੇਤ ਵਿਚ ਸ਼ਾਮਲ ਲੰਡੀ-ਬੁੱਚੀ ਵਜ਼ੀਰਾਂ ਨੇ ਇਸ ਲੁੱਟੀ-ਪੁੱਟੀ ਤੇ ਵੱਢੀ-ਟੁੱਕੀ ਕੌਮ ਦੀ ਫਸਲ ਨੂੰ ਝੋਲੀਆਂ ਖੂੰਨ ਕੇ ਕਪਾਹ ਵਾਂਗ ਚੁਗਿਆ। ਟੌਹੜੇ ਵਰਗੇ ਕੌਮ-ਘਾਤਕ ਨੇ ਇਕ ਪਾਸੇ ਆਪਣਾ ਇਕ ਹੱਥ ਸਰਕਾਰ ਵਿਚ ਰੱਖ ਕੇ ਆਪਣੇ ਪਿਛਲੱਗ ਸਰਕਾਰ ਵਿਚ ਵਜ਼ੀਰ ਬਣਾਏ ਤੇ ਦੂਸਰਾ ਹੱਥ ਬਰਨਾਲੇ ਦੇ ਸੰਭਾਵਿਤ-ਬਦਲ ਬਾਦਲ ਨਾਲ ਵੀ ਮਿਲਾਈ ਰੱਖਿਆ ਤਾਂ ਕਿ ਆਉਂਦੀ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਇਸਦੀ ਪ੍ਰਧਾਨਗੀ ਦੀ ਗੋਂਦ ਬੋਚੀ ਜਾ ਸਕੇ। ਗੁਰਧਾਮਾਂ ਦੀ ਏਨੀ ਬੇਹੁਰਮਤੀ ਕਰਵਾ ਕੇ ਤੇ ਏਨੇ ਬੇਗੁਨਾਹ ਲੋਕਾਂ ਦੇ ਖੂੰਨ ਵਿਚ ਹੱਥ ਰੰਗ ਕੇ ਵੀ ਇਹ ਸ਼ੈਤਾਨ ਕੁਰਸੀ ਲਈ ਹਲਕਿਆ-ਹਰਫਲਿਆ ਫਿਰਦਾ ਰਿਹਾ। ਬਾਬਾ ਜੋਗਿੰਦਰ ਸਿੰਘ ਦੇ ਸੁਰਮੇ ਸਾਹਿਬਜ਼ਾਦੇ ਨੂੰ ਆਪਣੇ ਰਾਹ ਵਿਚੋਂ ਲਾਂਭੇ ਕਰਕੇ ਅਫਸੋਸ ਬਹਾਨੇ ਇਸ ਨੇ ਬਾਬਾ ਜੋਗਿੰਦਰ ਸਿੰਘ ਦਾ ਵਿਹਤਾ ਹੀ ਨੀਵਾਂ ਨਹੀਂ ਕੀਤਾ ਸਗੋਂ ਹੱਥੀਂ ਟੈਕਾਂ ਨਾਲ ਪਟਵਾਈ ਪ੍ਰਕਰਮਾ

ਵਿਚ ਖਾੜਕੂ- ਨੌਜਵਾਨਾਂ ਨੂੰ ਕਾਬੂ ਕਰਨ ਤੇ ਸਵਾਰਥ ਲਈ ਵਰਤਣ ਵਾਸਤੇ 'ਸੰਤ ਜਰਨੈਲ ਸਿੰਘ-ਜ਼ਿੰਦਾਬਾਦ' ਦੇ ਨਾਅਰੇ ਲਾਏ ਤੇ ਉਹਨਾਂ ਨੂੰ ਵੰਡਣ-ਪਾੜਨ ਲਈ ਚਾਲਾਂ ਚੱਲੀਆਂ ਤੇ ਫਿਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਬੋਝੇ ਪਾ ਦੁਬਾਰਾ ਅੰਦਰ ਸੁਰੱਖਿਅਤ ਜਾ ਬੈਠਾ। ਬਾਦਲ ਦਾ ਦੀਨ-ਧਰਮ ਹੁਣ ਤੱਕ ਮੁੱਖ-ਮੰਤਰੀ ਦੀ ਕੁਰਸੀ ਹੀ ਰਿਹਾ ਹੈ। ਜਦੋਂ ਬਰਨਾਲੇ ਦੇ ਮੱਥੇ ਤੇ ਮੁੱਖ-ਮੰਤਰੀ ਪਦ ਦਾ ਰਾਜੀਵ-ਤਿਲਕ ਲੱਗ ਗਿਆ ਤਾਂ ਇਸ ਨੇ 'ਬਾਦਲ ਦਲ' ਸਿਰਜ ਕੇ ਆਪਣਾ ਚੁਲ੍ਹਾ ਵੱਖਰਾ ਕਰਕੇ ਖਾੜਕੂ-ਸਫਾਂ ਵਿਚ ਟੌਹੜੇ ਨਾਲ ਘੁਸਣ ਦਾ ਉਪਰਾਲਾ ਕਰਕੇ, ਬਰਨਾਲੇ ਨੂੰ ਮੁਧਾ ਮਾਰਨ ਤੇ ਸਿੰਘ-ਸਰਦਾਰੀ ਸਾਂਝਣ ਦਾ ਨਾਕਾਮ ਯਤਨ ਕੀਤਾ।

ਗੱਲ ਕੀ ਜੂਨ 84 ਤੋਂ ਪਿਛੋਂ ਹੁਣ ਤੱਕ ਹੋਰਨਾਂ ਪਾਰਟੀਆਂ ਵਿਚ ਬੈਠੇ ਸਿੱਖਾਂ ਦੇ ਵੱਡੇ ਹਿੱਸੇ ਨੇ ਤਾਂ ਸਰਕਾਰੀ-ਬੋਲੀ ਬੋਲੀ ਹੀ ਹੈ ਪਰ ਜਿਸ ਕਦਰ ਸ਼੍ਰੋਮਣੀ ਕਮੇਟੀ ਦੇ ਧਰਮ ਨਾਲੋਂ ਧੜੇ ਨੂੰ ਪ੍ਰਾਥਮਿਕਤਾ ਦੇਣ ਵਾਲੇ ਮੈਂਬਰਾਂ ਨੇ ਕਾਮਰੇਡ ਟੌਹੜੇ ਦੀ ਪ੍ਰਧਾਨਗੀ ਲਈ ਚੋਣ ਕੀਤੀ ਹੈ ਤੇ ਬਰਨਾਲੇ ਦੀ ਵਜ਼ਾਰਤੀ-ਹੈੜ ਦੇ ਸੁਆਰਥੀ ਭੇਡੂ ਵਜ਼ੀਰੀਆਂ-ਚੇਅਰਮੈਨੀਆਂ ਦੇ ਚਟ੍ਹਾਲੇ ਨੂੰ ਹਾਥੜ-ਟੁੱਟ ਕੇ ਪਏ ਹਨ, ਕੌਮ ਨਾਲ ਸੱਜਰੀ ਵਾਪਰੀ ਮਗਰੋਂ ਕੌਮ ਦੇ ਸੁਆਰਥੀ ਤੱਤਾਂ ਵਿਚ ਆਏ ਮਾਨਸਿਕ-ਨਿਘਾਰ ਦਾ ਇਹ ਇਹ ਅਤਿ ਘਿਨਾਉਣਾ ਨਮੂਨਾ ਹੈ।

ਪਰ ਜਿਹਨਾਂ ਨੇ ਪੰਥ ਦੀ ਇਸ ਵੱਕਾਰੀ ਜਦੋ-ਜਹਿਦ ਨੂੰ ਅੱਗੇ ਤੋਰਨਾ ਹੈ ਉਹਨਾਂ ਨੂੰ ਇਹਨਾਂ ਸ਼ਰਮ-ਪਰੂਫ ਅਖੌਤੀ-ਲੀਡਰਾਂ ਵਾਂਗ ਕਿਸੇ ਕੁਰਸੀ ਦੀ ਤਮੰਨਾ ਨਹੀਂ। ਉਹ ਸਿਰਾਂ ਤੇ ਕੱਫਣ ਬੰਨ ਕੇ ਦਿੱਲੀ ਦੀ ਜ਼ਾਲਮ ਸਰਕਾਰ ਨੂੰ ਗੁਰੂ ਕੇ ਸਿੰਘ ਬਣ ਕੇ ਟੱਕਰ ਰਹੇ ਹਨ ! ਸੰਤ ਜਰਨੈਲ ਸਿੰਘ ਦੀ ਉਗਾਈ ਕੇਸਰੀ-ਫਸਲ ਕੌਮ ਲਈ ਕੁਰਬਾਨੀ ਦੇ ਚਾਅ ਨਾਲ ਅੱਜ ਦੇਸ਼-ਵਿਦੇਸ਼ ਵਿਚ ਲਹਿਰਾ ਰਹੀ ਹੈ ਭਾਵੇਂ ਕਿ ਦਿੱਲੀ ਦੀ ਦੱਾਤੀ ਇਸ ਨੂੰ ਪੂਰੇ ਤਾਣ-ਤੇਜ਼ੀ ਨਾਲ ਵੱਢ ਰਹੀ ਹੈ। ਪਰ ਅਫਸੋਸ ਕਿ ਵੀਹ ਵੇਰ ਇਸਨੂੰ ਸੁਆਰਥ ਲਈ ਵਰਤਣ ਵਾਲੇ ਇਸਦੇ ਰਾਖੇ ਹੀ ਇਸਨੂੰ ਆਪਣੇ ਲਈ ਇਕ ਵੱਡੀ ਵੰਗਾਰ ਸਮਝ ਰਹੇ ਹਨ। ਪੰਜਾਬ ਵਿਚ ਦਮਦਮੀ ਟਕਸਾਲ ਤੇ ਹੱਕ ਸੱਚ ਲਈ ਅੜਨ ਵਾਲੇ ਨੌਜਵਾਨਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਗੋਲੀ ਦਾ ਨਿਸ਼ਾਨਾ ਬਣਾ ਦਿਤਾ ਗਿਆ ਹੈ। ਕੁਝ ਦੇਸ਼-ਵਿਦੇਸ਼ ਵਿਚ ਕਾਲ-ਕੋਠੜੀਆਂ ਵਿਚ ਸੜ ਰਹੇ ਹਨ। ਪੰਥ ਲਈ ਕੁਰਬਾਨੀ ਦੇ ਪੰਧ ਪੈਣ ਵਾਲਿਆਂ ਇਹਨਾਂ ਸੂਰਮਿਆਂ ਦੀ ਕਤਾਰ ਜੋਧਪੁਰ ਜਿਹਲ ਤੋਂ ਸ਼ੁਰੂ ਹੋ ਕੇ ਲਾਹੌਰ ਲੰਘ ਕੇ ਨਿਊ ਔਰਲੀਨਜ਼ ਤੱਕ ਪੁੱਜਦੀ ਹੈ। ਜੂਨ 84 ਮਗਰੋਂ ਦੇਸ਼-ਵਿਦੇਸ਼ ਵਿਚ ਬਥੇਰੀਆਂ ਸਿੱਖ-ਸਭਾਵਾਂ, ਸੰਸਥਾਵਾਂ ਹੋਂਦ ਵਿਚ ਆਈਆਂ ਹਨ ਪਰ ਚੰਗੇ ਅਹੁਦੇ-ਰੁਤਬਿਆਂ ਨੂੰ ਲੱਤ ਮਾਰ ਤੇ ਵਿਲਕਦੇ ਬਾਲ-ਪ੍ਰਵਾਰਾਂ ਨੂੰ ਪਿੱਛੇ ਛੱਡ ਕੌਮ ਦੀ ਅਣਖ-ਆਨ ਲਈ ਆਪਣੀ ਜਵਾਨੀ ਨੂੰ ਤਿਲਤਿਲ ਜਿਹਲੀਂ ਕੱਟ ਰਹੇ ਇਹਨਾਂ ਕੌਮੀ-ਹੀਰਿਆਂ ਲਈ ਕਿਹੜੀ ਸੰਸਥਾ ਨੇ ਕੋਈ ਬ੍ਰਾਨਣੂੰ ਬੰਨਿਆ ਹੈ ? ਕਿਸ ਸੰਸਥਾ ਦੀਆਂ ਕੁਰਸੀਆਂ ਇਹਨਾਂ ਦੇ ਬਾਲਾਂ ਦੇ ਅੱਥਰੂ ਪੂੰਝਣ ਲਈ ਕਦੇ ਜੁੜੀਆਂ ਹਨ ? ਕਿਸ ਸੰਸਥਾ ਨੇ ਇਹਨਾਂ ਦੇ ਮੁੱਕਦਮੇ ਲੜਨ ਲਈ ਹਿੱਕ ਥਾਪੜੀ ਹੈ ? ਜੇ ਸਟੇਜਾਂ ਤੇ ਸਿੱਖ-ਸੰਘਰਸ਼ ਦੀਆਂ ਟਾਹਰਾਂ ਮਾਰਨ ਵਾਲੇ ਗੁਰੂ ਕੀ ਗੋਲਕ ਦੇ ਪਹਿਰੇਦਾਰ-ਪ੍ਰਬੰਧਕ ਇਹਨਾਂ ਪ੍ਰਵਾਨਿਆਂ ਲਈ ਚਾਰ ਛਿੱਲੜ ਦੇਣ ਦੇ ਵਾਅਦੇ ਕਰ ਕੇ ਵੀ ਨਾ ਨਿਭਾ ਸਕਣ ਤੇ ਜੇ ਇਹਨਾਂ ਦੇ ਨਾਂ ਤੇ ਕਿਸੇ ਅਖੌਤੀ ਲੀਡਰ ਵਲੋਂ ਲਏ ਧਨ-ਮਾਲ ਨੂੰ ਉਸਦੇ ਆਪ ਹੀ ਹਜਮ ਕਰ ਜਾਣ ਦੀਆਂ ਕਨਸੋਆਂ ਸੱਚ ਹੋਣ ਤਾਂ ਧਿਕਾਰ ਹੈ ਸਿੱਖ-ਸੰਘਰਸ਼ ਦੇ ਇਹਨਾਂ ਅਖੌਤੀ ਲੀਡਰ- ਪਾਹਰੂਆਂ ਦੇ ਜੋ ਇਸ ਘੋਰ-ਬਿਪਤਾ ਵਿਚ ਵੀ ਕੌਮ ਦੇ ਜੜੀਂ ਤੇਲ ਦੇਣ ਤੋਂ ਗੁਰੇਜ਼ ਨਹੀਂ ਕਰ ਰਹੇ। ਪਰ ਕੌਮ ਦੇ ਅਸਲੀ ਵਾਰਸ ਇਹੀ ਯੋਧੇ ਹਨ ਜੁ ਇਸ ਜ਼ੁਲਮ ਦੀ ਰਾਤ ਵਿਚ ਆਪਣੀ ਚਰਬੀ ਬਾਲਕੇ ਕੌਮ ਦੇ ਚਾਨਣੇ-ਭਵਿੱਖ ਨੂੰ ਭਾਲਣ ਲਈ ਚਾਨਣ ਕਰ ਰਹੇ ਹਨ। ਕੁਲ ਨੂੰ ਲਿਖਿਆ ਜਾਣ ਵਾਲਾ ਇਤਿਹਾਸ ਇਹਨਾਂ ਦੀ ਕਹਾਣੀ ਕਹੇਗਾ। ਸਾਰੀ ਉਮਰ ਸਿੱਖਾਂ ਦੇ ਵੋਟ-ਨੋਟ ਮੁੱਛ ਕੇ ਇਸ ਆਫਤ ਸਮੇਂ ਗੁਰੂ ਪੰਥ ਦੇ 'ਗਰੀਬ ਸਿਖਨ ਕੂੰ' ਦਗਾ ਦੇ ਜਾਣ ਵਾਲੇ ਗੱਦਾਰਾਂ ਨੂੰ ਇਤਿਹਾਸ ਕਦੇ ਮਾਫ ਨਹੀਂ ਕਰੇਗਾ। ਕੌਮ ਉਤੇ ਆਈ ਇਸ ਪ੍ਰੀਖਿਆ-ਘੜੀ ਮਗਰੋਂ ਅੱਜ ਕੌਮ ਲਈ ਕੁਰਸੀਆਂ ਨੂੰ ਲੱਤ ਮਾਰਨ ਵਾਲੇ ਹਰਗਿਜ਼ ਸਤਿਕਾਰੇ ਤੇ ਕੁਰਸੀ ਲਈ ਕੌਮ ਨੂੰ ਪਿੱਠ ਦੇਣ ਵਾਲੇ ਅਵੱਸ਼ ਦੁਰਕਾਰੇ ਜਾਣਗੇ।

ਜੂਨ 84 ਮਗਰੋਂ ਦਮਦਮੀ-ਟਕਸਾਲ ਤੇ ਨੌਜਵਾਨਾਂ ਵਲੋਂ ਸਰਕਾਰ- ਉਸਾਰੇ ਅਕਾਲ ਤਖਤ ਦੀ ਥਾਂਵੇਂ ਸਿੱਖ-ਪਰੰਪਰਾ ਅਨੁਸਾਰ ਸ੍ਰੀ ਅਕਾਲ ਤਖਤ ਦੀ ਉਸਾਰੀ ਅਤੇ ਦੇਸ਼-ਵਿਦੇਸ਼ ਵਿਚ ਗੁਰਦੁਆਰਾ ਪ੍ਰਬੰਧ ਵਿਚ ਪੰਥਕ-ਹਿਤੂ ਸ਼ਕਤੀਆਂ ਦੇ ਕੰਟਰੋਲ ਦਾ ਮਾਮਲਾ ਪੰਥ ਸਾਹਵੇਂ ਆਇਆ। ਸ਼੍ਰੋਮਣੀ ਕਮੇਟੀ ਵਿਚਲਾ ਟੌਹੜਾ-ਪੱਖੀ ਮਸੰਦ ਲੁੰਗ-ਲਾਣਾ ਇਹ ਨਹੀਂ ਸੀ ਚਾਹੁੰਦਾ ਕਿ ਸ੍ਰੀ ਅਕਾਲ ਤਖਤ ਦੀ ਉਸਾਰੀ ਦਾ ਕਰੈਡਿਟ ਦਮਦਮੀ ਟਕਸਾਲ ਜਾਂ ਨੌਜਵਾਨਾਂ ਦੀ ਝੋਲ ਪਵੇ ਇਸ ਲਈ ਕਾਫੀ ਦੇਰ ਦੀ ਘੋਂਸ-ਘੋਂਸ ਉਪਰੰਤ ਹੀ ਇਹ ਉਸਾਰੀ ਆਰੰਭ ਹੋ ਸਕੀ। ਇਸ ਕਾਰਜ ਲਈ ਵਧੇਰੇ ਆਰਥਿਕ-ਸਹਾਇਤਾ ਬਦੇਸ਼ੀ-ਸਿੱਖਾਂ ਵਲੋਂ ਹੀ ਪਹੁੰਚਦੀ ਸੀ। ਚਾਹੀਦਾ ਤਾਂ ਇਹ ਸੀ ਕਿ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਤੇ ਕਾਬਜ਼ ਪ੍ਰਬੰਧਕ ਲੋਕਲ ਗੁਰਦੁਆਰਿਆਂ ਦੀ ਉਸਾਰੀ ਨਾਲੋਂ ਪ੍ਰਾਥਮਿਕਤਾ ਸ੍ਰੀ ਅਕਾਲ ਤਖਤ ਦੀ ਉਸਾਰੀ ਵਿਚ ਹਿੱਸਾ ਪਾਉਣ ਦੇ ਸੁਆਲ ਨੂੰ ਦਿੰਦੇ ਪਰ ਵਿਦੇਸ਼ਾਂ ਵਿਚਲੀਆਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਕੌਮ ਨੂੰ ਦਰਪੇਸ਼ ਇਸ ਵੱਡੇ ਮਸਲੇ ਤੋਂ ਬੇਧਿਆਨ ਲੋਕਲ-ਉਸਾਰੀਆਂ ਵਿਚ ਜੁਟੀਆਂ ਰਹੀਆਂ ਤੇ ਸ੍ਰੀ ਅਕਾਲ ਤਖਤ ਦੀ ਉਸਾਰੀ ਲਈ ਵਧੇਰੇ ਮਾਇਆ ਵਿਦੇਸ਼ੀ-ਸਿੱਖਾਂ ਵਲੋਂ ਵਿਅਕਤੀਗਤ ਤੌਰ ਤੇ ਹੀ ਪਹੁੰਚੀ ਤੇ ਇਸ ਸੇਵਾ ਦੇ ਪਹੁੰਚਣ ਵਿਚ ਵੀ ਜਿਥੇ ਸਰਕਾਰ ਵੱਡੀ ਰੁਕਾਵਟ ਬਣੀ ਉਥੇ ਸ਼੍ਰੋਮਣੀ ਕਮੇਟੀ ਵਿਚਲਾ ਟੌਹੜਾ-ਪੱਖੀ ਅਨਸਰ ਦਮਦਮੀ-ਟਕਸਾਲ ਦੇ ਇਸ ਕਾਰਜ ਵਿਚ ਰੋੜੇ ਅਟਕਾਉਣ ਤੋਂ ਪਿਛੇ ਨਹੀਂ ਰਿਹਾ।

ਇਸ ਸਮੇਂ ਵਿਦੇਸ਼ਾਂ ਵਿਚ ਕਈ ਲੋਕ ਨਵੇਂ ਗੁਰਦੁਆਰਿਆਂ ਦੇ ਬਣਾਉਣ ਲਈ ਉਗਰਾਹੀਆਂ ਕਰਦੇ ਦੇਖੇ-ਸੁਣੇ ਗਏ। ਪੰਥਕ-ਵੱਕਾਰ ਦੀ ਬਹਾਲੀ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਦੇ ਮਹਾਨ-ਕਾਰਜ ਦੇ ਚਲਦਿਆਂ ਅਜਿਹੇ ਸਿੱਖਾਂ ਵਲੋਂ ਅਜਿਹੇ ਸਥਾਨਿਕ-ਕਾਰਜ ਵਿੱਢਣੇ ਕਿਵੇਂ ਵੀ ਸਿੱਖ ਸੰਘਰਸ਼ ਨੂੰ ਬਲਵਾਨ ਕਰਨ ਦੀ ਸ਼ਲਾਘਾਯੋਗ ਸੇਵਾ ਨਹੀਂ ਸਗੋਂ ਇਸ ਨੂੰ ਕਮਜ਼ੋਰ ਕਰਨ ਦੀ ਨਿਸ਼ਾਨੀ ਤੇ ਸੌੜੀ ਸਿਆਸੀ-ਸੋਚਣੀ ਦੀ ਲਖਾਇਕ ਹੈ।

ਇਸ ਸਮੇਂ ਦੌਰਾਨ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧਕ-ਹਲਕਿਆਂ ਵਿਚ ਬੜੀ ਟੂਟ-ਭੱਜ ਤੇ ਅਦਲਾ-ਬਦਲੀ ਹੋਈ ਹੈ। ਇਸਦਾ ਕਾਰਨ ਜੂਨ 84 ਮਗਰੋਂ ਨੌਜਵਾਨਾਂ ਵਿਚ ਦਿੱਲੀ-ਸਰਕਾਰ ਵਿਰੁਧ ਰੋਹ ਉਪਜਣ ਉਪਰੰਤ ਸਿੱਖ-ਸੰਸਥਾਵਾਂ ਵਿਚੋਂ ਸਰਕਾਰ-ਵਿਰੋਧੀ ਸੁਰ ਨੂੰ ਉਚਿਆਂ ਕਰਨ ਦੀ ਭਾਵਨਾ ਸੀ। ਨੌਜਵਾਨ ਕਈ ਥਾਂਈਂ ਸਰਕਾਰ-ਪੱਖੀ ਪ੍ਰਬੰਧਕਾਂ ਤੇ ਕਈ ਥਾਂਈਂ ਲੋਲੇ-ਮੱਠੇ ਜੱਥੇਦਾਰਾਂ ਨੂੰ ਪ੍ਰਬੰਧ ਤੋਂ ਪਾਸੇ ਕਰਕੇ ਗੁਰਦੁਆਰਿਆਂ ਨੂੰ ਆਪਣੇ ਕੰਟਰੋਲ ਵਿਚ ਕਰਨ ਤੇ ਇਹਨਾਂ ਦੀ ਸਟੇਜ ਤੋਂ ਪੰਥਕ-ਜਦੋਜਹਿਦ ਵਿਚ ਜ਼ੋਰਦਾਰ ਯੋਗਦਾਨ ਪਾਉਣ ਦੇ ਤਲਬਗਾਰ ਸਨ। ਗੁਰਦੁਆਰਾ-ਪ੍ਰਬੰਧ ਉਤੇ ਕੰਟਰੋਲ ਲਈ ਵਿਦੇਸ਼ਾਂ ਦੇ ਅਨੇਕ ਗੁਰਦੁਆਰਿਆਂ ਵਿਚ ਉਕਤ ਦੋਵੇਂ ਧਿਰਾਂ ਦਾ ਖੁਲ੍ਹ ਕੇ ਗੱਤਕਾ ਚਲਦਾ ਰਿਹਾ ਹੈ ਕਈ ਥਾਂਈਂ ਨੌਬਤ ਕਿਰਪਾਨੋਂ-ਕਿਰਪਾਨੀਂ ਹੋਣ ਤੱਕ ਵੀ ਪਹੁੰਚੀ ਹੈ ਜਿਸਨੇ ਨਾ ਸਿਰਫ ਵਿਦੇਸ਼ਾਂ 'ਚ ਸਿੱਖਾਂ ਦੇ ਇੰਮੇਜ ਨੂੰ ਸੱਟ ਮਾਰੀ ਹੈ ਸਗੋਂ ਸਿੱਖ-ਸੰਸਥਾਵਾਂ ਦੇ ਮਾਹੌਲ ਵਿਚ ਵਧੀ ਕਸ਼ੀਦਗੀ ਕਾਰਨ ਸੰਗਤਾਂ ਨੂੰ ਵੀ ਉਦਾਸੀਨ ਕੀਤਾ ਹੈ ਤੇ ਇਸ ਨਾਲ ਸਿੱਖ-ਸੰਘਰਸ਼ ਵਿਚ ਲੱਗਣ ਵਾਲੀ ਸ਼ਕਤੀ ਅਜਾਈਂ ਨਸ਼ਟ ਹੋਈ ਹੈ। ਬਹੁਤੀ ਥਾਂਈਂ ਪੁਰਾਣੇ ਪ੍ਰਬੰਧਕਾਂ ਨੇ ਨੌਜਵਾਨਾਂ ਦੇ ਰਾਹ ਵਿਚ ਅਣਹੋਈਆਂ ਖੁੱਚਰਾਂ ਡਾਹੁਣ ਵਿਚ ਕਸਰ ਨਹੀਂ ਛੱਡੀ। ਜਿਹੜੀਆਂ ਸੰਸਥਾਵਾਂ ਤੇ ਨੌਜਵਾਨ ਪ੍ਰਬੰਧਕ ਕਾਬਜ਼ ਹੋਏ ਉਥੇ ਪੁਰਾਣੇ ਘਾਗ-ਪ੍ਰਬੰਧਕਾਂ ਦੇ ਮੁਕਾਬਲੇ ਉਹ ਆਪਣੀ ਨਾਤਜਰਬਾਕਾਰੀ ਕਾਰਨ ਆਪਣੇ ਪੈਰ ਨਹੀਂ ਜਮਾ ਸਕੇ ਤੇ ਆਮ ਸਿੱਖ-ਸੰਗਤਾਂ ਦਾ ਸਹਿਯੋਗ ਪ੍ਰਾਪਤ ਨਹੀਂ ਕਰ ਸਕੇ। ਪੁਰਾਣੇ ਘੁਟਤਰੀ ਪ੍ਰਬੰਧਕਾਂ ਨੇ ਕਈ ਥਾਂਈਂ ਸ਼ਹੀਦੀ-ਫੰਡ ਭੇਜਣ ਤੇ ਸਿੱਖ-ਸੰਘਰਸ਼ ਨੂੰ ਤੇਜ਼ ਕਰਨ ਦੇ ਕਾਰਜ ਵਿਚ ਰੁਕਾਵਟਾਂ-ਅੜਿੱਚਣਾਂ ਖੜੀਆਂ ਕੀਤੀਆਂ ਹਨ ਪਰ ਕਈ ਥਾਂਈਂ ਜਿਥੇ ਨੌਜਵਾਨਾਂ ਦੇ ਸਹਿਯੋਗ ਨਾਲ ਨਵੇਂ ਪ੍ਰਬੰਧਕ ਬਦਲੇ ਹਨ ਕੌਮ ਸਾਹਮਣਲੇ ਵੱਡੇ ਮਸਲੇ ਤੋਂ ਹਟ ਕੇ ਉਹ ਆਪਣੇ ਅਲਪ-ਤਜਰਬੇ ਕਾਰਨ ਨਿੱਕੇ-ਨਿੱਕੇ ਤੇ ਅਣਹੋਏ ਮਸਲੇ ਖੜ੍ਹੇ ਕਰਕੇ ਉਹਨਾਂ ਵਿਚ ਉਲਝਣ ਕਾਰਨ ਸਿੱਖ-ਸੰਘਰਸ਼ ਵਿਚ ਪੂਰਾ ਹਿਸਾ ਨਹੀਂ ਪਾ ਸਕੇ।

ਜੂਨ 84 ਤੋਂ ਮਗਰੋਂ ਪੰਜਾਬ 'ਚ ਸਦਾ ਵਾਂਗ ਅਕਾਲੀ ਦਲਾਂ ਦਾ ਪੀਹਣ ਪਿਆ ਹੈ। ਵਿਦੇਸ਼ਾਂ ਵਿਚ ਸਕੇਬੰਦੀਆਂ ਦੇ ਬਥੇਰੇ ਤੰਬੂ ਤਣੇ ਹਨ। ਦੇਸ਼-ਵਿਦੇਸ਼ ਵਿਚ ਨੌਜਵਾਨ ਕਈ ਧਾਰੀਆਂ ਵਿਚ ਤੁਰ

ਰਹੇ ਹਨ। ਸਿੱਖਾਂ ਦੀ ਬਦ-ਕਿਸਮਤੀ ਦਾ ਵੱਡਾ ਕਾਰਨ ਇਹੀ ਹੈ। ਪੰਜਾਬ'ਚ ਸਾਰੇ ਅਕਾਲੀ ਦਲਾਂ ਨੂੰ ਵਿਲੀਨ ਕਰ ਕੇ ਇਕ ਸੰਮਿਲਤ ਅਕਾਲੀ ਦਲ ਬਣਾ ਦਿੱਤਾ ਗਿਆ ਹੈ। ਭਲੀ ਹੋਈ, ਜੇ ਇਸ 'ਚ ਸ਼ਾਮਲ ਸਾਰੇ ਲੀਡਰਾਂ ਦੇ ਮਨਾਂ ਚੋਂ ਮੈਲ ਚਲੀ ਗਈ ਹੋਵੇ। ਪਰ ਵਿਦੇਸ਼ੀ ਸਿੱਖ ਜੱਥੇਬੰਦੀਆਂ ਦੇ ਲੀਡਰ ਜੁ ਅਜੇ ਤਕ ਇਕ ਦੂਸਰੇ ਵੱਲ ਗਊ ਤੇ ਸੂਰ ਵਾਂਗ ਝਾਕ ਰਹੇ ਹਨ ਵਾਹਿਗੁਰੂ ਇਹਨਾਂ ਦੀਆਂ ਖੋਪਰੀਆਂ ਵਿਚ ਭੋਰਾ ਸੁਮੱਤ ਪਾਉਂਣ ਤਾਂ ਪੰਥ ਦਾ ਭਲਾ ਹੋਵੇ ! ਕੌਮ ਦੇ ਮੁਹਰੈਲ ਸਹੀ ਸ਼ਬਦਾਂ 'ਚ ਸੰਤ ਜਰਨੈਲ ਸਿੰਘ ਦੀ ਖਾੜਕੂ-ਵਿਚਾਰਧਾਰਾ ਦੇ ਅਨੁਯਾਈ ਨੌਜਵਾਨ ਹਨ। ਸਭ ਤੋਂ ਵੱਡੀ ਲੋੜ ਇਹਨਾਂ ਦੇ ਦੇਸ-ਬਦੇਸ ਵਿਚ ਆਪਣੀਆਂ ਸਾਰੀਆਂ ਢਾਣੀਆਂ ਨੂੰ ਭੰਨ ਕੇ ਇਕ ਕਾਫਲੇ ਵਿਚ ਸ਼ਾਮਲ ਹੋਣ ਦੀ ਹੈ ਜਿਸ ਨਾਲ ਹੀ ਇਹ ਸੰਘਰਸ਼ ਬਲਵਾਨ ਹੋ ਸਕਦਾ ਹੈ। ਦੂਸਰੀ ਲੋੜ ਹੋਰ ਜਥੇਬੰਦੀਆਂ ਤੇ ਨੌਜਵਾਨਾਂ ਦੇ ਆਪਸੀ ਮਤਭੇਦ, ਗਲਤ-ਫਹਿਮੀਆਂ ਤੇ ਇਕ ਦੂਸਰੇ ਦੇ ਡਰ-ਭੁੱਕਰ ਨੂੰ ਕੱਢਕੇ ਨੇੜੇ ਆਉਂਣ ਤੇ ਇਕ ਝੰਡੇ ਥੱਲੇ ਇਕੱਤਰ ਹੋਣ ਦੀ ਹੈ। ਜੇ ਦੂਸਰੀਆਂ ਜਥੇਬੰਦੀਆਂ ਦੇ ਲੀਡਰਾਂ ਨੇ ਨੌਜਵਾਨਾਂ ਪ੍ਰਤੀ ਪੁਰਾਣੇ ਖਾਂਘੜ ਤੇ ਘਾਗ ਅਕਾਲੀ-ਲੀਡਰਾਂ ਵਾਲਾ ਰਵੱਈਆ ਹੀ ਜਾਰੀ ਰੱਖਿਆ ਤਾਂ ਇਹ ਬੀਤੇ ਤੋਂ ਕੋਈ ਸਬਕ ਨਾ ਸਿੱਖਣ ਵਾਲੀ ਗੱਲ ਹੋਵੇਗੀ।

1947 ਵੇਲੇ ਸਾਦ-ਮੁਰਾਦੀ ਸਿੱਖ-ਕੌਮ ਦੇ ਸਿੱਧਰੇ ਪਰ ਸੁਆਰਥੀ-ਲੀਡਰਾਂ ਨੇ ਕੌਮ ਨੂੰ ਇਕ ਅਤਿ ਅਕ੍ਰਿਤਘਣ ਤੇ ਕਪਟੀ ਕੌਮ ਦੀ ਤਾਬਿਆ ਕਰ ਦਿੱਤਾ ਸੀ। ਅੱਜ ਇਹਨਾਂ ਦੁੱਲੇ-ਲੀਡਰਾਂ ਦੀਆਂ ਕੀਤੀਆਂ ਲੱਧੀ-ਕੌਮ ਦੇ ਪੇਸ਼ ਆ ਰਹੀਆਂ ਹਨ। ਨੌਜਵਾਨਾਂ ਦੇ ਸੀਨਿਆਂ ਤੇ ਅੱਜ ਸੰਤ ਜਰਨੈਲ ਸਿੰਘ ਦੇ ਬੋਲ ਉਕਰੇ ਹੋਏ ਹਨ ਕਿ ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਉਸੇ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤਦੇ ਹੀ ਨੌਜਵਾਨ 'ਸਮਝੌਤਾ' ਸ਼ਬਦ ਵੀ ਸੁਣਨ ਤੱਕ ਤਿਆਰ ਨਹੀਂ। ਜੇ ਸਚਮੁੱਚ ਇਹ ਸੁਪਨਾ ਕੌਮ ਦੇ ਦਿਲੋ-ਦਿਮਾਗ ਵਿਚ ਹੈ ਤਾਂ ਇਸ ਲਈ ਸਾਰੀ ਕੌਮ ਨੂੰ ਇਕ ਹੋਣਾ ਪਵੇਗਾ। ਜੇ ਫੁੱਟ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਬਣਿਆ-ਬਣਾਇਆ ਸਿੱਖ-ਰਾਜ ਝਬਦੇ ਖੇਰੂੰ-ਖੇਰੂੰ ਹੋ ਸਕਦਾ ਹੈ ਤਾਂ ਇਸ ਪਾਟੋ-ਧਾੜ ਵਿਚ ਉਸ ਬਾਣੀਏ ਤੋਂ ਰਾਜ ਲੈਣਾ ਖੱਬੇ ਹੱਥ ਦੀ ਖੇਡ ਨਹੀਂ ਜੋ ਸਿਰ ਦੀ ਜੂੰ ਕਿਸੇ ਨੂੰ ਮੁਫਤ ਨਹੀਂ ਛਡਦਾ। ਇਸ ਏਕਤਾ ਲਈ ਬਜੁਰਗ ਲੀਡਰਾਂ ਨੂੰ ਨੌਜਵਾਨਾਂ ਦੇ ਜਜ਼ਬੇ ਦੀ ਕਦਰ ਕਰਦਿਆਂ ਉਹਨਾਂ ਦੇ ਸਿਰ ਤੇ ਹੱਥ ਰੱਖ ਕੇ ਉਹਨਾਂ ਨੂੰ ਭਰਪੂਰ ਸਹਿਯੋਗ ਦੇਣਾ ਹੋਵੇਗਾ ਤੇ ਨੌਜਵਾਨ ਨੂੰ ਉਹਨਾਂ ਦਾ ਹਰ ਹੀਲੇ ਸਤਿਕਾਰ ਰੱਖਣਾ ਪਵੇਗਾ ਪਰ ਉਕਤ ਦੋਹਾਂ ਧਿਰਾਂ ਦੀ ਏਕਤਾ ਦੀ ਸਾਰੀ ਘਾਲ-ਕਮਾਈ ਕਦੇ ਵੀ ਬਾਂਦੋਂ ਨਹੀਂ ਪੈ ਸਕਦੀ ਜੇ ਉਹਨਾਂ ਨੇ ਆਸਤੀਨ ਦੇ ਸੱਪਾਂ ਅਥਵਾ ਆਪਣੇ ਵਿਚ ਛੁਪੇ ਗੱਦਾਰਾਂ ਨੂੰ ਨਾ ਪਛਾਤਾ ਤੇ ਇਹਨਾਂ ਤੋਂ ਹੁਸ਼ਿਆਰ ਨਾ ਰਹੇ ਕਿਉਂਕਿ 1947 ਵਿਚ ਸਿੱਖਾਂ ਵਿਚਲੇ ਇਸੇ ਸੁਆਰਥੀ-ਅਨਸਰ ਨੇ ਕੌਮ ਦੀਆਂ ਬੇੜੀਆਂ ਵਿਚ ਵੱਟੇ ਪਾਏ ਸਨ। ਅਜੇ ਕੁਲ ਇਹਨਾਂ ਸ਼ਹੀਦਾਂ ਦਾ ਖੂੰਨ ਵੇਚਿਆ ਹੈ ਤੇ ਅੱਜ ਵੀ ਇਹ ਕੌਮ ਦੀ ਕੁਰਬਾਨੀ ਦੀ ਖੱਟਿਆ ਖਾ ਕੇ ਇਸਨੂੰ ਦਗਾ ਦੇ ਸਕਦੇ ਹਨ। ਜੇ ਪੰਥਕ-ਏਕਤਾ ਦੀ ਵਧੀਆ ਦਾਲ ਬਣਾ ਕੇ ਸਿੱਖਾਂ ਨੇ ਆਪਣੇ ਖੁੱਲ੍ਹ-ਦਿਲੇ ਸੁਭਾਅ ਅਨੁਸਾਰ 'ਚੱਲ ਹੋਊ' ਆਖ ਕੇ ਪਹਿਲੋਂ ਪਰਖੇ ਹੋਏ ਦੋ-ਚਾਰ ਕੋਕੜੂ ਲੀਡਰ ਇਸ ਚੋਂ ਨਾ ਕੱਢੇ ਤਾਂ ਇਸ ਧੋਤੀ-ਛੱਟੀ ਵਧੀਆ ਦਾਲ ਦਾ ਸਤਿਆਨਾਸ ਸਮਝੋ। ਏਕਤਾ ਦੇ ਪ੍ਰਸੰਗ ਵਿਚ ਸਿੱਖ-ਜਥੇਬੰਦੀਆਂ ਦੀ ਆਪਸੀ ਤੂਹਮਤ-ਬਾਜ਼ੀ ਉਤੇ ਬੰਦਸ਼ ਬੜੀ ਜ਼ਰੂਰੀ ਹੈ। ਵਿਦੇਸ਼ਾਂ, ਖਾਸਕਰ ਇੰਗਲੈਂਡ ਦੇ ਅਖਬਾਰਾਂ ਵਿਚ ਪੱਲਿਓਂ ਪੈਸੇ ਖਰਚ ਕੇ ਇਕ ਦੂਸਰੇ ਦੇ ਖਿਲਾਫ ਸਿੱਖ-ਸੰਸਥਾਵਾਂ ਜਥੇਬੰਦੀਆਂ ਦੇ ਇਸ਼ਤਿਹਾਰ ਤੱਕ ਛਪੇ ਵੇਖਣ ਵਿਚ ਆਉਂਦੇ ਰਹੇ ਹਨ ਜਿਸ ਨਾਲ ਉਹਨਾਂ ਦੀ ਆਪਸੀ ਕੁੜਿੱਤਣ ਵਧ ਕੇ ਉਹਨਾਂ ਦੀ ਸ਼ਾਖ ਲੋਕਾਂ 'ਚ ਡਿੱਗੀ ਹੈ। ਸਿੱਖ-ਜਥੇਬੰਦੀਆਂ ਦੇ ਇਲਾਵਾ ਵਿਦੇਸ਼ਾਂ ਵਿਚਲੇ ਪੰਜਾਬੀ ਸਿੱਖ ਸਮਾਚਾਰ-ਪੱਤਰਾਂ ਦੀ ਦਾਸਤਾਂ ਇਹਨਾਂ ਤੋਂ ਵੱਖਰੀ ਨਹੀਂ। ਮੈਨੂੰ ਯਾਦ ਹੈ ਕਿ ਸਵਰਗੀ ਸ: ਅਮਰ ਸਿੰਘ ਦੁਸਾਂਝ (ਅਕਾਲੀ-ਪੱਤ੍ਰਕਾ) ਤੇ ਸਵਰਗੀ ਸ: ਸਾਧੂ ਸਿੰਘ ਹਮਦਰਦ (ਅਜੀਤ) ਦੇ ਆਪਸੀ ਸਬੰਧ ਬਹੁਤੇ ਸੁਖਾਵੇਂ ਨਹੀਂ ਸਨ ਤੇ ਉਹ ਅਖਬਾਰੀ ਬੋਲੀ ਵਿਚ ਅਕਸਰ ਝਗੜ ਪਿਆ ਕਰਦੇ ਸਨ ਪਰ ਜਦੋਂ ਪੰਜਾਬੀ ਸੂਬੇ ਦੇ ਮਸਲੇ ਤੇ ਜਲੰਧਰ ਦੀ ਮਹਾਸ਼ਾ ਪ੍ਰੈਸ ਨੇ ਸਿੱਖ-ਵਿਰੋਧੀ ਵਤੀਰਾ ਧਾਰਨ ਕੀਤਾ ਤਾਂ 'ਅਜੀਤ' ਤੇ 'ਅਕਾਲੀ ਪੱਤ੍ਰਕਾ' ਦੋਹਾਂ ਪੰਜਾਬੀ ਅਖਬਾਰਾਂ ਨੇ ਡਟ ਕੇ ਇਕ ਮੁੱਠ ਹੋ ਸਿੱਖਾਂ ਦੇ ਹੱਕ ਵਿਚ ਰੋਲ ਅਦਾ ਕੀਤਾ। ਅੱਜ ਹਿੰਦ ਸਰਕਾਰ ਸਿੱਖਾਂ ਵਿਰੁਧ ਧੂੰਆਂਧਾਰ ਪ੍ਰਚਾਰ ਕਰ ਰਹੀ ਹੈ ਪਰ ਸਿੱਖ

ਅਖਬਾਰਾਂ ਆਪਸੀ ਉਲਝਣ ਦਾ ਸ਼ਿਕਾਰ ਹਨ। ਲੋੜ ਹੈ ਇਸ ਸਮੇਂ ਸਾਡੀਆਂ ਅਖ਼ਬਾਰਾਂ ਇਕ ਦੂਸਰੇ ਨਾਲ ਮੋਢਾ ਜੋੜ ਕੇ ਸਿੱਖ-ਹੱਕਾਂ ਲਈ ਜੂਝਣ ਅਤੇ ਸੱਚ ਤੇ ਪਹਿਰਾ ਦੇਣ ਲਈ ਲੀਡਰਾਂ ਦੇ ਮਗਰ ਤੁਰਨ ਦੀ ਬਜਾਏ ਉਹਨਾਂ ਦੇ ਕਿਰਦਾਰ ਦਾ ਸਹੀ ਲੇਖਾ-ਜੋਖਾ ਕਰਕੇ ਸੱਚ ਦੀ ਆਰ ਲਾ ਕੇ ਉਹਨਾਂ ਨੂੰ ਸਹੀ ਦਿਸ਼ਾ ਵੱਲ ਤੋਰਨ !

ਇਕ ਪਾਸੇ ਵਿਦੇਸ਼ੀ ਸਰਗਰਮ ਸਿੱਖਾਂ ਦੇ ਭਾਰਤ ਵੜਨ ਉਤੇ ਪਾਬੰਦੀਆਂ ਆਇਦ ਹਨ ਤੇ ਦੂਸਰੇ ਪਾਸੇ ਸਿੱਖ-ਧਰਮ ਨੂੰ ਕੁਚਲਣ ਵਾਲੀ ਸਰਕਾਰ ਸਿੱਖੀ-ਸਰੂਪ ਵਾਲੇ ਪ੍ਰਚਾਰਕਾਂ ਨੂੰ ਵਿਦੇਸ਼ੀ ਵੀਜ਼ੇ ਦੇ ਖੁਲ੍ਹੇ-ਗੱਫੇ ਵਰਤਾ ਰਹੀ ਹੈ ਜੋ ਥਾਂ ਥਾਂ ਖੂੰਨ-ਗਰਮਾਉ ਭਾਸ਼ਣ ਕਰ ਰਹੇ ਹਨ। ਸਿੱਖ-ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਸਹੀ ਪ੍ਰਚਾਰਕਾਂ ਦਾ ਸਤਿਕਾਰ ਕਰਦੇ ਹੋਏ ਕਈਂ ਨਵੇ ਮਹਾਂਪੁਰਸ਼ਾਂ ਨੂੰ ਵੇਖ ਤੇ ਚੁਣਨ ਤੋਂ ਪਹਿਲੋਂ ਚੰਗੀ ਤਰਾਂ ਨਿਰਖ-ਪਰਖ ਲੈਣਾ ਚਾਹੀਦਾ ਹੈ।

ਅੱਜ ਦਿੱਲੀ-ਸਰਕਾਰ ਸਿੱਖਾਂ ਨੂੰ ਸਿੱਖ-ਸੰਘਰਸ਼ ਨਾਲੋਂ ਤੋੜਨ ਤੇ ਵੰਡਣ ਲਈ ਹਰੇਕ ਕੁਟਿਲ-ਚਾਲ ਚਲ ਰਹੀ ਹੈ। ਪੰਜਾਬ 'ਚ ਨੌਜਵਾਨਾਂ ਵਲੋਂ ਚਲਾਈ ਸ਼ਲਾਘਾਯੋਗ ਸਮਾਜ-ਸੁਧਾਰਿਕ ਤਹਿਰੀਕ ਦੀ ਆੜ ਵਿਚ ਉਹਨਾਂ ਦੇ ਨਾਂ ਹੇਠ ਵੱਖੋ-ਵੱਖਰੇ ਕਿੱਤਾਕਾਰਾਂ ਨੂੰ ਧਮਕੀ-ਪੱਤਰ ਲਿਖਵਾ ਕੇ ਸਿੱਖ-ਸੰਘਰਸ਼ ਨੂੰ ਕਮਜ਼ੋਰ ਕਰਨਾ ਤੇ ਲੁੱਟਾਂ-ਮਾਰਾਂ ਨੂੰ ਕੇਸਰੀ-ਨੌਜਵਾਨਾਂ ਸਿਰ ਮੜ੍ਹ ਕੇ ਉਹਨਾਂ ਨੂੰ ਬਦਨਾਮ ਕਰਨਾ ਇਸੇ ਗੰਭੀਰ ਸਾਜ਼ਿਸ਼ ਦੀਆਂ ਕੜੀਆਂ ਹਨ।

ਸਿੱਖਾਂ ਨੇ ਧਰਮ-ਯੁਧ ਮੋਰਚਾ ਲਾ ਕੇ ਆਪਣੀਆਂ ਮੰਗਾਂ ਮੰਨਵਾਣ ਦੀ ਬਜਾਏ ਪਿਛਲੇ ਤਿੰਨ ਸਾਲਾਂ ਵਿਚ ਖੱਟਿਆ ਕੁਝ ਨਹੀਂ ਗਵਾਇਆ ਹੀ ਗਵਾਇਆ ਹੈ ਆਪਣਾ ਧਰਮ ਵੀ, ਜਾਨ-ਮਾਲ ਵੀ ਤੇ ਇੱਜ਼ਤ-ਆਬਰੂ ਵੀ ! ਅੱਜ ਉਹ ਉਸ ਚੁਰਾਹੇ ਤੇ ਆਣ ਖੜੇ ਹਨ ਜਿਥੋਂ ਇਕ-ਮੁੱਠ ਹੋ ਕੇ ਅੱਖਾਂ ਖੋਹਲ ਕੇ ਇਕ ਬੰਨੇ ਤੁਰਨ ਦੀ ਜ਼ਰੂਰਤ ਹੈ।

ਅੱਜ ਜੂਨ 84 ਦੀ ਮਨਹੂਸ ਵਰ੍ਹੇ-ਗੰਢ ਮਨਾਉਂਦਿਆਂ ਕੌਮ ਦੀ ਆਨ ਲਈ ਜਾਨ ਤੇ ਖੇਲ ਗਏ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਤੇ ਦੇਸ-ਵਿਦੇਸ਼ ਵਿਚ ਲੰਬੀਆਂ ਸਜ਼ਾਵਾਂ ਭੁਗਤ ਰਹੇ ਯੋਧਿਆਂ ਨੂੰ ਸ਼ਾਬਾਸ਼ ਦੀ ਥਾਪੀ ਇਹੀ ਹੋਏਗੀ ਕਿ ਸਿੱਖ ਉਮਰਾਨੰਗਲੀਆਂ ਅਥਵਾ ਉਖੜੇ-ਕੁਹਾੜੇ ਮਾਰਨ ਦੀ ਬਜਾਏ ਅੱਜ 'ਆਗੇ ਸਮਝ ਚਲਹੁ ਨੰਦ ਲਾਲਾ, ਜੋ ਬੀਤੀ ਸੋ ਬੀਤੀ' ਦੀ ਉਕਤੀ ਉਤੇ ਅਮਲ ਕਰ ਕੇ ਅਤੇ ਸਾਰੇ ਗਿੱਲੇ-ਸ਼ਿਕਵੇ ਭੁਲਾ ਕੇ ਇਕੱਠੇ ਹੋ ਕੇ ਆਪਣੀ ਮੰਜ਼ਿਲ ਵੱਲ ਫੁਟ ਵੱਟਕੇ ਵਧਣ। ਆਮੀਨ !

(ਜੂਨ, 1987)

... ਹੁਣ ਤਲਾਸ਼ ਹੈ

ਪੰਚਮ ਪਾਤਸ਼ਾਹ !
ਸਾਡੇ ਬਾਬੇ ਬੁੱਢੇ
ਤੇ ਮੀਆਂ ਮੀਰ ਨੂੰ ਕਹਿਣਾ
ਕੋਈ ਫਿਕਰ ਨਾ ਕਰਨ !
ਤੇ ਇਸ ਅਗਨ-ਰੁੱਤ ਨੂੰ ਤੱਕ ਕੇ
ਐਵੇਂ ਕੋਈ ਸਰਦ ਆਹ ਨਾ ਭਰਨ !!
ਅਸੀਂ ਉਹਨਾਂ ਦੇ ਪੋਤਰੇ
ਜਿਉਂਦੇ-ਜਾਗਦੇ ਹਾਂ
ਤੇ ਜਾਗਦੇ ਰਹਾਂਗੇ !!!
ਅਸੀਂ ਸੁੱਚੇ ਹਰਿਮੰਦਰ ਚੋਂ ਝਰਦੀ
ਚਾਨਣੀ ਆਸਰੇ ਤੁਰਾਂਗੇ
ਹਨੇਰੇ ਝਾਗਦੇ ਰਹਾਂਗੇ !!!!

ਤੇ ਦੱਸਣਾ
ਕਿ ਹਜ਼ਰਤ ਮੀਆਂ ਮੀਰ !
ਤੇਰੇ ਪਵਿੱਤਰ ਹੱਥਾਂ ਦੀਆਂ
ਸੋਨ-ਮੰਦਰ ਲਾਈਆਂ
ਸੁੱਚੀਆਂ ਇੱਟਾਂ ਨੂੰ ਉਖਾੜਨ ਲਈ
ਉਹਨਾਂ ਕਿਸੇ ਜ਼ਰ-ਖਰੀਦ ਇਜ਼ਹਾਰ ਆਲਮ
ਨੂੰ ਵਰਤਣ ਮਗਰੋਂ
ਇਥੇ ਇਕ ਬੇਜ਼ਮੀਰ ਸਿਹੁੰ ਨੂੰ
ਤਾਇਨਾਤ ਕਰ ਦਿੱਤਾ ਹੈ।
ਤੇ ਉਸ ਵਲੋਂ ਕੀਤੀ ਜਾਣ ਵਾਲੀ
ਇਕ ਵਸ਼ਿਸ਼ਟ-ਸੇਵਾ ਬਦਲੇ
ਉਸ ਦੇ ਮੋਢੇ ਤੇ ਅੰਦਰਖ਼ਾਤੇ ਅਗਾਊਂ ਹੀ
ਕੋਈ ਬੇਸ਼ਰਮ ਫੀਤੀ ਲਾ ਦਿੱਤੀ ਹੈ
ਤੇ ਉਸਦੀ ਗੀਦੀ ਹਿੱਕ ਤੇ
ਕੋਈ ਲੁੱਚਾ ਤਮਗਾ ਧਰ ਦਿੱਤਾ ਹੈ !

ਸੱਚੇ ਪਾਤਸ਼ਾਹ !
ਪਰ ਦੋਹਾਂ ਬਾਬਿਆਂ ਨੂੰ ਆਖਣਾ
ਕਿ ਹਰਿਮੰਦਰ ਦੇ ਚਾਰ ਦਰਵਾਜ਼ੇ
ਚਹੁੰ-ਕੂੰਟੀਂ ਚੁਪੱਟ ਖੁੱਲ੍ਹੇ ਹਨ
ਇਥੇ ਭਾਵੇਂ ਕੋਈ ਸੁੰਦਰਜੀ ਚੁੜ ਆਵੇ
ਜਾਂ ਰਿਬੈਰੋ
ਇਜ਼ਹਾਰ ਆਲਮ ਚੁੜ ਆਵੇ

ਜਾਂ ਬੇਜ਼ਮੀਰ ਸਿੰਹੁ !
ਅਸੀਂ ਬੜੇ ਖਲੂਸ ਨਾਲ
ਉਸਦਾ ਸੁਆਗਤ ਕਰਾਂਗੇ।
ਅਸੀਂ ਸੁੱਚੇ ਹਰਿਮੰਦਰ ਦੀ ਅਜ਼ਮਤ ਲਈ
ਭੁੱਖੇ-ਪਿਆਸੇ ਵੀ ਜਾਨਾਂ ਹੂਲ ਕੇ ਲੜਾਂਗੇ !
ਕਰਾਰੇ ਹੱਥੀਂ ਉਸ ਨਾਲ ਸਿੰਝਾਂਗੇ
ਹੱਸ ਹੱਸ ਕੇ ਸੀਸ ਤਲੀ ਤੇ ਧਰਾਂਗੇ !!

ਪੰਚਮ ਪਾਤਸ਼ਾਹ !
ਗੁਰੂ ਰਾਮਦਾਸ ਦੀ ਨਗਰੀ ਤਾਂ
ਪਹਿਲਾਂ ਵਾਂਗ ਹੀ ਘੁੱਗ ਵਸਦੀ ਹੈ
ਅੱਖਾਂ ਵਿਚ ਹੰਝ ਲੈ ਕੇ ਵੀ ਹਸਦੀ ਹੈ !!
ਫਰਕ ਬਸ ਏਨਾ ਹੈ ਕਿ
ਇਸਦੀਆਂ ਗਲੀਆਂ ਵਿਚ
ਚਾਈਂ-ਚਾਈਂ ਤੁਰਦੀਆਂ ਸੰਗਤਾਂ ਥਾਂਵੇਂ ਹੁਣ
ਪੈਰਾ-ਮਿਲਟਰੀ ਦਗੜ-ਦਗੜ ਕਰਦੀ ਦਨਦਨਾਂਦੀ ਹੈ !
ਤੇ ਅੰਮ੍ਰਿਤ ਵੇਲੇ ਕੋਈ ਗੋਲੀ
ਕਿਸੇ ਨਿੰਤ-ਨੇਮ ਕਰਦੇ ਮਾਸੂਮ
ਦੀ ਹਿੱਕ ਨੂੰ ਚੀਰ ਜਾਂਦੀ ਹੈ !!

ਸੱਚੇ ਪਾਤਸ਼ਾਹ !
ਹੋਰ 'ਸਭ ਹੱਛਾ' ਹੈ
ਤੇਰਾ ਭਾਣਾ ਮਿੱਠਾ ਕਰਕੇ
ਮੰਨ ਰਹੇ ਹਾਂ।
ਹਨੇਰੇ ਦੇ ਦੌਰ ਚੋਂ
ਦਗਦੀਆਂ ਅੱਖਾਂ ਨਾਲ
ਗੁਜ਼ਰ ਰਹੇ ਹਾਂ।
ਤੇਰਾ ਦਿੱਤਾ ਸੱਭੋ ਕੁਝ ਹੈ
ਪਰ ਇਹਨੀਂ ਦਿਨੀਂ ਸਾਨੂੰ
84 'ਚ ਗੁਆਚੇ
ਆਪਣੇ ਸੰਤ ਜਰਨੈਲ ਸਿੰਘ
ਦਾ ਵਿਗੋਚਾ
ਬੜਾ ਮਹਿਸੂਸ ਹੁੰਦਾ ਹੈ !

' ਜਾਗੋ ਇੰਟਰਨੈਸ਼ਨਲ '
(ਜੂਨ, 1988)

ਵਿਅੰਗ-ਵਢਾਂਗਾ

ਢਿੱਲੋਂ ਕਿਹਾ ਰਾਜੀਵ ਹੈ ਅਜੇ ਕਾਕਾ ਦੁੱਧ ਚੁੰਘਣ ਦੀ ਅਜੇ ਵਰੇਸ ਉਹਦੀ।
ਰਾਜਨੀਤੀ ਦੀ ਗੱਲ ਨਾ ਮੂਲ ਜਾਣੇ ਕਰਨੀ ਸਾਥੀਆਂ ਨੇ ਪੱਟੀ ਮੇਸ ਉਹਦੀ।
ਕਾਣੀ ਕੌਡੀ ਨਾ ਅਸਾਂ ਦੀ ਕਦਰ ਪਾਈ ਕਦਰ ਕਰਦੇ ਰਹੇ ਅਸੀਂ ਦਰਵੇਸ ਉਹਦੀ।
ਗੁੱਡੀ ਚੂੜੀ ਦੀ ਡੋਰ ਨੂੰ ਕੱਟਿਆ ਈ ਸਾਨੂੰ ਭੁੱਲਣੀ ਮੂਲ ਨਾ ਠੇਸ ਉਹਦੀ।
ਮਾਉਂ ਏਸਦੀ ਦਹੀਂ ਨਾਲ ਟੂੱਕ ਦਿੱਤਾ ਸਾਨੂੰ ਸਦਾ ਨਿਹਾਰੀਆਂ ਚਾਰੀਆਂ ਨੇ !
ਰੰਜਸ਼ ਅਸਾਂ ਨੂੰ ਆਪਣੇ ਭਾਣਜੇ ਤੇ ਭੈਣ ਮਰਦਿਆਂ ਜੁੱਤੀਆਂ ਮਾਰੀਆਂ ਨੇ !!

ਖਰੇ ਔਖੇ ਹਨ ਕੰਮ ਸਮਝੌਤਿਆਂ ਦੇ ਫਿਰ ਵੀ ਮੁਨੀ ਜਾ ਵੇਖੋ ਮਖਿਆਲ ਚੋਂਦੇ।
ਲੜਦੇ ਲੱਤੀਂ ਜੁਝਾਰੂ ਭਰਿੰਡ ਬਣ ਕੇ ਪਿੰਡਾ ਤੋੜਦੇ ਮੰਦੜੇ ਹਾਲ ਚੋਂਦੇ।
ਜਥੇਦਾਰ ਤੇ ਨਾਲੇ ਸਰਕਾਰ ਘੂਰੇ ਵੇਖੋ ਕਿਵੇਂ ਸੰਭਾਲ ਸੰਭਾਲ ਚੋਂਦੇ।
ਸਾਧਗਿਰੀ ਵਿਚ ਮਾਮਲੇ ਪਏ ਭਾਰੇ ਠਲ੍ਹੇ ਨੀਰ ਨਾ ਅੱਖੀਆਂ ਲਾਲ ਚੋਂਦੇ।
ਲਿਆ ਸ਼ਾਂਤੀ ਵਾਸਤੇ ਕਿਵੇਂ ਪੰਗਾ ਜਿਹੜੀ ਕੋਲ ਸੀ ਉਹ ਵੀ ਗਵਾ ਬੈਠੇ !
ਰੋਜ਼ ਧਮਕੀਆਂ ਡਾਕ ਵਿਚ ਆਉਂਦੀਆਂ ਨੇ ਹੱਥ ਬੋਕ ਦੇ ਸਿੰਗਾਂ ਨੂੰ ਪਾ ਬੈਠੇ !!

ਪੁੰਛ ਕੱਢ ਕੇ ਕਿਵੇਂ ਰੂਪੋਸ਼ ਹੋ ਗਏ ਚਿੱਟੇ-ਸ਼ੇਰ ਜਰਨੈਲੀਆਂ ਕਰਨ ਵਾਲੇ !
ਕੌਮ ਚਾਰ ਕੇ ਕਿੱਧਰ ਦੌ ਚਾਰ ਹੋ ਗਏ ਢੱਟੇ ਨਿਸਰੀਆਂ ਸੋਂਜੀਆਂ ਚਰਨ ਵਾਲੇ ?
ਪੁੱਟਦੇ ਰਹੇ ਸਟੇਜਾਂ ਖੂਬ ਖੋਰੂ ਕਹਿੰਦੇ-ਅਸੀਂ ਨਹੀਂ ਕਿਸੇ ਤੋਂ ਡਰਨ ਵਾਲੇ !
ਕਹਿ ਕੇ ਭੈਣ ਜੀ ਰੱਖੜੀ ਲਈ ਬਾਂਹ ਕੱਢੀ ਲਾੜੀ ਮੌਤ ਨੂੰ ਦੀਹਦੇ ਸੀ ਵਰਨ ਵਾਲੇ।
ਪੀਤਾ ਜਿਹਨਾਂ ਅੱਧ-ਰਿੜਕਿਆ ਰਤੇ ਬਹਿ ਕੇ ਲੋਤ ਪੌਂਦਿਆਂ ਚੁੰਝੀਆਂ ਮਾਰ ਤੁਰ ਗਏ।
ਉਬਲੇ ਦੁੱਧੋਂ ਮਲਾਈ ਦਾ ਲਿਓੜ ਲਾਹ ਕੇ ਵੇਖੋ ਕੌਮ ਨੂੰ ਕਿਸ ਤਰਾਂ ਠਾਰ ਤੁਰ ਗਏ !!

ਮਹਿੰਗੇ ਕੱਦੂ ਅਕਾਲੀ ਨੇ ਹੋਏ ਸਸਤੇ ਸਮਾਂ ਵੇਖੋ ਤੇ ਸਮੇਂ ਦੀ ਧਾਰ ਵੇਖੋ।
ਅਗਲੇ ਅੰਦਰ ਵੜ ਜਿੰਦਰੀਆਂ ਮਾਰੀਆਂ ਨੇ ਦੜੇ ਕਿਸ ਤਰਾਂ ਕੁਟਕੇ ਦੇ ਯਾਰ ਵੇਖੋ।
ਪਾਉਣ ਲਈ ਡਵੱਟਾ ਗਲ ਲੋਕ ਕਾਹਲੇ ਕਦੇ ਸੋਂਹਦੇ ਸਨ ਫੁੱਲਾਂ ਦੇ ਹਾਰ ਵੇਖੋ।
ਸੈਕਲ ਉਤੇ ਨਾ ਕੋਈ ਬਿਠਾਂਵਦਾ ਈ ਕਿਥੇ ਝੰਡੜੀ ਵਾਲੜੀ ਕਾਰ ਵੇਖੋ।
ਲਾਲੀ ਚਿਹਰਿਓਂ ਉਡ ਗਈ ਖੰਭ ਲਾ ਕੇ ਮੂੰਹ ਪੀਲੇ ਜਿਓਂ ਜ਼ਰਦ-ਵਸਾਰ ਹੋ ਗਏ !
ਅੰਦਰ ਬੈਠ ਪੰਜੀਰੀਆਂ ਖਾਂਵਦੇ ਨੇ ਬਾਹਰ ਵਧਣ ਤੋਂ ਵੇਖੋ ਲਾਚਾਰ ਹੋ ਗਏ !!

' ਜਾਗੋ ਇੰਟਰਨੈਸ਼ਨਲ '
(ਜੂਨ, 1988)

ਅਕਾਲੀਓ ! ਅਜੇ ਵੀ ਅਕਲ ਦੀ ਇਕ ਗੱਲ ਕਰੋ !!

ਸੰਤ ਜਰਨੈਲ ਸਿੰਘ ਮਗਰੋਂ ਲਗਪਗ ਢਾਈ ਸਾਲ ਦੇ ਜ਼ੁਲਮੀ ਗਰਦੋ-ਗੁਬਾਰ ਉਪਰੰਤ ਸਿੱਖ-ਪੰਥ ਦੀ ਦੁਮੇਲ ਤੇ ਚੜ੍ਹਿਆ ਆਸ ਦਾ ਸੂਰਜ ਪ੍ਰੋ: ਦਰਸ਼ਣ ਸਿੰਘ ਵੀ ਆਖਰ 8 ਅਗਸਤ, 87 ਨੂੰ ਬੇਵਿਸ਼ਵਾਸੀ ਦੀ ਬੱਦਲਵਾਈ ਹੇਠ ਜ਼ੀਰਕਪੁਰ ਦੀ ਜੂਹ ਵਿਚ ਅਸਤ ਹੋ ਗਿਆ ! ਨਿਸਚੇ ਹੀ ਇਸ ਝੱਖੜ ਵਿਚ ਰਸਤਾ ਲੱਭ ਰਹੀ ਕੌਮ ਲਈ ਇਹ ਗੱਲ ਮੰਦਭਾਗੀ ਸੀ, ਪਰ ਨਿਰਾਸ਼ਾ-ਜਨਕ ਨਹੀਂ ! ਇਸਦੇ ਨਾਲ ਹੀ ਰਲਵੇਂ-ਮਿਲਵੇਂ ਅਥਵਾ ਸੰਯੁਕਤ ਅਕਾਲੀ ਦਲ ਦੇ ਆਗੂਆਂ ਨੇ ਬਿਆਨ ਦਾਗਿਆ ਕਿ ਸੰਯੁਕਤ ਅਕਾਲੀ ਦਲ ਵੀ ਹੁਣ ਸਰਗਰਮ ਸਿਆਸਤ ਤੋਂ ਪਿੱਛੇ ਹਟ ਗਿਆ ਹੈ। ਉਪਰੋਕਤ ਦੋਹਾਂ ਧਿਰਾਂ ਵਲੋਂ ਬੜੀ ਚੁਸਤ ਸਿਆਣਪ ਵਰਤਦਿਆਂ ਇਹ ਐਲਾਨ ਵੀ ਕੀਤਾ ਗਿਆ ਅਸੀਂ ਪਿੱਛੇ ਇਸ ਲਈ ਹਟ ਰਹੇ ਹਾਂ ਤਾਂ ਕਿ ਪੰਥ ਦੀ ਕਮਾਨ ਹੁਣ ਜੁਝਾਰੂ ਨੌਜਵਾਨ ਕਰਨ !

ਪ੍ਰੋ: ਦਰਸ਼ਣ ਸਿੰਘ ਦੇ ਬਹੁਤੇ ਪਿਛੋਕੜ ਵਿਚ ਜਾਣ ਦੀ ਜ਼ਰੂਰਤ ਨਹੀਂ ਸਿਰਫ ਏਨਾ ਲਿਖਣਾ ਹੀ ਕਾਫੀ ਹੈ ਕਿ ਉਹ ਸਿੱਖ-ਕੌਮ ਦੇ ਮਹਾਨ ਕੀਰਤਨੀਏ ਹਨ ਜਿਹਨਾਂ ਮੌਜੂਦਾ ਸਿੱਖ-ਸੰਘਰਸ਼ ਸਮੇਂ ਆਪਣੀ ਕੀਰਤਨ-ਕਲਾ ਨਾਲ ਸਿੱਖੀ-ਸਿਧਾਂਤ ਦਾ ਅਜਿਹਾ ਸੁਚੱਜਾ ਪ੍ਰਦਰਸ਼ਣ ਕੀਤਾ ਕਿ ਸਿੱਖ-ਸੰਸਾਰ ਨੂੰ ਇਸ ਸੰਕਟ ਸਮੇਂ ਉਹ ਕੋਈ ਮਸੀਹਾ ਬਣ ਕੇ ਬਹੁੜੇ ਜਾਪੇ। ਉਹਨਾਂ ਦੇ ਇਸ ਜਾਗਰਿਤ-ਕੀਰਤਨ ਸਦਕਾ ਹੀ ਸੀ ਕਿ ਬਾਬਾ ਜੋਗਿੰਦਰ ਸਿੰਘ ਹੋਰਾਂ ਉਹਨਾਂ ਨੂੰ ਆਪਣੇ ਅਕਾਲੀ ਦਲ ਦੇ ਪ੍ਰਮੁੱਖ ਸੱਜਣਾਂ ਦੀ ਸੂਚੀ ਵਿਚ ਸ਼ੁਮਾਰ ਕੀਤਾ ਤੇ ਮਗਰੋਂ ਸਰਕਾਰ ਦੀ ਕੈਦ ਅੰਦਰ ਬੰਦ ਹੋਣ ਕਾਰਨ ਉਹਨਾਂ ਦੀ ਮਕਬੂਲੀਅਤ ਸਿੱਖ-ਸੰਸਾਰ ਵਿਚ ਸਿਖਰਾਂ ਤੇ ਪਹੁੰਚੀ। ਪੰਥ ਦੀ ਮੌਜੂਦਾ ਹਫੜਾ-ਦਫੜੀ ਵਿਚ ਸ੍ਰੀ ਅਕਾਲ ਤਖਤ ਦੀ ਮਹਾਨ ਪਰੰਪਰਾ ਤੇ ਪਹਿਰਾ ਦੇਣ ਤੋਂ ਗਿ: ਕਿਰਪਾਲ ਸਿੰਘ ਵੈਰੋਕੇ ਦੇ ਭੱਜ ਜਾਣ ਅਤੇ ਭਾਈ ਜਸਬੀਰ ਸਿੰਘ ਰੋਡੇ ਤੇ ਫਿਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਗ੍ਰਿਫਤਾਰੀ ਉਪਰੰਤ ਅਕਾਲੀ ਇਸ ਤਾਕ ਵਿਚ ਸਨ ਕਿ ਸ੍ਰੀ ਅਕਾਲ ਤਖਤ ਉਪਰ ਸ਼੍ਰੋਮਣੀ ਕਮੇਟੀ ਰਾਹੀਂ ਕੋਈ ਆਪਣਾ 'ਬੰਦਾ' ਬਿਠਾ ਦਿਤਾ ਜਾਵੇ ਪਰ ਜੁਝਾਰੂ ਸਿੰਘ ਸਿੱਖੀ-ਪਰੰਪਰਾਵਾਂ ਤੇ ਪਹਿਰਾ ਦੇਣ ਲਈ ਇਥੇ ਕਿਸੇ ਨਵੇਂ ਅਕਾਲੀ ਫੂਲਾ ਸਿੰਘ ਨੂੰ ਸੁਸ਼ੋਭਤ ਕਰਨ ਦੇ ਤਲਬਗਾਰ ਸਨ। ਇਹ ਉਹੀ ਸਮਾਂ ਸੀ ਜਦ ਪ੍ਰੋ: ਦਰਸ਼ਣ ਸਿੰਘ ਦੀ ਸ਼ਖਸੀਅਤ ਉਹਨਾਂ ਦੇ ਜਾਗਰਿਤ-ਕੀਰਤਨ ਤੇ ਕੁਰਬਾਨੀ ਸਦਕਾ ਸੋਹਣੀ ਲਿਸ਼ਕੀ ਸੀ। ਘੁਣਤਰੀ ਤੇ ਖਚਰੇ ਅਕਾਲੀ-ਲੀਡਰਾਂ ਨੇ ਵੇਲਾ ਵਿਚਾਰ ਕੇ ਉਹਨਾਂ ਦਾ ਨਾਂ ਇਸ ਅਹੁਦੇ ਲਈ ਤਜਵੀਜ਼ਿਆ ਤਾਂ ਜੁਝਾਰੂ ਸਿੰਘਾਂ ਨੂੰ ਜਾਪਿਆ ਕਿ ਹੁਣ ਉਹਨਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਨ ਵਾਲੇ ਵਿਅਕਤੀ ਦੀ ਚੋਣ ਹੋ ਗਈ ਹੈ। ਇਹੀ ਕਾਰਨ ਸੀ ਕਿ ਭਾਈ ਮਾਨੋਚਾਹਲ ਸਮੇਤ ਪੰਥਕ-ਕਮੇਟੀ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਪੰਥਕ ਯੂਨੀਵਰਸਿਟੀ ਅਥਵਾ ਦਮਦਮੀ ਟਕਸਾਲ ਤੱਕ ਸਭ ਨੇ ਇਸ ਨਵੀਂ ਨਿਯੁਕਤੀ ਨੂੰ ਖੁਸ਼-ਆਮਦੀਦ ਕਿਹਾ ਤੇ ਸ੍ਰੀ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਵਜੋਂ ਪ੍ਰੋ: ਦਰਸ਼ਣ ਸਿੰਘ ਨੂੰ ਖਿੜੇ ਮੱਥੇ ਕਬੂਲ ਕੀਤਾ। ਦਰਅਸਲ ਇਸ ਨਿਯੁਕਤੀ ਰਾਹੀਂ ਖਚਰੇ ਅਕਾਲੀ-ਲੀਡਰ ਸ੍ਰੀ ਅਕਾਲ ਤਖਤ ਉਪਰ ਆਪਣਾ ਕਬਜ਼ਾ ਕਰਨ ਅਤੇ ਜੁਝਾਰੂ ਸਿੰਘਾਂ ਨੂੰ ਨੱਥਣ-ਪਛਾੜਨ ਦੇ ਆਹਰ ਵਿਚ ਸਨ ਤੇ ਜੁਝਾਰੂ ਨੌਜਵਾਨਾਂ ਪੱਲੇ ਇਹੋ ਸੁਹਿਰਦ-ਸੱਚੀ ਆਸ ਸੀ ਕਿ ਪ੍ਰੋ: ਸਾਹਿਬ ਹੁਣ ਉਹਨਾਂ ਦੀ ਤਲਵਾਰ ਦੀ ਤਰਜਮਾਨੀ ਕਰਨਗੇ ਤੇ ਦਿੱਲੀ-ਸਰਕਾਰ ਅਤੇ ਘਾਗ-ਅਕਾਲੀਆਂ ਵਲੋਂ ਹੋਏ ਕਿਸੇ ਵੀ ਹਮਲੇ ਸਮੇਂ ਉਹਨਾਂ ਦੀ ਢਾਲ ਵੀ ਬਣਨਗੇ। ਇਹੀ ਕਾਰਨ ਸੀ ਕਿ ਜੁਝਾਰੂਆਂ ਵਲੋਂ ਪ੍ਰੋ: ਦਰਸ਼ਣ ਸਿੰਘ ਨੂੰ ਏਨਾ ਮਾਣ-ਸਤਿਕਾਰ ਦਿੱਤਾ ਗਿਆ ਜਿੰਨਾ ਸੰਤ ਜਰਨੈਲ ਸਿੰਘ ਉਪਰੰਤ ਸ਼ਾਇਦ ਹੀ ਕਿਸੇ ਹੋਰ ਨੂੰ ਮਿਲਿਆ ਹੋਵੇ। ਪਰ ਸੱਚੇ-ਸੁੱਚੇ ਜੁਝਾਰੂਆਂ ਲਈ ਅਕਾਲੀਆਂ ਵਲੋਂ ਆਪਣੇ ਜਾਣੇ ਲਾਇਆ ਇਹ ਸੁਨਹਿਰੀ-ਜਾਲ ਸੀ, ਜੋ 4 ਅਗਸਤ, 87 ਦੀ ਕਨਵੈਨਸ਼ਨ ਮਗਰੋਂ ਤਾਰ-ਤਾਰ ਹੋ ਗਿਆ।

ਨਿਰਸੰਦੇਹ ਪ੍ਰੋ: ਦਰਸ਼ਣ ਸਿੰਘ ਇਕ ਰੌਸ਼ਨ-ਦਿਮਾਗ ਤੇ ਬਾ-ਦਲੀਲ ਵਿਅਕਤੀ ਹਨ ਇਸੇ ਕਾਰਨ ਹੀ ਉਹਨਾਂ ਬਹੁਤ ਗੱਲਾਂ ਉਤੇ ਵਿਰੋਧੀਆਂ ਨੂੰ ਵੀ ਕਾਇਲ ਕੀਤਾ ਹੈ ਪਰ ਜਿਸ ਮਰਹਲੇ ਤੇ ਖਾਲਸਾ-ਪੰਥ ਅੱਜ ਆਣ ਪਹੁੰਚਾ ਹੈ ਇਥੇ ਦਿਮਾਗ ਤੇ ਦਲੀਲ ਤੋਂ ਵੀ ਉਪਰ ਇਸਦੇ ਲੀਡਰ ਦੇ ਪੱਲੇ ਦਿਆਨਤਦਾਰੀ ਅਤੇ ਸਿੱਖ-ਕਾਜ਼ ਲਈ ਸੁਹਿਰਦਤਾ ਹੋਣ ਨੂੰ ਸਿੱਖ ਵਧੇਰੇ ਤਰਜੀਹ ਦਿੰਦੇ ਹਨ। ਸੰਤ ਜਰਨੈਲ ਸਿੰਘ ਖਾਲਸਾ ਦੀ ਝੋਲ ਵਿਚ ਵਾਹਿਗੁਰੂ ਨੇ ਇਹੀ ਦਿਆਨਤਦਾਰੀ ਪਾਈ ਸੀ ਜਿਸ ਸਦਕਾ ਚਹੁੰ ਵਰ੍ਹਿਆਂ ਵਿਚ ਖਾਲਸਾ-ਪੰਥ ਹੀ ਉਹਨਾਂ ਦੀ ਚੁੰਬਕੀ-ਸ਼ਖਸੀਅਤ ਉਦਾਲੇ ਇਕੱਤਰ ਹੋ ਗਿਆ ਸੀ ਵਰਨਾ ਸ਼ੈਤਾਨ-ਦਿਮਾਗ ਤਾਂ ਸਿੱਖ-ਸਫਾਂ ਵਿਚ ਟੋਹੜੇ ਵਰਗੇ ਵੀ ਸਨ ਜਿਹਨਾਂ ਦੇ ਚੱਟੇ ਪੰਥ-ਬ੍ਰਿਛ ਦੇ ਪੱਤੇ ਹਰੇ ਕਰਨ ਲਈ ਨੌਜਵਾਨਾਂ ਨੂੰ ਪਤਾ ਨਹੀਂ ਕਿੰਨਾ ਹੋਰ ਖ਼ੂਨ ਡੋਲਣਾ ਪਵੇਗਾ।

ਹਾਂ, ਗੱਲ ਹੋ ਰਹੀ ਸੀ ਪ੍ਰੋ: ਦਰਸ਼ਣ ਸਿੰਘ ਅਤੇ ਮਾਡਰੇਟ ਅਥਵਾ ਲਟਕਣ-ਕਲਾਸ ਅਕਾਲੀਆਂ ਵੱਲੋਂ ਮੌਜੂਦਾ ਸੰਘਰਸ਼ ਸਮੇਂ ਘਰੇ ਜਾ ਬਹਿਣ ਤੇ ਜੁਝਾਰੂਆਂ ਨੂੰ ਕਮਾਨ ਸੰਭਾਲਣ ਦੇ ਫੈਸਲੇ ਦੀ !

ਖਿਮਾ ਕਰਨਾ ਖੁੰਢੇ-ਅਕਾਲੀਓ ! ਪਹਿਲੀ ਗੱਲ ਇਸ ਮਰਹਲੇ ਉਤੇ ਕੀਤਾ ਇਹ ਤੁਹਾਡਾ ਫੈਸਲਾ ਗੁਰੂ ਨੂੰ ਬੇਦਾਵਾ ਲਿਖਣ ਜਾਂ ਪੰਥ ਨੂੰ ਪਿੱਠ ਦਿਖਾ ਭੱਜਣ ਤੋਂ ਕਿਵੇਂ ਵੀ ਘੱਟ ਨਹੀਂ ਜਾਂ 'ਲੱਗੀ ਲਾਮ ਤੇ ਤੂਤਾ ਲਿਆ ਨਾਮਾਂ' ਵਾਲੀ ਗੱਲ ਹੈ। ਕੁਲ ਤੱਕ ਤੁਸੀਂ ਆਪਣੀ ਅੰਦਰੂਨੀ ਲੜਾਈ ਵੇਲੇ ਇਕ ਦੂਸਰੇ ਨੂੰ ਚਲਦੀ ਲੜਾਈ ਇਕ ਘੋੜੇ ਨਾ ਬਦਲਣ ਦੀਆਂ ਦਲੀਲਾਂ ਦਿੰਦੇ ਰਹੇ ਹੋ ਪਰ ਅੱਜ ਪੰਥ ਉਤੇ ਪਈ ਭੀੜ ਸਮੇਂ ਸਿਆਸਤ ਤੋਂ ਪਿੱਛੇ ਹਟਣ ਜਾਂ ਘਰੇ ਬਹਿਣ ਦੀ ਬਹਾਦਰੀ ਨਾਲ ਤੁਸੀਂ ਪੰਥ ਅਤੇ ਪੰਜਾਬ ਦੀ ਉਘੀ ਸੇਵਾ ਕਰ ਰਹੇ ਹੋ ? ਸਿੱਖ-ਜਜ਼ਬਾਤਾਂ ਨੂੰ ਉਭਾਰ ਕੇ ਮੁੱਕ-ਪਕੇ ਵਿਚ ਸਰਕਾਰਾਂ ਤੁਸੀਂ ਮਾਣੋਂ। ਸਿੱਖ-ਸੰਸਥਾਵਾਂ ਦੀਆਂ ਚਾਬੀਆਂ ਆਪਣੇ ਕਛਹਿਰਿਆਂ ਦੇ ਨਾਲਿਆਂ ਨਾਲ ਤੁਸੀਂ ਬੰਨ੍ਹੀ ਰਖਣਾ ਚਾਹੋ। ਪਰ ਪੰਥ ਉਤੇ ਬਿਪਤਾ ਬਣੇ ਤਾਂ ਤੁਸੀਂ ਪਿੱਛੇ ਵੱਲ ਭੱਜੋ ਜਾਂ ਜਿਹਲੀਜਾ ਦੜੋਂ ਤੇ ਮਰਨ ਲਈ ਨੌਜਵਾਨ ਮੂਹਰੇ। ਖਾਣ ਪੀਣ ਨੂੰ ਬਾਂਦਰੀ ਤੇ ਧੌਣ ਭੰਨਾਉਣ ਨੂੰ ਜੁੰਮਾਂ ? ਨੌਜਵਾਨਾਂ ਨੂੰ ਕਮਾਨ ਸੰਭਾਲਣ ਦਾ ਫੈਸਲਾ ਦੇਂਦਿਆਂ ਤੁਹਾਡੇ ਮਨ 'ਚ ਇਹ ਪਾਪ ਸੀ ਕਿ ਜਾਨਾਂ ਤਲੀ ਤੇ ਰੱਖ ਕੇ ਲੜਨ ਵਾਲੇ ਰੂਪੋਸ਼ ਨੌਜਵਾਨ ਸਿੱਖ-ਸੰਸਥਾਵਾਂ ਦੀ ਪੂਰਨ ਜ਼ਿੰਮੇਵਾਰੀ ਬਾਹਰ ਆ ਕੇ ਨਿਭਾਅ ਹੀ ਨਹੀਂ ਸਕਣਗੇ। ਜੇ ਉਹ ਇਹ ਜ਼ਿਮੇਵਾਰੀ ਸੰਭਾਲਣ ਬਾਹਰ ਆਉਂਣਗੇ ਤਾਂ ਸਰਕਾਰ ਉਹਨਾਂ ਨੂੰ ਕਾਬੂ ਕਰ ਲਵੇਗੀ ਤੇ ਤੁਹਾਡਾ ਰਸਤਾ ਸਾਫ ਹੋ ਜਾਵੇਗਾ ਜੇ ਉਹ ਇਹ ਜ਼ਿਮੇਵਾਰੀ ਬਾਹਰ ਆ ਕੇ ਨਾ ਸੰਭਾਲਣਗੇ ਤਾਂ ਤੁਸੀਂ ਲੋਕਾਂ ਵਿਚ ਸੱਚੇ ਰਹਿ ਕੇ ਲੋਕ-ਰਾਇ ਨੂੰ ਆਪਣੇ ਨਾਲ ਕਰ ਲਵੋਂਗੇ। ਪਰ ਨੌਜਵਾਨਾਂ ਨੇ ਤੁਹਾਡੀ ਇਹ ਪੇਸ਼ਕਸ਼ ਵੀ ਪ੍ਰਵਾਨ ਕਰ ਲਈ। ਫਿਰ ਤੁਹਾਡੇ ਵਿਚ ਭੋਰਾ ਵੀ ਈਮਾਨ ਬਾਕੀ ਸੀ ਤਾਂ ਤੁਸੀਂ ਇਸ ਪੇਸ਼ਕਸ਼ ਦੀ ਪ੍ਰਵਾਨਗੀ ਉਪਰੰਤ ਨੌਜਵਾਨਾਂ ਦੀ ਅਗਵਾਈ ਕਬੂਲ ਕਰਕੇ ਘਰੇ ਬੈਠਣ ਦੀ ਬਜਾਏ ਉਹਨਾਂ ਪਿੱਛੇ ਖੁੜਦੇ। ਉਹਨਾਂ ਨੂੰ ਸਹਿਯੋਗ ਦਿੰਦੇ। ਪਰ ਤੁਸੀਂ ਉਹ ਮੌਕਾ-ਸ਼ਨਾਸ ਲੋਕ ਹੋ ਜੋ ਅੱਜ ਤੀਕ ਸਿੱਖਾਂ ਦੇ ਵਫਾ-ਵੋਟ-ਨੋਟ ਮੁੱਛਦੇ ਰਹੇ ਹੋਂ, ਪਰ ਤੁਸਾਂ ਸਿੱਖਾਂ ਦੇ ਜਜ਼ਬਾਤਾਂ ਦੀ ਕਦੇ ਕਦਰ ਨਹੀਂ ਕੀਤੀ ਸਗੋਂ ਇਹਨਾਂ ਨਾਲ ਖੁਲਕੇ ਖੇਡਦੇ ਰਹੇ ਹੋ। ਸਿੱਖਾਂ ਦਾ ਦੁਖਾਂਤ ਇਹੀ ਸੀ ਕਿ ਉਹਨਾਂ ਪਾਸ ਤੁਹਾਡਾ ਬਦਲ (Substitute) ਕੋਈ ਨਹੀਂ ਸੀ। ਦਰਅਸਲ ਆਪਣਾ ਬਦਲ (Substitute) ਤੁਸਾਂ ਕਦੇ ਉਭਰਨ ਹੀ ਨਹੀਂ ਦਿੱਤਾ। ਮਾਸਟਰ ਤਾਰਾ ਸਿੰਘ ਤੋਂ ਲੈ ਕੇ ਹੁਣ ਤੱਕ ਇਸੇ ਹਥਿਆਰ ਨਾਲ ਤੁਸਾਂ ਨਵੀਂ ਉਭਰ ਰਹੀ ਹਰ ਲੀਡਰਸ਼ਿਪ ਨੂੰ ਮਾਰਿਆ ਹੈ। ਸ: ਦਰਸ਼ਣ ਸਿੰਘ ਫੇਰੂਮਾਨ ਪੰਜਾਬ ਦੇ ਹਿਤਾਂ ਲਈ ਤੁਹਾਡੇ ਸਾਹਮਣੇ ਅੱਡੀਆਂ ਰਗੜ ਰਗੜ ਕੇ ਟੁਰ ਗਿਆ ਪਰ ਤੁਹਾਡੇ ਮੋਹਰੀ ਸਾਧ ਫਤਹ ਸਿੰਘ ਨੇ ਉਸਦੇ ਵਰਤ ਨੂੰ ਨਾ ਅਪਣਾਇਆ ਕਿਉਂਕਿ ਇਸ ਨਾਲ ਕਰੈਡਿਟ ਫੇਰੂਮਾਨ ਦੀ ਝੋਲ ਪੈਂਦਾ ਸੀ ਤੇ ਸਾਧ ਦੀ ਲੀਡਰੀ ਦਾ ਭੋਗ ਪੈਂਦਾ ਸੀ। ਮਗਰੋਂ ਉਸੇ ਕਾਜ਼ ਲਈ ਮਰਨ-ਵਰਤ ਰੱਖ ਭਜਦਾ ਸਾਧ ਸਾਰੇ ਜੱਗ ਨੇ ਵੇਖਿਆ ਹੈ। ਸੰਤ ਜਰਨੈਲ ਸਿੰਘ ਸਿੱਖੀ ਦੀ ਸ਼ਾਨ ਲਈ ਪੋਟਾ-ਪੋਟਾ ਹੋ, ਜਾਨ ਤੇ ਖੇਡ ਗਏ। ਤੁਸੀਂ ਉਹਨਾਂ ਨੂੰ ਹੱਥੀਂ ਗੁਆ ਲਿਆ ਪਰ ਢਿਡੋਂ ਉਹਨਾਂ ਨੂੰ ਅਪਣਾਅ ਨਾ ਸਕੇ ਕਿਉਂਕਿ ਇਸ 'ਚ ਤੁਹਾਡੀ ਲੀਡਰੀ ਜਾਂਦੀ ਸੀ। ਪਰ ਅਕਲ ਨੂੰ ਹੱਥ ਮਾਰੋ। ਅੱਜ ਫੇਰੂਮਾਨ ਜ਼ਿੰਦਾ ਹੈ ਜਾਂ ਫਤਹ ਸਿੰਘ ? ਸੰਤ ਜਰਨੈਲ ਸਿੰਘ ਜ਼ਿੰਦਾ ਹੈ ਜਾਂ ਲੋਂਗੋਵਾਲ ? ਅੱਜ ਅਕਾਲ ਤਖਤ ਤੋਂ ਸਵਾ ਲੱਖ ਮਰਜੀਵੜਿਆਂ ਨੂੰ ਸਹੁੰ

ਖਵਾ ਕੇ ਅਰਦਾਸ ਕਰਕੇ ਭੱਜੇ ਤੁਹਾਡੇ ਲੀਡਰ ਲੋਂਗੋਵਾਲੀਏ ਸਾਧ ਨੂੰ ਭਾਰਤ ਸਰਕਾਰ ਅਮਰ-ਸ਼ਹੀਦ ਦੇ ਰੁਤਬੇ ਪ੍ਰਦਾਨ ਕਰ ਕੇ ਉਸਦੀਆਂ ਡਾਕ-ਟਿਕਟਾਂ ਜਾਰੀ ਕਰਦੀ ਹੈ-ਤੁਸੀਂ ਉਸਦੇ ਪਿਛਲੱਗ ਅੰਦਰ-ਬਾਹਰ ਗੱਦੀਆਂ ਲਈ ਹਾਬੜੇ ਫਿਰਦੇ ਹੋ। ਸਰਕਾਰੀ ਏਜੰਟ ਤੁਸੀਂ ਹੋ ਜਾਂ ਉਹ ਨੌਜਵਾਨ ਜਿਹਨਾਂ ਨੂੰ ਅੱਜ ਪੰਜਾਬ 'ਚ ਘਰਾਂ ਤੋਂ ਜਗਾ ਜਗਾ ਕੇ ਰਾਤੀਂ ਨਹਿਰਾਂ-ਸੜਕਾਂ ਕੰਢੇ ਕਬੂਤਰਾਂ ਵਾਂਗ ਫੁੰਡਿਆ ਜਾ ਰਿਹਾ ਹੈ ? ਤੁਸੀਂ ਸੰਤ ਜਰਨੈਲ ਸਿੰਘ ਨੂੰ ਹੱਥੀਂ ਗੁਆ ਕੇ ਅਪਣਾ ਰਸਤਾ ਸਾਫ ਕਰਨਾ ਚਾਹੁੰਦੇ ਸੋ ਤੇ ਇਹ ਵੀ ਚਾਹੁੰਦੇ ਸੋ ਕਿ ਸਿੱਖ ਅੱਖਾਂ ਮੀਟ ਕੇ ਤੁਹਾਡੇ ਮਗਰ ਟੁਰੇ ਆਉਂਣਗੇ। ਇਹ ਤੁਹਾਡਾ ਵਹਿਮ ਸੀ।

ਵਾਸਤਵ ਵਿਚ ਵਰਤਮਾਨ-ਸੰਘਰਸ਼ ਵਿਚ ਤੁਹਾਡੀਆਂ ਲੱਤਾਂ ਵਿਚ ਕੌਮ ਦੀ ਅਗਵਾਈ ਕਰਨ ਲਈ ਜਾਨ ਨਹੀਂ ਤੇ ਜੇ ਆਪਣੇ ਪਿੱਛੇ ਹਟਣ ਦੇ ਫੈਸਲੇ ਅਤੇ ਨੌਜਵਾਨਾਂ ਵਲੋਂ ਇਸ ਪੇਸ਼ਕਸ਼ ਨੂੰ ਸਵੀਕਾਰ ਕਰਨ ਮਗਰੋਂ ਵੀ ਤੁਸੀ ਉਹਨਾਂ ਨੂੰ ਸਹਿਯੋਗ ਨਹੀਂ ਦਿੰਦੇ ਤਾਂ ਇਸਦਾ ਸਿੱਧਾ ਸਪੱਸਟ ਮਤਲਬ ਇਹ ਹੈ ਕਿ ਤੁਸੀਂ ਸਿੱਖੀ-ਭੇਖ ਵਿਚ ਦਿੱਲੀ ਦੇ ਉਹ ਦਲਾਲ ਹੋ ਜਿਹਨਾਂ ਨੇ ਹਮੇਸ਼ਾ ਸਿੱਖਾਂ ਦਾ ਵਿਸ਼ਵਾਸਘਾਤ ਕਰਕੇ ਪੰਥ ਦੀ ਹਾਨੀ ਕਰਵਾਈ ਹੈ। ਕੀ ਤੁਹਾਡੇ ਕੋਲ ਇਕ ਵੀ ਮਿਸਾਲ ਹੈ ਕਿ ਜੂਨ ਚੁਰਾਸੀ ਦੇ ਘਲੂਘਾਰੇ ਪਹਿਲੋਂ ਦੋ ਸਾਲ ਤੋਂ ਚਲਦੇ ਧਰਮ-ਯੁਧ ਮੋਰਚੇ ਵਿਚ ਸੰਤ ਜਰਨੈਲ ਸਿੰਘ ਤੇ ਨੌਜਵਾਨ ਤੁਹਾਨੂੰ ਦਿੱਤੇ ਮਿਲਵਰਤਣ ਦੇ ਵਾਅਦੇ ਤੋਂ ਇਕ ਵਾਰ ਵੀ ਭੱਜੇ-ਬਿੜਕੇ ਹੋਣ ?

ਤੁਸੀਂ ਚਾਰ ਸਿੰਘ ਸਹਿਬਾਨ ਦੀ ਨਿਯੁਕਤੀ ਨੂੰ ਪ੍ਰਵਾਨ ਵੀ ਕਰਦੇ ਹੋ ਤੇ ਫਿਰ ਪ੍ਰੋ: ਦਰਸ਼ਣ ਸਿੰਘ ਦੇ ਜ਼ੀਰਕਪੁਰ ਜਾਣ ਉਪਰੰਤ ਜੇ ਉਹ ਆਪਣੀਆਂ ਜ਼ਿਮੇਵਾਰ ਪਦਵੀਆਂ ਉਤੇ ਸੁਸ਼ੋਭਤ ਹੁੰਦਿਆਂ ਹੋਇਆਂ ਪੰਥ ਦੀ ਅਗਵਾਈ ਕਰਨ ਲਈ ਕੋਈ ਬਿਆਨ ਦਿੰਦੇ ਹਨ ਤਾਂ ਤੁਸੀਂ ਇਸ ਨੂੰ ਪ੍ਰਵਾਨ ਕਰਨ ਦੀ ਬਜਾਏ ਇਸਨੂੰ ਨਿੰਦਦੇ ਹੋ-ਇਸ ਤੇ ਨੱਕ-ਬੁਲ੍ਹ ਚੁਤਦੇ ਹੋ ! ਇਹ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ ਸਤਿਕਾਰ ਕਰ ਰਹੇ ਹੋ ? ਕੀ ਤੁਸੀਂ ਖੁਦ ਇਸਦੀ ਪਰੰਪਰਾ ਦੀਆਂ ਧੱਜੀਆਂ ਨਹੀਂ ਉਡਾ ਰਹੇ ? ਤੁਸੀਂ ਬਾਦਲ-ਟੌਹੜਾ ਦੋਵੇਂ ਕਲ ਰਾਜੀਵ ਦੇ ਪਾਲਤੂ-ਬੋਤੇ ਬਰਨਾਲੇ ਦੀ ਗੱਦੀ ਖੋਹਣ ਲਈ ਇਕ ਹੋ ਸਕਦੇ ਹੋ, 'ਪੰਥਕ-ਏਕਤਾ' ਕਰ ਸਕਦੇ ਹੋ। ਅੱਜ ਨੌਜਵਾਨਾਂ ਦੀ ਵਿਰੋਧਤਾ ਕਰਨ ਲਈ ਉਸਦੇ ਦਲ ਨਾਲ ਤਾਂ ਬਗਲਗੀਰ ਹੋਣ ਲਈ ਤਿਆਰ ਹੋ ਪਰ ਨੌਜਵਾਨਾਂ ਦਾ ਸਹਿਯੋਗ ਦਿੰਦਿਆਂ ਤੁਹਾਨੂੰ ਸੰਗ ਲਗਦੀ ਹੈ ਕਿਉਂਕਿ ਤੁਸੀਂ ਅਪਣੀਆਂ ਗੱਦੀਆਂ ਛੱਡਣ ਲਈ ਇਸ ਘੋਰ ਸੰਕਟ ਸਮੇਂ ਵੀ ਤਿਆਰ ਨਹੀਂ। ਪਰ ਯਾਦ ਰੱਖਿਓ, ਜਿੰਨੇ ਮਰਜ਼ੀ ਦਾਅ ਚਲਾ ਕੇ ਵੇਖ ਲਿਓ ਇਹ ਹੁਣ ਤੁਹਾਡੇ ਕੋਲ ਰਹਿਣੀਆਂ ਨਹੀਂ। ਪਰ ਦੁੱਖ ਇਹ ਹੈ ਕਿ ਤੁਹਾਡੇ ਇਸ ਕਿਰਦਾਰ ਨਾਲ ਬਿਅੰਤ ਕੁਰਬਾਨੀਆਂ ਨਾਲ ਪ੍ਰਾਪਤ ਕੀਤੀਆਂ ਅਥਵਾ ਹੋਂਦ 'ਚ ਲਿਆਂਦੀਆਂ ਦੋ ਪ੍ਰਮੁੱਖ ਸਿੱਖ-ਸੰਸਥਾਵਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਤੋਂ ਸਿੱਖ ਬੇਰੁਖ ਤੇ ਅਲੱਗ-ਥਲੱਗ ਹੋਣ ਨਾਲ ਇਹ ਕਮਜ਼ੋਰ ਹੋਣਗੀਆਂ ਤੇ ਇਹਨਾਂ ਦੋ ਮਹਾਨ ਪੰਥਕ-ਰੁੱਖਾਂ ਦੇ ਜੜੀਂ ਕੁਹਾੜਾ ਵਾਹੁਣ ਦੇ ਜ਼ਿਮੇਵਾਰ ਕਲ ਨੂੰ ਤੁਸੀਂ ਹੀ ਗਿਰਦਾਨੇ ਜਾਵੋਂਗੇ। ਪੰਥ ਲਈ ਕੁਰਬਾਨੀ ਕਰਨ ਵਾਲੇ ਲੋਕਾਂ ਨੂੰ ਤਾਂ ਇਤਿਹਾਸ ਆਪਣੀ ਛਾਤੀ ਨਾਲ ਲਾਏਗਾ ਹੀ ਲਾਏਗਾ। ਦਿੱਲੀ ਵਲੋਂ ਤੁਹਾਡੇ ਲੀਡਰ ਲੋਂਗੋਵਾਲ ਦੀ ਜਾਰੀ ਕੀਤੀ ਡਾਕ-ਟਿਕਟ ਉਤੇ ਤਾਂ ਕਾਲਖ ਦੀ ਮੋਹਰ ਬਾਰ-ਬਾਰ ਲੱਗੇਗੀ ਹੀ ਪਰ ਇਸ ਸੰਕਟ ਸਮੇਂ ਵੀ ਪੰਥ ਦੀ ਵੱਖੀ 'ਚ ਸ਼ਰਾਰਤਾਂ ਦੇ ਛੁਰੇ ਬਾਰ-ਬਾਰ ਮਾਰਨ ਲਈ ਵੀ ਇਤਿਹਾਸ ਤੁਹਾਨੂੰ ਫਿਟਕਾਰੇਗਾ।

ਜਾਪਦਾ ਹੈ ਹੁਣ ਤੱਕ ਤੁਸੀਂ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ। ਸਾਹਮਣੇ ਦਿਸਦੀ ਅਸਲੀਅਤ ਨੂੰ ਪ੍ਰਵਾਨ ਨਹੀਂ ਕੀਤਾ। ਆਪਣੇ ਪਿੱਛੇ ਹਟਣ ਦੇ ਐਲਾਨ ਤੋਂ ਮਹੀਨਾ ਮਗਰੋਂ ਹੀ ਤੁਸੀਂ ਆਪਣਾ ਫੈਸਲਾ ਉਲੱਦ ਕੇ ਅੱਜ ਫਿਰ ਜ਼ੀਰਕਪੁਰ ਜਾ ਕੇ ਪ੍ਰੋ: ਦਰਸ਼ਣ ਸਿੰਘ ਨੂੰ ਅਕਾਲ ਤਖਤ ਆਉਂਣ ਦੀ ਤੁੱਖਣਾ ਦੇ ਰਹੇ ਹੋ ਤਾਂ ਤੁਹਾਡਾ ਸਪੱਸਟ ਮੰਤਵ ਉਸ ਸਾਊ-ਦਿਸਦੇ ਵਿਅਕਤੀ ਨੂੰ ਆਪਣਾ ਮੁਹਰਾ ਬਣਾ ਕੇ ਸਿਆਸੀ-ਸ਼ਤਰੰਜ ਉਤੇ ਸੁਆਰਥ-ਸਿੱਧੀ ਲਈ ਨਵੀਂ-ਖੇਡ ਖੇਡਣਾ ਹੈ ਜਿਸ ਨਾਲ ਤੁਸੀਂ ਸ੍ਰੀ ਅਕਾਲ ਤਖਤ ਦੀ ਪ੍ਰਤਿਸ਼ਠਾ ਨੂੰ ਕੌਮ ਵਿਚ ਖਾਹ-ਮੁਖਾਹ ਝਗੜਾ ਪੁਆ ਕੇ ਨੁਕਸਾਨ ਵੀ ਪਹੁੰਚਾਵੋਂਗੇ ਤੇ ਸਿੱਖਾਂ ਨੂੰ ਸਿੱਖ-ਨਿਸ਼ਾਨੇ ਨਾਲੋਂ ਤੋੜ ਕੇ ਨੌਜਵਾਨਾਂ ਦੀ ਵਿਰੋਧਤਾ ਕਰਦਿਆਂ ਸਰਕਾਰ ਦਾ ਪੱਖ ਵੀ ਪੂਰੋਂਗੇ।

ਪੰਥ ਇਸ ਸਮੇਂ ਘੋਰ ਬਿਪਤਾ ਦੇ ਦੌਰ ਚੋਂ ਗੁਜ਼ਰ ਰਿਹਾ ਹੈ। ਇਸ ਹਫੜਾ-ਦਫੜੀ ਦੀ ਅਵੱਸਥਾ 'ਚ ਸਿੰਘ ਸਹਿਬਾਨ ਹੀ ਸਾਡੇ ਪ੍ਰਮੁੱਖ ਹਨ। ਉਹਨਾਂ ਨੂੰ ਹੀ ਪੰਥ ਦੀ ਮੰਜ਼ਿਲ ਮਿਥਣ ਦਾ ਪੂਰਾ ਅਧਿਕਾਰ ਇਸ ਅਵੱਸਥਾ ਵਿਚ ਹੋਣਾ ਚਾਹੀਦਾ ਹੈ ਤੇ ਚਾਰ ਸਿੰਘ-ਸਾਹਿਬਾਨ ਨੇ ਪੰਥ ਦੀ ਮੰਜ਼ਿਲ ਮਿਥ ਦਿੱਤੀ ਹੈ। ਇਹ ਅਧਿਕਾਰ ਇਸ ਸਮੇਂ ਉਹਨਾਂ ਕੋਲ ਹੀ ਰਹਿਣਾ ਚਾਹੀਦਾ ਹੈ। ਇਸਦੀ ਪੁਨਰ-ਪ੍ਰਵਾਨਗੀ ਸੂਬਤ ਖਾਲਸੇ ਤੋਂ ਲੈਣ ਦਾ ਹੱਕ-ਅਧਿਕਾਰ ਵੀ ਉਹਨਾਂ ਦੇ ਹੱਥ ਹੈ। ਤੁਸੀਂ ਪੰਥ-ਹਿਤੂ ਹੋ ਤਾਂ ਉਹਨਾਂ ਦੇ ਇਸ ਫੈਸਲੇ ਨੂੰ ਚੁਣੌਤੀ ਨਾ ਦਿਉ ਸਗੋਂ ਇਸ ਅੱਗੇ ਸਿਰ ਝੁਕਾਓ ! ਇਸਨੂੰ ਪ੍ਰਵਾਨ ਕਰੋ!!

ਕੌਮ ਦੇ ਨੌਜਵਾਨ ਇਸ ਸਮੇਂ ਜ਼ੁਲਮ-ਬਦਲੇ ਦੇ ਭਾਂਬੜਾਂ 'ਚ ਬਲ ਰਹੇ ਹਨ। ਇਸ ਅਵੱਸਥਾ 'ਚ ਉਹਨਾਂ ਦੀ ਨਿੰਦਾ-ਵਿਰੋਧਤਾ ਨਾ ਕਰੋ। ਉਹ ਤੁਹਾਡੇ ਵਾਂਗ ਕਿਸੇ ਕੁਰਸੀ ਅਹੁਦੇ ਲਈ ਨਹੀਂ, ਕੌਮ ਦੀ ਅਣਖ-ਆਨ ਲਈ ਕੁਰਬਾਨ ਹੋ ਰਹੇ ਹਨ। ਇਸ ਸਮੇਂ ਉਹਨਾਂ ਦੇ ਵੈਰੀ-ਮੁਖਬਰ ਨਹੀਂ ਉਹਨਾਂ ਦੇ ਹਮਦਰਦ-ਰਖਵਾਲੇ ਬਣੋ। ਵੇਲਾ ਹੈ, ਪੰਥ ਦੀ ਇਸ ਪਨੀਰੀ ਨੂੰ ਵਾੜ ਬਣ ਕੇ ਬਚਾਓ ! ਵਾਸਤਾ ਰੱਬ ਦਾ, ਇਸਨੂੰ ਵਾੜ ਬਣ ਕੇ ਖਾਓ ਨਾ !!

ਖੁੰਢੇ ਅਕਾਲੀਓ ! ਇਕ ਗੱਲ ਕਹਿਣ ਲੱਗਾ ਹਾਂ ਜੁ ਤੁਸੀਂ ਇਸ ਸਮੇਂ ਕਰ ਸਕਦੇ ਹੋ। ਇਸ ਨਾਲ ਤੁਹਾਡੀ ਰਹਿੰਦੀ-ਖੂੰਹਦੀ ਸ਼ਾਖ ਵੀ ਬਚ ਸਕਦੀ ਹੈ ਤੇ ਤੁਹਾਡੀ ਖੱਲ ਵੀ (ਜੋ ਤੁਹਾਨੂੰ ਬਹੁਤ ਪਿਆਰੀ ਹੈ !) ਤੁਸੀਂ ਅਪਣੇ ਆਪ ਨੂੰ ਸ਼ਾਂਤੀ-ਪਥ ਦੇ ਪਾਂਧੀ ਦਰਸਾਂਦੇ ਹੋ-ਜੀ ਸਦਕੇ ! ਸਾਡੇ-ਤੁਹਾਡੇ ਵਡੇਰੇ ਅਕਾਲੀ-ਬਾਬੇ ਜਿਹਨਾਂ ਦੀਆਂ ਹੱਡੀਆਂ ਉਤੇ ਅਕਾਲੀ ਦਲ ਉਸਰਿਆ ਹੈ। ਉਹਨਾਂ ਦਾ ਇਤਿਹਾਸ ਤੁਹਾਡੇ ਸਾਹਮਣੇ ਹੈ-ਤੁਸੀਂ ਉਹਨਾਂ ਦੀ ਖੱਟਿਆ ਖਾਂਦੇ ਹੋ, ਉਹਨਾਂ ਦੇ ਇਤਿਹਾਸ ਤੋਂ ਹੀ ਰੌਸ਼ਨੀ ਲੈ ਲਵੋ। ਉਹਨਾਂ ਗੰਗਸਰ-ਜੈਤੋ ਤੇ ਗੁਰੂ ਕੇ ਬਾਗ ਆਦਿ ਦੇ ਮੋਰਚਿਆਂ ਵਿਚ ਛਾਤੀਆਂ ਉਤੇ ਡਾਂਗਾਂ-ਗੋਲੀਆਂ ਖਾ ਕੇ ਇਹ ਮੋਰਚੇ ਫਤਹ ਕੀਤੇ ਸਨ। ਜੇ ਤੁਸੀਂ ਸਮਝਦੇ ਹੋ ਕਿ ਨੌਜਵਾਨ ਸਰਕਾਰ ਦੀਆਂ ਵਧੀਕੀਆਂ ਦਾ ਬਦਲਾ ਲੈ ਕੇ ਵੀ ਗਲਤੀ ਕਰ ਰਹੇ ਹਨ। ਜੇ ਤੁਸੀਂ ਸਮਝਦੇ ਹੋ ਕਿ ਜ਼ੁਲਮ ਦੀ ਅੱਤ ਹੋਣ ਤੇ ਵੀ ਨੌਜਵਾਨਾਂ ਨੂੰ ਸਿੰਘ-ਪਰੰਪਰਾ ਅਨੁਸਾਰ ਹਥਿਆਰਾਂ ਦੀ ਗੱਲ ਨਹੀਂ ਕਰਨੀ ਚਾਹੀਦੀ ਤਾਂ ਤੁਸੀਂ ਆਪਣੇ ਆਪ ਨੂੰ ਅਤੇ ਭਾਰਤ ਸਰਕਾਰ ਨੂੰ ਭਾਉਂਦਾ ਹਥਿਆਰ 'ਸ਼ਾਂਤਮਈ ਸਤਿਆਗ੍ਰਹਿ' ਤਾਂ ਵਰਤ ਸਕਦੇ ਹੋ !

ਸੋ ਉਠੋ ! ਅਜੇ ਵਕਤ ਹੈ ਕਿ ਸ਼੍ਰੋਮਣੀ ਅਕਾਲੀ ਦਲ, ਜਿਸਦਾ ਝੰਡਾ ਵਰਤ ਕੇ ਤੁਸੀਂ ਹੁਣ ਤੱਕ ਵਜ਼ੀਰੀਆਂ-ਪ੍ਰਧਾਨਗੀਆਂ ਭੋਗਦੇ ਰਹੇ ਹੋ ਤੇ ਸ਼੍ਰੋ: ਗੁ: ਪ੍ਰ: ਕਮੇਟੀ ਜਿਸਦੇ ਸਿੰਘਾਂ ਦੇ ਦਸਵੰਧ ਨਾਲ ਚਲਦੇ ਲੰਗਰ ਦਾ ਲੂਣ ਤੁਸੀਂ ਹੁਣ ਤੱਕ ਖਾਂਦੇ ਰਹੇ ਹੋ-ਇਹਨਾਂ ਦੋਹਾਂ ਸਿੰਘ-ਸੰਸਥਾਵਾਂ ਦਾ ਅਸਰ-ਰਸੂਖ ਵਰਤ ਕੇ ਕੌਮ ਨੂੰ ਇਕ ਕਾਲ ਦਿਓ ! ਇਕ ਵੰਗਾਰ ਪਾਓ !! ਇਕ ਦਿਨ ਮਿਥੋ ਤੇ ਲੱਖਾਂ ਦੀ ਗਿਣਤੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੇਸਰੀ ਸ਼ਹੀਦੀ-ਬਾਣੇ ਪਾ ਕੇ ਦਿੱਲੀ ਵੱਲ ਇਕ ਸ਼ਾਂਤੀ-ਪੂਰਵਕ ਮਹਾਨ-ਮਾਰਚ ਕਰੋ। ਇਸ ਮਾਰਚ ਦਾ ਸਿਰਫ ਇਕ ਨਾਅਰਾ ਹੋਵੇ 'ਅਸੀਂ ਸਿੰਘ-ਕੌਮ ਦੇ ਨੌਜਵਾਨ ਨਹੀਂ ਮਰਨ ਦਿਆਂਗੇ'। ਇਸ ਮਾਰਚ ਨਾਲ ਸੰਸਾਰ ਨੂੰ ਸਾਬਤ ਕਰ ਵਿਖਾਓ ਕਿ ਸਿੰਘ-ਕੌਮ ਇਕੱਠੀ ਹੈ ਤੇ ਸਿੰਘ ਅਮਨ-ਪਸੰਦ ਲੋਕ ਹਨ। ਇਸ ਦਿਨ ਤੁਹਾਡੇ ਬੁੱਢੇ ਮੋਢਿਆਂ ਉਤੇ ਤੁਹਾਡੇ ਸ਼ੇਰ-ਪੁੱਤਰਾਂ ਦੀਆਂ ਤਸਵੀਰਾਂ ਚੁੱਕੀਆਂ ਹੋਣ। ਸੰਸਾਰ ਨੂੰ ਪਤਾ ਲੱਗੇ ਕਿ ਤੁਸੀਂ ਕੌਮ ਲਈ ਮਰਨ ਵਾਲੇ ਇਹਨਾਂ ਪੁੱਤਰਾਂ ਦੀ ਪਿੱਠ ਤੇ ਹੋ ਇਹਨਾਂ ਨੂੰ ਪਿਆਰ ਕਰਦੇ ਹੋ।

ਵਿਦੇਸ਼ਾਂ ਵਿਚਲੇ ਸਿੰਘ, ਜਿਸ ਦਿਨ ਇਹ ਮਹਾਨ-ਮਾਰਚ ਪੰਜਾਬ ਤੋਂ ਦਿੱਲੀ ਪਹੁੰਚੇ, ਉਸ ਦਿਨ 'ਵਾਹਿਗੁਰੂ' ਦਾ ਜਾਪ ਜਪਦੇ ਹੋਏ ਵਿਭਿੰਨ ਦੇਸ਼ਾਂ ਦੇ ਵੱਡੇ ਸ਼ਹਿਰਾਂ ਵੱਲ ਮਹਾਨ-ਮਾਰਚ ਕਰਦੇ ਪੁੱਜਣ ਅਤੇ ਇਹਨਾਂ ਦੇਸ਼ਾਂ ਦੇ ਅਮਨ-ਪਸੰਦ ਸ਼ਹਿਰੀ ਹੋਣ ਦਾ ਸਬੂਤ ਦਿੰਦੇ ਹੋਏ ਦੇਸ਼-ਵਿਦੇਸ਼ 'ਚ ਪੰਥ ਦੀ ਚੜ੍ਹਦੀ ਕਲਾ ਲਈ ਕੁਰਬਾਨੀਆਂ ਕਰ ਰਹੇ ਅਤੇ ਆਪਣੇ ਘਰ-ਪ੍ਰਵਾਰ ਛੱਡਕੇ ਕਾਲ-ਕੋਠੜੀਆਂ ਵਿਚ ਡੱਕੇ ਨੌਜਵਾਨਾਂ ਲਈ ਇਨਸਾਫ ਦੀ ਮੰਗ ਕਰਨ ਅਤੇ ਪੰਥ ਦੀ ਮੰਜ਼ਿਲ-ਪ੍ਰਾਪਤੀ ਲਈ ਸਿੰਘ ਸਹਿਬਾਨ ਦੇ ਹੁਕਮ ਤੇ ਫੁੱਲ ਚੜ੍ਹ ਕੇ ਸਿੰਘ-ਆਜ਼ਾਦੀ ਲਈ ਜੂਝਦੇ ਨੌਜਵਾਨਾਂ ਦੇ ਹੱਥ ਮਜ਼ਬੂਤ ਕਰਨ!

(ਨਵੰਬਰ, 1987)

ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲਦਾ !

ਇਕ ਖ਼ਤ ਕੈਪਟਨ ਅਮਰਿੰਦਰ ਸਿੰਘ ਦੇ ਨਾਂ !

ਕੈਪਟਨ ਅਮਰਿੰਦਰ ਸਿੰਘ ਜੀ ! ਉਡਦੀ ਉਡਦੀ ਖ਼ਬਰ ਪਹੁੰਚੀ ਹੈ ਕਿ ਤੁਸੀਂ ਅਮਰੀਕਾ ਆ ਰਹੇ ਹੋਂ। ਐਤਕੀਂ ਵੀ ਸ਼ਾਇਦ ਤੁਸੀਂ ਘੋੜੇ ਖਰੀਦਣ, ਕਿਸੇ ਸਿਆਸੀ ਗੰਢ-ਤੁਪ ਕਰਨ ਜਾਂ ਸੈਰ-ਸਪਾਟੇ ਵਿਚ ਮਸਰੂਫ ਰਹੋਂਗੇ। ਤੁਹਾਡੇ ਨਾਲ ਕੋਈ ਜਾਣ-ਪਹਿਚਾਣ ਨਹੀਂ, ਕਦੇ ਮੇਲ-ਮੁਲਾਕਾਤ ਦਾ ਮੌਕਾ ਨਹੀਂ ਬਣਿਆ ਸਿਰਫ ਅਖ਼ਬਾਰੀ ਦਰਸ਼ਨ-ਦੀਦਾਰੇ ਹੀ ਕੀਤੇ ਹਨ ਪਰ ਅਜ ਕੌਮ ਵਿਚ ਪਈ ਆਪੋ-ਧਾਪੀ ਸਮੇਂ ਇਹ ਚੰਦ ਸਤਰਾਂ ਮਹਿਜ਼ ਇਸ ਲਈ ਲਿਖ ਰਿਹਾ ਹਾਂ ਕਿ ਜੇ ਤੁਸੀਂ ਇਥੇ ਰੁੱਝੇ ਵੀ ਰਹੋਂ ਤਾਂ ਕਿਸੇ ਵਿਹਲੇ ਦਿਨ ਪਟਿਆਲੇ ਕੋਸੀਂ ਇਸ਼ਨਾਨ ਕਰਕੇ ਇਹਨਾਂ ਨੂੰ ਪੜ੍ਹ ਵਿਚਾਰੋਂਗੇ ਜਿਸ ਨਾਲ ਸ਼ਾਇਦ ਤੁਸੀਂ ਕੌਮ ਦੀ ਕਿਸਮਤ ਸੰਵਾਰਨ ਵਿਚ ਕੋਈ ਅਹਿਮ ਰੋਲ ਅਦਾ ਕਰ ਸਕੋਂ !

ਤੁਸੀਂ ਗੁਰ-ਸ਼ਰਧਾ ਵਿਚ ਸਰਸ਼ਾਰ ਉਸ ਸਿੱਖੀ ਘਰਾਣੇ ਦੇ ਚਰਾਗ ਹੋਂ ਜਿਸਦੇ ਵਡੇਰੇ ਬਾਬਾ ਫੂਲ ਨੇ 'ਛਠਮ ਪੀਰ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ 'ਗੁਰ ਭਾਰੀ' ਤੋਂ ਸੰਮਤ 1688 ਵਿਚ ਅਸੀਸ ਪਾਈ ਸੀ। ਫਿਰ ਜਦੋਂ ਮੁਗਲ ਸਾਮਰਾਜ ਦੇ ਸਿਤਮ ਦਾ ਸੂਰਜ ਸਿਖਰ ਤੇ ਸੀ ਅਤੇ ਦੂਜੇ ਪਾਸੇ ਬਾਈਧਾਰ ਦੇ ਰਾਜੇ ਦੁਵੱਲੀਆਂ ਚਾਲਾਂ ਚੱਲ ਰਹੇ ਸਨ ਤਾਂ ਦਿੱਲੀ-ਦਰਬਾਰ ਦੇ ਜਬਰ ਨਾਲ ਦੋ ਹੱਥ ਕਰਨ ਲਈ ਕਮਰਕੱਸਾ ਕਰਦਿਆਂ ਖਾਲਸਾ ਸਾਜਣ ਤੋਂ ਤਿੰਨ ਵਰ੍ਹੇ ਪਹਿਲਾਂ ਸੰਮਤ 1753 ਵਿਚ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਿੱਖੀ ਦੇ ਪੁਰਾਣੇ ਸਬੰਧਾਂ ਕਾਰਣ ਹੀ ਬਾਬਾ ਫੂਲ ਦੇ ਸਪੁੱਤਰਾਂ, ਤੁਹਾਡੇ ਵਡਿੱਕਿਆਂ, ਭਾਈ ਤਿਲੋਕੇ ਤੇ ਭਾਈ ਰਾਮੇ (ਜੋ ਮਗਰੋਂ ਕਲਗੀਧਰ ਤੋਂ ਦਮਦਮਾ ਸਾਹਿਬ ਅੰਮ੍ਰਿਤ ਛਕ ਕੇ ਕਰਮਵਾਰ ਤਿਲੋਕ ਸਿੰਘ ਤੇ ਰਾਮ ਸਿੰਘ ਬਣੇ) ਨੂੰ ਇਕ ਤਾਕੀਦੀ-ਹੁਕਮਨਾਮਾ ਭੇਜਿਆ ਸੀ ਜਿਸ ਵਿਚ ਗੁਰਾਂ ਦਾ ਫੁਰਮਾਨ ਸੀ :-

ੴ ਸਤਿਗੁਰੂ ਜੀ ॥

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤੇਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰ ਮੇਰਾ ਹੈ ਤੁਧੁ ਹੁਕਮੁ ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰ ਮੇਰਾ ਅਸੈ ਤੁਧੁ ਮਿਤਾਬੀ ਹੁਕਮੁ ਦੇਖਦਿਆ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜਰੂਰ ਆਵਣਾ ਤੇਰੇ ਉਤੈ ਅਸਾਡੀ ਮਿਹਰਵਾਨਗੀ ਅਸੈ ਤੈ ਆਵਣਾ ਇਕ ਜੋੜਾ ਭੇਜਾ ਹੈ ਰਖਵਣਾ ।

ਭਾਦੋਂ ਸੰਮਤ ੫੩੧ (੧੭੫੩)

ਭਾਵ ਪੰਥ ਤੇ ਪਈ ਭੀੜ ਸਮੇਂ ਤੁਹਾਡੇ ਵਡਿੱਕਿਆਂ ਨੂੰ ਦਸਮ ਪਿਤਾ ਨੇ ਆਪਣੇ ਦਰ-ਘਰ ਦੇ ਪ੍ਰੀਤਵਾਨ ਸਿੰਘਾਂ ਵਜੋਂ ਅਪਣੱਤ ਨਾਲ ਆਵਾਜ਼ ਮਾਰੀ ਸੀ ਤੇ ਆਪਣੇ ਅਸ਼ੀਰਵਾਦ ਨਾਲ ਤੁਹਾਡੇ ਘਰ ਉਤੇ ਰੂਹਾਨੀ-ਬਖਸ਼ਿਸ਼ਾਂ ਤੇ ਦੁਨਿਆਵੀ-ਬਰਕਤਾਂ ਦੀ ਵਰਖਾ ਕੀਤੀ ਸੀ ਇਹਨਾਂ ਗੁਰ-ਬਖਸ਼ਿਸ਼ਾਂ ਸਦਕਾ ਹੀ ਪਟਿਆਲਾ ਸਿਰਫ ਫੂਲਕੀਆਂ ਹੀ ਨਹੀਂ ਸਗੋਂ ਸਰਬਤ ਅਥਵਾ ਬਾਰਾਂ ਸਿੰਘ-ਮਿਸਲਾਂ ਦੀ ਮਾਲਾ ਦਾ 'ਮੇਰੁ' ਅਥਵਾ ਸਿਰੋਮਣੀ-ਮਣਕਾ ਰਿਹਾ ਹੈ।

ਗੁਰ-ਬਖਸ਼ੀ ਸਿੱਖੀ ਦੀ ਪਰੰਪਰਾ ਤੇ ਤੁਰਦਿਆਂ ਹੀ ਫੇਰ ਬਾਬਾ ਰਾਮ ਸਿੰਘ ਦੇ ਪੜੋਤਰੇ ਅਥਵਾ ਬਾਬਾ ਆਲਾ ਸਿੰਘ ਦੇ ਪੋਤਰੇ ਤੁਹਾਡੇ ਵਡੇਰੇ ਰਾਜਾ ਅਮਰ ਸਿੰਘ ਨੇ 1824 ਵਿਚ ਵੀਹ ਹਜ਼ਾਰ ਹਿੰਦੂ ਮਰਦ ਤੇ ਔਰਤਾਂ ਨੂੰ ਅਹਿਮਦ ਸ਼ਾਹ ਅਬਦਾਲੀ ਦੀ ਕੈਦੋਂ ਛੁਡਵਾ ਕੇ 'ਬੰਦੀ ਛੋੜ' ਪਦਵੀ

ਪਰਾਪਤ ਕੀਤੀ ਸੀ। ਇਹ ਸਾਰਾ ਵਿਵਰਣ ਦੇਣ ਤੋਂ ਮੇਰਾ ਭਾਵ ਇਹ ਕਿ ਤੁਹਾਡੇ ਪੂਰਵਜਾਂ ਨੇ ਸਿੱਖੀ ਕਦਰਾਂ, ਕੀਮਤਾਂ ਉਤੇ ਇਸ ਕਦਰ ਪਹਿਰਾ ਦਿੱਤਾ ਕਿ ਉਹ ਇਸ ਕਾਰਣ ਸਿੱਖਾਂ ਦੇ ਪ੍ਰਮੁੱਖ ਅਥਵਾ ਉਹਨਾਂ ਦੇ ਸਤਿਕਾਰ ਦੇ ਪਾਤਰ ਰਹੇ। ਇਸੇ ਪ੍ਰਮੁੱਖਤਾ ਦੇ ਅਹਿਸਾਸ ਸਦਕਾ ਹੀ ਸ਼ਾਇਦ ਉਹਨਾਂ ਤੁਹਾਡਾ ਨਾਂ ਅਮਰਿੰਦਰ (ਸਿੰਘ) ਰੱਖਿਆ ਜੋ ਸੰਸਕ੍ਰਿਤ ਸ਼ਬਦ 'ਅਮਰਾਦ੍ਰਿ' ਦਾ ਪ੍ਰਯਾਵਾਚੀ ਹੈ ਤੇ ਜਿਸਦੇ ਅਰਥ ਵੀ ਮੇਰੂ ਵਾਂਗ ਮਾਲਾ ਦੇ ਸ਼ਿਰੋਮਣੀ ਮਣਕੇ ਜਾਂ ਸੁਮੇਰੂ ਦੇ ਬਣਦੇ ਹਨ। ਤੁਹਾਡੇ ਘਰਾਣੇ ਵਿਚ ਸਿਰਫ ਰਾਜ-ਪ੍ਰਮੁੱਖਤਾ ਹੀ ਨਹੀਂ ਸਗੋਂ ਗੁਰੂ ਘਰ ਨਾਲ ਪੁਰਾਣੇ ਸਬੰਧ ਤੇ ਸਿੱਖੀ ਵਿਚ ਵੀ ਪ੍ਰਮੁੱਖਤਾ ਸੀ ਜਿਸ ਕਾਰਣ ਤੁਹਾਡੇ ਕਾਂਗਰਸ ਵਿਚ ਰਹਿੰਦਿਆਂ ਹੋਇਆਂ ਵੀ ਵਰਤਮਾਨ-ਸਮੇਂ ਦੇ ਸਿਰਮੌਰ ਧਾਰਮਿਕ ਸਿੱਖ-ਨੇਤਾ ਸੰਤ ਜਰਨੈਲ ਸਿੰਘ ਦੇ ਦਿਲ ਵਿਚ ਤੁਹਾਡੇ ਲਈ ਨਰਮ-ਗੋਸ਼ਾ ਸੀ। ਭਾਵ ਰਾਜਿਆਂ-ਮਹਾਰਾਜਿਆਂ ਦੇ ਯੁਗ ਦਾ ਭੋਗ ਪੈ ਗਿਆ ਪਰ ਤੁਹਾਡੇ ਘਰਾਣੇ ਦੀ ਭੱਲ ਸਿੱਖਾਂ ਵਿਚ ਸੋਹਣੀ ਬਣੀ ਰਹੀ। ਕੁੱਲ ਮਹਾਰਾਜਿਆਂ ਦੇ ਖਿਲਾਫ ਪਰਜਾ-ਮੰਡਲ ਵਿਚ ਲੜਨ ਵਾਲੇ ਜ਼ੈਲ ਸਿਹੁੰ ਨੇ ਰਾਸ਼ਟਰਪਤੀ ਬਣ ਕੇ 1984 ਵਿਚ ਇੰਦਰਾ ਦੇ ਫੁਰਮਾਨ ਤੇ ਦਸਤਖਤ ਕਰਕੇ ਦਰਬਾਰ ਸਾਹਿਬ ਉਤੇ ਫੌਜਾਂ ਚੜ੍ਹਾਈਆਂ ਤਾਂ ਤੁਸਾਂ ਪਾਰਲੀਮੈਂਟ ਦੀ ਉਹ ਮੈਂਬਰੀ ਜਿਹੜੀ ਕਦੇ ਧਰਮ ਦੇ ਝੂਠੇ ਠੇਕਦਾਰ ਟੌਹੜੇ ਨੇ ਸਾਰੇ ਪੰਥ ਦੇ ਵਾਸਤਾ ਪਾਉਣ ਤੇ ਨਹੀਂ ਛੱਡੀ, ਦਿੱਲੀ-ਦਰਬਾਰ ਦੇ ਪੈਰਾਂ ਵਿਚ ਵਗਾਹ ਮਾਰੀ। ਸਾਰੇ ਸਿੱਖ-ਸੰਸਾਰ ਨੇ ਤੁਹਾਡੇ ਵਲ ਪ੍ਰਸ਼ੰਸਾ ਭਰੀ ਤੱਕਣੀ ਨਾਲ ਤੱਕਿਆ। ਸਿੱਖਾਂ ਨੂੰ ਤੁਹਾਡੇ ਵਿਚੋਂ ਮਾਲਾ ਦੇ ਸ਼ਿਰੋਮਣੀ ਮਣਕੇ ਵਾਲਾ ਝਉਲਾ ਪਿਆ। ਉਂਜ ਕੁਝ ਲੋਕ ਉਸ ਸਮੇਂ ਇਹ ਵੀ ਘੁਸਰ-ਮੁਸਰ ਕਰਦੇ ਸਨ ਕਿ ਕਿਉਂਕਿ ਤੁਸੀਂ ਇੰਦਰਾ ਦੇ ਪੁੱਤ ਰਾਜੀਵ ਦੇ ਸਹਿਪਾਠੀ ਰਹੇ ਹੋ ਤੇ ਇਸ ਹਫੜਾ-ਦਫੜੀ ਵਿਚ ਉਹ ਘਰਾਣਾ ਤੁਹਾਨੂੰ ਇਸ ਅਸਤੀਫੇ ਨਾਲ ਸਿੱਖਾਂ ਵਿਚ ਮਕਬੂਲ ਤੇ ਸਿੱਖਾਂ ਦਾ ਲੀਡਰ ਬਣਾ ਕੇ ਸਿੱਖਾਂ ਨੂੰ ਤੁਹਾਡੇ ਰਾਹੀਂ ਨੱਥਣਾ ਚਾਹੁੰਦਾ ਹੈ। ਖੈਰ ਲੋਕਾਂ ਦਾ ਕਿਸੇ ਮੂੰਹ ਤਾਂ ਨਹੀ ਸੀ ਫੜ ਲੈਣਾ !

ਤੁਹਾਨੂੰ ਪਤੈ ਮੌਜੂਦਾ ਸਮੇਂ ਦੀ ਸੁਆਰਥੀ ਅਤੇ ਘਟੀਆ ਅਕਾਲੀ-ਲੀਡਰਸ਼ਿਪ ਸਦਕਾ ਅਕਾਲੀ ਦਲ ਇਕ ਅਜਿਹੀ ਨਿੱਘਰੀ ਜਮਾਤ ਹੋ ਨਿਬੜੀ ਹੈ ਕਿ ਇਸਦੇ ਵਾਤੇ ਵਿਚ ਭਾਵੇਂ ਕਾਂਗਰਸ ਦੀ ਪਹਿਲੀ ਕਤਾਰ ਦਾ ਕੋਈ ਕੈਂਚਿਆ-ਛਟਿਆ ਲੀਡਰ ਆ ਜਾਵੇ ਤੇ ਭਾਂਵੇਂ ਕੋਈ ਕਾਮਰੇਡ ਨੀਲੀ ਦਸਤਾਰ ਸਜਾ ਕੇ ਚੋਣਾਂ ਤੋਂ ਚਾਰ ਦਿਨ ਪਹਿਲੋਂ ਆ ਜਾਵੇ ਉਸਨੂੰ ਝਬਦੇ ਚੋਣ-ਟਿਕਟ ਜਾਂ ਪਾਰਟੀ ਦੀ ਪ੍ਰਥਮ ਕਤਾਰ ਵਿਚ ਜਗਾਹ ਮਿਲ ਸਕਦੀ ਹੈ ਬਸ਼ਰਤੇ ਕਿ ਉਸਦੀ ਕੱਛੇ ਥੈਲੀ ਮਾਰੀ ਹੋਵੇ ਜਾਂ ਉਸਦੇ ਮਗਰ ਚਾਰ ਬੰਦੇ ਹਾਤ-ਹੂਤ ਕਰਨ ਵਾਲੇ ਹੋਣ। ਫਿਰ ਤੁਸੀਂ ਤਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਵਿਰੁਧ ਅਸਤੀਫਾ ਦੇ ਕੇ ਆਏ ਸੋ ਤੁਹਾਡੇ ਲਈ ਅਕਾਲੀ ਦਲ ਦੇ ਦਰਵਾਜ਼ੇ ਖੁੱਲ੍ਹੇ ਹੋਏ ਸਨ। ਤੁਹਾਡਾ ਵਿਰੋਧੀ ਟੌਹੜਾ ਪਹਿਲੋਂ ਹੀ ਆਪਣੇ ਪਾਪ ਦੇ ਡਰੋਂ ਅੰਦਰ ਚਲਾ ਗਿਆ ਸੀ। ਲੌਂਗੋਵਾਲ ਦਾ ਘੋਗਾ ਚਿੱਤ ਹੋਣ ਮਗਰੋਂ ਬਲਵੰਤ ਬਰਨਾਲੇ ਤੇ ਦਿੱਲੀ ਦੇ ਸਾਂਝੇ ਯਤਨਾਂ ਸਦਕਾ ਲਹੂ-ਭਿੱਜੇ ਪੰਜਾਬ ਵਿਚ ਸਰਕਾਰ ਬਣੀ ਤੁਹਾਡੇ ਦੋਹੀਂ ਹੱਥੀਂ ਲੱਡੂ ਸਨ ! ਤੁਹਾਡੀ ਵਜ਼ੀਰੀ ਵੱਟ ਤੇ ਸੀ। ਤੁਸੀਂ ਗੱਜ ਵੱਜ ਕੇ ਵਜ਼ੀਰ ਬਣੇ। ਪਰ ਸ਼ਹੀਦਾਂ ਦੇ ਪਿੰਜਰਾਂ ਤੇ ਬੈਠੀ ਇਸ ਗ੍ਰਿਝ-ਸਰਕਾਰ ਨੂੰ ਪੰਥਕ ਕੌਣ ਕਹਿੰਦਾ ਸੀ ? ਇਹ ਇਕ ਸੁਆਰਥੀ ਲੋਕਾਂ ਦੀ ਸਰਕਾਰ ਸੀ ਜੋ ਦਿੱਲੀ ਵਿਚ ਵੱਜਦੇ ਤਬਲੇ ਦੀ ਥਾਪ ਤੇ ਥੁੱਲ੍ਹ ਕੇ ਨੱਚੀ ਜਿਸਨੇ ਸਿੱਖਾਂ ਦੀਆਂ ਵੋਟਾਂ ਲੈ ਕੇ ਸਿੱਖਾਂ ਦੇ ਮੁੰਡਿਆਂ ਦੇ ਸਿਰ ਵੱਢੇ। ਦਰਬਾਰ ਸਾਹਿਬ ਉਤੇ ਦਿੱਲੀ ਦੇ ਹਮਲੇ ਦੇ ਘਾਇਲ ਤੇ ਲਹੂ-ਲੁਹਾਣ ਕੀਤੇ ਸਹਿਕਦੇ ਸਿੱਖਾਂ ਦੀਆਂ ਜੇਬਾਂ ਕਤਰ ਕੇ ਆਪਣੀਆਂ ਜੇਬਾਂ ਭਰੀਆਂ ਪਰ ਤੁਹਾਡਾ ਰੋਲ ਦੋ ਕੌਮਾਂ ਲਈ ਚੰਗਾ ਰਿਹਾ। ਇਕ ਤਾਂ ਤੁਸੀਂ ਹੋਰ ਵਜ਼ੀਰਾਂ ਦੀ ਹੂੜ ਵਾਂਗ ਰੁਪਈਏ ਇਕੱਠੇ ਕਰਨ ਲਈ ਝੋਲੀ ਨਹੀ ਥੁੰਨੀ ਤੇ ਦੂਜਾ ਪੰਜਾਬੀ ਬੋਲਦੇ ਇਲਾਕੇ ਨੂੰ ਪੰਜਾਬ ਵਿਚ ਰੱਖਣ ਲਈ ਕੰਦੂਖੇੜੇ ਪਹੁੰਚ ਕੇ ਪਹਿਰਾ ਦੇਣ ਲਈ। ਅੰਤ ਜਦ ਇਸ ਅਖੌਤੀ ਅਕਾਲੀ ਸਰਕਾਰ ਨੇ ਦਰਬਾਰ ਸਾਹਿਬ ਤੇ ਖੁਦ ਹਮਲਾ ਕਰਕੇ ਦਿੱਲੀ ਦੇ ਹਮਲੇ ਤੇ ਵੀ ਸਹੀ ਹੋਣ ਦੀ ਸਹੀ ਪਾਈ ਤਾਂ ਤੁਸੀਂ ਇਸ ਮੋਤ ਤੇ ਆ ਕੇ ਪਹਿਲਾਂ ਵਾਂਗ ਹੀ ਰੋਸ ਵਜੋਂ ਆਪਣੇ ਬੇਲੀ ਬਰਨਾਲੇ ਦੀ ਕੁਰਸੀ ਨੂੰ ਲੱਤ ਮਾਰ ਦਿੱਤੀ। ਸਿੱਖਾਂ ਤੋਂ ਸ਼ਾਬਾਸ਼ ਲਈ ! ਪਰ ਇਸ ਵਾਰ ਤੁਹਾਡੀ ਸ਼ਾਬਾਸ਼ ਦਾ ਕੱਦ ਪਹਿਲਾਂ ਨਾਲੋਂ ਛੋਟਾ ਤੇ ਵਧੇਰੇ ਸ਼ੱਕੀ ਸੀ ਕਿਉਂਕਿ ਤੁਹਾਡੇ ਵਜ਼ੀਰ ਬਣਨ ਵੇਲੇ ਲੋਕਾਂ ਦੀ ਪਹਿਲੀ ਘੁਸਰ-ਮੁਸਰ ਚੁੰਝ-ਚਰਚਾ ਵਿਚ

ਬਦਲ ਗਈ ਸੀ ਕਿ ਤੁਸਾਂ ਸਭ ਕੁਝ ਇਸ ਵਜ਼ੀਰੀ ਲਈ ਕੀਤਾ ਸੀ। ਪਰ ਤੁਹਾਡਾ ਬਰਨਾਲਾ ਵਜਾਰਤ ਚੋਂ ਅਸਤੀਫਾ ਦੇ ਜਾਣਾ ਇਕ ਡੁੱਬਦੇ ਜਹਾਜ਼ ਚੋਂ ਮਾਰੀ ਸੋਹਣੀ ਤੇ ਸੁਰੱਖਿਅਤ ਛਾਲ ਸੀ ਕਿਉਂਕਿ ਇਸਤੋਂ ਮਗਰੋਂ ਬਰਨਾਲਾ ਐਂਡ ਕੰਪਨੀ ਦੇ ਤਾਲ੍ਹਾਏ ਵਿਚ ਦਿੱਲੀ ਅਤੇ ਸਿੱਖਾਂ, ਦੋਹਾਂ ਦਾ ਸੋਲ੍ਹੀਆ-ਛਿੱਤਰ ਜਿਉਂ ਮੀਂਹ ਵਾਂਗ ਵਰ੍ਹਨਾ ਸ਼ੁਰੂ ਹੋਇਆ ਕਿ ਹੁਣ ਤਕ ਬੰਦ ਨਹੀਂ ਹੋਇਆ!

ਦਿੱਲੀ ਵਲੋਂ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਤੋਂ ਲੈ ਕੇ ਹੁਣ ਤੀਕ ਤੁਸੀਂ ਅਕਾਲੀ ਸਿਆਸਤ ਵਿਚ ਲੰਬਾ ਸਫਰ ਤਹਿ ਕਰ ਲਿਆ ਹੈ। ਇਸ ਵਿਚ ਤੁਹਾਡੀ ਦਰਬਾਰ ਸਾਹਿਬ ਉਤੇ ਸਰਕਾਰੀ ਅਤੇ ਅਖੌਤੀ ਅਕਾਲੀ ਸਰਕਾਰ ਦੇ ਹਮਲਿਆਂ ਵਜੋਂ ਦਿੱਤੇ ਅਸਤੀਫਿਆਂ ਦੀ ਕੁਰਬਾਨੀ, ਦਿੱਲੀ ਨਾਲ ਰਲਦੀ ਤੁਹਾਡੀ ਅੰਗਲੀ-ਸੰਗਲੀ ਦੀ ਸਾਂਝ ਤੇ ਤੁਹਾਡੇ ਸਿਆਸੀ ਵਿਰੋਧੀਆਂ ਦੇ ਹਾਲਾਤ ਦਾ ਨਾਸਾਜ਼ਗਾਰ ਹੋਣਾ ਤਿੰਨ ਮੁਖ ਕਾਰਣ ਹਨ। ਤੁਸੀਂ ਇਸ ਸਫਰ ਦੇ ਤਜਰਬੇ ਸਦਕਾ ਅਕਾਲੀ ਸਿਆਸਤ ਵਿਚ ਬਾਹਾਂ ਅੜੂੰਗੀ ਮੂਹਰੇ-ਮੂਹਰੇ ਹੋ। ਜੀ ਸਦਕੇ ! ਪਰ ਹਾਲਾਤ ਦੀ ਰੋਸ਼ਨੀ ਵਿਚ ਇਕ ਸੁਝਾਅ ਦੇਣ ਲੱਗਾ ਹਾਂ ਤਾਂ ਕਿ ਤੁਸੀਂ ਇਸ ਤਿਲ੍ਹਕਣਬਾਜ਼ੀ ਤੋਂ ਬਚ ਕੇ ਸੁੱਕੇ-ਸੁੱਕੇ ਆਪਣੇ ਵਡਿੱਕਿਆਂ ਦੇ ਪੂਰਨਿਆਂ ਤੇ ਤੁਰਦਿਆਂ ਇਸ ਬਿਪਤਾ ਸਮੇਂ ਪੰਥ ਲਈ ਕੁਝ ਕਰ ਵੀ ਸਕੋ ਤੇ ਇਸਦੀਆਂ ਸਫਾਂ ਵਿਚ ਮਕਬੂਲ ਵੀ ਰਹਿ ਸਕੋ।

ਅੱਜ ਇਹ ਇਕ ਤਲਖ ਹਕੀਕਤ ਜਾਪੇਗੀ ਕਿ ਸੰਨ 1814 ਤੋਂ ਤੁਹਾਡੇ ਵਡਿੱਕੇ, ਮਹਾਰਾਜਾ ਕਰਮ ਸਿੰਘ ਤੋਂ ਲੈ ਕੇ ਅੰਗਰੇਜ਼ਾਂ ਦੇ ਭਾਰਤੋਂ ਤੁਰਨ ਤੱਕ ਉਹਨਾਂ ਦੇ ਵੱਡੇ ਮਦਦਗਾਰ ਰਹੇ ਹਨ। ਮਹਾਰਾਜਾ ਕਰਮ ਸਿੰਘ ਨੇ ਸੰਨ 1845 ਦੀ ਸਿੱਖ ਲੜਾਈ ਵਿਚ ਅੰਗਰੇਜ਼ਾਂ ਦੀ ਡੱਟ ਕੇ ਹਮਾਇਤ ਕੀਤੀ ਸੀ ਤੇ ਉਹਨਾਂ ਦੇ ਸਪੁੱਤਰ ਮਹਾਰਾਜਾ ਨਰਿੰਦਰ ਸਿੰਘ ਨੇ ਸੰਨ 1857 ਦੇ ਗਦਰ ਸਮੇਂ ਅੰਗਰੇਜ਼ਾਂ ਦਾ ਪੂਰਾ ਪੂਰਾ ਸਾਥ ਦਿੱਤਾ ਸੀ ਇਸ ਪਿਛੋਕੜ ਤੇ ਅੰਗਰੇਜ਼ ਦੀ ਮਦਦ ਕਰਨ ਕਾਰਣ ਅਜ਼ਾਦੀ ਦੀ ਲੜਾਈ ਲਈ ਕਰਵਟ ਲੈਂਦੇ ਪੰਜਾਬ ਦੇ ਗਿੱਧਿਆਂ ਵਿਚ ਇਕ ਬੋਲੀ ਪੈਣੀ ਸ਼ੁਰੂ ਹੋ ਗਈ ਸੀ ..... 'ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲਦਾ' ਜਿਸਨੂੰ ਕੁਝ ਲੋਕਾਂ ਮਗਰੋਂ ਤੁਹਾਡੇ ਬਾਬਾ ਮਹਾਰਾਜਾ ਭੁਪਿੰਦਰ ਸਿੰਘ ਦੀ ਰੰਗੀਨ-ਤਬੀਅਤ ਨਾਲ ਵੀ ਜੋੜਨਾ ਸ਼ੁਰੂ ਕਰ ਦਿੱਤਾ ਸੀ, ਜੋ ਦਰੁਸਤ ਨਹੀਂ !

ਖੈਰ ! ਕੰਮ ਦੀ ਗੱਲ ਵੱਲ ਆਵਾਂ ਕਿ 1984 ਦੇ ਦਰਬਾਰ ਸਾਹਿਬ ਉਤੇ ਹੋਏ ਦਿੱਲੀ ਦੇ ਹਮਲੇ ਸਮੇਂ ਦਿੱਤੇ ਤੁਹਾਡੇ ਅਸਤੀਫੇ ਪਿਛੋਂ ਹੋਈ ਘੁਸਰ-ਮੁਸਰ ਮਗਰੋਂ ਬਰਨਾਲੇ ਦੇ ਡੁੱਬਦੇ ਸਰਕਾਰੀ ਸ਼ਿਪ ਵਿਚੋਂ ਤੁਹਾਡੇ ਛਾਲ ਮਾਰਨ ਪਿਛੋਂ ਲੋਕਾਂ ਵਿਚ ਚੱਲੀ ਚੁੰਝ-ਚਰਚਾ ਅੱਜ ਪੰਜਾਬ ਵਿਚ ਗਲੀ-ਗਲੀ ਦੀ ਗੱਲ ਬਣ ਗਈ ਹੈ ਤੇ ਲੋਕ ਤੁਹਾਡੇ ਬਾਰੇ ਫਿਰ ਇਹ ਬੋਲੀ ਦੁਹਰਾ ਰਹੇ ਹਨ ..... 'ਪਟਿਆਲੇ ਵਾਲਾ ਰਾਜਾ ਬੋਲੀ ਹੋਰ ਬੋਲਦਾ।' ਅੱਜ ਕਲ ਇਸ ਬੋਲੀ ਦਾ ਅਰਥ ਲੋਕੀ ਤੁਹਾਡੀ ਮੁੱਖ-ਮੰਤਰੀ ਦੀ ਕੁਰਸੀ ਸੰਭਾਲਣ ਦੀ ਲਾਲਸਾ ਵਿਚ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਜੇ ਅੱਜ ਤੁਸੀਂ ਅਕਾਲੀ ਸਿਆਸਤ ਵਿਚ ਵਿਆਹ ਵਿਚਲੀ ਨਾਇਣ ਵਾਂਗ ਭੱਜੇ ਫਿਰ ਰਹੇ ਹੋ ਤਾਂ ਸਿਰਫ ਮੁੱਖ ਮੰਤਰੀ ਦੀ ਕੁਰਸੀ ਲਈ ! ਚਲੋ ਜੇ ਇੰਜ ਹੋਵੇ ਵੀ ਤਾਂ ਮੇਰੇ ਵਰਗੇ ਕਿਸੇ ਮਨੁੱਖ ਨੂੰ ਇਸ ਤੇ ਕੋਈ ਉਜ਼ਰ-ਇਤਰਾਜ਼ ਨਹੀ ਹੋ ਸਕਦਾ ਤੇ ਹੋਣਾ ਚਾਹੀਦਾ ਵੀ ਨਹੀਂ ਕਿਉਂਕਿ ਸਿੱਖ ਤਾਂ ਲੀਡਰ ਲਈ ਅੱਜ ਤਰਲੋ-ਮੱਛੀ ਹੋ ਰਹੇ ਹਨ। ਲੀਡਰ ਦੀ ਤਾਂ ਅੱਜ ਕੌਮ ਨੂੰ ਘਾਟ ਹੈ। ਪਰ ਲੀਡਰ ਅਜ ਕੌਮ ਦਾ ਉਹੀ ਹੋਣਾ ਚਾਹੀਦਾ ਹੈ ਤੇ ਬਣੇਗਾ ਵੀ ਉਹੀ ਜਿਸਦੇ ਅਚਾਰ-ਵਿਹਾਰ ਕਿਰਦਾਰ ਦਾ ਲੇਖਾ-ਜੋਖਾ ਕਰਕੇ ਕੌਮ ਉਸਨੂੰ ਆਪ ਸਤਿਕਾਰ ਨਾਲ ਕੁਰਸੀ ਬਿਠਾਵੇ ਨਾ ਕਿ ਉਹ ਜਿਸਦਾ ਨਿਸ਼ਾਨਾ ਕੁਰਸੀ ਹੋਵੇ !

ਤੁਸੀਂ ਪੰਜਾਬ ਦੇ ਵਜ਼ੀਰ ਰਹਿ ਚੁਕੇ ਹੋ। ਭਾਂਵੇਂ ਪਲ ਪਲ ਬਦਲਦੀਆਂ ਸਿਆਸੀ-ਪ੍ਰਸਥਿਤੀਆਂ ਬਾਰੇ ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ ਪਰ ਮੌਜੂਦਾ ਸਥਿਤੀ ਦਾ ਲੱਖਣ ਲਾਇਆਂ ਜਾਪਦਾ ਹੈ ਕਿ ਇਸ ਤੋਂ ਵੱਡੀ ਛਾਲ ਹੁਣ ਵਾਲੇ ਤੌਰ-ਤਰੀਕੇ ਨਾਲ ਤੁਹਾਥੋਂ ਛੇਤੀ ਕੀਤੇ ਨਹੀ

ਵੱਜਣੀ। ਵਰਤਮਾਨ-ਹਾਲਤ ਵਿਚ ਤਾਂ ਸਰਕਾਰ ਬਣਨੋਂ ਰਹੀ ਕਿਉਂਕਿ ਤੁਹਾਡੇ ਪਹਿਲੇ ਬੇਲੀ ਬਰਨਾਲੇ ਨੇ ਸਾਂਝੇ ਅਕਾਲੀ ਦਲ ਦੇ 21 ਵਿਧਾਨਕਾਰਾਂ ਨੂੰ ਪਹਿਲੋਂ-ਅਸੰਬਲੀ ਚੋਂ ਕੱਢਣ ਦੀ ਤੁਸੀਂ ਜਾਣਦੇ ਹੋ ਸਿਫਾਰਸ਼ ਕੀਤੀ ਹੋਈ ਹੈ। ਜੇ ਮੰਨ ਲਵੋ ਬਣ ਵੀ ਜਾਵੇ ਤਾਂ ਤੁਹਾਥੋਂ ਪਹਿਲਾਂ ਬਰਨਾਲਾ ਬਲਵੰਤ ਲੈਂਤਾ ਨੂੰ ਚਿਰੋਕਣੇ ਤੇਲ ਲਾਈ ਫਿਰਦੇ ਹਨ। ਜੇ ਕਾਂਗਰਸ ਨਾਲ ਗਾਂਢਾ-ਸਾਂਢਾ ਕਰਵਾ ਕੇ ਤੁਹਾਡਾ ਸਹਿਪਾਠੀ ਰਾਜੀਵ ਤੁਹਾਨੂੰ ਕੁਰਸੀ ਢੁੱਕ ਬਿਠਾਵੇ ਤਾਂ ਨਾ ਇਹ ਸਰਕਾਰ ਚੱਲੇ ਨਾ ਤੁਹਾਡਾ ਵੱਕਾਰ ਰਹੇ। ਦੂਸਰੀ ਹਾਲਤ ਵਿਚ ਜੇ ਤੁਹਾਡੇ ਅਕਾਲੀਆਂ ਦੇ ਛਿੱਤਰ-ਪਤਾਣ ਨੂੰ ਦੇਖਦਿਆਂ ਕੇਂਦਰ ਚੋਣਾਂ ਢੁੱਕ ਕਰਵਾ ਦੇਵੇ ਤਾਂ ਕਾਂਗਰਸ ਜਿੱਤਿਆਂ ਤੁਹਾਡਾ ਤਾਂ ਨੰਬਰ ਲੱਗਣੋਂ ਰਿਹਾ ਜੇ ਲੱਗ ਜਾਵੇ ਤਾਂ ਸਿੱਖਾਂ ਵਿਚ ਵੱਕਾਰ ਜ਼ੀਰੋ ਸਮਝੋ। ਜੇ ਚੋਣਾਂ ਕਰਾ ਕੇ ਸਾਰੇ ਸੁਆਰਥੀ ਅਕਾਲੀ ਪੰਥਕ-ਏਕਤਾ ਕਰਕੇ ਚੋਣਾਂ ਜਿੱਤ ਲੈਣ ਤਾਂ ਫਿਰ ਬਾਦਲ ਤੁਹਾਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ। ਸੇਖਵਾਂ ਨਾਲ ਤੁਸੀਂ ਸੱਜਰੇ ਸਿੰਗ ਫਸਾਏ ਹਨ ਸੇਖਵਾਂ ਬਾਦਲ ਦੀ ਜੇਬ ਵਿਚ ਹੈ। ਨਾਲੇ ਜੇ ਭਲਾ ਬਾਦਲ ਨੇ ਚੀਫ-ਮਨਿਸਟਰੀ ਤੁਹਾਨੂੰ ਹੀ ਦੇਣੀ ਹੈ ਤਾਂ ਉਹ ਆਪ ਭਲਾ ਕਿਸੇ ਲਈ ਹੇਲ੍ਹੀਆਂ ਦਿੱਤੀ ਫਿਰਦਾ ਹੈ। ਹੋਰ ਹਾਲਤ ਵਿਚ ਤੁਹਾਡਾ ਦਲ ਦਾ ਵਿਰੋਧੀ ਟੋਹੜਾ ਜੇ ਅਜ ਏਕਤਾ ਕਰਕੇ ਭਲਕ ਨੂੰ ਬਾਦਲ ਮੁਕਾਬਲੇ ਤੁਹਾਨੂੰ ਮੁਖ-ਮੰਤਰੀ ਦਾ ਚੋਗਾ ਪਾ ਕੇ ਆਪ ਸਦਾ ਵਾਂਗ ਸਰੋਮਣੀ ਕਮੇਟੀ ਸਾਂਭਣ ਲਈ ਤੁਹਾਡੇ ਇਲਾਕੇ ਦਾ ਹੋਣ ਕਰਕੇ ਤੁਹਾਡੇ ਮੋਢੇ ਦੇ ਹੱਥ ਆ ਰੱਖੇ ਤਾਂ ਹਸ਼ਰ ਤੁਹਾਨੂੰ ਇੱਕੋ ਹਲਕੇ ਦੇ ਹੋਣ ਕਾਰਣ ਮੈਥੋਂ ਵੱਧ ਪਤਾ ਹੋਣਾ ਚਾਹੀਦਾ ਹੈ ਕਿ ਜਿਸਦੇ ਮੋਢੇ ਉਤੇ ਟੋਹੜਾ ਹੱਥ ਆਣ ਰੱਖੇ ਉਸਦੇ ਭਾਂਡੇ ਮੂਧੇ ਸਮਝੋ ! ਟੋਹੜੇ ਨੇ ਬਾਣੀਏ ਵਾਲੀ ਕਹਾਉਤ ਸਿੱਖ ਸਿਆਸਤ ਵਿਚ ਸਿੱਧ ਕਰ ਵਿਖਾਈ ਹੈ ਜਿਸਦਾ ਮਿੱਤਰ ਟੋਹੜਿਆ ! ਦੁਸ਼ਮਣ ਦੀ ਕੀ ਲੋੜ ? ਜੇ ਬਾਬਾ ਜੋਗਿੰਦਰ ਸਿੰਘ ਦੇ ਗੋਡੇ ਲੱਗ ਕੇ ਤੇ ਆਪਣੇ ਸਾਂਢੂ ਸਿਮਰਨਜੀਤ ਸਿੰਘ ਮਾਨ ਦਾ ਲੜ ਫੜ ਕੇ ਅਕਾਲੀ ਦਲ ਤੇ ਭਾਰੂ ਹੋ ਕੇ ਇਸ ਮੰਜ਼ਲ ਵਲ ਵਧਣ ਦਾ ਉਪਰਾਲਾ ਕਰੋਗੇ ਤਾਂ ਬਾਦਲ ਇਧਰ ਵਧਣ ਤੋਂ ਤਾਂ ਰੋਕੇਗਾ ਹੀ ਸਗੋਂ ਤੁਹਾਡੀ ਯਥਾਯੋਗ ਸੇਵਾ ਲਈ ਪ੍ਰੋ: ਦਰਸ਼ਣ ਸਿੰਘ ਵੀ ਆਪਣਾ ਵਾਜਾ ਕੱਢੇਗਾ ਤੇ ਖਾਤਰੂ ਸਿੰਘ ਵੀ ਕੁਝ ਖੜਕਾ-ਦੜਕਾ ਕਰਨਗੇ ਕਿਉਂਕਿ ਪਿਛਲੀਆਂ ਦੋਹਾਂ ਧਿਰਾਂ ਨਾਲ ਵੀ ਤੁਸੀਂ ਬਿਆਨੋਂ-ਬਿਆਨੀਂ ਹੋ ਚੁਕੇ ਹੋਂ। ਇਸੇ ਪਰਸੰਗ ਵਿਚ ਜੇ ਦਿੱਲੀ ਨੂੰ ਮਦਦ ਲਈ ਅਵਾਜ਼ ਮਾਰੀ ਤਾਂ ਉਸਨੇ ਬਹੁਤਨੋਂ ਨਹੀਓਂ ਕਿਉਂਕਿ ਇਸ ਹਾਲਤ ਵਿਚ ਉਸਨੂੰ ਮਾਨ ਦੀ ਮੱਦਦ ਵਾਰਾ ਖਾਂਦੀ ਦਿਸੇਗੀ ਜਿਸਨੂੰ ਅੱਗੇ ਲਾ ਕੇ ਉਹ ਜੁਝਾਰੂ ਸਿੰਘਾਂ ਦੇ ਦਿਲ ਜਿੱਤਣ ਦਾ ਵਿਅਰਥ ਯਤਨ ਕਰਨਾ ਲਾਹੇਬੰਦ ਸਮਝੇਗੀ ਕਿਉਂਕਿ ਘੱਟੋ-ਘੱਟ ਮਾਨ ਨੇ ਤੁਹਾਡੇ ਵਾਂਗ ਜੁਝਾਰੂਆਂ ਸਬੰਧੀ ਅਜਿਹਾ ਕੋਈ ਸਿੱਧਾ ਬਿਆਨ ਤਾਂ ਨਹੀਂ ਦਾਗਿਆ ਜੋ ਤੁਹਾਡੇ ਵਾਂਗ ਮਾਨ ਦੀ ਉਹਨਾਂ ਨਾਲ ਤੋੜ-ਵਿਛੋੜੀ ਕਰ ਦੇਵੇ ਭਾਵੇਂ ਕਿ ਮਾਨ ਦੇ ਭਾਰਤੀ-ਸੰਵਿਧਾਨ ਵਿਚ ਰਹਿ ਕੇ ਗੱਲ ਕਰਨ ਦੇ ਇਕ ਬਿਆਨ ਨੇ ਉਸਨੂੰ ਜੁਝਾਰੂਆਂ ਵਲੋਂ ਮਿਲਦੇ ਮਾਣ ਸਤਿਕਾਰ ਵਲੋਂ ਉਕਾ ਵਿਰਵਾ ਕਰ ਦਿੱਤਾ ਹੈ।

ਪੰਜਾਬ ਵਿਚ ਅਕਾਲੀ ਦਲ ਦੀ ਹਕੂਮਤ ਦਾ ਲਗਪਗ ਹਰ ਸਿੱਖ ਤਲਬਗਾਰ ਹੈ। ਪੰਜਾਬ ਦੀ ਭਲਾਈ ਵੀ ਇਸੇ ਵਿਚ ਹੈ ਪਰ ਕੇਂਦਰ ਅਤੇ ਬੇ-ਅਕਲ ਅਕਾਲੀ-ਲੀਡਰਸ਼ਿਪ ਦੇ ਸਤੋਲ-ਵਾਧੇ ਨੇ ਅੱਜ ਪੰਜਾਬ ਦੀ ਉਹ ਹਾਲਤ ਬਣਾ ਦਿੱਤੀ ਹੈ ਕਿ ਲਹੂ-ਰੰਗੀ ਇਸ ਧਰਤ ਤੇ ਛੇਤੀ ਕੀਤੇ ਕੋਈ ਕਾਂਗਰਸੀ ਤਾਂ ਕੀ ਕੋਈ ਖ਼ੁਦਗਰਜ਼ ਅਕਾਲੀ ਵੀ ਮੁਖ-ਮੰਤਰੀ ਦੀ ਕੁਰਸੀ ਤੇ ਨਹੀਂ ਬੈਠ ਸਕੇਗਾ। ਜੇ ਬੈਠ ਵੀ ਗਿਆ ਤਾਂ ਟਿਕ ਨਹੀ ਸਕੇਗਾ। ਇਸ ਦੌੜ ਵਿਚ ਜਿੰਨੇ ਛੁਹਲੇ ਕਦਮ ਵਰਤਮਾਨ-ਹਾਲਤ ਵਿਚ ਤੁਸੀਂ ਇਸ ਕੁਰਸੀ ਵਲ ਪੁੱਟਦੇ ਰਹੋਗੇ ਓਨੀ ਹੀ ਤੁਹਾਡੀ ਪਹੁੰਚ ਤੋਂ ਇਹ ਦੂਰ ਹੁੰਦੀ ਜਾਵੇਗੀ। ਸਪੱਸ਼ਟ ਸ਼ਬਦਾਂ ਵਿਚ ਲਿਖ ਦੇਵਾਂ ਕਿ ਮੌਜੂਦਾ ਨਿਕੰਮੀ ਅਕਾਲੀ-ਲੀਡਰਸ਼ਿਪ ਦਾ ਸਾਰਾ ਪਿੰਡ ਮਰ ਜਾਣ ਤੇ ਵੀ ਇਸ ਤਰਾਂ ਬੁੜ੍ਹੀ ਦੇ ਪੁੱਤਾਂ ਨੂੰ ਇਹ ਲੰਬੜਦਾਰੀ ਮਿਲਣ ਦੀ ਸੰਭਾਵਨਾ ਨਹੀਂ ! ਇੰਸਦਾ ਮੁਖ ਕਾਰਣ ਇਹ ਹੈ ਕਿ ਤੁਸੀਂ ਆਪਣੀ ਵਿਲੱਖਣਤਾ ਨੂੰ ਕੁਰਸੀ ਖਾਤਰ ਝਗੜਦੀ ਬੇਅਦਬ ਅਕਾਲੀ-ਲੀਡਰਸ਼ਿਪ ਦੀ ਭੀੜ ਵਿਚ ਵਿਲੀਨ ਕਰ ਲਿਆ ਹੈ। ਤੁਸੀਂ ਇਹਨਾਂ ਦੇ ਚੌਧਰ-ਨਾਟਕ ਦੇ ਹੀ ਇਕ ਪਾਤਰ ਬਣ ਕੇ ਸਿੱਖਾਂ ਨਾਲੋਂ ਦਿਨੋਂ-ਦਿਨ ਟੁੱਟੇ ਹੋਂ। ਕੀ ਇਹ ਸਿਤਮ ਦੀ ਗੱਲ ਨਹੀ ਕਿ ਅੱਜ ਸਿੱਖ ਨੌਜਵਾਨ ਦਿੱਲੀ ਦੇ ਜ਼ੁਲਮ ਦੀ ਭੱਠੀ ਵਿਚ ਦਾਣਿਆਂ ਵਾਂਗ ਭੁੱਜ ਰਹੇ ਹਨ ਪਰ ਤੁਸੀਂ ਪੰਥ ਦੀ ਸ਼ਾਨ ਲਈ ਹੱਸ ਹੱਸ ਕੇ ਮਰ

ਮਿਟਣ ਵਾਲੇ ਨੌਜਵਾਨਾਂ ਦੀ ਪ੍ਰਤੀਨਿਧ ਪੰਥਕ-ਕਮੇਟੀ ਨੂੰ ਹੀ ਬੂਟਾ ਸਿਹੁੰ ਦੇ ਹੱਥਾਂ ਵਿਚ ਖੇਡਣ ਵਾਲੀ ਅਥਵਾ ਦਿੱਲੀ-ਸਰਕਾਰ ਦੀ ਏਜੰਟ ਗਿਰਦਾਨਦੇ ਹੋ ! ਕੀ ਪੰਜਾਬ ਦੇ ਲੋਕ ਆਪਣੇ ਨੱਹਕੇ ਮਾਰੇ ਗਏ ਪੁੱਤਾਂ ਨੂੰ ਭੁੱਲ ਕੇ ਤੁਹਾਡੇ ਬਿਆਨਾਂ ਨੂੰ ਸੱਚ ਮੰਨ ਲੈਣਗੇ ?

ਮਹਾਰਾਜਾ ਸਾਹਿਬ ! ਤੁਸੀਂ ਕਲਗੀਧਰ ਪਿਤਾ ਹਥੋਂ ਵਰੋਸਾਏ ਪਟਿਆਲੇ ਦੇ ਮਹਾਰਾਜਾ ਘਰਾਣੇ ਦੇ ਵਾਰਸ ਹੋਂ। ਮਹਾਰਾਜਿਆਂ ਦੀ ਸਵਾਰੀ ਹਾਥੀਆਂ ਦੀ ਹੋਇਆ ਕਰਦੀ ਹੈ। ਤੁਸੀਂ ਸੰਨ ਅੱਸੀ ਤੋਂ ਲੈ ਕੇ ਹੁਣ ਤੀਕ ਹੀ ਨਜ਼ਰ ਮਾਰ ਲਵੋ ਕਿ ਇਸ ਅਰਸੇ ਦੌਰਾਨ ਜਦੋਂ ਵੀ ਤੁਸਾਂ ਆਪਣੇ ਘਰਾਣੇ ਦੀ ਸੁੱਚੀ ਸਿੱਖੀ-ਪਰੰਪਰਾ ਤੇ ਪਹਿਰਾ ਦਿੱਤਾ ਹੈ ਤਾਂ ਤੁਸੀਂ ਸਿੱਖ-ਨਜ਼ਰਾਂ ਵਿਚ ਹਮੇਸ਼ਾਂ ਸਤਿਕਾਰ ਨਾਲ ਦੇਖੇ ਗਏ ਹੋ-ਮਾਨੋਂ ਹਾਥੀ ਤੇ ਚੜ ਗਏ ਹੋ। ਪਰ ਜਿਥੇ ਤੁਸੀਂ ਧਰਮ ਦੀ ਪਰੰਪਰਾ ਦਾ ਪਾਵਨ ਪੱਲੂ ਛੱਡ ਕੇ ਵਰਤਮਾਨ-ਸਿਆਸਤ ਦੀ ਲੁੱਚੀ-ਪਗਡੰਡੀ ਤੇ ਚੱਲੇ ਹੋਂ, ਤੁਹਾਡੀ ਉਹ ਬਾਤ ਨਹੀਂ ਬਣੀ! ਜਦ ਜਦ ਤੁਸੀਂ ਕੁਰਸੀ ਨੂੰ ਲੱਤ ਮਾਰੀ ਹੈ ਪੰਥ ਨੇ ਅੱਖਾਂ ਤੇ ਬਿਠਾਇਆ ਹੈ ਜਦ ਜਦ ਕੁਰਸੀ ਦੀ ਕਾਮਨਾ ਕੀਤੀ ਹੈ ਪੰਥ ਨੇ ਅੱਖਾਂ ਫੇਰੀਆਂ ਹਨ। ਇਹ ਸਤਰਾਂ ਲਿਖ ਕੇ ਮੈਂ ਇਸ ਦੌੜ ਵਿਚ ਤੁਹਾਨੂੰ ਨਿਰ-ਉਤਸ਼ਾਹਤ ਨਹੀਂ ਕਰ ਰਿਹਾ। ਇਸਨੂੰ ਗਲਤ ਨਾ ਸਮਝਣਾ। ਸਗੋਂ ਮਕਸਦ ਤੁਹਾਨੂੰ ਅਸਲੀਅਤ ਦੀ ਸਿੱਧੀ-ਸਪਾਟ ਸੜਕ ਦਿਖਾਣ ਦਾ ਹੈ ਜਿਸ ਤੇ ਚੱਲ ਕੇ ਤੁਸੀਂ ਪੰਥ ਦੇ ਇਕ ਸਨਮਾਨਯੋਗ ਨੇਤਾ ਵਜੋਂ ਉਭਰ ਹੀ ਨਹੀਂ ਚਾਹੋ ਤਾਂ ਸਿਰਮੌਰ ਵੀ ਬਣ ਸਕਦੇ ਹੋ। ਤੁਸੀਂ ਸਿੱਖ-ਇਤਿਹਾਸ ਤੋਂ ਜ਼ਰੂਰ ਵਾਕਫ ਹੋਵੋਗੇ। ਇਸਦੀ ਚੁਹ ਵਿਚ ਦਿੱਲੀ ਦੀ ਮੁਗਲ ਸਰਕਾਰ ਦੀ ਜ਼ਾਲਮ ਸਿਆਸਤ ਦੇ ਅਫਰੇਵੇਂ ਨਾਲ ਆਫਰੇ-ਹੰਕਾਰੇ ਹਾਥੀ ਵੀ ਕਲਗੀਧਰ ਦੇ ਧਰਮੀ-ਬਾਪੜੇ ਆਸਰੇ ਗਰੀਬ ਬਚਿੱਤਰ ਸਿੰਘ ਵਰਗੇ ਸਿੱਖਾਂ ਨੇ ਮੱਥੇ ਨਾਗਣੀਆਂ ਖੋਭ ਚੁਫਾਲ ਡੇਗ ਲਏ ਸਨ ਫਿਰ ਅੱਜ ਤਾਂ ਮਹਾਰਾਜਿਆਂ ਦਾ ਯੁਗ ਵੀ ਨਹੀਂ ਕਹਾਣੀ ਹੀ ਉਲਟ ਹੈ। ਅੱਜ ਕਲਗੀਧਰ ਦੇ ਗਰੀਬ ਬਚਿੱਤਰ ਸਿੰਘ ਧਰਮ ਦੇ ਹਾਥੀਆਂ ਤੇ ਸਵਾਰ ਹੋ ਮੈਦਾਨਿ-ਜੰਗ ਵਿਚ ਜੂਝ ਰਹੇ ਹਨ। ਇਹਨਾਂ ਦਾ ਮੁਕਾਬਲਾ ਸਿਰਫ ਦਿੱਲੀ ਦੇ ਹੰਕਾਰੀ-ਹਾਥੀਆਂ ਨਾਲ ਹੀ ਨਹੀਂ ਸਗੋਂ ਦਿੱਲੀ-ਸਰਕਾਰ ਦੇ ਉਹਨਾਂ ਮੱਕਾਰ-ਮੁਨਸਬਦਾਰਾਂ ਨਾਲ ਵੀ ਹੈ ਜੋ ਸਿੱਖੀ ਲਿਬਾਸ ਵਿਚ ਖ਼ੁਦਗਰਜ਼-ਸਿਆਸਤ ਦੀਆਂ ਖੋਤੀਆਂ ਤੇ ਸਵਾਰ ਹੋ ਕੇ ਆਪਣੇ ਸਿਰਾਂ ਵਿਚ ਹੀ ਖੇਹ ਪਾ ਰਹੇ ਹਨ। ਅੱਜ ਦੇ ਬਚਿੱਤਰ ਸਿੰਘ ਜਿਸ ਇਤਿਹਾਸ ਨੂੰ ਆਪਣੇ ਰੌਸ਼ਨ-ਖ਼ੂੰਨ ਨਾਲ ਲਿਖ ਰਹੇ ਹਨ ਉਸਨੂੰ ਸਿਆਸਤ ਦੀ ਸਿਆਹੀ ਦਾ ਹਨੇਰ ਹਰਗਿਜ਼ ਨਹੀਂ ਛੁਪਾ ਸਕੇਗਾ !

ਮੁੱਕਦੀ ਗੱਲ ਤੁਹਾਡੇ ਵਡੇਰਿਆਂ ਦਾ ਮੂੰਹ ਸਦਾ ਗੁਰੂ ਵੱਲ ਰਿਹਾ ਹੈ। ਗੁਰੂ ਦੀ ਅਸੀਸ ਸਦਕਾ ਹੀ ਉਹਨਾਂ ਨੂੰ ਤਖਤ ਪਰਾਪਤ ਹੋਏ ਸਨ। ਸਮੇਂ ਨਾਲ ਤਖਤ ਚਲੇ ਗਏ ਪਰ ਉਹਨਾਂ ਦਾ ਸਤਿਕਾਰ ਸਿੱਖ-ਸੰਸਾਰ ਵਿਚ ਸਦਾ ਲਈ ਕਾਇਮ ਰਿਹਾ ਹੈ। ਅੱਜ ਗੁਰੂ ਕੇ ਲਾਡਲੇ ਪੰਥ ਤੇ ਭੀੜ ਬਣੀ ਹੈ। ਜਿਹਨਾਂ ਪਹਿਰੇਦਾਰਾਂ ਨੇ ਗੁਰੂ ਕੇ ਇਸ ਚਮਨ ਦੀ ਰਾਖੀ ਕਰਨੀ ਸੀ ਉਹੀ ਇਸ ਨੂੰ ਉਜਾੜ ਕੇ ਵਰਤਮਾਨ-ਵੀਰਾਨੀ ਦੀ ਹਾਲਤ ਵਿਚ ਪਹੁੰਚਾਣ ਦੇ ਮੁੱਖ-ਦੋਸ਼ੀ ਹਨ। ਮੈਦਾਨਿ-ਜੰਗ ਬਣੇ ਪੰਜਾਬ ਦੀ ਧਰਤ ਉਤੇ ਕੌਮ ਦੀਆਂ ਲਾਸ਼ਾਂ ਉਪਰ ਲੀਡਰੀ ਦੀ ਲੜਾਈ ਲੜ ਰਹੇ ਹਨ। ਅਜਿਹੇ ਲੋਕਾਂ ਨੂੰ ਨਾ ਗੁਰੂ ਮੁਆਫ ਕਰੇਗਾ ਨਾ ਸਿੱਖ ਤੇ ਨਾ ਸਿੱਖ-ਇਤਿਹਾਸ !

ਤੁਹਾਨੂੰ ਗੁਰੂ ਨੇ ਸਭ ਬਖਸ਼ਿਸ਼ ਕੀਤੀ ਹੈ। ਮਾਇਆ ਤੁਹਾਡੇ ਕੋਲੋਂ ਅੱਗ ਲਾਇਆਂ ਨਹੀਂ ਮੁੱਕਦੀ। ਕਦੇ ਤੁਹਾਡੇ ਵਡਿੱਕੇ ਮਹਾਰਾਜਾ ਅਮਰ ਸਿੰਘ ਨੇ ਵੀਹ ਹਜ਼ਾਰ ਹਿੰਦੂ ਮਰਦ-ਔਰਤਾਂ ਅਹਿਮਦ ਸ਼ਾਹ ਅਬਦਾਲੀ ਦੀ ਕੈਦੋਂ ਛੁਡਵਾਈਆਂ ਸਨ। ਅੱਜ ਤੁਹਾਡੀ ਆਪਣੀ ਕੌਮ ਦੇ ਹਜ਼ਾਰਾਂ ਬਜ਼ੁਰਗ, ਨੌਜਵਾਨ ਬੀਬੀਆਂ, ਬੇਕਸੂਰ ਬੱਚੇ ਸਾਲਾਂ ਤੋਂ ਜਿਹਲਾਂ ਵਿਚ ਸੜ ਰਹੇ ਹਨ, ਦਿਨ-ਦਿਹਾੜੇ ਫੜ-ਫੜ ਕੇ ਫੁੰਡੇ ਜਾ ਰਹੇ ਹਨ। ਗੁਰਧਾਮਾਂ ਦੀ ਉਸਾਰੀ ਵਿਚ ਤੁਹਾਡੇ ਵਡੇਰਿਆਂ ਨੇ ਜੋ ਕੀਤਾ ਕਲਮ ਵੀ ਨਹੀਂ ਲਿਖ ਸਕਦੀ ਪਰ ਅੱਜ ਤੁਹਾਡੇ ਗੁਰਧਾਮ ਢਹਿ-ਢੇਰੀ ਹੋ ਰਹੇ ਹਨ। ਖ਼ੁਦਗਰਜ਼ੀ ਦੀ ਖਿੱਚਾ-ਧੂਹ ਵਿਚ ਪੰਥ ਖੇਰੂੰ-ਖੇਰੂੰ ਹੈ। ਪੰਥ ਦਾ ਜਹਾਜ਼ ਜ਼ੁਲਮ ਦੇ ਤੂਫਾਨ ਵਿਚ ਡੋਲ ਰਿਹਾ ਹੈ। ਤੁਸੀਂ ਆਪਣੇ ਘਰਾਣੇ ਦੀ

ਸ਼ਾਨਦਾਰ-ਪਰੰਪਰਾ ਤੇ ਤੁਰ ਕਲਗੀਧਰ ਦੇ ਸੱਚੇ ਸਿੱਖ ਬਣ, ਇਸਨੂੰ ਮੋਢਾ ਦੇਵੋ। ਕਹਿਣ ਦੀ ਖੁਲ੍ਹ ਲਵਾਂਗਾ ਕਿ ਮੌਜੂਦਾ ਚੱਕਰ ਵਿਚੋਂ ਨਿਕਲੋ ਤੇ ਆਪਣੀ ਸਾਰੀ ਸ਼ਕਤੀ ਕੁਰਸੀ ਲਈ ਲੜ ਰਹੇ ਬੇ-ਅਕਲ ਅਕਾਲੀ-ਲਾਣੇ ਨੂੰ ਇਕੱਠਾ ਕਰਨ ਤੇ ਲਾਓ। ਅਜੇ ਵੀ ਭੁੱਲ-ਭੁਲੇਖੇ ਵਿਚ ਪਾਏ ਆਪਣੇ ਕਾਂਗਰਸ ਵਿੱਚ ਬੈਠੇ ਮਿੱਤਰ ਸਿੱਖਾਂ ਨੂੰ ਪੂਰਕੇ ਪੰਥਕ-ਸਫਾਂ ਵਿਚ ਵਾਪਸ ਲਿਆਓ ਆਪਣਾ ਸਾਰਾ ਅਸਰ-ਰਸੂਖ ਵਰਤ ਕੇ ਧਰਮੀ ਫੌਜੀਆਂ ਤੇ ਜਿਹਲੀਂ ਡੱਕੇ ਹਜ਼ਾਰਾਂ ਕੈਦੀਆਂ ਨੂੰ ਰਿਹਾਅ ਕਰਵਾਉਣ ਦਾ ਬਾਨਣੂੰ ਬੁੰਨੋ। ਪੰਥ ਨੂੰ ਇਕੱਠਾ ਕਰਨ ਦਾ ਝੰਡਾ ਚੁੱਕੋ ਤੇ ਪੰਥ ਦੀ ਆਨ ਲਈ ਜੂਝ ਰਹੇ ਮਰਜੀਵੜਿਆਂ ਨਾਲ ਗਲਵੱਕੜੀ ਪਾ ਉਹਨਾਂ ਲਈ ਦਿਲੋਂ ਢਾਲ ਬਣੋ। ਇਸ ਨਾਲ ਨਿਸਚੇ ਹੀ ਤੁਸੀਂ ਸਿੱਖ-ਪੰਥ ਦੀ ਪ੍ਰਸ਼ੰਸਾ ਦੇ ਪਾਤਰ ਬਣੋਂਗੇ, ਪੰਥ ਤੁਹਾਡੇ ਤੇ ਨਿਹਾਲ ਹੋਵੇਗਾ। ਪੰਥ ਨਿਹਾਲ ਹੋਵੇਗਾ ਤਾਂ ਸ਼ਾਇਦ ਵੱਡੀ ਕੁਰਸੀ ਵੀ ਬਖਸ਼ ਦੇਵੇਗਾ। ਜੇ ਭਲਾ ਨਾ ਵੀ ਬਖਸ਼ੇਗਾ ਤਾਂ ਸਿੱਖ-ਸੰਸਾਰ ਦਾ ਪਿਆਰ ਸਤਿਕਾਰ ਤਾਂ ਸਦਾ ਤੁਹਾਡੇ ਅੰਗ-ਸੰਗ ਟੁਰੇਗਾ ! ਵਿਚਾਰਨਾ !!

ਭੁੱਲ ਚੁੱਕ ਲਈ ਖਿਮਾਂ ਕਰਨਾ।

ਤੁਹਾਡਾ ਹਿਤੂ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

(ਜਨਵਰੀ, 1988)

. . . ਅੱਗਿਓਂ ਰਾਜਾ ਬੋਲਦਾ !

Amarinder Singh
New Motibagh Palace,
PATIALA - 147001
PUNJAB - INDIA

Leader Legislature Party
Shiromani Akali Dal
The Punjab Vidhan Sabha

22nd February , 1988.

Dear Prof Sher Singh ji

Thank you very much for your letter which I received a few days ago.

I have also written in reply to it, an open letter to the same Newspaper, a copy of which I enclose.

I hope you are satisfied with my reply. If on the other hand, you have any further doubt, please write to me. I feel through correspondence we will be able to understand each other's point of view better.

Yours sincerely

Professor Sher Singh Kanwal,
767 Wolfe Road, # 13 ,
SUNNYVALE CA - 94086 (USA).

ਪਿਆਰੇ ਪ੍ਰੋਫੈਸਰ ਸ਼ੇਰ ਸਿੰਘ ਜੀ,
ਫਤਿਹ !

ਅੱਜ ਮੈਨੂੰ ਆਪ ਦੀ ਚਿੱਠੀ ਮਿਲੀ। ਇਸ ਚਿੱਠੀ ਦੇ ਨਾਲ ਹੀ ਆਪ ਵੱਲੋਂ ਪ੍ਰੈਸ ਵਿਚ ਪਿਛਲੇ ਮਹੀਨੇ ਮੇਰੇ ਨਾਮ ਛਪਵਾਈ ਗਈ ਖੁਲੀ ਚਿੱਠੀ ਦੀ ਕਾਪੀ ਵੀ ਮਿਲ ਗਈ ਹੈ।

ਆਪ ਵੱਲੋਂ ਮੇਰੇ ਪਰਿਵਾਰ ਅਤੇ ਮੇਰੇ ਬਾਰੇ ਜਿਹਨਾਂ ਜਜਬਾਤ ਦਾ ਇਜ਼ਹਾਰ ਕੀਤਾ ਗਿਆ ਹੈ, ਮੈ ਉਨ੍ਹਾਂ ਲਈ ਆਪ ਦਾ ਧੰਨਵਾਦੀ ਹਾਂ।

ਮੇਰੇ ਖਿਆਲ ਵਿਚ ਅੱਜ ਸੰਸਾਰ ਵਿਚ ਇਕ ਵੀ ਸਿੱਖ ਨਹੀਂ ਜੋ ਭਾਰਤ ਵਿਚ ਸਿੱਖ-ਕੌਮ ਦੇ ਭਵਿੱਖ ਬਾਰੇ ਚਿੰਤਾਤੁਰ ਨਹੀਂ ਹਾਂ ਪ੍ਰੰਤੂ ਪੰਜਾਬ ਦੀ ਗੁੰਝਲ ਨੂੰ ਸੁਲਝਾਉਣ ਦੇ ਢੰਗਾਂ ਵਿਚ ਅਤੇ ਇਸ ਦਾ ਹੱਲ ਲੱਭਣ ਲਈ ਵੱਖ-ਵੱਖ ਵਿਅਕਤੀ ਜੁਦੇ-ਜੁਦੇ ਤਰੀਕੇ ਸੋਚ ਸਕਦੇ ਹਨ। ਵੱਖ-ਵੱਖ ਵਿਅਕਤੀਆਂ ਦੀਆਂ ਵਿਚਾਰਧਾਰਵਾਂ ਵਿਚ ਵੀ ਭਿੰਨਤਾ ਹੋ ਸਕਦੀ ਹੈ ਤਾਂ ਜੋ ਵਰਤਮਾਨ-ਦੁੱਖ ਭਰੇ ਹਾਲਾਤ ਜਿਹੜੇ ਪਿਛਲੇ ਅੱਠ-ਦੱਸ ਸਾਲਾਂ ਤੋਂ ਚਲੇ ਆ ਰਹੇ ਹਨ, ਠੀਕ ਹੋ ਸਕਣ।

ਤੁਸੀਂ ਆਪਣੀ ਚਿੱਠੀ ਵਿਚ ਪੰਜਾਬ ਦੇ ਸਿਆਸੀ-ਮਾਹੌਲ ਵਿਚ ਸਿੱਖਾਂ ਪ੍ਰਤੀ ਅਦਾ ਕੀਤੇ ਗਏ ਮੇਰੇ ਰੋਲ ਸੰਬੰਧੀ ਆਪਣੇ ਵਿਚਾਰ ਮੇਰੇ ਪਰਿਵਾਰ ਦੀ ਸਿੱਖ-ਕੌਮ ਪ੍ਰਤਿ ਪਿਛਲੇ 300 ਸਾਲਾਂ ਦੀ ਕੁਮਿਟਮੈਂਟ ਦੇ ਪਿਛੋਕੜ ਨੂੰ ਮੁੱਖ ਰੱਖ ਕੇ, ਪਰਗਟ ਕੀਤੇ ਹਨ। ਆਪ ਨੂੰ ਪਤਾ ਹੀ ਹੈ ਕਿ ਇਸੇ ਪਿਛੋਕੜ ਦੀ ਰੋਸ਼ਨੀ ਵਿਚ, ਜਿਸ ਦਿਨ ਤੋਂ, 1984 ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਹਮਲੇ ਕਾਰਨ, ਮੈਂ ਕਾਂਗਰਸ ਅਤੇ ਪਾਰਲੀਮੈਂਟ ਤੋਂ ਅਸਤੀਫਾ ਦਿਤਾ ਸੀ, ਮੈਂ ਨਿਰੰਤਰ ਸਿੱਖੀ ਸਿਧਾਂਤਾਂ ਅਤੇ ਸਿਖੀ-ਮੁਫਾਦ ਨਾਲ ਜੁੜਿਆ ਹੋਇਆ ਹਾਂ ਅਤੇ ਅਗੋਂ ਵੀ ਵਾਹਿਗੁਰੂ ਮੇਹਰ ਕਰਨ, ਜੁੜਿਆ ਹੀ ਰਹਾਂਗਾ।

ਅਰੰਭ ਵਿਚ ਹੀ ਮੈਂ ਵਜਾਹਤ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਬੀਤੇ ਸਮੇਂ ਵਿਚ ਜੋ ਕੁਝ ਵੀ ਮੇਰੇ ਪਰਿਵਾਰ ਪਾਸ ਸੀ ਅਤੇ ਹੁਣ ਹੈ, ਇਹ ਸਭ ਕੁਝ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਦੇਣ ਹੈ। ਇਸ ਉਪਰੰਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜਦੋਂ ਸਾਡੇ ਬਜੁਰਗ, ਬਾਬਾ ਰਾਮ ਸਿੰਘ ਜੀ ਨੇ, ਅੰਮ੍ਰਿਤ ਛਕਿਆ, ਸਾਡੇ ਪਰਿਵਾਰ ਨੂੰ ਇਕ ਨਿਸ਼ਾਨ ਸਾਹਿਬ ਅਤੇ 11 ਸ਼ਸਤਰ ਬਖਸ਼ ਕੇ ਨਿਵਾਜ਼ਿਆ। ਇਸੇ ਤਰਾਂ ਇਕ ਨਿਸ਼ਾਨ ਸਾਹਿਬ ਅਤੇ 11 ਸ਼ਸਤਰ ਅਤੇ ਇਕ ਹੁਕਮਨਾਮਾ, ਜਿਸ ਦਾ ਜ਼ਿਕਰ ਤੁਸੀਂ ਆਪਣੀ ਚਿੱਠੀ ਵਿਚ ਵੀ ਕੀਤਾ ਹੈ, ਚਮਕੌਰ ਸਾਹਿਬ ਵਿਚ ਹੋਏ ਯੁੱਧ ਤੋਂ ਪਹਿਲਾਂ ਸਾਡੇ ਪਰਵਾਰ ਨੂੰ ਬਖਸ਼ੇ ਇਹ ਸਾਰੀਆਂ ਪਵਿੱਤਰ ਵਸਤੂਆਂ ਮੋਤੀ ਬਾਗ ਪੈਲਿਸ ਦੇ ਗੁਰਦੁਆਰਾ ਸਾਹਿਬ ਵਿੱਚ ਹਮੇਸ਼ਾਂ ਵਾਂਗ, ਅੱਜ ਵੀ ਮੇਰੇ ਪਰਿਵਾਰ ਲਈ ਮਾਨ ਦਾ ਪਾਤਰ ਹਨ। ਇਹ ਸਾਡਾ ਇਕ ਬਹੁਮੁਲਾ ਖਜ਼ਾਨਾ ਹਨ।

ਇਹ ਸਭ ਕੁਝ ਮੈਂ ਇਸ ਲਈ ਲਿਖ ਰਿਹਾ ਹਾਂ ਤਾਂ ਜੋ ਮੈਂ ਆਪ ਨੂੰ ਦੱਸ ਸਕਾਂ ਕਿ ਮੇਰਾ ਪਰਿਵਾਰ, ਜਿਸ ਨੂੰ ਗੁਰੂ ਸਾਹਿਬਾਨ ਨੇ 'ਤੇਰਾ ਘਰ ਮੇਰਾ ਅਸੈ' ਦਾ ਵਰ ਦਿੱਤਾ ਹੈ, ਕਦੇ ਭੁੱਲ ਕੇ ਵੀ ਇਹ ਨਹੀਂ ਸੋਚ ਸਕਦਾ ਕਿ ਅਸੀਂ ਗੁਰੂ ਸਾਹਿਬਾਨ ਦੇ ਤੁੱਛ ਸੇਵਕ ਹੁੰਦੇ ਹੋਏ ਕਦੇ ਵੀ ਸਿੱਖ-ਕੌਮ ਦੇ ਹਿੱਤਾਂ ਵਿਰੁਧ ਜਾ ਸਕਦੇ ਹਾਂ। ਆਪਣੇ ਜ਼ਾਤੀ ਸਿਆਸੀ ਮੁਫਾਦ ਦੀ ਪੂਰਤੀ ਕਰਨ ਲਈ ਅਜੇ ਵੀ ਜੇ ਕੋਈ ਮੈਨੂੰ ਬਦਨਾਮ ਕਰਨ ਲਈ ਕਾਂਗਰਸ ਦਾ ਹਮਾਇਤੀ ਕਹਿੰਦਾ ਹੈ, ਮੈਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਹੈ। ਅੱਜ ਹਿੰਦੁਸਤਾਨ ਵਿਚ ਸਿਆਸਤ ਦਾ ਪੱਧਰ ਅਤਿ ਨੀਵਾਂ ਜਾ ਢੁੱਕਾ ਹੈ ਅਤੇ ਸਿਆਸੀ ਮੁਖਾਲਫ ਇਸ ਪੱਧਰ ਤੋਂ ਵੀ ਨੀਵੇਂ ਨਿਘੱਰ ਕੇ ਆਪਣੇ ਮੁਖਾਲਫਾਂ ਨੂੰ ਬਦਨਾਮ ਕਰਨ ਦੇ ਢੰਗ ਕਢਦੇ ਰਹਿੰਦੇ ਹਨ। ਜਿਥੋਂ ਤੀਕਰ ਮੇਰਾ ਸੰਬੰਧ ਹੈ ਮੈਂ 1984 ਵਿਚ ਕਾਂਗਰਸ ਅਤੇ ਪਾਰਲੀਮੈਂਟ ਦੀ ਮੈਂਬਰੀ ਤੋਂ ਇਸ ਲਈ ਅਸਤੀਫਾ ਦਿੱਤਾ ਸੀ ਕਿਉਂਕਿ ਮੇਰੇ ਪਰਿਵਾਰ ਦੀ ਪੰਥ-ਪ੍ਰਸਤੀ ਦੀ ਭਾਵਨਾ ਅਤੇ ਮੇਰੀ ਆਤਮਾ ਨੇ ਮੈਨੂੰ ਇਹ ਕਦਮ ਚੁਕਣ ਲਈ ਮਜਬੂਰ ਕੀਤਾ, ਜਦੋਂ ਇੱਕ ਬਾਰ ਸੰਬੰਧ ਟੁੱਟ ਗਏ ਇਸ ਸਾਰੀ ਗੱਲ ਦਾ ਜਿਥੋਂ ਤੀਕਰ ਮੇਰਾ ਸਟੈਂਡ ਹੈ, ਭੋਗ ਪੈ ਗਿਆ। ਜਿੰਨੀ ਦੇਰ ਤਕਰੀਬਨ 15 ਸਾਲ ਮੈਂ ਕਾਂਗਰਸ ਵਿਚ ਰਿਹਾ, ਉਸ ਪਾਰਟੀ ਨਾਲ ਸੱਚੇ ਦਿਲੋਂ ਰਿਹਾ, ਪ੍ਰੰਤੂ ਜਦੋਂ ਮੈਂ ਉਹਨਾਂ ਦੀ ਨੀਤੀ ਨੂੰ ਠੀਕ ਨਾ ਸਮਝਿਆ ਮੈਂ ਉਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਅਤੇ ਇਸ ਨਾਲ ਮੇਰਾ ਉਨ੍ਹਾਂ ਨਾਲ ਸੰਬੰਧ ਟੁੱਟ ਗਿਆ। ਇਸ ਲਈ ਮੈਨੂੰ ਕੋਈ ਚਿੰਤਾ ਨਹੀਂ ਕਿ ਮੇਰੇ ਸਿਆਸੀ ਮੁਖਾਲਫ ਇਸ ਸਿਲਸਿਲੇ ਵਿਚ ਮੇਰੇ ਖਿਲਾਫ ਕੀ ਕਹਿੰਦੇ ਹਨ। ਮੇਰੀ ਆਤਮਾ ਸਵੱਛ ਅਤੇ ਮੇਰਾ ਮਨ ਸਾਫ ਹਨ ਅਤੇ ਮੇਰੇ ਲਈ ਇਹ ਦੋਵੇ ਚੀਜ਼ਾਂ ਮਹਾਨ ਹਨ। ਮੈਂ ਇਸ ਤੱਥ ਨੂੰ ਕਿਵੇਂ ਬਦਲ ਸਕਦਾ ਹਾਂ ਕਿ ਮੈਂ 15 ਸਾਲ ਕਾਂਗਰਸ ਪਾਰਟੀ ਦਾ ਮੈਂਬਰ ਰਿਹਾ ਹਾਂ ਅਤੇ ਕਿ ਮੈਂ ਹਿੰਦੁਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਸਕੂਲ ਸਾਥੀ ਰਿਹਾ ਹਾਂ। ਮੈਂ ਉਸ ਨੂੰ ਸੰਨ 1952 ਤੋਂ ਤਕਰੀਬਨ 36 ਸਾਲਾਂ ਤੋਂ ਜਾਣਦਾ ਹਾਂ। ਇਹ ਇੱਕ ਤਾਰੀਖੀ-ਹਕੀਕਤ ਹੈ। ਐਪਰ ਪਿਛਲੇ ਸੰਬੰਧ ਕਦੇ ਵੀ ਸਦੀਵੀ ਸਿਆਸੀ

ਨੇੜਤਾ ਦਾ ਅਧਾਰ ਨਹੀਂ ਬਣਦੇ। ਜਦੋਂ ਮੈਂ ਕਾਂਗਰਸ ਵਲੋਂ ਪਾਰਲੀਮੈਂਟ ਦਾ ਮੈਂਬਰ ਸੀ ਮੇਰੇ ਮਾਤਾ ਜੀ ਜਨਤਾ ਪਾਰਟੀ ਵਲੋਂ ਪਾਰਲੀਮੈਂਟ ਦੇ ਮੈਂਬਰ ਸਨ। ਪਰ ਇਸ ਦਾ ਮਤਲਬ ਇਹ ਕਦੇ ਨਹੀਂ ਹੋਇਆ ਕਿ ਮੈਂ ਜਨਤਾ ਪਾਰਟੀ ਦੀਆਂ ਨੀਤੀਆਂ ਦਾ, ਕਾਂਗਰਸ ਪਾਰਟੀ ਵਿਚ ਪ੍ਰਚਾਰ ਕਰਦਾ ਸੀ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਨਿੱਜੀ ਸੰਬੰਧ ਅਤੇ ਭਾਈਚਾਰਾ, ਸਿਆਸੀ-ਵਿਚਾਰਧਾਰਾ, ਸਿਆਸੀ-ਖਿਆਲਾਂ ਅਤੇ ਸਿਆਸੀ ਕੌਮਾਂ ਤੋਂ ਬਿਲਕੁਲ ਭਿੰਨ ਹਨ। ਇਸ ਲਈ ਕੁਝ ਲੋਕਾਂ ਵੱਲੋਂ ਇਹ ਸੋਚਣਾ ਕਿ ਕਿਉਂਕਿ ਮੈਂ ਸ੍ਰੀ ਰਾਜੀਵ ਗਾਂਧੀ ਨੂੰ ਪਿਛਲੇ 36 ਸਾਲਾਂ ਤੋਂ ਜਾਣਦਾ ਹਾਂ ਇਸ ਲਈ ਮੈਂ ਅਕਾਲੀ ਦਲ ਵਿਚ ਉਨ੍ਹਾਂ ਦੀ ਕਾਂਗਰਸ ਪਾਰਟੀ ਦਾ ਪ੍ਰਚਾਰ ਕਰ ਰਿਹਾ ਹਾਂ, ਬਿਲਕੁਲ ਨਿਰਮੂਲ ਅਤੇ ਬੋਤੂਕੀ ਅਤੇ ਵਾਹੀਆਤ ਗੱਲ ਹੈ। ਅਜਿਹੇ ਬੰਦਿਆਂ ਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਜਦੋਂ ਮੇਰੇ ਮਾਤਾ ਜੀ ਜਨਤਾ ਪਾਰਟੀ ਵਲੋਂ ਐਮ. ਪੀ. ਸਨ ਅਤੇ ਸ੍ਰੀ ਮੁਰਾਰ ਜੀ ਡਿਸਾਈ ਪ੍ਰਧਾਨ ਮੰਤਰੀ ਸਨ ਮੇਰਾ ਅਤੇ ਮੇਰੇ ਮਾਤਾ ਜੀ ਦਾ ਰਿਸ਼ਤਾ 36 ਸਾਲਾਂ ਤੋਂ ਵੀ ਪੁਰਾਣਾ ਸੀ। ਫੇਰ ਇਹ ਕਿਵੇਂ ਹੋਇਆ ਕਿ ਮੈਂ ਕਾਂਗਰਸ ਪਾਰਟੀ ਵਿੱਚ, ਜਿਸ ਦਾ ਉਸ ਵੇਲੇ ਮੈਂ ਮੈਂਬਰ ਸੀ, ਜਨਤਾ ਪਾਰਟੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਿਉਂ ਨਹੀਂ ਕੀਤਾ, ਖਾਸ ਕਰਕੇ ਜਦੋਂ ਕਿ 1977-78 ਵਿਚ ਕਿਸੇ ਨੂੰ ਸੁਪਨਾ ਵੀ ਨਹੀਂ ਸੀ ਕਿ ਅਗੋਂ ਕਦੇ ਕਾਂਗਰਸ ਪਾਰਟੀ ਸੱਤਾ ਵਿਚ ਵੀ ਆ ਸਕੇਗੀ।

ਤੁਸੀਂ ਆਪਣੀ ਚਿੱਠੀ ਵਿਚ ਕਿਹਾ ਹੈ ਕਿ ਲੋਕੀ ਕਹਿੰਦੇ ਹਨ ਕਿ ਪੰਜਾਬ ਬਾਰੇ ਮੇਰਾ ਤਰੀਕਾ-ਕਾਰ ਦੂਜਿਆਂ ਨਾਲੋਂ ਵੱਖਰਾ ਹੈ-ਇਕ ਕਿਸਮ ਦਾ ਦੋ-ਚਿੱਤੀ ਵਾਲਾ ਰਵਈਆ ਹੈ ਕਿਉਂ ਜੋ ਮੇਰੇ ਮਨ ਵਿਚ ਪੰਜਾਬ ਦੇ ਮੁੱਖ-ਮੰਤਰੀ ਬਣਨ ਦੀ ਲਾਲਸਾ ਹੈ। ਸਿਆਸਤ, ਰਾਜਸੀ-ਤਾਕਤ ਪ੍ਰਾਪਤ ਕਰਨ ਲਈ ਇਕ ਖੇਡ ਹੈ। ਕੀ ਤੁਸੀਂ, ਕੈਨੇਡਾ, ਅਮਰੀਕਾ ਜਾਂ ਦੁਨੀਆਂ ਦੇ ਕਿਸੇ ਹੋਰ ਮੁਲਕ ਵਿਚ ਵੀ ਕੋਈ ਥਾਂ ਦਸ ਸਕਦੇ ਹੋ, ਜਿਥੇ ਸਿਆਸੀ ਬੰਦੇ ਟੀਸੀ ਤੇ ਨਹੀਂ ਪੁੱਜਣਾ ਚਾਹੁੰਦੇ। ਇਸ ਪ੍ਰਸੰਗ ਵਿਚ, ਪੰਜਾਬ ਵਿੱਚ ਇਕ ਰਾਜਸੀ ਪਾਰਟੀ ਦਾ ਮੈਂਬਰ ਹੁੰਦੇ ਹੋਏ ਮੇਰੀ ਵੀ ਅਜਿਹੀ ਖਾਹਿਸ਼ ਹੈ। ਜੇ ਮੈਂ ਇਸ ਤੋਂ ਉਲਟ ਆਖਾਂ ਤਦ ਝੂਠ ਹੋਵੇਗਾ। ਪ੍ਰੰਤੂ ਅਜੇਹੀ ਲਾਲਸਾ ਨੂੰ ਅਮਲੀ ਜਾਮਾ ਦੇਣ ਵਾਸਤੇ ਅਤੇ ਸਿੱਖਾਂ ਦੇ ਅਤੇ ਪੰਜਾਬ ਦੇ ਭਵਿੱਖ ਬਾਰੇ ਜੁਝ ਕੇ ਕੰਮ ਕਰਨ ਲਈ ਵੱਖ-ਵੱਖ ਸਮਿਆਂ ਦੀ ਅਤੇ ਅਵਸਰਾਂ ਦੀ ਅਵਸ਼ਕਤਾ ਹੈ। ਅੱਜ ਦੀ ਘੜੀ ਮੇਰੇ ਵਿਚਾਰਾਂ ਵਿਚ ਸਿੱਖਾਂ ਦੇ ਭਵਿੱਖ ਅਤੇ ਪੰਜਾਬ ਦੀ ਬੇਹਤਰੀ-ਬੇਹਬੂਦੀ ਬਾਰੇ ਸੋਚਣ ਅਤੇ ਕੰਮ ਕਰਨ ਨੂੰ ਅਗੇਤ ਦੇਣ ਦੀ ਲੋੜ ਹੈ, ਜੋ ਮੈਂ ਦੇ ਰਿਹਾ ਹਾਂ।

ਜਦੋਂ ਪਿਛੇ ਜਿਹੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਜੇਹਲ ਤੋਂ ਰਿਹਾ ਹੋ ਕੇ ਆਏ ਮੈਂ ਉਨ੍ਹਾਂ ਨੂੰ ਮਿਲਿਆ ਅਤੇ ਉਹ ਸਭ ਕੁਝ ਜੋ ਮੈਂ ਉਪਰ ਲਿਖਿਆ ਹੈ, ਉਨ੍ਹਾਂ ਨੂੰ ਖੁਲ੍ਹੇ ਸ਼ਬਦਾਂ ਵਿਚ ਦੱਸਿਆ, ਕਿ ਸਿੱਖਾਂ ਦੇ ਹਿਤਾਂ ਦੀ ਪੂਰਤੀ ਲਈ ਅਤੇ ਪੰਜਾਬ ਦੀ ਖਿਦਮਤ ਕਰਨ ਲਈ, ਜੇ ਕਦੇ ਨੇੜੇ ਭਵਿੱਖ ਵਿਚ ਅਵਸਰ ਆਵੇ, ਮੈਂ ਮੁੱਖ ਮੰਤਰੀ ਲਈ ਆਪਣੀ ਪਾਰਟੀ ਵਲੋਂ ਉਨ੍ਹਾਂ ਦਾ ਨਾਮ ਤਜਵੀਜ਼ ਕਰਾਂਗਾ, ਕਿਉਂਕਿ ਮੇਰੀ ਰਾਏ ਵਿਚ ਪੰਜਾਬ ਵਿਚ ਸਿਆਸੀ ਲੀਡਰਸ਼ਿਪ ਲਈ 'ਖਿਚੋ-ਤਾਣ' ਇਸ ਵੇਲੇ ਸਿੱਖਾਂ ਅਤੇ ਪੰਜਾਬ ਦੇ ਹਿੱਤਾਂ ਦੇ ਵਿਰੁਧ ਹੋਵੇਗੀ। ਇਹ ਗੱਲ ਮੈਂ ਇਸ ਲਈ ਲਿਖ ਰਿਹਾ ਹਾਂ, ਤਾਂ ਕਿ ਆਪਦੇ ਕਹਿਣ ਮੁਤਾਬਕ, ਜੋ ਕਿਆਸ-ਆਰਾਈਆਂ, ਅਮਰੀਕਾ ਅਤੇ ਕੈਨੇਡਾ ਵਿਚ ਚੱਕਰ ਕੱਢ ਰਹੀਆਂ ਹਨ ਸ਼ਾਂਤ ਹੋ ਜਾਣ, ਵਰਨਾ ਮੈਨੂੰ ਇਹ ਲਿਖਣ ਦੀ ਲੋੜ ਨਹੀਂ ਸੀ। ਆਪ ਸਦਾ ਯਾਦ ਰਖੋ ਕਿ ਸਤਿਗੁਰੂ ਮੇਹਰ ਕਰਨ, ਇਹ ਮੇਰਾ ਤਹੱਈਆ ਹੈ ਕਿ ਨਿੱਜੀ ਸਵਾਰਥ ਅਤੇ ਨਿੱਜੀ ਖਾਹਿਸ਼ ਨੂੰ ਮੈਂ ਸਿੱਖ ਹਿਤਾਂ ਉਤੇ ਭਾਰੂ ਨਹੀਂ ਹੋਣ ਦਿਆਂਗਾ। ਇਹ ਵਿਚਾਰ ਮੇਰੇ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਦੇ ਸੰਬੰਧ ਵਿੱਚ ਹਨ।

ਤੁਸੀਂ ਆਪਣੀ ਚਿੱਠੀ ਵਿਚ ਜ਼ਿਕਰ ਕੀਤਾ ਹੈ ਕਿ ਮੈਂ ਕਿਧਰੇ ਪੰਥਕ-ਕਮੇਟੀ ਨੂੰ ਸ਼ੂਟਾ ਸਿੰਘ ਦੀ ਉਪਜ ਕਿਹਾ ਹੈ। ਮੈਂ ਇਸ ਗੱਲ ਵਿਚ ਆਪ ਨਾਲ ਸਹਿਮਤ ਨਹੀਂ। ਮੈਂ ਕਦੇ ਵੀ ਅਤੇ ਕਿਸੇ ਥਾਂ ਵੀ ਇਸ ਕਿਸਮ ਦਾ ਕੋਈ ਬਿਆਨ ਨਹੀਂ ਦਿੱਤਾ। ਜੇ ਤੁਸੀਂ ਕਿਧਰੇ ਇਹ ਪੜ੍ਹਿਆ ਯਾ ਕਿਸੇ ਤੋਂ ਸੁਣਿਆ ਹੈ ਤਾਂ ਇਹ ਗਲਤ ਬਿਆਨੀ ਹੈ ਅਤੇ ਮੇਰੇ ਮੂੰਹ ਵਿਚ ਗਲਤ ਗੱਲ ਪਾਈ ਗਈ ਹੈ। ਇਹ ਠੀਕ ਹੋ ਸਕਦਾ ਹੈ ਕਿ ਪੰਥਕ-ਕਮੇਟੀ ਨਾਲ ਵੀ ਕੁਝ ਹੋਰ ਸਵਾਲਾਂ ਤੇ ਮੇਰੀ ਅਸਹਿਮਤੀ ਰਹੀ ਹੋਵੇ ਪ੍ਰੰਤੂ ਪੰਥਕ-ਕਮੇਟੀ ਬਾਰੇ ਮੈਂ ਅਜਿਹੀ ਗੱਲ ਕਦੇ ਨਹੀਂ ਕੀਤੀ, ਕੋਈ ਵੀ ਸਿੱਖ ਅੱਜ ਦੇ ਪ੍ਰਸੰਗ ਵਿਚ ਕਿਸੇ

ਵੀ ਸਿੱਖ-ਸੰਸਥਾ ਨੂੰ ਝੂਟਾ ਸਿੰਘ ਨਾਲ ਨਹੀਂ ਜੋੜ ਸਕਦਾ ਕਿਉਂ ਜੋ ਅਜਿਹਾ ਕਰਨਾ ਸਿਖੀ ਪ੍ਰਤਿ ਸ਼ਰਧਾ ਦੀ ਹੱਤਕ ਕਰਨ ਦੇ ਬਰਾਬਰ ਹੋਵੇਗਾ। ਸਾਡਾ ਧਰਮ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਆਪਣੇ ਮਨ ਦੀ ਗੱਲ ਡਰ-ਰਹਿਤ ਹੋ ਕੇ ਕਰੀਏ, ਜੇ ਤੁਸੀਂ ਇਸ ਸਚਾਈ ਨਾਲ ਸਹਿਮਤ ਹੋ ਤਦ ਕੀ ਤੁਸੀਂ ਚਾਹੋਗੇ ਕਿ ਜਦੋਂ ਮੈਂ ਕਿਸੇ ਗੱਲ ਨਾਲ ਸਹਿਮਤ ਨਾ ਹੋਵਾਂ, ਚੁਪ ਰਹਾਂ, ਜੇ ਮੈਂ ਅਜਿਹਾ ਕਰਾਂਗਾ ਤਦ ਸਿੱਖੀ ਦੇ ਮੂਲਕ ਸਿਧਾਂਤਾਂ ਤੋਂ ਉਲਟ ਹੋਵੇਗਾ ਅਤੇ ਖਾਲਸੇ ਦੇ ਅਸਲੀ ਆਚਰਣ ਤੋਂ ਵੀ ਉਲਟ ਹੋਵੇਗਾ। ਅੱਜ ਦੇ ਵਾਤਾਵਰਣ ਵਿਚ ਜਦੋਂ ਲੋਕੀ ਸੱਚ ਕਹਿਣ ਤੋਂ ਝਿਜਕਦੇ ਹਨ, ਕਿਉਂਕਿ ਉਨ੍ਹਾਂ ਨੂੰ ਕਿਸੇ ਸੰਸਥਾ ਵੱਲੋਂ ਉਨ੍ਹਾਂ ਨਾਲ ਧੱਕਾ ਹੋਣ ਦਾ ਡਰ ਹੁੰਦਾ ਹੈ। ਮੈਂ ਸਤਿਗੁਰੂ ਜੀ ਦੀ ਕਿਰਪਾ ਨਾਲ ਸੱਚ ਕਹਿਣ ਤੋਂ ਜਿਥੋਂ ਤੀਕਰ ਮੇਰੀ ਵਾਹ ਲਗਦੀ ਹੈ, ਕਦੇ ਨਹੀਂ ਮੁੜਿਆ। ਜਦੋਂ ਏ. ਆਈ. ਐਸ. ਐਸ. ਐਫ. ਵਲੋਂ ਜਬਰਨ ਸ਼ਰਾਬ, ਮਹਾਂ-ਪ੍ਰਸਾਦ, ਤਮਾਕੂ ਆਦਿ ਦੀਆਂ ਦੁਕਾਨਾਂ, ਬੰਦ ਕਰਾਉਣ ਬਾਰੇ ਗੱਲ ਚੱਲੀ, ਮੈਂ ਉਨ੍ਹਾਂ ਨਾਲ ਅਸਿਹਮਤੀ ਪ੍ਰਗਟ ਕੀਤੀ। ਇਸ ਦਾ ਮਤਲਬ ਇਹ ਨਹੀਂ ਸੀ ਕਿ ਮੈਂ ਨਸ਼ਿਆਂ ਦੀ ਸਮਾਜਿਕ ਬੁਰਾਈ ਦੀ ਹਮਾਇਤ ਕਰ ਰਿਹਾ ਸੀ। ਸਗੋਂ ਇਸ ਲਈ, ਕਿ ਸਾਡਾ ਧਰਮ ਮੁੱਢ ਤੋਂ ਹੀ ਜਬਰ ਦੇ ਉਲਟ ਰਿਹਾ ਹੈ। ਇਸ ਸਿਧਾਂਤ ਦੀ ਪੂਰਤੀ ਲਈ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਕੁਰਬਾਨੀ ਵੀ ਦਿੱਤੀ। ਮੈਂ ਨੌਜਵਾਨਾਂ ਵੱਲੋਂ ਚਲਾਈ ਗਈ ਉਸ ਮੁਹਿੰਮ ਨਾਲ ਮਿਲ ਕੇ ਚੱਲਣ ਲਈ ਤਿਆਰ ਸੀ, ਜਿਸ ਦੇ ਸਦਕੇ, ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਬਦਲ ਜਾਂਦੀਆਂ। ਪਰ ਅਜਿਹੇ ਢੰਗ, ਜਿਹੜੇ ਜਬਰ ਵਾਲੇ ਜਾਪਦੇ ਸਨ, ਉਨ੍ਹਾਂ ਨਾਲ ਅਸਿਹਮਤ ਸਾਂ।

ਦਸਵੇਂ ਪਾਤਸ਼ਾਹ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਇਸ ਲਈ ਕੀਤੀ ਸੀ ਕਿ ਖਾਲਸਾ 'ਧੱਕੇ' ਦੇ ਵਿਰੁਧ ਖੜੇ ਅਤੇ ਗਰੀਬ ਕਮਜ਼ੋਰ ਅਤੇ ਨਿਮਾਣਿਆਂ ਦੀ ਰੱਖਿਆ ਕਰੇ ਅਤੇ ਆਪਣੇ ਤੋਂ ਕਮਜ਼ੋਰ ਦੇ ਵਿਰੁਧ ਉਂਗਲੀ ਤੀਕਰ ਵੀ ਨਾ ਚੁੱਕੇ। ਪਰ ਜਦੋਂ ਮੈਂ ਇਸ ਸਭ ਕੁਝ ਤੋਂ ਉਲਟ ਹੁੰਦਾ ਵੇਖਦਾ ਹਾਂ, ਤਦ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਣ ਦੇ ਨਾਤੇ, ਮੈਂ ਕਿਸ ਤਰਾਂ ਚੁੱਪ ਕਰਕੇ ਬੈਠਾਂ ? ਇਸ ਲਈ ਅਜਿਹੀਆਂ ਸਥਿਤੀਆਂ ਦੇ ਬਾਰੇ ਮੈਂ ਜ਼ਰੂਰ ਸੱਚ ਅਤੇ ਸਿਧਾਂਤਕ ਗੱਲ ਕਰਾਂਗਾ। ਇਸ ਪ੍ਰਸੰਗ ਵਿਚ ਕਈ ਗੱਲਾਂ ਵਿਚ ਮੇਰੀ ਪੰਥਕ-ਕਮੇਟੀ ਅਤੇ ਦੂਜੀਆਂ ਕਈ ਸੰਸਥਾਵਾਂ ਨਾਲ ਅਸਹਿਮਤੀ ਵੀ ਹੋ ਸਕਦੀ ਹੈ। ਪੰਥਕ-ਕਮੇਟੀ ਅਜਿਹੀਆਂ ਕਈ ਘਟਨਾਵਾਂ ਰੋਕਣ ਦੀ ਸਮੱਰਥਾ ਰੱਖਦੀ ਹੈ। ਹੁਣ ਤੁਸੀਂ ਹੀ ਦੱਸੋ ਕਿ ਜੇਕਰ ਪੰਥਕ-ਕਮੇਟੀ ਕੁਝ ਸਥਿਤੀਆਂ ਰੋਕ ਸਕਦੀ ਹੈ ਪਰ ਰੋਕਦੀ ਨਹੀਂ ਅਤੇ ਜੇ ਉਹ ਗੁਰੂ ਸਾਹਿਬਾਨ ਦੀਆਂ, ਸਾਨੂੰ ਬਖਸ਼ੀਆਂ ਹੋਈਆਂ ਸਿਖਿਆਵਾਂ ਤੇ ਪਹਿਰਾ ਨਹੀਂ ਦਿੰਦੀ, ਅਤੇ ਉਨ੍ਹਾਂ ਦੇ ਅਜਿਹਾ ਕਰਨ ਨਾਲ ਮੈਂ ਅਸਹਿਮਤ ਹੋਵਾਂ ਕੀ ਮੈਨੂੰ ਇਹ ਗੱਲ, ਬਤੌਰ ਸਿੱਖ, ਹੌਸਲਾ ਕਰਕੇ, ਉਨ੍ਹਾਂ ਦੇ ਧਿਆਨ ਵਿਚ ਲਿਆਉਣੀ ਨਹੀਂ ਚਾਹੀਦੀ। ਪੰਜਾਬ ਵਿੱਚ ਬਹੁਤ ਗਿਣਤੀ ਵਿਚ ਲੋਕੀ, ਜਿਹੜੀ ਮੈਂ ਗੱਲ ਲਿਖ ਰਿਹਾ ਹਾਂ, ਉਸ ਨਾਲ ਸਹਿਮਤ ਹੋਣਗੇ ਪਰ ਡਰ ਮਾਰੇ ਉਹ ਆਪਣੇ ਮੂੰਹ ਨਹੀਂ ਖੋਲਦੇ ਮੈਂ ਇਸ ਨੂੰ ਡਰਪੋਕਪੁਣਾ ਆਖਾਂਗਾ ਤੇ ਜੋ ਕੁਝ ਸਾਨੂੰ ਗੁਰਮੱਤ ਸਿਖਾਉਂਦੀ ਹੈ, ਉਸ ਦੇ ਵੀ ਉਲਟ ਆਖਾਂਗਾ।

ਮਨੁੱਖ ਦੀ ਜ਼ਿੰਦਗੀ ਬਹੁਤ ਛੋਟੀ ਹੈ। ਇਸ ਦੁਨੀਆਂ ਵਿਚ ਜੋ ਕੁਝ ਵੀ ਸਾਡੇ ਪਾਸ ਹੈ ਅਸੀਂ ਉਸ ਵਿਚ ਸ਼ੁਕਰ ਨਾਲ ਰਹੀਏ, ਪਰ ਰਹੀਏ ਗੌਰਵ ਅਤੇ ਮਾਨ ਨਾਲ। ਆਦਮੀ ਨੇ ਇਕ ਬਾਰ ਹੀ ਮਰਨਾ ਹੁੰਦਾ ਹੈ ਅਤੇ ਸਾਨੂੰ ਮੌਤ ਵਲੋਂ ਨਿਰਭੈ ਹੋਣਾ ਸਿਖਾਇਆ ਗਿਆ ਹੈ। ਇਸ ਲਈ ਇਕ ਸਿੱਖ ਨੂੰ ਆਪਣੇ ਮਨ ਦੀ ਗੱਲ ਨਿਰਭੈ ਹੋ ਕੇ, ਨਤੀਜਿਆਂ ਤੋਂ ਬਰਤਰ ਹੋਕੇ, ਕਹਿਣ ਵਿਚ ਹਿਚਕਚਾਹਟ ਨਹੀਂ ਕਰਨੀ ਚਾਹੀਦੀ ਪਰ ਅਜਿਹਾ ਕਰਨ ਤੋਂ ਪਹਿਲਾਂ ਘੋਖ ਲੈਣਾ ਚਾਹੀਦਾ ਹੈ ਕਿ ਉਸ ਦਾ ਪੱਖ ਸੱਚਾ ਅਤੇ ਸੁੱਚਾ ਹੈ। ਮੇਰਾ ਪਾਲਣ-ਪੋਸਣ ਅਤੇ ਮੇਰੀ ਤਬੀਅਤ ਅਜਿਹੇ ਹੀ ਵਾਤਾਵਰਨ ਵਿਚ ਹੋਈ ਹੈ ਅਤੇ ਇਸ ਮੁਤਾਬਕ ਹੀ ਜੀਵਨ ਬਤੀਤ ਕਰਨ ਲਈ ਮੈਂ ਯਤਨ-ਸ਼ੀਲ ਹਾਂ।

ਤੁਸੀਂ ਇਹ ਵੀ ਲਿਖਿਆ ਹੈ ਕਿ ਤੁਹਾਡੇ ਸਮੇਤ, ਕਈ ਵੀਰਾਂ ਨੇ ਜਦੋਂ ਮੈਂ, ਕਈ ਕੰਮ ਕੀਤੇ, ਮੇਰੀ ਪ੍ਰਸ਼ੰਸਾ ਕੀਤੀ ਹੈ ਅਤੇ ਕਈ ਵਾਰੀ ਮੇਰੇ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਲੋਕ-ਤੰਤਰ ਕਦਰਾਂ ਕੀਮਤਾਂ ਦਾ ਸਾਰ ਯਾ ਨਿਚੋੜ ਹੈ। ਮੇਰੀ ਵਿਚਾਰ ਵਿਚ ਸਿੱਖੀ ਨਾਲੋਂ ਕੋਈ ਧਰਮ ਲੋਕ-ਤੰਤਰਾਤਮਕ ਨਹੀਂ ਹੈ। ਮੈਂ ਦੂਜਿਆਂ ਨੂੰ ਖੁਸ਼ ਕਰਨ ਲਈ ਆਪਣੀ ਆਤਮਾ ਤੋਂ ਵਿਰੁਧ

ਕਦੇ ਵੀ ਕੋਈ ਗੱਲ ਨਹੀਂ ਕਹਾਂਗਾ। ਇਸ ਲਈ ਮੈਂ ਯਤਨ ਕਰਦਾ ਰਹਿੰਦਾ ਹਾਂ ਕਿ ਮੈਂ ਉਹ ਕੁਝ ਕਰਾਂ ਜਿਸ ਨੂੰ ਮੈਂ ਠੀਕ ਸਮਝਦਾ ਹਾਂ। ਅਜਿਹਾ ਕਰਦੇ ਹੋਏ ਜੋ ਕੋਈ ਗਲਤੀ ਵੀ ਹੋ ਜਾਵੇ ਤਾਂ ਗੁਰੂ ਬਖਸ਼ਿਦ ਹਨ। ਅਸੀਂ ਸਾਰੇ ਤਾਂ ਭੁਲਣਹਾਰ ਹੀ ਹਾਂ।

ਤੁਸੀਂ ਆਪਣੀ ਚਿੱਠੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰ-ਸ਼ਿਪ ਸ੍ਰ: ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ੍ਰ: ਸੁਖਜਿੰਦਰ ਸਿੰਘ, ਸ੍ਰ: ਸਿਮਰਨ ਜੀਤ ਸਿੰਘ ਮਾਨ ਆਦਿ ਨੂੰ ਕਿਸੇ ਨਾ ਕਿਸੇ ਢੰਗ ਨਾਲ ਰੱਦ ਕੀਤਾ ਹੈ। ਇਹਨਾਂ ਸਭਨਾਂ ਪਿਛੇ ਤਕਰੀਬਨ 400 ਸਾਲ ਸਿੱਖੀ ਪ੍ਰਤਿ ਸੇਵਾ ਹੈ। ਸਰਕਾਰ ਵੀ ਇਨ੍ਹਾਂ ਨੂੰ ਰੱਦ ਕਰ ਰਹੀ ਹੈ। ਜ਼ਰਾ ਸੋਚੋ ਕਿ ਅਸੀਂ ਕਿਥੇ ਖੜੇ ਹਾਂ ਅਤੇ ਕੀ ਕਰ ਰਹੇ ਹਾਂ। ਗੱਲ ਅਸੀਂ-ਤੁਸੀਂ ਏਕਤਾ ਦੀ ਕਰ ਰਹੇ ਹਾਂ।

ਮੈਂ ਆਪ ਨਾਲ ਸਹਿਮਤ ਹਾਂ ਕਿ ਵਰਤਮਾਨ-ਸੰਕਟ ਦੇ ਰੂਬਰੂ ਜਿਸ ਨੇ ਕੌਮ ਨੂੰ ਘੇਰ ਰੱਖਿਆ ਹੈ, ਕੌਮ ਵਿਚ ਏਕਤਾ ਦੀ ਅਤਿਅੰਤ ਲੋੜ ਹੈ। ਪ੍ਰੰਤੂ ਏਕਤਾ ਉਨ੍ਹਾਂ ਹੀ ਬੰਦਿਆਂ ਵਿਚ ਹੋ ਸਕਦੀ ਹੈ ਜਿਹੜੇ ਇਕੋ ਜਿਹੇ ਸਿਧਾਂਤਾਂ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਜੋ ਪੰਜਾਬ ਦੇ ਵਰਤਮਾਨ-ਸੰਕਟ ਨੂੰ ਸੁਲਝਾਉਣ ਲਈ ਇਕੋ ਜਿਹੀ ਨੀਤੀ ਦੇ ਧਾਰਨੀ ਹੋਣ। ਮੇਰਾ ਵਿਚਾਰ ਹੈ ਕਿ ਜੋ ਕੁਝ ਵੀ ਸਿੱਖ ਪ੍ਰਾਪਤ ਕਰਨਾ ਚਾਹੁੰਦੇ ਹਨ ਲੋਕ-ਤੰਤਰਕ ਸੰਘਰਸ਼ ਕਰਕੇ ਹੀ ਹਾਸਲ ਕਰਨ। ਅਜਿਹੀ ਪ੍ਰਾਪਤੀ ਦੀ ਪੂਰਤੀ ਵਿਚ ਭਾਵੇਂ ਕਿਤਨਾ ਵੀ ਸਮਾਂ ਕਿਉਂ ਨਾ ਲੱਗੇ। ਜਿਹੜੇ ਲੋਕੀ ਇਸ ਤਰੀਕੇ ਵਿਚ ਵਿਸ਼ਵਾਸ ਰਖਦੇ ਹਨ ਉਨ੍ਹਾਂ ਨੂੰ ਏਕਤਾ ਦੀ ਲੜੀ ਵਿਚ ਪਰੋਣ ਲਈ ਮੈਂ ਹੰਭਲਾ ਮਾਰਦਾ ਰਿਹਾ ਹਾਂ ਅਤੇ ਅੱਗੋਂ ਲਈ ਸਦਾ ਮਾਰਦਾ ਰਹਾਂਗਾ। ਮੇਰੀ ਸਮਝੇ ਇਸ ਤੋਂ ਇਲਾਵਾ ਹੋਰ ਸੰਘਰਸ਼ ਵਿਅਰਥ ਹੈ। ਮੈਂ ਉਸ ਦਾ ਹਾਮੀ ਨਹੀਂ। ਮੈਂ ਨਹੀਂ ਚਾਹਾਂਗਾ ਕਿ ਸਾਡੀ ਜਵਾਨੀ ਮਸ਼ੀਨ-ਗੰਨਾਂ ਦਾ ਨਿਸ਼ਾਨਾ ਬਣੇ। ਮੁਖਾਲਫਾਂ ਦੀਆਂ ਨੀਤੀਆਂ, ਚਾਲਾਂ, ਆਦਿ ਦਾ ਖਿਆਲ ਰੱਖ ਕੇ ਹੀ ਸਾਨੂੰ ਆਪਣੀਆਂ ਨੀਤੀਆਂ ਅਤੇ ਤਰੀਕੇ ਉਲੀਕਣੇ ਚਾਹੀਦੇ ਹਨ। ਅੱਜ ਜਦੋਂ ਲੋਕਾਂ ਵਿੱਚ ਗੁੱਸਾ ਹੈ, ਕਿਸੇ ਵਿਅਕਤੀ ਲਈ ਲੀਡਰ ਬਣਨ ਦੀ ਲਾਲਸਾ ਨੂੰ ਅਜਿਹੀਆਂ ਨੀਤੀਆਂ ਅਪਣਾ ਕੇ ਸਿਰੇ ਚੜ੍ਹਾਉਣਾ ਅਤੇ ਟੀਸੀ ਤੇ ਪੁੱਜਣਾ ਆਸਾਨ ਹੋ ਸਕਦਾ ਹੈ ਪਰ ਇਸ ਹਾਲਤ ਵਿਚ ਤਕਲੀਫਾਂ ਲੋਕਾਂ ਨੂੰ ਹੀ ਭੁਗਤਣੀਆਂ ਪੈਂਦੀਆਂ ਹਨ। ਜਦੋਂ ਕਿ ਲੀਡਰਸ਼ਿਪ ਦਾ ਬਹੁਤ ਨੁਕਸਾਨ ਨਹੀਂ ਹੁੰਦਾ। ਕੇਵਲ ਕੁਝ ਸਾਲ ਜੇਹਲ ਵਿਚ ਹੀ ਰਹਿਣਾ ਪੈਂਦਾ ਹੈ। ਪਿਛਲੇ ਤਜਰਬੇ ਦੀ ਰੌਸ਼ਨੀ ਵਿਚ ਮੈਂ ਕਦੇ ਨਹੀਂ ਚਾਹਾਂਗਾ, ਕਿ ਸਿੱਖ-ਕੌਮ ਨੂੰ ਹੋਰ ਵਧੇਰੀ ਤਕਲੀਫ, ਬਿਪਤਾ ਅਤੇ ਅਜਿਹੇ ਕਿਸੇ ਸੰਘਰਸ਼ ਵਿਚ ਪਾਇਆ ਜਾਵੇ ਜਿਸ ਵਿਚ ਉਨ੍ਹਾਂ ਦਾ ਜਾਨੀ ਨੁਕਸਾਨ ਪਿਛੇ ਨਾਲੋਂ ਵੀ ਜ਼ਿਆਦਾ ਹੋਣ ਦਾ ਖਦਸ਼ਾ ਹੋਵੇ। ਆਪਣੀ ਲੀਡਰਸ਼ਿਪ ਨੂੰ ਪੱਕਿਆਂ ਕਰਨ ਦੀ ਕੀਮਤ ਤੇ ਮੈਂ ਕਦੇ ਵੀ ਅਜਿਹੀਆਂ ਨੀਤੀਆਂ ਨਹੀਂ ਅਪਣਾਵਾਂਗਾ ਅਤੇ ਸਿੱਖ-ਕੌਮ ਦੇ ਖੂੰਨ ਨਾਲ ਆਪਣੇ ਹੱਥ ਨਹੀਂ ਰੰਗਾਂਗਾ ਜਾਂ ਕਦੇ ਵੀ ਆਉਣ ਵਾਲੇ ਸਮੇਂ ਵਿਚ, ਸਿੱਖਾਂ ਦੇ ਖੂੰਨ ਨਾਲ ਆਪਣੇ ਮੱਥੇ ਤੇ ਮੁੱਖ ਮੰਤਰੀ ਦੀ ਪਦਵੀ ਲੈਣ ਲਈ ਟਿੱਕਾ ਨਹੀਂ ਲਵਾਂਵਾਂਗਾ ਅਤੇ ਸਗੋਂ ਮੈਂ ਸਿਆਸਤ ਛੱਡ ਕੇ ਆਪਣੇ ਘਰ ਬੈਠਣ ਨੂੰ ਚੰਗਾ ਸਮਝਾਂਗਾ।

ਅੰਤ ਵਿਚ ਮੈਂ ਆਪ ਨੂੰ ਅਤੇ ਹੋਰ ਸਭਨਾਂ ਨੂੰ ਜੋ ਇਸ ਲੇਖ ਨੂੰ ਪੜ੍ਹਨਗੇ, ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਿੱਖ ਪੰਥ ਦੀ ਭਲਾਈ ਲਈ ਮੈਂ ਜੋ ਕੁਝ ਵੀ ਕਰਨ ਦੇ ਯੋਗ ਹਾਂ, ਸਦਾ ਕਰਦਾ ਰਹਾਂਗਾ ਅਤੇ ਹਰ ਉਹ ਕੁਰਬਾਨੀ, ਪੰਥਕ ਹਿੱਤਾਂ ਲਈ ਕਰਨ ਲਈ ਤਿਆਰ ਰਹਾਂਗਾ, ਜਿਸ ਦੀ ਮੇਰੇ ਸਾਥੀ, ਮੇਰੇ ਦੋਸਤ ਅਤੇ ਪੰਥ, ਮੇਰੇ ਤੋਂ ਮੰਗ ਕਰਨਗੇ। ਇਸ ਦੇ ਇਵਜ਼ ਵਿਚ ਮੈਂ ਆਪ ਤੋਂ ਅਤੇ ਹਰ ਗੁਰੂ ਦੇ ਸਿੱਖ ਤੋਂ ਜੋ ਦੁਨੀਆਂ ਵਿਚ ਫੈਲੇ ਹੋਏ ਹਨ ਇਹ ਮੰਗ ਕਰਦਾ ਹਾਂ ਕਿ ਤੁਸੀਂ ਅਤੇ ਦੂਜੇ ਸਾਰੇ, ਇਸ ਮੰਤਵ ਦੀ ਪੂਰਤੀ ਲਈ, ਸਾਡੀ ਮਦਦ ਕਰਨ। ਨਿਰਸੰਦੇਹ, ਹਰ ਸਿੱਖ, ਜਿਸ ਦੇ ਮਨ ਵਿਚ ਸਿੱਖੀ ਅਤੇ ਪੰਜਾਬ ਲਈ ਪਿਆਰ ਹੈ, ਸਾਡੀ ਇਸ ਪਖੋਂ ਸਹਾਇਤਾ ਕਰੇਗਾ।

ਤੁਸੀਂ ਵਧੀਆ ਲੋਕ-ਤੰਤਰਾਤਮਕ ਦੇਸ਼ਾਂ ਵਿਚ ਰਹਿ ਰਹੇ ਹੋ ਅਤੇ ਸਤਿਗੁਰਾਂ ਦੀ ਤੁਹਾਡੇ ਉਤੇ ਅਪਾਰ ਕ੍ਰਿਪਾ ਹੈ, ਇਕਤਸਾਦੀ ਤੌਰ ਤੇ ਆਪ ਖੁਸ਼ਹਾਲ ਹੋ। ਜਿਸ ਔਖੀ ਸਥਿਤੀ ਵਿਚ ਅਸੀਂ ਸਾਰੇ, ਖਾਸ ਕਰਕੇ ਸਾਡੇ ਨੌਜਵਾਨ ਅੱਜ ਲੰਘ ਰਹੇ ਹਨ ਉਸ ਨੂੰ ਸਦਾ ਚੇਤੇ ਰੱਖਣ ਦੀ ਖੇਚਲ ਕਰੋ। ਪੰਜਾਬ ਵਿਚ ਮੁੜ ਸ਼ਾਂਤੀ ਸਥਾਪਿਤ ਕਰਨ ਲਈ ਸਾਡੀ ਸਹਾਇਤਾ ਕਰੋ ਤਾਂ ਜੋ ਸਾਡੇ ਨੌਜਵਾਨਾਂ ਦਾ

ਭਵਿੱਖ ਸੁਰਖਿਅੱਤ ਬਣੇ। ਜਿਸ ਢੰਗ ਨਾਲ ਅਸੀਂ ਹੁਣ ਟੁਰ ਰਹੇ ਹਾਂ ਜੇ ਉਸੇ ਤਰਾਂ ਟੁਰਦੇ ਰਹੇ ਤਾਂ ਸਾਡੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਜਾਪਦਾ ਹੈ। ਮੈਨੂੰ ਚਾਰੇ ਪਾਸੇ ਪੰਜਾਬ ਦੀ ਤਬਾਹੀ ਨਜ਼ਰ ਆ ਰਹੀ ਹੈ। ਜਿਸ ਦੇ ਫਲਸਰੂਪ ਸਾਡੀ ਕੌਮ ਦੇ ਆਰਥਿਕ ਅਤੇ ਭਾਈਚਾਰਕ ਪੱਖ ਕਮਜ਼ੋਰ ਅਤੇ ਤਬਾਹ ਹੁੰਦੇ ਜਾ ਰਹੇ ਹਨ। ਮੈਂ ਨਹੀਂ ਸਮਝਦਾ ਕਿ ਕੋਈ ਵੀ, ਜੋ ਉਸਾਰੂ ਨੀਤੀ ਰੱਖਦਾ ਹੈ, ਅਜਿਹਾ ਹੋਣ ਦੇਣਾ ਚਾਹੁੰਦਾ ਹੈ। ਜੋ ਕੁਝ ਮੈਂ ਉਪਰ ਲਿਖਿਆ ਹੈ ਉਸ ਤੇ ਵਿਚਾਰ ਕਰਨ ਦੀ ਕਿਰਪਾ ਕਰੋ। ਆਪ ਵਲੋਂ ਉਤਰ ਆਉਣ ਦੀ ਉਡੀਕ ਕਰਾਂਗਾ। ਜਦੋਂ ਜਵਾਬ ਭੇਜੋਂ ਤਦ ਆਪਣੇ ਆਪ ਨੂੰ, ਪੰਜਾਬ ਵਿਚ ਵਸ ਰਹੇ ਨੌਜਵਾਨਾਂ ਦੀ ਥਾਂ ਵਿਚ, ਰੱਖ ਕੇ ਜਵਾਬ ਲਿਖਣ ਦੀ ਕਿਰਪਾ ਕਰਨੀ।

ਆਦਰ ਸਹਿਤ,
ਗੁਰੂ ਪੰਥ ਦਾ ਦਾਸ,

(ਅਮਰਇੰਦਰ ਸਿੰਘ)

ਪ੍ਰੋਫੈਸਰ ਸ਼ੇਰ ਸਿੰਘ ਕੰਵਲ,
767 ਵੋਲਫ ਰੋਡ, #13
ਸਨੀਵੇਲ ਸੀ. ਏ.-94-86 (ਯੂ. ਐਸ. ਏ.)

ਦੋ ਸ਼ਬਦ ਸਪੱਸ਼ਟੀਕਰਣ ਪ੍ਰਥਾਏ

ਪਿਆਰੇ ਕੈਪਟਨ ਅਮਰਿੰਦਰ ਸਿੰਘ ਜੀ,

ਗੁਰ ਫਤਹ ਪ੍ਰਵਾਨ ਹੋਵੇ ! ਆਪ ਜੀ ਦੇ ਪੱਤਰ ਅਖ਼ਬਾਰ ਮੇਰੇ ਆਰਟੀਕਲ ਨਾਲ ਸਬੰਧਤ ਸਪੱਸ਼ਟੀਕਰਣ ਲਈ ਧੰਨਵਾਦੀ ਹਾਂ। ਤੁਸਾਂ ਆਪਣੀ ਗੱਲ ਜਿਸ ਸਪੱਸ਼ਟਤਾ ਤੇ ਬੇਬਾਕੀ ਨਾਲ ਕੀਤੀ ਹੈ ਤੇ ਕੌਮ ਦੀ ਕਿਸਮਤ ਸੰਵਾਰਨ ਲਈ ਹਰ ਕੁਰਬਾਨੀ ਕਰਨ ਦੀ ਭਾਵਨਾ ਦਾ ਇਜ਼ਹਾਰ ਕੀਤਾ ਇਸਦੀ ਮੈਂ ਦਿਲੋਂ ਦਾਦ ਦਿੰਦਾ ਹਾਂ। ਆਪਣੇ ਫਰਜ਼ ਵਜੋਂ ਇਹ ਸਪੱਸ਼ਟੀਕਰਣ ਮੈਂ ਸਭ ਸਬੰਧਤ ਅਖ਼ਬਾਰਾਂ / ਮੈਗਜ਼ੀਨਾਂ ਨੂੰ ਛਪਣ ਹਿਤ ਭੇਜ ਰਿਹਾ ਹਾਂ ਤਾਂ ਕਿ ਕੌਮ ਆਪ ਜੀ ਦੇ ਪੱਤਰ ਵਿਚ ਪਰਗਟਾਈ ਪੰਥ ਪ੍ਰਤੀ ਭਾਵਨਾ ਤੇ ਸੁਹਿਰਦਤਾ ਤੋਂ ਪਰੀਚਿਤ ਹੋ ਸਕੇ।

ਤੁਸਾਂ ਸਪੱਸ਼ਟੀਕਰਣ ਵਿਚ ਮੇਰੇ ਵਲੋਂ ਸਮੁੱਚੀ ਅਕਾਲੀ-ਲੀਡਰਸਿਪ ਨੂੰ ਰੱਦ ਕਰਨ ਤੇ ਸਬੰਧਤ ਲੀਡਰਾਂ ਦੀ ਸਿੱਖੀ ਪ੍ਰਤੀ ਜਿਸ 40 ਸਾਲਾ-ਸੇਵਾ ਦਾ ਉਲੇਖ ਕੀਤਾ ਹੈ ਇਸ ਸਬੰਧੀ ਮੇਰੇ ਵਿਚਾਰ ਆਪ ਜੀ ਤੋਂ ਕੁਝ ਭਿੰਨ ਹਨ। ਹਾਂ, ਸਿਮਰਨਜੀਤ ਸਿੰਘ ਮਾਨ ਮੇਰੇ ਲਈ ਅਕਾਲੀ-ਲੀਡਰਸ਼ਿਪ ਦੀ ਕਤਾਰ ਚੋਂ ਦੂਜਿਆਂ ਨਾਲੋਂ ਵੱਖਰੇ ਹਨ, ਮੈਂ ਉਹਨਾਂ ਦੀ ਕੁਰਬਾਨੀ ਦਾ ਦਿਲੋਂ ਸਤਿਕਾਰ ਕਰਦਾ ਹਾਂ। ਉਹਨਾਂ ਦਾ ਸੰਕੇਤ ਮਾਤਰ ਜ਼ਿਕਰ ਮੈਂ ਸਿਰਫ ਉਹਨਾਂ ਦੇ ਇਕ ਬਿਆਨ ਦੇ ਪ੍ਰਸੰਗ ਵਿਚ ਕੀਤਾ ਸੀ। ਬਾਬਾ ਜੋਗਿੰਦਰ ਸਿੰਘ ਤੇ ਸ: ਮਾਨ ਤੋਂ ਛੁੱਟ ਜਿੱਥੋਂ ਤੱਕ ਅਕਾਲੀ-ਲੀਡਰਸ਼ਿਪ ਵਿਚ ਵਿੱਦਮਾਨ ਹੋਰ ਬਹੁਤੇ ਚਿਹਰਿਆਂ ਦਾ ਸਬੰਧ ਹੈ ਉਹਨਾਂ ਨੇ ਜਿਸ ਕਦਰ ਪੰਥ ਦੇ ਦਾਹੜੀ-ਫੁੱਲ ਪੁਆਏ ਹਨ ਇਸ ਤੋਂ ਸਾਰਾ ਸਿੱਖ-ਜਗਤ ਭਲੀ ਪਰਕਾਰ ਜਾਣੂੰ ਹੈ। ਖੈਰ, ਆਪ ਨੀਤੀਵੇਤਾ ਹੋ। ਪਾਰਟੀ ਲੀਡਰਸ਼ਿਪ ਸਬੰਧੀ ਆਪਦਾ ਇਉਂ ਲਿਖਣਾ ਹੀ ਬਣਦਾ ਸੀ, ਪਰ ਜੱਗ ਜਾਣਦਾ ਹੈ ਕਿ ਇਸ ਲੀਡਰਸ਼ਿਪ ਮਿਸਾਲ ਵਜੋਂ ਟੋਹਤੇ ਵਰਗੇ ਦੀਆਂ ਠਿੱਬੀਆਂ ਨੇ ਅੱਧੇ ਪੰਥ ਦੇ ਦੰਦ ਕੱਢ ਦਿੱਤੇ ਹਨ। ਮੇਰੀ ਜਾਚੇ ਸਿੱਖਾਂ ਲਈ ਅਜੇ ਵੀ ਅਜਿਹੇ ਲੋਕਾਂ ਦੀ ਪੈੜ ਵਿਚ ਪੈਰ ਧਰ ਕੇ ਤੁਰੀ ਜਾਣਾ ਤੇ ਇਹਨਾਂ ਦੀ ਹਾਂ ਵਿਚ ਹਾਂ ਮਿਲਾਈ ਜਾਣਾ ਕਿਵੇਂ ਵੀ ਪੰਥ ਦੇ ਹਿਤ ਵਿਚ ਨਹੀਂ ਹੋਵੇਗਾ। ਆਪ ਨੇ ਲਿਖਿਆ ਹੈ ਕਿ ਸਰਕਾਰ ਵੀ ਇਹਨਾਂ ਨੂੰ ਰੱਦ ਕਰਦੀ ਹੈ। ਠੀਕ ਹੈ, ਪਰ ਸਰਕਾਰ ਇਹਨਾਂ ਨੂੰ ਇਸ ਲਈ ਰੱਦ ਨਹੀਂ ਕਰਦੀ ਕਿ ਇਹ ਸਿੱਖ ਹਿੱਤਾਂ ਦੇ ਪਹਿਰੇਦਾਰ ਰਹੇ ਹਨ ਮੁਖ ਕਾਰਣ ਰੱਦ ਕਰਨ ਦਾ ਇਹ ਹੈ ਕਿ ਇਹ ਸਿੱਖ-ਜਜ਼ਬਾਤਾਂ ਨੂੰ ਉਭਾਰ ਕੇ ਸਿੱਖ-ਸ਼ਕਤੀ ਦੇ ਸਹਾਰੇ ਸਰਕਾਰ ਦੀ ਰਾਜ ਸੱਤਾ ਲਈ ਵੰਗਾਰ ਬਣਦੇ ਰਹੇ ਹਨ ਉਸਦੀ ਰਾਜ ਸ਼ਕਤੀ ਖੋਹਦੇ-ਹਥਿਆਉਂਦੇ ਰਹੇ ਹਨ। ਪਰ ਸਿੱਖ-ਸਿਰਾਂ ਤੋਂ ਸਰਕਾਰੀ ਕੁਰਸੀਆਂ ਪਰਾਪਤ ਕਰਕੇ ਵੀ ਇਹਨਾਂ ਸਿੱਖ-ਜਜ਼ਬਾਤਾਂ ਦੀ ਤਰਜਮਾਨੀ ਨਹੀਂ ਕੀਤੀ। ਜੇ ਸਾਡੀ ਇਹ ਲੀਡਰਸ਼ਿਪ ਸੁਆਰਥ ਤੋਂ ਉਪਰ ਉਠ ਸਕਦੀ ਤੇ ਇਸਦੇ ਪੱਲੇ ਕੌਮ ਪ੍ਰਤੀ ਦਿਆਨਤਦਾਰੀ ਦੇ ਚਾਰ ਦਾਣੇ ਹੁੰਦੇ ਤਾਂ ਕੋਈ ਕਾਰਣ ਨਹੀਂ ਸੀ ਕਿ ਇਹ ਸਿੱਖ-ਅਵਾਮ ਵਿਸ਼ੇਸ਼ਕਰ ਨੌਜਵਾਨਾਂ ਤੋਂ ਇਉਂ ਅਲੱਗ-ਥਲੱਗ ਹੁੰਦੀ ਤੇ ਨੌਜਵਾਨਾਂ ਨੂੰ ਕੁਰਬਾਨੀਆਂ ਦੇ ਇਸ ਦੌਰ ਵਿਚੋਂ ਗੁਜ਼ਰਨਾ ਪੈਂਦਾ। ਮੇਰੀ ਨਜ਼ਰੇ ਸਰਕਾਰ ਤੋਂ ਪਰਾਪਤੀ ਜਾਂ ਅਪ੍ਰਾਪਤੀ ਦੇ ਪ੍ਰਸ਼ਨ ਨੂੰ ਇਕ ਪਾਸੇ ਰਖਦਿਆਂ ਇਸ ਵੇਲੇ ਸਿੱਖਾਂ ਦਾ ਮੁੱਖ ਮਸਲਾ ਅਕਾਲੀ-ਲੀਡਰਸ਼ਿਪ ਵਿਚਲੇ ਸੁਆਰਥੀ ਨੂੰ ਅਨਸਰ ਨੂੰ ਖੂੰਜੇ ਲਾ ਕੇ ਨਵੀਂ ਦਿਆਨਤਦਾਰ-ਲੀਡਰਸ਼ਿਪ ਨੂੰ ਅੱਗੇ ਲਿਆਉਂਣਾ ਹੈ ਜਿਸ ਨਾਲ ਹੀ ਕੌਮ ਦਾ ਭਵਿੱਖ ਰੋਸ਼ਨ ਹੋ ਸਕਦਾ ਹੈ। ਖੈਰ ਇਹ ਮੇਰਾ ਵਿਚਾਰ ਹੈ। ਮੇਰੇ ਵਾਂਗ ਆਪ ਜੀ ਤੇ ਹਰ ਵਿਅਕਤੀ ਨੂੰ ਆਪਣੇ ਸੁਤੰਤਰ ਵਿਚਾਰ ਰੱਖਣ ਦਾ ਹੱਕ-ਅਧਿਕਾਰ ਹੈ।

ਅੰਤ ਵਿਚ ਮੈਂ ਆਪ ਦੀ ਸਪੱਸ਼ਟੀਕਰਣ ਵਿਚ ਦਰਸਾਈ ਗਈ ਪੰਜਾਬ ਦੀ ਮੌਜੂਦਾ ਹਾਲਾਤ ਪ੍ਰਤੀ ਚਿੰਤਾ, ਕੌਮ ਪ੍ਰਤੀ ਸੁਹਰਿਦਤਾ ਤੇ ਵਿਚਾਰਾਂ ਦੀ ਸਪੱਸ਼ਟਤਾ ਦੀ ਦਿਲੋਂ ਕਦਰ ਕਰਦਾ ਹੋਇਆ ਕਾਮਨਾ ਕਰਦਾ ਹਾਂ ਕਿ ਆਪ ਆਪਣੇ ਖਤ ਵਿਚ ਪਰਗਟਾਈ ਭਾਵਨਾ ਅਨੁਸਾਰ ਆਪਣੇ ਪੂਰਵਜਾਂ ਦੇ ਨਕਸ਼ੇ-ਕਦਮ ਤੇ ਚਲਦਿਆਂ ਇਸ ਬਿਖੜੇ ਸਮੇਂ ਕੌਮ ਦੀ ਨਿੱਗਰ ਤੇ ਸਾਰਥਿਕ ਸੇਵਾ ਕਰ ਸਕੋ।

ਤੀਬਰ ਇੱਛਾ ਨਾਲ,
ਆਪਦਾ ਹਿਤੂ,

(ਫਰਵਰੀ, 1988)

ਜਾਗਣ ਕੀ ਬੇਲਾ !

'ਓਪਰੇਸ਼ਨ ਬਲਿਊ-ਸਟਾਰ' ਦੀ ਚੌਥੀ ਵਰ੍ਹੇ-ਗੰਢ ਦੀ ਸਰਦਲ ਤੇ ਖੜ੍ਹ ਕੇ ਪਿਛਲਝਾਤ ਮਾਰਦਿਆਂ ਇਹ ਪ੍ਰਤੱਖ ਦਿਸਦਾ ਹੈ ਕਿ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਦੀ ਰਿਹਾਈ ਨਾਲ ਸਿੱਖ-ਸੰਸਾਰ ਦੇ ਅਸਮਾਨ ਉਤੇ ਆਸ ਦਾ ਜੋ ਸੂਰਜ ਉਦੈ ਹੋਇਆ ਸੀ, ਜਿਉਂ ਜਿਉਂ ਸਮਾਂ ਗੁਜ਼ਰ ਰਿਹਾ ਹੈ, ਇਸ ਉਤੇ ਆਹਿਸਤਾ-ਆਹਿਸਤਾ ਬੱਦਲੀਆਂ ਦਾ ਇਕ ਜਮਘਟਾ ਜਮ੍ਹਾਂ ਹੋ ਰਿਹਾ ਹੈ। ਜੇ ਇਹ ਸਿਲਸਿਲਾ ਇਸੇ ਤਰਾਂ ਜਾਰੀ ਰਿਹਾ ਤਾਂ ਸਿੱਖ-ਸੰਸਾਰ ਨਿਕਟ-ਭਵਿੱਖ ਵਿਚ ਕਦੇ ਵੀ ਨਿਰਾਸ਼ਾ ਦੇ ਘੋਰ-ਹਨੇਰੇ ਦੀ ਲਪੇਟ ਵਿਚ ਆ ਸਕਦਾ ਹੈ।

ਨਿਰਸੰਦੇਹ ਇਸ ਰਿਹਾਈ ਵੇਲੇ ਸਿਤਮ-ਸਤਾਈ ਕੌਮ ਆਪਣੇ ਕਿਸੇ ਮਸੀਹੇ ਅਤੇ ਜਾਨਾਂ ਤਲੀ ਤੇ ਧਰ ਕੇ ਲੜਨ ਵਾਲੇ ਜੁਝਾਰੂ ਆਪਣੇ ਕਿਸੇ ਜੰਗਜੂ-ਕਮਾਂਡਰ ਦੀ ਇੰਤਜ਼ਾਰ ਵਿਚ ਸਨ।

ਪਰ ਦਿੱਲੀ-ਸਰਕਾਰ ਨੇ ਇਹ ਰਿਹਾਈ ਪੰਜਾਬ-ਸਮੱਸਿਆ ਦਾ ਕੋਈ ਸਦੀਵੀ ਹੱਲ ਤਲਾਸ਼ ਕਰਨ ਦੇ ਕਦਮ ਵਜੋਂ ਨਹੀਂ ਸੀ ਕੀਤੀ ਸਗੋਂ ਇਹ ਸਿੱਖ-ਕੌਮ ਨਾਲ ਖੇਡ੍ਹੀ ਗਈ ਇਕ ਤਿਰਸ਼ੂਲੀ-ਚਾਲ ਸੀ ਜਿਸ ਨਾਲ ਉਹ ਸਿੱਖਾਂ ਸਿਰ ਇਕ ਅਹਿਸਾਨ ਕਰਕੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਉਤੇ ਆਪਣੇ ਆਪ ਨੂੰ ਦੁੱਧ-ਧੋਤੀ ਸਿੱਧ ਕਰਨਾ ਚਾਹੁੰਦੀ ਸੀ ਤੇ ਇਹ ਵੀ ਚਾਹੁੰਦੀ ਸੀ ਕਿ ਜੇ ਬਾਹਰ ਆ ਕੇ ਭਾਈ ਜਸਬੀਰ ਸਿੰਘ ਖਾਲਿਸਤਾਨ ਦਾ ਗਰਮ ਨ੍ਹਾਅਰਾ ਦੇਣਗੇ ਤਾਂ ਉਹਨਾਂ ਨੂੰ ਦੇਸ਼-ਧਰੋਹੀ ਗਿਰਦਾਨ ਕੇ ਸੌਖੇ ਹੀ ਸੀਖਾਂ ਪਿੱਛੇ ਡੱਕਿਆ ਜਾ ਸਕੇਗਾ ਤੇ ਆਗਾਮੀ ਚੋਣਾਂ ਜਿੱਤਣ ਲਈ ਪੈਂਤੜਾ ਬੁੰਨਿਆ ਜਾ ਸਕੇਗਾ ਤੇ ਜੇ ਉਹ ਨਰਮ ਰਵੱਈਆ ਅਖਤਿਆਰ ਕਰਨਗੇ ਤਾਂ ਜੁਝਾਰੂ ਸਿੰਘਾਂ ਦੀ ਨਾਰਾਜ਼ਗੀ ਵਿਹਾਝਣਗੇ ਤੇ ਉਹਨਾਂ 'ਚ ਪਾਟਕ ਪਏਗਾ। ਤੀਸਰੇ, ਪ੍ਰਕਾਸ਼ ਸਿੰਘ ਬਾਦਲ ਜੋ ਆਪਣੀ ਰਿਹਾਈ ਮਗਰੋਂ ਆਗਾਮੀ ਚੋਣਾਂ ਲਈ ਪੰਜ-ਨੁਕਾਤੀ-ਬਰਾਂਡ ਤੇਲ ਦੀ ਮਾਲਸ਼ ਕਰਕੇ ਨਿੱਤਰੇ ਹਨ ਨੂੰ ਖੁੱਡੇ ਲੈਣ ਲਾਇਆ ਜਾ ਸਕੇਗਾ ਤੇ ਇੰਝ ਜੁਝਾਰੂ ਤੇ ਮਾਡਰੇਟ ਅਥਵਾ ਸਰਕਾਰੀ ਬੋਲੀ ਵਿਚ ਗਰਮ ਤੇ ਨਰਮ ਸਿੱਖਾਂ ਵਿਚ ਭੇਤ ਪੁਆਇਆ ਜਾ ਸਕੇਗਾ। ਇਸ ਨਾਲ ਨਾਲੇ ਤਾਂ ਆਉਂਦੀਆਂ ਚੋਣਾਂ ਤਕ ਪੰਜਾਬ ਵਿਚ ਪੈਂਦੇ ਭੜਥੂ ਸਦਕਾ ਪੰਜਾਬ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੇਗੀ ਤੇ ਨਾਲੇ ਲੋੜ ਪੈਂਦੇ ਹੀ ਇਸ ਨੂੰ ਐਮਰਜੈਂਸੀ ਦੇ ਸ਼ਿਕੰਜੇ 'ਚ ਕੱਸਿਆ ਜਾ ਸਕੇਗਾ। ਦਿੱਲੀ ਏਨੀ ਕਮਲੀ ਨਹੀਂ ਸੀ ਜਿਸ ਨੇ ਭਾਈ ਜਸਬੀਰ ਸਿੰਘ ਹੁਰਾਂ ਦੀ ਰਿਹਾਈ ਦੇ ਰੂਪ ਵਿਚ ਸਿੱਖਾਂ ਨੂੰ ਇਸ ਨਾਜ਼ੁਕ ਸਮੇਂ ਇਕ ਲੀਡਰ ਦਾ ਮਨ-ਚਾਹਿਆ ਤੋਹਫਾ ਹੱਥੀਂ ਪੇਸ਼ ਕਰ ਦਿੱਤਾ ਸੀ ਸਗੋਂ ਇਹ ਸਿੱਖ-ਸਟੇਜ ਤੇ ਉਭਰ ਰਹੇ ਪ੍ਰਭਾਵਸ਼ਾਲੀ ਲੀਡਰ ਦੇ ਇਮੇਜ ਨੂੰ ਤਿੜਕਾਉਂਣ ਵਾਲੀ ਇਕ ਖਚਰੀ-ਚਾਲ ਸੀ।

ਇਸ ਰਿਹਾਈ ਪਿੱਛੇ ਜੇ ਦਿੱਲੀ-ਸਰਕਾਰ ਦੀ ਪੰਜਾਬ-ਸਮੱਸਿਆ ਨੂੰ ਸੁਲਝਾਉਂਣ ਦੀ ਨੇਕ-ਨੀਅਤੀ ਜਾਂ ਸਿੱਖਾਂ ਪ੍ਰਤੀ ਸੁਹਿਰਦਤਾ ਹੁੰਦੀ ਤਾਂ ਨਾ ਉਹ ਇਸ ਰਿਹਾਈ ਦੇ ਨਾਲ ਨਾਲ ਐਮਰਜੈਂਸੀ ਦੇ ਰੱਸੇ ਪੈੜੇ ਵਟਦੀ, ਨਾ ਬਦਮਾਸ਼ਾਂ ਰਾਹੀਂ ਜੁਝਾਰੂ ਸਿੰਘਾਂ ਤੇ ਆਮ ਲੋਕਾਂ ਦੇ ਕਤਲ ਕਰਵਾਉਂਦੀ ਅਤੇ ਨਾ ਖੁਫੀਆ-ਏਜੰਸੀਆਂ ਰਾਹੀਂ ਆਧੁਨਿਕ-ਹਥਿਆਰ ਸਮਗਲ ਕਰਾ ਕੇ ਜੁਝਾਰੂਆਂ ਨੂੰ ਬਦਨਾਮ ਕਰਨ ਦੇ ਹਥਕੰਡੇ ਵਰਤਦੀ। ਇਹ ਸਭ ਸਿੱਖ-ਸੰਘਰਸ਼ ਨੂੰ ਢਾਅ ਲਾ ਕੇ ਸਦਾ ਲਈ ਸੰਤੋਖਣ ਦੇ ਮਨਸੂਬੇ ਹਨ।

ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਦਿੱਲੀ-ਸਰਕਾਰ ਸਿੱਖ-ਸਾਹਿਬ ਤੇ ਪੰਥਕ-ਕਮੇਟੀ ਵਿਚ ਪਾੜਾ ਪਾਉਂਣ ਤੇ ਤੁਲੀ ਹੋਈ ਹੈ ਜਿਸ ਨਾਲ ਉਹ ਵਰਤਮਾਨ-ਸਿੱਖ-ਲਹਿਰ ਨੂੰ ਦੁਫਾਡ ਕਰਕੇ ਸਿੱਖ-ਸੰਘਰਸ਼ ਨੂੰ ਤਾਰਪੀਡੋ ਕਰ ਸਕੇ। ਇਹ ਸਾਜ਼ਿਸ਼ ਅੱਜ ਕੌਮ ਲਈ ਸਭ ਤੋਂ ਵੱਧ ਮਾਰੂ ਸਾਬਤ ਹੋ ਸਕਦੀ ਹੈ।

ਨਿਰਸੰਦੇਹ ਇਹ ਦਿਨ ਸਿੰਘ-ਸਾਹਿਬ ਭਾਈ ਜਸਬੀਰ ਸਿੰਘ ਲਈ ਅਤਿ ਕਰੜੇ-ਕਠਿਨ ਹਨ। ਉਹਨਾਂ ਦਾ ਮਾਰਗ ਬਿਖੜਾ-ਕੰਡਿਆਲਾ ਹੈ। ਸਰਕਾਰ ਉਹਨਾਂ ਦੇ ਰਸਤੇ ਵਿਚ ਥਾਂ ਥਾਂ ਅੰਦਰਖਾਤੇ ਅਰਲਾਖੋੜ ਗੱਡ ਰਹੀ ਹੈ, ਰੁਕਾਵਟਾਂ ਖੜ੍ਹਾਅ ਕਰ ਰਹੀ ਹੈ।

ਦੂਸਰੇ ਪਾਸੇ ਉਹ ਕੌਮ ਦੀ ਆਜ਼ਾਦੀ ਲਈ ਜੂਝਦੇ ਜੁਝਾਰੂ ਸਿੰਘਾਂ ਨੂੰ ਕੁਚਲ ਕੇ ਸਿੱਖ-ਸਫਾਂ ਵਿਚ ਦਹਿਸ਼ਤ ਪਾ ਕੇ ਕੌਮ ਨੂੰ ਸਦਾ ਲਈ ਦੁਬੇਲ ਬਣਾਉਂਣਾ ਚਾਹੁੰਦੀ ਹੈ।

ਦਿੱਲੀ ਨਾਲ ਸਿੱਖਾਂ ਦੀ ਇਹ ਫੈਸਲਾਕੁੰਨ ਲੜਾਈ ਹੈ ਜਿਸ ਲਈ ਹੁਣ ਤਕ ਕੌਮ ਦੇ ਹਜ਼ਾਰਾਂ ਬਹੁਮੁੱਲੇ ਹੀਰਿਆਂ ਨੇ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ-ਕੌਮ ਅੱਜ ਦਿੱਲੀ ਦੇ ਸਿਤਮ ਦੇ ਪੁੜਾਂ ਵਿਚ ਪਿਸ ਰਹੀ ਹੈ ਤੇ ਜ਼ੁਲਮ ਦੇ ਪਾਣੀ ਉਸ ਦੇ ਸਿਰ ਤੋਂ ਵਗ ਗਏ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪੰਥ ਦੀ ਆਨ ਤੇ ਸ਼ਾਨ ਲਈ ਸੂਰਮੇ ਜੁਝਾਰੂ-ਸਿੰਘ ਆਪਣੇ ਸਿਰ ਧੜਾ-ਧੜ ਲਾ ਰਹੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਿੰਘ-ਸਾਹਿਬ ਭਾਈ ਜਸਬੀਰ ਸਿੰਘ ਇਸ ਔਖੀ ਘੜੀ ਵਿਚ ਸਰਕਾਰੀ ਸਾਜ਼ਿਸ਼ਾਂ ਦਾ ਸਾਹਮਣਾ ਕਰਦੇ ਹੋਏ ਪੰਥ ਵਿਚ ਏਕਤਾ ਲਈ ਪ੍ਰਯਤਨਸ਼ੀਲ ਹਨ। ਪਰ ਇਸ ਨਾਜ਼ੁਕ-ਮੋੜ ਉਤੇ ਆਈ ਕੌਮ ਕੇਵਲ ਤੇ ਕੇਵਲ ਉਪਰੋਕਤ ਤਿੰਨਾਂ ਧਿਰਾਂ ਦੇ ਆਪਸੀ ਵਿਸ਼ਵਾਸ, ਸਹਿਯੋਗ, ਠਰੰਮੇ ਤੇ ਦੂਰ-ਅੰਦੇਸ਼ੀ ਨਾਲ ਹੀ ਬਚ ਕੇ ਆਪਣੀ ਮੰਜ਼ਿਲ ਵਲ ਅੱਗਰਸਰ ਹੋ ਸਕਦੀ ਹੈ। ਵਰਨਾ ਵਰਤਮਾਨ-ਪ੍ਰਸਥਿਤੀਆਂ ਵਿਚ ਸਾਵਧਾਨੀ ਨਾ ਵਰਤੇ ਜਾਣ ਦੇ ਫਲਸਰੂਪ ਸੀ ਅਕਾਲ ਤਖਤ ਸਾਹਿਬ ਦੀ ਸ਼ਾਨ ਨੂੰ ਧੱਕਾ ਪਹੁੰਚ ਸਕਦਾ ਹੈ। ਬੇਅੰਤ ਜੁਝਾਰੂ ਸਿੰਘਾਂ ਦੀਆਂ ਕੁਰਬਾਨੀਆਂ ਘੱਟੇ ਵਿਚ ਰੁਲ ਸਕਦੀਆਂ ਹਨ ਤੇ ਕੌਮ ਦਾ ਵੱਕਾਰ ਪੂਰੀ ਤਰਾਂ ਮਿੱਟੀ ਵਿਚ ਮਿਲ ਸਕਦਾ ਹੈ। ਇਹੋ ਦਿੱਲੀ-ਦਰਬਾਰ ਦੀ ਤਮੰਨਾ ਹੈ !

ਸਿੱਖ-ਅਵਾਮ ਹੀ ਜੁਝਾਰੂ ਸਿੰਘਾਂ ਤੇ ਸਿੰਘ-ਸਾਹਿਬ ਦਾ ਸ਼ਕਤੀ-ਸਰੋਤ ਹੈ। ਅੱਜ ਲੋੜ ਹੈ ਕਿ ਸਿੱਖ-ਅਵਾਮ ਇਕ ਕੇਸਰੀ-ਨਿਸ਼ਾਨ ਥੱਲੇ ਜੁੜੇ ਅਤੇ ਸਿੰਘ-ਸਾਹਿਬ ਤੇ ਜੁਝਾਰੂ ਸਿੰਘਾਂ ਦੀ ਢਾਲ ਬਣੇ।

ਅੱਜ ਲੋੜ ਹੈ ਕਿ ਜੁਝਾਰੂ ਸਿੰਘ ਸ਼ਾਨਦਾਰ ਸਿੱਖ-ਪਰੰਪਰਾਵਾਂ ਦਾ ਪਾਵਨ-ਦਾਮਨ ਪਕੜ ਕੇ, ਸਿੱਖ-ਸੰਸਥਾਵਾਂ ਅਥਵਾ ਅਕਾਲ ਤਖਤ ਸਾਹਿਬ ਦੀ ਪੂਰੀ ਮਾਨ-ਮਰਿਆਦਾ ਕਾਇਮ ਰੱਖਦੇ ਹੋਏ, ਆਪਣੀ ਭਾਵਨਾ ਬਾਅਦਬ ਤਰੀਕੇ ਨਾਲ ਹੀ ਸਿੰਘ-ਸਾਹਿਬ ਤੱਕ ਪਹੁੰਚਾ ਕੇ ਤੇ ਉਹਨਾਂ ਦੇ ਸਤਿਕਾਰ ਨੂੰ ਕਾਇਮ ਰਖਦਿਆਂ ਹੋਇਆਂ ਉਹਨਾਂ ਦੇ ਹਰ ਹੁਕਮ ਤੇ ਫੁੱਲ ਚੜ੍ਹਾ ਕੇ ਉਹਨਾਂ ਨੂੰ ਪੂਰਾ ਪੂਰਾ ਸਹਿਯੋਗ-ਸਮਰਥਨ ਦੇਣ।

ਅੱਜ ਲੋੜ ਹੈਕਿ ਸਿੰਘ-ਸਾਹਿਬ ਤੇ ਪੰਥਕ-ਕਮੇਟੀ ਵਿਚ ਪੂਰੀ ਤਰਾਂ ਇਕਸੁਰਤਾ ਹੋਵੇ। ਸਥੰਪਤ ਧਿਰਾਂ ਤੇ ਸਿੱਖ-ਸੰਘਰਸ਼ ਵਿਚ ਜੂਝਦੀਆਂ ਸਮੂਹ ਜਥੇਬੰਦੀਆਂ ਦੇ ਜ਼ਿੰਮੇਵਾਰ-ਮੁਖੀ ਇਸ ਸਬੰਧ ਵਿਚ ਸਰਕਾਰੀ-ਸਾਜ਼ਿਸ਼ਾਂ ਤੋਂ ਸਾਵਧਾਨ-ਸੁਚੇਤ ਰਹਿਣ ਤੇ ਵਡੇਰੇ ਪੰਥਕ-ਹਿਤਾਂ ਨੂੰ ਮੱਦੇ-ਨਜ਼ਰ ਰੱਖਣ।

ਵਰਤਮਾਨ-ਸਿੱਖ-ਸੰਘਰਸ਼ ਦੇ ਹੀਰੋ ਸੰਤ ਜਰਨੈਲ ਸਿੰਘ ਖਾਲਸਾ ਨੇ ਕੁਰਬਾਨੀ ਦੀ ਇਕ ਲਕੀਰ ਖਿਚ ਕੇ ਵਰਤਮਾਨ-ਯੁੱਗ ਵਿਚ ਸਿੱਖ-ਲੀਡਰ ਦਾ ਉਹ ਉਚਾ ਆਦਰਸ਼ ਕਾਇਮ ਕਰ ਦਿੱਤਾ ਹੈ ਜਿਸ ਉਤੇ ਪੂਰਿਆਂ ਉਤਰ ਕੇ ਹੀ ਕੋਈ ਰਾਹਿਨੁਮਾ ਇਸ ਬਿਖੜੇ ਸਮੇਂ ਖਾਲਸਾ-ਪੰਥ ਦੀ ਮੰਜ਼ਿਲ ਵੱਲ ਇਸ ਦੀ ਅਗਵਾਈ ਸਹੀ ਅਰਥਾਂ ਵਿਚ ਕਰ ਸਕਦਾ ਹੈ।

ਲੋੜ ਹੈ ਕਿ ਸਿੰਘ-ਸਾਹਿਬ ਭਾਈ ਜਸਬੀਰ ਸਿੰਘ, ਸੰਤ ਜਰਨੈਲ ਸਿੰਘ ਖਾਲਸਾ ਵਾਲੀ ਸਪਿਰਟ, ਦ੍ਰਿੜ੍ਹਤਾ ਤੇ ਦਲੇਰੀ ਵਰਤਦਿਆਂ, ਜੁਝਾਰੂ ਸਿੰਘਾਂ ਦੀਆ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਹੋਇਆਂ ਮਿਥੀ ਮੰਜ਼ਿਲ ਵੱਲ ਨੱਕ ਦੀ ਸੇਧ ਪੰਥ ਦੀ ਅਗਵਾਈ ਕਰਨ ਕਿਉਂਕਿ ਇਸੇ ਨਾਲ ਹੀ ਬੇਅੰਤ ਸ਼ਹੀਦਾਂ ਦੇ ਸੁਪਨੇ ਨੂੰ ਸਾਕਾਰ ਕਰਕੇ ਉਹਨਾਂ ਦੇ ਕੌਮ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਿਆ ਜਾ ਸਕਦਾ ਹੈ। ਇਸੇ ਨਾਲ ਹੀ ਪੰਥ ਦੇ ਵਰਤਮਾਨ-ਹਨੇਰੇ ਨੂੰ ਭਵਿੱਖ ਦੇ ਸਵੇਰੇ ਵਿਚ ਬਦਲਿਆ ਜਾ ਸਕਦਾ ਹੈ। ਇਸੇ ਅਤੇ ਕੇਵਲ ਇਸੇ ਸ਼ਾਹ-ਰਾਹ ਤੇ ਚਲ ਕੇ ਹੀ ਉਹ ਪੰਥ ਦੇ ਸਰਬਰਾਹ ਦੀ ਸਰਬੋਤਮ ਪਦਵੀ ਦੀ ਸ਼ਾਨ ਨੂੰ ਚਾਰ ਚੰਨ ਲਾ ਸਕਦੇ ਹਨ ਅਤੇ ਗੁਰੂ ਤੇ ਗੁਰੂ ਕੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ। ਆਮੀਨ !!

' ਜਾਗੋ-ਇੰਟਰਨੈਸ਼ਨਲ '

(ਮਈ, 1988)

ਪੱਗ ਦਾਹੜੀਆਂ ਦੀ ਰੱਖੋ ਲਾਜ ਯਾਰੋ !

(ਸ਼ਾਹ ਮੁਹੰਮਦ)

ਧਰਮ-ਯੁੱਧ ਮੋਰਚੇ ਦੇ ਰੂਪ ਵਿਚ ਉੱਭੇ ਤੇ ਮੌਜੂਦਾ ਪੜਾਅ ਤੇ ਪੁੱਜੇ ਸਿੱਖ-ਸੰਘਰਸ਼ ਦੇ ਇਸ ਅਰਸੇ ਦੌਰਾਨ ਸਿੱਖ-ਗੁਰਧਾਮਾਂ ਦੀ ਬੇਹੁਰਮਤੀ ਅਤੇ ਕੌਮ ਦੇ ਜਾਨ-ਮਾਲ ਤੇ ਇੱਜ਼ਤ-ਆਬਰੂ ਦੀ ਜਿਸ ਕਦਰ ਬੇਕਦਰੀ-ਬਰਬਾਦੀ ਹੋਈ ਹੈ, ਇਸ ਨਾਲ ਸਿੱਖ-ਕੌਮ ਦੇ ਵੱਕਾਰ ਨੂੰ ਇਕ ਵੱਡਾ ਧੱਕਾ ਲੱਗਾ ਹੈ। ਖਾਸਕਰ ਦਰਬਾਰ ਸਾਹਿਬ ਉਤੇ ਹੁਣੇ ਜਿਹੇ ਹਮਲੇ ਦੇ ਹੋਣ, ਕਥਿਤ ਜੁਝਾਰੂਆਂ ਦੇ ਕਥਿਤ ਆਤਮ-ਸਮਪਰਣ ਕਰਨ, ਸਿੰਘ-ਸਾਹਿਬਾਨ ਦੀ ਬਰਤਰਫੀ / ਪੁਨਰ-ਨਿਯੁਕਤੀ ਕੀਤੇ ਜਾਣ, ਸਰਕਾਰ ਵਲੋਂ ਧਰਮ ਤੇ ਸਿਆਸਤ ਨੂੰ ਨਿਖੇੜਨ ਦੇ ਕਾਲੇ-ਕਾਨੂੰਨ ਬਣਾਉਣ ਵਜੋਂ ਮਾਰੀ ਵਦਾਣੀ-ਸੱਟ ਅਤੇ ਗੁਰਧਾਮਾਂ ਦੇ ਦਰਸ਼ਨ ਲਈ ਸਿੱਖਾਂ ਨੂੰ ਜ਼ਲੀਲ ਕਰਨ ਵਾਲੀਆਂ ਸ਼ਰਤਾਂ ਲਾਉਣ ਉਪਰੰਤ ਇੰਵ ਜਾਪ ਰਿਹਾ ਹੈ, ਜੀਕਰ ਮੌਜੂਦਾ ਸਿੱਖ-ਸੰਘਰਸ਼ ਦਾ ਸੂਕਦਾ ਦਰਿਆ ਆਪਣੀ ਅਨੁਸ਼ਾਸਨਹੀਣਤਾ ਅਤੇ ਦਿਸ਼ਾਹੀਣਤਾ ਕਾਰਨ ਖਿਲਰ ਕੇ ਜ਼ੁਲਮ ਦੀ ਤਪਸ਼ ਨਾਲ ਸਮੇਂ ਦੀ ਰੇਤ ਵਿਚ ਜੀਰ ਰਿਹਾ ਹੋਵੇ ! ਇਹ ਦਰਿਆ ਪਾਣੀ ਦਾ ਨਹੀਂ, ਸਾਡੇ ਨੌਜਵਾਨਾਂ ਦੇ ਖੂੰਨ ਦਾ ਹੈ। ਇਹ ਅਮੁੱਲਾ ਖੂੰਨ ਰੇਤਾ ਵਿਚ ਇੰਵ ਅਜਾਈਂ ਰੁੱਤ ਜਾਵੇ ਤੇ ਕੌਮ ਦੀਆਂ ਜੂਹਾਂ ਵਿਚ ਬਜਾਏ ਕਿਸੇ ਰੰਗਤ ਆਉਣ ਦੇ ਸਗੋਂ ਦਿਨੋ-ਦਿਨ ਹੋਰ ਉਜਾੜਾ ਪੈਂਦਾ ਚਲਾ ਜਾਏ, ਇਸ ਤੋਂ ਵੱਧ ਕੌਮ ਦੀ ਹੋਰ ਕੀ ਬਦਨਸੀਬੀ ਹੋ ਸਕਦੀ ਹੈ ? ਹਰ ਸੁਹਿਰਦ-ਸਿੱਖ ਅੱਜ ਕੌਮ ਦੀ ਵਰਤਮਾਨ-ਦਸ਼ਾ ਤੋਂ ਚਿੰਤੁਤ ਹੈ। ਇਸ ਵਿਚ ਕੋਈ ਲੁੱਕ-ਲਪੇਟ ਨਹੀਂ ਕਿ ਜੇ ਅਸੀਂ ਸਾਰੇ ਅੱਜ ਆਪਣੀਆਂ ਗਲਤੀਆਂ-ਖਾਮੀਆਂ ਨੂੰ ਸੋਧ ਕੇ ਅੱਗੇ ਨਾ ਟੁਰ ਸਕੇ ਤਾਂ ਸਿੱਖ-ਸੰਘਰਸ਼ ਦੇ ਦਿਨੋ-ਦਿਨ ਬਿਖਰ ਰਹੇ ਤੀਲਿਆਂ ਨੂੰ ਚੰਦ ਇਕ ਬਚੇ-ਖੁਚੇ ਜੁਝਾਰੂ ਸਿੰਘ ਬਹੁਤੀ ਦੇਰ ਸੰਭਾਲ ਨਹੀਂ ਸਕਣਗੇ ਤੇ ਕੌਮ ਦਾ ਮਨੋ-ਬਲ ਡਿੱਗਣ ਨਾਲ ਜ਼ਲੀਲ ਹੁੰਦੀ ਕੌਮ ਨੂੰ ਸਹੀ ਅਰਥਾਂ ਵਿਚ ਆਪਣੀ ਹੋਂਦ ਬਰਕਰਾਰ ਰੱਖਣ ਲਈ ਬੜੇ ਵੱਡੇ ਖਤਰੇ ਦਾ ਸਾਹਮਣਾ ਕਰਨਾ ਪਵੇਗਾ ਤੇ ਇਹ ਸੈਂਕੜੇ ਸਾਲ ਪਿੱਛੇ ਪੈ ਸਕਦੀ ਹੈ।

ਕੌਮ ਦੀ ਵਰਤਮਾਨ-ਦਸ਼ਾ ਦੇ ਕਾਰਨਾਂ ਵੱਲ ਪਰਤਦਿਆਂ ਪ੍ਰੱਤਖ ਹੈ ਕਿ ਕੌਮ ਨੂੰ ਪਈ ਚੁਰਾਸੀ ਦੀ ਵੱਡੀ ਕੁੱਟ ਤੋਂ ਮਗਰੋਂ ਬਜਾਏ ਇਕੱਠ ਹੋਣ ਦੇ ਕੌਮ ਸਗੋਂ ਅੱਜ ਏਨੀਆਂ ਜਥੇਬੰਦੀਆਂ ਵਿਚ ਵੰਡੀ ਗਈ ਹੈ ਜਿੰਨੀ ਸ਼ਾਇਦ ਹੀ ਕਦੇ ਵੰਡੀ ਗਈ ਹੋਵੇ। ਇਸ ਦੇ ਨਾਲ ਹੀ ਪੰਜਾਬ ਵਿਚਲੀਆਂ ਸਿੱਖ-ਸੰਸਥਾਵਾਂ / ਜਥੇਬੰਦੀਆਂ ਜੋ ਕੁੱਲ ਤੱਕ ਸਿੱਖਾਂ ਦੀ ਪ੍ਰਤੀਨਿਧਤਾ ਕਰਦੀਆਂ ਰਹੀਆਂ ਹਨ, ਉਹਨਾਂ ਤੇ ਕਾਬਜ਼ ਖੁੰਢੇ ਅਕਾਲੀ-ਲੀਡਰਾਂ ਨੂੰ ਤਾਂ ਨੌਜਵਾਨਾਂ ਨੇ ਨਿਕਾਰਾ ਕਰ ਲਿਆ ਪਰ ਇਹਨਾਂ ਜਥੇਬੰਦੀਆਂ ਦੀ ਕਮਾਨ ਨਾ ਉਹ ਆਪ ਸੰਭਾਲ ਸਕੇ ਤੇ ਨਾ ਸਿੱਖ-ਅਵਾਮ ਨੂੰ ਇਹਨਾਂ ਆਸਰੇ ਆਪਣੇ ਨਾਲ ਜੋੜ ਸਕੇ। ਬਿਅੰਤ ਕੁਰਬਾਨੀਆਂ ਨਾਲ ਉਸਾਰੀਆਂ ਇਹਨਾਂ ਕੌਮੀ-ਹਵੇਲੀਆਂ ਵਿਚ ਅੱਜ ਉਲੂ ਬੋਲ ਰਹੇ ਹਨ। ਇਹਨਾਂ 'ਚੋਂ ਪੁਰਾਣੇ ਲਗਪਗ ਉਜੜ ਗਏ ਹਨ, ਨਵੇਂ ਇਹਨਾਂ 'ਚ ਵਸ ਨਹੀਂ ਸਕੇ। ਇਸ ਸਥਿਤੀ ਦਾ ਨਾਜਾਇਜ਼ ਫਾਇਦਾ ਉਠਾ ਕੇ ਸਰਕਾਰ ਨੇ ਇਹਨਾਂ ਪੰਥਕ-ਪਲੈਟਫਾਰਮਾਂ ਨੂੰ ਢਾਹ ਲਾਈ ਹੈ, ਜਿਸ ਕਾਰਨ ਕੌਮ ਦਾ ਸਾਰਾ ਜਥੇਬੰਦਕ-ਜੁਗਾੜ ਹੀ ਹਿੱਲ ਗਿਆ ਹੈ। ਆਪਸੀ ਰੱਸਾ-ਕਸ਼ੀ ਕਾਰਨ ਨਾ ਪੁਰਾਣਿਆਂ ਨੇ ਨਵਿਆਂ ਨੂੰ ਸੇਧ ਜਾਂ ਸਹਿਯੋਗ ਦਿੱਤਾ ਹੈ ਤੇ ਨਾ ਉਹ ਇਹਨਾਂ ਦੇ ਪਿੱਛੇ ਹੀ ਤੁਰੇ ਹਨ। ਬਾਹਰਲੀ ਕੁੱਟ ਵੀ ਦੋਹਾਂ ਨੂੰ ਇਕ ਨਹੀਂ ਕਰ ਸਕੀ। ਵਿਦੇਸ਼ਾਂ 'ਚ ਹੋਂਦ ਵਿਚ ਆਈਆਂ ਲਗਪਗ ਸਾਰੀਆਂ ਜਥੇਬੰਦੀਆਂ ਦਾ ਨਿਸ਼ਾਨਾ ਇਕ ਹੁੰਦੇ ਹੋਏ ਵੀ ਇਹਨਾਂ ਦਾ ਆਪਸੀ ਗੱਤਕਾ ਲਗਾਤਾਰ ਚੱਲ ਰਿਹਾ ਹੈ। ਨਿੱਕੇ-ਨਿਗੂਣੇ ਕੰਮ ਦੇ ਕਰੈਡਿਟ ਲਈ ਹਰ ਜਥੇਬੰਦੀ ਹਾਬੜੀ ਫਿਰ ਰਹੀ ਹੈ ਤੇ ਹਰ ਗਲਤੀ-ਤਰੁਟੀ ਲਈ ਦੂਸਰੀ ਜਥਬੰਦੀ ਨੂੰ ਨੀਵਾਂ ਵਿਖਾਇਆ ਜਾਂ ਭੰਡਿਆ ਜਾ ਰਿਹਾ ਹੈ। ਧਰਮ ਉਤੇ ਹਮਲਾ ਹੋਇਆ ਹੈ ਪਰ ਇਹਨਾਂ ਜਥੇਬੰਦੀਆਂ ਵਿਚਲੇ ਲੋਕ ਤਰਜੀਹ ਧਰਮ ਨਾਲੋਂ ਧੜੇ ਨੂੰ ਦੇ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਸਰਕਾਰ ਦੀ ਸਾਜ਼ਿਸ਼ ਨੇ ਦੇਸ਼-ਵਿਦੇਸ਼ ਵਿਚਲੇ ਸਿੱਖਾਂ ਨੂੰ ਦੋ ਜ਼ਬਰਦਸਤ ਧੜਿਆਂ ਵਿਚ ਵੰਡ ਕੇ ਟਕਰਾਅ ਲਈ ਇਕ ਦੂਜੇ ਦੇ ਸਾਹਮਣੇ ਲਿਆ ਖੜਾ ਕੀਤਾ ਹੈ।

ਪੰਥ ਦੀ ਹਾਲਤ ਅੱਜ ਇਕ 'ਸੂਤਰ ਬੇ-ਮੁਹਾਰ' ਵਰਗੀ ਹੈ ਜਿਸ ਨੂੰ ਸੇਧ ਦੇਣ ਅਥਵਾ ਜਿਸਦੀ ਮੁਹਾਰ ਫੜਨ ਵਾਲਾ ਕੋਈ ਸਰਬ-ਪ੍ਰਵਾਨਿਤ ਤਾਂ ਇਕ ਪਾਸੇ, ਪ੍ਰਭਾਵਸ਼ਾਲੀ-ਲੀਡਰ ਵੀ ਨਹੀਂ। ਸੰਤ ਜਰਨੈਲ ਸਿੰਘ ਖਾਲਸਾ ਨੂੰ ਸਿੱਖਾਂ ਤੋਂ ਲਾਂਭੇ ਕਰਨ ਦੀ ਸਰਕਾਰੀ-ਸਾਜ਼ਿਸ਼ ਸਿਰਫ ਸਿੱਖਾਂ ਨੂੰ ਇਕ ਦ੍ਰਿੜ, ਦਲੇਰ ਤੇ ਦਿਆਨਤਦਾਰ-ਲੀਡਰ ਤੋਂ ਮਹਿਰੂਮ ਕਰਨਾ ਹੀ ਸੀ ਤੇ ਅੱਜ ਤੱਕ ਦਿੱਲੀ ਬਦਸਤੂਰ ਤੇ ਲਗਾਤਾਰ ਇਸ ਨੀਤੀ ਤੇ ਚੱਲ ਰਹੀ ਹੈ। ਇਸ ਹਫਤਾ-ਦਫਤੀ ਵਾਲੀ ਭੀੜ ਵਿਚ ਜਿਹੜਾ ਸਿਰ ਵੀ ਦਿੱਲੀ ਨੂੰ ਥੋੜਾ ਜਿਹਾ ਉਚਾ ਉਠਦਾ ਦਿਸਦਾ ਹੈ, ਉਸੇ ਨੂੰ ਦਬਾਉਣ ਤੇ ਬਦਨਾਮ ਕਰਨ ਲਈ ਦਿੱਲੀ ਨੇ ਹਰ ਹਰਬਾ ਵਰਤਿਆ ਹੈ। ਪੁਰਾਣੀ ਲੀਡਰਸ਼ਿਪ ਤੋਂ ਲੈ ਕੇ ਭਾਈ ਜਸਵੀਰ ਸਿੰਘ ਤੱਕ ਇਸ ਲਿਸਟ ਵਿਚ ਕਿੰਨੇ ਹੀ ਨਾਂ ਹਨ। ਸਿੱਖਾਂ ਦੇ ਇਹ ਭੋਲੇ-ਪੰਛੀ ਇਸ ਸਾਜ਼ਿਸ਼ੀ ਜਾਲ ਵਿਚ ਇਸ ਕਦਰ ਫਸਾਏ ਜਾ ਰਹੇ ਹਨ ਕਿ ਸਰਕਾਰ ਨਾਲੋਂ ਵੱਧ ਇਹ ਆਪਸੀ ਵਿਰੋਧ ਦਾ ਸ਼ਿਕਾਰ ਹੋ ਰਹੇ ਹਨ ਤੇ ਸਿੱਖ-ਲੀਡਰਾਂ ਦੀ ਇਸ ਕੁੱਕੜ-ਖੋਹੀ ਕਾਰਨ ਦਿੱਲੀ ਦੇ ਚੁਬਾਰਿਆਂ 'ਚ ਦੜੇ ਬੈਠੇ ਬਾਣੀਏ ਕੌਮ ਦੀ ਦੁਰਦਸ਼ਾ ਨੂੰ ਵੇਖ ਕੇ ਖੁਸ਼ੀ 'ਚ ਤਾੜੀਆਂ ਵੀ ਮਾਰ ਰਹੇ ਹਨ, ਸਿੱਖਾਂ ਦੇ ਸੋਨੇ ਵਰਗੇ ਮੁੰਡਿਆਂ ਦਾ ਸ਼ਿਕਾਰ ਵੀ ਨਿਸਚਿੰਤ ਹੋ ਕੇ ਖੇਡ ਰਹੇ ਹਨ ਤੇ ਇਕ ਸਾਜ਼ਿਸ਼ ਅਧੀਨ ਪੰਜਾਬ ਨੂੰ ਤਬਾਹ ਵੀ ਕਰੀ ਜਾ ਰਹੇ ਹਨ।

ਸਿੱਖੀ-ਸਿਧਾਂਤਾਂ ਉਤੇ ਦਿੱਲੀ ਦਾ ਕੁਹਾੜਾ ਮਤਵਾਤਰ ਵੁਰ ਰਿਹਾ ਹੈ। ਸਿੱਖਾਂ ਦੇ ਧਰਮ ਤੇ ਸਿਆਸਤ ਨੂੰ ਵੱਖ ਕਰਨ ਦਾ ਤਾਣਾ-ਬਾਣਾ ਬੁਣ ਲਿਆ ਗਿਆ ਹੈ। ਸਿੱਖ-ਧਰਮ ਅਸਥਾਨਾਂ 'ਚ ਚਿੰਤ ਕੀਤੇ ਦਾਖਲ ਹੀ ਨਹੀਂ ਹੋਇਆ ਜਾ ਰਿਹਾ, ਸਗੋਂ ਇਹਨਾਂ ਨੂੰ ਮਨਮਰਜ਼ੀ ਅਨੁਸਾਰ ਢਾਹਿਆ ਬਣਵਾਇਆ ਵੀ ਜਾ ਰਿਹਾ ਹੈ। ਕਤਲਾਂ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਸਿੱਖਾਂ ਸਿਰ ਮੜ੍ਹੀਆਂ ਜਾ ਰਹੀਆਂ ਹਨ। ਸਿੱਖ-ਧਰਮ ਦੇ ਸਿਧਾਂਤਾਂ/ਪ੍ਰੰਪਰਾਵਾਂ ਤੇ ਹੱਲੇ ਪਹਿਲੋਂ ਵੀ ਹੋਏ ਹਨ ਤੇ ਹੁਣ ਪ੍ਰਤੱਖ ਤੇ ਗੁੱਝੇ ਹੋਰ ਵੀ ਵਧੇਰੇ ਹੋ ਰਹੇ ਹਨ। ਇਹਨਾਂ ਨੂੰ ਤਾਂ ਸਿੱਖ ਰੋਕਣ ਦੀ ਸ਼ਕਤੀ ਰੱਖਦੇ ਰਹੇ ਹਨ ਤੇ ਰੋਕਦੇ ਰਹੇ ਹਨ ਪਰ ਸਾਡਾ ਵਧੇਰੇ ਨੁਕਸਾਨ ਸਾਡੇ ਆਪਣੇ ਵੱਲੋਂ ਆਪਣੇ ਸਿਧਾਂਤਾਂ-ਪ੍ਰੰਪਰਾਵਾਂ ਤੋਂ ਬਿਤਕਣ ਨਾਲ ਹੋ ਸਕਦਾ ਹੈ। ਜੋ ਕੌਮਾਂ ਮੁਸੀਬਤਾਂ ਵੇਲੇ ਵੀ ਆਪਣੇ ਸਿਧਾਤਾਂ ਨੂੰ ਤਿਲਾਂਜਲੀ ਨਹੀਂ ਸਗੋਂ ਇਹਨਾਂ ਤੇ ਪਹਿਰਾ ਦੇਂਦੀਆਂ ਹਨ, ਉਹ ਆਉਣ ਵਾਲੇ ਸਮੇਂ ਵਿਚ ਸਗੋਂ ਵਧੇਰੇ ਸ਼ਕਤੀਵਰ ਹੋ ਕੇ ਉਭਰਦੀਆਂ ਹਨ। ਨਿਰਸੰਦੇਹ ਅੱਜ ਪੰਜਾਬ 'ਚ ਲੁੱਟ-ਮਾਰ, ਕਤਲ, ਜਬਰੀ ਪੈਸੇ ਉਗਰਾਹੁਣ ਦੀਆਂ ਸੈਂਕੜੇ ਘਟਨਾਵਾਂ ਵਾਪਰ ਰਹੀਆਂ ਹਨ ਪਰ ਜੇ ਕਿਸੇ ਨਿਰਦੋਸ਼ੇ ਦੇ ਕਤਲ ਜਾਂ ਜਬਰੀ ਪੈਸੇ ਉਗਰਾਹੁਣ ਲਈ ਚਿੱਠੀ ਲਿਖਣ ਨਾਲ ਸਿੱਖ-ਸੰਘਰਸ਼ ਨਾਲ ਸਬੰਧਤ ਕਿਸੇ ਸਿੱਖ ਦਾ ਨਾਂ ਸੱਚੀਂ-ਮੁੱਚੀਂ ਜੁੜੇ ਤਾਂ ਇਹ ਸਿੱਖੀ-ਸਿਧਾਂਤਾਂ ਤੋਂ ਬਿਤਕਣ ਦੀ ਹੀ ਗੱਲ ਹੈ ਜੋ ਕਦੇ ਵੀ ਸਿੱਖ-ਸੰਘਰਸ਼ ਦੇ ਹੱਕ ਵਿਚ ਨਹੀਂ ਜਾ ਸਕਦੀ ਸਗੋਂ ਇਹ ਕੌਮ ਨੂੰ ਬਦਨਾਮ ਕਰਨ ਲਈ ਖੁਦ ਸਰਕਾਰ ਨੂੰ ਮੌਕਾ ਮੁਹੱਈਆ ਕਰਨਾ ਵੀ ਹੈ ਤੇ ਅਵਾਮ ਦੀ ਹਮਦਰਦੀ ਨੂੰ ਖੋਹਣਾ ਵੀ !

ਸਿੱਖ-ਅਵਾਮ ਵਿਚ ਅੱਜ ਨਾ ਸਿਦਕ ਦੀ ਕਮੀ ਹੈ ਤੇ ਨਾ ਸ਼ਰਧਾ-ਸੁਹਿਰਦਤਾ ਦੀ ਉਕਾ ਘਾਟ ! ਉਹ ਕੌਮ ਦੀ ਵਰਤਮਾਨ-ਦਸ਼ਾ ਤੋਂ ਪੀੜਿਤ ਹੈ ਤੇ ਇਸ ਦੀ ਚੜ੍ਹਦੀ ਕਲਾ ਲਈ ਤਲਬਗਾਰ ਹੈ। ਉਹ ਅੱਜ ਵੀ ਆਪਣਾ ਤਨ ਮਨ ਧਨ ਅਰਪਣ ਕਰਨ ਲਈ ਤਤਪਰ ਹੀ ਨਹੀਂ, ਤਰਲੋਮੱਛੀ ਹੈ। ਬਸ਼ਰਤਿ ਕਿ ਇਸ ਨਾਲ ਕੌਮ ਦਾ ਕੁਝ ਸੰਵਰਦਾ ਹੋਵੇ ! ਉਸ ਨੂੰ ਅੱਜ ਸੇਧ ਦੀ ਜ਼ਰੂਰਤ ਹੈ ਪਰ ਜੇ ਇਸ ਅਵੱਸਥਾ ਵਿਚ ਲੀਡਰਾਂ ਦੇ ਕਦਮ ਹੀ ਡਗਮਗਾ ਜਾਣ, ਜੇ ਉਹ ਹੀ ਦਲੇਰੀ ਤੇ ਦ੍ਰਿੜਤਾ ਦਾ ਦਾਮਨ ਛੱਡ ਦੇਣ, ਜੇ ਉਹ ਹੀ ਸਿੱਖੀ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਉਤੇ ਪਹਿਰਾ ਦੇਣ ਤੋਂ ਕੰਨੀਂ ਕਤਰਾ ਜਾਣ ਅਤੇ ਜੇ ਸਿੱਖ-ਸੰਘਰਸ਼ ਲਈ ਜਾਨਾਂ ਤਲੀ ਤੇ ਰੱਖਣ ਵਾਲਿਆਂ ਦੀਆਂ ਸਿੱਖੀ-ਸਿਧਾਂਤਾਂ ਤੋਂ ਬਿਤਕ ਜਾਣ ਦੀਆਂ ਕਨਸੋਆਂ ਹੀ ਉਸ ਦੇ ਕੰਨੀਂ ਪੈਣ ਲੱਗ ਜਾਣ ਤਾਂ ਨਿਸਚੇ ਹੀ ਸਧਾਰਨ ਸਿੱਖ ਦਾ ਮਨੋ-ਬਲ ਇਸ ਨਾਲ ਡਿੱਗੇਗਾ ਤੇ ਸਿੱਖ-ਸੰਘਰਸ਼ ਪ੍ਰਤੀ ਉਸਦੇ ਮਨ 'ਚ ਉਦਾਸੀਨਤਾ ਆਵੇਗੀ। ਨਾਲੇ ਉਪਰ-ਕਥਿਤੀ ਕਮਜ਼ੋਰੀ ਕਾਰਨ ਸਿੱਖ-ਸੰਘਰਸ਼ ਔਝੜ ਪੈ ਸਕਦਾ ਹੈ ਤੇ ਕੌਮ ਦੀ ਹੋਰ ਵਧੇਰੇ ਹਾਨੀ ਨੂੰ ਹਰਗਿਜ਼ ਨਹੀਂ ਟਾਲਿਆ ਜਾ ਸਕਦਾ।

ਇਸ ਭਿਆਨਕ ਸਮੇਂ ਸਿੱਖ-ਲੀਡਰ ਤੇ ਸਿੱਖ-ਸੰਸਥਾਵਾਂ ਆਪਸੀ ਵਿਰੋਧ ਦਾ ਸ਼ਿਕਾਰ ਤਾਂ ਹਨ ਹੀ। ਮੀਡੀਏ ਦੀ ਘਾਟ ਕਾਰਨ ਆਪਣਾ ਪੱਖ ਸੰਸਾਰ ਦੇ ਸਾਹਵੇਂ ਪੇਸ਼ ਕਰਨ ਲਈ ਹਿੰਦ ਸਰਕਾਰ ਦੇ ਸਾਧਨਾਂ ਸਾਹਮਣੇ ਸਿੱਖਾਂ ਦੇ ਵਸੀਲੇ ਬਹੁਤ ਸੀਮਤ ਹਨ। ਸਿਤਮ ਦੀ ਗੱਲ ਇਹ ਕਿ ਸਿੱਖਾਂ ਪਾਸ ਜੁ ਆਪਣੀਆਂ ਕੁਝ ਇਕ ਅਖਬਾਰਾਂ ਹਨ, ਉਹਨਾਂ ਵਿਚ ਵੀ ਵਧੇਰੇ ਸਿੱਖਾਂ ਦੀ ਫੁੱਟ ਤੇ ਆਪਸੀ ਵਿਰੋਧਤਾ ਦਾ ਪ੍ਰਦਰਸ਼ਨ ਹੀ ਹੁੰਦਾ ਹੈ। ਇਹ ਸਮੱਗਰੀ ਸਰਕਾਰ ਨੂੰ ਸਿੱਖਾਂ ਵਿਚ ਪਾੜਾ ਪਾਉਣ ਲਈ ਵੀ ਮਦਦਗਾਰ ਸਾਬਤ ਹੋ ਰਹੀ ਹੈ ਤੇ ਸਿੱਖਾਂ ਦੇ ਪ੍ਰਸਪਰ ਵਿਰੋਧ ਨੂੰ ਵੀ ਤਿੱਖਿਆਂ ਕਰ ਰਹੀ ਹੈ। ਸਿੱਖੋ ! ਚਿਤੀਆਂ ਨੇ ਅਜੇ ਤੁਹਾਡਾ ਖੇਤ ਚੁਗਿਆ ਨਹੀਂ, ਚੁਗ ਰਹੀਆਂ ਹਨ !! ਅਜੇ ਵੀ ਡੁੱਲ੍ਹੇ ਬੇਰਾਂ ਦਾ ਬਹੁਤਾ ਕੁਝ ਨਹੀਂ ਵਿਗੜਿਆ !!! ਨੌਜਵਾਨਾਂ ਦਾ ਖੂਨ ਇੰਨਾ ਸਸਤਾ ਨਹੀਂ। ਸਿਰਫ ਕੁਰਬਾਨ ਹੋਈ ਜਾਣਾ ਵੀ ਸਿਆਣਪ ਨਹੀਂ। ਇਸ ਕੁਰਬਾਨੀ 'ਚੋਂ ਕੌਮ ਨੇ ਕੁਝ ਪ੍ਰਾਪਤ ਵੀ ਕਰਨਾ ਹੈ। ਕੁਰਬਾਨੀ, ਪ੍ਰਾਪਤੀ ਲਈ ਰਸਤਾ ਹੈ-ਤੁਹਾਡੀ ਮੰਜ਼ਿਲ ਨਹੀਂ ! ਇਤਿਹਾਸ ਸਾਖੀ ਹੈ ਕਿ ਸਿੱਖ ਭਾਵੇਂ ਥੋੜੇ ਹੀ ਕਿਉਂ ਨਾ ਰਹਿ ਜਾਣ ਇਹ ਸਵੈਮਾਨ ਤੇ ਵੱਜੀ ਸੱਟ ਦਾ ਬਦਲਾ ਜ਼ਰੂਰ ਲੈ ਲੈਂਦੇ ਹਨ ਤੇ ਹੁਣ ਵੀ ਜ਼ਰੂਰ ਲੈ ਲੈਣਗੇ ਪਰ ਤੁਸਾਂ ਸਿਰਫ ਸਵੈਮਾਨ ਨੂੰ ਵੱਜੀ ਸੱਟ ਦਾ ਉਧਾਰ ਹੀ ਨਹੀਂ ਤਾਰਨਾ, ਮੌਜੂਦਾ ਸੰਘਰਸ਼ ਰਾਹੀਂ ਕੌਮ ਲਈ ਕੁਝ ਪ੍ਰਾਪਤ ਵੀ ਕਰਨਾ ਹੈ ਜੁ ਹੁਣ ਤੱਕ ਭੋਰਾ ਨਹੀਂ ਕੀਤਾ !

ਸੋ ਸਾਵਧਾਨ ਹੋਵੋ ! ਸਰਕਾਰੀ ਭੰਬਲ-ਭੂਸਿਆਂ, ਅਫਵਾਹਾਂ ਦੇ ਸਾਰਪਾਰ ਵੇਖੋ। ਕੌਮ ਦੇ ਹਿਤੂ ਲੀਡਰਾਂ ਨੂੰ ਸਤਿਕਾਰੋ ਤੇ ਭੇਖੀਆਂ ਦੇ ਹੱਥਾਂ ਵਿਚ ਕੌਮ ਦਾ ਹੱਕ ਵੇਚਣ ਦਾ ਮੌਕਾ ਵੀ ਨਾ ਦੇਵੋ। ਆਪਣੀਆਂ ਸੰਸਥਾਵਾਂ/ਜਥੇਬੰਦੀਆਂ ਨੂੰ ਸਰਕਾਰੀ ਸਾਜ਼ਿਸ਼ਾਂ ਦੀ ਢਾਹ ਤੋਂ ਬਚਾਓ। ਸਿੱਖੀ-ਸਿਧਾਂਤਾਂ ਉਤੇ ਡਟ ਕੇ ਪਹਿਰਾ ਦੇਵੋ। ਬਿਪਤਾ ਬੇਸ਼ੱਕ ਹੋਰ ਵੀ ਵਧੇ, ਇਹਨਾਂ ਤੋਂ ਕਦੇ ਨਾ ਬਿੜਕੋ ! ਤੁਹਾਡੀ ਵਿਲੱਖਣਤਾ, ਵਡਿਆਈ ਤੇ ਸ਼ਾਨ ਦਾ ਕਾਰਨ ਤੁਹਾਡੀਆਂ ਇਹੀ ਸਿੱਖੀ-ਪਰੰਪਰਾਵਾਂ ਤੇ ਸਿੱਖੀ-ਸਿਧਾਂਤ ਹਨ।

ਸੋ, ਆਓ ! ਅੱਜ ਅਸੀਂ ਆਪਣੀਆਂ ਜਥੇਬੰਦੀਆਂ/ਭੁਰਲੀ-ਜਥਿਆਂ ਨੂੰ ਇਕ ਸੰਜੀਦਾ ਸਿੱਖ ਪਲੈਟਫਾਰਮ ਉਤੇ ਲਿਆਉਣ ਲਈ ਦਿਲੋਂ ਪ੍ਰਯਤਨ ਕਰੀਏ।

ਆਓ ! ਸਿੱਖ-ਅਖਬਾਰਾਂ ਦੇ ਆਪਸੀ ਹਮਲਿਆਂ ਨੂੰ ਠੱਲੀਏ ਤੇ ਸਿੱਖ-ਸੰਘਰਸ਼ ਲਈ ਪ੍ਰਸਪਰ ਸਹਿਯੋਗ ਨੂੰ ਵਧਾਈਏ !

ਆਓ ! ਵਿਅਕਤੀਗਤ-ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਤੋਂ ਉਪਰ ਉਠ ਕੇ ਕੌਮੀ-ਸੰਘਰਸ਼ ਵਿਚ ਯਥਾ-ਸ਼ਕਤ ਯੋਗਦਾਨ ਪਾਈਏ !

ਕੇਵਲ ਤੇ ਕੇਵਲ, ਇਸੇ ਨਾਲ ਹੀ ਅਸੀਂ ਅੱਜ ਆਪਣੀਆਂ ਪੱਗ ਦਾਹੜੀਆਂ ਦੀ ਲਾਜ ਨੂੰ ਰੱਖ ਸਕਦੇ ਹਾਂ। ਹਿੰਦੂ ਸਾਮਰਾਜ ਹੱਥੋਂ ਆਪਣੀ ਵਿਲੱਖਣ ਹੋਂਦ ਨੂੰ ਸਦਾ ਲਈ ਬਚਾਉਣ ਦਾ ਬ੍ਰਾਨਣੂੰ ਬੁੰਨ ਸਕਦੇ ਹਾਂ !

' ਜਾਗੋ-ਇੰਟਰਨੈਸ਼ਨਲ '
(ਜੁਲਾਈ, 1988)

ਪੈਗ਼ਾਮ

ਉਹ-
ਜੋ ਦਿੱਲੀ ਵਾਲੀ ਕੁਲੱਛਣੀ-ਮਾਈ ਦੇ ਮਜ਼ਾਰ ਤੇ ਫੁੱਲਾਂ ਦੇ ਹਾਰ ਚੜ੍ਹਾਉਂਦੇ ਹਨ
ਤੇ ਅਜੇ ਵੀ ਤੜਕਸਾਰ ਉਠ ਕੇ ਸਫਦਰ ਜੰਗ ਰੋਡ ਤੇ ਉਗੇ ਲੈਰੇ-ਪਿੱਪਲ
ਦੀਆਂ ਜੜ੍ਹਾਂ ਵਿਚ ਕੱਚੀ-ਲੱਸੀ ਪਾਉਂਦੇ ਹਨ !!
ਸਪਨੀ ਨਦੀ ਦੇ ਪਾਣੀਆਂ ਤੇ ਤਰ ਰਹੇ ਹਨ
ਤੇ ਉਂਗਲਾਂ ਤੇ ਗਿਣੇ ਜਾਣ ਵਾਲੇ ਦਿਨਾਂ ਦਾ ਸਫ਼ਰ ਕਰ ਰਹੇ ਹਨ !

ਉਹ -
ਸੁਨਹਿਰੀ ਰੁੱਖ ਨਾਲ ਖੇਡਦੀ ਅੱਗ ਨੂੰ ਅੱਜ ਕਲ ਬੈਸੰਤਰ ਦਸਦੇ ਹਨ।
ਚੁਰਾਹੇ ਵਿਚ ਪਈ ਬਾਹਾਂ-ਵਿਹੂਣੀ ਲਾਸ਼ ਤੇ ਬੈਠੀਆਂ ਗਿੱਧਾਂ ਦੀ ਹਾਂ ਵਿਚ ਹਾਂ
ਮਿਲਾਉਂਦੇ ਹਨ ਤੇ ਕਿਸੇ ਟੁੱਟ ਗਈ ਡੰਗੋਰੀ ਤੇ ਖੁਸ਼ ਹਸਦੇ ਹਨ !

ਹਰ ਸ਼ਾਮ ਮਹਿਫ਼ਲ ਵਿਚ
ਉਹ ਨਵੀਂ ਵਿਧਵਾ ਦੇ ਹੰਝੂਆਂ ਦੇ ਜਾਮ ਟਕਰਾਉਂਦੇ
ਗਈ ਰਾਤ ਤਕ ਰੰਗੀਨੀਂ ਮਾਣਦੇ ਹਨ !
ਤੇ ਹੱਥੀਂ ਯਤੀਮ ਕੀਤੇ ਬੱਚਿਆਂ ਦੀਆਂ ਰੀਝਾਂ ਨਾਲ
ਰੋਜ਼ ਧੁੱਦਲ ਵਿਚ ਖੇਡਦੇ ਹਨ
ਉਹਨਾਂ ਨੂੰ ਮਹਿਜ਼ ਲੱਕੜ ਦੇ ਖਿਡੌਣੇ ਜਾਣਦੇ ਹਨ !!

ਇਹ ਸਭ ਕੁਝ ਕਰ ਕੇ ਵੀ
ਉਹਨਾਂ ਨੂੰ ਸ਼ਿਕਵਾ ਹੈ
ਕਿ ਨਹਿਰਾਂ ਕੰਢੇ ਉਘੀ ਦੱਭ ਦੇ ਪੱਤਿਆਂ 'ਚੋਂ
ਖੰਡਿਆਂ ਦੇ ਝਾਵਲੇ ਕਿਉਂ ਪੈਂਦੇ ਹਨ !
ਤੇ ਠਾਣਿਆਂ ਵਿਚ ਉਗੇ ਪਿੱਪਲਾਂ ਦੇ ਪੱਤੇ
ਪਹਿਲਾਂ ਵਾਗ ਕਿਲਕਾਰੀਆਂ ਪਾਉਣ ਤੋਂ ਕਿਉਂ ਨਾਬਰ ਹਨ
ਤੇ ਅੱਜ ਕਲ ਖਾਮੋਸ਼ ਕਿਉਂ ਰਹਿੰਦੇ ਹਨ ?

ਉਹਨਾਂ ਨੂੰ ਪੈਗ਼ਾਮ ਦੇ ਦੇਣਾ
ਕਿ ਕੁਲੱਛਣੀ ਮਾਈ ਦੇ
ਬੁਲਿਟ-ਪਰੂਫ ਜਾਕਟਾਂ ਵਾਲੇ ਪੁੱਤਰੋ !
ਕਿੰਨੀ ਕੁ ਦੇਰ ਤੁਸਾਂ ਲੈਰੇ-ਪਿੱਪਲ ਦੀ
ਪ੍ਰਾਹੁਣੀ-ਛਾਂ ਹੇਠ ਬੈਠ ਰਹਿਣਾ ਹੈ ?
ਕਿੰਨੀ ਕੁ ਦੇਰ ਬਲ ਰਹੀ ਚਰਬੀ ਦਾ ਨਿੱਘ ਲੈਣਾ ਹੈ ?

ਤੁਸੀਂ -
ਜੁ ਛਤਰੀ ਦੇ ਕਬੂਤਰਾਂ ਦੀ ਜੂਨ ਹੰਢਾਉਂਦੇ ਹੋ
ਤੇ ਮੰਗਵੇਂ ਖੰਭਾਂ ਨਾਲ ਸੀਮਤ-ਅਸਮਾਨ ਵਿਚ

ਮੁਸਕਰਾ ਮੁਸਕਰਾ ਕੇ ਉਡਾਰੀਆਂ ਲਾਉਂਦੇ ਹੋ
ਖਰਾਬ ਮੌਸਮ ਵਿਚ ਕਿਸ ਆਲਣੇ ਦਾ ਦਰ ਖੜਕਾ ਲਵੋਗੇ ?
ਤੇ ਤੀਰਾਂ ਦੀ ਬਾਰਸ਼ ਵਿਚ ਕੰਬ ਰਹੇ ਜਿਸਮਾਂ ਨੂੰ ਬਚਾ ਲਵੋਗੇ ?

ਹੇਠ ਖੇਤਾਂ ਵਿਚ ਯਤੀਮ-ਬਾਲਾਂ ਦੀ ਫਸਲ ਲਹਿਰਾ ਰਹੀ ਹੈ !
ਤੁਹਾਡੇ ਭਵਿੱਖਤ ਦੇ ਅਸਮਾਨ ਦੇ ਸਿਰ ਤੇ,
ਬਾਜ਼ਾਂ ਦੀ ਕੋਈ ਡਾਰ ਮੰਡਲਾ ਰਹੀ ਹੈ !!
ਤੁਸੀਂ-ਜੁ ਇਸ ਡਾਰ ਨੂੰ ਤੱਕ ਕੇ ਮੁਸਕਰਾ ਛਡਦੇ ਹੋ
ਹੋਣੀ ਨੂੰ ਅੱਖਾਂ ਨੂਟ ਕੇ ਟਾਲਦੇ ਹੋ !
ਮਹਿਜ਼ ਇਕ ਭਰਮ ਪਾਲਦੇ ਹੋ !!

ਤੁਸੀਂ -
ਜੋ ਦਿੱਲੀ ਵਾਲੀ ਕੁਲੱਛਣੀ-ਮਾਈ ਦੇ ਮਜ਼ਾਰ ਤੇ ਫੁੱਲਾਂ ਦੇ ਹਾਰ ਚੜ੍ਹਾਉਂਦੇ ਹੋ
ਤੇ ਅਜੇ ਵੀ ਤੜਕਸਾਰ ਉਠ ਕੇ
ਸਫਦਰਜੰਗ ਰੋਡ ਤੇ ਉਗੇ ਲੈਰੇ-ਪਿੱਪਲ ਦੀਆਂ ਜੜ੍ਹਾਂ ਵਿਚ ਕੱਚੀ-ਲੱਸੀ ਪਾਉਂਦੇ ਹੋ !
ਸਪਨੀ-ਨਦੀ ਦੇ ਪਾਣੀਆਂ ਤੇ ਤਰ ਰਹੇ ਹੋ !
ਤੇ ਉਂਗਲਾਂ ਤੇ ਗਿਣੇ ਜਾਣ ਵਾਲੇ ਦਿਨਾਂ ਦਾ ਸਫਰ ਕਰ ਰਹੇ ਹੋ !!

(ਜੁਲਾਈ, 1988)

ਵਿਅੰਗ-ਵਢਾਂਗਾ

ਕੁੱਲ ਫਕੀਰਾਂ ਤਕੀਏ ਬਹਿ ਕੇ ਪੜ੍ਹਿਆ ਜਦ ਅਖ਼ਬਾਰ।
ਸੁਰਖੀ ਪੜ੍ਹ ਕੇ ਉਡ ਗਏ ਤੋਤੇ, ਬੋਲੇ 'ਸਤਿ ਕਰਤਾਰ'।
ਬੋਲੇ 'ਸਤਿ ਕਰਤਾਰ' ਦਿੱਲੀ ਨੇ ਖੇਡ ਰਚਾਈ।
ਚੌਕੀਰਾਹੇ ਨੂੰ ਜਥੇਦਾਰੀ ਦੀ ਕਲਗੀ ਲਾਈ।
ਕੀਤੇ ਜੱਥੇਦਾਰ ਆਪਣੇ ਕਾਰਜ ਪੂਰੇ !
ਅੰਬਰਸਰ ਵਰਤਾਏ ਦਿੱਲੀ ਦੇ ਆਣ ਭਠੂਰੇ !!

*

ਚੱਲ-ਫਕੀਰਾ ਮਜਲਸ ਲਾਈਏ, ਲਾਈਏ ਸੱਥ 'ਚ ਬਹਿ ਕੇ।
ਬੁਰੇ-ਭਲੇ ਅਖਵਾਈਏ ਕਾਹਤੋਂ ਖਰੀ-ਟੁਣਕਦੀ ਕਹਿ ਕੇ ?
ਖਰੀ ਟੁਣਕਦੀ ਕਹਿ ਕੇ ਕਿਉਂ ਕਰਵਾਈਏ ਕੁੰਡਾ।
ਕਿਉਂ ਨਾ ਖਾਈਏ ਨਾਲ ਦੁੱਧ ਦੇ ਰੋਜ਼ ਮਰੁੰਡਾ ?
'ਗਿੱਦੜ ਬਣ ਗਏ ਸ਼ੇਰ' ਕਾਹਨੂੰ ਇਹ ਆਪਾਂ ਕਹਿਣਾ !
ਢੂਈ 'ਚ ਜਾਤੂ ਟੁੱਟੂ ਪੰਥ ਨੇ ਲੇਖਾ ਲੈਣਾ !!

*

ਚੱਲ ਫਕੀਰਾ ਚੱਕਵੇਂ ਪੈਰੀਂ, ਸਿੰਘਾਂ ਤੋਂ ਗੁਣ ਲਈਏ।
ਕੁੱਟ ਖਾ ਵੀ ਨਾ ਹੋਈਏ 'ਕੱਠੇ ਲੜਦੇ ਭਿੜਦੇ ਰਹੀਏ !
ਲੜਦੇ ਭਿੜਦੇ ਰਹੀਏ ਆਪਣੇ ਮਸਲ ਬਣਾਈਏ।
ਜਿੱਧਰ ਹੋਵੇ ਮੂੰਹ ਓਧਰੇ ਘੋੜ ਦੁੜਾਈਏ।
ਕਰੀਏ ਐਸਾ ਜੰਗ ਅਤੇ ਐਸੀ ਕੁਰਬਾਨੀ !
ਜਾਏ ਰੁਪਈਆ ਖੂਹ, ਪੱਲੇ ਨਾ ਪਏ ਦੁਆਨੀ !!

*

ਵੇਖ ਫਕੀਰਾ ਸ਼ੂਟਾ ਸਿੰਹੁ ਨੇ ਕਰੀ ਪੰਥ ਦੀ ਸੇਵਾ।
ਅੰਬਰਸਰ ਬਣਵਾਉਂਣੀ ਫਿਰਨੀ ਕੌਮ ਛਕੂਗੀ ਮੇਵਾ।
ਕੌਮ ਛਕੂਗੀ ਮੇਵਾ ਹੋਏ ਨਾ ਭੀੜ-ਭੜੱਕਾ।
ਤੁਰੇ ਰੇਵੀਏ ਖ਼ੂਬ ਵਜ਼ੀਰੀ ਵਾਲਾ ਯੱਕਾ।
ਤੁਰੋ 'ਕਤੇਰ-ਕਤੇਰ' ਕਰੋ ਗੁਰ-ਨਗਰੀ ਦਰਸ਼ਣ !
ਭੱਜੋ ਸੌਖ ਦੇ ਨਾਲ ਲੱਗੇ ਜੇ ਡੰਡਾ ਬਰਸਣ !!

*

ਵੇਖ ਫਕੀਰਾ ਕਹਿਣ ਅਕਾਲੀ-ਭੱਜ ਗਏ ਜਥੇਦਾਰ !
ਤੋੜ ਗਏ ਕੰਗਰੋੜ ਕੌਮ ਦੀ ਨਿਕਲੇ ਨਿਰੇ ਗਦਾਰ।
ਨਿਕਲੇ ਨਿਰੇ ਗਦਾਰ ਪੰਥ ਦਾ ਘਾਣ ਕਰਾਗੇ।
ਆਪ ਤਾਂ ਚੜ੍ਹੇ ਜਹਾਜ਼ ਕੌਮ ਨੂੰ ਕੱਚੇ ਲਾਹਗੇ।
ਗੁਰੂ-ਪੰਥ ਬਖਸ਼ਿੰਦ ਸਾਨੂੰ ਹੁਣ ਗਲੇ ਲਗਾ ਲੇ !
ਵਸਾਂਗੇ ਨਿਮਕੀ ਨਾਲ ਸਾਡੇ ਤੇ ਚਾਦਰ ਪਾ ਲੇ !!

(ਜੁਲਾਈ, 1988)

ਦਾਰੂ-ਦੀਰਘ-ਰੋਗ ਦਾ !

ਨਿਰਸੰਦੇਹ ਦਿੱਲੀ-ਸਰਕਾਰ ਸਿੱਖਾਂ ਦੇ ਸਵੈਮਾਨੀ ਸੁਮਲੇ ਨੂੰ ਨਿਵਾ ਕੇ ਉਹਨਾਂ ਨੂੰ 'ਸਬਕ ਸਿਖਾਉਂਣ' ਅਤੇ ਸਦਾ ਲਈ ਆਪਣੇ ਥੱਲੇ ਲਾਉਂਣ ਤੇ ਤੁਲੀ ਹੋਈ ਹੈ। ਹੁਣ ਤੱਕ ਉਹ ਆਪਣੀ ਚਾਲ ਵਿਚ ਸਿਰਫ ਇਸ ਲਈ ਹੀ ਕਾਮਯਾਬ ਨਹੀਂ ਕਿ ਉਸ ਦੇ ਸਾਧਨ ਸਿੱਖਾਂ ਦੇ ਮੁਕਾਬਲੇ ਵਧੇਰੇ ਵਸੀਹ ਤੇ ਸੰਗਠਿਤ ਹਨ ਸਗੋਂ ਮੁੱਖ ਕਾਰਨ ਇਹ ਹੈ ਕਿ ਐਡਾ ਵੱਡਾ ਭਾਣਾ ਵਰਤ ਜਾਣ ਉਪਰੰਤ ਵੀ ਸਿੱਖ ਅਜੇ ਸੁਜਾਗ-ਸੁਚੇਤ ਹੋਣ ਦੀ ਬਜਾਏ ਬੇਸੁਰਤੀ ਵਿਚ ਹੀ ਵਿਚਰ ਰਹੇ ਹਨ। ਸਿੱਖਾਂ ਨੇ ਕੌਮ ਨੂੰ ਪਏ ਭਾਰੇ-ਮਾਮਲੇ ਨਾਲ ਨਜਿੱਠਣ ਲਈ ਆਪਣੇ ਤੌਰ-ਤਰੀਕੇ ਨਹੀਂ ਬਦਲੇ ! ਕੋਈ ਦੂਰ-ਦ੍ਰਿਸ਼ਟੀ ਨਹੀਂ ਵਰਤੀ !! ਸੋਝੀ-ਹੀਣ ਜਾਨਵਰ ਵੀ ਆਫਤ ਵੇਲੇ ਸਵੈ-ਰੱਖਿਆ ਲਈ ਸਿਰ ਜੋੜ ਲੈਂਦੇ ਹਨ ਪਰ ਅਸੀਂ ਸਿੱਖ ਜਹਾਨੋਂ ਅੱਡਰੀ ਮਿੱਟੀ ਦੇ ਬਣੇ ਹੋਏ ਹਾਂ ਜੁ ਅੱਜ ਮਿੱਟੀ 'ਚ ਮਿਲਣ ਨੇੜੇ ਪਹੁੰਚ ਕੇ ਵੀ ਆਪਣੇ ਉਦਾਲੇ ਹਉਮੈ ਦੀਆਂ ਕਾਰਾਂ ਕੱਢੀ ਬੈਠੇ ਹਾਂ ! ਪਲ ਪਲ ਬਰਬਾਦੀ ਵੱਲ ਵਧ ਰਹੇ ਹਾਂ !!

ਖੁਦ ਵਾਹਣੀਂ ਪੈਂਦੀ-ਪੈਂਦੀ ਦਿੱਲੀ ਨੇ ਅੱਜ ਪੰਥ ਨੂੰ ਵਾਹਣੀਂ ਪਾਇਆ ਹੋਇਆ ਹੈ ਇਸ ਸਮੇਂ ਸਿੱਖ-ਆਰਗੇਨਾਈਜ਼ੇਸ਼ਨਾਂ ਦੇ ਚੌਧਰ ਲਈ ਝਗੜਦੇ ਚੌਧਰੀਆਂ ਦੇ ਝਗੜਨ ਕਾਰਨ ਤੋਂ ਬਿਨਾਂ ਕੌਮ ਦੇ ਖੱਖੜੀਆਂ ਕਰੇਲੇ ਹੋਣ ਦਾ ਇਕ ਹੋਰ ਵੀ ਕਾਰਨ ਹੈ ਜੋ ਕੌਮ ਦੀ ਫੋਰੀ ਤਵੱਜੋ ਦਾ ਤਲਬਗਾਰ ਹੈ।

ਗੁਰਦੁਆਰੇ, ਸਾਡੇ ਭਾਈਚਾਰੇ ਦਾ ਮੁੱਖ-ਮੰਚ ਹਨ ਜਿਹਨਾਂ ਵਿਚੋਂ ਸਰਬ-ਸੰਸਾਰ ਵਿਚਲੇ ਪ੍ਰਾਣੀ-ਮਾਤਰ ਲਈ ਸਾਂਝੀਵਾਲਤਾ ਦੀ ਧੁਨੀ ਉਚੀ ਹੋਣੀ ਹੈ। ਇਸ ਤੋਂ ਵੀ ਪਹਿਲੋਂ ਇਹਨਾਂ ਵਿਚ ਵਿਚਰਦੇ ਹਰ ਸਿੱਖ ਨੂੰ ਇਕ ਦੂਸਰੇ ਦੇ ਨੇੜੇ ਆਉਂਣ ਦੀ ਜਰੂਰਤ ਹੈ। ਪਰ ਕੌਮ ਉਤੇ ਆਏ ਇਸ ਸੰਕਟ ਸਮੇਂ ਵੀ ਇਹਨਾਂ ਸੰਸਥਾਵਾਂ ਦਾ ਮਾਹੌਲ ਤਸੱਲੀ-ਬਖਸ਼ ਜਾਂ ਉਸਾਰੂ ਨਹੀਂ।

ਸਿਧਾਂਤਕ ਤੇ ਬੁਨਿਆਦੀ ਬਾਤ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਤਿਆਰ-ਬਰ-ਤਿਆਰ, ਰਹਿਤਵਾਨ ਅਥਵਾ ਅੰਮ੍ਰਿਤਧਾਰੀ ਸਿੰਘਾਂ ਦੇ ਹੱਥ ਹੀ ਹੋਵੇ। ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਰੂਪ ਕਹਿ ਕੇ ਵਡਿਆਇਆ ਹੈ ਤੇ ਉਸ ਨੂੰ ਸੰਸਾਰ ਵਿਚ ਰਹਿੰਦਿਆਂ ਆਪਣੇ ਨਿਆਰੇ ਰੂਪ ਵਿਚ ਵਿਚਰਣ ਦਾ ਆਦੇਸ਼ ਦਿੱਤਾ ਹੈ ਕਿਉਂਕਿ ਇਸੇ ਵਿਸ਼ੇਸ਼ ਸਰੂਪ ਵਿਚ ਹੀ ਖਾਲਸਾ ਉਹਨਾਂ ਦੇ ਬਖਸ਼ੇ ਤੇਜ-ਪ੍ਰਤਾਪ ਦਾ ਧਾਰਣੀ ਰਹੇਗਾ। ਰੱਬ ਦੀ ਸਾਬਤ-ਸੂਰਤ ਨੂੰ ਭੰਨਣ ਵਾਲੇ ਮਨੁੱਖ ਨੂੰ ਗੁਰਮਤਿ ਨੇ ਬੇਈਮਾਨ ਕਥਨ ਕੀਤਾ ਹੈ। ਗੁਰਮਤਿ ਅਨੁਸਾਰ ਪਾਹੁਲ ਤੋਂ ਬਿਨਾਂ ਕੇਸ ਧਰਨ ਅਥਵਾ ਰੱਖਣ ਵਾਲੇ ਮਨੁੱਖ ਨੂੰ ਭੇਖੀ ਤੇ ਮੂਰਖ ਕਿਹਾ ਗਿਆ ਹੈ। ਦਸਮ ਪਿਤਾ ਜੀ ਨੇ ਸੰਸਾਰ ਸਾਹਵੇਂ ਜਿਸ ਆਦਰਸ਼ਿਕ-ਮਨੁੱਖ ਦੀ ਸਿਰਜਣਾ ਕੀਤੀ ਹੈ ਉਹ ਕੇਵਲ 'ਸਾਬਤ ਸੂਰਤ ਦਸਤਾਰ ਸਿਰਾ' ਅਥਵਾ ਅੰਮ੍ਰਿਤਧਾਰੀ ਸਿੰਘ ਹੀ ਹੈ ਜੋ ਕਹਿਣੀ ਤੇ ਕਰਨੀ ਦਾ ਪੂਰਾ ਅਤੇ ਮਨ-ਬਚ-ਕਰਮ ਦਾ ਸੂਰਾ ਹੈ। ਇਸ ਲਈ ਸਿਧਾਂਤਕ-ਦ੍ਰਿਸ਼ਟੀਕੋਨ ਤੋਂ ਸਿੱਖ-ਸੰਸਥਾਵਾਂ ਜਾਂ ਸਾਡੇ ਧਰਮ-ਸੋਮੇ ਸਹੀ, ਸੁਹਿਰਦ ਤੇ ਸੁਝਵਾਨ ਪੂਰਨ ਗੁਰਸਿੱਖਾਂ ਦੇ ਹੱਥਾਂ ਵਿਚ ਹੀ ਸੁਰੱਖਿਅਤ ਰਹਿ ਸਕਦੇ ਹਨ। ਇਸ ਬਾਰੇ ਕੋਈ ਭਰਮ-ਭੁਲੇਖਾ ਨਹੀਂ ਰਹਿਣਾ ਚਾਹੀਦਾ।

ਪਰ ਸਵਾਲਾਂ ਦਾ ਸਵਾਲ ਅੱਜ ਇਹ ਹੈ ਕਿ ਜੇ ਸਾਡੇ ਧਰਮ-ਸਥਾਨਾਂ ਦਾ ਪ੍ਰਬੰਧ ਅੰਮ੍ਰਿਤਧਾਰੀ ਸਿੰਘਾਂ ਦੇ ਹੱਥਾਂ ਵਿਚ ਪੂਰੀ ਤਰਾਂ ਸੌਂਪ ਵੀ ਦਿੱਤਾ ਜਾਵੇ ਤਾਂ ਘੋਨ-ਮੋਨ, ਰੋਡ-ਭੋਡ ਜਾਂ ਕਤਰ-ਬਤਰੇ ਸਿੱਖਾਂ ਪ੍ਰਤੀ ਉਹਨਾਂ ਦਾ ਵਤੀਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ ? ਕੀ ਅੰਮ੍ਰਿਤਧਾਰੀ ਸਿੰਘ, ਸਿੱਖਾਂ ਦੇ ਇਸ ਵੱਡੇ ਹਿੱਸੇ ਨੂੰ ਮੂਲੋਂ ਨਜ਼ਰ-ਅੰਦਾਜ਼ ਕਰ ਦੇਣ ? ਜੇ ਸਿੱਖ-ਸੰਸਥਾਵਾਂ ਦੀ ਉਸਾਰੀ ਤੇ ਸਿੱਖ-ਕੌਮ ਦੀ ਜੱਦੋ-ਜਹਿਦ ਵਿਚ ਉਹ ਬਰਾਬਰ ਦਾ ਜਾਂ ਵਿੱਤੋਂ-ਵੱਧ ਯੋਗਦਾਨ ਪਾਉਂਦੇ ਹਨ ਤਾਂ ਇਹਨਾਂ ਨਾਲ ਕਿਸ ਭਾਵਨਾ ਨਾਲ ਪੇਸ਼ ਆਇਆ ਜਾਵੇ ਤੇ ਇਹਨਾਂ ਨੂੰ ਧਰਮ ਤੇ ਕੌਮ ਵੱਲ ਹੋਰ ਵਧੇਰੇ ਕਿਸ ਤਰਾਂ ਰੁਚਿਤ ਕੀਤਾ ਜਾਵੇ ?

ਗੁਰਸਿੱਖੀ 'ਵਾਲਹੁੰ ਨਿੱਕੀ' ਤੇ 'ਖੰਡਿਅਹੁੰ ਤਿੱਖੀ' ਹੈ। ਸਿੱਖੀ-ਮਾਰਗ ਤੇ ਤੁਰਨਾ ਖੰਡੇ ਦੀ ਧਾਰ ਤੇ ਤੁਰਨਾ ਹੈ। ਗੁਰਮਤਿ ਦੇ ਸਿਰਮੌਰ-ਵਿਆਖਿਆਕਾਰ ਤੇ ਮਹਾਨ ਫਿਲਾਸਫਰ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ : -

"ਗੁਰਸਿੱਖੀ ਬਾਰੀਕ ਹੈ ਸਿਲ ਚੱਟਣ ਫਿੱਕੀ।
ਤਿੱਖੀ ਖੰਡੇਧਾਰ ਹੈ ਉਹ ਵਾਲਹੁੰ ਨਿੱਕੀ।
ਦੁਤੀਆ ਨਾਸਤਿ ਏਤ ਘਰ ਹੋਇ ਇੱਕਾ ਇੱਕੀ।"

ਸਿੱਖੀ ਕਥਨੀ-ਕਰਨੀ ਦਾ ਸੰਗਮ ਅਥਵਾ ਮਨੁੱਖ ਦੇ ਦਿਸਦੇ ਆਕਾਰ ਤੇ ਵਰਤਦੇ ਸੁੰਦਰ-ਵਿਹਾਰ ਦਾ ਸੁਮੇਲ ਹੈ। ਕ੍ਰਾਂਤੀਕਾਰੀ ਸਿੱਖ-ਧਰਮ ਦੇ ਸੰਚਾਲਕ ਗੁਰੂ ਸਾਹਿਬਾਨ ਨੇ ਬਾਹਰੀ ਲਿਬਾਸ ਤੇ ਪਖੰਡ ਦੇ ਪਰਖਚੇ ਉਡਾਏ ਹਨ ਤੇ ਝੂਠ-ਦੰਭ ਨਾਲੋਂ ਸੱਚ ਤੇ ਸੱਚੋਂ ਵੀ ਉਤੇ ਸੱਚੇ-ਆਚਾਰ ਨੂੰ ਮੰਨਿਆ ਹੈ। ਸਿੱਖ-ਧਰਮ 'ਸਭੇ ਸਾਂਝੀਵਾਲ ਸਦਾਇਨ' ਦਾ ਪੈਗਾਮ ਦਿੰਦਾ ਹੈ। ਇਨਸਾਨੀ- ਭਾਈਚਾਰੇ ਦਾ ਪਰਚਮ ਬੁਲੰਦ ਕਰਦਾ ਹੈ। ਕਲਗੀਧਰ ਪਿਤਾ ਦਾ ਫ਼ੁਰਮਾਨ ਹੈ :-

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"

ਪਰ ਵੇਖਣ ਵਾਚਣ ਵਾਲੀ ਗੱਲ ਇਹ ਹੈ ਕਿ ਕੀ ਸਾਡੀਆਂ ਇਹਨਾਂ ਧਾਰਮਿਕ-ਸੰਸਥਾਵਾਂ ਵਿਚ ਸਿੱਖ ਹੀ ਸਿੱਖ ਦੇ ਨੇੜੇ ਆ ਰਿਹਾ ਹੈ ? ਜੇ ਨਹੀਂ ਤਾਂ ਅਵੇਸ਼ ਅੱਜ ਸਾਨੂੰ ਇਸ ਦੇ ਕਾਰਨ ਟੋਲਣੇ ਚਾਹੀਦੇ ਹਨ ਤੇ ਕੌਮ ਨੂੰ ਲੱਗੇ ਇਸ ਦੀਰਘ-ਰੋਗ ਦਾ ਦਵਾ-ਦਾਰੂ ਕਰਨਾ ਚਾਹੀਦਾ ਹੈ। ਇਕ ਸਿੱਖ ਨੂੰ ਸਿੱਖ ਦੇ ਨੇੜੇ ਲਿਆਉਂਣ ਲਈ ਭਾਈ ਗੁਰਦਾਸ ਆਪਣੀ ਰਚਨਾ ਵਿਚ ਇਕ ਮਾਅਰਕੇ ਦਾ ਮਸ਼ਵਰਾ ਦਿੰਦੇ ਹਨ :-

"ਹਉ ਸਦਕੇ ਤਿਨ੍ਹਾਂ ਗੁਰਸਿੱਖਾਂ,
ਗੁਰ ਸਿੱਖ ਦੇ ਗੁਰਸਿੱਖ ਮਿਲਾਯਾ"

ਅਰਥਾਤ ਮੈਂ ਉਹਨਾਂ ਗੁਰਸਿੱਖਾਂ ਦੇ ਸਦਕੇ ਜਾਂਦਾ ਹਾਂ ਜੁ ਗੁਰੂ ਦੀ ਸਿੱਖਿਆ ਦੇ ਕੇ (ਭਟਕੇ) ਸਿੱਖਾਂ ਨੂੰ ਆਪਣੇ ਨਾਲ ਮਿਲਾਉਂਦੇ ਹਨ ਤੇ ਗੁਰੂ ਦੀ ਸਿੱਖਿਆ ਇਸ ਪ੍ਰਸੰਗ ਵਿਚ ਪ੍ਰੇਮ ਨੂੰ ਪਹਿਲ ਦਿੰਦੀ ਹੈ ਕਦਾਚਿਤ ਨਫਰਤ ਨੂੰ ਨਹੀਂ ! ਆਪਣੇ ਆਪ ਨੂੰ ਨੀਵਾਂ ਕਰ ਲੈਣ ਦਾ ਸੁਝਾਅ ਦਿੰਦੀ ਹੈ, ਹੋਰਨਾਂ ਨੂੰ ਆਪ ਤੋਂ ਨਖਿੱਧ ਜਾਂ ਨੀਵਾਂ ਸਮਝਣ ਦੀ ਨਹੀਂ !

ਪਰ ਅੱਜ ਸਾਡੀਆਂ ਸਿੱਖ-ਸੰਸਥਾਵਾਂ ਦੇ ਪ੍ਰਬੰਧ ਲਈ ਚਲਦੇ ਗੱਤਕੇ ਨੇ ਅੰਮ੍ਰਿਤਧਾਰੀ ਤੇ ਦੂਸਰੇ ਸਿੱਖਾਂ ਨੂੰ ਅਲੱਗ-ਥਲੱਗ ਕਰ ਕੇ ਵੰਡ ਦਿੱਤਾ ਹੈ। ਨਿਸਚੇ ਹੀ ਇਸ ਵਿਚ ਉਹਨਾਂ ਸੁਝਵਾਨ ਅੰਮ੍ਰਿਤਧਾਰੀ ਸਿੰਘਾਂ ਨੂੰ ਹਰਗਿਜ਼ ਸ਼ਾਮਲ ਨਹੀਂ ਕੀਤਾ ਜਾ ਸਕਦਾ ਜੋ ਸਿੱਖੀ-ਸਿਧਾਂਤਾਂ ਨੂੰ ਸਮਝਦੇ ਹਨ, ਇਹਨਾਂ ਦੇ ਧਾਰਨੀ ਹਨ ਅਤੇ ਆਪਣੇ ਕਿਰਦਾਰ ਤੇ ਪਿਆਰ ਨਾਲ ਅੰਮ੍ਰਿਤ ਦੇ ਦਾਇਰੇ ਤੋਂ ਬਾਹਰ ਰਹਿੰਦੇ ਸਿੱਖਾਂ ਨੂੰ ਪ੍ਰੇਰਨ ਲਈ ਦਿਲੋਂ ਪ੍ਰਯਤਨਸ਼ੀਲ ਹਨ ਪਰ ਇਸ ਗੱਲ ਤੋਂ ਕਦਾਚਿਤ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੌਮ ਵਿਚ ਕੁਝ ਅਜਿਹੇ ਭੇਖੀ-ਪਖੰਡੀ ਅਖੌਤੀ-ਪ੍ਰਚਾਰਕ ਵੀ ਵਿਚਰ ਰਹੇ ਹਨ ਜਿਹਨਾਂ ਦਾ ਕਿਰਦਾਰ ਅੱਜ ਸਧਾਰਨ ਸਿੱਖਾਂ ਲਈ ਬੁਰੇ ਪ੍ਰਭਾਵ ਛੱਡ ਰਿਹਾ ਹੈ। ਕੈਨੇਡਾ ਦੀਆਂ ਅਖਬਾਰਾਂ ਵਿਚ ਪਿਛਲੇ ਦਿਨੀਂ ਛਪੀ ਇਕ ਚਰਚਿਤ-ਕਹਾਣੀ ਸਾਡੇ ਪ੍ਰਚਾਰਕਾਂ ਦੇ ਇਮੇਜ ਨੂੰ ਦੂਸ਼ਿਤ ਕਰਨ ਦੀ ਪ੍ਰਤੱਖ ਉਦਾਹਰਣ ਹੈ।

ਅੰਮ੍ਰਿਤ ਤੋਂ ਵਿਹੂਣੇ, ਘੋਨ-ਮੋਨ ਤੇ ਕਤਰ-ਬਤਰੇ ਸਿੱਖ ਅੱਜ ਸਿੱਖਾਂ ਦੀ ਬਹੁ-ਗਿਣਤੀ ਹਨ, ਵਿਦੇਸ਼ਾਂ 'ਚ ਹੋਰ ਵੀ ਵੱਡਾ ਭਾਗ ! ਇਸ ਦਾ ਕਾਰਨ ਕੁਝ ਦੀ ਕਮਜ਼ੋਰੀ ਹੋ ਸਕਦਾ ਹੈ ਤੇ ਕੁਝ ਦੀ ਮਜ਼ਬੂਰੀ ! ਪਰ ਇਸ ਗੱਲ ਤੋਂ ਗਰਗਿਜ਼ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾਂ ਦੇ ਬਹੁਤ ਵੱਡੇ ਹਿੱਸੇ ਦੇ ਦਿਲ ਵਿਚ ਸਿੱਖੀ ਦਾ ਦਰਦ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਵਰਤਮਾਨ-ਸਮੇਂ ਕੌਮ ਤੇ ਗੁਜ਼ਰੇ ਕਹਿਰ ਨਾਲ ਇਹਨਾਂ ਦਾ ਹਿਰਦਾ ਵੀ ਛਾਣਨੀ ਹੈ। ਅਸੀਂ ਕਿੰਨੇ ਅਜਿਹੇ ਨੌਜਵਾਨਾਂ ਦੀਆਂ

ਢਾਣੀਆਂ ਵਿਚ ਬੈਠਕੇ ਇਹਨਾਂ ਦੇ ਮਨ ਨੂੰ ਪੜ੍ਹਿਆ ਹੈ, ਇਹਨਾਂ ਦੇ ਦਿਲ ਦੀ ਧੜਕਣ ਨੂੰ ਕੋਲੋਂ ਹੋ ਕੇ ਸੁਣਿਆ ਹੈ। ਦਿੱਲੀ ਵਲੋਂ ਕੌਮ ਨੂੰ ਲਾਏ ਗਏ ਜ਼ਖਮ ਇਹਨਾਂ ਦੇ ਸੀਨੇ ਵਿਚ ਬੁਰੀ ਤਰਾਂ ਰਿਸਕਦੇ ਹਨ। ਕੌਮੀ-ਜਜ਼ਬੇ ਨਾਲ ਇਹ ਵੀ ਸਰਸ਼ਾਰ ਹਨ। ਕੌਮ ਲਈ ਕੁਝ ਕਰ-ਮਰਨ ਦੀ ਤਮੰਨਾ ਇਹਨਾਂ ਦੀ ਹਿੱਕ ਵਿਚ ਵੀ ਧੜਕਦੀ ਹੈ। ਅਸਾਂ ਇਹਨਾਂ ਅੱਖੀਆਂ ਨਾਲ ਇਹਨਾਂ ਹੀਰਿਆਂ ਨੂੰ ਡੂੰਘੀਆਂ ਸ਼ਾਮਾਂ ਵਿਚ ਸ਼ਹੀਦੀ-ਫੰਡ ਇਕੱਤਰ ਕਰਦਿਆਂ ਤੱਕਿਆ ਹੈ। ਗੁਰ-ਸਥਾਨਾਂ ਦੀ ਕਾਰ-ਸੇਵਾ ਕਰਦਿਆਂ ਡਿੱਠਾ ਹੈ। ਕਿਸੇ ਧਾਰਮਿਕ-ਅਸਥਾਨ ਦੀ ਉਗਰਾਹੀ ਹੋਵੇ ਜਾਂ ਸਿੱਖ-ਸੰਘਰਸ਼ ਸਬੰਧੀ ਕੋਈ ਕਾਰਜ, ਇਹ ਕੌਮ-ਧਨ ਕੌਮ ਲਈ ਨਿਛਾਵਰ ਕਰ, ਦਿਨ-ਰਾਤ ਇਕ ਕਰਦੇ ਹਨ। ਉਤੋਂ ਵਾਧਾ ਇਹ ਹੈ ਕਿ ਇਹ ਸਾਧਾਰਨ ਸਿੱਖ ਤੇ ਨੌਜਵਾਨ, ਗੱਲਾਂ-ਭਾਸ਼ਣਾਂ ਤੋਂ ਕੋਹਾਂ ਦੂਰ ਹਨ। ਕਿਸੇ ਚੌਧਰ ਦੇ ਤਲਬਗਾਰ ਨਹੀਂ। ਕਿਸੇ ਕੁਰਸੀ ਲਈ ਕੁੱਕੜ-ਖੋਹੀ, ਖਿੱਚਾ-ਧੂਹੀ ਨਹੀਂ ਕਰਦੇ !

ਦੇਸ਼ ਵਿਚ ਚੱਲ ਰਹੀ ਕੌਮੀ ਜੱਦੋ-ਜਹਿਦ ਵਿਚ ਇਹਨਾਂ ਦਾ ਯੋਗਦਾਨ ਕਿਸੇ ਤੋਂ ਭੁੱਲਾ ਨਹੀਂ। ਰੂਪੋਸ਼ ਰਹਿ, ਜਾਨਾਂ ਤਲੀ ਤੇ ਧਰ ਤੇ ਲੜਨ ਵਾਲੇ ਇਹਨਾਂ ਯੋਧਿਆਂ ਵਿਚੋਂ ਅਣਗਣਿਤ ਕੇਸਾਂ ਤੋਂ ਵਿਹੂਣੇ ਹਨ ਪਰ ਇਹਨਾਂ ਦੂਲਿਆਂ ਦੀ ਦਲੇਰੀ, ਕੌਮੀ-ਅਣਖ ਦੀ ਬਹਾਲੀ ਲਈ ਕੀਤੀ ਬਹਾਦਰੀ, ਕੌਮ ਦੀ ਕਿਸਮਤ ਸਵਾਰਨ ਲਈ ਦਿੱਤੀ ਕੁਰਬਾਨੀ ਤੇ ਇਸ ਸੰਗੀਨ-ਹਾਲਤ ਵਿਚ ਵੀ ਸਿੱਖਾਂ ਦੀ ਜੰਗੇ ਆਜ਼ਾਦੀ ਨੂੰ ਅੱਗੇ ਤੋਰੀ ਜਾਣ ਦੀ ਜੁੱਰਅਤ ਤੇ ਅਸੀਂ ਫਖਰ ਕਰਦੇ ਹਾਂ। ਰੋਜ਼ ਜੈਕਾਰੇ ਛੱਡਦੇ ਹਾਂ !

ਸਿੱਖ ਇਕ ਘੱਟ-ਗਿਣਤੀ ਕੌਮ ਹੈ ਜਿਸ ਦਾ ਵੱਡਾ ਭਾਗ ਅੰਮ੍ਰਿਤ-ਵਿਹੂਨ ਸਿੱਖਾਂ ਦਾ ਹੈ। ਪਰ ਜੇ ਸਿੱਖ-ਸੰਸਥਾਵਾਂ ਤੇ ਵਰਤਮਾਨ-ਸਿੱਖ ਜੱਦੋ-ਜਹਿਦ ਵਿਚ ਉਹ ਬਾਵਜੂਦ ਆਪਣੇ ਸਾਬਤ-ਸੂਰਤ ਨਾ ਹੋਣ ਦੇ ਏਨੀ ਮੁਆਰਕੇ-ਖੇਜ਼ ਭੂਮਿਕਾ ਨਿਭਾਅ ਰਹੇ ਹਨ ਤਾਂ ਉਹਨਾਂ ਨੂੰ ਅਣਗੌਲੇ ਕਰਨਾ ਨਾ ਕੌਮ ਦੇ ਹਿੱਤ ਵਿਚ ਹੈ ਤੇ ਨਾ ਕਿਸੇ ਅੰਮ੍ਰਿਤਧਾਰੀ ਸਿੰਘ ਵਲੋਂ ਇਹਨਾਂ ਨਾਲੋਂ ਆਪਣੇ ਆਪ ਨੂੰ ਵਧੀਆ ਸਿੱਖ ਕਹਿਣਾ ਸਿੱਖੀ-ਅਸੂਲਾਂ ਦੇ ਅਨੁਕੂਲ !

ਸੰਤ ਜਰਨੈਲ ਸਿੰਘ ਖਾਲਸਾ ਦੇ ਸੁੱਚੇ-ਕਿਰਦਾਰ ਦੀ ਕਸ਼ਿਸ਼ ਨੇ ਅਣਗਿਣਤ ਨਾਸਤਿਕ ਤੇ ਪਤਿਤ-ਨੌਜਵਾਨਾਂ ਨੂੰ ਵੀ ਆਪਣੇ ਵੱਲ ਖਿੱਚ ਲਿਆ ਸੀ। ਨਿਰਸੰਦੇਹ ਇਹ ਖੰਡੇ-ਬਾਟੇ ਦੇ ਅੰਮ੍ਰਿਤ ਦਾ ਇਕ ਸੁੱਚਾ-ਚਮਤਕਾਰ ਸੀ ਕਿਉਂਕਿ ਅੰਮ੍ਰਿਤ, ਕਲਗੀਧਰ ਪਿਤਾ ਦੀ ਬਖਸ਼ੀ ਅਜਿਹੀ ਬਖਸ਼ਿਸ਼ ਜਾਂ ਸ਼ਕਤੀ ਹੈ ਜਿਥੇ ਇਹ ਇਕ ਸਿੱਖ ਦੀਆਂ ਰਗਾਂ ਵਿਚ ਬੀਰਤਾ ਦਾ ਸੰਚਾਰ ਕਰਦੀ ਹੈ ਉਥੇ ਇਹ ਉਸ ਦੇ ਮਨ ਨੂੰ ਨੀਵਾਂ ਤੇ ਮੱਤ ਨੂੰ ਉਚਾ ਵੀ ਕਰਦੀ ਹੈ। ਇਸ ਨਾਲ ਸਿੱਖ ਦੇ ਮਨ ਵਿਚੋਂ ਹਉਮੈ ਅਥਵਾ ਹੰਕਾਰ ਖੰਭ ਲਾ ਕੇ ਉਡ ਜਾਂਦਾ ਹੈ ਤੇ ਨਿੰਮਰਤਾ ਪ੍ਰਵੇਸ਼ ਕਰ ਜਾਂਦੀ ਹੈ। ਅੰਮ੍ਰਿਤ ਛਕ ਕੇ ਉਹ ਆਪਣੇ ਆਪ ਨੂੰ ਸਾਧਾਰਨ ਸਾਥੀ ਮਨੁਖਾਂ ਨਾਲੋਂ 'ਸੁਪੀਰੀਅਰ' ਹੋਣ ਦਾ ਦਾਅਵਾ ਨਹੀਂ ਜਿਤਲਾਉਂਦਾ ਸਗੋਂ ਗੁਰੂ ਤੋਂ ਵਰੋਸਾਅ ਕੇ ਰਿਦੇ ਗਰੀਬੀ ਧਾਰਨ ਕਰਦਾ ਹੈ, ਵਧੇਰੇ ਸਨਿਮਰ ਹੁੰਦਾ ਹੈ ਤੇ ਸਾਥੀ ਮਨੁੱਖਾਂ ਲਈ 'ਭਉ' ਨਹੀਂ 'ਭਾਓ' ਦਾ ਪ੍ਰਤੀਕ ਹੋ ਨਿਬੜਦਾ ਹੈ। ਅੰਮ੍ਰਿਤ ਦਾ ਜਲਵਾ ਮਨੁੱਖ ਨੂੰ ਚੰਦਨ ਬਣਾ ਦਿੰਦਾ ਹੈ ਜਿਸ ਦੀ ਪ੍ਰੇਮ-ਮਈ ਸੁਗੰਧੀ, ਨਾਲ ਦੇ ਮਨੁੱਖਾਂ ਨੂੰ ਚੰਦਨ ਕਰ ਸਕਦੀ ਹੈ।

ਚੰਦਨ ਦੇ ਰੁੱਖੋ ! ਸਿੱਖ-ਚਮਨ ਤੇ ਅੱਜ ਅੱਗ ਬਰਸ ਰਹੀ ਹੈ। ਇਸ ਚਮਨ ਵਿਚ ਤੁਹਾਡੇ ਤੋਂ ਵੱਧ ਹੋਰ ਵੀ ਬੇਅੰਤ ਬੂਟੇ ਹਨ ਜਿਹਨਾਂ ਦਾ ਅੰਗ-ਅੰਗ ਅੱਜ ਕੌਮ ਲਈ ਹਾਜ਼ਰ ਹੈ। ਤੁਸੀਂ ਇਹਨਾਂ ਨੂੰ ਇਹਨਾਂ ਤੋਂ ਉਚੇ ਹੋ ਕੇ ਨਹੀਂ, ਗੁਰ-ਸਿੱਖਿਆ ਅਨੁਸਾਰ ਨੀਵੇਂ-ਨਿਮਰ ਹੋ ਕੇ ਮਿਲੋ ! ਇਹ ਇਸ ਚਮਨ ਦੀ ਰਖਵਾਲੀ ਦੇ ਦਾਅਵੇਦਾਰ ਹਨ। ਇਸ ਦੇ ਵਾਰਸ ਹਨ !! ਇਹਨਾਂ ਨੂੰ ਆਪਣੇ ਨਾਲ ਜੋੜੋ, ਤੋੜੋ-ਵਿਛੋੜੋ ਨਾ !!

' ਜਾਗੋ-ਇੰਟਰਨੈਸ਼ਨਲ '
(ਅਗਸਤ, 1988)

ਦੋ ਗੱਲਾਂ-ਕੌਮ ਦੇ ਯੋਧੇ-ਜਰਨੈਲ ਨਾਲ !

ਸੁਣੀਂ ਸੁੱਤਿਆ ਸ਼ੇਰ ਜਰਨੈਲ ਸਿੰਘਾ ਤੈਨੂੰ ਝੂਣ ਕੇ ਫੇਰ ਜਗਾਉਂਣ ਲੱਗਿਆਂ!
ਦਸਤਕ ਤੇਰੇ ਦਰਵਾਜ਼ੇ ਦੇਹ ਦਰਦਮੰਦਾ-ਤੈਨੂੰ ਕੌਮ ਦਾ ਦਰਦ ਸੁਣਾਉਂਣ ਲੱਗਿਆਂ।
ਰਿਸਦਾ ਪਿਆ ਹੈ ਜੋ ਨਾਸੂਰ ਬਣ ਕੇ ਤੈਨੂੰ ਸੀਨੇ ਦਾ ਜ਼ਖਮ ਦਿਖਾਉਂਣ ਲੱਗਿਆਂ।
ਜਿਹੜੀ ਕੌਮ ਲਈ ਹੱਸ ਕੁਰਬਾਨ ਹੋਇਓਂ ਉਹਦੇ ਹਾਲ ਤੇ ਹੰਝੂ ਵਹਾਉਂਣ ਲੱਗਿਆਂ।
ਸੋਹੀਆਂ ਕੁਲ ਸਰਦਾਰੀਆਂ ਨਾਲ ਤੇਰੇ ਤੇਰੇ ਬਾਝ ਅੱਜ ਖੱਜਲ-ਖੁਆਰੀਆਂ ਨੇ !
ਬਾਝ ਤੇਰੀ ਕਮਾਨ ਜਰਨੈਲ ਸਿੰਘਾ-ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ !!

ਤੂੰ ਸੈਂ ਪੁੱਤ ਦਸਮੇਸ਼ ਦਾ ਸ਼ੇਰ ਦੂਲਾ ਜਿਸਨੇ ਸ਼ਾਨ ਚਮਕਾਈ ਸੀ ਖਾਲਸੇ ਦੀ।
ਆਪ ਸੌਂ ਗਿਓਂ ਲੰਮੀਆਂ ਤਾਣ ਭਾਵੇਂ ਸੁੱਤੀ ਕੌਮ ਜਗਾਈ ਸੀ ਖਾਲਸੇ ਦੀ।
ਖੇਡ ਗਿਆ ਤੂੰ ਆਪਣੀ ਜਾਨ ਉਤੇ ਗੈਰਤ ਰੱਖ ਵਿਖਾਈ ਸੀ ਖਾਲਸੇ ਦੀ।
ਗੂੰਜੇ ਫਿਜ਼ਾ ਵਿਚ ਸਿੱਖੀ ਦੇ ਬੋਲਬਾਲੇ ਮੁਤ ਕੇ ਭੱਲ ਬਣਾਈ ਸੀ ਖਾਲਸੇ ਦੀ।
ਕਿਹੜੇ ਦੁਸ਼ਮਣਾਂ ਤੈਨੂੰ ਸੀ ਮਾਰ ਲੈਣਾ ਅਸੀਂ ਤੇਰੇ ਹੀ ਤੈਨੂੰ ਜੇ ਮਾਰਦੇ ਨਾ !
ਦਿੱਲੀ ਰਹਿੰਦੀ ਅੰਗਿਆਰਿਆਂ ਸਦਾ ਤੁਰਦੀ ਤੈਨੂੰ ਆਪਣੇ ਹੀ ਜੇਕਰ ਠਾਰਦੇ ਨਾ !!

ਪਾਪੀ ਪਰਬਤਾਂ ਨੂੰ ਕਾਂਬਾ ਛੇੜਿਆ ਤੂੰ, ਤੂੰ ਸੀ ਦੁਸ਼ਮਣਾਂ ਲਈ ਲਲਕਾਰ ਬਣਿਆ।
ਜੇਕਰ ਝੁਕੀ ਤਾਂ ਝੁਕੀ ਸਰਕਾਰ ਕਦਮੀਂ ਕਦੇ ਨੂੰ ਨਾ ਤਬਿਆਦਾਰ ਬਣਿਆ।
ਤੇਰਾ ਆਰ-ਪੁਵਾਰ ਸੀ ਪੰਥ ਸਾਰਾ ਫੌਕਰ ਤੂੰ ਸੀ ! ਸ਼ਾਹ-ਸਵਾਰ ਬਣਿਆ।
ਬਣਿਆ ਢਾਲ ਮਜ਼ਲੂਮ ਦੀ ਸ਼ੇਰ-ਮਰਦਾ ! ਜਾਲਮ ਵਾਸਤੇ ਤੇਜ਼-ਤਲਵਾਰ ਬਣਿਆ।
ਤੂੰ ਸੈਂ ਇਕ ਨਲੂਆ ਤੂੰ ਸੈਂ ਇਕ ਬੰਦਾ, ਤੂੰ ਪਰ ਰਾਜ ਨਹੀਂ ਮੰਗਿਆ ਵੰਸ਼ ਖਾਤਰ !
ਤੇਰਾ ਜੀਣ ਵੀ ਸੀ ਗ੍ਰੰਥ-ਪੰਥ ਖਾਤਰ ਤੇਰਾ ਮਰਨ ਵੀ ਸੀ ਗ੍ਰੰਥ-ਪੰਥ ਖਾਤਰ !!

ਤੂੰ ਤੇ ਕੁਰਸੀ ਨੂੰ ਕੱਖ ਵੀ ਸਮਝਿਆ ਨਾ ਆ ਕੇ ਸਾਡਾ ਵੀ ਅੱਜ ਕਿਰਦਾਰ ਵੇਖੀਂ।
ਖੋਲੋਂ ਆਪਣੇ ਦੀ ਲਈ ਸਾਰ ਨਾ ਤੂੰ ਜ਼ਰਾ ਸਾਡੇ ਵੀ ਆਣ ਘਰ-ਬਾਰ ਵੇਖੀਂ।
ਪੰਥ ਪਹਿਲੋਂ ਸੀ ਤੈਨੂੰ ਪੁਵਾਰ ਨਾਲੋਂ, ਸਾਡਾ ਨਾਲ ਪੁਵਾਰ ਪਿਆਰ ਵੇਖੀਂ।
ਤੂੰ ਤਾਂ ਸੰਗਤਾਂ ਦੇ ਜੋੜੇ ਝਾੜਦਾ ਸੈਂ ਜ਼ਰਾ ਸਾਡਾ ਵੀ ਕਿਬਰ-ਹੰਕਾਰ ਵੇਖੀਂ।
ਪੱਗ ਬ੍ਰੰਨੀ ਤੂੰ ਕੌਮ ਦੇ ਸੀਸ ਉਤੇ ਤੇਰੀ ਬ੍ਰੰਨੀ ਵੀ ਅਸੀਂ ਹਾਂ ਢਾਈ ਜਾਂਦੇ!
ਮਾਣ ਉਘੁਰਦਾ ਸੀ ਤੈਨੂੰ ਕੌਮ ਕੋਲੋਂ ਇਕ ਅਸੀਂ ਹਾਂ ਮਾਇਆ ਉਘੁਰਾਈ ਜਾਂਦੇ !!

ਦਸਮ ਪਿਤਾ ਦੇ ਸੰਤ-ਸਿਪਾਹੀ ਪੁੱਤਾ ! ਆ ਜਾ ਦੇਖ ਕੀ ਖੇਹ ਉਡਾ ਰਹੇ ਹਾਂ।
ਤੁਰਨਾ ਕਿਹਾ ਤੂੰ ਇਕ ਨਿਸ਼ਾਨ ਥੱਲੇ ਜਿਧਰ ਮੂੰਹ ਆਉਂਦਾ ਉਧਰ ਜਾ ਰਹੇ ਹਾਂ।
ਧੜੇ ਸਿਰਜ ਕੇ ਧੜਾਂ ਦੀ ਲਾ ਬਾਜ਼ੀ ਬਿਨਾ ਸਿਰਾਂ ਤੋਂ ਵੀ ਲੜੀ ਜਾ ਰਹੇ ਹਾਂ।
ਸਾਡੇ ਸਿਦਕ ਦੀ ਵੇਖ ਲੈ ਹੱਦ ਮੁੱਕੀ ਆਪੋ ਵਿਚ ਤਲਵਾਰਾਂ ਵੀ ਵਾਹ ਰਹੇ ਹਾਂ।
'ਸਿਰ ਜਾਏ ਤਾਂ ਜਾਏ, ਨਾ ਜਾਏ ਸਿੱਖੀ' ਸੀ ਇਹ ਸੀ ਭੋਲਿਆ ਤੇਰੀ ਜ਼ੁਬਾਨ ਉਤੇ !
ਜਾਵੇ ਸਿਰ ਪਰ ਕੁਰਸੀ ਨਹੀਂ ਜਾਣ ਦਿੰਦੇ ਪਿਰਤ ਪਾਉਂਨੇ ਹਾਂ ਨਵੀਂ ਜਹਾਨ ਉਤੇ !!

ਚੌਣ ਲੜਾਂਗੇ ਕਰਾਂਗੇ ਚਾਅ ਪੂਰੇ ਰਾਜ ਕਰਾਂਗੇ ਅਸੀਂ ਪੰਜਾਬ ਉਤੇ।
ਅਸੀਂ ਸਿੰਘ ਬੇਦਾਵਾ ਉਹ ਲਿਖਣ ਵਾਲੇ ਮੁਤਨਾ ਨਹੀਂ ਖਿਦਰਾਣੇ ਦੀ ਢਾਬ ਉਤੇ।
ਮੂਰਖ ਹਨ ਤਲਵਾਰ ਜੋ ਹੱਥ ਰੱਖਣ ਹੱਥ ਰਖਣੈਂ ਅਸੀਂ ਰਬਾਬ ਉਤੇ।
ਝੰਡੀ ਵਾਲਤੀ ਕਾਰ ਦਾ ਠਰਕ ਸਾਨੂੰ ਧਰਨਾ ਪੈਰ ਨਹੀਂ ਮੂਲ ਰਕਾਬ ਉਤੇ।
ਦਸਮ ਪਿਤਾ ਨੇ ਡੇਗਣੈਂ, ਜਾਣਦੇ ਹਾਂ ਐਪਰ ਚੰਮ ਦੀਆਂ ਅਸੀਂ ਚਲਾ ਦਿਆਂਗੇ !
ਸਾਨੂੰ ਪੰਥ ਦੀ ਪਤੀ-ਪ੍ਰਵਾਹ ਕੋਈ ਨਹੀਂ, ਅਸੀਂ ਆਪਣੀ ਹਿੰਡ ਪੁਗਾ ਦਿਆਂਗੇ !!

ਮੇਰੇ ਅਤੇ ਅਵਾਮ ਦੇ ਮਹਿਬੂਬਾ, ਗੁਰੂ ਪੰਥ ਦੇ ਨਾਲ ਨਿਭਾਅ ਗਿਐਂ ਤੂੰ।
ਅਹਿਰਣ ਸੋਲਵੀਂ ਸਦੀ ਦਾ ਪਾ ਲੋਹਾ ਵੀਹਵੀਂ ਸਦੀ ਵਿਚ ਖੰਡਾ ਖਵਕਾ ਗਿਐਂ ਤੂੰ।
ਕਹਿਣ-ਕਰਨ ਦਾ ਕੋਰਾ ਸੁਮੇਲ ਕਰਕੇ ਚਮਤਕਾਰ ਇਹ ਕੋਹਾ ਵਰਤਾ ਗਿਐਂ ਤੂੰ।
ਹਮਲਾ ਹੋਵੇ ਦਰਬਾਰ ਤੇ ਕਿੱਧਰ ਤੁਰਨੈਂ ? ਗੰਜ-ਵੱਜਕੇ ਇਹ ਸਮਝਾ ਗਿਐਂ ਤੂੰ।
ਹੁਣ ਜੇ ਤੁਰਾਂਗੇ ਅਸੀਂ ਨਾ ਰਾਹ ਤੇਰੇ, ਗੁਰੂ ਨਾਂ ਪੰਥ - ਪ੍ਰਵਾਰ ਦੇ ਹਾਂ !
ਸਮਾਂ ਦੱਸੇਗਾ ਕੁਲ ਜਰਨੈਲ ਸਿੰਘਾ ! ਅਸੀਂ ਜਿੱਤਦੇ ਹਾਂ ਕਿ ਹਾਰਦੇ ਹਾਂ !!

(ਅਗਸਤ, 1988)



ਕਿੱਥੇ ਪਹੁੰਚਾਏਗਾ ਤੁਹਾਨੂੰ ? ਇਹ ਆਪਸੀ ਗੱਤਕਾ !

ਗਧੀ-ਗੇੜ ਤੇ ਭੰਬਲ-ਭੂਸੇ 'ਚ ਪਏ ਪੰਥ ਦੀ ਵਰਤਮਾਨ-ਦਸ਼ਾ ਨੂੰ ਦ੍ਰਿਸ਼ਟੀ-ਗੋਚਰ ਕਰਦਿਆਂ ਉਰਦੂ ਸ਼ਾਇਰ ਮਜ਼ਾਜ਼ ਦਾ ਇਕ ਸ਼ਿਅਰ ਯਾਦ ਆਉਂਦਾ ਹੈ :-

" ਰੋਏਂ ਨਾ ਅਭੀ ਅਹਲੇ-ਨਜ਼ਰ ਹਾਲ ਪੇ ਮੇਰੇ
ਹੋਨਾ ਹੈ ਅਭੀ ਮੁਝਕੋ ਖਰਾਬ ਔਰ ਜ਼ਿਆਦਾ ! "

ਅੱਜ ਕੌਮ ਦੇ ਹੱਥਾਂ ਵਿਚਲੇ ਹਰਫਲੇ-ਹਥਿਆਰ ਦੁਸ਼ਮਣ ਵੱਲ ਸਿੱਧੇ ਹੋਣ ਦੀ ਬਜਾਏ ਆਪਸ ਵਿਚ ਕਟਾ-ਵੱਢੀ ਕਰ ਰਹੇ ਹਨ ! ਵੀਯਨ-ਵਿਹੂਣੀ ਸੋਚ ਉਖੜੀ-ਭਟਕੀ ਹੈ !! ਦਿਸ਼ਾ-ਹੀਣ ਪੈਰ ਕਿਸੇ ਜ਼ਾਬਤੇ-ਤਹਿਤ ਮੰਜ਼ਿਲ ਦੀ ਸੇਧ ਤੁਰਨ ਦੀ ਥਾਂਵੇਂ ਕੰਡਿਆਲੇ-ਪਥਰੀਲੇ ਰਾਹੀਂ ਟੂਰ ਟੂਰ ਲਹੂ-ਲੁਹਾਣ ਹਨ !! ਜਜ਼ਬਾਤ ਵਿਚ ਨਾਅਰੇ ਅਸੀਂ ਸਾਰੇ ਸਿੱਖਾਂ ਦਾ ਆਲੀਸ਼ਾਨ ਘਰ ਬਣਾਉਣ ਦੇ ਲਾ ਰਹੇ ਹਾਂ ਪਰ ਪੰਜਾਬ ਖੋਲੇ-ਖੰਡਰ ਬਣ ਰਿਹਾ ਹੈ। ਦੂਰ ਦਿੱਲੀ ਦੀ ਚੰਦਰੀ ਕਿੱਕਰ ਉਤੇ ਕੋਦਰ ਦੀ ਬਾਣੀਆ-ਇੱਲ-ਅੱਖ ਹੱਡਾ-ਰੋੜੀ ਬਣ ਰਹੇ ਪੰਜਾਬ ਤੇ ਮੁਸਕਰਾ ਰਹੀ ਹੈ ! ਜਿੱਥੇ ਅਸੀਂ ਚੌਧਰ ਦੀ ਬੋਟੀ-ਬੋਟੀ ਲਈ ਖਿੱਚਾ-ਧੂਈ ਕਰ ਰਹੇ ਹਾਂ। ਭਰਾ-ਮਾਰੂ-ਜੰਗ 'ਚ ਉਲਝੇ ਇਕ ਦੂਜੇ ਦੀਆਂ ਲਹੂ-ਲੁਹਾਣ ਲਾਸ਼ਾਂ ਨੂੰ ਚੁੰਡ ਰਹੇ ਹਾਂ !

ਗੁਰਮਤਿ ਅਨੁਸਾਰ 'ਇਲੜ ਕਾ ਨਾਉ ਚਉਧਰੀ' ਹੈ। ਜੋ ਸਿੱਖਾਂ ਨਾਲ ਬੀਤੀ ਤੇ ਬੀਤ ਰਹੀ ਹੈ ਜੁ ਸਿੱਖ ਇਸ ਅਵੱਸਥਾ 'ਚ ਵੀ ਚੌਧਰ ਲਈ ਝਗੜਦਾ ਹੈ ਉਹ ਸੋਲਾਂ ਨਹੀਂ ਸਵਾ ਸੋਲਾਂ ਆਨੇ ਇੱਲਤੀ ਹੈ। ਗੁਰਮਤਿ ਦੇ ਉਪਰੋਕਤ ਕਥਨ ਤੋਂ ਮੁਨਕਰ ਹੋਣਾ ਗੁਰਮਤਿ ਤੋਂ ਮੁਨਕਰ ਹੋਣਾ ਹੈ। ਪਰ ਦੇਸ਼-ਵਿਦੇਸ਼ ਵਿਚਲੇ ਜੋ ਲੀਡਰ ਅਜੇ ਵੀ ਸਿੱਖ-ਪੰਥ ਦੇ ਨਾਂ ਉਤੇ, ਸ਼ਹੀਦਾਂ ਦਾ ਨਾਓਂ ਵੇਚਦੇ, ਕੁਰਸੀ ਲਈ ਕੁੱਕੜ-ਖੋਹੀ ਕਰ ਰਹੇ ਹਨ, ਉਹ ਕਦਾਚਿਤ ਪੰਥ ਦੇ ਹਿਤੈਸ਼ੀ ਨਹੀਂ ਸਗੋਂ ਪੰਥ ਦੀ ਮੰਝਧਾਰ ਫਾਥੀ ਬੇਤੀ 'ਚ ਧੜਾ-ਧੜ ਹੋਰ ਵੱਟੇ ਪਾ ਰਹੇ ਹਨ।

ਵਰਤਮਾਨ-ਸਮੇਂ ਦੇ ਸਿਰਮੌਰ ਸ਼ਹੀਦ ਸੰਤ ਜਰਨੈਲ ਸਿੰਘ ਦਾ ਕੱਦ ਸਿੱਖਾਂ ਦੇ ਇਤਿਹਾਸਕ-ਪ੍ਰਸੰਗ ਵਿਚ ਬੰਦਾ ਬਹਾਦਰ ਤੋਂ ਵੀ ਉਚਾ ਹੈ। ਬੰਦਾ ਬਹਾਦਰ ਨੇ ਕਲਗੀਧਰ ਪਾਤਸ਼ਾਹ ਹੱਥੋਂ ਪੰਜ ਤੀਰਾਂ ਦੀ ਬਖਸ਼ਿਸ਼ ਪਾ ਕੇ, ਪੰਥ ਦੀ ਆਨ-ਆਬਰੂ ਲਈ ਜੂਝ ਕੇ ਸਿੱਖਾਂ ਦੀ ਭੱਲ ਬਣਾਈ ਸੀ ਪਰ ਉਸ ਦੇ ਸਿੱਖੀ-ਸਿਧਾਂਤਾਂ ਤੋਂ ਬਿਤਰ ਜਾਣ ਕਾਰਨ 1714 ਨਜ਼ਦੀਕ ਫਰਖਸੀਅਰ ਦੇ ਜ਼ਮਾਨੇ ਤਾਕਤ ਦੇ ਨਸ਼ੇ ਵਿਚ ਉਸਦਾ ਅੰਤ ਹੀ ਹਕੂਮਤ ਹੱਥੋਂ ਨਹੀਂ ਹੋਇਆ ਸਗੋਂ ਉਸ ਹੱਥੋਂ ਪੰਥ ਦੇ ਦੋ ਟੁਕੜੇ ਹੋ ਗਏ ਸਨ। ਪਰ ਚੁਰਾਸੀ 'ਚ ਇੰਦਰਾ ਗਾਂਧੀ ਦੇ ਕਾਲੇ-ਕਾਲ ਵਿਚ ਸ਼ਹੀਦੀ ਜਾਮ ਪੀ ਗਏ ਮਰਦੇ-ਮਜਾਹਿਦ ਸੰਤ ਜਰਨੈਲ ਸਿੰਘ ਦਾ ਰੁਤਬਾ ਕਈ ਪਹਿਲੂਆਂ ਵਿਚ ਬੰਦਾ ਬਹਾਦਰ ਤੋਂ ਵੀ ਉਚਾ ਹੋ ਨਿਬੜਦਾ ਹੈ ਜਿਸਦੇ ਹੱਥ ਵਿਚਲਾ ਇਕੋ ਇਕ ਤੀਰ ਗੁਰੂ ਦਰਬਾਰ ਤੇ ਖਾਲਸਾ-ਪੰਥ ਦੇ ਕਦਮਾਂ ਵਿਚ ਵੀ ਢਹਿੰਦਾ ਰਿਹਾ ਤੇ ਜਿਸ ਦੀ ਮੱਘੂਦੀ-ਦਗਦੀ ਲੋਅ ਤੋਂ ਉਸਦੇ ਹੁੰਦਿਆਂ ਦਿੱਲੀ ਸਦਾ ਦਹਿਲਦੀ ਰਹੀ। ਉਹ ਅੰਤ ਤੱਕ ਨਾ ਸਿੱਖੀ ਦੇ ਸਿਧਾਂਤਕ ਪੈਂਹੇ ਤੇ ਤੁਰਨੋਂ ਬਿਤਕਿਆ ਤੇ ਨਾ ਉਸ ਪੰਥ ਦੇ ਧੜਿਆਂ ਦੇ ਪੇਚੇ ਹੀ ਪੁਆਏ। ਪਰ ਚੌਧਰ ਲਈ ਝਗੜਨ ਵਾਲੇ ਕੌਮ ਦੇ ਸੁਆਰਥੀ ਚੌਧਰੀਆਂ ਨੇ ਖੁਦ ਉਸ ਹੀਰੇ ਨੂੰ ਮਿੱਟੀ ਵਿਚ ਰੋਲਿਆ ਵਰਨਾ ਉਸ ਹੱਥੋਂ ਕੌਮ ਦਾ ਕੀ ਨਹੀਂ ਸੀ ਬਣ ਸਕਦਾ ? ਜਜ਼ਬੀ ਲਿਖਦਾ ਹੈ :-

ਜਬ ਕਸ਼ਤੀ ਸਾਬਿਤ-ਓ-ਸਾਲਿਮ ਥੀ
ਸਾਹਿਲ ਕੀ ਤਮੰਨਾ ਕਿਸ ਕੋ ਥੀ ?
ਅਬ ਏਸੀ ਸ਼ਿਕਸਤਾ ਕਸ਼ਤੀ ਪਰ
ਸਾਹਿਲ ਕੀ ਤਮੰਨਾ ਕੌਨ ਕਰੇ ?

ਇਹ ਇਤਿਹਾਸਕ ਸੱਚਾਈ ਹੈ ਕਿ ਬੰਦਾ ਬਹਾਦਰ ਦੀ ਸ਼ਹਾਦਤ ਉਪਰੰਤ ਹਕੂਮਤ ਨੇ ਆਪਸੀ ਫੂੱਟ ਕਾਰਨ ਸਿੱਖਾਂ ਤੋਂ ਆਪਣੀਆਂ ਸ਼ਰਤਾਂ ਗਿਣ ਗਿਣ ਕੇ ਮੰਨਵਾਈਆਂ ਸਨ ਪਰ ਸੰਤ

ਜਰਨੈਲ ਸਿੰਘ ਦੀ ਸ਼ਹਾਦਤ ਉਪਰੰਤ ਜੋ ਚੌਧਰ ਦੀ ਘੜਮੱਸ-ਚੌਦੇਂ ਕੌਮੀ-ਸਫਾਂ 'ਚ ਅੱਜ ਪਈ ਹੈ, ਜੇ ਗੁਰੂ ਕੇ ਲਹੂ ਲੁਹਾਣ ਪੰਥ ਦੀ ਵਰਤਮਾਨ-ਦਸ਼ਾ ਤੇ ਤਰਸ ਖਾ ਕੇ ਸਿੱਖ-ਲੀਡਰਾਂ ਨੇ ਕੁਰਸੀ-ਲਾਲਸਾ ਨੂੰ ਨਾ ਤਿਆਗਿਆ ਤਾਂ ਸਿੱਖ ਹੁਣ ਹੋਰ ਬਹੁਤੀ ਦੇਰ ਖੁਸ਼ਫਹਿਮੀ ਦੇ ਬ੍ਰਿਛ ਦੀ ਛਾਂਵੇਂ ਨਹੀਂ ਬੈਠ ਸਕਣਗੇ ਤੇ ਲੰਬੇ ਸਮੇਂ ਲਈ ਦਿੱਲੀ-ਦਰਬਾਰ ਦੇ ਪੁਆਂਦੀਂ ਬਹਿਣ ਦੇ ਸਿਵਾ ਕੌਮ ਕੋਲ ਹੋਰ ਕੋਈ ਚਾਰਾ ਨਹੀਂ ਰਹੇਗਾ।

ਬੰਦਾ ਬਹਾਦਰ ਉਪਰੰਤ ਤੱਤ-ਫੱਟ ਹਕੂਮਤ ਨਾਲ ਤਹਿ ਹੋਈਆਂ ਸ਼ਰਤਾਂ ਵਿਚ ਹਿੰਦੂ, ਸਿੱਖਾਂ ਦੇ ਪ੍ਰਛਾਵੇਂ ਵਿਚ ਇਹਨਾਂ ਦੀ ਅਰਦਲ ਵਿਚ ਖ਼ੂਤੇ ਸਨ ਪਰ ਅੱਜ ਦੇ ਬਦਲੇ ਹਾਲਾਤ ਵਿਚ ਸਿੱਖਾਂ ਦਾ ਇਹ ਪ੍ਰਛਾਵਾਂ ਖੁਦ ਸਿੱਖਾਂ ਨੂੰ ਨਿਘਾਰਨ ਲਈ ਹਾਬੜਿਆ ਹੋਇਆ ਹੈ। ਉਦੋਂ 1725 'ਚ ਤੱਤ-ਖਾਲਸੇ ਤੇ ਬੰਦਈ-ਖਾਲਸੇ ਦੇ ਝਗੜੇ ਨੂੰ ਭਾਈ ਮਨੀ ਸਿੰਘ ਵਰਗੇ ਦੂਰ-ਦ੍ਰਿਸ਼ਟ, ਸਰਬ-ਪ੍ਰਵਾਨਿਤ ਤੇ ਮੁਹਤਬਰ ਸਿੱਖ ਨੇ ਸਰੋਵਰ 'ਚ ਪਰਚੀਆਂ ਸੁੱਟ ਕੇ ਸੰਭਾਲ ਲਿਆ ਸੀ ਤੇ ਬੰਦਈ-ਖਾਲਸੇ ਉਤੇ ਤੱਤ-ਖਾਲਸਾ ਵਿਜਈ ਹੋ ਗਿਆ ਸੀ ਪਰ ਅੱਜ ਸੰਤ ਜਰਨੈਲ ਸਿੰਘ ਦੇ ਤੁਰ ਜਾਣ ਉਪਰੰਤ ਸਿੱਖਾਂ ਨੂੰ ਕੋਣ ਭਾਈ ਮਨੀ ਸਿੰਘ ਨਜ਼ਰ ਆ ਰਿਹਾ ਹੈ, ਜਿਸ ਦੀ ਉਸ ਸਾਰੇ ਮੰਨ ਲੈਣਗੇ ? ਅੱਜ ਪੰਜਾਬ 'ਚ ਤੱਤ-ਖਾਲਸੇ ਦਾ ਦਿਨ-ਰਾਤ ਵਧਾਂਗਾ ਹੋ ਰਿਹਾ ਹੈ। ਪੰਜਾਬ ਅੱਜ ਸਿੱਖ-ਸੰਘਰਸ਼ ਲਈ ਜੂਝਦੇ ਖਾੜਕੂ ਜਰਨੈਲਾਂ ਤੋਂ ਤੇਜ਼ੀ ਨਾਲ ਵਿਹੂਣਾ ਹੋ ਰਿਹਾ ਹੈ। ਸ਼ਹੀਦਾਂ ਦੇ ਲਾ-ਵਾਰਸ ਪ੍ਰਵਾਰ ਬੱਚੇ, ਉਦਾਸੀ ਵਿਚ ਅਸਤ ਹੋ ਰਹੇ ਹਨ। ਪੰਜਾਬ ਦਾ ਆਰਥਿਕ-ਢਾਂਚਾ ਕਾਨਿਆਂ ਦੇ ਬੋਤੇ ਵਾਂਗ ਧਰਤ ਤੇ ਡਿੱਗ ਪਿਆ ਹੈ। ਸਿੱਖਾਂ ਦੇ ਧਰਮ-ਅਸਥਾਨਾਂ ਤੇ ਲੱਗੇ ਸਰਕਾਰੀ-ਜੰਦਰਿਆਂ ਦੀਆਂ ਚਾਬੀਆਂ ਸਰਕਾਰੀ ਅਰਦਲੀਆਂ ਦੇ ਬੋਝਿਆਂ 'ਚ ਹਨ। ਸਿੱਖ-ਸੰਸਥਾਵਾਂ ਤੇ ਬ੍ਰੂੰਨੇ ਸਰਕਾਰੀ ਜੱਤਲ-ਜਾਨਵਰ ਸਰਕਾਰੀ ਸ਼ਹਿ ਤੇ ਭੌਂਕ ਭੌਂਕ ਸਿੱਖ-ਮਰਿਆਦਾ ਦੀਆਂ ਖ਼ੁਦ ਧਜੀਆਂ ਉਡਾ ਰਹੇ ਹਨ। ਸਿੱਖ-ਧਰਮ ਦੀ ਸੁਪਰੀਮ-ਅਥਾਰਿਟੀ ਸ੍ਰੀ ਅਕਾਲ ਤਖਤ ਸਾਹਿਬ ਦੇ ਇਕੋ ਸਮੇਂ ਦੋ-ਦੋ, ਤਿੰਨ-ਤਿੰਨ ਜਥੇਦਾਰ ਬਣਦੇ ਹਨ। ਸਿੱਖਾਂ ਦੇ ਧਰਮੀ-ਆਕਾਰ ਗਲੋਂ ਸਰਕਾਰ ਆਪਣੇ ਹੱਥੀਂ ਬੜੇ ਆਰਾਮ ਨਾਲ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਉਤਾਰ-ਅਲੱਗ ਕਰ ਰਹੀ ਹੈ। ਪਰ ਅਸੀਂ ਸਿੱਖ ਹਾਂ-ਜੋ ਆਪਣੀਆਂ ਸਰਕਾਰ-ਮਾਰੀਆਂ ਸੰਸਥਾਵਾਂ ਦੀਆਂ ਤੜਫਦੀਆਂ ਲੋਥਾਂ ਤੋਂ ਵਰ੍ਹਦੀਆਂ ਗੋਲੀਆਂ ਵਿਚ ਵੀ ਆਪਣੀਆਂ ਚੌਧਰ ਦੀਆਂ ਲਾਲਸੀ ਚੁੰਝਾਂ ਨਾਲ ਇਹਨਾਂ ਦਾ ਮਾਸ ਨੋਚ ਰਹੇ ਹਾਂ। ਅਸੀਂ ਸਿੱਖ ਹਾਂ-ਜੋ ਵਿਦੇਸ਼ਾਂ 'ਚ ਵੀ ਸਿਰ ਨਹੀਂ ਜੋੜ ਰਹੇ ਸਗੋਂ ਦੇਸ਼ ਵਿਚਲੇ ਪਾਰਟੀ ਭਰੱਪੇ ਦੀ ਛੂਤ ਦੀ ਬਿਮਾਰੀ ਵਿਦੇਸ਼ਾਂ 'ਚ ਲਿਆ ਕੇ ਤੇ ਉਸਦਾ ਕੋਹੜ ਆਪਣੇ ਅੰਗੀਂ ਲਾ ਕੇ ਉਸਦੀ ਜਲਨ ਨਾਲ ਮੱਚ ਰਹੇ ਹਾਂ। ਸਾਨੂੰ ਕੌਮ ਲਈ ਸ਼ਹੀਦ ਹੋਇਆਂ ਦੇ ਪ੍ਰਵਾਰਾਂ ਨਾਲੋਂ ਆਪਣੀ ਚੌਧਰ ਨੂੰ ਪਾਲਣ ਦਾ ਵਧੇਰੇ ਚਸਕਾ ਹੈ। ਕੀ ਅਸੀਂ ਕਦੇ ਗੰਭੀਰਤਾ ਨਾਲ ਸੋਚਿਆ ਹੈ ਕਿ ਅਸੀਂ ਆਨੰਦਪੁਰ ਮਤੇ ਦੀਆਂ ਮੰਗਾਂ ਲਈ ਮੋਰਚਾ ਵਿੱਢਣ ਤੋਂ ਮਗਰੋਂ ਹੁਣ ਤੱਕ ਕੀ ਕੀ ਖੱਟਿਆ ਹੈ ? ਹੁਣ ਤੱਕ ਸਾਡੇ ਪੱਲੇ ਹੀ ਕੀ ਰਿਹਾ ਹੈ ? ਆਪਣੇ ਸਮੇਂ ਦਾ ਮਹਾਨ ਮਨੁੱਖ ਸੰਤ ਜਰਨੈਲ ਸਿੰਘ ਹੀ ਨਹੀਂ ਹੁਣ ਤੱਕ ਕਿੰਨੇ ਕੌਮੀ-ਹੀਰੇ ਸਾਡੇ ਤਾਜ 'ਚੋਂ ਕਿਰੇ ਹਨ ? ਸਾਡੇ ਸਿਰ ਤੇ ਹੁਣ ਤਾਜ ਹੈ ਹੀ ਕਿੰਥੇ ? ਕੀ ਅਸੀਂ ਕਦੇ ਸੋਚਿਐ ਕਿ ਜੇ ਪੰਜਾਬ ਦੇ ਖਾੜਕੂ ਇਸੇ ਤਰਾਂ ਇਕ ਇਕ ਕਰਕੇ ਤੁਰਦੇ ਗਏ, ਸੁਆਰਥੀ-ਲੀਡਰਾਂ ਦੀ ਅਣਗਹਿਲੀ ਜਾਂ ਆਪਸੀ-ਫੁੱਟ ਕਾਰਨ ਇਸੇ ਤਰਾਂ ਮਰਦੇ ਰਹੇ ਤਾਂ ਪੰਜਾਬ ਦੇ ਉਚੇ ਸ਼ੁਮਲੇ ਦਾ ਕੀ ਬਣੇਗਾ ? ਅੰਮ੍ਰਿਤਸਰ ਵਿਚ ਲਹਿਰਦੇ ਤੇ ਆਨੰਦਪੁਰ ਦੀ ਠੇਰੀ ਤੇ ਫਹਿਰਦੇ ਕੇਸਰੀ-ਨਿਸ਼ਾਨਾਂ ਦਾ ਕੀ ਬਣੇਗਾ ? ਦੇਸ਼-ਵਿਦੇਸ਼ 'ਚ ਅਜੇ ਵੀ ਚੌਧਰ ਲਈ ਲਾਲਾਂ ਸਿੱਟਦੇ ਤੇ ਝਗੜਦੇ ਸਿੱਖ-ਲੀਡਰੋ ! ਰੰਗਲੇ-ਪੰਜਾਬ ਦੇ ਜਿਹੜੇ ਰੰਗੀਂ ਵਸਦੇ ਦੀਪਾਵਲੇ-ਘਰਾਂ ਦੇ ਚਰਾਗ ਸਦਾ ਲਈ ਗੁੱਲ ਹੋ ਗਏ ਹਨ, ਉਹਨਾਂ ਹਨੇਰੇ-ਘਰਾਂ ਦੀਆਂ ਕੰਧੋਲੀਆਂ ਨਾਲ ਲੱਗ ਲੱਗ ਰੋਂਦੀਆਂ ਮਾਵਾਂ ਦੀਆਂ ਅੱਖਾਂ ਛੁੱਲ-ਛੁੱਲ ਕੇ ਭਰ ਰਹੀਆਂ ਹਨ ਤੇ ਤੁਹਾਥੋਂ ਇਕੋ ਪ੍ਰਸ਼ਨ ਪੁੱਛ ਰਹੀਆਂ ਹਨ- ਕੀ ਤੁਹਾਡਾ ਆਪਸ ਵਿਚ ਉਲਝਣਾ ਤੇ ਚੌਧਰਾਂ ਲਈ ਝਗੜਨਾ ਸਾਡੀਆਂ ਅੱਖਾਂ ਦੇ ਤਾਰਿਆਂ ਦੇ ਸੁਪਨੇ ਨੂੰ ਸਾਕਾਰ ਕਰ ਸਕੇਗਾ ???

' ਜਾਗੋ ਇੰਟਰਨੈਸ਼ਨਲ '
(ਸਤੰਬਰ, 1988)

ਸਿੱਖ ਕੀ ਕਰਨ ?

ਸਿੱਖਾਂ ਦਾ ਘਰ 'ਪੰਜਾਬ', ਅੱਜ ਕਾਦਰ ਦੀ ਕਰੋਪੀ ਤੇ ਕੇਂਦਰ ਦੇ ਕਹਿਰ ਦਾ ਸ਼ਿਕਾਰ ਹੈ। ਗੁਰੂ-ਚਰਨਾਂ ਦੀ ਛੂਹ ਨਾਲ ਵਰੋਸਾਏ ਪੰਜਾਬ ਨੂੰ ਅੱਜ ਕਰੜੇ ਪਰਚੇ ਤੇ ਭਾਰੇ ਮਾਮਲੇ ਪਏ ਹੋਏ ਹਨ। ਕੇਂਦਰ ਦੇ ਜ਼ੁਲਮ ਦੀ ਦਾਸਤਾਂ ਦੁਹਰਾਂਦਿਆਂ ਤਾਂ ਕਲਮ ਨੂੰ ਦੰਦਲਾਂ ਪੈਂਦੀਆਂ ਹੀ ਹਨ ਪਰ ਵੱਢੇ-ਟੁੱਕੇ ਪੰਜਾਬ ਦੀ ਲਾਸ਼ ਉਤੇ ਅੱਜ ਕੁਦਰਤੀ-ਆਫਤਾਂ ਦੇ ਪਹਾੜ ਵੀ ਟੁੱਟ ਪਏ ਹਨ। ਪਿੱਛੇ ਜਿਥੇ ਕੇਂਦਰ ਦੇ ਸਿਤਮ ਦੀ ਦੂਰਦੀ ਅੱਗ ਨੇ ਪੰਜਾਬ ਦੇ ਗੱਭਰੂ ਅਰਮਾਨਾਂ ਨੂੰ ਦਿਨ-ਦਿਹਾੜੇ ਰੱਜ ਕੇ ਭੁੰਨਿਆਂ ਉਥੇ ਬਾਲਦੀ-ਸਾੜਦੀ ਔਤ ਨੇ ਇਸ ਦੇ ਖੇਤਾਂ 'ਚੋਂ ਪਾਣੀ ਦਾ ਆਖਰੀ ਤੁਪਕਾ ਤੱਕ ਚੂਸ, ਇਹਨਾਂ ਨੂੰ ਖੁਸ਼ਕ ਕਰਕੇ ਇਸ ਦੀ ਕਿਰਸਾਨੀ ਦੇ ਸਿਦਕ ਨੂੰ ਪਰਖਣ ਦੇ ਆਸਾਰ ਪੈਦਾ ਕੀਤੇ ਪਰ ਪੰਜਾਬੀ ਕਿਸਾਨ ਆਪਣੇ ਸ਼ਹੀਦ-ਪੁੱਤਰਾਂ ਦੀ ਯਾਦ ਨੂੰ ਹਿੱਕ ਨਾਲ ਲਾ ਕੇ ਵੀ ਹਲ ਵਾਹੁੰਦੇ ਰਹੇ-ਉਹਨਾਂ ਹਾਰ ਨਹੀਂ ਮੰਨੀ-ਹਲ ਦੀ ਹਥੀਲੀ ਨਹੀਂ ਛੱਡੀ ! ਔੜ-ਮਾਰੇ ਖੇਤਾਂ ਵਿਚ ਵੀ ਸਿੱਖਾਂ ਦੀ ਕੁਰਬਾਨੀ ਵਰਗੀ ਭਰਵੀਂ ਝੋਨੇ ਦੀ ਫਸਲ ਦੇ ਲਹਿਰੀਏ ਪੰਜਾਬ ਦੇ ਖੇਤਾਂ ਵਿਚ ਪਏ। ਪਰ ਸਿਤਮ ਕਿ ਪੰਜਾਬ ਦੇ ਘਰਾਂ 'ਚੋਂ ਪੁੱਤਰਾਂ ਦੀ ਫਸਲ ਦਿੱਲੀ ਦੀ ਦਾਤੀ ਨੇ ਵੱਢ ਲਈ ਤੇ ਪੰਜਾਬ ਦੇ ਖੇਤਾਂ 'ਚੋਂ ਝੋਨੇ ਦੀ ਫਸਲ ਕੁਦਰਤ ਨੇ!

ਅੱਜ ਹੜਾਂ ਦੀ ਮਾਰ ਹੇਠ ਆਏ ਪੰਜਾਬ ਉਤੇ ਦਿੱਲੀ ਦੇ ਹੁਕਮ ਦੀਆਂ ਬੱਧੀਆਂ, ਧਾੜਵੀ-ਫੌਜਾਂ ਹੀ ਨਹੀਂ, ਦਰਿਆਵਾਂ ਨਹਿਰਾਂ ਦੇ ਪਾਣੀ ਵੀ ਦਹਾਤ ਕੇ ਟੁੱਟ ਪਏ ਹਨ। ਪੰਜਾਬ ਅਥਵਾ ਸਿੱਖਾਂ ਦੇ ਧਰਮ-ਸਭਿਆਚਾਰ ਦੇ ਨਾਲ ਨਾਲ ਇਹਨਾਂ ਦੇ ਅਰਥਚਾਰੇ ਨੂੰ ਤਹਿਸ-ਨਹਿਸ ਤੇ ਤਬਾਹ ਕਰਨ ਲਈ ਦਿੱਲੀ ਪੱਕੀ ਧਾਰ ਕੇ ਇਸ ਤੇ ਅਮਲ-ਦਰਾਮਦ ਕਰ ਰਹੀ ਸੀ ਪਰ ਹੁਣੇ ਆਏ ਹੜ੍ਹਾਂ ਨਾਲ ਕੁਦਰਤ ਦੇ ਸੱਬਰਕੱਤੇ ਨੇ ਮਾਨੋਂ ਪੰਜਾਬ ਦੇ ਵਿਹੜੇ ਵਿਚੋਂ ਭੂਤ, ਵਰਤਮਾਨ-ਤੇ ਭਵਿੱਖ ਦੀਆਂ ਤਿੰਨ ਫਸਲਾਂ ਹੂੰਝਣ ਦਾ ਕੰਮ ਨੇਪਰੇ ਚਾੜ ਲਿਆ ਹੈ। ਪੰਜਾਬ ਦੇ ਕਿਸਾਨ ਦੀ ਫਸਲ ਹੀ ਪਾਣੀ ਵਿਚ ਨਹੀਂ ਵਹੀ ਉਹ ਘਰ-ਘਾਟ, ਪਸ਼ੂ-ਢਾਂਡੇ ਤੋਂ ਵੀ ਵਿਹੂਣਾ ਹੋ ਗਿਆ ਹੈ। ਸੱਪਾਂ ਦੀਆਂ ਸਿਰੀਆਂ ਮਿੱਧ ਕੇ ਹਰਾ-ਇਨਕਲਾਬ ਲਿਆਉਣ ਵਾਲੇ ਬਹਾਦਰ ਪੰਜਾਬੀ-ਕਿਸਾਨ ਦੇ ਪਿੰਡੇ ਤੇ ਤੇਜ਼ਧਾਰ-ਹਾਲਾਤ ਦੇ ਲਾਏ ਪੱਛਾਂ ਉਤੇ ਖਚਰੇ ਖੋਟੇ ਕੇਂਦਰ ਦਾ ਭੇਜਿਆ ਕਮੀਨ ਕੇਂਦਰੀ-ਮੰਤਰੀ ਲੋਕਾਚਾਰ ਵਜੋਂ ਵੀ ਹਮਦਰਦੀ ਦਾ ਫੈਹਾ ਨਹੀਂ ਰੱਖਦਾ ਸਗੋਂ ਪੰਜਾਬ ਦੀ ਇਸ ਖੌਫਨਾਕ-ਹਾਲਤ ਨੂੰ 'ਸਭ ਹੱਛਾ' ਕਹਿ ਕੇ ਆਪਣੀ ਕਮੀਨਗੀ ਦਾ ਪ੍ਰਗਟਾਵਾ ਕਰਦਾ ਹੈ। ਪੰਜਾਬ ਤੇ ਸਿੱਖਾਂ ਦੇ ਨੰਬਰ ਅੱਵਲ ਦੁਸ਼ਮਣ ਭਜਨ ਲਾਲ ਤੋਂ ਸਿੱਖ ਜਾਂ ਪੰਜਾਬ ਹੋਰ ਆਸ ਤਵੱਕੋ ਵੀ ਕੀ ਕਰ ਸਕਦੇ ਸੀ ? ਭਾਰਤ ਦੀ ਬੇਈਮਾਨ ਹੁਕਮਰਾਨ ਪਾਰਟੀ ਦਾ ਪਾਇਲਟ ਪ੍ਰਧਾਨ ਮੰਤਰੀ ਰਾਜੀਵ ਹੜ੍ਹਾਂ ਦੀ ਮਾਰ ਨਾਲ ਮਰ ਰਹੇ ਪੰਜਾਬ ਦੇ ਮੂੰਹ ਨੂੰ ਪਹਿਲੀ ਕਿਸ਼ਤ 'ਚ ਵੀਹ ਲੱਖ ਰੁਪੈ ਦੇ ਰਿਲੀਫ ਫੰਡ ਦਾ ਪਿਓ ਲਾ ਕੇ ਇਸ ਨਾਲ ਟਿੱਚਰ ਕਰਦਾ ਹੈ। ਭਾਵ ਸਾਰੇ ਰੁੜ੍ਹ ਗਏ ਪੰਜਾਬ ਦੀ ਕੀਮਤ ਉਸ ਲਈ ਅਮਰੀਕਾ ਵਿਚਲੇ ਇਕ ਸਾਧਾਰਨ ਤਿੰਨ ਬੈਡਰੂਮ ਦੇ ਘਰ ਜਿੰਨੀ ਸੀ !

ਜੇ ਕੁਦਰਤ ਦੀ ਕਰੋਪੀ ਦਾ ਪੱਤਰਾ ਉਲੱਦ ਵੀ ਦੇਈਏ ਤਾਂ ਵੀ ਹਾਲਾਤ ਦਾ ਲੇਖਾ-ਜੋਖਾ ਕਰਦਿਆਂ ਇੰਝ ਪ੍ਰਤੀਤ ਹੁੰਦਾ ਹੈ ਜੀਕੂੰ ਸਿੱਖ-ਫੌਜ ਅੱਜ ਦੁਸ਼ਮਣ ਦੇ ਘੇਰੇ ਵਿਚ ਆ ਗਈ ਹੋਵੇ, ਸਿੱਖਾਂ ਦੇ ਘਰ 'ਪੰਜਾਬ' ਦੇ ਤਖਤੇ ਦਿੱਲੀ ਦੇ ਦਗੇਬਾਜ਼ ਲੁਹਾ ਕੇ ਲੈ ਗਏ ਹੋਣ। ਪੰਜਾਬ ਦੀਆਂ ਵੀਹੀਆਂ 'ਚ ਦਗੜ-ਦਗੜ ਕਰਦੇ ਚੋਰ-ਸਿਪਾਹੀ ਇਸ ਦੀ ਸੁੱਚੀ-ਇੱਜ਼ਤ ਨੂੰ ਲੁੱਚੀਆਂ ਨਜ਼ਰਾਂ ਨਾਲ ਵੇਖਦੇ ਹੋਣ।

ਅੱਜ ਪੰਜਾਬ ਵਿਚ ਆਪਣੇ ਡਿੱਗੇ ਕੋਠੇ ਦੇ ਬਾਲੇ-ਕੜੀਆਂ ਇਕੱਠੇ ਕਰਦਾ ਸਿੱਖ ਸੋਚ ਰਿਹਾ ਹੈ ਕਿ ਪੁਲਸ ਕਦੇ ਵੀ ਆ ਕੇ ਮੈਨੂੰ ਬਿਨਾਂ ਕਸੂਰੋਂ ਨੂੜ ਸਕਦੀ ਹੈ। ਮੇਰੇ ਪ੍ਰਾਇਮਰੀ ਸਕੂਲ ਜਾਂਦੇ ਗਾਤਰੇ ਵਾਲੇ ਪੁੱਤ ਨੂੰ ਫੜ ਸਕਦੀ ਹੈ। ਮੇਰੇ ਪਿੰਡ ਦੀ ਕਿਸੇ ਕੁੜੀ-ਚਿੜੀ ਅਥਵਾ ਮਾਸੂਮ-ਪੁੱਤਰੀ ਦੀ ਬੇਪਤੀ ਕਰ ਸਕਦੀ ਹੈ।

ਬਹੁਤਾ ਸਮਾਂ ਨਹੀਂ ਗੁਜ਼ਰਿਆ ਪੰਜਾਬੋਂ ਬਾਹਰਲੀਆਂ ਸਟੇਟਾਂ ਵਿਚ ਸਿੱਖ ਮੁੱਛਾਂ ਨੂੰ ਤਾਅ ਦੇ ਕੇ ਤੁਰਿਆ ਕਰਦੇ ਸਨ। ਉਹਨਾਂ ਦੇ ਖੜਕਦੇ ਚਾਦਰੇ ਨਾਲ ਬੱਸ ਵਿਚ ਬੈਠੀਆਂ ਭਈਆ-ਸਵਾਰੀਆਂ

ਬਿੱਲੀ ਵਾਂਗੂੰ ਛਹਿ ਜਾਂਦੀਆਂ ਸਨ ਪਰ ਕੁੱਲ ਦਿੱਲੀ ਇੰਦੌਰ ਕਾਹਨਪੁਰ ਆਦਿ ਤੋਂ ਮਗਰੋਂ ਜਿਸ ਤਰਾਂ ਅੱਜ ਬਿਦਰ ਵਿਚ ਸਿਵ-ਸੈਨਾ ਦੇ ਗੁੰਡਿਆਂ ਤੇ ਭਾਤੇ ਦੇ ਟੱਟੂਆਂ ਨੇ ਸਰਕਾਰੀ-ਸ਼ਹਿ ਤੇ ਸਿੱਖ ਵਿਦਿਆਰਥੀਆਂ ਨੂੰ ਜ਼ਿਬਾਹ ਕੀਤਾ ਹੈ, ਉਹ ਫਿਰਕਾਪ੍ਰਸਤ ਹਿੰਦੂਆਂ ਦੇ ਘਟੀਆ-ਕਿਰਦਾਰ ਤੇ ਕਮੀਨਗੀ ਦੀ ਹੂਲੀਆ ਮਿਸਾਲ ਹੈ ਤੇ ਸਿੱਖਾਂ ਲਈ 'ਬਾਰ ਪਰਾਏ ਬੈਸਣ' ਦਾ ਸ਼ਿੱਦਤ ਨਾਲ ਅਹਿਸਾਸ ਕਰਵਾਉਂਣ ਤੇ ਖਾਸ ਕਰ ਪੰਜਾਬੋਂ ਬਾਹਰਲੇ ਸੂਬਿਆਂ ਵਿਚ ਬੈਠੇ ਸਿੱਖਾਂ ਦੇ ਅਸੁਰੱਖਿਅਤ ਤੇ ਅਨਿਸਚਿਤ-ਭਵਿੱਖ ਦੀ ਸੂਚਕ ਹੈ।

ਕੌਮ ਦੇ ਭੂਤ-ਭਵਿੱਖ ਦੇ ਰਖਵਾਲੇ ਹੋਣ ਦਾ ਠੇਕਾ ਲੈਣ ਵਾਲੇ ਲੀਡਰ ਲੋਕੋ ! ਰਾਜੀਵ ਕੁੱਲ ਪੰਜਾਬ ਆ ਕੇ ਤੁਹਾਡੇ ਮੁੰਡਿਆਂ ਦੀਆਂ ਲਾਸ਼ਾਂ ਦੀਆਂ ਹਿੱਕਾਂ ਤੇ ਪੈਰ ਧਰ ਕੇ ਤੁਹਾਨੂੰ ਵੰਗਾਰ ਗਿਐ ਤੇ ਤੁਹਾਡੇ ਰਹਿੰਦੇ ਮੁੰਡੇ ਮੁਕਾਉਂਣ ਵੱਲ ਸੰਕੇਤ ਕਰ ਗਿਐ। ਤੁਹਾਡੀਆਂ ਸਾਰੀਆਂ ਮੰਗਾਂ ਨਜ਼ਰ-ਅੰਦਾਜ਼ ਕਰਕੇ ਉਹ ਪੰਜਾਬ ਦੇ ਉਜੜੇ ਵਿਹੜੇ ਵਿਚ ਪੰਚਾਇਤੀ-ਇਲੈਕਸ਼ਨ ਦੀਆਂ ਖਿੱਲਾਂ ਦੀ ਮੁੱਠ ਖਿਲਾਰ ਕੇ ਤਿੱਤਰ ਹੋਇਐ। ਢਿੱਲੋਂ ਵਰਗੇ ਆਪਣੇ ਨਾਂ ਨਾਲ 'ਸਿੰਘ' ਲਿਖਣ ਵਾਲੇ ਤੇ ਕੁੱਲ ਰਾਜੀਵ ਗਾਂਧੀ ਨੂੰ 'ਅਨਾਤੀ ਅਨਾਤੀ' ਪਿੱਟਣ ਵਾਲੇ ਉਸਦੇ ਚੱਪਲ-ਚੱਟ ਤੇ ਪਿਛਲੱਗ ਇਸ ਦੌਰੇ ਵਿਚ ਉਸ ਦੇ ਪੈਰਾਂ ਹੇਠ ਹੱਥ ਦਿੰਦੇ ਨਹੀਂ ਥੱਕੇ। ਸਪੈਰੋ ਤੇ ਦਰਬਾਰਾ ਸਿਹੁੰ ਵਰਗੇ ਹੱਥ-ਬੁੰਨ ਤਾਬਿਆਦਾਰ ਅਜੇ ਵੀ ਦਿੱਲੀ-ਦਰਬਾਰ ਦੀ ਸਰਦਲ ਤੇ ਕਿਸੇ ਬੋਟੀ ਲਈ ਝੋਰ ਲਾ ਕੇ ਬੈਠੇ ਲਾਲਾਂ ਵਗਾ ਰਹੇ ਹਨ ਤੇ ਕੌਮ ਨੂੰ ਕਲੰਕਤ ਕਰ ਰਹੇ ਹਨ। ਅਕਾਲੀ ਸੱਜਣੋ ! ਤੁਹਾਡੀ ਬੋਲੀ ਵਿਚ ਇਹ ਸਾਰੇ ਵਿਕਾਊ-ਮਾਲ ਹਨ। ਪਰ ਗੱਲ ਸੁਣਿਓਂ ! ਜੇ ਤੁਸੀਂ ਆਪਣੇ ਧਰਮ ਤੇ ਇੱਜ਼ਤ- ਆਬਰੂ ਦੀ ਬਲੀ ਦੇ ਕੇ ਰਾਜੀਵ ਨੂੰ ਦਰਬਾਰ ਸਾਹਿਬ ਮੱਥਾ ਟਿਕਾ ਕੇ ਮੁਆਫੀ ਦੇਣ ਤੇ ਕੁਰਸੀਆਂ ਮੱਲਣ ਦੀਆਂ ਚੋਰ-ਮੋਰੀਆਂ ਕੱਢਦੇ ਫਿਰੋਂ ਤਾਂ ਤੁਹਾਨੂੰ ਕਿਹੜੇ ਟੋਕੇ ਹੇਠਾਂ ਧਰੀਏ ?

ਜੋ ਕੁਝ ਸਿੱਖਾਂ ਨਾਲ ਦਿੱਲੀ ਨੇ ਕੀਤਾ ਹੈ ਤੇ ਕਰ ਰਹੀ ਹੈ, ਇਸ ਦਾ ਬਦਲਾ ਤਾਂ ਸਿੱਖ ਮਰੇ ਪਏ ਵੀ ਲੈ ਲੈਣਗੇ। ਸਿੱਖ-ਇਤਿਹਾਸ ਆਗਾਮੀ ਸਮੇਂ ਵਿਚ ਜ਼ਾਲਮ-ਬਲਾਂ ਦਾ ਹਾੜ ਬਣ ਬੋਲੇਗਾ-ਜ਼ਰੂਰ ਬੋਲੇਗਾ ! ਇਹ ਸਿੱਖ-ਇਤਿਹਾਸ ਦੀ ਪਰੰਪਰਾ ਹੈ। ਪਰ ਕੁਰਸੀ ਲਈ ਹਾਬੜੇ ਫਿਰਦੇ ਸਿੱਖ ਮੋਹਰੀਓ ! ਭਾਂਵੇਂ ਤੁਸੀਂ ਜਗਦੇਵ ਸਿੰਘ ਤਲਵੰਡੀ ਬਣ ਕੇ ਮਾਹੌਲ ਦਾ ਮੀਂਹ ਵਰ੍ਹੇ ਤੋਂ ਥੁੱਡਾ 'ਚੋਂ ਨਿਕਲ ਆਉਂਦੇ ਹੋ। ਭਲਾ ਸ਼ੈਤਾਨ ਟੋਹੜੇ ਜਾਂ ਬਲਵੰਤ ਸਿੰਘ ਵਾਂਗ ਮੋਕੇ ਦੀ ਤਾਤ ਵਿਚ ਅੰਦਰ ਜਾਂ ਬਾਹਰ ਦੜੇ ਬੈਠੇ ਹੋ। ਭਾਂਵੇਂ ਕੌਮ ਦੇ ਸੁਯੋਗ ਕੀਰਤਨੀਏ ਪ੍ਰੋ: ਦਰਸ਼ਨ ਸਿੰਘ ਹੋ ਤੇ ਉਨ੍ਹਾਂ ਦੇ ਰੂਪ ਵਿਚ ਕੁੱਲ ਕਾਰਨ-ਵਸ ਜੰਗ ਵਿਚ ਲੜਦੀਆਂ ਫੌਜਾਂ ਨੂੰ ਛੱਡ ਮਗਰਲੇ ਮੋਰਚੇ ਵਿਚ ਹੀ ਨਹੀਂ ਘਰ ਜਾ ਬੈਠੇ ਸੋ, ਉਸ ਤੇ ਵੀ ਗਿਲਾ ਨਹੀਂ, ਪਰ ਅੱਜ ਸਿਆਸਤ ਦੇ ਛਿਛਕੇਰੇ ਹੋਏ ਤੁਸੀਂ ਆਪਣੇ ਬਚਨਾਂ ਦੇ ਵਿਪਰੀਤ ਸ੍ਰੀ ਅਕਾਲ ਤਖਤ ਆ ਕੇ ਕਿਹੜੀਆਂ ਪੂਰੀਆਂ ਪਾ ਦੇਵੋਗੇ ? ਮੰਨਿਆਂ ਹਾਲਾਤ ਤੁਹਾਡੇ ਸਾਜ਼ਗਾਰ ਨਹੀਂ ਸਨ ਪਰ ਤੁਸੀਂ ਕਾਬਲ, ਬਾਦਲੀਲ ਵਿਅਕਤੀ ਸੋ, ਲੋਕ ਤੁਹਾਡੀ ਗੱਲ ਕਰਦੇ ਸਨ। ਕੁਝ ਸਿਪਾਹੀਆਂ ਨਾਲ ਨਰਾਜ਼ਗੀ ਕਰਕੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਮੱਘਦੇ ਮੈਦਾਨ ਵਿਚ, ਫਤਹਿ ਆਖ ਕੇ, ਰੁੱਸ ਕੇ ਘਰ ਚਲੇ ਜਾਓ-ਇਹ ਕਿੱਥੋਂ ਦੀ ਦਾਨਾਈ ਸੀ ? ਹੁਣ ਤੁਹਾਨੂੰ ਗੁਰੂ ਨੇ ਮੇਲਾ ਨਹੀਂ ਪਾਇਆ ਤੁਹਾਨੂੰ ਲੁੱਚੀਆਂ ਸਿਆਸੀ-ਕਾਰਾਂ ਦਾ ਕਾਫਲਾ ਕੀਰਤਨ-ਵਿੱਲਿਓਂ ਖਿੱਚ ਕੇ ਲਿਆਇਆ ਹੈ। ਗੱਲ ਤੁਹਾਡੇ ਤੇ ਮੁੱਕ ਜਾਂਦੀ ਤਾਂ ਕੌਮ ਤੁਹਾਡੇ ਬੇਦਾਵੇ ਨੂੰ ਭੁੱਲ ਜਾਂਦੀ ਕਿਉਂਕਿ ਕੌਮ ਨੂੰ ਭਾਈ ਜਸਬੀਰ ਸਿੰਘ ਦਾ ਇੰਤਜ਼ਾਰ ਸੀ। ਆਖਰ ਕੌਮ ਦੀਆਂ ਅੱਖਾਂ ਪਕਾ ਕੇ ਭਾਈ ਜਸਬੀਰ ਸਿੰਘ ਜੇਲ੍ਹੋਂ ਬਾਹਰ ਆਏ। ਆਏ ਵੀ ਸਿੱਖ-ਕੌਮ ਲਈ ਹੁਣੇ ਜਿਹੇ ਪੰਜਾਬ ਵਿਚ ਆਇਆ ਹੜ੍ਹ ਬਣਕੇ ! ਕੌਮ ਦੀਆਂ ਚੂਹਾਂ ਵਿਚ ਆਏ ਇਸ ਹੜ੍ਹ ਨੇ ਕੌਮ ਦੀ ਜਿਹੜੀ ਭਰਵੀਂ-ਟਹਿਲ ਸੇਵਾ ਜੇਲ੍ਹੋਂ ਆਉਂਣ ਤੋਂ ਲੈ ਕੇ ਹੁਣ ਤੱਕ ਕੀਤੀ ਹੈ, ਇਸ ਨੂੰ ਇਸ ਨਿੱਕੇ ਐਡੀਟੋਰੀਅਲ ਵਿਚ ਕਿਉਂਟਣਾ ਖਰਾ ਮੁਸ਼ਕਲ ਹੈ। ਕਿਸੇ ਅਗਲੇ ਅੰਕ, ਕਿਸੇ ਲੰਬੇ ਲੇਖ ਵਿਚ ਖੁਲ੍ਹੇ-ਨੱਕੇ ਪਾਣੀ ਛੱਡ ਕੇ ਪਾਠਕਾਂ ਨੂੰ ਇਸ ਹੜ੍ਹ ਦੇ ਖੁਲ੍ਹੇ ਦਰਸ਼ਨ-ਦੀਦਾਰੇ ਕਰਾਵਾਂਗੇ ਤਾਂ ਕਿ ਹਨੇਰੇ ਵਿਚ ਵਿਚਰਦੀਆਂ ਸਿੱਖ-ਸੰਗਤਾਂ ਨੂੰ ਕੁਝ ਸੇਧ ਮਿਲ ਸਕੇ। ਖੈਰ ! ਹਾਂ, ਤੇ ਗੱਲ ਹੋ ਰਹੀ ਸੀ ਸਿੱਖ-ਲੀਡਰਾਂ ਨਾਲ ! ਕੌਮ ਦੇ ਪੇਸ਼ ਪਏ ਹੋਏ ਸੁਆਰਥੀ ਸਿੱਖ-ਲੀਡਰੋ ! ਤੁਸੀਂ ਇਕ ਦਰਜਨ ਬੰਦਿਆਂ ਨੇ ਅੱਜ ਸਾਧਾਰਨ ਸਿੱਖ ਦੀ, ਸਾਰੀ ਸਿੱਖ-ਕੌਮ ਦੀ, ਇੱਜ਼ਤ ਨੀਲਾਮ ਕੀਤੀ ਹੈ, ਤੇ ਸਿਰਫ

ਆਪਣੇ ਸੁਆਰਥ ਲਈ ਕੀਤੀ ਹੈ। ਗੁਰੂ ਕੇ ਮਾਸੂਮ ਸਿੱਖਾਂ ਦੇ ਜਜ਼ਬਾਤਾਂ ਨਾਲ ਖੇਡ੍ਹਣ ਵਾਲੇ ਖੁਦਗਰਜ਼ੋ ! ਗੁਰੂ ਕਾ ਸਿੱਖ ਮਹਿਜ਼ ਤਾਂਗੇ ਦੀ ਇਕ ਸਵਾਰੀ ਨਹੀਂ ਇਕ ਘੋੜ-ਚੜ੍ਹਿਆ ਸ਼ਾਹ ਸਵਾਰ ਹੈ। ਇਹ ਕੁੱਲ ਨੂੰ ਲਾਲ-ਕ੍ਰਿਲੇ ਦੇ ਕਿੰਗਰੇ ਵੀ ਢਾਹ ਸਕਦਾ ਹੈ। ਕੌਮ ਦੀ ਇੱਜ਼ਤ ਗਹਿਣੇ ਪਾ ਕੇ ਵੀ ਜੇ ਤੁਹਾਡੇ 'ਚੋਂ ਕਿਸੇ ਨੂੰ ਪੰਜਾਬ ਦੀ ਵੱਡੀ-ਛੋਟੀ ਵਜ਼ੀਰੀ, ਅਕਾਲੀ ਦਲ ਦੀ ਪ੍ਰਧਾਨਗੀ ਜਾਂ ਗੁਰੂ-ਦਰਬਾਰ ਦਾ ਚੌਰ ਵੀ ਚੁਸਤੀ-ਚਲਾਕੀ ਨਾਲ ਹੱਥ ਆ ਗਿਆ ਤਾਂ ਤੁਸੀਂ ਵੱਡੇ ਨਹੀਂ ਜੇ ਬਣਨਾ। ਕੌਮ ਦੀ ਪੱਗ ਦੇ ਪੇਚ ਢਿੱਲੀ ਇਕ ਇਕ ਕਰਕੇ ਲਾਹ ਰਹੀ ਹੈ। ਕਲਗੀਧਰ ਦੇ ਬਖਸ਼ੇ ਕੇਸ ਨੰਗੇ ਹੋ ਰਹੇ ਹਨ।

ਅੱਗੇ ਤੁਸੀਂ ਜਿਨਾਹ ਆਪਣੇ ਨਾਲੋਂ ਵਿਛੋੜ ਲਿਐ। ਤੁਸੀਂ ਯੋਧਾ ਜਰਨੈਲ ਸਿੰਘ ਹੱਥੀਂ ਗੁਆ ਲਿਐ। ਤੁਸੀਂ ਹੁਣ ਵੀ ਦਿੱਲੀ ਦੇ ਸੌਰੀ ਬਣ ਕੇ ਆਪਣੇ ਲਵੇ-ਲੈਰੇ ਕਾਲਜੀਏਟ ਮੁੰਡਿਆਂ ਦੀ ਫਸਲ ਵਢਾ ਰਹੇ ਹੋ !

ਦਿੱਲੀ ਦੇ ਹਰੇ-ਲਾਅਨਾਂ ਵਿਚ ਸ਼ਾਮੀਂ ਘੜਿਆਂ ਜਿੱਡੇ ਜਿੱਡੇ ਸਿਰਾਂ ਵਾਲੇ ਬਾਹਮਣ ਸਿਰ ਜੋੜ ਕੇ ਤੁਹਾਨੂੰ ਮੁਕਾਉਂਣ ਦੀਆਂ ਤਰਕੀਬਾਂ ਘੜਦੇ ਹਨ।

ਗੁਰੂ ਕੀਓ ਫੌਜੋ ! ਆਪਣੇ ਘੋੜੇ ਰੋਕੋ !! ਉਤਰ ਕੇ ਪਾਣੀ-ਧਾਣੀ ਪੀਓ ! ਅੱਖਾਂ ਤੇ ਛੱਟੇ ਮਾਰੋ!! ਸੁਰਤ ਸਿਰ ਹੋਵੋ !!! ਦੁਸ਼ਮਣ ਦੀ ਵਾਹਰ ਅਜੇ ਪਿੱਛੇ ਨਹੀਂ ਮੁੜੀ ਤੁਹਾਡੇ ਮਗਰ ਹੈ। ਇਸ ਵੇਰ ਇਸ ਚੁਸਤ ਚਲਾਕ ਚਾਤਰ ਫੌਜ ਨੇ ਤੁਹਾਨੂੰ ਚਾਰ-ਚੁਫੇਰਿਓਂ ਘੇਰ ਲਿਐ !

ਆਪਣੀ ਸ਼ਕਤੀ-ਸਮਰੱਥਾ ਇਕੱਠੀ ਕਰੋ ! ਸਿਆਣੀ ਯੁੱਧ-ਨੀਤੀ ਅਪਣਾਅ ਕੇ ਇਹ ਘੇਰਾ ਤੋੜਕੇ ਤੇ ਦੁਸ਼ਮਣ ਦਲਾਂ ਨੂੰ ਚੀਰਕੇ ਆਨੰਦਪੁਰ ਵੱਲ ਵਧੋ !! ਕਿਉਂਕਿ ਆਪਣੇ ਘਰ ਬਿਨਾਂ ਤੁਸੀਂ ਕਿਤੇ ਵੀ ਸੁਰੱਖਿਅਤ ਨਹੀਂ !!

' ਜਾਗੋ-ਇੰਟਰਨੈਸ਼ਨਲ '
(ਨਵੰਬਰ, 1988)

ਸ਼ਹੀਦੀ-ਸੁਹਾਗ !

ਰੰਗਲੇ ਪੰਜਾਬ ਵੱਲ ਜਾਂਦੀਓ ਹਵਾਓ ਸਾਡਾ ਇਕ ਤਾਂ ਸੁਨੇਹਾਂ ਲੈ ਜਿਓ !
ਭੈਣਾਂ ਤਲਵਾਰਾਂ ਅਤੇ ਖੰਡੇ ਜਿਹਿਆਂ ਵੀਰਿਆਂ ਨੂੰ ਸਾਡੇ ਵਲੋਂ ਝੂਣ ਕੇ ਕਿਹੋ !!
ਅਸੀਂ ਤਾਂ ਨਿਭਾਈ ਜਿਹੜੀ ਬਣੀ ਸਾਡੇ ਸਿਰਾਂ ਉਤੇ ਤੁਸੀਂ ਹੁਣ ਜਾਗਦੇ ਰਿਹੋ !!!

ਇਕ ਤਾਂ ਸੁਨੇਹਾਂ ਦਿਓ ਅੰਮੜੀਆਂ ਮਿੱਠੀਆਂ ਨੂੰ ਡੋਲਣ ਨਾ ਨੈਣਾਂ ਵਿਚੋਂ ਨੀਰ।
ਕਿਹੋ ਬੁੱਢੇ ਬਾਪੂਆਂ ਨੂੰ- ਮਰਦੇ ਸ਼ਹੀਦ ਨਹੀਓਂ, ਮਰੇ ਨਹੀਂ ਪੁੱਤ, ਰੱਖੋ ਧੀਰ!

ਕੰਮ ਜੋ ਅਧੂਰਾ ਅਜੇ ਤੁਸੀਂ ਹੀ ਇਹ ਪੂਰਨਾ ਹੈ ਆਤੀਆਂ ਨੂੰ ਸਾਡੇ ਵਲੋਂ ਇਹ ਕਿਹੋ !
ਆਤੀਆਂ ਨੂੰ ਸਾਡੇ ਵਲੋਂ ਪਾਇਓ ਇਕੋ ਵਾਸਤਾ ਕਿ ਤੁਸੀਂ ਹੁਣ ਜਾਗਦੇ ਰਿਹੋ !!
ਰੰਗਲੇ ਪੰਜਾਬ ਵੱਲ ... ...

ਝੱਖੜਾਂ 'ਚ ਕਿਹੋ ਰੁੱਖ ਡੋਲਦੇ ਨਾ ਕਦੇ ਜੁੜਾਂ ਜਿਹਨਾਂ ਦੀਆਂ ਹੋਣ ਮਜ਼ਬੂਤ।
ਸਿੰਜਿਆ ਤੁਸਾਂ ਨੂੰ ਤਾਂ ਸੀ ਸਧਰਾਂ ਦੇ ਖੂੰਨ ਨਾਲ ਤੁਸੀਂ ਹੋ ਗੋਬਿੰਦ ਦੇ ਸਪੂਤ।

ਬੜੀ ਮਹਿੰਗੀ ਲਈ ਹੈ ਇਹ ਆਨ-ਸ਼ਾਨ ਖਾਲਸੇ ਦੀ ਘੱਟੇ ਕਿਤੇ ਰੋਲ ਨਾ ਲਿਓ !
ਘੱਟੇ ਕਿਤੇ ਰੋਲ ਨਾ ਲਿਓ ਉਇ ਪੰਥ ਵਾਰਸੋ ਕਿ ਏਸ ਨੂੰ ਸੰਭਾਲਦੇ ਰਿਹੋ!!
ਰੰਗਲੇ ਪੰਜਾਬ ਵੱਲ ... ...

ਘੋੜੇ ਕਾਠੀਆਂ ਦੇ ਉਤੇ ਤੁਸੀਂ ਹੋ ਵਸਣ ਵਾਲੇ ਹਾਰਨਾ ਨਾ ਥੋਡਾ ਦਸਤੂਰ।
ਚੜਦੀ ਕਲਾ 'ਚ ਰਹਿਕੇ ਵਰਨੇ ਨੇ ਚਾਨਣੇ ਤੇ ਕਰਨੇ ਨਾ ਨ੍ਹੇਰੇ ਮਨਜ਼ੂਰ।

ਸੁੱਤਿਆਂ ਨੂੰ ਲੁੱਟ ਲਵੇ ਵੈਰੀ ਕੋਈ ਆਣ ਕੇ ਤੇ ਏਨੇ ਸੁਖ ਜਾਨ ਨਾ ਪਇਓ!
ਏਨੇ ਸੁਖ ਜਾਨ ਨਾ ਪਇਓ ਉਇ ਪੰਥ ਵਾਲਿਓ ਕਿ ਸਦਾ ਤੁਸੀਂ ਜਾਗਦੇ ਰਿਹੋ !!
ਰੰਗਲੇ ਪੰਜਾਬ ਵੱਲ ... ...

'ਕੱਠੇ 'ਕੱਠੇ ਰਿਹੋ ਇਕ ਕੇਸਰੀ-ਨਿਸ਼ਾਨ ਥੱਲੇ ਲੰਘ ਜਾਣੇ ਔਖੇ ਸਮੇਂ ਫੇਰ।
ਖੜਕ ਨਾ ਜਾਣ ਤਲਵਾਰਾਂ ਕਿਤੇ ਆਪੋ ਵਿਚ ਪੈ ਨਾ ਜਾਏ ਕਿਤੇ ਇਹ ਹਨੇਰ।

ਤੁਸਾਂ ਕੋਲੋਂ ਮੰਗ ਸਾਡੀ ਇਕ ਹੀ ਨਿਮਾਣਿਆਂ ਦੀ ਫੁੱਟ ਨਾ ਵਿਹਾਝ ਕਿਤੇ ਬਹਿਓ!
ਫੁੱਟ ਨਾ ਵਿਹਾਝ ਕਿਤੇ ਬਹਿਓ ਅਤੇ ਫੇਰ ਮਤੇ, ਨ੍ਹੇਰੇ ਹੀ ਝਾਗਦੇ ਰਿਹੋ !!
ਰੰਗਲੇ ਪੰਜਾਬ ਵੱਲ ... ...

(ਨਵੰਬਰ, 1988)

ਇਕ ਪੈਗ਼ਾਮ-ਪ੍ਰਦੇਸੀ ਸਿੱਖ-ਲੀਡਰਾਂ ਦੇ ਨਾਮ !

ਸਤਿਕਾਰ ਯੋਗ ਵਿਦੇਸ਼ੀ ਸਿੱਖ-ਲੀਡਰੋ !

ਗੁਰ ਫਤਹ !

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਸਪੱਸ਼ਟ ਕਰ ਦੇਵਾਂ ਕਿ ਨਾ ਮੈਂ ਤੁਹਾਡੀ ਕਿਸੇ ਜਥੇਬੰਦੀ ਦਾ ਮੁੱਢਲਾ ਮੈਂਬਰ ਹਾਂ, ਨਾ ਇਕ ਪੂਰਨ ਗੁਰਸਿੱਖ ਹੋਣ ਦਾ ਦਾਅਵੇਦਾਰ ਹਾਂ। ਪਰ ਗੁਰੂ ਕੀ ਸਿੱਖੀ ਦਾ ਦਿਲੋਂ ਪ੍ਰਸ਼ੰਸਕ ਹਾਂ ਤੇ ਇਕ ਨਿਮਾਣੇ, ਸਾਧਾਰਣ-ਸਿੱਖ ਵਜੋਂ ਜਖਮੀ ਸਿੱਖ-ਮਨ ਦੀ ਵੇਦਨਾ- ਭਾਵਨਾ ਤੁਹਾਡੇ ਤੀਕਰ ਪਹੁੰਚਾ ਰਿਹਾ ਹਾਂ। ਇਸਨੂੰ ਕੰਨ ਧਰ ਕੇ ਸੁਣਿਓਂ ! ਠੰਢੇ-ਮਤੇ ਨਾਲ ਵਿਚਾਰਿਓ !! ਅਤੇ ਹੋ ਸਕੇ ਤਾਂ ਇਸ ਤੇ ਸੁਹਿਰਦਤਾ ਨਾਲ ਅਮਲ ਵੀ ਕਰਿਓ !!!

ਤੁਸੀਂ ਮੈਥੋਂ ਵੱਧ ਜਾਣਦੇ ਹੋ, ਜਿਸ ਤਰਾਂ ਪਿਛਲੇ ਪੌਣੇ ਗਿਆਰਾਂ ਸਾਲਾਂ ਤੋਂ ਅੰਗਾਰਿਆਂ ਤੇ ਤੁਰਦਾ ਪੰਥ ਪੋਟਾ-ਪੋਟਾ ਲੂਹਿਆ ਗਿਆ ਹੈ। ਦੂਜੇ ਧਰਮਾਂ ਨੂੰ ਆਪਣੀ ਕੁਰਬਾਨੀ ਨਾਲ ਬਚਾਉਣ ਵਾਲੇ ਖਾਲਸੇ ਦੇ ਧਰਮ-ਗ੍ਰੰਥਾਂ ਤੇ ਧਰਮ-ਧਾਮਾਂ ਤੇ ਧਾਵੇ ਬੋਲ ਕੇ ਕਿਸ ਤਰਾਂ ਇਹਨਾਂ ਦੀ ਬੇਹੁਰਮਤੀ ਕੀਤੀ ਗਈ ਹੈ ਤੇ ਹੋਰਨਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ-ਆਬਰੂ ਬਚਾਣ ਵਾਲੇ ਸਿੱਖਾਂ ਦੀਆਂ ਧੀਆਂ-ਭੈਣਾਂ ਦੀ ਕਿਸ ਤਰਾਂ ਸ਼ਰਮ-ਹਯਾ ਨੂੰ ਛਿੱਕੇ ਤੇ ਟੰਗ ਕੇ ਸ਼ਰੇਆਮ ਬੇਪਤੀ ਕੀਤੀ ਗਈ ਹੈ। ਸਰਵਾਣਿਆਂ ਦੇ ਜਬਰ ਨੂੰ ਸੀਨੇ ਤੇ ਜਰ ਜਰ ਕੇ ਤੇ ਦੁਸ਼ਮਣ-ਦਲਾਂ ਨੂੰ ਠੁਲ-ਠੁਲ ਕੇ ਹਿੰਦੁਸਤਾਨ ਦੀ ਰੱਖਿਆ ਕਰਨ ਵਾਲੇ ਦੂਲੇ-ਸਰਦਾਰਾਂ ਦੇ ਸਿਰਾਂ ਦੇ ਮੁੱਲ ਰੱਖ ਰੱਖ ਕੇ ਦਿੱਲੀ ਵਲੋਂ ਅੱਜ ਕਿਵੇਂ ਉਹਨਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਹੈ। ਹਰਾ-ਇਨਕਲਾਬ ਲਿਆ ਕੇ ਭੁੱਖੇ-ਭਾਰਤ ਦਾ ਢਿੱਡ ਭਰਨ ਵਾਲੇ ਪੰਜਾਬ ਦੀ ਆਰਥਿਕਤਾ ਨੂੰ ਨਸ਼ਟ ਕਰਨ ਲਈ ਕਿਵੇਂ ਉਸਦੀ ਜੂਹ ਵਿਚ ਜ਼ੁਲਮੀ-ਪਾਣੀਆਂ ਦੇ ਦਹਾੜਦੇ ਹੜ ਛੱਡੇ ਗਏ ਹਨ।

ਧਰਮ-ਯੁੱਧ ਮੋਰਚਾ ਜਿਹੜੀਆਂ ਮੰਗਾਂ ਨੂੰ ਲੈ ਕੇ ਵਿੱਢਿਆ ਗਿਆ ਸੀ, ਉਹ ਵੀ ਤੁਹਾਨੂੰ ਭਲੀ-ਭਾਂਤ ਚੇਤੇ ਹਨ ਤੇ ਸੰਤ ਜਰਨੈਲ ਸਿੰਘ ਹੱਥੀਂ ਬੀਜੀ ਕੇਸਰੀ-ਫਸਲ ਦੀ ਵਾਢੀ ਕਰਵਾ ਕੇ ਅੱਜ ਤੱਕ ਜਿਹੜੀਆਂ ਮੰਗਾਂ ਕੇਂਦਰ ਨੇ ਮੰਨੀਆਂ ਹਨ ਉਹ ਵੀ ਤੁਹਾਥੋਂ ਭੁੱਲੀਆਂ ਨਹੀਂ। ਉਦੋਂ ਖੱਟਣ ਤੁਰੇ ਪੰਥ ਨੇ ਹੁਣ ਤੱਕ ਕੀ ਕੀ ਖੱਟਿਆ ਤੇ ਕੀ ਕੀ ਗਵਾਇਆ ਹੈ ? ਇਸਦਾ ਆਪਾਂ ਸਾਰਿਆਂ ਨੂੰ ਚੰਗੀ ਤਰਾਂ ਚਾਨਣ ਹੈ। ਚੁਰਾਸੀ ਦੇ ਹਮਲੇ ਤੋਂ ਪਹਿਲਾ ਸਿੱਖਾਂ ਦੇ ਕਿੰਨੇ ਦਲ ਸਨ ਤੇ ਏਨੀ ਕੁੱਟ ਖਾਣ ਬਾਅਦ ਅੱਜ ਪੰਥ ਵਿਚਲੇ ਇਹਨਾਂ ਧੜਿਆਂ, ਜਥੇਬੰਦੀਆਂ ਵਿਚ ਕਿੰਨਾ ਵਾਧਾ ਹੋਇਆ ਹੈ ਇਹ ਤੁਹਾਡੇ ਸਭਨਾਂ ਦੇ ਸਾਹਮਣੇ ਹੈ। ਕਿਸ ਤਰਾਂ ਕਲਗੀਧਰ ਦੇ ਸੂਰਬੀਰ-ਸਪੂਤ ਤੇ ਬਾਬਾ ਦੀਪ ਸਿੰਘ ਦੇ ਵਾਰਸ ਸੀਸ ਤਲੀ ਤੇ ਧਰ ਕੇ ਸਿੱਖ-ਸੰਘਰਸ਼ ਨੂੰ ਇਥੋਂ ਤੀਕ ਲੈ ਆਏ ਹਨ ਤੇ ਉਹਨਾਂ ਦਾ ਮੁੱਲ ਕਿਹੜੀਆਂ ਸ਼ਕਤੀਆਂ ਨੇ ਵੱਟਿਆ ਤੇ ਵੱਟਣ ਦੀ ਤਾਕ 'ਚ ਹਨ, ਉਹਨਾਂ ਨੂੰ ਵੀ ਤੁਹਾਡੀ ਪਾਰਖੂ-ਅੱਖ ਪਛਾਣਦੀ ਹੈ। ਦਿੱਲੀ, ਕਾਹਨਪੁਰ, ਬਿਦਰ ਆਦਿ 'ਚ ਵਸਦੇ ਸਿੱਖ-ਪਰਵਾਰਾਂ ਤੇ ਜੋ ਬੀਤੀ ਹੈ ਤੇ ਜਿਹੜੇ ਸਹਿਮ ਦੇ ਸਾਏ ਹੇਠ ਉਹ ਜੀਅ ਰਹੇ ਹਨ ਇਸਦੀ ਵੀ ਤੁਹਾਨੂੰ ਜਾਣਕਾਰੀ ਹੈ। ਸ੍ਰੀ ਅਕਾਲ ਤਖਤ ਉਤੇ ਹੋਏ ਹਮਲੇ ਵਿਰੁਧ ਸਿੱਖ ਰੋਹ ਦੇ ਬਲਦੇ-ਜਜ਼ਬਾਤਾਂ ਦੇ ਪ੍ਰਤੀਕ ਸ: ਬਿਅੰਤ ਸਿੰਘ-ਸਤਵੰਤ ਸਿੰਘ ਨੂੰ ਤਾਂ ਬਦਲੇ ਦੀ ਭੜਕਦੀ ਅੱਗ ਨੇ ਭੱਖਣਾ ਹੀ ਸੀ ਪਰ ਨਿਹੱਕੇ ਕਿਹਰ ਸਿੰਘ ਤੇ ਜਿਸਤਰਾਂ ਦਿੱਲੀ ਦਾ ਕਹਿਰ ਨਾਜ਼ਲ ਹੋਇਆ ਹੈ ਇਹ ਭਾਰਤੀ ਹਾਕਮਾਂ ਦੀ ਹਿਮਾਕਤ ਦਾ ਪ੍ਰਤੀਕ ਵੀ ਹੈ ਅਤੇ ਇਸਤੋਂ ਸਹਿਜੇ ਹੀ ਭਾਰਤ ਵਿਚ ਸਿੱਖਾਂ ਦੇ ਹਨੇਰੇ-ਭਵਿੱਖ ਦੀ ਕਲਪਣਾ ਵੀ ਕੀਤੀ ਜਾ ਸਕਦੀ ਹੈ। ਸਰਕਾਰੀ-ਸ਼ਹਿ ਤੇ ਸਮੂਹਿਕ ਰੂਪ 'ਚ ਵਿਉਂਤਬੰਦੀ ਨਾਲ ਸਿੱਖਾਂ ਦਾ ਦਿਨ-ਦਿਹਾੜੇ ਕਤਲ ਕਰਨ ਵਾਲਿਆਂ ਨੂੰ ਤਾਂ ਕੇਂਦਰ 'ਚ ਵੱਡੀਆਂ ਵਜ਼ੀਰੀਆਂ ਮਿਲਦੀਆਂ ਹਨ ਤੇ ਉਘੇ ਕਾਨੂੰਨਦਾਨਾਂ ਤੇ ਇਨਸਾਫ-ਪਸੰਦ ਲੋਕਾਂ ਦੇ ਹਾਲ-ਪਾਹਰਿਆ ਪਾਉਣ ਤੇ ਵੀ ਬੇਕਸੂਰ ਸਿੱਖਾਂ ਦੇ ਗਲ ਵਿਚ ਫਾਂਸੀ ਦਾ ਫੰਦਾ ਪਾਇਆ ਜਾਂਦਾ ਹੈ। ਜੇ ਅੱਜ ਦਿੱਲੀ ਸਿੱਖਾਂ ਦੀ ਨੰਬਰ ਇਕ ਦੁਸ਼ਮਣ ਬਣ ਕੇ ਸਿੱਖ-ਨੌਜਵਾਨਾਂ ਦਾ ਖੁਰਾ-ਖੋਜ ਮਿਟਾਉਣ ਤੇ ਤੁਲੀ

ਹੋਈ ਹੈ। ਜੇ ਏਨਾ ਕੁਝ ਵਾਪਰਨ ਉਪਰੰਤ ਵੀ ਪੰਜਾਬ ਦੀ ਅਕਾਲੀ-ਲੀਡਰਸ਼ਿਪ ਨੂੰ ਅਕਲ ਆਉਂਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਤਾਂ ਸਿੱਖਾਂ ਦੇ ਸਵੈਮਾਨ ਨੂੰ ਬਰਕਰਾਰ ਰੱਖਣ ਦੀ ਜ਼ਿਮੇਵਾਰੀ ਹੁਣ ਵਿਦੇਸ਼ੀ-ਸਿੱਖਾਂ ਤੇ ਵਿਸ਼ੇਸ਼ਕਰ ਉਹਨਾਂ ਦੇ ਵਿਦੇਸ਼ੀ ਸਿੱਖ-ਲੀਡਰਾਂ ਸਿਰ ਪੈਂਦੀ ਹੈ।

ਸੋ ਵਿਦੇਸ਼ੀ ਸਿੱਖ-ਲੀਡਰੋ ! ਮੰਨਿਆ ਤੁਸੀਂ ਸਾਰੇ ਕੌਮ ਦੀ ਮੌਜੂਦਾ ਦਸ਼ਾ ਪ੍ਰਤੀ ਪੂਰੀ ਤਰਾਂ ਚਿੰਤੂਤ ਹੋ। ਆਪੋ-ਆਪਣੀਆਂ ਜਥੇਬੰਦੀਆਂ ਦੇ ਝੰਡਿਆਂ ਹੇਠ ਪ੍ਰਯਤਨਸ਼ੀਲ ਵੀ ਹੋ। ਪਰ ਇਕ ਕੋੜੀ ਸਚਾਈ ਤੁਹਾਡੇ ਸਾਹਮਣੇ ਰੱਖਣ ਦੀ ਗੁਸਤਾਖੀ ਕਰ ਰਿਹਾਂ ਕਿ ਆਪਣੇ ਯਤਨਾਂ ਦੇ ਬਾਵਜੂਦ ਵੀ ਅੱਜ ਤੁਸੀਂ ਵਿਦੇਸ਼ੀ ਸਿੱਖਾਂ ਦੇ ਵਿਸ਼ਵਾਸ ਅਤੇ ਖੁਸ਼ੀ ਦੇ ਪਾਤਰ ਨਹੀਂ ਬਣ ਸਕੇ। ਸਿੱਖ-ਸੰਘਰਸ਼ 'ਚ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਅ ਸਕੇ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਇਸ ਪ੍ਰਸੰਗ ਵਿਚ ਸਿਰਫ ਤਰ ਤੇ ਲੂਣ ਹੀ ਘਸਾਉਂਦੇ ਰਹੇ ਹੋ ਪਰ ਏਨਾ ਜ਼ਰੂਰ ਕਹਾਂਗਾ ਕਿ ਤੁਸੀਂ ਇਸ ਸਬੰਧ ਵਿਚ ਕੋਈ ਖੁੱਤੀ ਵੀ ਨਹੀਂ ਪਾ ਸਕੇ। ਇਸਦਾ ਇਕੋ ਇਕ ਕਾਰਨ ਹੈ ਕਿ ਨਾ ਤਾਂ ਤੁਸੀਂ ਨਵੇਂ-ਪੁਰਾਣੇ ਜੁਤ ਕੇ ਬੈਠ ਸਕੇ ਹੋ ਤੇ ਨਾ ਤੁਹਾਡੀਆਂ ਜਥੇਬੰਦੀਆਂ ਆਪਸ ਵਿਚ ਬਗਲਗੀਰ ਹੋ ਸਕੀਆਂ ਹਨ। ਪੰਜਾਬ ਦੀ ਅਕਾਲੀ-ਲੀਡਰਸ਼ਿਪ ਨੇ ਜੇ ਕੌਮ ਦਾ ਭੱਠਾ ਬਿਠਾਇਆ ਹੈ ਤਾਂ ਖਿਮਾ ਕਰਨਾ ਮਿੱਤਰੋ, ਕੌਮ ਦੀ ਸ਼ਾਨ ਨੂੰ ਚਾਰ ਚੰਨ ਤੁਸੀਂ ਵੀ ਨਹੀਂ ਲਾ ਸਕੇ !

ਜ਼ਰਾ ਸੋਚੋ ! ਨਿਸ਼ਾਨਾ ਤੁਹਾਡੀਆਂ ਸਾਰੀਆਂ ਜਥੇਬੰਦੀਆਂ ਦਾ ਇਕੋ ਹੈ। ਇਸ ਲਈ ਯਤਨ ਕਰਨ ਦੇ ਵੀ ਆਪਣੀ ਆਪਣੀ ਥਾਂਵੇਂ ਤੁਸੀਂ ਸਾਰੇ ਦਾਅਵੇਦਾਰ ਹੋਂ। ਪਰ ਇਕ ਦੂਜੀ ਨਾਲ ਸੋਬਰੀ ਕਿਸੇ ਜਥੇਬੰਦੀ ਦੀ ਨਹੀਂ ਪੈਂਦੀ। ਧਤੇ ਤੁਹਾਡੇ ਸਾਰੇ ਭੇਡੂਆਂ ਵਾਂਗ ਭਿਤ ਰਹੇ ਹਨ। ਜੇ ਨਿਸ਼ਾਨਾ ਸਾਂਝਾ ਹੈ ਤਾਂ ਫਿਰ ਇਹ ਆਪੋ-ਧਾਪੀ ਕੇਹੀ ? ਇਹ ਉਖਤੇ ਕੁਹਾਤੇ ਕਿਉਂ ? ਭਲਾ ਤੁਹਾਡੇ ਇਹ ਹਰਫਲੇ-ਟੱਕ ਇਸ ਤਰਾਂ ਕਿਹੜੇ ਬ੍ਰਿਛ ਨੂੰ ਵੱਢ ਲੈਣਗੇ ? ਹਾਂ, ਤੁਸੀਂ ਆਪਸ ਵਿਚ ਠਣਕਦੇ-ਠਹਿਕਦੇ ਆਪਣੀ ਸ਼ਕਤੀ ਦਾ ਜ਼ਰੂਰ ਸਤਿਆਨਾਸ ਕਰ ਲਓਗੇ। ਚਲੋ, ਪੰਜਾਬ ਦੀ ਅਕਾਲੀ-ਲੀਡਰਸ਼ਿਪ ਤਾਂ ਭਲਾ ਸੁਆਰਥੀ ਸੀ। ਚੌਧਰਾਂ ਦੀ ਭੁੱਖੀ, ਕੁਰਸੀਆਂ-ਗੱਦੀਆਂ ਦੀ ਹਲਕਾਈ ਸੀ। ਪਰ ਯਾਰੋ ! ਤੁਹਾਡੇ 'ਚ ਕਿਹੜੀ ਕਾਣੋਂ-ਕਮੀ ਹੈ ? ਜੋ ਸੁਲਝੇ ਹੋਏ ਹੁੰਦਿਆਂ ਵੀ ਤੁਹਾਨੂੰ ਸਿਰ ਜੋੜਨ ਨਹੀਂ ਦਿੰਦੀ। ਤੁਸੀਂ ਤਾਂ ਕੁਰਸੀਆਂ ਦੇ ਭੁੱਖੇ ਨਹੀਂ ਨਾ ? ਜ਼ਰਾ ਹਿੱਕ ਤੇ ਹੱਥ ਧਰ ਕੇ ਦੱਸਿਓ ਕੀ ਤੁਸੀਂ ਵਿਦੇਸ਼ੀ ਸਿੱਖਾਂ ਦੇ ਜਜ਼ਬਾਤਾਂ ਦੇ ਹਾਣ ਦੇ ਹੋ ਸਕੇ ਹੋਂ ? ਕੀ ਜਦ ਤੁਸਾਂ ਕੋਈ ਆਵਾਜ਼ ਮਾਰੀ ਹੈ ਕਿਰਤੀ-ਕਾਮੇ ਸਿੱਖਾਂ ਨੇ ਤੁਹਾਥੋਂ ਕੁਝ ਲਕੋਇਆ ਹੈ ? ਜੇ ਨਹੀਂ ਤਾਂ ਫਿਰ ਜੇ ਤੁਸੀਂ ਇਹਨਾਂ ਦੀਆਂ ਆਸਾਂ ਤੇ ਪੂਰੇ ਨਾ ਉਤਰੋਂ ਤਾਂ ਫੈਸਲਾ ਤੁਸੀਂ ਹੀ ਕਰੋ ਕਿ ਇਹ ਤੁਹਾਨੂੰ ਕਿਹੜੇ ਹਾਰ ਪਾਉਂਣ ?

ਸੁਪਨਾ ਤੁਸੀਂ ਸਾਰੇ ਖਾਲਸਾ-ਰਾਜ ਦਾ ਲੈਂਦੇ ਹੋ-ਤੁਹਾਡੀ ਇਸ ਚੁੜਦੀ-ਕਲਾ ਵਾਲੀ ਸੋਚਣੀ ਦੀ ਦਾਦ ਦੇਣੀ ਹੀ ਬਣਦੀ ਹੈ ਪਰ ਇਕ ਗੱਲ ਸਿਰਫ ਜਜ਼ਬਾਤੀ ਨਹੀਂ ਸੰਜੀਦਾ ਹੋ ਕੇ ਸੋਚਣੀ ਚਾਹੀਏ ਕਿ ਇਕ ਮੁਲਕ ਦੀ ਸਿਰਜਣਾ ਕੋਈ ਮਖੌਲ ਦੀ ਘੱਗਰੀ ਜਾਂ ਖਾਲਾ ਜੀ ਦਾ ਵਾੜਾ ਨਹੀਂ ! ਇਸ ਸੁਪਨੇ ਨੂੰ ਤੁਹਾਨੂੰ ਸਿੱਖ-ਮਾਸਜ਼ ਦੇ ਮਨ ਵਿਚ ਮੂਰਤੀਮਾਨ ਕਰਨ ਲਈ ਇਸਦੀ ਰੂਪ-ਰੇਖਾ ਨੂੰ ਉਘਾੜਨਾ ਪਵੇਗਾ। ਗੁਰਮਤ ਦੇ ਗੋਤਾ-ਖੋਰ ਸਿੱਖ-ਵਿਦਵਾਨਾਂ ਨੂੰ ਇਸ ਕਾਰਜ ਲਈ ਪੂਰ ਕੇ ਪਹਿਲੋਂ ਜੁਟਾਣਾ ਪਵੇਗਾ। ਉਹਨਾਂ ਤੋਂ ਮਿਲੀ ਖਾਲਸਾ-ਰਾਜ ਦੀ ਮੂਰਤ ਸਿੱਖ-ਮਨ 'ਚ ਵਸਾ ਕੇ, ਇਸ ਦੀ ਪ੍ਰਾਪਤੀ ਦੇ ਹੀਲੇ-ਵਸੀਲੇ ਲੱਭ ਕੇ ਇਹਨਾਂ ਨੂੰ ਸੁਯੋਗਤਾ ਨਾਲ ਵਰਤਣਾ ਹੋਵੇਗਾ। ਇਸ ਕਾਰਜ ਲਈ ਸੱਦੇ ਸਮਾਗਮਾਂ ਦਾ ਅਸਰ ਇਹਨਾਂ ਦੀ ਸਮਾਪਤੀ ਉਤੇ ਸਫਾਂ ਨਾਲ ਹੀ ਲਪੇਟਿਆ ਨਹੀਂ ਜਾਣਾ ਚਾਹੀਦਾ। ਖਾਲਸਾ-ਰਾਜ ਦੀ ਭਾਵਨਾ ਦੀ ਚਿਣਗ ਪਹਿਲੋਂ ਤੁਹਾਡੇ ਆਪਣੇ ਦਿਲਾਂ 'ਚ ਈਮਾਨਦਾਰੀ ਨਾਲ ਦਗਦੀ ਰਹਿਣੀ ਚਾਹੀਦੀ ਹੈ ਤੇ ਵੱਡੀ ਗੱਲ ਤੁਹਾਡੇ ਸਾਰਿਆਂ ਦੇ ਤੀਰ ਇਕੋ ਨਿਸ਼ਾਨੇ ਤੇ ਵਜੱਣੇ ਚਾਹੀਦੇ ਹਨ।

ਸਰਦਾਰ ਸਤਵੰਤ ਸਿੰਘ ਤੇ ਸਰਦਾਰ ਕਿਹਰ ਸਿੰਘ ਦੇ ਫਾਂਸੀ ਚੜ੍ਹੇ ਜਾਣ ਨਾਲ ਜ਼ੁਲਮ ਦੇ ਪਾਣੀ ਪੁਲ ਤੋਂ ਦੀ ਵਗ ਗਏ ਹਨ। ਪੰਥ ਅਤੇ ਪੰਜਾਬ ਦਾ ਸਭੋ ਕੁਝ ਦਾਅ ਤੇ ਲੱਗਾ ਹੋਇਆ ਹੈ। ਹੁਣ ਤਾਂ ਤੁਹਾਨੂੰ ਮਿਲ ਬਹਿਣਾ ਚਾਹੀਦਾ ਹੈ। ਹੁਣ ਤਾਂ ਤੁਹਾਡੀਆਂ ਜਥੇਬੰਦੀਆਂ ਦੇ ਠੈਣੇ ਨਹੀਂ ਹੋਣੇ ਚਾਹੀਦੇ। ਵਕਤ ਹੈ, ਅਜੇ ਵੀ ਸੰਭਲ ਜਾਓ ! ਮੁੜ ਆਓ !! ਪੰਥ ਦਾ, ਪੰਜਾਬ ਦਾ ਇਤਿਹਾਸ ਸਿਰਜਿਆ ਜਾ ਰਿਹਾ ਹੈ। ਇਸ ਇਤਿਹਾਸ ਦੇ ਇਕ ਹੱਥ ਦੀ ਉਂਗਲੀ ਚੰਦਨ-ਡਬੋਈ ਹੈ ਤੇ ਦੂਸਰੇ ਹੱਥ ਦੀ ਉਂਗਲ

ਕਾਲਖ-ਲਿਬੇੜੀ ! ਸਾਡੇ ਸਭਨਾਂ ਦੇ ਮੱਥੇ ਇਕ ਟਿੱਕਾ ਤਾਂ ਜ਼ਰੂਰ ਲੱਗਣਾ ਹੀ ਲੱਗਣਾ ਹੈ ਫਿਰ ਕਿਉਂ ਨਾ ਆਪਣਾ ਮੱਥਾ ਚੰਦਨ ਦੀ ਉਂਗਲੀ ਵੱਲ ਕਰੀਏ ?

ਪਰਦੇਸੀ-ਖਾਲਸੇ ਦੇ ਜੱਥੇਦਾਰੋ ! ਦੋ ਤਿੰਨ ਜ਼ਰੂਰੀ ਮਸਲੇ ਹਨ ਜੋ ਤੁਹਾਡੀ ਫੌਰੀ ਤਵੱਜੋ ਦੇ ਤਲਬਗਾਰ ਹਨ, ਇਸਤੋਂ ਮਗਰੋਂ ਅਸਲੀ ਗੱਲ ਵੱਲ ਮੁੜਾਂਗਾ। ਮੁੱਖ ਮਸਲਾ ਵਿਦੇਸ਼ੀ ਸਿੱਖ-ਲੀਡਰਸ਼ਿਪ ਸਾਹਵੇਂ ਪੰਜਾਬ ਤੇ ਢਹਿ ਰਹੇ ਕਹਿਰ ਅਤੇ ਸਿੱਖ-ਕਾਜ਼ ਨੂੰ ਅੰਤਰਰਾਸ਼ਟਰੀ-ਭਾਈਚਾਰੇ ਅੱਗੇ ਰੱਖਣ ਦਾ ਹੈ। ਤੁਹਾਡੇ ਵਲੋਂ ਇਸ ਬੰਨੇ ਸ਼ਲਾਘਾਯੋਗ ਯਤਨ ਹੋਏ ਹਨ। ਉਪਰਾਲਾ ਕਰਨ ਵਾਲੀਆਂ ਸਾਰੀਆਂ ਧਿਰਾਂ ਮੁਬਾਰਕਬਾਦ ਦੀਆਂ ਅਧਿਕਾਰੀ ਹਨ। ਪਰ ਅਫਸੋਸ ਇਸ ਸਬੰਧ 'ਚ ਇਸ ਗੱਲ ਦਾ ਹੈ ਕਿ ਤੁਹਾਡੀਆਂ ਸਮੂਹ ਜਥੇਬੰਦੀਆਂ ਨੇ ਇਸ ਮਸਲੇ ਦੀ ਅਹਿਮੀਅਤ ਨੂੰ ਸਮਝ ਕੇ ਮੋਢੇ ਨਾਲ ਮੋਢਾ ਨਹੀਂ ਜੋੜਿਆ। ਕਾਂਗਰਸਮੈਨਾਂ / ਸੈਨੇਟਰਾਂ / ਪਾਰਲੀਮੈਂਟ ਮੈਂਬਰਾਂ ਤੱਕ ਪਹੁੰਚਣ ਦੇ ਪ੍ਰਸ਼ੰਸਾਜਨਕ ਯਤਨ ਤਾਂ ਬਹੁਤ ਹੋਏ ਹਨ ਪਰ ਜੇ ਵਿਦੇਸ਼ਾਂ ਵਿਚਲੀਆਂ ਸਭੇ ਜਥੇਬੰਦੀਆਂ ਦੇ ਲੀਡਰ ਇਕਮੁੱਠ ਹੋ ਕੇ ਇਹਨਾਂ ਮੁਹਿੰਮਾਂ ਉਤੇ ਜੁੜਦੇ ਤਾਂ ਇਹਨਾਂ ਦੇਸ਼ਾਂ ਦੇ ਸਿਆਸਤਦਾਨਾਂ ਉਤੇ ਸਿੱਖਾਂ ਦਾ ਸਤਿਕਾਰ-ਪ੍ਰਭਾਵ ਕਿਤੇ ਵੱਧ ਹੋਣਾ ਸੀ। ਇਸ ਮਸਲੇ ਤੇ ਕੰਮ ਕੋਈ ਵੀ ਲੀਡਰ ਕਰੇ ਕੌਮ ਨੇ ਉਸਨੂੰ ਕਰੈਡਿਟ ਦੇਣਾ ਹੀ ਦੇਣਾ ਹੈ ਤੇ ਦੇਣਾ ਬਣਦਾ ਵੀ ਹੈ। ਪਰ ਜੇ ਕਿਸੇ ਮੈਂਬਰ ਪਾਰਲੀਮੈਂਟ / ਕਾਂਗਰਸਮੈਨ / ਸੈਨੇਟਰ ਤੋਂ ਸਟੇਟਮੈਂਟ ਦੁਆਣ ਦਾ ਕਰੈਡਿਟ ਲੈਣ ਦੇ ਕਈ ਕਈ ਦਾਅਵੇਦਾਰ ਹਿੱਕ ਥਾਪੜਦੇ ਹੋਣ ਜਾਂ ਇਕ ਪ੍ਰਤੀਨਿਧ ਦੇ ਉਦਾਲੇ ਇਕੋ ਕਾਜ਼ ਲਈ ਸਿੱਖਾਂ ਦੇ ਵੱਖੋ ਵੱਖਰੇ ਦੋ-ਦੋ, ਤਿੰਨ-ਤਿੰਨ ਡੈਪੂਟੇਸ਼ਨ ਹੂਲੀਆਂ ਦਿੰਤੀ ਫਿਰਦੇ ਹੋਣ ਜਾਂ ਉਸ ਪਾਸ ਇਕ ਦੂਸਰੇ ਦਾ ਹੀਜ-ਪਿਆਜ਼ ਖੋਹਲਦੇ ਫਿਰਨ ਤੇ ਜਾਂ ਫਿਰ ਕਿਸੇ ਕਾਂਗਰਸਮੈਨ / ਸੈਨੇਟਰ ਨੂੰ ਦਿੱਤੇ ਜਾਣ ਵਾਲੇ ਲੰਚ ਹੀ ਸਿੱਖਾਂ ਦੀ ਆਪਸੀ ਫੁੱਟ ਦਾ ਪ੍ਰਦਰਸ਼ਣ ਕਰਦੇ ਹੋਣ ਤਾਂ ਇਹ ਸਿੱਖ-ਕਾਜ਼ ਲਈ ਮਦਦ ਲੈਣ ਦੀ ਥਾਂਵੇਂ ਪੱਲਿਓਂ ਪੈਸੇ ਖਰਚ ਕੇ ਆਪਸੀ ਫੁੱਟ ਦਾ ਮੁਜ਼ਾਹਰਾ ਕਰਨਾ ਹੀ ਹੈ।

ਮੀਡੀਏ ਦੇ ਪੱਖੋਂ ਵੀ ਵਿਦੇਸ਼ੀ ਸਿੱਖ-ਲੀਡਰਸ਼ਿਪ ਨੇ ਅਕਾਲੀ-ਲੀਡਰਸ਼ਿਪ ਵਾਂਗ ਕਰਾਰੀ ਮਾਰ ਖਾਧੀ ਹੈ। ਜਿਵੇਂ ਪੰਜਾਬ 'ਚ ਅਕਾਲੀ ਆਪਣਾ ਕੋਈ ਮਜ਼ਬੂਤ ਪ੍ਰੈਸ ਸਥਾਪਤ ਨਹੀਂ ਕਰ ਸਕੇ ਇਵੇਂ ਵਿਦੇਸ਼ੀ ਸਿੱਖ-ਲੀਡਰਸ਼ਿਪ ਵੀ ਅੰਗਰੇਜ਼ੀ ਜਾਂ ਪੰਜਾਬੀ ਦਾ ਕੋਈ ਧੜੱਲੇਦਾਰ ਅਖ਼ਬਾਰ ਨਹੀਂ ਕੱਢ ਸਕੀ ਜਿਸਨੂੰ ਸਮੁੱਚੇ ਸਿੱਖ-ਸੰਸਾਰ ਦੀ ਆਵਾਜ਼ ਕਿਹਾ ਜਾ ਸਕੇ। ਵਿਦੇਸ਼ਾਂ ਵਿਚ ਪਹਿਲੋਂ ਚਲਦੀਆਂ ਸਾਡੀਆਂ ਪੰਜਾਬੀ ਅਖ਼ਬਾਰਾਂ ਇਸ ਸੰਘਰਸ਼ ਵਿਚ ਇਕ ਅਹਿਮ ਰੋਲ ਅਦਾ ਕਰ ਸਕਦੀਆਂ ਸਨ ਪਰ ਵਿਦੇਸ਼ੀ ਸਿੱਖ-ਲੀਡਰਸ਼ਿਪ ਨੇ ਨਾ ਕਦੇ ਇਹਨਾਂ ਦੇ ਉਸਾਰੂ-ਸੁਝਾਵਾਂ ਦਾ ਸੁਆਗਤ ਕੀਤਾ ਹੈ ਨਾ ਇਹਨਾਂ ਨੂੰ ਆਪਣੀ ਸਿਹਤਮੰਦ ਵਿਚਾਰਧਾਰਾ ਦੇ ਹੁੰਦੜਹੇਲ ਵਾਹਨ ਬਣਾ ਕੇ ਤਕੜੇ ਕਰਨ ਦਾ ਉਦੱਮ ਕੀਤਾ ਹੈ ਸਗੋਂ ਸਿੱਖ ਜਥੇਬੰਦੀਆਂ ਨੇ ਇਹਨਾਂ ਨੂੰ ਆਪਣੀ ਪਾਟੋ-ਧਾੜ ਵਿਚ ਸ਼ਰੀਕ ਜਾਂ ਭਾਈਵਾਲ ਬਣਾ ਕੇ ਆਪਣੇ ਹਿਤਾਂ ਲਈ ਆਪਣੇ ਧੜਿਆਂ-ਜਥੇਬੰਦੀਆਂ ਨਾਲ ਜੋੜਿਆ ਹੈ ਤੇ ਬਲਦੀ ਤੇ ਤੇਲ ਪਾਉਂਣ ਦੇ ਸਾਧਨਾਂ ਵਿਚ ਤਬਦੀਲ ਕਰਕੇ ਕੌਮ ਲਈ ਮਾਰੂ-ਹਥਿਆਰ ਬਣਾਇਆ ਹੈ। ਇਸ ਅਰਸੇ ਦੌਰਾਨ ਸਾਡੀਆਂ ਵਿਦੇਸ਼ੀ ਅਖ਼ਬਾਰਾਂ ਦੀਆਂ ਕਲਮਾਂ ਦਾ ਜੰਗਾਲ ਬਹੁਤਾ ਇਕ ਦੂਸਰੀ ਤੇ ਹੀ ਲੱਥਾ ਹੈ। ਅੱਜ ਸਾਡੀਆਂ ਵਿਦੇਸ਼ੀ-ਅਖ਼ਬਾਰਾਂ ਈਰਖਾ ਦੇ ਝਰੋਖਿਆਂ ਵਿਚ ਬੈਠ ਹੱਥ ਕੱਢ-ਕੱਢ ਸੌਂਕਣਾਂ ਵਾਂਗ ਲੜਦੀਆਂ ਹਨ। ਵਿਦੇਸ਼ੀ ਸਿੱਖ-ਲੀਡਰ ਅੱਜ ਇਸ ਗੱਲੋਂ ਮੁਨਕਰ ਨਹੀਂ ਹੋ ਸਕਦੇ ਕਿ ਉਹਨਾਂ ਦੀਆਂ ਜਥੇਬੰਦੀਆਂ ਦੀ ਥਾਪਨਾ, ਸਰਪ੍ਰਸਤੀ ਨੇ ਅਖ਼ਬਾਰਾਂ ਰਾਹੀਂ ਕੌਮ ਦੀ ਏਕਤਾ ਲਈ ਘੱਟ ਤੇ ਇਸ ਨੂੰ ਅਨੇਕਤਾ ਵਿਚ ਵੰਡਣ ਦਾ ਵਧੇਰੇ ਉਦੱਮ ਕੀਤਾ ਹੈ। ਆਏ ਦਿਨ ਇਹਨਾਂ ਅਖ਼ਬਾਰਾਂ ਵਿਚ ਜਥੇਬੰਦੀਆਂ ਦੇ ਇਕ ਦੂਸਰੇ ਵਿਰੁਧ ਛਪਦੇ ਇਸ਼ਤਿਹਾਰ-ਰਿਪੋਰਟਾਂ ਇਸਦੇ ਪ੍ਰਤੱਖ ਉਦਾਹਰਣ ਹਨ। ਅਜਿਹੀ ਝਲਕ ਹੀ ਸਿੱਖਾਂ ਦੇ ਸਮਾਗਮਾਂ ਤੇ ਮੁਜ਼ਾਹਰਿਆਂ 'ਚੋਂ ਝਲਕਦੀ ਰਹੀ ਹੈ।

ਨਿਰਸੰਦੇਹ ਚੱਲ ਰਹੇ ਸਿੱਖ-ਸੰਘਰਸ਼ ਦੇ ਸ਼ਹੀਦਾਂ ਦੇ ਵਾਰਸਾਂ ਦੀ ਸੇਵਾ-ਸੰਭਾਲ ਅਤੇ ਹੋਰ ਸਬੰਧਤ ਕਾਰਜ ਲਈ ਮਾਇਕ-ਮਦਦ ਭੇਜਣਾ ਵਿਦੇਸ਼ੀ-ਸਿੱਖਾਂ ਦਾ ਮੁੱਖ ਫ਼ਰਜ਼ ਹੈ ਤੇ ਪ੍ਰਦੇਸੀ-ਖਾਲਸੇ ਦਾ ਦਿਲ ਇਸ ਸਬੰਧ ਵਿਚ ਬਹੁਤ ਖੁੱਲ੍ਹਾ ਹੈ। ਸਿੱਖ-ਜਥੇਬੰਦੀਆਂ, ਸੰਸਥਾਵਾਂ ਦੇ ਉਦਮੀ ਪੰਥ-ਦਰਦੀਆਂ ਨੇ ਸ਼ਰਧਾਵਾਨ ਸਿੱਖਾਂ ਦਾ ਇਹ ਤਿਲ-ਫੁੱਲ ਪੰਜਾਬ ਪਹੁੰਚਾਇਆ ਹੈ ਪਰ ਜੇ ਭੇਜੀ ਮਾਇਆ ਠੀਕ ਥਾਂਵੇਂ ਨਾ ਪਹੁੰਚਣ, ਇਸਦੀ ਗਲਤ ਵਰਤੋਂ ਹੋਣ ਜਾਂ ਕਿਸੇ ਲੀਡਰ ਵਲੋਂ ਮਾਸੂਮ ਸਿੱਖਾਂ ਦੀ

ਮਾਇਆ ਮੁੱਛ ਜਾਣ ਦੀਆਂ ਕਨਸੋਆਂ ਸਿੱਖ-ਸੰਗਤਾਂ ਦੇ ਕੰਨੀਂ ਪੈਣ ਤਾਂ ਇਸ ਵਿਚ ਕਸੂਰ ਕਿਰਤੀ-ਸਿੱਖਾਂ ਦਾ ਨਹੀਂ, ਅਜਿਹਾ ਕਰਨ ਵਾਲਿਆਂ ਦਾ ਹੈ !

ਵਿਦੇਸ਼ਾਂ ਦੀਆਂ ਜਿਹਲਾਂ 'ਚ ਡੱਕੇ ਸਿੰਘਾਂ ਦੀ ਕਾਨੂੰਨੀ ਤੇ ਹੋਰ ਕਾਰਜਾਂ ਲਈ ਮਾਇਕ-ਮਦਦ ਵੀ ਇਕ ਮਸਲਾ ਹੈ ਜਿਸ ਲਈ ਵਿਦੇਸ਼ੀ ਸਿੱਖ-ਜਥੇਬੰਦੀਆਂ, ਸੰਸਥਾਵਾਂ ਨਾਲ ਸਬੰਧਤ ਸਿੱਖਾਂ ਵਲੋਂ ਸ਼ਲਾਘਾਯੋਗ ਯਤਨ ਹੋਏ ਹਨ ਜਿਸ ਲਈ ਸਬੰਧਤ ਸਿੱਖ ਸ਼ਾਬਾਸ਼ ਦੇ ਹੱਕਦਾਰ ਹਨ ਪਰ ਜੇ ਸਿੱਖ-ਸਫਾਂ ਵਿਚ ਇਹ ਗੱਲਾਂ ਵੀ ਟੁਰ ਪੈਣ ਕਿ ਇਹਨਾਂ ਬੇਲਾਗ ਤੇ ਭੋਲੇ ਸਿੰਘਾਂ ਨੂੰ ਵੀ ਵਿਦੇਸ਼ੀ ਸਿੱਖ-ਜਥੇਬੰਦੀਆਂ ਦੀ ਫੂੱਟ ਵਿਚ ਧਿਰਾਂ ਬਣਾ ਲਿਆ ਗਿਆ ਹੈ ਤਾਂ ਇਸ ਵਿਚ ਕਸੂਰ ਇਹਨਾਂ ਜਿਹਲੀਂ ਡੱਕੇ ਸਿੰਘਾਂ ਦਾ ਨਹੀਂ ਕਸੂਰ ਸਾਡੀ ਦੂਸ਼ਿਤ ਤੇ ਸੁਆਰਥੀ ਵਿਦੇਸ਼ੀ ਸਿੱਖ-ਸਿਆਸਤ ਦਾ ਹੈ ਤੇ ਇਸੇ ਤਰਾਂ ਪੰਜਾਬ ਵਿਚ ਸਿੱਖ-ਸੰਘਰਸ਼ ਨਾਲ ਸਬੰਧਤ ਸਿੰਘਾਂ ਦੀ ਸੁੱਖ-ਸਾਂਦ ਪੁੱਛਣ ਜਾਣਾ ਤਾਂ ਸ਼ਲਾਘਾਯੋਗ ਕਦਮ ਹੈ ਹੀ ਪਰ ਉਹਨਾਂ ਨੂੰ ਵਿਦੇਸੀ ਸਿੱਖਾਂ ਦੇ ਏਕਤਾ ਦੇ ਸੁਨੇਹੇਂ ਦੇ ਕੇ ਇਕ ਕਰਨ ਦੀ ਥਾਵੇਂ ਉਹਨਾਂ ਲਈ ਇਥੋਂ ਦੀ ਫੂੱਟ ਦੇ ਕੋਹੜ ਦਾ 'ਛੂਤ ਦਾ ਰੋਗ' ਛੱਡ ਆਉਣਾ ਵੀ ਕੌਮ ਦੀ ਬੇੜੀ 'ਚ ਹੋਰ ਵੱਟੇ ਪਾਉਂਣ ਤੋਂ ਕਿਵੇਂ ਘੱਟ ਨਹੀਂ।

ਮੁਕਦੀ ਗੱਲ, ਕੌਮ ਤੇ ਪਿਛਲੇ ਪੌਣੇ ਗਿਆਰਾਂ ਸਾਲਾਂ ਤੋਂ ਲਗਾਤਾਰ ਕੁੱਟ ਪੈ ਰਹੀ ਹੈ ਪਰ ਸਾਡੀਆਂ ਵਿਦੇਸ਼ੀ ਜਥੇਬੰਦੀਆਂ ਦੀ ਬਹੁਤੀ ਸ਼ਕਤੀ ਆਪਸੀ ਰੱਸਾ-ਕਸ਼ੀ, ਖਹਿ-ਬਾਜ਼ੀ ਤੇ ਲਾਗਡਾਟ ਵਿਚ ਨਸ਼ਟ ਹੋ ਰਹੀ ਹੈ। ਅਸੀਂ ਧਰਮ ਨਾਲੋਂ ਧੜੇ ਨੂੰ ਤਰਜੀਹ ਦੇ ਰਹੇ ਹਾਂ, ਇਹ ਨੰਗਾ-ਚਿੱਟਾ ਸੱਚ ਹੈ। ਸਾਡੀਆਂ ਵਿਦੇਸ਼ੀ ਸਿੱਖ-ਸੰਸਥਾਵਾਂ ਵਿਚ ਨਿਰਸੰਦੇਹ ਸਿੱਖ-ਸੰਘਰਸ਼ ਦੇ ਹਿਮਾਇਤੀ ਅੱਗੇ ਆਉਂਣ ਨਾਲ ਸਿੱਖ-ਸੰਘਰਸ਼ ਨੂੰ ਕਾਫੀ ਲਾਭ ਪੁੱਜਾ ਹੈ ਪਰ ਆਪਣੇ ਕਲੱਕੜ-ਰਵੱਈਏ ਕਾਰਨ ਉਹ ਵੀ ਸਮੁੱਚੇ ਸਿੱਖਾਂ ਨੂੰ ਨਿੰਮਰਤਾ-ਮੁਹੱਬਤ ਨਾਲ ਇਹਨਾਂ ਸਿੱਖ-ਸੰਸਥਾਵਾਂ ਤੇ ਸਿੱਖ-ਸੰਘਰਸ਼ ਨਾਲ ਜੋੜਨ ਦੀ ਸੋਝੀ ਨਹੀਂ ਵਰਤ ਸਕੇ।

ਵਿਦੇਸ਼ੀ ਸਿੱਖ-ਲੀਡਰੋ ! ਅੱਜ ਕੌਮ ਦੀਆਂ ਇਹਨਾਂ ਜਥੇਬੰਦੀਆਂ ਦੀ ਫੂੱਟ ਕਾਰਨ ਦਿੱਲੀ ਦਰਬਾਰ ਦੇ ਕੋਲੀਂ ਘਿਓ ਦੇ ਦੀਵੇ ਜਗ ਰਹੇ ਹਨ। ਤੁਸੀਂ ਮੰਨੋ ਭਾਵੇਂ ਮੰਨੋ, ਕੌਮ ਦੀ ਕਸਰਤ ਤੇ ਸਿੱਖ-ਵਿਸ਼ਵਾਸ ਦੀ ਖੁਰਾਕ ਬਿਨਾ ਤੁਹਾਡੀਆਂ ਜਥੇਬੰਦੀਆਂ ਦਿਨੋ-ਦਿਨ ਲਿੱਸੀਆਂ ਤੇ ਕਮਜ਼ੋਰ ਪੈ ਰਹੀਆਂ ਹਨ। ਖਾਲਸੇ ਦੀ ਇਕ ਵੱਡੀ ਯੋਗਤਾ ਬਿਆਨ ਕਰਦਿਆਂ ਸਾਹਿਬਾਂ ਫੁਰਮਾਨ ਕੀਤਾ ਹੈ-'ਖਾਲਸਾ ਸੋ ਜੋ ਨਿੰਦਾ ਤਿਆਗੇ'। ਗੁਰਮੁਖੋ ! ਤੁਸੀਂ ਲਗਪਗ ਸਾਰੇ ਅੰਮ੍ਰਿਤਧਾਰੀ ਹੋਂ ! ਗੁਰੂ ਸਾਹਿਬ ਦੀ ਤੁਹਾਡੇ ਤੇ ਬਖਸ਼ਿਸ਼ ਹੈ ਸਿੱਖਾਂ ਦੇ ਤੁਸੀਂ ਸਤਿਕਾਰ ਦੇ ਪਾਤਰ ਹੋਂ। ਪਰ ਤੁਹਾਡੀਆਂ ਜਥੇਬੰਦੀਆਂ ਦੀਆਂ ਮੀਟਿੰਗਾਂ-ਮਿਲਣੀਆਂ ਵਿਚ ਜਦ ਸ਼ਾਂਤ-ਗੰਭੀਰ ਪੰਥਕ-ਵਿਚਾਰਾਂ ਦੀ ਥਾਂਵੇਂ ਕੁੱਕੜ-ਖੋਹੀ ਜਾਂ ਇਲਜ਼ਾਮ-ਤਰਾਸ਼ੀ ਹੁੰਦੀ ਹੈ ਤਾਂ ਹਮਾਤੜ ਸਾਧਾਰਨ-ਸਿੱਖਾਂ ਨੂੰ ਨਿਰਾਸਤਾ ਹੋਣੀ ਸੁਭਾਵਿਕ ਹੈ। ਘੱਟੋ-ਘੱਟ ਤੁਸੀਂ ਅੰਮ੍ਰਿਤ-ਧਾਰੀ ਤਾਂ ਆਦਰਸ਼ ਬਣ ਕੇ ਵਿਚਰੋ ਤੇ ਇਹ ਸਮਾਂ ਪੰਥ ਦੀ ਬਿਹਤਰੀ ਲਈ ਲਾ ਕੇ ਗੁਰੂ ਤੇ ਸਿੱਖਾਂ ਦੀ ਖੁਸ਼ੀ ਝੋਲ ਪਾਓ ! ਮਿੱਤਰੋ ! ਪੰਜਾਬ ਵਿਚ ਧਰਮ ਦੀ ਖੱਟਿਆ ਖਾਂਦੇ ਅਕਾਲੀ ਤਾਂ ਮਸੰਦਾਂ ਦੇ ਪਾਏ ਨੂੰ ਪਹੁੰਚ ਗਏ ਹਨ ਘੱਟੋ-ਘੱਟ ਆਪਾਂ ਤਾਂ ਆਪਣੇ ਦਾਮਨ ਪਾਕ ਰੱਖ ਕੇ ਕਲਗੀਧਰ ਪਿਤਾ ਅੱਗੇ ਸੱਚੇ ਰਹਿਣ ਦਾ ਚਾਰਾ ਕਰੀਏ ! ਵਾਸਤਾ ਹੈ-ਅਜੇ ਵੀ ਹਉਮੈ ਨੂੰ ਤਿਲਾਂਜਲੀ ਦੇ ਕੇ ਪੰਥਕ-ਹਿਤਾਂ ਨੂੰ ਪਹਿਲ ਦੇਣ ਦਾ ਨਿਸਚਾ ਕਰ ਲਵੋ। ਜੁਝਾਰੂ ਸਿੰਘ ਪੰਥ ਲਈ ਵੱਧ ਤੋਂ ਵੱਧ ਜਾਨਾਂ ਹੀ ਵਾਰ ਸਕਦੇ ਸਨ ਉਹ ਉਹਨਾਂ ਵਾਰ ਦਿਤੀਆਂ ਹਨ ਤੇ ਰਹਿੰਦੇ ਵਾਰ ਰਹੇ ਹਨ ਪਰ ਦੇਸ਼ ਵਿਚ ਉਹਨਾਂ ਦੀ ਬਣ ਸਕਣ ਵਾਲੀ ਸੱਜੀ ਅਕਾਲੀ ਬਾਂਹ ਤਾਂ ਨਿਕਾਰਾ ਹੋ ਚੁੱਕੀ ਹੈ ਪਰ ਆਪਾਂ ਵਿਦੇਸ਼ੀ-ਸਿੱਖ ਤਾਂ ਉਹਨਾਂ ਲੜਦਿਆਂ-ਮਰਦਿਆਂ ਦੀ ਖੱਬੀ ਬਾਂਹ ਬਣ ਸਕਦੇ ਹਾਂ। ਪੰਥ ਦੀ ਆਨ-ਸ਼ਾਨ ਬਚਾਉਂਣ ਵਿਚ ਉਹਨਾਂ ਦੀ ਧਿਰ ਸਾਬਤ ਹੋ ਸਕਦੇ ਹਾਂ !

ਤੁੱਭਕਿਓ ਨਾ ! ਇਹ ਸਤਰਾਂ ਲਿਖ ਕੇ ਤੁਹਾਨੂੰ ਇਕ ਹੋਣ ਲਈ ਆਖਦਿਆਂ ਮੈਂ ਤੁਹਾਨੂੰ ਤੁਹਾਡੀਆਂ ਜਥੇਬੰਦੀਆਂ ਭੰਗ ਕਰਨ ਦਾ ਕੋਈ ਮਸ਼ਵਰਾ ਨਹੀਂ ਦੇਣ ਲੱਗਿਆ ਪਰ ਏਨੀ ਗੁਜ਼ਾਰਿਸ਼ ਜ਼ਰੂਰ ਕਰਾਂਗਾ ਕਿ ਅਜੇ ਵੇਲਾ ਹੈ ਆਪਣੀਆਂ ਇਹਨਾਂ ਵਿਦੇਸ਼ਾਂ ਵਿਚਲੀਆਂ ਜਥੇਬੰਦੀਆਂ ਦੇ ਸਿਰ ਜੋੜੋ। ਇਹਨਾਂ ਦੀ ਅੰਤਰਰਾਸ਼ਟਰੀ (ਘੱਟੋ-ਘੱਟ ਅਮਰੀਕਾ, ਕੈਨੇਡਾ, ਇੰਗਲੈਂਡ) ਪੱਧਰ ਤੇ ਇਕ ਸਾਂਝੀ

ਤਾਲਮੇਲ ਕਮੇਟੀ ਕਾਇਮ ਕਰੋ ਜੋ ਵੱਖੋ-ਵੱਖ ਖੇਤਰਾਂ 'ਚ ਹਰ ਕਾਰਜ ਲਈ ਮਾਹਰ ਸੱਜਣਾਂ ਦੀ ਇਕ ਸਬ-ਕਮੇਟੀ ਕਾਇਮ ਕਰੇ। ਭਾਵੇਂ ਇਕ ਕਾਰਜ ਇਕ ਜਥੇਬੰਦੀ ਨੂੰ ਸੌਂਪਿਆ ਜਾਵੇ ਜਾਂ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦੇ ਉਸ ਵਿਚ ਲਏ ਜਾਣ। ਇਹ ਕਮੇਟੀ ਅੱਗੇ ਹਰ ਦੇਸ਼ 'ਚ ਤੁਹਾਡੀ ਰਾਇ ਨਾਲ ਆਪਣੇ ਕਾਰਜ ਲਈ ਲੋੜੀਂਦੇ ਸੱਜਣ ਚੁਣ ਲਵੇ। ਭਾਵ ਤਾਲਮੇਲ-ਕਮੇਟੀ ਸਾਰੀਆਂ ਜਥੇਬੰਦੀਆਂ ਦੀ ਅੰਤਰਰਾਸ਼ਟਰੀ ਪੱਧਰ ਤੇ ਪ੍ਰਤੀਨਿਧਤਾ ਕਰਦੀ ਹੋਵੇ। ਜੇ ਕਾਂਗਰਸਮੈਨਾਂ / ਸੈਨੇਟਰਾਂ / ਪਾਰਲੀਮੈਂਟ ਮੈਂਬਰਾਂ ਨੂੰ ਮਿਲਣਾ ਹੈ ਤਾਂ ਇਸਦੇ ਡੈਪੂਟੇਸ਼ਨ ਵਿਚ ਸਾਰੀਆਂ ਜਥੇਬੰਦੀਆਂ ਅਥਵਾ ਸਮੁੱਚੇ ਵਿਦੇਸ਼ੀ ਸਿੱਖ-ਸੰਸਾਰ ਦੇ ਨੁਮਾਇੰਦੇ ਸ਼ਾਮਲ ਹੋਣ। ਇੰਝ ਹੀ ਜੇ ਮਾਇਆ ਇਕੱਤਰ ਕਰਨ ਦਾ ਮਸਲਾ ਹੈ ਤਾਂ ਇਕੋ ਕਮੇਟੀ ਨੂੰ ਮਾਇਆ ਇਕੱਠੀ ਕਰਨ ਦਾ ਅਧਿਕਾਰ ਹੋਵੇ ਤੇ ਇਹ ਮਾਇਆ ਇਕੋ ਸਾਂਝੇ-ਪੂਲ ਵਿਚ ਜਮ੍ਹਾਂ ਹੋਵੇ ਤੇ ਤਾਲਮੇਲ ਕਮੇਟੀ ਦੀ ਸਹਿਮਤੀ ਨਾਲ ਹੀ ਜਾਵੇ। ਇਸੇ ਤਰਾਂ ਜਿਹਲੀਂ ਬੈਠੇ ਸਿੰਘਾਂ ਦੀ ਸਹਾਇਤਾ ਲਈ, ਮੁਜ਼ਾਹਰੇ / ਵਿਖਾਵਿਆਂ ਦੇ ਪ੍ਰਬੰਧ ਆਦਿ ਲਈ ਤਾਲਮੇਲ-ਕਮੇਟੀ ਅੱਗੇ ਲੋੜੀਂਦੀਆਂ ਕਮੇਟੀਆਂ ਸਿਰਜ ਸਕਦੀ ਹੈ।

ਪਰਦੇਸੀ ਖਾਲਸੇ ਦੇ ਲੀਡਰ-ਲੋਕੋ ! ਗੁਰੂ ਕੇ ਘਾਇਲ ਪੰਥ ਤੇ ਤਰਸ ਖਾਓ। ਅਜੇ ਵੀ ਭੁਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਅਹੁਰ ਸਿਰਫ ਹੁਉਮੈ ਤਿਆਗਣ ਦੀ ਹੈ। ਪਹਿਲ, ਆਪੇ, ਪ੍ਰਵਾਰ ਜਾਂ ਜਥੇਬੰਦੀ ਨਾਲੋਂ ਪੰਥ ਨੂੰ ਦੇਣ ਦੀ ਹੈ ! ਜੇ ਵਾਕਈ ਤੁਹਾਡੇ ਦਿਲਾਂ 'ਚ ਪੰਥ ਲਈ ਦਰਦ ਹੈ। ਹਉਮੈ ਦੀਆਂ ਦੀਵਾਰਾਂ ਤੋੜ ਕੇ ਗਲਵਕੜੀਆਂ ਪਾਓ। ਹੋਈ ਉਤੇ ਮਿੱਟੀ ਪਾਓ ਅਤੇ ਇਕ ਸਟੇਜ ਤੇ ਇਕੱਠੇ ਹੋ ਕੇ ਲੋਹੇ ਦੀ ਲੱਠ ਬਣ ਦਿਖਾਓ। ਫੇਰ ਵੇਖਿਓ ! ਤੁਹਾਡੀ ਇਸ ਕਰਮਾਤ ਨਾਲ ਜੁਝਾਰੂਆਂ ਦੇ ਚਿਹਰਿਆਂ ਤੇ ਲਾਲੀ ਝਗੜਨ ਲੱਗ ਪਵੇਗੀ, ਦਿੱਲੀ ਨੂੰ ਹੱਥਾਂ ਪੈਰਾਂ ਦੀ ਪੈ ਜਾਵੇਗੀ ਤੇ ਸ਼ਾਇਦ ਫਿਰ ਤੁਹਾਡੀ ਇਸ ਮਿਸਾਲ ਤੋਂ ਪੰਜਾਬ ਦੇ ਅਕਾਲੀਆਂ ਨੂੰ ਵੀ ਕੋਈ ਅਕਲ ਆ ਜਾਵੇ !

ਛੇਕੜਲੀ ਤੇ ਕੰਮ ਦੀ ਗੱਲ ! ਤੁਹਾਡੀਆਂ ਇਹ ਜਥੇਬੰਦੀਆਂ ਜਿਉਂਦੀਆਂ-ਜਾਗਦੀਆਂ ਰਹਿਣ। ਇਹਨਾਂ ਦੀਆਂ ਲੀਡਰੀਆਂ ਦੀਆਂ ਤੂਰੀਆਂ ਤੁਹਾਡੇ ਮੋਢਿਆਂ ਨੂੰ ਮੁਬਾਰਕ ! ਮੇਰੀ ਨਾ ਤੁਹਾਡੇ ਚੋਂ ਕਿਸੇ ਦੀ ਇਹ ਬੂਰੀ ਖੋਹਣ ਦੀ ਮਨਸ਼ਾ ਹੈ ਨਾ ਤੁਹਾਡੇ ਚੋਂ ਕਿਸੇ ਨਾਲ ਕੋਈ ਵੈਰ-ਵਿੰਗ ਹੈ। ਮੈਂ ਤਾਂ ਇਕ ਵਿਦੇਸ਼ੀ ਪੰਥ-ਦਰਦੀ ਸਿੱਖ ਦੇ ਦਿਲ ਦਾ ਦੁੱਖ ਤੁਹਾਡੇ ਸਾਹਵੇਂ ਫੋਲਿਆ ਹੈ ਤਾਂ ਕਿ ਤੁਸੀਂ ਉਸਦੀ ਆਵਾਜ਼ ਨੂੰ ਸੁਣਕੇ ਅਜੇ ਵੀ ਇਕ ਹੋ ਜਾਵੋਂ। ਮੈਨੂੰ ਪਤੈ ਤੁਹਾਡੀਆਂ ਜਥੇਬੰਦੀਆਂ ਦੇ ਘੁੰਡ ਕੱਢੇ ਹੋਏ ਹਨ ਪਰ ਇਹਨਾਂ ਜਥੇਬੰਦੀਆਂ ਦੀ ਘੁੰਡ-ਚੁਕਾਈ ਅਥਵਾ ਇਹਨਾਂ ਦੀ ਏਕਤਾ ਕਰਨ ਅਤੇ ਇਹਨਾਂ ਦੀ ਅੰਤਰਰਾਸ਼ਟਰੀ-ਪੱਧਰ ਤੇ ਇਕ ਤਾਲ-ਮੇਲ ਕਮੇਟੀ ਕਾਇਮ ਕਰਨ ਲਈ ਇਕ ਜ਼ਰੂਰੀ ਇਕੱਤਰਤਾ ਇਕ ਵਜੇ ਦੁਪਹਿਰ 4 ਮਾਰਚ, 89 ਦਿਨ ਸਨਿਚਰਵਾਰ ਨੂੰ ਲਾਇਬ੍ਰੇਰੀ ਹਾਲ, ਗੁਰਦੁਆਰਾ ਸਟਾਕਟਨ, ਕੈਲੇਫੋਰਨੀਆਂ, ਅਮਰੀਕਾ ਵਿਖੇ ਰੱਖੀ ਗਈ ਹੈ। ਇਹ ਕੋਈ ਆਮ ਸਮਾਗਮ ਜਾਂ ਸ਼ਾਨਦਾਰ-ਸਮਾਰੋਹ ਨਹੀਂ। ਲੰਗਾਰ ਹੋਏ ਵਿਦੇਸ਼ੀ-ਖਾਲਸੇ ਨੂੰ ਸਿਉਂਣ ਦਾ ਇਕ ਮੁੱਢਲਾ ਗੰਭੀਰ ਯਤਨ ਅਥਵਾ ਨਿੱਕੀ-ਇਕੱਤਰਤਾ ਹੈ। ਇਸ ਤੋਂ ਅੱਗੇ ਸਮਾਗਮ ਕਰਨੇ, ਕਮੇਟੀਆਂ ਬਣਾਉਂਣੀਆਂ ਜਾਂ ਪੰਥ ਦੀ ਗੱਲ ਨੂੰ ਅੱਗੇ ਤੋਰਨਾ ਤੁਹਾਡਾ ਲੀਡਰਾਂ ਦਾ ਕੰਮ ਹੈ।

ਵਿਦੇਸ਼ੀ ਸਿੱਖ-ਲੀਡਰੋ ! ਜੇ ਸਚਮੁੱਚ ਤੁਹਾਨੂੰ ਪੰਥ ਤੇ ਪਈ ਭੀੜ ਦਾ ਅਹਿਸਾਸ ਹੈ, ਤੁਸੀਂ ਚੌਧਰਾਂ ਤੋਂ ਉਪਰ ਉਠ ਕੇ ਕੌਮ ਦੀ ਤਕਦੀਰ ਸਵਾਰਨ ਲਈ ਦਿਲੋਂ ਪੰਥਕ-ਏਕਤਾ ਤੇ ਤਲਬਗਾਰ ਹੋ ਤਾਂ ਸਾਰੀਆਂ ਅੰਤਰਾਸ਼ਟਰੀ ਪੰਥਕ-ਜਥੇਬੰਦੀਆਂ ਨੂੰ ਇਸ ਇਕੱਤਰਤਾ ਵਿਚ ਸ਼ਾਮਲ ਹੋਣ ਦੀ ਬੇਨਤੀ ਕਰਦਾ ਹਾਂ। ਇਹਨਾਂ ਸਤਰਾਂ ਨੂੰ ਪੜ੍ਹ ਕੇ ਆਪੋ ਆਪਣੀਆਂ ਜਥੇਬੰਦੀਆਂ ਦੀਆਂ ਇਕੱਤਰਤਾਵਾਂ ਸੱਦ ਕੇ ਇਸ ਤੇ ਗੌਰ ਕਰੋ। ਪੰਥਕ-ਏਕਤਾ ਲਈ ਰੱਖੀ ਗਈ ਇਸ ਇਕੱਤਰਤਾ ਵਿਚ ਅੱਵਲ ਤਾਂ ਹਰ ਇਕ ਜਥੇਬੰਦੀ ਦਾ ਮੁਖੀ ਆਪ ਆਇਓ। ਜੇ ਕਿਸੇ ਕਾਰਨ ਜਥੇਬੰਦੀ ਦਾ ਹੋਰ ਨੁਮਾਇੰਦਾ ਭੇਜਣਾ ਹੋਵੇ ਤਾਂ ਉਸਨੂੰ ਆਪਣੀ ਜਥੇਬੰਦੀ ਵਲੋਂ ਪੰਥਕ-ਏਕਤਾ ਦੇ ਪੂਰਨ-ਅਧਿਕਾਰ ਦੇ ਕੇ ਭੇਜਿਓ। ਇਸ ਇਕੱਤਰਤਾ ਵਿਚ ਹਰ ਇਕ ਜਥੇਬੰਦੀ ਦਾ ਕੇਵਲ ਇਕ ਹੀ ਨੁਮਾਇੰਦਾ ਸ਼ਾਮਲ ਹੋ ਸਕੇਗਾ ਅਤੇ ਇਕੱਤਰਤਾ ਵਿਚ ਜਥੇਬੰਦੀਆਂ ਦੇ ਕਿਸੇ ਵੀ ਪਹਿਲੇ ਵਾਦ-ਵਿਵਾਦ ਨੂੰ ਛੇੜਨਾ ਵਿਵਰਜਤ ਹੋਵੇਗਾ।

ਇਸ ਸਮੇਂ ਪੰਥਕ-ਏਕਤਾ ਲਈ ਸੱਦੀ ਗਈ ਇਸ ਇਕੱਤਰਤਾ ਵਿਚ ਕਿਹੜੀਆਂ ਕਿਹੜੀਆਂ ਜਥੇਬੰਦੀਆਂ ਦੇ ਮੁਖੀਆਂ ਨੇ ਆਪ ਜਾਂ ਕਿਨਾਂ ਕਿਨਾਂ ਦੇ ਨੁਮਾਇੰਦਿਆਂ ਨੇ ਪਹੁੰਚ ਕੇ ਪੰਥਕ-ਏਕਤਾ ਲਈ ਹੁੰਘਾਰਾ ਭਰਿਆ ਹੈ ਅਤੇ ਇਸ ਇਕੱਤਰਤਾ ਦੇ ਸਿੱਟਿਆਂ ਬਾਰੇ ਵਿਸ਼ਵ ਦੇ ਸਿੱਖਾਂ ਨੂੰ ਪਰੀਚਤ ਕੀਤਾ ਜਾਵੇਗਾ ਤਾਂ ਕਿ ਵਿਦੇਸ਼ੀ ਸਿੱਖ-ਸੰਸਾਰ ਤੁਹਾਡੀਆਂ ਪੰਥ ਪ੍ਰਤੀ ਭਾਵਨਾਵਾਂ ਤੋਂ ਜਾਣੂੰ ਹੋ ਸਕੇ।

ਵਿਦੇਸ਼ ਦੇ ਸਾਧਾਰਨ ਸਿੱਖਾਂ ਦੀ ਭਾਵਨਾ ਨੂੰ ਮੱਦੇ-ਨਜ਼ਰ ਰਖਦਿਆਂ ਹੋਇਆ ਪੰਥਕ-ਏਕਤਾ ਦੀ ਸੁੱਚੀ-ਭਾਵਨਾ ਨਾਲ ਇਹ ਵਿਚਾਰ ਤੁਹਾਡੇ ਸਾਹਵੇਂ ਰੱਖੇ ਹਨ। ਫਿਰ ਵੀ ਜੇ ਕੋਈ ਸਤਰ, ਲਗ, ਕੰਨਾ ਕਿਸੇ ਜਥੇਬੰਦੀ / ਲੀਡਰ ਦੇ ਗੋਡੇ-ਗਿੱਟੇ ਲੱਗਿਆ ਹੋਵੇ ਖਿਮਾਂ ਦਾ ਜਾਚਕ ਹਾਂ !

ਵਾਹਿਗੁਰੂ ਜੀ ਕਾ ਖਾਲਸਾ ! ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਖਾਲਸੇ ਦੀ ਚੁੜਦੀ ਕਲਾ ਤੇ ਪੰਥਕ-ਏਕਤਾ ਦਾ ਤਲਬਗਾਰ,

(ਫਰਵਰੀ, 89)

ਸੰਪਰਕ ਕਰੀ ਪਤਾ ਤੇ ਟੈਲੀਫੋਨ :

EDITOR :
JAGO-INTERNATIONAL
767 WOLFE RD, No:13
SUNNYVALE, C.A. 94086
U. S. A.
TEL.: (406) 737-9293



ਦੋ ਗੱਲਾਂ

ਸ਼ਹੀਦ ਕਿਹਰ ਸਿੰਘ ਨਾਲ !

ਕਿਹਰ ਸਿੰਘ ! ਇੱਕ ਕਹਿਰ ਸਿਰ ਤੇ ਜਰ ਗਿਐਂ !
ਜਿਉਂਣ-ਜੋਗੇ ! ਹਸ਼ਰ ਤੀਕ ਜੀਏਂਗਾ
ਨਾਦਾਨ ਹਨ ਜੋ ਸੋਚਦੇ ਤੂੰ ਮਰ ਗਿਐਂ !!
ਜ਼ੁਲਮ ਦੇ ਸਾਗਰ ਜੋ ਕਾਲੇ ਖੋਲਦੇ,
ਸਿਦਕੀਆ ਬਲਵਾਨ ਸ਼ਾਹੀਂ ਤਰ ਗਿਐਂ !!!
ਸੋਚ ਦਾ ਮਘਦਾ ਤੂੰ ਉਹ ਅੰਗਿਆਰ ਸੈਂ
ਜਿਹਲ ਦੇ ਚੁੱਲ੍ਹੇ 'ਚ ਜੋ ਭਖਦਾ ਰਿਹੋਂ,
ਦਿੱਲੀ ਦਿਲ ਭਰ ਸੇਕ ਤੇਰਾ ਸੇਕਿਆ,
ਕੀ ਹੋਇਆ ਜੇ ਚੁੱਪ-ਚੁਪੀਤਾ ਠਰ ਗਿਐਂ !

ਤੂੰ ਸੱਚ ਹੈ !
ਤੇ ਸੱਚ ਨੂੰ, ਸੁਕਰਾਤ ਨੂੰ
ਕੀ ਜ਼ਹਿਰ ਨੇ ਹੈ ਮਾਰਨਾ ?
ਕੀ ਮਤੀਦਾਸ ਨੇ ਮੁੱਕਣੈਂ ?
ਕੀ ਸਤੀਦਾਸ ਨੇ ਬਿਨਸਣੈ ?
ਤੇ ਮਨੀ ਸਿੰਘ ਦੇ ਸਿਦਕ ਨੇ
ਦੱਸ ਜ਼ੁਲਮ ਤੋਂ ਕੀ ਹਾਰਨੈਂ ?

ਇਹ ਸੰਗੀਨਾਂ, ਇਹ ਦੀਵਾਰਾਂ ਗੋਲੀਆਂ
ਹੱਥਕੜੀਆਂ, ਬੇੜੀਆਂ ਇਹ ਫਾਂਸੀਆਂ
ਸੱਚ ਲਈ ਤਾਂ ਸਰਸਰੀ ਜਿਹੇ ਸ਼ਬਦ ਹਨ
ਸੱਚ ਇਹਨਾਂ ਨੂੰ ਤਾਂ ਪ੍ਰਤਨਾ ਜਾਣਦੈ।
ਸੱਚ ਦਾ ਸਿਰ ਬਹੁਤ ਮਹਿੰਗੈ ਦੋਸਤਾ
ਦੁਨੀਆਂ ਵਾਲੇ ਸਿਰਾਂ ਦੇ ਮੁੱਲ ਰੱਖਦੇ,
ਸੱਚ ਨੂੰ ਤੌਫੀਕ ਹੈ ਇਹ ਆਦਿ ਤੋਂ,
ਸੱਚ ਤਾਂ ਸਿਰ ਤਲੀ ਧਰਨਾ ਜਾਣਦੈ।
ਸੱਚ ਚੁੜ ਕੇ ਚਰਖਤੀ ਵੀ ਹੱਸਦੈ,
ਪੁਰਜ਼ਾ ਪੁਰਜ਼ਾ ਕਟਦਿਆਂ ਵੀ ਵਿਗਸਦੈ,
ਹੋਰਨਾਂ ਲਈ ਸੱਚ ਮਰਨਾ ਜਾਣਦੈ !

ਸੱਚ ਲਈ ਹਰ ਸੱਥ ਦੇ ਵਿਚ ਸੂਲੀ ਹੈ
ਸੱਚ ਦੇ ਲਈ ਹਰ ਚੁਰਾਹਾ ਚਾਂਦਨੀ ਦਾ ਚੌਕ ਹੈ।
ਸੱਚ ਦੇ ਲਈ ਹਰ ਜਿਹਲ ਦੀ ਕੰਧ ਹੈ ਸਰਹੰਦ ਦੀ !
ਸੱਚ ਕਦੇ ਵੀ ਝੁਕੇ ਝਿਪੇ ਝਵੇਂ ਨਾ

ਸੱਚ ਤਾਂ ਨੀਲੇ ਦਾ ਸ਼ਾਹ-ਸਵਾਰ ਹੈ।
ਸੱਚ ਕਲਗੀ ਬਣ ਬਣ ਗਗਨ ਉਮੁਲਦਾ !
ਸੱਚ ਖੰਡਾ ਬਣ ਕੇ ਰਣ 'ਚ ਖੜਕਦਾ !!
ਜੇ ਤਵੀ ਤੇ ਬੈਠ ਵੀ ਗੱਲ ਨਾ ਬਣੇ,
ਦੋ ਤਲਵਾਰੀਂ ਸੱਚ ਗਲ ਵਿਚ ਬੁੰਨਦਾ।
ਹੋਵੇ ਕੋਈ ਮੈਦਾਨ ਤੇ ਕੋਈ ਚੌਂਕ ਜਾਂ
ਡੋਲਦਾ ਨਾ ਲਰਜਦਾ ਨਾ ਬਿੜਕਦਾ,
ਸੱਚ ਅੜਦਾ ਸੱਚ ਲੜਦਾ ਸੱਚ ਮਰਦਾ
ਸੱਚ ਬਣਦਾ ਇੱਕ ਬਿਜਲੀ,
ਝੂਠ ਦੇ ਸਿਰ ਗੂੜਕਦਾ !

ਕਿਹਰ ਸਿੰਘ !
ਅੱਜ ਤਖਤ ਹੱਥ ਤ੍ਰਿਸੂਲ ਸੀ
ਤ੍ਰਿਸੂਲ ਉਸ ਨੇ ਮਾਰਿਆ !!
ਹਰ ਤਖਤ ਮੱਥੇ ਅਕਲ ਨਹੀਂ
ਇਹ ਤਖਤ ਤਾਂ ਬੇਅਕਲ ਸੀ
ਅਕ੍ਰਿਤਘਣ-ਸ਼ੈਤਾਨ ਸੀ
ਇਹ ਤਖਤ ਬੇਈਮਾਨ ਸੀ
ਜਾਂ ਤਖਤ ਇਹ ਇੱਕ ਸੱਪ ਸੀ !!
ਇਸ ਦੁੱਧ ਪੀ ਸੀ ਡੰਗਣਾ
ਇਸਨੇ ਹੈ ਤੈਨੂੰ ਡੰਗਿਆ
ਇਸਨੇ ਸੀ ਦਿਲ ਵਿਚ ਧਾਰਿਆ !!!

ਕਾਨੂੰਨ ਉਸ ਦਿਨ ਚੁੱਪ ਸੀ।
ਸੰਵਿਧਾਨ ? ਉਹ ਖਾਮੋਸ਼ ਸੀ !
ਇਨਸਾਫ ਨੂੰ ਤੰਦੂਆ ਪਿਆ
ਭਗਵਾਨ ? ਬਸ ਰੂਪੋਸ਼ ਸੀ !!

ਖਾਮੋਸ਼ ਹੀ ਤੂੰ ਤੁਰ ਗਿਓਂ
ਨਾ ਫਿਕਰ ਕਰ-ਤੁਰਿਆ ਨਹੀਂ !
ਤੂੰ ਕਿੰਗਰਾ ਹੈਂ ਅਣਖ ਦਾ
ਹੈਂ ਮਾਣ-ਮੱਤਾ ਅਸਾਂ ਲਈ
ਸਾਡੇ ਲਈ ਭੁਰਿਆ ਨਹੀਂ !!

ਜਨੂਨ ਸਿਰ ਚੜ ਬੋਲਿਆ, ਇਹ ਠੀਕ ਸੀ।
ਖੂੰਨ ਸੁੱਚਾ ਡੋਲਿਆ, ਇਹ ਠੀਕ ਸੀ !
ਕੁਫਰ ਰੱਜ ਕੇ ਤੋਲਿਆ ਇਹ ਠੀਕ ਸੀ !!
ਆਬਰੂ ਨੂੰ ਰੋਲਿਆ ਇਹ ਠੀਕ ਸੀ !!!
ਏਸ ਮਗਰੋਂ ਕੋਈ ਭਗਾਉਤੀ ਸਿਮਰਦੈ ਤਾਂ ਗਲਤ ਹੈ !
ਏਸ ਮਗਰੋਂ ਕੋਈ ਮੈਦਾਨੇ ਨਿਤਰਦੈ ਤਾਂ ਗਲਤ ਹੈ !!

ਕਿਹਰ ਸਿੰਘ !
ਜੇ ਬਿੰਢਰੀਆਂ ਨੇ ਵਹਿਸ਼ਤਾਂ ਤਾਂ ਯਾਰ ਕੀ ?
ਸੱਚ ਗਲੇ ਫਾਂਸੀਆਂ ਤਾਂ ਯਾਰ ਕੀ !!
ਬੁੱਕੀਆਂ ਬਦਮਾਸ਼ੀਆਂ ਤਾਂ ਯਾਰ ਕੀ !!!

ਕਿਹਰ ਸਿੰਘ !
ਆਨੰਦਪੁਰ ਦੇ ਗਾਤਰੇ ਸ਼ਮਸ਼ੀਰ ਹੈ !
ਜੁਗਾਂ ਤੀਕਰ ਜ਼ੁਲਮ ਜਿਸਨੇ ਸੋਧਣਾ
ਏਸਦੇ ਭੱਥੇ-'ਚ ਭੱਖਦਾ ਤੀਰ ਹੈ !!

ਗਮ ਕਰੀਂ ਨਾ -
ਕ੍ਰਿਲਾ ਬਣ ਕੇ ਖੁੜਾਂਗੇ ! ਤੇਰੇ ਲਈ !!
ਆਖਰੀ ਦਮ ਲੜਾਂਗੇ ! ਤੇਰੇ ਲਈ !!
ਜੀਆਂਗੇ ਤਾਂ ਅਣਖ ਦੇ ਨਾਲ ਜੀਆਂਗੇ।
ਮਰਾਂਗੇ ਤਾਂ ਪੰਥ ਲਈ ਤੇਰੇ ਲਈ !!!

ਤੀਰ ਨੇ ਤ੍ਰਿਸੂਲ ਨੂੰ ਲਲਕਾਰਨੈਂ-ਵੇਖੇਂਗਾ ਤੂੰ !
ਸੱਚ ਨੇ ਹੁਣ ਝੂਠ ਨੂੰ ਵੰਗਾਰਨੈਂ-ਵੇਖੇਂਗਾ ਤੂੰ !!
ਹੁਣ ਵਸੀਲੇ ਯਾਰ ਸਾਰੇ ਖਤਮ ਨੇ,
ਸੱਚ ਨੇ ਹਥਿਆਰ ਨੂੰ ਹੁਣ ਧਾਰਨੈਂ ਵੇਖੇਂਗਾ ਤੂੰ !!!

ਸੱਚ ਜਿਉਂਦਾ ਜਾਗਦਾ ਹੈ ਕਿਹਰ ਸਿੰਘ !
ਝੂਠ ਮਰਿਆ ਹੈ ਸਦਾ ਤੇ ਮਰੇਗਾ !
ਪਾਪ ਪੈਰੀਂ ਪੈ ਕੇ ਗਿੜ-ਗਿੜਾਏਗਾ।
ਇਤਿਹਾਸ ਤੇਰੇ ਸੀਸ ਮੁਕਟ ਧਰੇਗਾ !!

'ਜਾਗੋ-ਇੰਟਰਨੈਸ਼ਨਲ'
(ਫਰਵਰੀ, 1989)

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ .....

ਅਸੀਂ ਇਹਨਾਂ ਕਾਲਮਾਂ ਵਿਚ ਅੱਜ ਉਹਨਾਂ ਨਿਰਸਾਵਾਦੀ ਲੋਕਾਂ ਦੀ ਹਰਗਿਜ਼ ਹਾਮੀ ਨਹੀਂ ਭਰਨ ਵਾਲੇ, ਜਿਹੜੇ ਇਸ ਮੱਤ ਦੇ ਹਨ ਕਿ ਵਰਤਮਾਨ-ਸੰਘਰਸ਼ ਨੂੰ ਠੁੱਲ ਕੇ ਦਿੱਲੀ ਸਿੰਘਾਂ ਨੂੰ ਜਲਦੀ ਹੀ ਕਾਬੂ ਕਰ ਲਵੇਗੀ ਤੇ ਨਾ ਹੀ ਅਸੀਂ ਉਹਨਾਂ ਖੁਸ਼-ਫਹਿਮ ਅਥਵਾ ਜਜ਼ਬਾਤੀ ਲੋਕਾਂ ਦਾ ਪੂਰੀ ਤਰਾਂ ਹੁੰਘਾਰਾ ਭਰਦੇ ਹਾਂ, ਜਿਨ੍ਹਾਂ ਅਨੁਸਾਰ ਸਿੰਘ ਦਿੱਲੀ ਦੇ ਪੌਤੜਿਆਂ ਨੂੰ ਸੋਖਿਆਂ ਹੀ ਪਛਾੜ ਕੇ ਝਬਦੇ ਹੀ ਤਖਤ-ਤਾਜ ਅਥਵਾ ਰਾਜ-ਭਾਗ ਦੇ ਮਾਲਕ ਬਣ ਕੇ ਆਪਣੀ ਕਿਸਮਤ ਘੜਨ ਦੇ ਸਮਰੱਥ ਹੋ ਸਕਦੇ ਹਨ। ਪੰਥ ਦੀ ਵਰਤਮਾਨ ਦਸ਼ਾ ਸਾਡੇ ਸਭਨਾਂ ਦੀ ਗੰਭੀਰ-ਸੋਚਣੀ ਦੀ ਤਲਬਗਾਰ ਹੈ। ਪੰਥ ਦੇ ਵਰਤਮਾਨ ਸੰਘਰਸ਼ ਨੂੰ ਜਿੱਤਣ ਲਈ ਉਸ ਨੂੰ ਆਪਣੀ ਤਲਵਾਰ ਤੇ ਵਿਚਾਰ ਦਾ ਸੁਮੇਲ ਕਰਨਾ ਪਵੇਗਾ। ਆਪਣੀਆਂ ਖਿੱਲਰੀਆਂ ਲੱਤਾਂ-ਬਾਹਵਾਂ ਨੂੰ ਜੋੜਕੇ ਸ਼ਕਤੀਸ਼ਾਲੀ ਕਰਨਾ ਹੋਵੇਗਾ ਅਤੇ ਆਪਣੇ ਦਿਮਾਗ ਦੀ ਕੁਆਰਡੀਨੇਸ਼ਨ ਇਹਨਾਂ ਨਾਲ ਕਰਨੀ ਹੋਏਗੀ। ਸਿੱਖੀ-ਸਿਧਾਂਤਾਂ ਤੇ ਡਟ ਕੇ ਪਹਿਰਾ ਦੇਣਾ ਹੋਵੇਗਾ!!

ਜੱਗ ਜਾਣਦਾ ਹੈ ਕਿ ਨਿਆਰੇ-ਖਾਲਸੇ ਨੂੰ ਆਪਣੀ ਸਿਰਜਣਾ ਤੋਂ ਲੈ ਕੇ ਹੁਣ ਤੱਕ ਸਦਾ ਹੀ ਵਿਰੋਧੀ ਹਾਲਾਤ ਦੇ ਦੌਰ 'ਚੋਂ ਗੁਜ਼ਰਨਾ ਪਿਆ ਹੈ। ਇਹ ਵੀ ਸਚਾਈ ਹੈ ਕਿ ਜਦੋਂ ਜਦੋਂ ਵੀ ਇਸ ਨੇ ਆਪਣੀ ਤਲਵਾਰ ਤੇ ਵਿਚਾਰ ਦੇ ਬਰ ਮੇਚੇ ਹਨ, ਫਤਹ ਨੇ ਇਸ ਦੇ ਕਦਮ ਚੁੰਮੇ ਹਨ। ਇਸ ਵਿਚ ਵੀ ਝੂਠ ਨਹੀਂ ਕਿ ਤਲਵਾਰ ਨਾਲ ਜਿੱਤੀਆਂ ਜੰਗਾਂ ਇਸ ਨੇ ਵਿਚਾਰ ਦੇ ਮੁਹਾਜ਼ ਤੇ ਆ ਕੇ ਹਾਰੀਆਂ ਹਨ। ਪੁਰਾਤਨ ਸਿੱਖ-ਇਤਿਹਾਸ ਦੀ ਲੰਮੀ ਚੌੜੀ ਰੈਲ ਵਲਣ ਨਾਲੋਂ ਹੁਣ ਦੀ ਅਕਾਲੀ ਪਾਰਟੀ ਦਾ ਇਤਿਹਾਸ ਹੀ ਵਾਚ ਲਓ। ਜਿੱਥੇ ਜਿੱਥੇ ਅਕਾਲੀਆਂ ਨੇ ਅਕਲ ਨੂੰ ਸਾਣ ਚਾੜ੍ਹ ਕੇ ਭਗਾਉਤੀ, ਤਲਵਾਰ ਅਥਵਾ ਸਕਤੀ ਦਾ ਪ੍ਰਦਰਸ਼ਨ ਕੀਤਾ ਹੈ, ਉਥੇ ਦਲ ਨੇ ਵੱਡੀਆਂ ਮੱਲਾਂ ਮਾਰੀਆਂ ਹਨ, ਖਾਲਸੇ ਦੀਆਂ ਪੌਂ ਬਾਰਾਂ ਹੋਈਆਂ ਹਨ। ਪਰ ਜਿਥੇ ਜਿਥੇ ਇਹਨਾਂ ਖਾਲਸੇ ਦੇ ਮੂਲ 'ਸਕਤੀ-ਸਿਧਾਂਤ' ਨੂੰ ਤਿਲਾਂਜਲੀ ਦੇ ਕੇ ਵਿਚਾਰ ਤੋਂ ਵੀ ਨੀਵੀਂ ਨੀਤੀ ਜਾਂ ਸਿਆਸਤ ਦੀ ਤਾਬਿਆਦਾਰੀ ਗ੍ਰਹਿਣ ਕੀਤੀ ਹੈ, ਉਥੇ ਇਹਨਾਂ ਦੀ ਝੋਲੀ ਤਿੰਨ-ਕਾਣੇ ਹੀ ਪਏ ਹਨ। ਪੰਥ ਦੀ ਵਰਤਮਾਨ ਦਸ਼ਾ ਦੇ ਜਿੰਮੇਵਾਰ ਅਕਾਲੀ ਇਕ ਪੱਖੋਂ ਇਸ ਲਈ ਹਨ ਕਿ ਉਹ ਖਾਲਸੇ ਦੇ ਮੂਲ-ਸਿਧਾਂਤ ਤੋਂ ਹੀ ਖਿਸਕਦੇ ਰਹੇ ਹਨ ਤੇ ਦੂਜੇ ਪਾਸੇ ਉਹ ਵਰਤਮਾਨ ਵਿਚਾਰ ਅਥਵਾ ਨੀਤੀ ਦੇ ਹਾਣੀ ਵੀ ਨਹੀਂ ਹੋ ਸਕੇ। ਅਜਿਹੀ ਅਵੱਸਥਾ ਵਿਚ ਸਿੱਖ, ਅਕਾਲੀ ਦਲ ਦੀ ਅੰਨ੍ਹੀ ਲੀਡਰਸ਼ਿਪ ਨੂੰ ਅੱਗੇ ਲਾ ਕੇ ਕਿਹੜੀ ਮੰਜ਼ਿਲ ਤੇ ਪਹੁੰਚਣ ਦੀ ਆਸ-ਤਵੱਕੋ ਰੱਖ ਸਕਦੇ ਹਨ ? ਹਾਂ, ਇਸ ਸੁਆਰਥੀ-ਲੀਡਰਸ਼ਿਪ ਨੇ ਆਪਣਾ ਤੀਜਾ ਸੁਆਰਥੀ-ਨੇਤਰ ਕਦੇ ਬੰਦ ਨਹੀਂ ਹੋਣ ਦਿੱਤਾ। ਅਕਾਲੀ ਦਲ ਇਕ ਤੋਂ ਦੋ, ਦੋ ਤੋਂ ਤਿੰਨ, ਚਾਰ, ਪੰਜ ਪੰਜ ਤੱਕ ਵੀ ਹੁੰਦੇ ਰਹੇ ਹਨ। ਪਰ ਤਲਵਾਰਾਂ, ਗੰਡਾਸੇ, ਗੋਲੀਆਂ ਚੱਲ ਕੇ ਵੀ ਇਹਨਾਂ ਲੀਡਰ ਲੋਕਾਂ ਦੀ ਕੁਰਸੀ ਖਾਤਰ 'ਏਕਤਾ' ਹੁੰਦੀ ਰਹੀ ਹੈ। ਗੱਲ ਦੇ ਵਿਸਥਾਰ 'ਚ ਜਾਣਾ ਹੀ ਵਿਅਰਥ ਹੈ। ਮਿਸਾਲ ਵਜੋਂ ਅਕਾਲੀ ਦਲ ਤਾਂ ਸਿੱਖਾਂ ਦੇ ਵਿਹੜੇ ਵਿਚ ਬੱਝੀ ਉਹ ਮੱਝ ਹੈ, ਜਿਸ ਨੇ ਸਮੁੱਚੇ ਪੰਥ ਦਾ ਧਾਰਮਿਕ ਤੇ ਰਾਜਨੀਤਕ ਚਟ੍ਹਾਲਾ ਕੁੱਖਾਂ ਕੱਢ ਕੇ ਖਾਧਾ ਹੈ ਪਰ ਇਸ ਦੀਆਂ ਧਾਰਾਂ ਦੀ ਤਿਓੜ ਦਾ ਵੱਡਾ-ਰੱਜਵਾਂ ਹਿੱਸਾ ਇਸ ਦੀ ਐਗਜ਼ੈਕਟਿਵ ਹੀ ਪੀਂਦੀ ਰਹੀ ਹੈ। ਇਸ ਪਾਰਟੀ ਨੇ ਆਪਣੀ ਕੁਝ ਪਹਿਲੇ ਸਮੇਂ ਨੂੰ ਛੱਡ ਕੇ ਸਹੀ ਅਰਥਾਂ ਵਿਚ ਸਿੱਖ-ਜਜ਼ਬਾਤਾਂ ਦੀ ਤਰਜਮਾਨੀ ਹੀ ਨਹੀਂ ਕੀਤੀ। ਪਰ ਕਿਉਂਕਿ ਸਿੱਖਾਂ ਕੋਲ ਇਸ ਦਾ ਬਦਲ ਕੋਈ ਨਹੀਂ ਸੀ, ਉਹ ਅਕਾਲੀ-ਲੀਡਰਸ਼ਿਪ ਦੀਆਂ ਗਲਤੀਆਂ ਨੂੰ ਜਾਣਦੇ-ਬੁੱਝਦੇ ਵੀ 'ਚੱਲ ਹੋਊ' ਆਖ ਕੇ ਇਸ ਦੇ ਮਗਰ ਤੁਰੇ ਆਉਂਦੇ ਰਹੇ।

ਮਰਹੂਮ ਲੌਂਗੋਵਾਲੀਏ ਮਗਰੋਂ, ਪੰਥ ਲਈ, ਮਰਿਆਂ-ਬਰੋਬਰ ਪਰ ਹੁਣ ਜਿਉਂਦਿਆਂ 'ਚੋਂ ਤਲਵੰਡੀ, ਟੌਹੜਾ, ਬਾਦਲ, ਬਰਨਾਲਾ, ਬਲਵੰਤ ਅਥਵਾ ਪੰਥਕ-ਚੁਬੱਚੇ ਦੇ ਨਿਰਮਲ-ਪਾਵਨ ਪਾਣੀ ਘੰਧਾਲਦੇ ਇਹ ਮਗਰਮੱਛ ਤੇ ਇਹਨਾਂ ਦੇ ਪਿੱਛਲੱਗ-ਪ੍ਰੰਗ ਦੇ ਕਿਰਦਾਰ ਤੇ ਕਲਮ-ਘਸਾਈ ਕਰਕੇ ਅਸੀਂ ਇਸ ਐਡੀਟੋਰੀਅਲ ਦੇ ਕਾਲਮ ਅਜਾਈਂ ਖਰਾਬ ਨਹੀਂ ਕਰਨਾ ਚਾਹੁੰਦੇ। ਪਰ ਅਫਸੋਸ ਦੀ ਗੱਲ ਇਕ ਹੋਰ ਹੋਈ ਕਿ ਵਰਤਮਾਨ ਸਿੱਖ-ਸੰਘਰਸ਼ ਦੇ ਹੀਰੋ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਿਹਨਾਂ ਤੇ ਖਾਲਸਾ-ਪੰਥ ਸਦਾ ਨਾਜ਼ ਕਰਦਾ ਰਹੇਗਾ, ਤੋਂ ਮਗਰੋਂ ਸਿੱਖ-ਸੰਸਾਰ ਇਹ ਆਸ ਕਰਦਾ ਸੀ ਕਿ ਉਹਨਾਂ ਦੇ ਪਿਤਾ ਬਾਬਾ ਜੁਗਿੰਦਰ ਸਿੰਘ ਪੰਥ ਤੇ ਇਸ ਔਖੀ ਘੜੀ ਵਿਚ ਆਪਣਾ ਖੁੱਡਾ ਲੈ ਕੇ ਬਹੁੜੇ ਹਨ ਤੇ ਉਹ ਇਸ ਪੰਥਕ ਚੁਬੱਚੇ ਨੂੰ ਜ਼ਰੂਰ ਇਹਨਾਂ ਮਗਰਮੱਛਾਂ ਤੋਂ ਨਿਜ਼ਾਤ ਦੁਆਉਂਣਗੇ।

ਪਰ ਬਾਬਾ ਜੀ ਇਸ ਚੁਬੱਚੇ 'ਚ ਪਰਵਾਰ-ਸਮੇਤ ਐਸੇ ਉਤਰੇ ਤੇ ਇਹਨਾਂ ਚੁਸਤ-ਮੱਛਾਂ ਉਤੇ ਉਹਨਾਂ ਹਫੜਾ-ਦਫੜੀ 'ਚ ਅਜਿਹਾ ਜੱਟਕਾ-ਖੁੱਡਾ ਵਾਹਿਆ ਕਿ ਚੁਬੱਚੇ ਦੇ ਪਾਣੀ ਤਾਂ ਅੱਗੇ ਨਾਲੋਂ ਕੀ ਨਿਤਰਨੇ ਸੀ, ਬਾਬਾ ਜੀ ਵੀ ਸਮਝੋ ਖੁੱਡੇ ਦੀਆਂ ਫਾਕਤਾਂ ਕਰਵਾ ਬੈਠੇ ! ਭਾਈ ਜਸਬੀਰ ਸਿੰਘ ਨੂੰ ਸਿੱਖਾਂ ਸਮਝੋ ਪੰਥਕ-ਚੁਬੱਚੇ ਦਾ ਚਾਰਜ ਵੀ ਦੇ ਦਿੱਤਾ ਪਰ ਉਹਨਾਂ ਨੂੰ ਨਾ ਇਸ ਪਾਣੀ ਦੀ ਹਾਥ ਆਈ ਤੇ ਨਾ ਉਹਨਾਂ ਦੇ ਇਸ 'ਚ ਪੈਂਦੀਆਂ ਲੱਫਾਂ 'ਚ ਪੈਰ ਹੀ ਲੱਗੇ। ਫਿਰ ਮੱਛ ਕਿਸ ਤੋਂ ਕੱਢ ਹੋਣੇ ਸਨ ? ਇਸ ਤੋਂ ਮਗਰੋਂ ਇਹ ਮੱਛ ਹੋਰ ਵੀ ਮੱਛਰ ਗਏ !

ਖੈਰ-ਅੱਜ ਕੁਲ ਅਕਾਲੀਆਂ ਨੂੰ ਅਨ੍ਹੇਰੇ ਵਿਚ ਏਕਤਾ ਦੀ ਸੁੱਝੀ ਹੈ ! ਪਹਿਲੀ ਗੱਲ ਤਾਂ ਇਹ ਕਿ ਇਸ ਨੂੰ 'ਪੰਥਕ ਏਕਤਾ' ਹਰਗਿਜ਼ ਨਹੀਂ ਕਿਹਾ ਜਾ ਸਕਦਾ। ਨਿਰਸੰਦੇਹ ਸਿੱਖਾਂ ਦੇ ਅੱਜ ਇਕੱਠੇ ਹੋਣ ਦੀ ਜ਼ਰੂਰੀ ਲੋੜ ਹੈ। ਅਕਾਲੀ, ਪੰਥ ਦਾ ਵੱਡਾ ਹਿੱਸਾ ਹਨ। ਅਕਾਲੀ ਏਕਤਾ ਦੀ ਵੀ ਜ਼ਰੂਰਤ ਹੈ। ਅਕਾਲੀ ਜੰਮ-ਜੰਮ ਇਕੱਠੇ ਹੋਣ ! ਗੁਰੂ ਇਹਨਾਂ ਨੂੰ ਸੁਮੱਤ ਬਖਸ਼ੇ !! ਇਹਨਾਂ ਦੇ ਖਾਨੇ ਇਹ ਕੰਮ ਦੀ ਗੱਲ ਪਾਏ ਪਰ ਸਿੱਖਾਂ ਨੂੰ ਇਸ ਮੋੜ ਤੇ ਇਹ ਗੱਲ ਭੁੱਲ ਨਹੀਂ ਜਾਣੀ ਚਾਹੀਦੀ ਕਿ ਇਹ ਉਹੀ ਅਕਾਲੀ ਹਨ, ਜੋ ਵਰਤਮਾਨ ਸਿੱਖ-ਸੰਘਰਸ਼ ਦੀ ਪੰਜਾਲੀ ਕਦੋਂ ਦੇ ਸੁੱਟ ਚੁੱਕੇ ਹਨ। ਦਰਬਾਰ ਸਾਹਿਬ 'ਚੋਂ ਜੁਝਾਰੂਆਂ ਨੂੰ 'ਸਾਫ' ਕਰਨ ਦੇ ਮਤੇ ਪਾਸ ਕਰਾਉਂਣ ਵਾਲੇ ਵੀ ਇਹੀ ਹਨ। ਦਰਬਾਰ ਸਾਹਿਬ ਤੇ ਹਮਲਾ ਕਰਵਾਉਂਣ ਵਾਲੇ ਵੀ ਇਹਨਾਂ ਵਿਚ ਹੁਣ ਘੁਲਮਿਲ ਗਏ ਹਨ। 'ਅਕਾਲੀ-ਏਕਤਾ' ਦੇ ਆਸਾਰ ਤਾਂ ਪ੍ਰਤੱਖ ਨਜ਼ਰ ਆ ਹੀ ਰਹੇ ਹਨ। ਇਹ ਤਾਂ ਹੋਈ ਹੀ ਸਮਝੋ ਪਰ ਸਿੱਖ-ਸੰਘਰਸ਼ ਨੂੰ ਬਲਵਾਨ ਬਣਾਉਂਣ ਤੇ ਇਸ ਨੂੰ ਜਿੱਤਣ ਲਈ ਅੱਜ 'ਪੰਥਕ-ਏਕਤਾ' ਦੀ ਜ਼ਰੂਰਤ ਹੈ ਕਿਉਂਕਿ ਅਕਾਲੀ ਹੀ ਇਕੱਲੇ ਪੰਥ ਨਹੀਂ !

ਗੁਰੂ ਸਵਾਰੇ ਸਿੰਘ ਸਾਹਿਬਾਨ ! ਅਤੇ ਸਿੱਖ-ਅਵਾਮ !! ਜਦ ਪੰਥ ਦੀ ਏਕਤਾ-ਦੀ ਗੱਲ ਚੱਲੇ ਤਾਂ ਜੁਝਾਰੂ ਨੌਜਵਾਨਾਂ ਦੇ ਵਿਸ਼ਵਾਸ-ਪਾਤਰਾਂ ਦੇ ਅੰਗੂਠੇ ਲਗਾ ਕੇ ਹੀ ਪੰਥਕ-ਏਕਤਾ ਦਾ ਇਹ ਅਸ਼ਟਾਮ ਬਣਨਾ ਚਾਹੀਦਾ ਹੈ। ਮੰਨਿਆਂ, ਨੌਜਵਾਨ ਵੀ ਪਾਣੇ ਹੋਏ ਹਨ ਪਰ ਪੰਥ ਦੇ ਇਸ ਸੰਘਰਸ਼ ਨੂੰ ਅੱਗੇ ਤੋਰਨ ਵਾਲੇ ਇਹਨਾਂ ਬੱਚਿਆਂ ਦੇ ਨਿੱਕੇ-ਮੋਟੇ ਝਗੜਿਆਂ-ਗਲਤੀਆਂ ਕਾਰਨ ਇਹਨਾਂ ਦੀ ਸਾਰੀ ਕੀਤੀ ਘਾਲ-ਕਮਾਈ ਖੂਹ-ਖਾਤੇ ਪਾ ਕੇ ਇਹਨਾਂ ਨਿਸ਼ਕਾਮ-ਯੋਧਿਆਂ ਨਾਲ ਹਰਗਿਜ਼ ਕੋਈ ਧ੍ਰੋਹ ਨਹੀਂ ਹੋਣਾ ਚਾਹੀਦਾ !

ਅਕਾਲੀ-ਲੀਡਰਾਂ ਦੀ ਸੁਆਰਥੀ ਚਰਬੀ-ਚੜ੍ਹੀ ਮੋਟੀ ਚਮੜੀ ਉਤੇ ਅਪੀਲਾਂ ਦਾ ਤਾਂ ਵੈਸੇ ਘੱਟ ਵੱਧ ਹੀ ਅਸਰ ਹੁੰਦਾ ਹੈ ਪਰ ਜੇ ਉਹ ਅਜੇ ਵੀ ਪੰਥ ਦੀ ਵਰਤਮਾਨ ਹਾਲਤ ਤੇ ਤਰਸ ਖਾ ਕੇ ਆਨੇ ਵਾਲੀ ਥਾਂ ਤੇ ਆ ਜਾਣ ਤੇ 'ਅਕਾਲੀ-ਏਕਤਾ' ਕਰ ਕੇ ਆਪਣੀਆਂ ਗ਼ਲਤੀਆਂ ਦਾ ਪਸਚਾਤਾਪ ਕਰਕੇ ਜੁਝਾਰੂ ਸਿੱਖਾਂ ਦੀਆਂ ਕੁਰਬਾਨੀਆਂ ਦੀ ਕਦਰ ਕਰਦਿਆਂ ਇਸ ਵੇਰ ਸੱਚੇ ਦਿਲੋਂ ਉਹਨਾਂ ਦੇ ਮਗਰ ਦੀਵਾਰ ਬਣ ਕੇ ਖੜ ਜਾਣ ਦਾ ਐਲਾਨ ਕਰ ਦੇਣ ਤਾਂ ਅੱਜ ਦਿੱਲੀ ਨੂੰ ਹੱਥਾਂ-ਪੈਰਾਂ ਦੀ ਪੈ ਸਕਦੀ ਹੈ !

ਇਸ ਮਰਹਲੇ ਤੇ ਇਹ ਜ਼ਿੰਮੇਵਾਰੀ ਵਿਸ਼ੇਸ਼ ਕਰਕੇ ਸਿੰਘ ਸਾਹਿਬਾਨ ਦੀ ਹੈ ਕਿ ਉਹ ਅਕਾਲੀ ਰਾਜਨੀਤੀ ਦੀ ਦਲਦਲ ਵਿਚ ਨਾ ਧਸਦਿਆਂ ਆਪ ਇਕ ਧਿਰ ਨਾ ਬਣਨ ਤੇ ਇਸ ਸਮੇਂ ਪਹਿਲ-ਪ੍ਰਾਥਮਿਕਤਾ ਪੰਥਕ-ਹਿਤਾਂ ਨੂੰ ਦੇਣ ਅਤੇ ਕਿਸੇ ਵੀ ਹੋਣ ਵਾਲੀ ਏਕਤਾ ਵਿਚ ਪ੍ਰਮੱਖਤਾ ਪੰਥਕ-ਕਮੇਟੀ ਦੇ ਪ੍ਰਤੀਨਿਧਾਂ ਅਥਵਾ ਜੁਝਾਰੂ ਸਿੰਘਾਂ ਨੂੰ ਹੀ ਦੇਣ। ਸਿਰਫ ਇਹੀ ਗੱਲ ਹੈ ਜੋ ਦਿੱਲੀ-ਸਰਕਾਰ ਹਰਗਿਜ਼ ਹੋਣ ਨਹੀਂ ਦੇਣਾ ਚਾਹੁੰਦੀ। ਦਿੱਲੀ-ਸਰਕਾਰ, ਅਕਾਲੀ-ਲੀਡਰਾਂ ਤੇ ਸਭਨਾਂ ਧਿਰਾਂ ਨੂੰ ਪੰਜਾਬ ਦੇ ਅਨੁਭਵੀ ਕੌਮੀ-ਕਵੀ ਸ਼ਾਹ ਮੁਹੰਮਦ ਦੇ ਕਹੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ ਕਿ 'ਪੰਥ' ਨੂੰ ਵਿਸ਼ਵਾਸ ਵਿਚ ਲਏ ਬਿਨਾਂ ਕੀਤੀ ਕਿਸੇ ਏਕਤਾ ਜਾਂ ਸਮਝੌਤੇ ਦਾ ਆਉਣ ਵਾਲੇ ਸਮੇਂ ਵਿਚ ਇਕ ਟਕੇ ਜਿੰਨਾ ਮੁੱਲ ਨਹੀਂ ਪਵੇਗਾ ਕਿਉਂਕਿ ਅੱਜ ਦੇ ਇਹ ਜੁਝਾਰੂ-ਪ੍ਰਵਾਨੇ ਹੀ ਪੰਥਕ-ਭਾਵਨਾਵਾਂ ਦੀ ਸਹੀ ਅਰਥਾਂ ਵਿਚ ਪ੍ਰਤੀਨਿਧਤਾ ਕਰਦੇ ਹਨ ਤੇ ਗੱਲ ਕੇਵਲ ਤੇ ਕੇਵਲ ਓਹੀ ਤੋੜ ਚੜ੍ਹੇਗੀ ਜੋ ਪੰਥ ਅਥਵਾ ਪੰਜਾਬ ਦੇ ਇਹਨਾਂ ਅਸਲੀ ਵਾਰਸਾਂ ਨੂੰ ਮਨਜ਼ੂਰ ਹੋਵੇਗੀ :-

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ !

'ਜਾਗੋ-ਇੰਟਰਨੈਸ਼ਨਲ'
(ਮਾਰਚ, 1989)

ਚਿੱਠੀਆਂ ਦਰਦਾਂ ਦੀਆਂ ਭਾਈ ਸਾਹਿਬ ਵੱਲ ਪਾਈਆਂ !

(ਇਕ ਖਤ ਭਾਈ ਜਸਬੀਰ ਸਿੰਘ ਦੇ ਨਾਂ .....)

(ਸਿੰਘ ਸਾਹਿਬ ?) ਭਾਈ ਜਸਬੀਰ ਸਿੰਘ ਜੀ ਪਿਛਲੇ ਅਰਸੇ ਤੋਂ ਧਰਮ-ਯੁੱਧ ਮੋਰਚੇ ਵਿਚ ਘਾਇਲ ਹੋਏ ਗੁਰੂ ਕੇ ਲਾਡਲੇ ਪੰਥ ਦੇ ਦਿਲ ਦੀਆਂ ਡੂੰਘਾਣਾਂ 'ਚ ਉਤਰ ਕੇ ਇਸਦੀ ਵੇਦਨਾ ਨੂੰ ਵੇਖਦਾ ਵਾਚਦਾ ਤੇ ਮਹਿਸੂਸਦਾ ਆ ਰਿਹਾ ਹਾਂ ਜਦ ਆਪਜੀ ਨੂੰ 26 ਮਾਰਚ 86 ਨੂੰ ਆਪ ਜੀ ਦੀ ਗੈਰਹਾਜ਼ਰੀ 'ਚ ਪੰਥ ਨੇ ਪੰਥਕ-ਬੇੜੇ ਦੇ ਮੁਹਾਣੇ ਵਜੋਂ ਚੁਣਿਆ ਸੀ ਤਾਂ ਉਸ ਵੇਲੇ ਹੁਣ ਵਾਂਗ ਹੀ ਕੌਮੀ-ਬੇੜਾ ਇਕ ਭਿਅੰਕਰ-ਮੰਝਧਾਰ ਅਥਵਾ ਘੁੰਮਣਘੇਰੀ ਵਿਚ ਫਾਥਾ ਹੋਇਆ ਸੀ ਤੇ ਹਰ ਸਿੱਖ ਦੀ ਆਸ-ਇੱਛਾ ਸੀ ਕਿ ਕਿਹੜਾ ਵੇਲਾ ਹੋਵੇ ਕਿ ਕੋਈ ਬਲਵਾਨ-ਬਾਹੀਂ ਵਾਲਾ ਮੁਹਾਣਾ ਬਹੁੜੇ ਤੇ ਇਸਨੂੰ ਇਸ ਮੰਝਧਾਰ ਵਿਚੋਂ ਕੱਢ ਕੇ ਕਿਸੇ ਕੰਢੇ-ਕਿਨਾਰੇ ਲਾ ਦੇਵੇ। ਮੈਨੂੰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੈ ਕਿ ਜਦ 9 ਮਾਰਚ, 88 ਨੂੰ ਤੁਸਾਂ ਜਿਹਲੋਂ ਬਾਹਰ ਆਉਣ ਉਪਰੰਤ ਇਸ ਬੇੜੇ ਦਾ ਚਾਰਜ ਲਿਆ ਤਾਂ ਉਸ ਸਮੇਂ ਤੁਹਾਡਾ ਕਾਰਜ ਅਤਿਅੰਤ ਕਠਿਨ ਸੀ। ਸਰਕਾਰੀ-ਸਾਜ਼ਿਸ਼ਾਂ ਦੀਆਂ ਲੱਫਾਂ-ਛੱਲਾਂ ਤੁਹਾਡੇ ਸਿਰ ਉਤੋਂ ਦੀ ਉਛਲ ਪੈ ਰਹੀਆਂ ਸਨ। ਤੁਹਾਡੇ ਸਿਆਸੀ-ਦੁਸ਼ਮਣ ਕਾਲੇ-ਨੀਲੇ ਅਕਾਲੀ ਪਾਣੀ ਤੁਹਾਡੇ ਚਾਰ-ਚੁਫੇਰੇ ਘੇਰਾ ਪਾ ਰਹੇ ਸਨ। ਉਦੋਂ ਤੋਂ ਲੈ ਕੇ ਅੱਜ ਤਾਈਂ ਤੁਹਾਨੂੰ ਕੁਝ ਕਹਿਣ ਦੀ ਤਾਂਘ ਮੇਰੇ ਮਨ 'ਚ ਕਿਸੇ ਤਰੰਗ ਵਾਂਗ ਕਈ ਵੇਰ ਦੌੜੀ ਬਣਕੇ ਫਿਰਦੀ ਰਹੀ ਹੈ। ਤੁਹਾਡੀ ਦਸਾ ਵੇਖਕੇ ਮੇਰੀ ਕਲਮ ਦੀਆਂ ਅੱਖਾਂ ਵਿਚ ਕਿੰਨੀ ਵੇਰ ਅੱਥਰੂ ਛਲਕੇ ਹਨ ਪਰ ਮੈਂ ਇਸਨੂੰ ਓਦੋਂ ਤੋਂ ਆਪਣੇ ਸੀਨੇ ਨਾਲ ਘੁੱਟ ਕੇ ਸੁਆਉਣ-ਵਰਾਉਣ ਦਾ ਯਤਨ ਕਰਦਾ ਰਿਹਾ ਹਾਂ ਅਤੇ ਮੇਰਾ ਦਿੱਤਾ ਕੋਈ ਸੁਝਾਅ ਤੁਹਾਡੇ ਸਿਆਸੀ ਵਿਰੋਧੀਆਂ ਦੇ ਹੱਥ ਦਾ ਹਥਿਆਰ ਨਾ ਹੋ ਨਿੱਬੜੇ, ਤੁਹਾਡੇ ਕੌਮ ਲਈ ਕੀਤੇ ਜਾਣ ਵਾਲੇ ਕਾਰਜ ਵਿਚ ਕਿਵੇਂ ਵੀ ਵਿਘਨਕਾਰੀ ਨਾ ਬਣ ਜਾਵੇ। ਤੁਸੀਂ ਸੰਤ ਜਰਨੈਲ ਸਿੰਘ ਜੀ ਮਗਰੋਂ ਕੌਮ ਨੂੰ ਸਿੱਕਾਂ ਸਿਕਦਿਆਂ ਮਸੀਂ ਮਿਲੇ ਸੋ। ਮੇਰੀ ਦਿਲੀ ਇੱਛਾ ਸੀ ਕਿ ਕਿਵੇਂ ਨਾ ਕਿਵੇ, ਤੁਸੀਂ ਆਪਣੇ ਢੰਗ-ਵਸੀਲੇ ਵਰਤ ਕੇ ਕੌਮ ਨੂੰ ਇਕ ਕਰ ਸਕੋਂ ਤੇ ਪੰਥ ਦੀਆਂ ਨਜ਼ਰਾਂ 'ਚ ਪ੍ਰਵਾਨ ਚੜ੍ਹਕੇ ਇਸਦੀ ਚੜ੍ਹਦੀ-ਕਲਾ ਦੇ ਪ੍ਰਤੀਕ ਹੋ ਨਿੱਬੜੋ"!

ਪਰ ਸਤਿਕਾਰ ਯੋਗ ਭਾਈ ਸਾਹਿਬ ! ਇੰਤਜ਼ਾਰ ਦੀ ਵੀ ਇਕ ਇੰਤਹਾ ਹੁੰਦੀ ਹੈ। ਅੱਜ ਮੈਂ ਕਲਗੀਧਰ ਪਿਤਾ ਦੇ ਲੁੱਛਦੇ-ਤੜਪਦੇ ਪੰਥ ਦੀ ਨਬਜ਼ ਤੇ ਹੱਥ ਰੱਖ ਕੇ ਇਸਦੇ ਮਨ ਦਾ ਸੱਚ ਤੁਹਾਡੀ ਨਜ਼ਰ ਕਰ ਰਿਹਾ ਹਾਂ ਤੁਸੀਂ ਇਸਨੂੰ ਵਾਚ-ਵਿਚਾਰ ਕੇ ਅਜੇ ਵੀ ਕੌਮ ਦੀ ਤਕਦੀਰ ਸੁਆਰਨ ਵਿਚ ਆਪਣਾ ਅਹਿਮ ਰੋਲ ਅਦਾ ਕਰ ਸਕਦੇ ਹੋਂ ਜਾਂ ਮੇਰੀ ਗੱਲ ਨੂੰ ਆਈ-ਗਈ ਜਾਂ ਅਣਸੁਣੀ ਕਰ ਕੇ ਬੇਧਿਆਨੀ ਨਾਲ ਅੱਗੇ ਵੀ ਲੰਘ ਸਕਦੇ ਹੋਂ। ਪਰ ਕਿਉਂਕਿ ਤੁਸੀਂ ਸਿੱਖ ਕੌਮ ਦੀ ਸੁਪਰੀਮ-ਅਥਾਰਿਟੀ ਅਥਵਾ ਸ੍ਰੀ ਅਕਾਲ ਤਖਤ ਸਾਹਿਬ ਤੇ ਸੁਸ਼ੋਭਿਤ ਰਹਿਣ ਦੇ ਦਾਅਵੇਦਾਰ ਤੇ ਤਲਬਗਾਰ ਹੋਂ ਅਤੇ ਅੱਜ-ਕਲ ਲੀਡਰੀ ਦੇ ਘੋੜੇ ਤੇ ਸਵਾਰ ਹੋਂ ਤੇ ਮੈਂ ਕੌਮ ਦਾ ਇਕ ਨਿਮਾਣਾ-ਕਲਮਕਾਰ ਸਿੱਖ ਹਾਂ ਜਿਸਨੂੰ ਤੁਹਾਡੇ ਤੇ ਡਾਢਾ ਮਾਣ ਹੈ ਤੇ ਮੈਂ ਇਸੇ ਮਾਣ ਸਦਕਾ ਤੇ ਅੱਜ ਹਰ ਸਿੱਖ ਵਿਚ ਆਉਂਣੀ ਚਾਹੀਦੀ ਦਲੇਰੀ ਨਾਲ ਤੁਹਾਡੇ ਘੋੜੇ ਦੀ ਵਾਗ ਫੜਦਾ ਹਾਂ ਤੇ ਕੌਮ ਦੇ ਦਿਲ ਦਾ ਦਰਦ ਤੁਹਾਡੇ ਨਾਲ ਸਾਂਝਾ ਕਰਦਾ ਹਾਂ। ਗੱਲ, ਜੁ ਅੱਜ ਮੈਂ ਤੁਹਾਡੇ ਨਾਲ ਕਰਨੀ ਲੋਚਦਾ ਹਾਂ ਇਹ ਵਿਦੇਸ਼ 'ਚ ਬੈਠੇ ਹਮਾਤਤ ਦੀ ਹੀ ਸੋਚ ਨਹੀਂ, ਪੰਜਾਬ 'ਚ ਅੱਜ ਚੰਗੀ ਤਰਾਂ ਹੋ ਰਹੀ ਚੁੰਝ-ਚਰਚਾ ਹੈ, ਜਿਸ ਨੇ, ਜੇ ਤੁਸੀਂ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਸਦਾ ਸ਼ੀਘਰ ਕੋਈ ਚਾਰਾ ਨਾ ਕੀਤਾ ਤਾਂ ਕੁਲ ਨੂੰ ਪੰਜਾਬ ਦੇ ਪਿੰਡ ਪਿੰਡ ਦੀ ਖੁੰਢ-ਚਰਚਾ ਜਾਂ ਸ਼ਹਿਰ-ਸ਼ਹਿਰ ਦੇ ਗਲੀ-ਮੁਹੱਲੇ ਦੀ ਬਾਤ-ਚੀਤ ਬਣ ਜਾਣਾ ਹੈ। ਜੇ ਤੁਸੀਂ ਅੱਜ ਵਕਤ ਨਾ ਵਿਚਾਰਿਆ ਤਾਂ ਵਕਤ ਵਿਹਾਏ ਤੋਂ ਤੁਸੀਂ ਮੁੜ ਸਕਣ ਦੇ ਸਮਰੱਥ ਵੀ ਨਹੀਂਓ ਰਹਿਣਾ। ਜੇ ਭਲਾ ਵਕਤ ਵਿਹਾਏ ਤੋਂ ਮਗਰੋਂ ਤੁਸੀਂ ਮੁੜੇ ਵੀ ਤਾਂ ਕਾਹਦੇ ਮੁੜੇ ? ਜੇ ਕੌਮ ਦਾ ਪਾਸਾ ਪੁੱਠਾ ਪਏ ਤੋਂ ਪਰਤੇ

ਵੀ ਤਾਂ ਕਾਹਦੇ ਪਰਤੇ ? ਅੱਜ ਵੀ ਤੁਹਾਡੀ ਵੇਲੇ ਦੀ ਨਿਮਾਜ਼ ਨਾਲ ਕੌਮ ਦਾ ਬਤਾ ਕੁਛ ਸੰਵਰ ਸਕਦਾ ਹੈ ਪਰ ਕੁਲ ਨੂੰ ਕੁਵੇਲੇ, ਪਛਤਾਵੇ ਦੀਆਂ ਟੱਕਰਾਂ ਹੀ ਪੱਲੇ ਪੈਣੀਆਂ ਹਨ। ਕੌਮ ਦਾ ਰਹਿੰਦਾ-ਖੂੰਹਦਾ ਘਾਣ ਕਰਵਾ ਕੇ ਜੇ ਇਸਦੀ ਅਹੁਰ ਦਾ ਤੁਸਾਂ ਕੋਈ ਅਹੁੜ-ਪਹੁੜ ਕੀਤਾ ਵੀ ਤਾਂ ਇਸਦਾ ਕੀ ਅਰਥ ? ਈਦ ਤੋਂ ਮਗਰੋਂ ਤੰਬਾ ਕਿਸੇ ਫੂਕਣਾ ਹੈ ?

ਭਾਈ ਸਾਹਿਬ ! ਜਦ ਆਪ ਜੀ ਦਸੰਬਰ, ਚੁਰਾਸੀ 'ਚ ਬਰਤਾਨੀਆਂ ਦੇ ਹੀਥਰੋ ਏਅਰ-ਪੋਰਟ ਤੋਂ ਡੁਬੱਈ, ਕਰਾਚੀ, ਬੈਂਕਾਕ, ਮਨੀਲਾ ਹੁੰਦੇ ਹੋਏ ਸਪੈਸ਼ਲ ਹਵਾਈ ਜਹਾਜ਼ ਰਾਹੀਂ ਦਿੱਲੀ ਦੇ ਲਾਲ ਕਿਲ੍ਹੇ ਚੋਂ ਗੁਜ਼ਰ ਕੇ ਮੱਧ-ਪ੍ਰਦੇਸ਼ ਦੀ ਸਾਗਰ ਜਿਹਲ ਪਹੁੰਚੇ ਸੌ ਤਾਂ ਉਦੋਂ ਸਿੱਖ-ਸੰਸਾਰ ਦੀਆਂ ਭਾਵ ਨਾਵਾਂ ਤੁਹਾਡੇ ਖੰਭਾਂ ਦੇ ਅੰਗ-ਸੰਗ ਉਡਦੀਆਂ ਤੁਹਾਡੇ ਨਾਲ ਹੀ ਜਿਹਲ ਵਿਚ ਬੰਦ ਹੋ ਗਈਆਂ ਸਨ। 3 ਮਾਰਚ, 88 ਨੂੰ ਤਿਹਾੜ ਜਿਹਲ 'ਚੋਂ ਤੁਹਾਡੀ ਰਿਹਾਈ ਦੇ ਹੁਕਮ ਜਾਰੀ ਹੋਏ ਤੇ ਆਖਰ 4 ਮਾਰਚ, 88 ਨੂੰ ਤੁਸੀਂ ਸਫਦਰਜੰਗ ਏਅਰ-ਪੋਰਟ ਤੋਂ ਬੀ. ਐਸ. ਐਫ. ਦੇ ਵਿਸ਼ੇਸ਼ ਹਵਾਈ-ਜਹਾਜ਼ ਤੋਂ ਰਾਜਾਸਾਂਸੀ ਹਵਾਈ ਅੱਡੇ ਤੇ ਉਤਰੇ। ਮੈਂ ਉਹਨੀਂ ਦਿੰਨੀਂ ਇੰਗਲੈਂਡ ਸਾਂ। ਮੈਨੂੰ ਪਤਾ ਲੱਗਾ ਤੁਹਾਡਾ, ਰਾਜਾਸਾਂਸੀ ਏਅਰ-ਪੋਰਟ ਤੇ ਉਤਰਦਿਆਂ ਦਾ ਸੁਆਗਤ, ਗਵਰਨਰ ਪੰਜਾਬ, ਸਿਧਾਰਥ ਸ਼ੰਕਰ ਰੇਅ ਨੇ ਕੀਤਾ ਹੈ। ਮੇਰਾ ਮੱਥਾ ਉਸੇ ਸਮੇਂ ਠਣਕਿਆ! ਮੈਂ ਇੱਕ ਮਿੱਤਰ ਨਾਲ ਜ਼ੁਬਾਨ ਸਾਂਝੀ ਵੀ ਕੀਤੀ ਕਿ ਕਿਧਰੇ ਤੁਸੀਂ ਭੋਲੇ-ਪੰਛੀ ਬ੍ਰਾਹਮਣੀ-ਪਿਤੀਆਂ ਵਾਲੇ ਜਾਲ 'ਚ ਨਾ ਫਾਹੇ ਜਾਵੋਂ। ਖ਼ੈਰ ਤੁਹਾਡੀ ਆਮਦ ਉਤੇ ਦੇਸ਼-ਵਿਦੇਸ਼ ਦੇ ਸਿੱਖ ਬੂਹਿਆਂ ਉਤੇ ਘਿਉ ਦੇ ਚਰਾਗ ਜਲੇ। ਇੰਟਰਨੈਸ਼ਨਲ ਸਿੱਖ-ਯੂਥ ਫੈਡਰੇਸ਼ਨ ਜਿਸਦਾ ਸੰਗੇ-ਬੁਨਿਆਦ ਤੁਸਾਂ ਆਪਣੇ ਕਰ-ਕਮਲਾਂ ਨਾਲ ਰੱਖਿਆ ਸੀ, ਨੇ ਇੰਗਲੈਂਡ ਦੀਆਂ ਸਿੱਖ-ਸੰਗਤਾਂ ਦੇ ਸਹਿਯੋਗ ਨਾਲ ਵਾਲਸਾਲ ਵਿਚ ਤੁਹਾਡੇ ਜਿਹਲੋਂ ਬਾਹਰ ਵਧਣ ਉਤੇ ਇਕ ਅਲੌਕਿਕ ਤੇ ਵਿਸ਼ਾਲ-ਸਮਾਗਮ ਦਾ ਆਯੋਜਨ ਕੀਤਾ ਸੀ ਜਿਸਦਾ ਅੱਖੀਂ ਡਿੱਠਾ ਅਦਭੁੱਤ ਨਜ਼ਾਰਾ ਮੈਨੂੰ ਅੱਜ ਤੱਕ ਨਹੀਂ ਭੁੱਲ ਸਕਿਆ। ਮੈਂ ਫੈਡਰੇਸ਼ਨ ਦੇ ਪੰਥ-ਦਰਦੀ ਅਤੇ ਤੁਹਾਡੇ ਪ੍ਰਸ਼ੰਸਕ ਉਤਸ਼ਾਹੀ-ਨੌਜਵਾਨਾਂ ਮੂੰਹੋਂ ਤੁਹਾਡੇ ਉਚੇ ਗੁਰਸਿੱਖੀ-ਜੀਵਨ ਤੇ ਤੁਹਾਡੀਆਂ ਪੰਥ ਪ੍ਰਤੀ ਸੁੱਚੀਆਂ-ਭਾਵਨਾਵਾਂ ਦੀਆਂ ਕਥਾਵਾਂ ਸੁਣੀਆਂ ਸਨ। ਤੁਹਾਡੇ ਜਿਹਲੋਂ ਬਾਹਰ ਆ ਕੇ ਪੰਥ ਦੀ ਵਾਗਡੋਰ ਸੰਭਾਲਣ ਦਾ ਚਾਓ ਮੈਥੋਂ ਚੁੱਕਿਆ ਨਹੀਂ ਸੀ ਜਾਂਦਾ। ਮੈਂ ਕਿਉਂਕਿ ਕੌਮ ਦੀ ਖ਼ੁਦਗਰਜ਼ ਅਕਾਲੀ-ਲੀਡਰਸ਼ਿਪ ਨੂੰ ਲਾਹ ਕੇ ਇਸਦੀ ਥਾਂਵੇਂ ਨਵੀਂ ਨੌਜਵਾਨ ਲੀਡਰਸ਼ਿਪ ਲਿਆਉਣ ਦਾ ਸਮਰਥਕ-ਇੱਛਕ ਸਾਂ, ਬਦਨੀਤੇ ਅਕਾਲੀ-ਲੀਡਰਾਂ ਦੀ ਅੰਦਰੂਨੀ ਵਿਰੋਧਤਾ ਦੇ ਬਾਵਜੂਦ ਬੇਵਸੀ, ਪਰ ਉਪਰੋਂ ਓਪਰੀ ਸਹਿਮਤੀ ਦਿਸਦੇ, ਤੁਹਾਡੇ ਕੌਮ ਦਾ ਰਾਹਨੁਮਾ ਥਾਪੇ ਜਾਣ ਨਾਲ ਮੈਨੂੰ ਉਹਨੀਂ ਦਿਨੀਂ ਕੁਝ ਇਸਤਰਾਂ ਦਾ ਅਹਿਸਾਸ ਸੀ ਜੀਕਰ ਕਿਸੇ ਅਮਰੀਕਨ ਕਾਓ-ਬੁਆਏ ਨੇ ਕਿਸੇ ਭੂਤਰੇ ਬੁੱਲ ਨੂੰ ਸਿੰਗਾਂ ਤੋਂ ਫੜਕੇ ਭੋਇੰ ਤੇ ਸੁੱਟ ਲਿਆ ਹੋਵੇ। ਮੇਰੇ ਲਈ ਸੱਚੀਂ-ਮੁੱਚੀਂ ਇਹ ਇਕ ਕ੍ਰਿਸ਼ਮਾਂ ਹੀ ਤਾਂ ਸੀ ਕਿ ਮੇਰੀ ਕੌਮ, ਸਿੱਖ ਕੌਮ ਨੇ ਉਸਦੀ ਗੈਰ-ਹਾਜ਼ਰੀ 'ਚ ਇੰਨੇ ਸਤਿਕਾਰ ਨਾਲ ਕਿਸੇ ਵਿਅਕਤੀ ਨੂੰ ਆਪਣਾ ਨੇਤਰਤੱਵ ਸਾਂਭ ਦਿੱਤਾ ਹੋਵੇ। ਇਸਤੋਂ ਉਪਰ ਮੈਨੂੰ ਸਿਰਫ ਇਸ ਗੱਲ ਦੀ ਆਸ ਹੀ ਨਹੀਂ, ਧਰਵਾਸ ਤੇ ਰੱਜਵੀਂ ਖੁਸ਼ੀ ਸੀ ਕਿ ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਤੋਂ ਮਗਰੋਂ ਤੁਹਾਡੀ ਆਮਦ ਨਾਲ ਸਿੱਖ ਸਿਆਸਤ ਵਿਚ ਆਏ ਜੁਆਰਭਾਟੇ ਉਪਰੰਤ ਕੌਮੀ-ਸੰਸਥਾਵਾਂ ਉਤੇ ਪੱਲ੍ਹਰੀ, ਹੁਣ ਦੀ ਮਾਰੂ ਅਕਾਲੀ-ਅਮਰਵੇਲ ਨੂੰ ਤੁਸੀਂ ਪਹਿਲੇ ਹੱਲੇ ਨਾਲ ਹੀ ਲਾਹ ਲਉਗੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀਆਂ ਸਰਕਾਰੀ ਹਮਲਿਆਂ ਨਾਲ ਸਾੜੀਆਂ ਧੁਆਂਖੀਆਂ-ਇਮਾਰਤਾਂ ਨੂੰ ਆਪਣੇ ਨਿਰਮਲ-ਨੇਤਰਤੱਵ ਦੀ ਕਲੀ-ਕੂਚੀ ਫੇਰ ਲਿਸ਼ਕਾਅ ਪੁਸ਼ਕਾਅ ਦੇਵੋਗੇ! ਤੁਸੀਂ ਨੌਜਵਾਨ ਸੌ ਕੌਮ ਦੇ ਮਨ-ਚਾਹੇ ਲੀਡਰ ਦੇ ਭਤੀਜੇ ਸੌ। ਦੁਬੱਈ 'ਚ ਠੇਕੇਦਾਰ ਰਹੇ ਸੌ। ਜੀਵਨ ਵਾਲੇ ਗੁਰਸਿੱਖ ਸੌ। ਦਿੱਲੀ ਦੇ ਹੱਲਿਆਂ ਨਾਲ ਡੇਗੀਆਂ ਸਿੱਖਾਂ ਦੀਆਂ ਕੌਮੀ ਇਮਾਰਤਾਂ ਦਾ ਹੇਜ ਤੁਹਾਡੇ ਤੋਂ ਵੱਧ ਹੋਰ ਕਿਸ ਨੂੰ ਹੋ ਸਕਦਾ ਸੀ ? ਤੇ ਫਿਰ ਜਦ 9 ਮਾਰਚ, 88 ਨੂੰ ਕੌਮ ਨੇ ਮੀਰੀ-ਪੀਰੀ ਦੇ ਮਾਲਕ ਦੇ ਤਖ਼ਤ ਚੌਰ ਦੀ ਸੇਵਾ ਤੁਹਾਨੂੰ ਬਖਸ਼ਿਸ਼ ਕਰਕੇ ਪੂਰਨ ਰੂਪ ਵਿਚ ਕੌਮ ਦੇ ਸਿਰਤਾਜ ਥਾਪ ਦਿੱਤਾ ਤਾਂ ਮੈਂ ਬੜੀ ਉਤਸਕਤਾ-ਵਿਆਕੁਲਤਾ ਨਾਲ ਇਸ ਸਮਾਗਮ ਦੀ ਵੀਡੀਓ-ਮੂਵੀ ਵਾਚੀ ਸੀ ਕਿਉਂਕਿ ਮੈਂ ਇਸ ਨੂੰ ਨੀਝ ਨਾਲ ਵੇਖ ਕੇ, ਨਿਰੀਖਣ ਕਰਨਾ ਚਾਹੁੰਦਾ ਸਾਂ ਕਿ ਭਲਾ ਇਸ

ਨਾਜ਼ੁਕ ਮੋੜ ਉਤੇ ਕੌਮ ਦੀਆਂ ਕੌਣ ਕੌਣ ਤੇ ਕਿੰਨੀਆਂ ਜਥੇਬੰਦੀਆਂ, ਸੰਪਰਦਾਵਾਂ ਤੁਹਾਨੂੰ ਹੌਸਲੇ ਦਾ ਥਾਪੜਾ ਦਿੰਦੀਆਂ ਹਨ ? ਕਿਉਂਕਿ ਆਖਰ ਇਹਨਾਂ ਦੇ ਸਹਿਯੋਗ ਸਮਰਥਨ ਦੇ ਬਲਬੂਤੇ ਹੀ ਤੁਸਾਂ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਚਰਨਾਂ 'ਚ ਖੁੜ ਕੇ ਸਵੈਮਾਨ ਸੰਗ ਦਗਦੀ ਖਾਲਸਈ-ਅੱਖ ਨਾਲ ਦਿੱਲੀ ਦੀ ਖੱਚਰੀ ਅੱਖ 'ਚ ਝਾਕਣਾ ਸੀ ਤੇ ਲੋੜ ਪੈਣ ਤੇ ਉਸਨੂੰ ਵੰਗਾਰਨਾ ਵੀ ਸੀ। ਪਰ ਉਸ ਰਾਤੀਂ ਜਦ ਮੈਂ ਤੁਹਾਡੀ ਇਹ ਵੀਡੀਓ-ਮੂਵੀ ਵੇਖ ਕੇ ਸੌਣ ਲੱਗਾ ਸਾਂ ਤਾਂ ਮੇਰੀ ਇਕ ਅੱਖ 'ਚ ਖੁਸ਼ੀ ਦਾ ਹੰਝੂ ਸੀ ਤੇ ਦੂਸਰੀ 'ਚ ਅਫਸੋਸ ਦਾ ਅਥੰਰੂ ! ਖੁਸ਼ੀ ਇਸ ਗੱਲ ਦੀ ਕਿ ਇਸ ਮਰਹਲੇ ਤੇ ਤੁਸੀਂ ਹੀ ਕੌਮ ਵਿਚਲੇ ਇਕੋ ਇਕ ਸੁਭਾਗੇ ਵਿਅਕਤੀ ਸੌ ਜਿਹਨਾਂ ਤੋਂ ਅੱਜ ਕੌਮ ਨੇ ਕੁਝ ਵੀ ਨਹੀਂ ਸੀ ਲੁਕੋਇਆ, ਸਭੋ ਕੁਝ ਤੁਹਾਡੀ ਝੋਲ ਪਾ ਦਿੱਤਾ ਸੀ। ਅਫਸੋਸ ਇਸ ਗੱਲ ਦਾ ਸੀ ਕਿ ਤੁਹਾਡੀ ਅੱਖ ਉਸ ਰਾਤੀਂ ਮੈਨੂੰ ਪਤਾ ਨਹੀਂ ਕਿਉਂ ਦਿੱਲੀ ਦੀ ਅੱਖ 'ਚ ਦਲੇਰੀ ਨਾਲ ਝਾਕਣ ਵਾਲੀ ਨਹੀਂ ਸੀ ਦਿਸੀ ਇੰਗਲੈਂਡ 'ਚ ਤੁਹਾਡੇ ਅਨਿੰਨ-ਸ਼ਰਧਾਲੂ ਨੌਜਵਾਨਾਂ ਨੂੰ ਵੈਡੇ ਸੁਲਘਦੇ-ਜਜ਼ਬਾਤਾਂ ਤੋਂ ਮੇਰਾ ਅੰਦਾਜ਼ਾ ਸੀ ਕਿ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੁਸੀਂ ਜਦ ਕੌਮ ਨੂੰ ਵੰਗਾਰ ਪਾਵੋਗੇ ਜਾਂ ਦਿੱਲੀ ਨੂੰ ਸੰਬੋਧਨ ਕਰੋਗੇ ਤਾਂ ਤੁਹਾਡੇ ਬੋਲਾਂ 'ਚ ਤੁਹਾਡੇ ਚਾਚਾ ਜੀ ਦੇ ਬੋਲਾਂ ਵਰਗਾ ਕਰਾਰ ਹੋਵੇਗਾ ਜਿਸਨੂੰ ਸੁਣਦਿਆਂ ਕੌਮ ਦਾ ਮਨੋ-ਬਲ ਜਾਗ ਕੇ ਇਕਦਮ ਫੁੰਕਾਰ ਪਵੇਗਾ-ਜਿਸ ਤੋਂ ਦਿੱਲੀ ਇਕਦਮ ਦਹਿਲ ਜਾਵੇਗੀ ! ਮੇਰੀਆਂ ਅੱਖਾਂ ਸਾਹਵੇਂ ਉਸ ਮੂਵੀ ਵਿਚ ਸਮੁੱਚੀ ਕੌਮ ਦੀਆਂ ਸੰਸਥਾਵਾਂ, ਸੰਪਰਦਾਵਾਂ ਨੇ ਤੁਹਾਡੇ ਮੋਢਿਆਂ ਨੂੰ ਸਿਰੋਪਿਆਂ ਸੰਗ ਤੁਹਾਡੀ ਦਰਸ਼ਣੀ-ਦਸਤਾਰ ਤੋਂ ਕਿਤੇ ਉਪਰ ਤਕ ਕੱਜ ਦਿੱਤਾ ਸੀ। ਮੈਂ ਮਹਿਸੂਸ ਕਰਦਾ ਸਾਂ ਕਿ ਕੌਮ ਨੇ ਤੁਹਾਨੂੰ ਇਹ ਕਿੰਨਾ ਸਾਰਾ ਮਾਣ ਹੀ ਸਮਰਪਣ ਨਹੀਂ ਕੀਤਾ ਕੌਮ ਦੀਆਂ ਕਿੰਨੀਆਂ ਵੱਡੀਆਂ ਜ਼ਿੰਮੇਵਾਰੀਆਂ ਦਾ ਭਾਰ ਤੁਹਾਡੇ ਨੌਜਵਾਨ-ਮੋਢਿਆਂ ਤੇ ਪਾ ਦਿੱਤਾ ਹੈ। ਮੈਂ ਇਹ ਮੂਵੀ ਵਾਚਣ ਉਪਰੰਤ ਦਿਲੋਂ ਅਰਦਾਸੀ ਸਾਂ ਕਿ ਸਾਹਿਬ ਗੁਰੂ ਹਰਗੋਬਿੰਦ 'ਗੁਰ ਭਾਰੀ' ਤੁਹਾਡੇ ਮੋਢਿਆਂ ਨੂੰ ਉਹ ਬਲ ਪ੍ਰਦਾਨ ਕਰਨ ਜਿਸ ਨਾਲ ਤੁਸੀਂ ਕੌਮ ਦੀਆਂ ਜ਼ਿਮੇਵਾਰੀਆਂ ਦਾ ਭਾਰਾ ਭਾਰ ਚੁੱਕ ਸਕੋਂ ਤੇ 'ਦਲ-ਭੰਜਨ ਗੁਰ ਸੂਰਮਾ' ਤੁਹਾਨੂੰ ਉਹ ਸ਼ਕਤੀ ਦੇਵੇ ਜਿਸ ਨਾਲ ਤੁਸੀਂ ਦਿੱਲੀ ਵਲੋਂ ਹੋਏ ਹਰ ਹਮਲੇ ਦਾ ਮੂੰਹ-ਤੋੜ ਜਬਾਬ ਦੇ ਸਕੋਂ। ਪਰ ਸੱਚ ਜਾਨਣਾ ਪਿਆਰੇ ਭਾਈ ਸਾਹਿਬ ! ਇਕ ਲੰਬੇ ਇੰਤਜ਼ਾਰ ਤੋਂ ਬਾਅਦ ਮੇਰੀ ਕਲਮ ਇਹ ਲਿਖਦਿਆਂ ਕੁਝ ਕੰਬਦੀ ਹੈ ਕਿ ਆਪ ਸਿੱਖ-ਸੰਸਾਰ ਦੀਆਂ ਆਸਾਂ ਤੇ ਪੂਰੇ ਨਹੀਂ ਉਤਰ ਸਕੇ। ਪੰਥ ਵਲੋਂ ਆਪਣੇ ਮੋਢਿਆਂ ਉਤੇ ਪਾਏ ਭਾਰ ਨੂੰ ਸਾਬਤ-ਕਦਮ ਰਹਿ ਕੇ ਚੁੱਕ ਨਹੀਂ ਸਕੇ !! ਕੌਮ ਵਲੋਂ ਮਿਲੇ ਮਾਣ ਦੇ ਹਾਣੀ ਨਹੀਂ ਹੋ ਸਕੇ !!! ਤੁਹਾਡੀ ਉਸ ਪਹਿਲੀ ਤਕਰੀਰ ਚੋਂ ਮੈਂ **ਨਿਰਮੰਦੇਹ** ਭਗਤੀ ਦੇ ਕੁਝ ਅੰਸ਼ ਤਾਂ ਭਾਲ ਸਕਿਆ ਸਾਂ ਪਰ ਸ਼ਕਤੀ ਦਾ ਕੋਈ ਕਿਣਕਾ ਮੇਰੇ ਹੱਥ ਨਹੀਂ ਸਾਂ ਆਇਆ। ਖਿਮਾ ਕਰਨਾ ਭਾਈ ਸਾਹਿਬ ! ਜੇ ਨਿਰਾ ਭਗਤੀ ਨਾਲ ਡੰਗ ਸਰਦਾ ਹੁੰਦਾ ਤਾਂ ਕਲਗੀਧਰ ਪਿਤਾ ਨੂੰ ਚੰਡੀ ਸਾਣ ਚੜ੍ਹਾਉਣ ਦੀ ਲੋੜ ਹੀ ਨਹੀਂ ਸੀ ਪੈਣੀ ਤੇ ਤੁਹਾਡੇ ਸਤਿਕਾਰ ਯੋਗ ਚਾਚਾ ਜੀ ਦਾ ਚੌਕ ਮਹਿਤੇ ਮਾਲਾ ਫੇਰ ਕੇ ਬੜੀ ਸੌਖੀ ਤਰਾਂ ਸਰ ਸਕਦਾ ਸੀ !

ਤੁਹਾਨੂੰ ਚੰਗੀ ਤਰਾਂ ਚੇਤਾ ਹੋਏਗਾ ਕਿ ਜਦ ਦਸਮ ਪਿਤਾ ਦੇ ਸੂਰਮੇ ਸਪੂਤ ਤੇ ਰਿਸ਼ਤੇ ਵਲੋਂ ਤੁਹਾਡੇ ਚਾਚਾ, ਸੰਤ ਜਰਨੈਲ ਸਿੰਘ ਜੀ ਸਿੱਖ-ਸਟੇਜ ਤੇ ਉਭਰੇ ਸਨ ਤਾਂ ਲਗਪਗ ਸਮੁੱਚੇ ਅਕਾਲੀ ਦਲ ਦੀਆਂ ਤਲਵਾਰਾਂ ਅੰਦਰਖਾਤੇ ਉਹਨਾਂ ਵੱਲ ਧੁਈਆਂ ਹੋਈਆਂ ਸਨ। ਸ਼੍ਰੋਮਣੀ ਕਮੇਟੀ ਦੇ ਉਚ-ਅਹੁਦੇਦਾਰਾਂ ਦੀਆਂ ਬੰਦੂਕਾਂ ਦੀਆਂ ਸ਼ਿਸਤਾਂ ਉਹਨਾਂ ਵੱਲ ਬੱਝੀਆਂ ਹੋਈਆਂ ਸਨ। ਜੁਝਾਰੂ ਨੌਜਵਾਨਾਂ ਦਾ ਪੂਰਾ ਸਮਰਥਨ ਵੀ ਉਹਨਾਂ ਦੇ ਨਾਲ ਨਹੀਂ ਸੀ। ਦਿੱਲੀ, ਪੁੱਜਕੇ ਉਹਨਾਂ ਦੇ ਖੂੰਨ ਦੀ ਪਿਆਸੀ ਸੀ। ਪਰ ਸੰਤ ਜੀ, ਤੁਹਾਡੇ ਚਾਚਾ ਜੀ, ਦੇ ਪੱਲੇ ਗੁਰੂ ਦਿੱਤਾ ਸਿਦਕ, ਸੱਚ ਤੇ ਕੌਮ ਲਈ ਦਿਆਨਤਦਾਰੀ ਸੀ। ਉਹਨਾਂ ਨੇ ਸਿੱਖ ਕੌਮ ਦੇ ਜਜ਼ਬਾਤਾਂ ਦੀ ਤਰਜਮਾਨੀ ਹੀ ਨਹੀਂ ਕੀਤੀ ਉਹ ਸਿੱਖ-ਸੰਸਾਰ ਦਾ ਦਿਲ ਬਣਕੇ ਧੜਕੇ। ਉਹ ਜਦ ਆਪਣੇ ਮੁੱਠੀ ਭਰ ਯੋਧਿਆਂ ਨਾਲ ਮੈਦਾਨਿ-ਜੰਗ ਵਿਚ ਨਿੱਤਰੇ ਤਾਂ ਉਹਨਾਂ ਨੇ ਕੌਮ ਦੇ ਅੰਦਰਲੇ ਤੇ ਬਾਹਰਲੇ ਦੁਸ਼ਮਣ ਦਲਾਂ ਦੇ, ਦੋਹਾਂ ਮੁਹਾਜ਼ਾਂ ਤੇ ਅਜਿਹੇ ਦੰਦ ਖੱਟੇ ਕੀਤੇ, ਜਿਸਦੀ ਦਾਸਤਾਂ ਜ਼ਮਾਨਾ ਜੁਗਾਂ ਤੀਕ ਦੁਹਰਾਏਗਾ। ਉਹਨਾਂ ਦੇ ਸੱਚ ਦੀ ਅਗਨ-ਭੱਠੀ 'ਚ ਤਾਏ ਤੀਰ ਦੀ ਤਾਬ ਨਾ ਝਲਦੀ ਦਿੱਲੀ ਹੁਣ ਤੱਕ ਤਾਅ ਨਹੀਂ ਆਈ !

ਕੀ ਤੁਸੀਂ ਇਸ ਸੱਚਾਈ ਤੋਂ ਇਨਕਾਰੀ ਹੋ ਸਕਦੇ ਹੋ ਭਾਈ ਸਾਹਿਬ ? ਕਿ ਜਿਸ ਦਿਨ ਕੌਮ ਨੇ ਤੁਹਾਨੂੰ ਉਸ ਮਰਦੇ-ਮੁਜਾਹਿਦ ਦਾ ਜਾਂ-ਨਸ਼ੀਨ ਮੰਨ ਕੇ ਤੁਹਾਡੇ ਸਿਰ ਤੇ ਪੰਥ ਦੀ ਜੱਥੇਦਾਰੀ ਦਾ ਦੁਮਾਲਾ ਸਜਾਇਆ ਸੀ ਤਾਂ ਉਸ ਯੋਧੇ ਦੀ ਕੁਰਬਾਨੀ ਦੀ ਸਾਰੀ ਦੀ ਸਾਰੀ ਕਮਾਈ ਤੁਹਾਡੇ ਖੀਸੇ 'ਚ ਸੀ। ਉਸਦੇ ਤੇਜ਼ ਨਾਲ ਹੱਥ ਆਈ ਅਕਾਲੀ ਦਲ ਦੀ ਪ੍ਰਧਾਨਗੀ ਹੀ ਪ੍ਰਜਨੀਕ ਬਾਬਾ ਜੀ ਦੀ ਜੇਬ ਵਿਚ ਨਹੀਂ, ਸਗੋਂ ਦੋਹਾਂ ਦਲਾਂ ਦਾ ਸਮਰਥਨ ਤੁਹਾਨੂੰ ਹਾਸਲ ਸੀ। ਸ਼੍ਰੋਮਣੀ ਕਮੇਟੀ ਦੇ ਅੱਧਿਓਂ ਵੱਧ-ਯਰਕੇ ਬੋਂਦਲੇ ਅਕਾਲੀ, ਸਮਝੋ ਜੇ ਤੁਹਾਡੀ ਤਾਬਿਆਦਾਰੀ 'ਚ ਨਾ ਵੀ ਕਹੀਏ ਤਾਂ ਘੱਟੋ-ਘੱਟ ਤੁਹਾਡੇ ਖਿਲਾਫ ਜ਼ੁਬਾਨ ਤੱਕ ਨਹੀਂ ਸਨ ਖੋਹਲ ਸਕਦੇ-ਬਿਰਕ ਨਹੀਂ ਸਨ ਸਕਦੇ, ਤੁਹਾਡੇ ਹੁਕਮ ਸਾਹਵੇਂ ਸਿਰ ਝੁਕਾਉਂਦੇ ਸਨ ! ਤੁਹਾਡੀ ਆਪੂੰ ਗਠਿਤ ਕੀਤੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਹੀ ਨਹੀਂ, ਕਰੀਬ ਕਰੀਬ ਸਾਰੀਆਂ ਵਿਦੇਸ਼ੀ ਪੰਥਕ-ਜਥੇਬੰਦੀਆਂ ਤੁਹਾਡੇ ਮਗਰ ਖੜੀਆਂ ਸਨ ਤੇ ਜਾਂ-ਬਾਜ਼ ਜੁਝਾਰੂ ਨੌਜਵਾਨ ਤਾਂ ਤੁਹਾਨੂੰ ਜਥੇਦਾਰ ਥਾਪਣ ਦੇ ਸਨ ਹੀ ਮੋਹਰੀ। ਸਿੱਖ-ਇਤਿਹਾਸ ਦਾ ਪਾਠਕ ਹੋਣ ਨਾਤੇ ਮੈਂ ਆਪਣੇ ਸੀਮਤ ਗਿਆਨ ਦੇ ਸਹਾਰੇ ਦੱਸਣ ਦੀ ਗੁਸਤਾਖੀ ਕਰ ਰਿਹਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤਾਂ ਮਹਾਨ ਤੋਂ ਮਹਾਨਤਮ ਹੋ ਚੁੱਕੇ ਹਨ ਪਰ ਜੋ ਮਾਣ ਸਿੱਖ-ਕੌਮ ਨੇ 9 ਮਾਰਚ 88 ਨੂੰ ਆਪ ਜੀ ਨੂੰ ਦਿੱਤਾ ਹੈ ਇਹ ਕਿਸੇ ਹੋਰਸ ਦੇ ਹਿੱਸੇ ਘੱਟ ਹੀ ਆਇਆ ਹੈ। ਪਰ ਜੇ ਏਨਾ ਮਾਣ ਮਿਲਣ ਮਗਰੋਂ ਵੀ ਤੁਸੀਂ ਕੌਮ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਨ ਤੋਂ ਅਸਮਰਥ ਰਹਿੰਦੇ ਹੋਂ ਤਾਂ ਇਸ 'ਚ ਕਸੂਰ-ਕਮਜ਼ੋਰੀ ਤੁਹਾਡੀ ਹੈ ਗੁਰੂ ਜੀ ਕੇ ਖਾਲਸੇ ਦੀ ਨਹੀਂ! ਕੀ ਆਪ ਜੀ ਅੱਜ ਪੂਰੀ ਈਮਾਨਦਾਰੀ ਨਾਲ ਇਹ ਦੱਸਣ ਦਾ ਕਸ਼ਟ ਕਰੋਗੇ ਕਿ ਜਿਥੋਂ ਸਿੱਖ-ਸੰਘਰਸ਼ ਦੀ ਮਿਸਾਲ ਨੂੰ ਤੁਸਾਂ ਆਪਣੇ ਚਾਚਾ ਜੀ ਦੇ ਹੱਥ ਚੋਂ ਫੜਿਆ ਸੀ ਉਸ ਤੋਂ ਤੁਸੀਂ ਕਿੰਨੇ ਕਦਮ ਅੱਗੇ ਜਾ ਸਕੇ ਹੋ ? ਮੈਂ ਜਾਣਦਾ ਹਾਂ ਕਿ ਸਰਕਾਰ ਤੁਹਾਡੇ ਉਦਾਲੇ ਸਾਜ਼ਿਸ਼ਾਂ ਦੇ ਤਾਣੇ-ਬਾਣੇ ਤਣਦੀ-ਉਣਦੀ ਰਹੀ ਹੈ। ਤੁਹਾਡੇ ਨਾਲ ਇਹ ਕੋਈ ਨਵਾਂ ਨਹੀਂ ਹੋਇਆ। ਸਾਰੀਆਂ ਸਰਕਾਰਾਂ ਹੀ ਆਪਣੇ ਵਿਰੁੱਧ ਬਗਾਵਤ ਦਾ ਪਰਚਮ ਉਠਾਣ-ਲਹਿਰਾਣ ਵਾਲਿਆਂ ਨਾਲ ਇਵੇਂ ਹੀ ਕਰਿਆ ਕਰਦੀਆਂ ਹਨ। ਮੈਨੂੰ ਇਹ ਵੀ ਇਲਮ ਹੈ ਕਿ ਤੁਸੀਂ ਪੰਥਕ-ਏਕਤਾ ਦੇ ਦਿਲੋਂ ਤਲਬਗਾਰ ਸੋ। ਤੁਸੀਂ ਉਹਨੀਂ ਦਿਨੀਂ ਜੁਝਾਰੂ ਸਿੰਘਾਂ ਤੇ ਹੋਰਨਾਂ ਨਾਲ ਮੁਲਾਕਾਤਾਂ-ਮੀਟਿੰਗਾਂ ਵੀ ਕੀਤੀਆਂ। ਚਲੋ, ਇਹ ਵੀ ਮੰਨ ਲੈਂਦਾ ਹਾਂ ਕਿ ਤੁਹਾਡੇ ਅਨੁਸਾਰ ਜੁਝਾਰੂ ਸਿੰਘ ਤੁਹਾਡੇ 'ਪੂਰਨ-ਆਜ਼ਾਦੀ' ਦੇ ਨਾਅਰੇ ਨਾਲ ਸਹਿਮਤ ਹੋ ਗਏ ਹੋਣਗੇ। ਪਰ ਭਾਈ ਸਾਹਿਬ! ਮੈਂ ਅਰਜ਼ ਕਰ ਦਿਆਂ ਕਿ ਕੌਮ ਦਾ ਲੀਡਰ ਇਕ ਉਸ ਸਿਆਣੇ ਆਜੜੀ ਵਰਗਾ ਹੁੰਦਾ ਹੈ ਜੁ ਆਪਣੇ ਇੱਜੜ ਨੂੰ ਇਕੱਠੇ ਰੱਖਣ ਲਈ ਇਸਦੇ ਅੰਦਰ-ਬਾਹਰ, ਚਾਰ-ਚੁਫੇਰੇ ਚੌਕਸੀ ਨਾਲ ਵੀ ਫਿਰਦਾ ਹੈ ਤੇ ਉਸਨੇ ਇਸ ਇੱਜੜ ਨੂੰ ਹੱਕ ਕੇ ਲਿਜਾਣਾ ਕਿੱਧਰ ਜਾਂ ਕਿਥੇ ਹੈ ? ਉਸਦੇ ਮਨ ਵਿਚ ਇਸ ਸਭ ਕੁਝ ਦਾ ਖਾਕਾ-ਨਕਸ਼ਾ ਅਥਵਾ ਸੂਝ-ਸਕੀਮ ਤੇ ਦੂਰ-ਦ੍ਰਿਸ਼ਟੀ ਵੀ ਹੁੰਦੀ ਹੈ। ਕਹਾਵਤ ਹੈ- ਘਰ ਦੇ ਭਾਗ ਡਿਉਢੀ ਤੋਂ ਹੀ ਦਿਸ ਪੈਂਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਤੁਹਾਡੀ ਪਹਿਲੀ ਤਕਰੀਰ ਹੀ ਕੌਮ ਲਈ ਕਿਸੇ ਦਿਸ਼ਾ-ਉਤਸ਼ਾਹ ਤੋਂ ਸੱਖਣੀ ਸੀ। ਇਸਤੋਂ ਉਪਰੰਤ ਵੀ ਮੈਨੂੰ ਤੁਹਾਡੀ ਲੀਡਰੀ ਚੋਂ ਉਸ ਆਜੜੀ ਦਾ ਅਕਸ ਤਾਂ ਨਜ਼ਰੀਂ ਪਿਆ ਹੈ ਜੋ ਆਪਣੇ ਖਿਲਰੇ-ਇੱਜੜ ਨੂੰ ਇਕੱਠੇ ਕਰਨ ਲਈ ਹਰਫਲਿਆ, ਮੋੜੇ ਲਾ ਰਿਹਾ ਹੋਵੇ ਪਰ ਇਸ ਇੱਜੜ ਨੂੰ ਹੱਕ ਕੇ ਉਸਨੇ ਲਿਜਾਣਾ ਕਿੱਥੇ ਹੈ ? ਇਹ ਝਾਉਲਾ-ਝਾਂਵਲਾ ਮੈਨੂੰ ਤੁਹਾਡੇ ਅਕਸ 'ਚੋਂ ਨਹੀਂ ਸੀ ਪੈ ਸਕਿਆ। ਮੈਂ ਕੋਈ ਭਵਿੱਖ ਦੀ ਤਸਵੀਰ ਪ੍ਰਤੱਖ ਦਿਖਾ ਦੇਣ ਦਾ ਦਾਅਵੇਦਾਰ ਤਾਂ ਨਹੀਂ ਹਾਂ ਪਰ ਹਾਲਾਤ ਦਾ ਲੇਖਾ-ਜੋਖਾ ਕਰਨ ਉਪਰੰਤ ਲੱਖਣ ਲਾ ਕੇ ਅੱਜ ਦੱਸ ਰਿਹਾ ਹਾਂ ਕਿ ਜੁਝਾਰੂ ਸਿੰਘਾਂ ਨਾਲ ਤਾਂ ਰੱਬ ਜਾਣੇ ਤੁਹਾਡੀਆਂ ਕੀ ਗੱਲਾਂ ਹੋਈਆਂ ਹਨ ਜਾਂ ਨਹੀਂ ਪਰ ਤੁਹਾਨੂੰ ਕੌਮ ਨੇ ਅਮਿਣਵੇਂ ਮਾਣ ਨਾਲ ਆਪਣਾ ਲੀਡਰ ਥਾਪਿਆ ਸੀ ਤੇ ਤੁਹਾਡਾ ਪ੍ਰਥਮ-ਪ੍ਰਮੁੱਖ ਫਰਜ਼ ਕੌਮ ਨੂੰ ਸੇਧ ਦੇਣਾ ਸੀ। ਜੇ ਇਸਨੂੰ ਮੱਦੇ-ਨਜ਼ਰ ਰਖਦਿਆਂ ਕੌਮ ਦੇ ਨਾਂ ਆਪਣੇ ਪਹਿਲੇ ਭਾਸ਼ਣ ਵਿਚ ਉਸ ਦਿਨ ਤੁਸੀਂ ਕੌਮ ਨੂੰ ਸਿਰਫ ਏਨਾ ਹੀ ਆਖ ਜਾਂਦੇ 'ਖਾਲਸਾ ਜੀ ਸੰਤ ਭਿੰਡਰਾਂਵਾਲਿਆਂ ਦੇ ਬਚਨ ਹਨ ਕਿ ਜਿਸ ਦਿਨ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਹੋਇਆ ਉਸੇ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਹੁਣ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਹਮਲਿਆਂ ਦੀ ਰੋਸ਼ਨੀ 'ਚ ਮੈਂ ਤੁਹਾਨੂੰ ਸੰਤ ਜੀ ਦੀ ਚਿਤਾਰੀ, ਕੌਮ ਦੀ ਮੰਜ਼ਿਲ ਵੱਲ ਤੁਰਨ ਦੀ ਵੰਗਾਰ ਪਾਉਂਦਾ ਹਾਂ।' ਤਾਂ ਸਿੱਖਾਂ ਦੀ ਗੱਲ ਜ਼ੋਰਦਾਰ ਢੰਗ ਨਾਲ ਅੱਗੇ ਤੁਰ

ਪੈਂਦੀ, ਕੌਮ ਵੀ ਤੁਹਾਡੇ ਮਗਰ ਫੌਲਾਦੀ ਦੀਵਾਰ ਬਣਕੇ ਖੁੜ ਜਾਂਦੀ ਤੇ ਸਰਕਾਰ ਵੱਧ ਤੋਂ ਵੱਧ ਤੁਹਾਨੂੰ ਅੰਦਰ ਹੀ ਕਰ ਦੇਂਦੀ। ਨਾਲੇ, ਜੇ ਅੱਗੇ ਸਰਕਾਰ ਤੁਹਾਨੂੰ ਤਸੀਹੇ ਨਹੀਂ ਸੀ ਦੇ ਸਕੀ ਤਾਂ ਇਸ ਵਾਰੀ ਤੁਹਾਨੂੰ ਅੰਦਰ ਕਰਕੇ ਉਹ ਤੁਹਾਡੇ ਜਿਹੇ ਸਿਦਕੀ-ਸਿੱਖ ਨੂੰ ਤਸੀਹੇ ਦੇ ਕੇ ਕਿਧਰੋਂ ਉਸਦੇ ਨਿਸ਼ਾਨੇ ਤੋਂ ਡੁਲਾ ਸਕਦੀ ਸੀ ? ਜਦੋਂ ਕਿ ਹੁਣ ਲਗਪਗ ਸਮੁੱਚਾ ਪੰਥ ਹੀ ਤੁਹਾਡੀ ਪਿੱਠ ਤੇ ਸੀ !

ਆਦਰਯੋਗ ਭਾਈ ਸਾਹਿਬ ! ਆਪਣੀ ਪਹਿਲੀ ਤਕਰੀਰ ਤੋਂ ਮਗਰੋਂ ਅੱਜ ਤੱਕ ਤੁਸੀਂ ਲਗਾਤਾਰ ਤ੍ਰਿਲਕਦੇ ਤੁਰੇ ਆ ਰਹੇ ਹੋਂ। ਕੌਮ ਦੀ ਜੱਥੇਦਾਰੀ ਸੰਭਾਲਣ ਉਪਰੰਤ ਜਿਹੜਾ ਸਮਾਂ ਤੁਸੀਂ ਮੀਟਿੰਗਾਂ-ਮੁਲਾਕਾਤਾਂ ਵਿਚ ਵਿਹਾਇਆ ਹੈ, ਆਪਣੇ ਦਿਲੋਂ ਤਾਂ ਨਿਰਸੰਦੇਹ ਇਹਨੀਂ ਦਿਨੀਂ ਤੁਸੀਂ ਪੰਥਕ-ਸਫਾਂ ਵਿਚ ਏਕਤਾ ਕਰ ਰਹੇ ਸੋ ਪਰ ਅਸਲ 'ਚ ਇਹੀ ਉਹ ਸੁਨਹਿਰੀ ਸਮਾਂ ਸੀ ਜਦ ਕੇਂਦਰ ਨੇ ਸਿੱਖਾਂ 'ਚ ਫਾਨੇ ਠੋਕੇ ਤੇ ਸ਼ੱਕ-ਸੰਸਿਆਂ ਦੀਆਂ ਛਛੂੰਦਰਾਂ ਛੱਡ ਕੇ ਸਿੱਖ-ਅਵਾਮ ਤੇ ਸਿੱਖ-ਜਥੇਬੰਦੀਆਂ ਦੇ ਆਪਸੀ ਵਿਸ਼ਵਾਸ ਨੂੰ ਸੱਟ ਮਾਰੀ। ਅੱਜ ਹਾਲਤ ਇਹ ਹੈ ਕਿ ਸਿੱਖ ਧੜੇ ਆਪਸ ਵਿਚ ਸਰਵ੍ਹਾਈਆਂ ਸੂਤੀ ਫਿਰਦੇ ਹਨ। ਇਹ ਨਾ ਸਮਝਣਾ ਕਿ ਵਰਤਮਾਨ ਹਾਲਾਤ ਦੀ ਸਾਰੀ ਜ਼ਿਮੇਵਾਰੀ ਮੈਂ ਆਪਜੀ ਦੇ ਮੋਢਿਆਂ ਤੇ ਸੁੱਟ ਰਿਹਾ ਹਾਂ ਪਰ ਏਨਾ ਜ਼ਰੂਰ ਨਿਸ਼ੰਗਤਾ ਨਾਲ ਕਹਾਂਗਾ ਕਿ ਜਿਸ ਪਾਏ ਨੂੰ ਪੰਥ ਅੱਜ ਪਹੁੰਚਿਆ ਹੈ ਇਸ ਵਿਚ ਆਪ ਜੀ ਦਾ ਵੀ ਮੁਬਾਰਕ ਹੱਥ ਹੈ। ਕੌਮ ਦੀ ਮੌਜੂਦਾ ਪਾਟੋਧਾੜ 'ਚ ਤੁਸੀਂ ਵੀ ਅੱਜ ਬਰੋਬਰ ਦੇ ਸ਼੍ਰੇਅਰ-ਹੋਲਡਰ ਬਣ ਗਏ ਹੋ !! ਧਰਮੀ ਹੁੰਦੇ ਹੋਏ ਵੀ ਤੁਸੀਂ ਆਪਣੇ ਚਾਚਾ ਜੀ ਦੇ ਸੁੱਚੇ ਵਿਚਾਰਾਂ ਦੇ ਵਿਪਰੀਤ ਧਰਮ ਨਾਲੋਂ ਧੜੇ ਨੂੰ ਤਰਜੀਹ ਦੇ ਰਹੇ ਹੋ !!!

ਆਪਣੇ ਇਸ ਲੇਖ ਦੀ ਰੈਲ ਮੈਂ ਬਹੁਤੀ ਲੰਬੀ-ਚੌੜੀ ਵਲ ਕੇ ਪੰਥ ਦੀ ਅੱਜ ਕੁਲ ਪੈ ਰਹੀ ਭੰਡੀ ਦੀਆਂ ਜ਼ਿਮੇਵਾਰ ਸਾਰੀਆਂ ਧਿਰਾਂ ਨੂੰ ਮੁਖਾਤਿਬ ਨਹੀਂ ਹੋ ਰਿਹਾ। ਹਾਂ, ਏਨਾ ਜ਼ਰੂਰ ਕਹਾਂਗਾ ਕਿ ਅੱਜ ਕਲ ਖਾਲਸੇ ਦੇ ਘਰ 'ਚ ਬੜਾ ਕੁਝ ਗਲਤ-ਮਲਤ ਹੋ ਰਿਹਾ ਹੈ। ਸਿੱਖ-ਸਿਧਾਂਤਾਂ ਦੇ ਸਾਡੇ ਵਲੋਂ ਹੀ ਪੱਚਰੇ-ਪਰਖਚੇ ਉਡਾਏ ਜਾ ਰਹੇ ਹਨ। ਸਿਰਫ ਸਿੱਖ-ਸੰਸਥਾਵਾਂ ਉਤੇ ਬਣੇ ਰਹਿਣ ਲਈ ਅਸੀਂ ਆਪਣੇ ਧਰਮ ਦੀਆਂ ਉਚੀਆਂ-ਸੁੱਚੀਆਂ ਕੀਮਤਾਂ ਦੀ ਹੱਥੀਂ ਮਿੱਟੀ ਪਲੀਤ ਕਰ ਰਹੇ ਹਾਂ !! ਕੌਮ ਦੀਆਂ ਜਿੰਦੋਂ ਮਹਿੰਗੀਆਂ ਸੰਸਥਾਵਾਂ ਨੂੰ ਤਬਾਹ ਕਰ ਹੇ ਹਾਂ ਅਤੇ ਗੁਰੂ-ਪੰਥ ਦੀਆਂ ਪਿਆਰੀਆਂ-ਪਰੰਪਰਾਵਾਂ ਦੀਆਂ ਆਪ ਹੀ ਧਜੀਆਂ ਉਡਾ ਰਹੇ ਹਾਂ !! ਇਹ ਸਭੋ ਕੁਝ ਕਰਕੇ ਅਸੀਂ ਆਪਣੀ ਮੰਜ਼ਿਲ ਵੱਲ ਵਧਣ ਦਾ ਉਪਰਾਲਾ ਕਰਨਾ ਤਾਂ ਇਕ ਪਾਸੇ ਰਿਹਾ ਸਗੋਂ ਉਧਰ ਵਧਣ ਵਾਲੇ ਸੂਰਬੀਰਾਂ ਦੀ ਤੜਾਵਾਂ ਖਿੱਚ ਰਹੇ ਹਾਂ, ਦਿੱਲੀ ਨੂੰ ਸਿੱਖਾਂ ਨਾਲ ਲੜਨ ਲਈ ਤਕੜਾ ਕਰ ਰਹੇ ਹਾਂ ਤੇ ਸਾਹ-ਵਰੋਲਦੇ ਸੁਆਰਥੀ ਅਕਾਲੀ-ਲੀਡਰਾਂ ਨੂੰ ਆਪਣੇ ਹੱਥੀਂ ਗੁਲੂਕੋਸ ਲਾ ਰਹੇ ਹਾਂ। ਭਾਈ ਸਾਹਿਬ ! ਆਪਣੀ ਮਨ-ਮੋਹਣੀ ਮੁਸਲਮਾਨ ਰਖੇਲ ਮੋਰਾਂ ਦਾ ਮੁਆਸ਼ਕਾ ਮਹਾਰਾਜਾ ਰਣਜੀਤ ਸਿੰਘ ਨੂੰ ਬੜਾ ਮਹਿੰਗਾ ਪਿਆ ਸੀ। ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਫੌਲਾਦੀ ਜਥੇਦਾਰ ਫੂਲਾ ਸਿੰਘ ਅਕਾਲੀ ਨੇ ਮਹਾਰਾਜੇ ਨੂੰ ਕੋਰੜੇ ਮਾਰਨ ਲਈ ਇਮਲੀ ਨਾਲ ਨੂੜ ਲਿਆ ਸੀ। ਹਾਲਾਂ ਕਿ ਇਹ ਮਹਾਰਾਜੇ ਦਾ ਇਕ ਜ਼ਾਤੀ ਮੁਆਮਲਾ ਸੀ। ਪਰ ਅੱਜ ਪੰਥ ਦੇ ਨਾਂ ਦਾ ਵਾਸਤਾ ਪਾ ਕੇ ਤੇ ਸ਼ਹੀਦਾਂ ਦੇ ਖੂੰਨ ਦਾ ਮੁੱਲ ਵੱਟ ਕੇ, ਸਿੱਖ ਵੋਟਾਂ ਬਟੋਰਨ ਉਪਰੰਤ ਮੁੱਖ-ਮੰਤਰੀ ਬਣਨ ਵਾਲਾ ਬਰਨਾਲਾ, ਗੁਰੂ-ਦਰਬਾਰ ਉਤੇ ਪੈਰਾ ਮਿਲਟਰੀ, ਪੁਲੀਸ ਨਾਲ ਧਾਵਾ ਬੋਲ ਕੇ, ਇੰਦਰਾ ਗਾਂਧੀ ਦੇ ਹਮਲੇ ਦੀ ਇਕ ਤਰਾਂ ਪੁਸ਼ਟੀ ਕਰਦਾ ਹੈ ਤੇ ਵਾਧਾ ਇਹ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਸਿੱਖ ਲਈ ਹੁਕਮ ਦੀ ਵਿਰੋਧਤਾ ਕਰਦਾ ਹੈ ਤਾਂ ਉਸਨੂੰ ਭਾਵੇਂ ਜਿਵੇਂ ਕਿਵੇਂ ਵੀ ਬਖਸ਼ਕੇ ਬਰੀ ਕਰ ਦਿੱਤਾ ਜਾਂਦਾ ਹੈ-ਇਹ ਅਸੀਂ ਸਿੱਖੀ ਦੇ ਰੁੱਖ ਦੀਆਂ ਜੜ੍ਹਾਂ ਤੇ ਕੁਹਾੜਾ ਚਲਾ ਕੇ ਮਾਨੋਂ ਆਪ ਹੀ ਇਸਦੀਆਂ ਜੁੜਾਂ ਵੱਢਕੇ ਪੰਥ ਨਾਲ ਧ੍ਰੋਹ ਕਰ ਰਹੇ ਹਾਂ। ਮੈਂ ਕਿਤੇ ਪਹਿਲੋਂ ਵੀ ਲਿਖਿਆ ਸੀ ਕਿ ਤੁਹਾਡੇ, ਜੱਥੇਦਾਰੀ ਵਿਚ ਰਕੀਬ ਪ੍ਰੋ: ਦਰਸ਼ਣ ਸਿੰਘ ਪੰਥ ਦੇ ਸੁਯੋਗ ਕੀਰਤਨੀਏ ਹਨ ਜਿਹਨਾਂ ਨੇ ਆਪਣੇ ਵਾਜੇ ਨਾਲ ਪੰਥ ਨੂੰ ਜਗਾ ਦਿੱਤਾ। ਉਹਨਾਂ ਦੀ ਦਲੀਲ ਨੇ ਦਿੱਲੀਓਂ ਆਏ ਹਰ ਹਰਕਾਰੇ ਨੂੰ ਨਿਰੁੱਤਰ ਕਰ ਦਿੱਤਾ ਪਰ ਫਿਰ ਵੀ ਉਹਨਾਂ ਦੇ ਅਕਾਲੀਆਂ ਦੇ ਢਹੇ ਚੁੜਕੇ ਕੀਤੇ ਬਿੜਕਦੇ ਕਿਰਦਾਰ ਸਦਕਾ ਉਹਨਾਂ ਦੀਆਂ ਟੋਪਾਂ ਪੰਥ ਉਤੇ ਪਹਿਲਾਂ ਵਰਗੀ ਕਾਟ ਨਹੀਂ ਕਰਦੀਆਂ। ਚਲੋ,

ਫਿਲਹਾਲ ਬਰਨਾਲੇ ਨੂੰ ਬਰੀ ਕਰਨ ਤੇ ਪੰਥ ਦੇ ਬਾਹਰਲੇ-ਘਰ ਦੀ ਲੂੰਬੜੀ ਬਲਵੰਤ ਸਿੰਘ ਨੂੰ ਨਜ਼ਰ-ਅੰਦਾਜ਼ ਕਰਨ ਦੀ ਗੱਲ ਨੂੰ ਪਾਸੇ ਰੱਖ ਲੈਂਦੇ ਹਾਂ। ਪਰ ਹੁਣ ਤੱਕ ਸਿਰੀ ਚਿੱਪੇ ਵਿਹੁ-ਘੋਲਦੇ ਸੁਆਰਥੀ ਅਕਾਲੀ ਪ੍ਰੋ: ਸਾਹਿਬ ਨੂੰ ਵਰਤਣ ਦੀਆਂ ਵਿਉਂਤਾਂ ਵਰਤਦੇ ਹਨ ਤੇ ਉਹ ਉਹਨਾਂ ਦੇ ਕੁੱਛੜ-ਕੰਧਾੜੇ ਚੁੜਕੇ ਵੀ ਉਹਨਾਂ ਦੇ ਹਰ ਦਾਅ ਹੇਠੋਂ ਨਿਕਲ ਜਾਂਦੇ ਹਨ ਤੇ ਬਾਵਜੂਦ ਅਕਾਲੀਆਂ ਦੀਆਂ ਠਿੱਬੀਆਂ ਦੇ, ਸੰਭਲ-ਸੰਭਲ ਪੱਬ ਧਰ ਰਹੇ ਹਨ। ਉਹ ਪੰਥ-ਦਰਦੀ ਹਨ। ਸਿਆਸੀ ਸੂਝ ਵਾਲੇ ਹਨ !! ਕਹਿੰਦੇ ਹਨ ਜੇ ਮਰਾਸੀ ਦਾ ਮੁੰਡਾ ਰੋਵੇ ਤਾਂ ਉਹ ਵੀ ਤਾਨ ਤੇ ਰੋਂਦਾ ਹੈ, ਬਾਜ਼ੀਗਰ ਧੋਬੀ ਪਟੜੇ ਦੀ ਛਾਲ ਮਗਰੋਂ ਵੀ ਠੀਕ, ਅਤੇ ਹੰਢਿਆ-ਭਲਵਾਨ ਵਿਰੋਧੀ ਦਾ ਦਾਅ ਪੈਣ ਤੇ ਵੀ ਸੁਧ ਡਿਗਦਾ ਹੈ। ਪ੍ਰੋ: ਦਰਸ਼ਣ ਸਿੰਘ ਇਕ ਜ਼ਹੀਨ ਵਿਅਕਤੀ ਹਨ! ਮੈਨੂੰ ਅਨੁਭਵ ਹੈ ਕਿ ਉਹਨਾਂ ਨੂੰ ਜਦੋਂ ਨਜ਼ਰ ਆਇਆ ਕਿ ਉਹ ਡਿੱਗਣ ਵਾਲੇ ਹਨ ਤਾਂ ਉਹ ਅਕਾਲੀਆਂ ਨੂੰ ਛੱਡ ਜਾਣਗੇ। ਚਲੋ, ਜੇ ਭਲਾ ਡਿੱਗ ਵੀ ਪਏ ਤਾਂ ਠੀਕ ਡਿੱਗਣਗੇ। ਪਰ ਗੁਰਮੁਖੋ! ਤੁਹਾਡੇ ਸਬੰਧ 'ਚ ਮੈਨੂੰ ਡਰ-ਝੋਰਾ ਇਹ ਹੈ ਜੇ ਤੁਸੀਂ ਕੁਲ ਨੂੰ ਡਿੱਗ ਵੀ ਪਓ, ਵਾਹਿਗੁਰੂ ਕਰੇ ਡਿੱਗੋਂ ਤਾਂ ਸੂਤ-ਸਿਰ !

ਜਿਸ ਦੌਰ ਚੋਂ ਪੰਥ ਅੱਜ ਗੁਜ਼ਰ ਰਿਹਾ ਹੈ ਇਸ 'ਚ ਇਸਨੂੰ ਕਿਸੇ ਗੁਫਤਾਰ ਦੇ ਗਾਜ਼ੀ ਨਹੀਂ; ਕਿਰਦਾਰ ਦੇ ਧਨੀ ਲੀਡਰ ਦੀ ਤਲਾਸ਼ ਹੈ ਵਰਨਾ ਟੋਹੜੇ ਵਰਗੇ ਲੱਛੇਦਾਰ ਭਾਸ਼ਣ ਕਰਨ ਤੇ ਪੇਚਦਾਰ ਬਿਆਨ ਦਾਗਣ ਵਾਲੇ ਨੂੰ ਤੁਸੀਂ ਨਹੀਂ ਕੱਟ ਸਕਦੇ ਜੋ ਅੱਜ ਜਿਹਲ ਵਿਚੋਂ ਵੀ ਕਹਿ ਰਿਹਾ ਹੈ ਕਿ ਮੈਂ ਖਾਲਿਸਤਾਨ ਦੇ ਖਿਲਾਫ ਹਰਗਿਜ਼ ਸਰਕਾਰ ਨੂੰ ਲਿਖ ਕੇ ਨਹੀਂ ਦੇਵਾਂਗਾ। ਅਸਲ 'ਚ, ਭੋਲੇ ਪਾਤਸ਼ਾਹੋ! ਸਿੱਖਾਂ ਨੂੰ ਉਹ ਭੁਲੇਖਾ ਇਹ ਪਾ ਰਿਹਾ ਹੈ ਕਿ ਤੁਹਾਡੀ ਰਿਹਾਈ ਖਾਲਿਸਤਾਨ ਦੇ ਵਿਰੁਧ ਲਿਖਕੇ ਦੇਣ ਕਾਰਨ ਹੀ ਹੋਈ ਹੈ। ਦੂਸਰੇ ਪਾਸੇ ਉਹ ਸਰਕਾਰੀ-ਹਿਫਾਜ਼ਤ 'ਚ ਜਾ ਕੇ ਵੀ ਸਰਕਾਰ ਵਲੋਂ ਆਪਣੇ 'ਮਾਰੇ ਜਾਣ' ਦੀਆਂ ਸਕੀਮਾਂ ਨਾਲ ਜੁਝਾਰੂਆਂ ਦੇ ਦਿਲ ਜਿੱਤ ਕੇ ਆਪਣੀ ਸਿਆਸੀ-ਉਮਰ ਵਧਾਉਣਾ ਲੋਚਦਾ ਹੈ। ਦਿੱਲੀ ਵੱਲ ਮੂੰਹ ਕਰਕੇ ਗਿੱਦੜ ਭੱਬਕੀਆਂ ਮਾਰਨ ਵਿਚ ਤੁਸੀਂ ਖੁਰਦਰੇ ਕਾਗਜ਼ੀ-ਸ਼ੇਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਸਾਨੀ ਵੀ ਨਹੀਂ ਹੋ ਸਕਦੇ ਤੇ ਨਾ ਹੀ ਬਲਵੰਤ ਸਿੰਘ ਵਰਗੀਆਂ ਲੂੰਬੜ-ਚਾਲਾਂ 'ਚ ਤੁਸੀਂ ਤਾਕ ਹੋ। ਦਰਅਸਲ ਇਹ ਅਕਾਲੀ-ਲੀਡਰ ਪੰਥ ਦੇ ਵਿਹੜੇ 'ਚ ਬੁੱਝੇ ਬਾਹਮਣਾਂ ਦੇ ਉਹ ਢੱਟੇ ਹਨ ਜਿਹਨਾਂ ਨੂੰ ਵਫਾਦਾਰ ਸਿੱਖਾਂ ਨੇ ਲੋੜਵੇਂ ਖਲ-ਵਤੇਰੇ ਚਾਰੇ ਹਨ ਪਰ ਜਦ ਵੀ ਪੰਥ ਦੇ ਪੰਧ 'ਚ ਕੋਈ ਚਾਹਲਾ ਆਇਆ ਹੈ ਤਾਂ ਇਹ ਗੀਦੀ ਹਰਾਸ ਛੱਡ ਕੇ ਗੋਡਣੀਆਂ ਹੁੰਦੇ ਹੋਏ ਜੂਲੇ ਹੇਠੋਂ ਨਿਕਲ ਕੇ ਕੌਮ ਨਾਲ ਬੇਵਫਾਈ ਕਰਦੇ ਰਹੇ ਹਨ ਪਰ ਫਿਰ ਵੀ ਇਹ ਮਕਰੇ- ਮੱਕਾਰ ਅਕਾਲੀ ਹੁਣ ਤੱਕ ਮਿੱਠਿਆ-ਚੋਲਾਂ ਨੂੰ ਹੱਥ ਮਾਰਦੇ ਰਹੇ ਹਨ ਕਿਉਂਕਿ ਸਿੱਖਾਂ ਨੂੰ ਇਹਨਾਂ ਦਾ ਬਦਲ ਕੋਈ ਨਹੀਂ ਸੀ ਲੱਭਾ। ਹੁਣ ਜੇ ਤੁਸੀਂ ਆਪਣੇ ਇਹਨਾਂ ਦੇ ਮੁਕਾਬਲੇ ਕੀਤੇ ਦੋ ਚਾਰ ਜਲਸਿਆਂ ਦੀ ਇਹਨਾਂ ਤੋਂ ਜ਼ਿਆਦਾ ਹਾਜ਼ਰੀ ਦੱਸਕੇ ਸਿੱਖਾਂ ਵਿਚ ਆਪਣੇ ਮਕਬੂਲ ਹੋਣ ਦਾ ਦਾਅਵਾ ਕਰੋਂ-ਸੱਚ ਜਾਨਣਾ ਇਹ ਦੁਰਸਤ ਨਹੀਂ। ਅਸਲ ਗੱਲ ਇਹ ਹੈ ਕਿ ਜੁਝਾਰੂ-ਨੌਜਵਾਨ ਰੂਪੋਸ਼ ਹਨ। ਇਹਨਾਂ ਅਕਾਲੀਆਂ ਸਬੰਧੀ ਲੋਕਾਂ ਨੂੰ ਹੁਣ ਪੂਰਾ ਚਾਨਣ ਹੈ ਕਿ ਇਹਨਾਂ ਤਿਲਾਂ ਵਿਚ ਉਕੋ ਤੇਲ ਨਹੀਂ ਤੇ ਇਹਨਾਂ ਦੇ ਮੁਕਾਬਲੇ ਇਹਨਾਂ ਤੋਂ ਸਤੇ-ਨਿਰਾਸੇ ਸਿੱਖ ਤੁਹਾਡੇ ਪੰਡਾਲਾਂ ਵਿਚ ਅਜੇ ਵੀ ਇਕ ਆਸ ਨਾਲ ਇਹ ਸੁਣਨ ਲਈ ਆਉਂਦੇ ਹਨ ਕਿ ਤੁਸੀਂ ਸੰਤਾਂ ਦੇ ਭਤੀਜੇ ਹੋ ਤੁਹਾਡੇ ਦਿਲ 'ਚ ਤਾਂ ਪੰਥ ਲਈ ਦਰਦ ਹੋਏਗਾ। ਤੇ ਤੁਸੀਂ ਆਪਣੇ ਜਲਸਿਆਂ ਵਿਚ ਕਹਿ ਕੀ ਰਹੇ ਹੋ ? ਕਿਉਂਕਿ ਸਿੱਖਾਂ ਦੇ ਕੰਨਾਂ ਵਿਚ ਤੁਹਾਡੇ ਚਾਚਾ ਜੀ ਦੇ ਬੋਲ ਅੱਜੇ ਤੱਕ ਗਰਜਦੇ ਹਨ। ਤੁਹਾਡਾ ਉਹ ਮਹਾਂ-ਪੁਰਸ਼ ਚਾਚਾ ਜੋ ਸਿਰਫ ਅੱਜ ਤੁਹਾਡਾ ਹੀ ਚਾਚਾ ਨਹੀਂ ਸਗੋਂ ਉਹ ਤਾਂ ਆਪਣੇ ਸੁੱਚੇ-ਕਿਰਦਾਰ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਕੇ ਕੌਮ ਦੇ ਚਾਚੇ ਦਾ ਰੁਤਬਾ ਪਾ ਗਿਆ ਹੈ। ਭਾਵ ਇਹ ਕਿ ਜੇ ਕੌਮ ਨੇ ਤੁਹਾਨੂੰ ਇਤਨੇ ਮਾਣ ਨਾਲ ਨਿਵਾਜ਼ਿਆ ਸੀ ਤਾਂ ਸਿੱਖ ਤੁਹਾਡੇ ਧੜ ਹੇਠ ਲੌਂਗੋਵਾਲ ਦੀਆਂ ਲੱਤਾਂ ਹਰਗਿਜ਼ ਨਹੀਂ ਸਨ ਵੇਖਣਾ ਚਾਹੁੰਦੇ ਜੋ ਦਿੱਲੀ ਦੇ ਇਕ ਦਬਕੇ ਨਾਲ ਕੰਬ ਜਾਣ ਤੇ ਉਹ ਤੁਹਾਡੇ ਪੈਰ ਤੁਹਾਡੇ ਚਾਚਾ ਜੀ ਵਰਗੇ ਮਜ਼ਬੂਤ ਵੇਖਣ ਦੇ ਤਲਬਗਾਰ ਸਨ ਜੋ ਕਦੇ ਪਿੱਛੇ ਨਾ ਰਹਿਣ, ਪੰਥ ਦੀ ਮੰਜ਼ਿਲ ਵੱਲ ਅੱਗੇ ਹੀ ਅੱਗੇ ਵਧਣ !

ਸਤਿਕਾਰਿਤ ਭਾਈ ਸਾਹਿਬ ! ਮੇਰੀ ਸਹਿਮਤੀ ਅਜੇ ਵੀ ਉਹਨਾਂ ਲੋਕਾਂ ਨਾਲ ਨਹੀਂ ਜੋ ਤੁਹਾਨੂੰ ਸਰਕਾਰ ਨਾਲ ਮਿਲਿਆ ਆਖਦੇ-ਮੰਨਦੇ ਹਨ। ਤੁਸੀਂ ਇਕ ਉਘੇ ਪੰਥਕ-ਪਰਿਵਾਰ ਵਿਚ ਪਰਵਰਿਸ਼ ਪਾਈ ਹੋਵੇ, ਸੰਤ ਜਰਨੈਲ ਸਿੰਘ ਜੀ ਦੇ ਤੁਸੀਂ ਭਤੀਜੇ ਹੋਵੋਂ, ਕੌਮ ਨੇ ਏਨੇ ਮਾਣ ਨਾਲ ਤੁਹਾਨੂੰ ਨਿਵਾਜ਼ਿਆ ਹੋਵੇ ਤੇ ਫਿਰ ਤੁਹਾਡਾ ਸਰਕਾਰ ਨਾਲ ਕੋਈ ਗਾਂਢਾ-ਸਾਂਢਾ ਹੋਵੇ! ਮੇਰਾ ਮਨ ਇਸ ਤੱਥ ਨੂੰ ਅਜੇ ਸਵੀਕਾਰ ਨਹੀਂ ਕਰਦਾ। ਪਰ ਇਹ ਗੱਲ ਮੈਂ ਆਪਣੇ ਪੱਕੇ ਵਿਸ਼ਵਾਸ ਨਾਲ ਦੁਹਰਾ ਤੇ ਤੁਹਾਨੂੰ ਦ੍ਰਿੜਾ ਰਿਹਾ ਹਾਂ ਕਿ ਕੌਮ ਦਾ ਇਕ ਵੱਡਾ ਵਰਗ ਅੱਜ ਇਹ ਮਹਿਸੂਸ ਕਰ ਰਿਹਾ ਹੈ ਕਿ ਤੁਸੀਂ ਸਿੱਖ ਜਜ਼ਬਾਤਾਂ ਦੀ ਤਰਜਮਾਨੀ ਨਹੀਂ ਕਰ ਸਕੇ ਅਤੇ ਇਹ ਵੀ ਸੋਚਦਾ ਹੈ ਕਿ ਜੇ ਏਨੀ ਦੇਰ 'ਚ ਤੁਸੀਂ ਆਪਣੇ ਕਿਰਦਾਰ ਨਾਲ ਕੌਮ ਦਾ ਦਿਲ ਪੂਰੀ ਤਰਾਂ ਨਹੀਂ ਜਿੱਤ ਸਕੇ, ਕੌਮ ਨੂੰ ਆਪਣੀ ਧੜੱਲੇਦਾਰ ਲੀਡਰਸ਼ਿਪ ਦੇ ਕੇ ਸਿੱਖਾਂ ਦੀ ਗੱਲ ਅੱਗੇ ਨਹੀਂ ਤੋਰ ਸਕੇ ਤਾਂ ਭਵਿੱਖ ਵਿਚ ਤੁਹਾਡੇ ਵਲੋਂ ਸਿੱਖਾਂ ਨੂੰ ਸੰਤ ਜਰਨੈਲ ਸਿੰਘ ਜੀ ਵਰਗਾ ਨੇਤਰਤੱਵ ਦੇਣ ਦੀਆਂ ਸੰਭਾਵਨਾਵਾਂ ਮੂਲੋਂ ਹੀ ਮੱਧਮ ਜਾਂ ਨਾ-ਮਾਤਰ ਹਨ। ਅੱਜ ਜੇ ਕੌਮ ਨੂੰ ਮਾਰਨ ਵਾਲੇ ਅਕਾਲੀ ਤੇ ਕੌਮ ਲਈ ਮਰਨ ਵਾਲੇ ਜੁਝਾਰੂ ਦੋਵੇਂ ਤੁਹਾਡੇ ਉਤੇ ਸੰਗੀਨ ਦੋਸ਼ ਲਾ ਰਹੇ ਹਨ, ਤੁਹਾਡੀ ਸਖਸ਼ੀਅਤ ਵੀ ਹੋਰਨਾਂ ਨਾਲ ਇਕ ਤਕੜੇ ਵਾਦ-ਵਿਵਾਦ ਦਾ ਸ਼ਿਕਾਰ ਹੋ ਚੁੱਕੀ ਹੈ ਤਾਂ ਆਪਣੀ ਇਸ ਅਵੱਸਥਾ 'ਚ ਆਪ ਜੀ ਸਮੁੱਚੇ ਸਿੱਖ-ਸੰਸਾਰ ਨੂੰ ਕਿਸੇ ਨਿਸਚਤ ਦਸ਼ਾ ਵੱਲ ਤੋਰਨ ਦੇ ਬਿਲਕੁਲ ਸਮਰੱਥ ਨਹੀਂ ਰਹੇ।

ਪਰ ਕਿਉਂਕਿ ਆਪ ਪੰਥ-ਦਰਦੀ ਹੋ, ਪੰਥ ਦੀ ਸੇਵਾ ਦਾ ਆਪ ਜੀ ਦੇ ਮਨ 'ਚ ਘਣੇਰਾ ਚਾਓ ਹੈ। ਮੈਂ ਇਸ ਗੱਲ ਦਾ ਵੀ ਦਿਲੋਂ ਤਲਬਗਾਰ ਹਾਂ ਕਿ ਤੁਹਾਡੇ ਕੌਮ ਲਈ ਕੀਤੇ ਕਾਰਜ, ਵਿਸ਼ੇਸ਼ ਕਰ ਵਿਦੇਸ਼ੀਂ ਵਸਦੇ ਸਿੱਖ-ਨੌਜਵਾਨਾਂ ਨੂੰ ਆਪਣੇ ਗੁਰਸਿੱਖੀ ਜੀਵਨ ਨਾਲ ਪ੍ਰਭਾਵਿਤ ਕਰਨ ਆਦਿ ਨੂੰ ਸਾਹਵੇਂ ਰਖਦਿਆਂ ਕੌਮ ਵਿਚ ਤੁਹਾਡਾ ਇਹ ਸਤਿਕਾਰ ਬਣਿਆ ਰਹਿਣਾ ਚਾਹੀਦਾ ਹੈ ਤੇ ਕੌਮ ਨੂੰ ਤੁਹਾਡੀਆਂ ਸੇਵਾਵਾਂ ਦਾ ਸਦਾ ਲਾਭ ਪਹੁੰਚਦਾ ਰਹਿਣਾ ਚਾਹੀਦਾ ਹੈ। ਇਸ ਵਾਸਤੇ ਕੁਝ ਸੁਝਾਅ ਤੁਹਾਨੂੰ ਦੇ ਰਿਹਾ ਹਾਂ-ਮੇਰੇ ਇਹ ਸੁਝਾਅ ਗੁਰੂ ਕੇ ਪੰਥ ਦੇ ਇਕ ਵੱਡੇ ਹਿੱਸੇ ਦੇ ਦਿਲ ਦੀਆਂ ਭਾਵਨਾਵਾਂ ਹਨ ਜਿਹਨਾਂ ਨੂੰ ਮੈਂ ਅੱਜ ਆਪਣੀ ਇਸ ਲਿਖਤ ਦਾ ਜਾਮਾ ਪਹਿਨਾਅ ਕੇ ਜ਼ੁਬਾਨ ਦੇ ਰਿਹਾ ਹਾਂ। ਮੈਨੂੰ ਆਪ ਜੀ ਤੋਂ ਪੂਰੀ ਆਸ-ਤਵੱਕੋ ਹੈ ਕਿ ਆਪ ਮੈਨੂੰ ਆਪਣੇ ਨੁਕਤਾਚੀਨਾਂ ਦੀ ਕਤਾਰ 'ਚ ਨਾ ਸ਼ਾਮਲ ਕਰਦੇ ਹੋਏ ਮੇਰੇ ਇਹਨਾਂ ਸੁਝਾਵਾਂ ਨੂੰ ਗੰਭੀਰਤਾ ਨਾਲ ਵਿਚਾਰੋਗੇ :-

ਪਹਿਲੀ ਗੱਲ, ਕੌਮ ਨੂੰ ਮੌਜੂਦਾ ਸੰਕਟ ਵਿਚੋਂ ਕੱਢ ਕੇ ਸਿੱਖ-ਸੰਘਰਸ਼ ਨੂੰ ਅੱਗੇ ਤੋਰਨ ਅਥਵਾ ਦਿੱਲੀ ਨਾਲ ਦਸਤਪੰਜਾ ਲੈ ਕੇ ਮੰਜ਼ਿਲ ਵੱਲ ਵਧਣ ਅਤੇ ਪੰਥ ਦੇ ਗੁੰਬਦਾਂ ਤੇ ਫੈਲਰੀ-ਪੂਲਰੀ ਸੁਆਰਥੀ ਅਕਾਲੀ-ਅਮਰਵੇਲ ਨੂੰ ਲਾਹੁਣ ਲਈ ਅੱਜ ਕੌਮ ਨੂੰ ਅਜਿਹੀ ਧੜੱਲੇਦਾਰ ਲੀਡਰਸ਼ਿਪ ਦੀ ਸਖਤ ਜ਼ਰੂਰਤ ਹੈ ਜੋ ਇਹਨਾਂ ਦੋਹਾਂ ਮੁਹਾਜ਼ਾਂ ਉਤੇ ਜੰਮ ਕੇ ਲਗਾਤਾਰ ਲੜਾਈ ਲੜ ਸਕੇ। ਖਾਲਸੇ ਨੇ ਖਾਲਸਾ-ਰਾਜ ਦੀ ਪ੍ਰਾਪਤੀ ਦੀ ਮੰਜ਼ਿਲ ਮਿਥੀ ਹੈ ਤਾਂ ਇਸਦੀ ਸਹੀ ਪ੍ਰਾਪਤੀ ਸ਼ਾਨਦਾਰ ਖਾਲਸਈ-ਪਰੰਪਰਾਵਾਂ ਉਤੇ ਤੁਰਦਿਆਂ ਤੇ ਇਹਨਾਂ ਪਰੰਪਰਾਵਾਂ ਦੀਆਂ ਬੁਨਿਆਦਾਂ ਉਤੇ ਹੀ ਹੋਣੀ ਚਾਹੀਦੀ ਹੈ। ਸ੍ਰੀ ਅਕਾਲ ਤਖਤ ਖਾਲਸਈ-ਪਰੰਪਰਾਵਾਂ ਦਾ ਮਰਕਜ਼ ਅਥਵਾ ਰੌਸ਼ਨ-ਮੀਨਾਰ ਹੈ ਜਿਥੋਂ ਖਾਲਸਾ-ਪੰਥ ਨੇ ਰੌਸ਼ਨੀ ਲੈਣੀ ਹੈ। ਮੈਨੂੰ ਪਤਾ ਹੈ ਤੁਸੀਂ ਗੁਰੂ ਕ੍ਰੂਥ-ਪੰਥ ਵਿਚ ਅਗਾਧ ਸ਼ਰਧਾ-ਆਸਥਾ ਰੱਖਣ ਵਾਲੇ ਪ੍ਰਵਾਰਿਕ-ਪਿਛੋਕੜ ਕਾਰਨ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਨ-ਮਰਿਯਾਦਾ ਅਤੇ ਇਸਦੀਆਂ ਪਰੰਪਰਾਵਾਂ ਨੂੰ ਕਾਇਮ ਰੱਖਣ ਦੇ ਮੁਦੱਈ ਹੋ। ਜੇ ਅੱਜ ਸਾਡੇ ਕੇਂਦਰ ਦੀ ਜੱਥੇਦਾਰੀ ਤੇ ਹੀ ਵਿਵਾਦ ਦਾ ਰੇਤਕਾ ਪਿਆ ਰਿਹਾ ਹਾਂ ਪੰਥ ਦੀ ਗੱਲ ਸਿਰੇ ਚੜ੍ਹਨੀ ਅਸੰਭਵ ਹੈ। ਜੇ ਇਥੋਂ ਦੀ ਜਥੇਦਾਰੀ ਦੇ ਹੀ ਇੰਵ ਦੁਆਵੇ ਹੁੰਦੇ ਰਹੇ ਤੇ ਇਸ ਇਸ਼ੂ ਤੇ ਹੀ ਆਪਸੀ ਡਾਂਗ ਖਤਕਦੀ ਰਹੀ ਤਾਂ ਇਹ ਗੁਰੂ, ਗੁਰੂ-ਪੰਥ ਤੇ ਮੌਜੂਦਾ ਸ਼ਹੀਦਾਂ ਨਾਲ ਸਿੱਧਾ ਧ੍ਰੋਹ ਹੈ ਜੋ ਕੁਲ ਇਸਦੀ ਅਜ਼ਮਤ ਲਈ ਜਾਨਾਂ ਨਿਛਾਵਰ ਕਰ ਗਏ ਹਨ ਤੇ ਅੱਜ ਤੱਕ ਕਰ ਰਹੇ ਹਨ। ਜਿਵੇਂ ਮੈਂ ਪਹਿਲੋਂ ਵੀ ਕਿਹਾ ਹੈ ਕਿ ਤੁਸੀਂ ਸ੍ਰੀ ਅਕਾਲ ਤਖਤ ਦੀ

ਪਰੰਪਰਾ ਬੁਲੰਦ ਰੱਖਣ ਦੇ ਮੋਢੀ-ਮੁਦੱਈ ਹੋਣ ਦੇ ਦਾਅਵੇਦਾਰ ਹੋ। ਤੁਸੀਂ ਇਸ ਤਖਤ ਦੀ ਰਾਖੀ ਲਈ ਸਿਰ ਤਲੀ ਧਰ ਲੜੇ ਆਪਣੇ ਯੋਧੇ ਚਾਚੇ ਦੇ ਭਤੀਜੇ ਹੋਂ, ਜਿਸਦੇ ਕਦੇ ਕੋਈ ਕੁਰਸੀ ਨਾ ਲੈਣ ਦੇ ਬੋਲ ਅਥਵਾ ਤਿਆਗ ਦੇ ਕਿੱਸੇ, ਸਿੱਖ-ਸਿੱਖ ਦੀ ਜ਼ੁਬਾਨ ਤੇ ਹਨ। ਕੋਈ ਹੋਰ ਜੇ ਇਸ ਜੱਥੇਦਾਰੀ ਦਾ ਦਾਅਵੇਦਾਰ ਰਹਿਣ ਦੀ ਜ਼ਿਦ ਕਰੇ ਤਾਂ ਸ਼ਾਇਦ ਸਿੱਖ-ਮਨਾਂ ਨੂੰ ਏਨੀ ਠੇਸ ਨਾ ਲੱਗੇ ਪਰ ਸਿੱਖ ਘੱਟੋ-ਘੱਟ ਤੁਹਾਡੇ 'ਚੋਂ ਜ਼ਰੂਰ ਤੁਹਾਡੇ ਚਾਚਾ ਜੀ ਦੇ ਤਿਆਗ ਦੀ ਝਲਕ ਵੇਖਣਾ ਲੋੜਦੇ ਹਨ। ਸੋ ਪੰਥਕ-ਭਾਵਨਾਵਾਂ ਅਨੁਸਾਰ ਮੇਰਾ ਪਹਿਲਾ ਸੁਝਾਓ ਤੁਹਾਨੂੰ ਇਹ ਹੈ ਕਿ ਤੁਹਾਡਾ ਬਿਨਾ ਕਿਸੇ ਵਿਚਾਰ ਜਾਂ ਦੁਬਿਧਾ ਵਿਚ ਪਏ ਇਕ-ਟੂੱਕ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੀ ਜੱਥੇਦਾਰੀ ਤੋਂ ਅਸਤੀਫਾ ਦੇਣਾ ਹੋਣਾ ਚਾਹੀਦਾ ਹੈ। ਮੇਰੀ ਮੰਨੋਂ ਤਾਂ ਤੁਸੀਂ ਤੁਰੰਤ ਅੰਮ੍ਰਿਤਸਰ ਸਾਹਿਬ ਜਾ ਕੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਚਰਨਾਂ ਵਿਚ ਆਪਣਾ ਅਸਤੀਫਾ ਰੱਖ ਦੇਵੋ। ਮੇਰੇ ਖਿਆਲ ਵਿਚ ਇਸ ਸ਼ੁਭ-ਕਾਰਜ ਲਈ ਜੇ ਤੁਸੀਂ ਕੁਝ ਲੇਟ ਵੀ ਹੋਣਾ ਹੈ ਤਾਂ ਇਸ ਵਾਸਤੇ ਸਭ ਤੋਂ ਵਧੀਆ ਮੌਕਾ ਘਲੂੱਘਾਰੇ ਦੀ ਅਗਲੇ ਮਹੀਨੇ ਆ ਰਹੀ ਵਰ੍ਹੇ-ਗੰਢ ਦਾ ਉਹ ਦਿਨ ਹੈ ਜਿਸ ਦਿਨ ਤੁਹਾਡੇ ਚਾਚਾ ਜੀ ਨੇ ਆਪਣੀ ਜਾਨ ਵੀ ਪੰਥ ਲਈ ਮੀਰੀ-ਪੀਰੀ ਦੇ ਮਾਲਕ ਦੇ ਚਰਨਾਂ ਵਿਚ ਅਰਪਣ ਕਰ ਦਿੱਤੀ ਸੀ।

ਦੂਸਰਾ ਸੁਝਾਅ ਇਹ ਕਿ ਇਸਤੋਂ ਮਗਰੋਂ ਮਨ ਦੇ ਸਾਰੇ ਵਲ ਕੱਢਕੇ ਅਥਵਾ ਨਿਰਮਲ ਮਨ ਲੈ ਕੇ ਜੁਝਾਰੂ ਨੌਜਵਾਨਾਂ ਨੂੰ ਆਪੂੰ ਜਾ ਕੇ ਮਿਲੋ ਤੇ ਸਾਰੀ ਹੋਈ ਤੇ ਮਿੱਟੀ ਪਾਓ। ਮੈਨੂੰ ਹਜ਼ਾਰਾਂ ਮੀਲ ਦੂਰ ਇਥੇ ਬੈਠੇ ਨੂੰ ਯਕੀਨ ਹੈ ਕਿ ਜੇ ਤੁਸੀਂ ਪੰਥ ਦਾ ਦਰਦ ਦਿਲ ਵਿਚ ਲੈ ਕੇ ਸੱਚੇ ਦਿਲੋਂ ਸਾਰਾ ਮਾਣ ਛੱਡਕੇ ਆਪ ਚੱਲ ਕੇ ਇਹਨਾਂ ਨੂੰ ਗਲਵੱਕੜੀ ਪਾਉਣ ਲਈ ਜਾਵੋਂਗੇ ਤਾਂ ਕਲਗੀਧਰ ਦੇ ਇਹ ਤਿਆਗੀ-ਪੁੱਤਰ ਆਪਣਾ ਦਿਲ ਵੀ ਤੁਹਾਡੇ ਕਦਮਾਂ 'ਚ ਰੱਖ ਦੇਣਗੇ। ਇਸ ਨਾਲ ਪੰਥ ਵਿਚਲੀ ਸਾਰੀ ਕਸ਼ੀਦਗੀ ਮਿਟ ਜਾਵੇਗੀ। ਕੌਮ ਦੇ ਪਿੰਡੇ ਤੋਂ ਲਹੂ ਪੀਣੇ ਅਕਾਲੀ-ਚਿੱਚੜ ਵੀ ਲਹਿ ਜਾਣਗੇ ਤੇ ਦਿੱਲੀ ਦੇ ਜੂਲੇ ਹੇਠੋਂ ਨਿਕਲਣ ਲਈ ਸਿੱਖ ਹੋਰ ਵੀ ਤਕੜੇ ਹੋ ਜਾਣਗੇ। ਇਸ ਕਾਰਜ ਵਿਚ ਦੇਰੀ ਕਰਨੀ ਪੰਥ ਅਤੇ ਤੁਹਾਡੇ ਭਲੇ 'ਚ ਕਿਵੇਂ ਵੀ ਨਹੀਂ।

ਤੀਸਰੀ ਗੱਲ, ਮੈਂ ਉਪਰ ਕਹਿ ਚੁੱਕਾ ਹਾਂ ਕਿ ਮੈਂ ਤੁਹਾਡੇ ਵਲੋਂ ਵਿਦੇਸ਼ਾਂ 'ਚ ਵਸਦੇ ਸਿੱਖ ਨੌਜੁਆਨਾਂ ਨੂੰ ਇਕ ਝੰਡੇ ਥੱਲੇ ਇਕੱਤਰ ਕਰਨ ਦੇ ਇੰਗਲੈਂਡ ਚੋਂ ਛੇਹੇ ਕਾਰਜ ਦਾ ਦਿਲੋਂ ਪ੍ਰਸ਼ੰਸਕ ਹਾਂ। ਇਹ ਕੌਮ ਦੇ ਉਹ ਕੀਮਤੀ-ਹੀਰੇ ਤੇ ਹੋਣਹਾਰ ਨੌਜਵਾਨ ਹਨ ਜਿਹਨਾਂ ਦੇ ਸੀਨੇ ਉਤੇ ਚੁਰਾਸੀ ਦੇ ਹਮਲੇ ਦੀ ਸੱਟ ਵੱਜੀ ਹੈ। ਇਹ ਕੌਮ ਦੀ ਚੜ੍ਹਦੀ-ਕਲਾ ਦੇ ਦਿਲੋਂ ਇੱਛੁਕ ਹਨ ਤੇ ਪੰਥ ਦੇ ਉਜੱਲੇ ਭਵਿੱਖ ਦੇ ਨਿਸਚੇ ਹੀ ਜ਼ਾਮਨ ਸਾਬਤ ਹੋ ਸਕਦੇ ਹਨ ਬਸ਼ਰਤਿ ਕਿ ਇਹਨਾਂ ਦੀ ਸ਼ਕਤੀ ਨੂੰ ਖਿੰਡੇ-ਵੰਡੇ ਜਾਣ ਤੋਂ ਬਚਾਅ ਕੇ ਸਹੀ ਦਸ਼ਾ ਵੱਲ ਤੋਰਿਆ ਜਾਵੇ ਅਥਵਾ ਪੰਥ ਕੀ ਬਿਹਤਰੀ ਲਈ ਵਰਤਿਆ ਜਾਵੇ। ਮੈਨੂੰ ਪਤਾ ਹੈ ਤੁਸੀਂ ਇਹਨਾਂ ਨੂੰ ਜਥੇਬੰਦ ਹੀ ਪੰਥ ਦੀ ਇਸ ਸੇਵਾ ਦੀ ਸੁੱਚੀ-ਭਾਵਨਾ ਨਾਲ ਕੀਤਾ ਸੀ ਤੇ ਇਹਨਾਂ ਸਭਨਾਂ ਦੇ ਮਨ ਵਿਚ ਇਹੀ ਤਾਂਘ ਹੈ। ਤੁਹਾਡੇ ਚਾਚਾ ਜੀ, ਅਕਾਲੀ-ਲੀਡਰਸ਼ਿਪ ਦੇ ਮੁਕਾਬਲੇ ਨੌਜਵਾਨਾਂ ਲਈ ਪ੍ਰੇਰਨਾ-ਸ੍ਰੋਤ ਸਨ। ਜਿਥੇ ਖੁਦਗਰਜ਼ ਅਕਾਲੀ-ਲੀਡਰਸ਼ਿਪ ਇਹਨਾਂ ਨੂੰ ਸਿਰਫ ਇਲੈਕਸ਼ਨਾਂ ਵਿਚ ਆਪਣੇ ਸੁਆਰਥ ਲਈ ਹੀ ਵਰਤਦੀ ਰਹੀ ਉਥੇ ਤੁਹਾਡੇ ਸਤਿਕਾਰ ਯੋਗ ਚਾਚਾ ਜੀ ਹਮੇਸ਼ਾ ਸੁਆਰਥ ਤੋਂ ਉਪੱਰ ਉਚੇ ਰਹਿ ਇਹਨਾਂ ਨੂੰ ਪੰਥ ਲਈ ਵੰਗਾਰਾਂ ਪਾਉਂਦੇ ਰਹੇ। ਉਹਨਾਂ ਦੀ ਇਸੇ ਸੁਆਰਥ-ਰਹਿਤ ਸੋਚਣੀ ਸਦਕਾ ਤੇ ਤੁਹਾਡੀ ਉਹਨਾਂ ਦੇ ਕਦਮਾਂ ਤੇ ਚੱਲਣ ਦੀ ਕਲਪਣਾ ਕਰਦਿਆਂ ਤੇ ਸਿੱਖੀ ਦੀ ਚੜ੍ਹਦੀ ਕਲਾ ਦੀ ਭਾਵਨਾ ਨੂੰ ਭਾਂਪਦਿਆਂ ਹੀ ਇਹਨਾਂ ਨੇ ਤੁਹਾਨੂੰ ਆਪਣੀਆਂ ਅੱਖਾਂ ਤੇ ਬਿਠਾਇਆ ਅਥਵਾ ਇਹਨਾਂ 'ਚ ਤੁਹਾਡਾ ਡੂੰਘਾ ਸਤਿਕਾਰ ਹੈ। ਇਸ ਪ੍ਰਸੰਗ ਵਿਚ ਇਕ ਗੁਜ਼ਾਰਿਸ਼ ਪੰਥ ਨੂੰ ਇਹਨਾਂ ਦੀ ਸ਼ਕਤੀ ਨਾਲ ਹੋਰ ਨਰੋਏ ਕਰਨ ਲਈ ਤੁਹਾਨੂੰ ਕਰਾਂਗਾ ਕਿ ਸੁਆਰਥੀ ਅਕਾਲੀ-ਲੀਡਰਸ਼ਿਪ ਦੇ ਉਲਟ ਤੁਹਾਡੇ ਚਾਚਾ ਜੀ ਦੀ ਸੋਚ ਨੂੰ ਪ੍ਰਸਾਰਦਿਆਂ ਇਹਨਾਂ ਨੌਜਵਾਨਾਂ ਨੂੰ ਤੁਹਾਡਾ ਪੈਗਾਮ ਹੋਣਾ ਚਾਹੀਦਾ ਹੈ ਕਿ ਇਹਨਾਂ ਦੀ ਸੋਚ 'ਚ ਵਿਸ਼ਾਲਤਾ ਹੋਵੇ, ਧੜੇ ਨਾਲੋਂ ਧਰਮ ਨੂੰ ਤਰਜੀਹ ਦੇਣ ਦੀ ਤੀਬਰ-ਤਮੰਨਾ ਇਹਨਾਂ ਦੇ ਸੀਨੇ 'ਚ ਹਮੇਸ਼ਾ ਧੜਕਦੀ ਹੋਵੇ।

ਅੰਤਲੀ ਗੱਲ, ਬਾਬਾ ਜੋਗਿੰਦਰ ਸਿੰਘ ਜੀ, ਜੋ ਨੁੱਬਿਆਂ ਦੇ ਨੇੜ ਢੁੱਕ ਕੇ ਵੀ ਪੰਥਕ-ਭਲਾਈ ਲਈ ਦਿਨ-ਰਾਤ ਅਣਥੱਕ ਯਤਨ ਕਰ ਰਹੇ ਹਨ-ਉਹਨਾਂ ਦੀ ਇਸ ਘਾਲਣਾ ਅੱਗੇ ਮੇਰਾ ਸਿਰ ਸ਼ਰਧਾ ਸੰਗ ਝੁਕਦਾ ਹੈ। ਉਹਨਾਂ ਨੂੰ ਕੋਈ ਸੁਝਾਅ ਦੇਣ ਦੀ ਨਾ ਮੇਰੀ ਉਮਰ ਹੈ ਨਾ ਸਮਝ ਤੇ ਨਾ ਹੀ ਮੇਰਾ ਇਹ ਆਰਟੀਕਲ ਉਹਨਾਂ ਨੂੰ ਮੁਖਾਤਿਬ ਹੈ। ਪਰ ਬੜੇ ਅਦਬ ਤੇ ਮਾਣ ਨਾਲ ਪੰਥ ਦੀਆਂ ਇਹ ਭਾਵਨਾਵਾਂ ਤੁਹਾਡੇ ਤੀਕ ਪਹੁੰਚਾ ਕੇ ਛੁੱਟੀ ਲਵਾਂਗਾ ਕਿ ਜੇ ਸਤਿਕਾਰ ਯੋਗ ਬਾਬਾ ਜੀ ਗੁਰੂ ਬਖਸ਼ਿਆ ਖੰਡਾ-ਬਾਟਾ ਢੁੱਕ ਕੇ ਪੰਜਾਬ ਦੇ ਪਿੰਡ ਤੋਂ ਪਿੰਡ ਵੱਲ ਵਹੀਰ ਘੱਤ ਦੇਣ ਤੇ ਤੁਸੀਂ ਆਪਣੇ ਚਾਚਾ ਜੀ ਦੇ ਕਦਮ ਚਿੰਨਾਂ ਤੇ ਚਲਦੇ ਹੋਏ ਸ੍ਰੀ ਅਕਾਲ ਤਖਤ ਦੀ ਜਥੇਦਾਰੀ ਤੋਂ ਤੁਰੰਤ ਅਸਤੀਫਾ ਦੇ ਕੇ, ਜੁਝਾਰੂ ਸਿੰਘਾਂ ਨਾਲ ਬਗਲਗੀਰ ਹੋ ਕੇ ਨੌਜਵਾਨਾਂ ਨੂੰ ਸਹੀ ਦਸ਼ਾ ਪ੍ਰਦਾਨ ਕਰਦਿਆਂ ਹੋਇਆ ਪੰਥਕ-ਏਕਤਾ ਦਾ ਝੰਡਾ ਲੈ ਕੇ ਪੰਥ ਦੀਆਂ ਜੂਹਾਂ ਵਿਚ ਨਿਕਲ ਪਓ ਤਾਂ ਨਿਸਚੇ ਹੀ ਇਸ ਨਾਲ ਕੌਮ ਦੀ ਵਿਗੜੀ ਤਕਦੀਰ ਸੰਵਰ ਸਕਦੀ ਹੈ ਤੇ ਤੁਹਾਡਾ ਪ੍ਰਵਾਰ ਵੀ ਸਦਾ ਸਦਾ ਲਈ ਪੰਥ ਦੇ ਭਰਵੇਂ ਸਤਿਕਾਰ ਪਾਤਰ ਬਣਿਆ ਰਹਿ ਸਕਦਾ ਹੈ।

ਉਮੀਦ ਹੈ, ਜੇ ਮੇਰੇ ਇਹਨਾਂ ਸੁਝਾਵਾਂ, (ਜੋ ਦਰਅਸਲ ਸਿੱਖ-ਅਵਾਮ ਦੇ ਹੀ ਸੁਝਾਅ ਹਨ!) ਵਿਚ ਕੋਈ ਵਜ਼ਨ ਜਾਂ ਬਲ ਹੋਇਆ ਤਾਂ ਆਪ ਤੁਰੰਤ ਇਹਨਾਂ ਤੇ ਅਮਲ ਕਰਕੇ ਕਲਗੀਧਰ ਪਾਤਸ਼ਾਹ ਤੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕੋਰੋਗੇ ਅਤੇ ਜੇ ਕੋਈ ਸ਼ਬਦ-ਸੰਕੇਤ ਆਪ ਜੀ ਦੀ ਸ਼ਾਨ ਦੇ ਖਿਲਾਫ ਜਾਂਦਾ ਹੋਵੇ ਉਸ ਲਈ ਮੈਨੂੰ ਖਿਮਾ ਕਰੋਗੇ-ਆਮੀਨ !

ਵਾਹਿਗੁਰੂ ਜੀ ਕਾ ਖਾਲਸਾ !
ਵਾਹਿਗੁਰੂ ਜੀ ਕੀ ਫਤਹ !!

ਆਪ ਜੀ ਦਾ ਹਿਤੂ,

(ਮਈ ,1989)

ਦਮਦਮੀ-ਟਕਸਾਲ: ਸਿੱਖੀ ਦਾ ਬੂਟਾ ਬਨਾਮ ਦਿੱਲੀ ਦਾ ਬੂਟਾ!

ਦਮਦਮੀ-ਟਕਸਾਲ ਦਸਮ ਪਿਤਾ ਦਾ ਦਿਲ ਹੈ !

"ਖਾਲਸਾ ਮੇਰੋ ਪਿੰਡ ਪਰਾਣ ।
ਖਾਲਸਾ ਮੇਰੀ ਜਾਨ ਕੀ ਜਾਨ ।"

ਜੇ ਖਾਲਸਾ ਗੁਰੂ ਕੀ ਜਾਨ ਹੈ ਤਾਂ ਜਿਸ ਟਕਸਾਲ ਅਥਵਾ ਦਮਦਮੀ-ਟਕਸਾਲ ਵਿਚ ਖਾਲਸਈ-ਸਿੱਕੇ ਅਥਵਾ ਖਾਲਸੇ ਘੜੇ ਜਾਂਦੇ ਹੋਣ ਉਸਨੂੰ ਸਚਮੁੱਚ ਦਸਮੇਸ਼ ਪਿਤਾ ਦਾ ਦਿਲ ਹੀ ਸਮਝਣਾ ਚਾਹੀਏ !

ਸਰਬੰਸ-ਦਾਨੀ ਪੰਥ-ਬਾਨੀ ਕਲਗੀਧਰ ਪਾਤਸ਼ਾਹ ਖਿਦਰਾਣੇ ਦੀ ਢਾਬ ਉਤੇ ਆਖਰੀ ਯੁੱਧ ਲੜਨ ਉਪਰੰਤ ਸਾਬੋ ਕੀ ਤਲਵੰਡੀ (ਹੁਣ ਤਖਤ ਸ੍ਰੀ ਦਮਦਮਾ ਸਾਹਿਬ) ਬਿਰਾਜੇ। ਇਕ ਦਿਹੁੰ ਇਕ ਸਿੰਘ ਦੇ ਇਕ ਨਿੱਕੇ ਪਰ ਅਰਥੋਂ ਵੱਡੇ (ਅਥਵਾ 'ਕੈ' ਥਾਂਵੇਂ 'ਕੇ') ਅਸ਼ੁਧ ਉਚਾਰਣ ਸਬੰਧੀ ਤਾੜਨਾ ਕਰਨ ਤੇ ਫਿਰ ਭਾਈ ਦਇਆ ਸਿੰਘ ਆਦਿ ਸਿੱਖਾਂ ਦੇ ਗੁਰਬਾਣੀ ਦੇ ਸ਼ੁਧ ਉਚਾਰਣ ਤੇ ਇਸਦੇ ਗੁਹਝ-ਅਰਥਾਂ ਨੂੰ ਜਾਨਣ ਦੀ ਪ੍ਰਬਲ-ਇੱਛਾ ਨੂੰ ਭਾਂਪਦਿਆਂ 25 ਸਿੱਖਾਂ ਦਾ ਜੱਥਾ ਬੀੜ ਲੈਣ ਹਿਤ ਧੀਰ ਮੱਲ ਵੱਲ ਭੇਜਿਆ ਪਰ ਉਸ ਵਲੋਂ ਜਬਾਬ ਮਿਲਣ ਉਪਰੰਤ ਭਾਈ ਮਨੀ ਸਿੰਘ ਜੀ ਦੀ ਕਾਨੀਓਂ ਆਦਿ ਗ੍ਰੰਥ ਦੀ ਬੀੜ ਨੂੰ ਸਾਹਿਬਾਂ ਆਪਣੇ ਮੁਖਾਰਬਿੰਦੋਂ ਉਚਾਰਣ ਕਰਕੇ ਆਪੂੰ ਲਿਖਵਾਇਆ। ਗੁਰਬਿਲਾਸ ਪਾਤਸ਼ਾਹੀ ਛੇਵੀਂ 'ਚ ਜ਼ਿਕਰ ਹੈ : -

ਸੁਨ ਕੇ ਹਮ ਤਾਹੀ ਕੇ ਬੈਨਨ ਕੋ ਦਮਦਮਾ ਸੋ ਮਾਲਵੇ ਬੀਚ ਸਵਾਰੋਂ ।
ਢਿਗ ਤਾਹੀ ਤਲਵੰਡੀ ਕੇ ਕਾਂਸੀ ਰਚੋਂ ਜਾ ਬੈਲ ਪੜੈਂ ਹੋਇ ਬੁਧ ਉਚਾਰੋਂ ।
ਇਹ ਗ੍ਰੰਥ ਉਚਾਰਨ ਕਰੋਂ ਤਹਾਂ ਬੈਠ ਕੇ ਬੀੜ ਸੋਊ ਜਗ ਮਾਹਿ ਬਿਥਾਰੋਂ ।
ਅੱਖਰ ਏਕ ਕੋ ਭੇਦ ਧਰੋਂ ਨਹਿੰ ਮਮਦਾਸ ਗੁਰੂ ਸੰਮੁਖ ਬਿਚਾਰੋਂ ।

ਤੇ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਨੂੰ 48 ਵਿਦਿਆਰਥੀ ਸਿੰਘਾਂ ਦੇ ਪਹਿਲੇ ਦਾਖਲੇ ਨਾਲ ਦਮਦਮੀ-ਟਕਸਾਲ ਅਥਵਾ ਖਾਲਸਾ-ਪੰਥ ਦੀ ਚਲਦੀ-ਫਿਰਦੀ ਯੂਨੀਵਰਸਿਟੀ ਦਾ ਨੀਂਹ-ਪੱਥਰ ਅਪਣੇ ਮੁਬਾਰਕ ਕਰ-ਕਮਲਾਂ ਨਾਲ ਰੱਖਿਆ ਤੇ, ਫੁਰਮਾਇਆ : -

ਇਹ ਹੈ ਪ੍ਰਗਟ ਹਮਾਰੀ ਕਾਂਸ਼ੀ । ਪੜਹੈਂ ਇਹਾਂ ਢੋਰ ਅਤਿ ਰਾਸੀ ।
ਲੇਖਕ ਗੁਨੀ ਕੁਵਿੰਦ ਗਿਆਨੀ । ਬੁੱਧਿ ਸਿੰਧੁ ਹਵੈ ਹੈਂ ਇਤ ਆਨੀ ।
ਤਿਨਕੇ ਕਾਰਨ ਕਲਮ ਗਢ ਦੇਤਪ੍ਰਗਟ ਹਮ ਡਾਰ ।
ਸਿਖ ਸਖਾਇਤ ਪੜੈਂਗੇ ਹਮਰੇ ਕਈ ਹਜ਼ਾਰ ।

ਨਿਰਸੰਦੇਹ ਸਾਹਿਬਾਂ ਦੇ ਮੁਖਾਰਬਿੰਦੋਂ ਝਰੇ ਅੰਮ੍ਰਿਤ-ਬੋਲਾਂ ਅਨੁਸਾਰ ਗੁਰੂ ਪੰਥ ਦੀ ਇਸ ਸਿੱਕੇਬੰਦ-ਸੰਸਥਾ ਨੇ ਸੰਮਤ 1762 ਤੋਂ ਅੱਜ ਤੀਕ ਕੌਮ ਲਈ ਹਜ਼ਾਰਾਂ 'ਲੇਖਕ ਗੁਨੀ ਕੁਵਿੰਦ ਗਿਆਨੀ' ਪੈਦਾ ਕੀਤੇ ਹਨ। ਇਹ ਕਲਗੀਧਰ ਪਾਤਸ਼ਾਹ ਹੱਥੋਂ ਵਰੋਸਾਈ ਇਸੇ ਸੰਸਥਾ ਦਾ ਹੀ ਪ੍ਰਤਾਪ ਹੈ ਕਿ ਸਿੱਖਾਂ ਦੇ ਘਰ 'ਪੰਜਾਬ' ਦੇ ਪਿੰਡ ਪਿੰਡ ਦੇ ਗੁਰਦੁਆਰੇ ਦੀ ਗੱਲ ਤਾਂ ਪਾਸੇ ਰਹੀ ਅੱਜ ਸਿੱਖਾਂ ਦੇ ਪ੍ਰਮੁੱਖ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਲਈ ਪਾਠੀ ਅਤੇ ਕੀਰਤਨੀਏ ਸਿੰਘ ਤਾਂ ਉਪਲਬਧ ਹਨ ! ਸਿੱਖ-ਇਤਿਹਾਸ ਵਿਚ ਗੁਰੂ-ਸਿਰਜੀ ਦਮਦਮੀ-ਟਕਸਾਲ ਦਾ ਰੋਲ ਮਾਈ ਭਾਗੋ ਵਾਲਾ ਰਿਹਾ ਹੈ ਜਿਸ ਨੇ ਗੁਰੂ ਤੋਂ ਭੱਜੇ ਬੇਅੰਤ ਸਿੱਖਾਂ ਦੇ ਬੇਦਾਵੇ ਪੜਵਾ ਕੇ ਉਹਨਾਂ ਨੂੰ ਫਿਰ ਗੁਰੂ ਕੇ ਲੜ ਲਾਇਆ ਹੈ ਤੇ ਇਸਦੇ ਮੁਕਾਬਲੇ ਸਿੱਖਾਂ ਦੀਆਂ ਸਿਰ-ਵੱਢਵੀਆਂ ਕੁਰਬਾਨੀਆਂ ਦੇ ਬਲਬੋਤੇ ਇਸ ਸਦੀ ਦੇ ਆਰੰਭ ਵਿਚ ਹੋਂਦ 'ਚ ਆਈ ਸ਼੍ਰੋਮਣੀ ਕਮੇਟੀ ਦਾ ਇਮੇਜ ਅੱਜ ਸਿੱਖ-ਸੰਸਾਰ ਵਿਚ ਪਿੰਡ ਦੀ ਉਸ ਛਟੀ ਹੋਈ ਜੱਥੇਦਾਰਨੀ ਦਾ ਬਣਿਆ ਹੋਇਆ ਹੈ ਜਿਸਦੀ ਇੱਛਾ ਇਲੈਕਸ਼ਨਾਂ ਲੜ ਕੇ ਪਿੰਡ ਦੀ ਪੰਚਾਇਤ-ਮੈਂਬਰੀ ਹਥਿਆਉਂਣਾ ਹੀ ਹੈ ਤੇ ਇਸਦੇ ਵਿਗੜੇ ਵੈਲੀ ਅਕਾਲੀ-ਪੁੱਤਾਂ ਨੂੰ ਅੱਖਾਂ ਸਾਹਮਣੇ

ਮਰਦੇ ਪਿੰਡ ਨਾਲੋਂ ਗੁਰੂ ਦੀਆਂ ਗੋਲਕਾਂ ਲੁੱਟਣ ਤੇ ਆਪਣੇ ਲੋਟੂ-ਯਾਰਾਂ ਨੂੰ ਬਚਾਉਂਣ ਦਾ ਹੀ ਵਧੇਰੇ ਖਿਆਲ ਹੈ !

ਦਮਦਮੀ-ਟਕਸਾਲ ਰਾਹੀਂ ਦਸਮ ਪਿਤਾ ਨੇ ਆਪਣੇ ਦਾਦਾ 'ਦਲ ਭੰਜਨ ਗੁਰ-ਸੂਰਮਾ' ਦੀ ਤੋਰੀ ਪਰੰਪਰਾ ਨੂੰ ਹੀ ਵਿਰਗਸਾਇਆ ਅਥਵਾ ਉਹਨਾਂ ਦੇ ਸੁਪਨੇ ਨੂੰ ਹੀ ਸਾਕਾਰ ਕੀਤਾ ਹੈ ਤੇ ਇਸ ਵਿਚ 'ਦੋ ਤਲਵਾਰੀਂ ਬੱਧੀਆਂ' ਦੀ ਭਾਵਨਾ ਲਿਆ ਕੇ ਇਸਨੂੰ ਮੀਰੀ-ਪੀਰੀ ਦਾ ਮੁਜੱਸਮਾ ਬਣਾਇਆ ਹੈ-ਇਸ ਵਿਚ ਭਗਤੀ ਤੇ ਸ਼ਕਤੀ ਦਾ ਸੰਗਮ-ਸੁਮੇਲ ਕੀਤਾ ਹੈ। ਗੁਰੂ-ਸਿਰਜੀ ਟਕਸਾਲ ਦੇ ਇਕ ਹੱਥ ਜੇ ਮਾਲਾ ਹੈ ਤਾਂ ਇਸਦਾ ਦੂਜਾ ਹੱਥ ਤਲਵਾਰ ਦਾ ਧਾਰਣੀ ਹੈ। ਕਲਗੀਧਰ ਪਿਤਾ ਨੇ ਇਸ ਸੰਸਥਾ ਰਾਹੀਂ ਖਾਲਸੇ ਨੂੰ ਤਲਵਾਰ ਤੇ ਕਲਮ ਦੇ ਧਨੀ ਬਣਾਇਆ ਹੈ, ਇਸ ਨੂੰ ਬਾਹੂ ਬਲ ਤੇ ਬੁੱਧ ਦਾ ਵਰਦਾਨ ਦਿੱਤਾ ਹੈ।

ਖਰੇ-ਟੁਣਕਦੇ ਗੁਰਮੁਖ-ਸਿੱਕੇ ਘੜਨ ਵਾਲੀ ਇਸ ਟਕਸਾਲ ਨੇ ਆਪਣੇ ਜਨਮ ਤੋਂ ਲੈ ਕੇ ਅੱਜ ਤੱਕ ਗੁਰਮਤ-ਗਿਆਨ ਦੇ ਚਾਨਣ ਨਾਲ ਪੰਥ ਦੀਆਂ ਜੂਹਾਂ ਨੂੰ ਰੁਸ਼ਨਾਇਆ ਹੈ-ਸਿੱਖੀ ਸਿਧਾਂਤਾ ਨੂੰ ਪਰਚਾਰਿਆ ਹੈ ਤੇ ਅਨੇਕਾਂ ਭੁੱਲੇ-ਭਟਕੇ ਸਿੱਖਾਂ ਦੇ ਜੀਵਨ ਨੂੰ ਗੁਰਸਿੱਖੀ-ਢਾਂਚੇ ਵਿਚ ਢਾਲਿਆ ਹੈ। ਪੰਥ ਨੂੰ ਬਲਵਾਨ ਬਣਾਇਆ ਹੈ !

ਦਸਮ ਪਿਤਾ ਦੁਆਰਾ ਚਲਾਈ ਸੰਪ੍ਰਦਾਈ-ਪ੍ਰਣਾਲੀ ਦੇ ਵਿਦਿਆਰਥੀ ਭਾਈ ਮਨੀ ਸਿੰਘ ਜੀ ਬੰਦ-ਬੰਦ ਕਟਵਾ ਗਏ ਪਰ ਉਹਨਾਂ ਦਿੱਲੀ ਦੇ ਜ਼ੁਲਮ ਅੱਗੇ ਧੌਣ ਨਹੀਂ ਝੁਕਾਈ। ਟਕਸਾਲ ਦੇ ਖਰੇ-ਸਿੱਕੇ ਬਾਬਾ ਦੀਪ ਸਿੰਘ ਜੀ ਗੁਰਧਾਮਾਂ ਦੀ ਪਵਿੱਤਰਤਾ ਹਿਤ ਬਿਨਾਂ ਸੀਸ ਤੋਂ ਲੜੇ ਪਰ ਉਹਨਾਂ ਜ਼ਾਲਮ ਦੀ ਈਨ ਨਹੀਂ ਮੰਨੀ। ਦਸਮ ਪਿਤਾ-ਸਵਾਰੇ ਸੰਤ ਜਰਨੈਲ ਸਿੰਘ ਜੀ ਕੁਲ ਆਪਣੇ ਚੰਦ ਯੋਧਿਆਂ ਨਾਲ ਦਿੱਲੀ ਦੇ ਲਸ਼ਕਰਾਂ ਨੂੰ ਲੋਹੇ ਦੇ ਚਣੇ ਚਬਾਉਂਦੇ ਜੂਝ ਗਏ ਪਰ ਉਹਨਾਂ ਖਾਲਸਈ-ਪਰੰਪਰਾ ਦੇ ਹਥਿਆਰ ਨੀਵੇਂ ਨਹੀਂ ਕੀਤੇ ਸਗੋਂ ਇਹਨਾਂ ਨੂੰ ਹੋਰ ਬੁਲੰਦ ਕਰਕੇ ਫਤਹ ਦੇ ਜੈਕਾਰੇ ਗੁੰਜਾਉਂਦੇ ਤੁਰ ਗਏ !

ਦਮਦਮੀ-ਟਕਸਾਲ ਦੇ ਇਤਿਹਾਸ ਉਤੇ ਇਸ ਪੈਂਡੀ ਝਾਤ ਮਾਰਨ ਤੋਂ ਭਾਵ ਇਹ ਕਿ ਟਕਸਾਲ ਗੁਰੂ-ਖਾਲਸੇ ਦੀ ਖੜਗ-ਭੁਜਾ ਹੈ ਜਿਸਦੇ ਸਹਾਰੇ ਹੀ ਅੱਜ ਖਾਲਸਾ ਆਪਣੇ ਉਦਾਲੇ ਚੁੜ ਆਏ ਦੁਸ਼ਮਣ ਦਲਾਂ ਨੂੰ ਚੀਰ ਕੇ ਆਪਣਾ ਰਾਹ ਬਣਾ ਕੇ ਆਪਣੀ ਮੰਜ਼ਿਲ ਉਤੇ ਪੁੱਜ ਸਕਦਾ ਹੈ। ਦਿੱਲੀ ਨੂੰ ਇਸ ਗੱਲ ਦਾ ਚੰਗੀ ਤਰਾਂ ਚਾਨਣ ਹੈ। ਇਸੇ ਲਈ ਦਿੱਲੀ ਦੀਆਂ ਬੰਦੂਕਾਂ, ਤੋਪਾਂ ਤੇ ਲਸ਼ਕਰਾਂ ਦਾ ਨਿਸ਼ਾਨਾ ਅੱਜ ਦਮਦਮੀ-ਟਕਸਾਲ ਹੈ ਲਗਪਗ ਸਾਰੀਆਂ ਸਿੱਖ-ਸੰਸਥਾਵਾਂ / ਜਥੇਬੰਦੀਆਂ ਫੁੱਟ ਦੀ ਚੰਦਰੀ ਅੱਗ ਦੀ ਲਪੇਟ ਵਿਚ ਪਹਿਲੋਂ ਹੀ ਆਈਆਂ ਹੋਈਆਂ ਸਨ। ਅਫਸੋਸ ਕਿ ਸਿੱਖਾਂ ਦੀ ਇਸ ਸਤਿਕਾਰੀ ਤੇ ਪਿਆਰੀ ਸੰਸਥਾ ਵੱਲ ਵੀ ਪਿਛਲੇ ਦਿਨੀਂ ਅਖਬਾਰਾਂ ਵਿਚ ਛਪੀਆਂ ਖ਼ਬਰਾਂ ਮੁਤਾਬਿਕ ਫੁੱਟ-ਅਗਨੀ ਦੀਆਂ ਇਹ ਲਾਟਾਂ ਵਧੀਆਂ ਹਨ। ਵੱਡਾ ਅਫਸੋਸ ਇਸ ਗੱਲ ਦਾ ਕਿ ਅਖਬਾਰਾਂ ਅਨੁਸਾਰ ਇਹ ਲਾਟਾਂ ਉਠੀਆਂ ਵੀ ਸਿੱਖ-ਸੈਕਟਰ 'ਚੋਂ ਹਨ !

ਇਸ ਵਿਚ ਕੋਈ ਸ਼ੱਕ ਨਹੀਂ ਕਿ ਵਰਤਮਾਨ ਸਿੱਖ-ਸੰਘਰਸ਼ ਦੇ ਹੀਰੋ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਉਪਰੰਤ ਦੇਸ਼-ਵਿਦੇਸ਼ 'ਚ ਅਨੇਕ ਅਜਿਹੇ ਲੋਕ ਸਿੱਖ-ਸਟੇਜ ਉਤੇ ਆਏ ਜਿਹਨਾਂ ਅਪਣੇ ਆਪ ਨੂੰ ਸਿੱਖਾਂ ਸਾਹਵੇਂ 'ਸੰਤਾਂ ਦੇ ਸੰਦੇਸ਼-ਵਾਹਕ' 'ਸੰਤਾਂ ਦੇ ਦੂਤ' 'ਸੰਤਾਂ ਵਲੋਂ ਘੇਰੇ 'ਚੋਂ ਕੱਢੇ' 'ਸੰਤਾਂ ਨਾਲ ਵਿਚਰੇ' ਅਥਵਾ 'ਸੰਤਾਂ ਦੇ ਅਤਿ ਨਜ਼ਦੀਕੀ' ਤੇ 'ਦਮਦਮੀ-ਟਕਸਾਲ ਦੇ ਵਿਦਿਆਰਥੀ' ਪ੍ਰਚਾਰਿਆ ਹੈ। ਸਿੱਖਾਂ ਨੇ ਦਮਦਮੀ-ਟਕਸਾਲ ਤੇ ਸੰਤਾਂ ਦੇ ਸਤਿਕਾਰ ਸਦਕਾ ਇਹਨਾਂ ਸਭਨਾਂ ਨੂੰ ਅੱਖਾਂ ਤੇ ਬਿਠਾਇਆ। ਇਸ ਵਿਚ ਭੋਲੇ ਸ਼ਰਧਾਵਾਨ ਸਿੱਖ ਬਿਲਕੁਲ ਬੇਕਸੂਰ ਸਨ ਤੇ ਕਸੂਰਵਾਰ ਉਪਰ ਲਿਖਿਆਂ ਵਿਚ ਆਣ ਰਲੇ ਕੁਝ ਉਹ ਚਾਤਰ ਲੋਕ ਸਨ ਜੋ ਕਿਵੇਂ ਵੀ ਸਿੱਖ-ਸੰਘਰਸ਼ ਦੇ ਹਿਮਾਇਤੀ ਨਹੀਂ ਸਗੋਂ ਜੋ ਆਪਣੇ ਹਲਵੇ-ਮੰਡੇ ਤੇ ਤੋਰੀ-ਫੁਲਕੇ ਦੇ ਤਲਬਗਾਰ ਸਨ। ਨਿਰਸੰਦੇਹ ਅਜਿਹੇ ਭੇਖੀ ਲੋਕਾਂ ਨੇ ਗੁਰੂ ਕੀ ਟਕਸਾਲ ਦੇ ਨਾਂ ਨੂੰ ਨਿੱਜੀ-ਹਿਤਾਂ ਲਈ ਵੇਚਿਆ ਹੈ। ਗੁਰੂ ਕੇ ਪੰਥ ਨੂੰ ਦੋਹੀਂ ਦੋਹੀਂ ਹੱਥੀਂ ਲੁੱਟਿਆ ਹੈ ਤੇ ਸਿੱਖ-ਸੰਘਰਸ਼ ਨੂੰ ਡਾਢੀ-ਵੱਡੀ ਢਾਹ ਲਾਈ ਹੈ। ਅਜਿਹੇ ਭੇਖੀ ਲੋਕਾਂ ਤੋਂ ਗੁਰੂ ਕੀ ਟਕਸਾਲ ਨੂੰ ਬਚਾਉਂਣਾ ਦਸਮ ਪਿਤਾ, ਉਸਦੇ ਪੰਥ ਤੇ ਵਰਤਮਾਨ-ਸੰਘਰਸ਼ ਪ੍ਰਤੀ-ਸੁਹਿਰਦਤਾ ਹੈ।

ਬਾਬਾ ਗੁਰਬਚਨ ਸਿੰਘ ਜੀ ਮਾਨੋਚਾਹਲ ਤੇ ਉਹਨਾਂ ਦੇ ਜੁਝਾਰੂ-ਸਾਥੀ ਗੁਰੂ ਕੇ ਉਹ ਸਪੂਤ ਹਨ ਜਿਹਨਾਂ ਨੇ ਸਿੱਖਾਂ ਦੀ ਮੌਜੂਦਾ ਜਦੋਜਹਿਦ 'ਚ ਜਾਨਾਂ ਤਲੀ ਤੇ ਧਰ ਕੇ ਦਿੱਲੀ ਦੇ ਦੰਦ ਖੱਟੇ ਕੀਤੇ ਹਨ। ਅਸਲ 'ਚ ਇਹ ਬਾਬਾ ਮਾਨੋਚਾਹਲ, ਉਹਨਾਂ ਦੇ ਸਾਥੀ ਤੇ ਕੁਝ ਹੋਰ ਸਿਰਲੱਥ-ਯੋਧੇ ਹੀ ਹਨ ਜੋ ਅੱਜ ਆਜ਼ਾਦ ਸਿੱਖ-ਖਿੱਤੇ ਦਾ ਝੰਡਾ ਲੈ ਨੰਗੇ-ਧੜ ਅੱਗੇ ਵਧ ਰਹੇ ਹਨ। ਭਾਈ ਜਸਬੀਰ ਸਿੰਘ ਜੀ ਦੇ ਸਿੱਖ-ਸੰਘਰਸ਼ ਦੀ ਪੰਜਾਲੀ ਸਿੱਟ ਕੇ ਅਕਾਲੀਆਂ ਵਾਲੇ ਰਾਹ ਪੈਣ ਅਤੇ ਪ੍ਰੋ: ਦਰਸ਼ਣ ਸਿੰਘ ਜੀ ਦੇ ਹਵਾ-ਰੁਖ ਤੁਰਨ ਕਾਰਨ ਇਹ ਕਰੈਡਿਟ ਬਾਬਾ ਮਾਨੋਚਾਹਲ ਅਥਵਾ ਸਾਥੀਆਂ ਤੇ ਹੋਰ ਜੰਗਜੂ-ਜੁਝਾਰੂਆਂ ਨੂੰ ਜਾਂਦਾ ਹੈ ਜਿਹਨਾਂ ਕੱਫਣ ਸਿਰਾਂ ਤੇ ਬੰਨ ਅੱਜ ਸਿੱਖੀ ਦੀ ਰੱਖ ਵਿਖਾਈ ਹੈ !

ਪਿਛਲੇ ਦਿਨੀਂ ਬਾਬਾ ਮਾਨੋਚਾਹਲ ਦੇ ਸਾਥੀਆਂ ਦਾ ਇਕ ਬਿਆਨ ਦਮਦਮੀ-ਟਕਸਾਲ ਦੀ ਨਿਯੁਕਤੀ ਕਰਨ ਸੰਬਧੀ ਅਖ਼ਬਾਰਾਂ ਨੇ ਛਾਪਿਆ ਹੈ। ਨਿਸਚੇ ਹੀ ਬਾਬਾ ਮਾਨੋਚਾਹਲ ਜੀ ਦੇ ਸਾਥੀਆਂ ਵਰਗੇ ਜਾਂ-ਬਾਜ਼ ਯੋਧੇ ਦਮਦਮੀ-ਟਕਸਾਲ ਦੀ ਮਜ਼ਬੂਤੀ ਤੇ ਚੜ੍ਹਦੀ-ਕਲਾ ਦੁਆਰਾ ਸਿੱਖ-ਸੰਘਰਸ਼ ਨੂੰ ਸ਼ਕਤੀਸ਼ਾਲੀ ਬਣਾ ਕੇ ਅੱਗੇ ਤੋਰਨ ਦੇ ਤਲਬਗਾਰ ਹਨ। ਬਾਬਾ ਮਾਨੋਚਾਹਲ ਟਕਸਾਲ ਦੇ ਵਿਦਿਆਰਥੀ ਰਹੇ ਹਨ। ਨਿਸਚੇ ਹੀ ਟਕਸਾਲ ਦੀ ਸਥਿਤੀ ਸੰਬੰਧੀ ਉਹਨਾਂ ਨੂੰ ਹਮਾਤੜ ਅਣਭਿੱਜ ਲੋਕਾਂ ਤੇ ਬਿਅੰਤ ਸਿੱਖਾਂ ਪਾਠਕਾਂ ਨਾਲੋਂ ਵਧੇਰੇ ਗਿਆਨ ਅਤੇ ਚਿੰਤਾ ਹੋਣੀ ਸੁਭਾਵਿਕ ਹੈ।

ਪਰ ਬਾਬਾ ਮਾਨੋਚਾਹਲ ਜੀ ! ਮੈਂ ਸਿੱਖਾਂ ਦੀ ਭੀੜ 'ਚ ਖੁੱਤ ਕੇ ਇਕ ਸੁਝਾਅ ਪੂਰੇ ਸਤਿਕਾਰ ਸਹਿਤ ਆਪਜੀ ਨੂੰ ਦੇ ਰਿਹਾ ਹਾਂ ਕਿ ਤੁਸੀਂ ਗੁਰੂ-ਬਖਸ਼ੇ ਕਰਬਾਨੀ ਦੇ ਤੁਰੰਗ ਦੇ ਸ਼ਾਹ-ਸਵਾਰ ਹੋ-ਅਸੀਂ ਹਮਾਤੜ ਤਾਂ ਇਸਦੀ ਪੈਰ-ਚਾਪ ਨਾਲ ਉਡਦੇ ਕਿਣਕਿਆਂ ਦੇ ਬਰੋਬਰ ਵੀ ਨਹੀਂ ਹਾਂ। ਤੁਸੀਂ ਸਭਨਾਂ, ਕੌਮ ਲਈ ਬੜਾ ਬਿਖੜਾ ਪੰਧ ਝਾਗਿਆ ਹੈ। ਤੁਸੀਂ ਸਾਡੇ ਜਰਨੈਲ ਹੋ ਜਿਹਨਾਂ ਉਤੇ ਕੌਮ ਨੂੰ ਬੜੀਆਂ ਆਸਾਂ ਹਨ। ਤੁਹਾਡੇ ਮਨ 'ਚ ਗੁਰੂ ਪੰਥ ਤੇ ਗੁਰੂ ਕੀ ਟਕਸਾਲ ਲਈ ਡੂੰਘਾ ਦਰਦ ਹੈ। ਅੱਜ ਜੇ ਦਮਦਮੀ-ਟਕਸਾਲ ਸੰਬੰਧੀ ਕੋਈ ਵੀ ਵਾਦ -ਵਿਵਾਦ ਛਿੜਦਾ ਹੈ ਇਸ ਨਾਲ ਦਿੱਲੀ ਦੀ ਚਾਂਦੀ ਹੋ ਸਕਦੀ ਹੈ ਤੇ ਜਿਸ ਕਾਜ਼ ਲਈ ਤੁਸੀਂ ਸਾਰੇ ਘਰ-ਘਾਟ ਛੱਡ ਕੇ ਸਿਰਾਂ ਤੇ ਕੱਫਣ ਬੰਨੀ ਫਿਰ ਰਹੇ ਹੋ, ਇਸਨੂੰ ਢਾਹ ਲਗ ਸਕਦੀ ਹੈ।

ਬਾਬਾ ਠਾਕਰ ਸਿੰਘ ਜੀ ਤਿਆਗ-ਮੂਰਤਿ ਹਨ। ਸਾਧੂ-ਬਿਰਤੀ ਦੇ ਧਾਰਣੀ ਹਨ। ਪੰਥ ਦੇ ਸਤਿਕਾਰ ਦੇ ਪਾਤਰ ਹਨ। ਜੇ ਭਲਾ ਉਹਨਾਂ ਉਦਾਲੇ ਤੁਹਾਡੀ ਨਜ਼ਰ 'ਚ ਕੋਈ ਧੁੰਦ ਦੇ ਬੱਦਲ ਹਨ ਵੀ। ਇਹ ਮੌਸਮ ਦੀ ਗਰਮੀ ਨਾਲ ਆਪੇ ਛਟ ਜਾਣੇ ਹਨ। ਜਦ ਲੋਹਾ ਭੱਠੀ 'ਚ ਪਿਆ ਹੋਵੇ ਤਾਂ ਜੰਗਾਲ ਝੜਨ 'ਚ ਬਹੁਤੀ ਦੇਰ ਨਹੀਂਓਂ ਲਗਦੀ। ਟਕਸਾਲ ਗੁਰੂ ਕੀ ਹੈ। ਤੇ ਗੁਰੂ ਕੇ ਘਰ ਕੁਝ ਦੇਰ ਤਾਂ ਹੋ ਸਕਦੀ ਹੈ ਪਰ ਅੰਧੇਰ ਨਹੀਂ ਪੈ ਸਕਦਾ !

ਇਹ ਟਕਸਾਲ ਗੁਰੂ ਖਾਲਸੇ ਦੀ ਕਲਗੀ ਹੈ। ਦਿੱਲੀ ਇਸਨੂੰ ਨਿਵਾਉਂਣਾ ਚਾਹੁੰਦੀ ਹੈ। ਇਹ ਉਚੀ ਹੈ ਤਾਂ ਹੀ ਪੰਥ ਦਾ ਸਿਰ ਉਚੋਂ ਹੈ। ਤੁਸੀਂ ਪੰਥ ਦੇ ਸਿਰ ਨੂੰ-ਇਸ ਕਲਗੀ ਨੂੰ ਉਚਿਆਂ ਰੱਖਣ ਲਈ ਜਾਨਾਂ ਹੂਲ ਕੇ ਲੜਦੇ ਰਹੇ ਹੋਂ-ਲੜ ਰਹੇ ਹੋਂ। ਤੇ ਅੱਜ ਇਸ ਕਲਗੀ ਨੂੰ ਉਚਿਆਂ ਰੱਖਣ ਦੀ ਵੱਡੀ ਜ਼ਿਮੇਵਾਰੀ ਤੁਹਾਡੇ ਮੋਢਿਆਂ ਤੇ ਹੈ।

ਤੁਸੀਂ ਆਗਾਮੀ ਦੀਵਾਲੀ ਉਤੇ ਸਰਬੱਤ ਖਾਲਸਾ ਬੁਲਾਇਆ ਹੈ। ਜੀ ਸਦਕੇ ! ਤੁਸੀਂ ਇਸ ਵਿਚ ਪੰਥ ਦੀ ਚੜ੍ਹਦੀ-ਕਲਾ ਲਈ ਟਕਸਾਲ ਦਾ ਤਲਵਾਰ ਵਾਲਾ ਹੱਥ ਹੀ ਉਚਾ ਰੱਖਿਓ ਤੇ ਇਸਦੇ ਮਾਲਾ ਵਾਲੇ ਹੱਥ ਦੀ ਚਿੰਤਾ ਨਾ ਕਰਦਿਆਂ ਸਬੰਧਤ ਫੈਸਲਾ ਦਸਮ ਪਿਤਾ ਦੇ ਆਸਰੇ ਤੇ ਹੀ ਛੱਡ ਰੱਖਿਓ। ਜਿਸ ਹੀ ਕੀ ਟਕਸਾਲ ਸੋਈ ਸੰਭਾਲਸੀ !

ਤੁਸੀਂ ਤੇ ਤੁਹਾਡੇ ਸਾਥੀਆਂ ਨੇ ਅੱਜ ਤੱਕ ਸਿੱਖੀ ਦੇ ਬੂਟੇ ਲਈ ਆਪਣਾ ਖ਼ੂਨ ਡੋਲਿਆ ਹੈ। ਅੱਜ ਸਿੱਖੀ ਦਾ ਇਹ ਬੂਟਾ ਅਥਵਾ ਦਮਦਮੀ-ਟਕਸਾਲ ਗੰਭੀਰ ਖਤਰੇ 'ਚ ਹੈ। ਤੁਸੀਂ ਟਕਸਾਲ ਦੇ ਵਿਦਿਆਰਥੀ ਹੋਂ। ਇਸਦਾ ਵੱਧ ਦਰਦ ਤੁਹਾਨੂੰ ਹੀ ਹੋ ਸਕਦਾ ਹੈ। ਤੁਸੀਂ ਤਲਵਾਰਾਂ ਦੀ ਵਾੜ ਕਰਕੇ ਇਸ ਗੁਰੂ ਕੇ ਬੂਟੇ ਨੂੰ ਬਚਾਓ, ਅੱਜ ਸਾਡੇ ਤੋਂ ਕੋਈ ਅਜਿਹਾ ਕੰਮ ਨਹੀਂ ਹੋਣਾ ਚਾਹੀਦਾ ਜਿਸ ਨਾਲ ਦਿੱਲੀ ਦੇ ਬੂਟੇ ਨੂੰ ਪਾਣੀ ਦੀ ਇਕ ਤਿੱਪ ਵੀ ਪੈ ਜਾਵੇ !

'ਜਾਗੋ' - *(ਜੂਨ, 1989)*

ਸਿੱਖ-ਸੰਘਰਸ਼ ਦੇ ਸ਼ੁਭਚਿੰਤਕੋ ! ਸੋਚੋ !!

ਪੰਜਾਬ ਵਿਚ ਸਿੱਖ-ਭਾਵਨਾਵਾਂ ਦੇ ਕਾਤਲ 'ਸਿੰਗਾਂ ਵਾਲੇ ਅਕਾਲੀ' ਅੱਧੀ ਕੌਮ ਮਰਵਾ ਕੇ ਵੀ ਏਕਤਾ ਕਰ ਰਹੇ ਹਨ। ਵੱਖ-ਵੱਖ ਜਥੇਬੰਦੀਆਂ ਵਿਚ ਵੰਡੇ ਬਾਹਰਲੇ ਵੱਡੇ ਸਿੱਖ-ਲੀਡਰ ਅਕਾਲੀਆਂ ਦੇ ਪੈਰ-ਚਿੰਨਾਂ ਤੇ ਚਲਦੇ ਕੌਮ ਲਈ ਕੰਮ ਕਰਨ ਦਾ ਕਰੈਡਿਟ ਲੈਣ ਲਈ ਤਰਲੋ-ਮੱਛੀ ਹੋ ਰਹੇ-ਅੰਦਰਖਾਤੇ ਇਕ ਦੂਸਰੇ ਦੀਆਂ ਲੱਤਾਂ ਖਿੱਚ ਰਹੇ ਹਨ !

ਪੰਜਾਬ ਵਿਚ ਸਿੱਖ-ਸੰਘਰਸ਼ ਨੂੰ ਅੱਗੇ ਉਹ ਸਿੱਖ-ਨੌਜਵਾਨ ਤੋਰ ਰਹੇ ਹਨ ਜੋ ਹਲਾਂ ਦੀਆਂ ਹਥੀਲੀਆਂ ਛੱਡ ਕੇ ਪੰਥ ਦੇ ਪੰਧ ਪਏ ਹਨ, ਸਕੂਲਾਂ/ਕਾਲਜਾਂ ਤੋਂ ਕਿਤਾਬਾਂ ਸੁੱਟ ਕੇ ਸਿੱਖੀ ਦੀ ਇੱਜ਼ਤ ਬਚਾਉਂਣ ਲਈ ਸਿਰ ਤਲੀ ਤੇ ਧਰ ਕੇ ਘਰੋਂ ਨਿਕਲ ਕੇ ਰਾਤੀਂ ਚੁਰੀਆਂ-ਕਮਾਦਾਂ ਵਿਚ ਸੌਂਦੇ ਹਨ। ਦੇਸ਼-ਵਿਦੇਸ਼ 'ਚ ਵਸਦੇ ਸਾਧਾਰਨ ਸਿੱਖ ਖੇਤਾਂ, ਫੈਕਟਰੀਆਂ ਵਿਚ ਕੰਮ ਕਰਕੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਵਿਚੋਂ ਮਦਦ ਭੇਜ ਕੇ ਇਹਨਾਂ ਕੌਮ ਦੀ ਇੱਜ਼ਤ-ਆਬਰੂ ਬਚਾਉਂਣ ਲਈ ਲੜ ਰਹੇ ਮੁੰਡਿਆਂ ਦੀ ਮਦਦ ਕਰ ਰਹੇ ਹਨ, ਇਹਨਾਂ ਲਈ ਢਾਲ ਬਣ ਰਹੇ ਹਨ !

ਪਰ ਕੀ ਅੱਜ ਪੰਜਾਬ ਵਿਚ 'ਸਿੰਗਾਂ ਵਾਲੇ ਅਕਾਲੀ' ਤੇ ਬਾਹਰਲੇ ਅਖ਼ਬਾਰੀ ਸਿੱਖ-ਚੌਧਰੀ, ਸਾਹਿਬ ਗੁਰੂ ਗਬਿੰਦ ਸਿੰਘ ਜੀ ਦੀ ਸਿੱਖੀ ਤੇ ਸੰਤ ਜਰਨੈਲ ਸਿੰਘ ਦੇ ਨਾਂ ਨੂੰ ਨਹੀਂ ਵੇਚ ਰਹੇ ? ਜੇ ਇਵੇਂ ਹੀ ਹੈ ਤਾਂ ਸਿੱਖੋ ! ਤੁਸੀਂ ਜਿਵੇਂ ਕਿਵੇਂ ਵੀ ਹੋ ਸਕਦਾ ਹੈ, ਆਪਣੀਆਂ ਵੱਡੀਆਂ ਜਥੇਬੰਦੀਆਂ ਅਥਵਾ ਵੱਡੇ ਲੀਡਰਾਂ ਦੇ ਨਾਵਾਂ ਨੂੰ ਛੱਡ ਕੇ ਕੌਮ ਲਈ ਮਰ ਰਹੇ ਜਾਂ-ਬਾਜ ਮੁੰਡਿਆਂ ਨਾਲ ਜੁੜੋ ਜੁ ਅੱਜ ਪੰਜਾਬ ਦੀ ਪੱਤ ਲਈ ਲੜ ਰਹੇ ਹਨ। ਜੋ ਅੱਜ ਗੁਰੂ ਦੀ ਸਿੱਖੀ ਦੀ ਸ਼ਾਨ ਕਾਇਮ ਰੱਖਣ ਲਈ ਜੂਝ ਰਹੇ ਹਨ !

ਵਰਨਾ ਜੇ ਪੰਜਾਬ ਵਿਚ 'ਸਿੰਗਾਂ ਵਾਲੇ ਅਕਾਲੀ' ਤੁਹਾਨੂੰ ਵੇਚਦੇ ਰਹੇ, ਬਾਹਰਲੇ ਚੌਧਰੀ ਆਪਣੀਆਂ ਚਾਲਾਂ ਨਾਲ ਤੁਹਾਡੀਆਂ ਅੱਖਾਂ ਵਿਚ ਘੱਟਾ ਪਾ ਕੇ ਤੁਹਾਨੂੰ ਚਾਰਦੇ ਰਹੇ ਤਾਂ ਇਸ ਨਾਲ ਗੁਰੂ ਕੀ ਸਿੱਖੀ ਦਾ ਕੁਝ ਨਹੀਓਂ ਸਵਾਰਨਾ !

ਸੋ ਪੰਜਾਬ ਤੇ ਵਿਦੇਸ਼ ਦੇ ਭੋਲੇ ਕਿਰਤੀ ਸਿੱਖੋ ! ਜਾਗੋ !! ਉਠੋ !!! ਅੱਜ ਆਪਣੇ ਉਪਰੋਂ ਬੀਬੇ ਤੇ ਸਾਊ ਦਿਸਦੇ ਬੁੱਕਲ ਦੇ ਸੱਪ ਬਦਮਸਤ-ਲੀਡਰਾਂ ਨੂੰ ਬਦਲੋ ਤੇ ਕੌਮ ਲਈ ਕੁਰਬਾਨੀ ਕਰ ਰਹੇ ਨੌਜਵਾਨਾਂ ਦੇ ਹੱਥਾਂ ਵਿਚ ਪੰਥ ਦੀ ਵਾਗ-ਡੋਰ ਦਿਓ ! ਕੇਵਲ ਤੇ ਕੇਵਲ ਇਸੇ ਵਿਚ ਹੀ ਕੌਮ ਦੀ ਬਿਹਤਰੀ ਤੇ ਪੰਥ ਦੀ ਚੜ੍ਹਦੀ-ਕਲਾ ਹੈ।

'ਜਾਗੋ-ਇੰਟਰਨੈਸ਼ਨਲ'
(ਮਈ, 1989)

ਇਕ ਵੰਗਾਰ !

ਦਿੱਲੀ ਵਲੋਂ ਸ੍ਰੀ ਦਰਬਾਰ ਸਾਹਿਬ ਉਤੇ ਜੂਨ '84 ਦੇ ਖੂੰਨੀ-ਜਨੂੰਨੀ ਹਮਲੇ ਦੀ ਪੰਜਵੀਂ ਵਰੇ-ਗੰਢ ਉਤੇ ਪੈਦੀਆਂ ਵੰਗਾਰਾਂ ਵਿਚੋਂ ਸਿੱਖਾਂ ਸਾਹਵੇਂ ਇਕ ਵੰਗਾਰ ਅੱਜ ਸਿੱਖ-ਔਰਤ ਦੇ ਮਨ 'ਚ ਵਸਦੀ ਵੇਦਨਾ ਨੂੰ ਮਹਿਸੂਸ ਕਰਕੇ ਇਸ ਦੀ ਚਾਰਾਜੋਈ ਕਰਨਾ ਹੈ। ਇਹ ਇਕ ਕੌੜਾ ਪਰ ਨੰਗਾ-ਚਿੱਟਾ ਸੱਚ ਹੈ ਕਿ ਉਪਰੋਕਤ ਹਮਲੇ ਤੋਂ ਲੈ ਕੇ ਹੁਣ ਤੱਕ ਸਿੱਖ ਬਹੂ-ਬੇਟੀਆਂ ਦੀ ਬੇਪਤੀ ਉਹਨਾਂ ਲੋਕਾਂ ਵਲੋਂ ਕੀਤੀ ਜਾ ਰਹੀ ਹੈ ਜਿਹਨਾਂ ਦੀ ਪੱਤ ਬਚਾਉਣ ਲਈ ਜਾਂ-ਬਾਜ ਸਰਦਾਰ ਕਲ੍ਹ ਤੱਕ ਲੜਦੇ ਰਹੇ ਹਨ। ਇਸ ਸੰਬੰਧ ਵਿਚ ਜਿੱਥੇ ਦਿੱਲੀ-ਦੰਗਿਆਂ ਵਿਚ ਸਰਕਾਰੀ ਸ਼ਹਿ 'ਤੇ ਭੂਤਰੇ ਗੁੰਡਾ-ਅਨਸਰ ਵਲੋਂ ਸਮੂਹਿਕ-ਬਲਾਤਕਾਰ ਦੀਆਂ ਸ਼ਰਮਨਾਕ-ਘਟਨਾਵਾਂ ਸਿੱਖ ਕੌਮ ਲਈ ਸਿੱਧਾ ਚੈਲੰਜ ਹਨ, ਉਥੇ ਅੱਜ ਪੰਜਾਬ ਦੇ ਪਿੰਡਾਂ 'ਚੋਂ ਬੇਕਸੂਰ ਸਿੱਖ-ਬੀਬੀਆਂ ਨੂੰ ਉਹਨਾਂ ਦੇ ਘਰਾਂ 'ਚੋਂ ਆਏ-ਦਿਨ ਬਾਣਿਆਂ ਵਿਚ ਲਿਆ ਕੇ ਉਹਨਾਂ ਨਾਲ ਅਣਮਨੁੱਖੀ ਦੁਰ-ਵਿਹਾਰ ਕਰਕੇ ਸਿੱਖਾਂ ਦੀ ਪੱਗ ਨੂੰ ਸ਼ਰੇਆਮ ਪੈਰਾਂ ਵਿਚ ਰੋਲਿਆ ਜਾ ਰਿਹਾ ਹੈ। ਸਿੱਖ-ਸਮਾਜ ਵਿਚ ਜਨਮੀ ਔਰਤ ਉਤੇ ਅਜਿਹੇ ਕਹਿਰ ਦਾ ਨਾਜ਼ਲ ਹੋਣਾ ਜਿਥੇ ਉਸ ਲਈ ਜਿਉਂਦੇ-ਜੀਅ ਮਰਨ ਬਰਾਬਰ ਹੈ, ਉਥੇ ਕੌਮ ਲਈ ਭਿਅੰਕਰ ਮਾਨਸਿਕ-ਨਿਘਾਰ ਤੇ ਹੀਣਤਾ ਦਾ ਸੂਚਕ ਸਾਬਤ ਹੋ ਸਕਦਾ ਹੈ। ਦੇਸ਼-ਵਿਦੇਸ਼ ਵਸਦੇ ਸਿੱਖਾਂ ਨੂੰ ਦਿੱਲੀ ਦੇ ਇਸ ਹਮਲੇ ਦਾ ਤਾਬੜ-ਤੋੜ ਉਤਰ ਦੇਣਾ ਤੇ ਵਿਦੇਸ਼ੀ ਸਿੱਖਾਂ ਵਲੋਂ ਇਸ ਨੂੰ ਅੰਤਰਰਾਸ਼ਟਰੀ-ਭਾਈਚਾਰੇ ਅੱਗੇ ਜ਼ੋਰਦਾਰ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ !

ਇਵੇਂ ਹੀ ਦੰਗਿਆਂ ਤੇ ਝੂਠੇ ਪੁਲਿਸ-ਮੁਕਾਬਲਿਆਂ ਵਿਚ ਕੋਹੇ ਸਿੱਖਾਂ ਦੀਆਂ ਵਿਧਵਾਵਾਂ ਦੇ ਮੁਤ ਵਸੇਬੇ ਦਾ ਸੁਆਲ ਵੀ ਵਿਦੇਸ਼ੀ ਸਿੱਖ-ਜਥੇਬੰਦੀਆਂ ਦੀ ਫੌਰੀ ਤਵੱਜੋ ਦਾ ਤਲਬਗਾਰ ਹੈ !!

ਇਸੇ ਕੜੀ ਵਿਚ ਅਹਿਮ ਮਸਲਾ ਪੰਥ ਦੀ ਅਣਖ-ਆਬਰੂ ਲਈ ਜੂਝ ਗਏ ਜੁਝਾਰੂ ਸਿੰਘਾਂ ਦੀਆਂ ਨੌਜਵਾਨ-ਭੈਣਾਂ ਤੇ ਮਾਸੂਮ-ਬੱਚੀਆਂ ਦਾ ਹੈ ਜਿਹਨਾਂ ਦਾ ਰੌਸ਼ਨ-ਭਵਿੱਖ ਅੱਜ ਮਾਤਮੀ-ਮੱਸਿਆ ਵਿਚ ਤਬਦੀਲ ਹੋ ਚੁੱਕਾ ਹੈ। ਵਿਦੇਸ਼ਾਂ ਵਿਚੋਂ ਆਏ ਦਿਨ ਅਨੇਕ ਅਣਵਿਆਹੇ ਸਿੱਖ-ਨੌਜਵਾਨ ਆਪਣੇ ਘਰ ਵਸਾਉਣ ਲਈ ਵਤਨ ਪਰਤਦੇ ਹਨ। ਕੀ ਸਾਡੇ ਇਹ ਇਹ ਨੌਜਵਾਨ, ਵਿਸ਼ੇਸ਼ਕਰ ਸਿੱਖ-ਸੰਘਰਸ਼ ਪ੍ਰਤੀ ਵਚਨਬੱਧ ਸੰਸਥਾਵਾਂ ਨਾਲ ਜੁੜੇ ਨੌਜਵਾਨਾਂ ਵਿਚਲੇ ਕੋਈ ਮਾਈ ਦੇ ਲਾਲ ਇਸ ਵੱਡੇ ਕੌਮੀ-ਮਸਲੇ ਨੂੰ ਮੱਦੇ ਨਜ਼ਰ ਰੱਖਦਿਆਂ ਤੇ ਸੌੜੀਆਂ-ਸੋਚਾਂ, ਸੁਆਰਥਾਂ-ਲਾਲਚਾਂ ਨੂੰ ਛੱਡਦਿਆਂ ਦਿੱਲੀ ਦੇ ਜਬਰ ਦਾ ਸਿਕਾਰ ਤੇ ਸ਼ਹੀਦ-ਪਰਵਾਰਾਂ ਦੀਆਂ ਇਹਨਾਂ ਭੈਣਾਂ-ਬੱਚੀਆਂ ਨੂੰ ਅਪਨਾਉਣ ਦੀ ਦਲੇਰੀ ਕਰਨਗੇ ? ਜਿਸ ਨਾਲ ਉਹਨਾਂ ਦੀ ਕਹਿਣੀ 'ਚੋਂ ਕਰਨੀ ਦਾ ਝਲਕਾਰਾ ਪੈ ਸਕੇ। ਜਿਸ ਨਾਲ ਉਹ ਸਿੱਖ-ਸੰਘਰਸ਼ ਨਾਲ ਦਿਲੋਂ ਹਮਦਰਦੀ ਦਾ ਪ੍ਰਗਟਾਵਾ ਕਰ ਸਕਣ !! ਜਿਸ ਨਾਲ ਉਹ ਅੱਜ ਸਿੱਖ-ਸਮਾਜ ਦੀ ਪੁਨਰ-ਉਸਾਰੀ 'ਚ ਆਪਣਾ ਸਹੀ ਯੋਗਦਾਨ ਪਾ ਸਕਣ !!!

'ਜਾਗੋ-ਇੰਟਰਨੈਸ਼ਨਲ'
(ਜੂਨ, 1989)

ਰਾਖਵੀਂ ਮੁਬਾਰਕਬਾਦ !

ਗੁਰੂ-ਸਵਾਰੇ, ਪੰਥ-ਸਤਿਕਾਰੇ ਪਿਆਰੇ ਭਾਈ ਮਨਜੀਤ ਸਿੰਘ ਜੀ,

ਆਪ ਪੰਥ ਦੇ ਮਾਣ ਦਮਦਮੀ-ਟਕਸਾਲ ਦੇ ਤੇਰਵੇਂ ਜਥੇਦਾਰ, ਬ੍ਰਹਮ-ਗਿਆਨੀ ਸੰਤ ਕਰਤਾਰ ਸਿੰਘ ਜੀ ਦੇ ਸਾਹਿਬਜ਼ਾਦੇ ਹੋ ! ਮੌਜੂਦਾ ਸਿੱਖ-ਸੰਘਰਸ਼ ਵਿਚ ਜਾਨ ਤਲੀ ਧਰ ਲੜਨ ਵਾਲੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜੰਗਜੂ-ਪ੍ਰਧਾਨ ਭਾਈ ਅਮਰੀਕ ਸਿੰਘ ਜੀ ਦੇ ਛੋਟੇ ਭਰਾਤਾ ਹੋ। ਤੁਸੀਂ ਪੰਜ ਸਾਲ ਦਾ ਲੰਬਾ ਅਰਸਾ ਜ਼ਾਲਮ ਹਿੰਦ ਸਰਕਾਰ ਦੀ ਜੇਹਲ ਵਿਚ ਗੁਜ਼ਾਰਨ ਤੋਂ ਬਾਦ ਬਾਹਰ ਆਏ ਹੋ। ਮੈਂ ਵੀ ਹੋਰਨਾਂ ਸਿੱਖਾਂ ਵਾਂਗ ਤੁਹਾਡੀ ਰਿਹਾਈ ਉਤੇ ਡਾਢਾ ਪ੍ਰਸੰਨ ਹਾਂ। ਪਰ ਮਹਿਸੂਸ ਨਾ ਕਰਨਾ ਅੱਜ ਇਸ ਅਣਮਿਉਂਦੀ ਖੁਸ਼ੀ ਦੇ ਬਾਵਜੂਦ ਵੀ ਮੈਂ ਆਪ ਜੀ ਨੂੰ ਭਾਈ ਜਸਬੀਰ ਸਿੰਘ ਜੀ ਦੇ ਜੇਹਲੋਂ ਬਾਹਰ ਆਉਣ ਵਾਂਗ ਵਧਾਈ ਦੇਣ ਤੋਂ ਕੁੱਝ ਹਿਚਕਚਾਅ ਰਿਹਾ ਹਾਂ। ਇਸ ਦਾ ਕਾਰਣ ਤੁਹਾਡੇ ਦੋਹਾਂ ਦੀਆਂ ਰਿਹਾਈਆਂ 'ਚ ਕੋਈ ਫਰਕ, ਮੇਰੀ ਜਾਂ ਸਿੱਖ-ਸੰਗਤਾਂ ਦੀ ਖੁਸ਼ੀ ਵਿਚ ਕਮੀ ਨਹੀਂ। ਪਰ ਸਾਦਾ ਤੇ ਸਪੱਸ਼ਟ ਕਾਰਣ ਸਿਰਫ ਇਹ ਹੈ ਕਿ ਕੌਮ ਅੱਜ ਦਿੱਲੀ ਤੇ ਆਪਣਿਆਂ, ਦੋਹਾਂ ਹੱਥੋਂ ਘਾਇਲ ਹੈ ! ਡਾਢੀ ਸਤੀ ਹੋਈ ਹੈ !! ਇਸ ਨੂੰ ਪਿਛਲੇ ਪੰਜ ਵਰਿਆਂ ਵਿਚ ਬੜੇ ਚੰਦਰੇ-ਮੌਸਮਾਂ ਵਿਚੋਂ ਗੁਜ਼ਰਦਿਆਂ ਸੌਹਣੇ-ਸਾਵਣ ਦੇ ਝਉਲੇ ਪੈਂਦੇ ਰਹੇ ਹਨ। ਸਿੱਖ-ਅਸਮਾਨ 'ਤੇ ਆਉਂਦੀਆਂ ਭਰਪੂਰ-ਘਟਾਵਾਂ ਨੂੰ ਸਿੱਕਾਂ-ਸਿੱਕਦੇ ਸਿੱਖ ਤਾਂਘਦੇ-ਉਡੀਕਦੇ ਰਹੇ ਹਨ। ਪਰ ਇਹ ਘਟਾਵਾਂ-ਬੱਦਲੀਆਂ ਉਹਨਾਂ ਨੂੰ ਨਿਰਾਸੇ-ਪਿਆਸੇ ਛੱਡ ਕੇ ਉਡਦੀਆਂ-ਖਿੰਡਦੀਆਂ ਰਹੀਆਂ ਹਨ। ਕੌਮ ਦੀਆਂ ਆਸਾਂ ਨੂੰ ਬੂਰ ਨਹੀਓਂ ਪਿਆ !

ਤੁਸੀਂ ਵੀ ਕੌਮ ਲਈ ਇਸ ਜ਼ੁਲਮ ਦੀ ਵਰ੍ਹਦੀ ਅੱਗ ਦੇ ਕੜਾਕੇ ਵਿਚ ਬੱਦਲ ਬਣ ਕੇ ਬਹੁੜੇ ਹੋ ! ਉਵੇਂ ਹੀ ਗਰਜੇ ਹੋ !! ਮੈਨੂੰ ਤੁਹਾਡੇ ਬਾਹਰ ਆਉਣ ਦਾ ਸਾਰੀ ਕੌਮ ਵਾਂਗ ਚਾਓ ਤਾਂ ਹੈ ਪਰ ਖਿਮਾਂ ਕਰਨਾ, ਮੈਂ ਤੁਹਾਡੀ ਰਿਹਾਈ ਉਤੇ ਦੇਣ ਵਾਲੀ ਮੁਬਾਰਕਬਾਦ ਆਪਣੇ ਪਾਸ ਰਾਖਵੀਂ ਰੱਖ ਰਿਹਾ ਹਾਂ !

ਬਾਹਰ ਆਉਣ ਉਪਰੰਤ ਤੁਸੀਂ ਕੌਮ ਨੂੰ ਇਕ ਕਰਨ ਦਾ ਨਾਅਰਾ ਲਾਇਆ ਹੈ। ਇਹ ਸਮੇਂ ਦੀ ਮੰਗ ਹੈ। ਇਸ ਤੋਂ ਚੰਗੇਰੀ ਗੱਲ ਸਿੱਖਾਂ ਲਈ ਅੱਜ ਕੋਈ ਹੋਰ ਹੋ ਹੀ ਨਹੀਂ ਸਕਦੀ। ਸਾਡਾ ਘਾਣ ਹੋ ਹੀ ਸਾਡੀ ਮੌਜੂਦਾ ਪਾਟੋ-ਧਾੜ ਕਾਰਣ ਰਿਹਾ ਹੈ। ਵਾਹਿਗੁਰੂ ਤੁਹਾਨੂੰ ਇਸ ਕਾਰਜ 'ਚ ਸਫਲਤਾ ਬਖਸ਼ੇ! ਤੁਸਾਂ ਦਮਦਮੀ-ਟਕਸਾਲ ਦੀ ਸਰਪ੍ਰਸਤੀ ਸਾਹਵੇਂ ਸਿਰ ਝੁਕਾਇਆ ਹੈ, ਇਸ ਨਾਲ ਤੁਸੀਂ ਸਿੱਖ-ਸੰਸਾਰ ਦੀ ਸ਼ਲਾਘਾ ਦੇ ਪਾਤਰ ਬਣੇ ਹੋ। ਭਾਈ ਜਸਬੀਰ ਸਿੰਘ ਜੀ ਨੇ ਵੀ ਆਪਣੀ ਰਿਹਾਈ ਉਪਰੰਤ ਏਕਤਾ-ਯਤਨ ਤੇ ਟਕਸਾਲ ਦੀ ਉਚਤਾ ਵਿਚ ਆਪਣੀ ਸ਼ਰਧਾ-ਆਸਥਾ ਦਾ ਇਜ਼ਹਾਰ ਕੀਤਾ ਸੀ। ਤੁਸੀਂ ਅਕਾਲੀ ਦਲ ਦੇ ਮੁਕਾਬਲੇ ਸਿੱਖਾਂ ਨੂੰ ਇਸ ਦਾ ਰਾਜਸੀ-ਬਦਲ ਦੇਣ ਦਾ ਵਿਚਾਰ ਵੀ ਸਿੱਖਾਂ ਸਨਮੁੱਖ ਰੱਖਿਆ ਹੈ। ਬਹੁਤ ਸਿੱਖ ਇਸ ਨਾਲ ਖੁਸ਼ ਹੋਏ ਹਨ। ਭਾਵੇਂ ਮੇਰੇ ਵਿਚਾਰ ਅਨੁਸਾਰ ਬਹੁਤੇ ਅਕਾਲੀ-ਲੀਡਰ ਮਾੜੇ ਹਨ ਅਕਾਲੀ ਦਲ ਨਹੀਂ, ਤੇ ਨੌਜਵਾਨਾਂ ਨੂੰ ਨਵੀਂ ਪਾਰਟੀ ਸਿਰਜਣ ਥਾਂਵੇਂ ਕਿਵੇਂ ਨਾ ਕਿਵੇਂ ਅਕਾਲੀ ਦਲ ਦੀ ਹੀ ਵਾਗ-ਡੋਰ ਸੰਭਾਲਣੀ ਚਾਹੀਦੀ ਹੈ। ਪਰ ਫਿਰ ਵੀ ਜੇ ਤੁਸੀਂ ਸਿੱਖਾਂ ਨੂੰ ਨੌਜਵਾਨ-ਨੇਤਰਤੱਵ ਨਾਲ ਅਕਾਲੀ ਦਲ ਦਾ ਬਦਲ ਦੇ ਦੇਵੋਂ ਤਾਂ ਤੁਸੀਂ ਇਸ ਲਈ ਸਿੱਖਾਂ ਦੀ ਪ੍ਰਸ਼ੰਸਾ ਦੇ ਪਾਤਰ ਬਣੋਂਗੇ।

ਅੱਜ ਹਰ ਸਿੱਖ-ਲੀਡਰ, ਸਭ ਸਿੱਖ-ਜਥੇਬੰਦੀਆਂ ਸੰਤ ਭਿੰਡਰਾਂਵਾਲਿਆਂ ਦੇ ਨਿਸ਼ਾਨੇ ਲਈ ਜੁਝਦੇ ਹੋਣ ਦੇ ਦਾਅਵੇਦਾਰ ਹਨ। ਪਰ ਇਸ ਨਿਸ਼ਾਨੇ ਦੇ ਅਰਥ ਸਭ ਆਪੋ-ਆਪਣੀ ਮਰਜ਼ੀ ਅਨੁਸਾਰ ਕੱਢ ਰਹੇ ਹਨ। ਅੱਜ ਜੇ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਰੱਖਣ ਦੀ ਸ਼ਰਤ ਮੰਨਵਾ ਕੇ ਵੀ ਸਿੱਖ ਇਲੈਕਸ਼ਨ ਲੜਦੇ ਹਨ, ਪੰਜਾਬ 'ਚ ਵਜ਼ਾਰਤ ਕਾਇਮ ਕਰ ਲੈਂਦੇ ਹਨ, ਚੰਡੀਗੜ੍ਹ, ਪੰਜਾਬੋਂ ਬਾਹਰ ਰਹੇ ਇਲਾਕਿਆਂ ਤੇ ਪਾਣੀਆਂ ਦੇ ਮਸਲੇ ਹੱਲ ਕਰਵਾ ਲੈਂਦੇ ਹਨ, ਹੋਰ ਤਾਂ ਹੋਰ ਅਨੰਦਪੁਰ ਦਾ ਮਤਾ ਤੱਕ ਵੀ ਮੰਨਵਾ ਲੈਂਦੇ ਹਨ, ਨਿਰਸੰਦੇਹ ਇਹ ਪ੍ਰਾਪਤੀਆਂ ਸਿੱਖਾਂ ਦੇ ਅੱਲੇ ਜ਼ਖਮੀਂ ਫੈਹੇ ਤਾਂ ਸਾਬਤ ਹੋ ਸਕਦੇ ਹਨ, ਇਨ੍ਹਾਂ ਨੂੰ ਸਿੱਖਾਂ ਦੀ ਮੰਜ਼ਲ ਵੱਲ ਦੇ ਰਾਹ ਦੇ ਪੜਾਅ ਤਾਂ ਕਿਹਾ ਜਾ ਸਕਦਾ ਹੈ, ਮੰਜ਼ਲ ਹਰਗਿਜ ਨਹੀਂ ! ਸੰਤ ਭਿੰਡਰਾਂਵਾਲਿਆਂ ਦੇ ਨਿਸ਼ਾਨੇ ਦੀ ਪੂਰਤੀ ਨਹੀਂ !! ਦਰਬਾਰ ਸਾਹਿਬ ਉਤੇ ਹਮਲੇ ਅਤੇ ਬੇਅੰਤ ਸ਼ਹੀਦੀਆਂ ਉਪਰੰਤ ਪੰਥ ਦੀ ਮੰਜ਼ਲ ਸੋਲਾਂ ਆਨੇ ਅਜ਼ਾਦ ਸਿੱਖ-ਖਿਤੇ ਦੀ ਪ੍ਰਾਪਤੀ ਹੈ ਜਿਸ ਵਿਚ ਸਿੱਖਾਂ ਦਾ ਧਰਮ ਤੇ ਸਭਿਆਚਾਰ ਸਹੀ ਅਰਥਾਂ ਵਿਚ ਸੁਰੱਖਿਅਤ ਰਹਿ ਸਕੇ। ਭਾਵੇਂ ਇਸ ਦੀ ਪੂਰਤੀ-ਪ੍ਰਾਪਤੀ ਲਈ ਜਦੋਂ-ਜਹਿਦ ਕਿੰਨੀ ਵੀ ਲੰਮੀ ਕਿਉਂ ਨਾ ਹੋ ਜਾਵੇ ! ਕੌਮ ਨੂੰ ਇਸ ਮੰਜ਼ਲ ਵੱਲ ਸਪੱਸ਼ਟ ਸੰਕੇਤ ਕਰਨ ਵਾਲਾ ਆਗੂ ਹੀ ਅੱਜ ਸਿੱਖਾਂ ਦੇ ਸਤਿਕਾਰ ਦਾ ਪਾਤਰ ਬਣ ਸਕੇਗਾ ਤੇ ਸਿੱਖ-ਇਤਿਹਾਸ ਵਿਚ ਆਪਣਾ ਥਾਂ ਬਣਾ ਸਕੇਗਾ। ਵਰਨਾ ਸ਼ਹੀਦਾਂ ਦੀਆਂ ਲਾਸ਼ਾਂ 'ਤੇ ਕੁਰਸੀਆਂ ਡਾਹੁਣ ਅਤੇ ਇਸ ਤਰਸਯੋਗ-ਸਥਿਤੀ ਵਿਚ ਵੀ ਸਿੱਖਾਂ ਨੂੰ ਚਾਰਨ ਵਾਲੇ ਅਖੌਤੀ-ਲੀਡਰਾਂ ਦਾ ਕੌਮ ਨੂੰ ਤੋਤਾ ਨਹੀਂ। ਤੁਸੀਂ ਕੌਮ ਦੀਆਂ ਆਸਾਂ 'ਤੇ ਪੂਰੇ ਉਤਰੋਗੇ ? ਪੂਰੇ ਉਤਰੋ ! ਆਮੀਨ !! ਇਹ ਰਾਖਵੀਂ ਮੁਬਾਰਕਬਾਦ ਤੁਹਾਡੀ ਅਮਾਨਤ ਹੈ !!!

'ਜਾਗੋ-ਇੰਟਰਨੈਸ਼ਨਲ'
(ਸਤੰਬਰ, 1989)

ਗੁਰੂ ਕੇ ਗੋਲੇ ਸਿੱਖਾਂ ਦੇ ਇਹ ਚੀਨੇ ਲੀਡਰ !

ਗੁਟਕੂੰ ਏਕਤਾ ਦੀ !! ਉਡਾਰੀਆਂ ਅਨੇਕਤਾ ਦੀਆਂ !!!

ਬਾਵਜੂਦ ਸਿਰਲੱਥ ਜੁਝਾਰੂ-ਸੂਰਬੀਰਾਂ ਦੀਆਂ ਬਿਅੰਤ ਕੁਰਬਾਨੀਆਂ ਦੇ, ਜੇ ਅੱਜ ਸਿੱਖ-ਸੰਘਰਸ਼ ਲੋੜੀਂਦੇ ਜ਼ੋਰਦਾਰ ਢੰਗ ਨਾਲ ਅੱਗੇ ਨਹੀਂ ਵਧ ਰਿਹਾ ਤਾਂ ਇਸਦੇ ਪ੍ਰਮੁੱਖ ਕਾਰਨਾਂ ਵਿਚੋਂ ਇਕ ਵਿਦੇਸ਼ੀ ਸਿੱਖ-ਲੀਡਰਾਂ ਦੀ ਆਪਸੀ ਫੂੱਟ ਹੈ। ਵਿਦੇਸ਼ੀ ਸਿੱਖ-ਲੀਡਰ-ਜਿਹਨਾਂ ਦਾ ਕਰੂਰਾ ਘੱਟੋ-ਘੱਟ ਏਕਤਾ ਦੇ ਮਸਲੇ ਤੇ ਦੇਸ ਵਿਚਲੇ ਅਕਾਲੀ-ਲੀਡਰਾਂ ਨਾਲ ਪੂਰੀ ਤਰਾਂ ਮਿਲਦਾ ਹੈ। ਦੇਸ 'ਚ ਦਿੱਲੀ-ਸਰਕਾਰ ਵਲੋਂ ਢਾਹੇ ਜਾ ਰਹੇ ਕਹਿਰ ਨੂੰ ਅੱਖਾਂ ਸਾਹਵੇਂ ਦੇਖ ਕੇ ਵੀ ਅੱਜ ਅਕਾਲੀ-ਲੀਡਰ ਸਿੱਖ-ਸਿਧਾਂਤਾਂ ਨੂੰ ਤਿਲਾਂਜਲੀ ਦੇਣ ਉਪਰੰਤ, ਚੋਣਾਂ ਲੜ ਕੇ, ਵਜ਼ਾਰਤਾਂ-ਚੇਅਰਮੈਨੀਆਂ ਸਾਂਭਣ ਲਈ ਅਗਾਊਂ ਹੀ ਆਪਸ ਵਿਚ ਕਹੀ-ਕੁਹਾੜੀ ਹੋ ਰਹੇ ਹਨ। ਬਾਹਰਲੇ ਖਾਂਦੇ-ਪੀਂਦੇ ਸਿੱਖ-ਲੀਡਰਾਂ ਨੂੰ ਭਾਵੇਂ ਅਜਿਹੀ ਝਾਕ-ਤਵੱਕੋ ਤਾਂ ਕੋਈ ਨਹੀਂ, ਪਰ ਚੌਧਰ ਦੇ ਝੱਸ ਜਾਂ ਚਸਕੇ ਵੱਸ ਝਗੜ ਇਹ ਵੀ ਇੰਨ-ਬਿੰਨ ਉਵੇਂ ਕੁੱਕੜਾਂ ਵਾਂਗ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਦੇਸ 'ਚ ਅਕਾਲੀ ਆਗੂਆਂ ਦੀ ਆਪਸ 'ਚ ਖਤਕਦੀ ਡਾਂਗ ਨੂੰ ਸੱਤ-ਸਮੁੰਦਰੋਂ ਪਾਰ ਸੁਣ ਕੇ ਇਹ ਉਸ ਤੇ ਤਾਂ ਚਿੰਤਾ ਦਾ ਇਜ਼ਹਾਰ ਕਰਦੇ ਹਨ ਅਤੇ ਉਹਨਾਂ ਦੀ ਏਕਤਾ ਵੇਖਣ ਦੇ ਵੀ ਤਲਬਗਾਰ ਹਨ ਪਰ ਆਪਣੀ ਪੀਹਤੀ ਬੱਲੇ ਸੋਟਾ ਫੇਰਨ ਦੀ ਇਹਨਾਂ ਨੂੰ ਫੁਰਸਤ ਨਹੀਂ। ਇਹਨਾਂ ਦਾ ਆਪਸ ਵਿਚ ਏਕਤਾ ਕਰਨਾ ਤਾਂ ਦੂਰ ਰਿਹਾ, ਆਪਣੀਆਂ ਜਥੇਬੰਦੀਆਂ ਦਾ ਤਾਲਮੇਲ ਕਰਨਾ ਵੀ ਪਾਸੇ ਰਿਹਾ, ਇਹ ਮਨ ਸਾਫ ਕਰਕੇ ਇਕ ਮੇਜ ਤੇ ਬੈਠ ਕੇ ਘੱਟੋ-ਘੱਟ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ। ਹਾਲ ਇਹਨਾਂ ਦਾ ਇਹ ਹੈ ਕਿ ਜਿੱਧਰ ਧੌਨਕੁਰ ਤੁਰਦੀ ਹੈ ਓਧਰ ਜੈਕੁਰ ਪੈਰ ਪੁੱਟਣ ਨੂੰ ਤਿਆਰ ਨਹੀਂ ਤੇ ਜਿਸ ਰਸਤੇ ਜੈਕੁਰ ਜਾਂਦੀ ਹੈ ਓਧਰ ਆਸੋ ਦਾ ਮਨ ਨਹੀਂ ਮੰਨਦਾ !

ਵਿਦੇਸ਼ੀ ਸਿੱਖ-ਜਥੇਬੰਦੀਆਂ ਨੇ ਆਪਣੇ ਉਦਾਲੇ ਸਿੱਖ ਸਮੂਹਾਂ-ਝੁਰਮਟਾਂ ਨੂੰ ਇਕੱਠਿਆਂ ਕਰਕੇ ਖਾਨਿਆਂ-ਰਖਣਿਆਂ ਤੇ ਧੜਿਆਂ ਵਿਚ ਵੰਡੀਜ ਕੇ ਜੋੜਿਆ ਘੱਟ ਅਤੇ ਵਿਛੋੜਿਆ ਵਧੇਰੇ ਹੈ। ਇਹਨਾਂ ਦੇ ਵਫਾਦਾਰ-ਵਰਕਰ ਜੋ ਸਿੱਖ-ਸੰਘਰਸ਼ ਨੂੰ ਬਲਵਾਨ ਬਣਾਉਣ ਲਈ ਸਿੱਖਾਂ ਦਾ ਸਹਿਯੋਗ ਸਮਰਥਨ ਪ੍ਰਾਪਤ ਕਰਨ ਲਈ ਆਪਣਾ ਸਮਾਂ, ਕੰਮ ਤੇ ਪ੍ਰਵਾਰ ਛੱਡ ਕੇ ਦਿਨ-ਰਾਤ ਸ਼ਹਿਰ-ਸ਼ਹਿਰ, ਸੜਕੋ-ਸੜਕ, ਸਟਰੀਟੋ-ਸਟਰੀਟ ਤੇ ਹਰ ਦਰਵਾਜੇ-ਦੇਹਲੀ ਜੁੱਤੀਆਂ ਤੁੜਾਉਂਦੇ-ਘਸਾਉਂਦੇ ਰਹੇ ਹਨ ਉਹ ਇਹਨਾਂ ਕਾਰੇ-ਹੱਥੇ ਲੀਡਰਾਂ ਦੇ ਕਿਰਦਾਰ ਤੇ ਸਿਆਸੀ-ਚਾਲਾਂ ਤੋਂ ਸਤ ਕੇ ਨਿਰਾਸ ਹੋ ਅੱਜ ਘਰੀਂ ਬੈਠ ਰਹੇ ਹਨ ਤੇ ਜਿਹੜੇ ਤੁਰੇ ਵੀ ਫਿਰ ਰਹੇ ਹਨ ਉਹਨਾਂ ਦੀ ਹਾਲਤ ਅੱਜ 'ਖਾਵੇ ਤਾਂ ਕੌਹੜੀ ਤੇ ਛੱਡੇ ਤਾਂ ਕਲੰਕੀ' ਵਾਲੀ ਹੈ। ਸੁਹਿਰਦ ਸਿੱਖ, ਜਿਹਨਾਂ ਦੇ ਸੋਮੇ-ਸ੍ਰੋਤ ਪੂਰੀ ਤਰਾਂ ਸਿੱਖ-ਸੰਘਰਸ਼ ਦੇ ਨਮਿੱਤ, ਇਹਨਾਂ ਲੀਡਰਾਂ ਦੀਆਂ ਜਥੇਬੰਦੀਆਂ ਲਈ ਇਹਨਾਂ ਨੂੰ ਅਰਪਿਤ ਰਹੇ ਹਨ ਉਹ ਇਹਨਾਂ ਦੇ ਦਵੈਤ, ਈਰਖਾ ਲਾਗਡਾਟ ਅਤੇ ਇਕ ਦੂਸਰੇ ਉਤੇ ਦੂਸ਼ਣਾਂ-ਦੋਸ਼ਾਂ ਦੇ ਕਿੱਸੇ ਸੁਣ-ਸੁਣ ਅੱਕੇ-ਹੰਭੇ ਇਹਨਾਂ ਦੀਆਂ ਜਥੇਬੰਦੀਆਂ ਨਾਲੋਂ ਟੁੱਟ-ਕਿਰ ਹੀ ਨਹੀਂ ਇਹਨਾਂ ਕਾਰਨ ਸਿੱਖ-ਸੰਘਰਸ਼ ਵਲੋਂ ਹੀ ਉਦਾਸੀਨ ਹੋ ਰਹੇ ਹਨ !

ਜੇ ਅੱਜ ਸਾਰੀਆਂ ਜਥੇਬੰਦੀਆਂ ਸਿਰ ਜੋੜਨ, ਸਿੱਖਾਂ ਉਤੇ ਹੋ ਰਹੇ ਜ਼ੁਲਮ ਨੂੰ ਠੁਲ ਪਵੇ, ਸਿੱਖਾਂ ਦਾ ਕੋਈ ਘਰ ਬਣੇ ਤਾਂ ਇਸਦਾ ਕਰੈਡਿਟ ਸਮੁੱਚੀ ਕੌਮ ਵਿਚ ਸਭ ਤੋਂ ਪਹਿਲੋਂ ਇਹਨਾਂ ਲੀਡਰਾਂ ਦੀ ਹੀ ਝੋਲ ਵਿਚ ਪੈਣਾ ਹੈ। ਪਰ ਕਰੈਡਿਟ ਲਈ ਚੋਲੀਆਂ ਅੱਡੀ ਇਹ ਦੁਖੀ-ਸਿੱਖਾਂ ਦੇ ਦਰਾਂ ਤੇ ਪਹਿਲੋਂ ਹੀ

ਇਕ ਦੂਜੇ ਤੋਂ ਮੂਹਰੇ ਅਹੁਲਦੇ-ਪਹੁੰਚਦੇ-ਹਰਫਲੇ ਫਿਰ ਰਹੇ ਹਨ। ਵਿਦੇਸ਼ੀ ਲੋਕਾਂ ਸਾਹਵੇਂ ਸਿੱਖ ਜਾਂ ਪੰਜਾਬ-ਸਮੱਸਿਆ ਰੱਖਣ ਲਈ ਤਾਂ ਇਹਨਾਂ ਪਾਸ ਸਮੇਂ ਦੀ ਘਾਟ ਹੈ ਪਰ ਸਿੱਖਾਂ ਸਾਹਮਣੇ ਕਿੱਸਾ 'ਮੈਂ' ਜਾਂ ਮੇਰੀ ਜਥੇਬੰਦੀ' ਸੁਣਾਉਣ ਜਾਂ ਆਪਣੇ ਆਪ ਨੂੰ ਦੁੱਧ-ਧੋਤਾ ਸਾਬਤ ਕਰਨ ਲਈ ਸਮੇਂ ਦੀ ਥੁੜੋਂ ਨਹੀਂ! ਇਸ ਪ੍ਰਯੋਜਨ ਲਈ ਮੀਟਿੰਗਾਂ-ਮਿਲਣੀਆਂ ਦਾ ਵਧੇਰੇ ਸਮਾਂ ਪੈਸਾ ਤੇ ਅਖ਼ਬਾਰਾਂ ਕਾਲਮਾਂ ਦੇ ਕਾਲਮ ਖਰਚੇ ਜਾ ਰਹੇ ਹਨ। ਲਿਖਣ ਦਾ ਭਾਵ ਇਹ ਹਰਗਿਜ਼ ਨਹੀਂ ਕਿ ਸਾਰੇ ਵਿਦੇਸ਼ੀ ਸਿੱਖ-ਲੀਡਰ ਹੱਥ ਤੇ ਹੱਥ ਧਰ ਕੇ ਬੈਠੇ ਹਨ ਤੇ ਕੌਮ ਦਾ ਕੋਈ ਕੰਮ ਨਹੀਂ ਕਰ ਰਹੇ ਹਨ ਪਰ ਇਹ ਇਕ ਨੰਗਾ-ਚਿੱਟਾ ਸੱਚ ਹੈ ਕਿ ਸੁਹਿਰਦ ਸਿੱਖਾਂ ਦੇ ਨੱਬੇ ਫੀ ਸਦੀ ਸਾਧਨਾਂ ਦੇ ਬਾਵਜੂਦ ਵੀ ਜੇ ਸਿੱਖਾਂ ਦੀ ਗੱਲ ਪੰਜ ਫੀ ਸਦੀ ਅੱਗੇ ਨਹੀਂ ਤੁਰ ਰਹੀ ਤਾਂ ਇਸ 'ਚ ਵੱਡਾ ਕਸੂਰ ਅੱਜ ਵਿਦੇਸ਼ੀ ਸਿੱਖ-ਜਥੇਬੰਦੀਆਂ ਦੇ ਮੂਹਰੇ-ਮੂਹਰੇ ਫਿਰਦੇ ਅੱਧੀ ਦਰਜਣ ਵੱਡੇ ਲੀਡਰਾਂ ਦਾ ਸਭ ਤੋਂ ਵੱਧ ਹੈ ਜੋ ਸਾਰੇ ਹਨੂੰਮਾਨ ਵਾਂਗ ਆਪਣੀ-ਆਪਣੀ ਪੂਛ ਨੂੰ ਹਉਮੈ ਦੀ ਅੱਗ ਲਾ ਕੇ ਸਿੱਖਾਂ ਦੇ ਸਾਧਨਾਂ-ਸੁਪਨਿਆਂ ਦੀ ਲੰਕਾ ਨੂੰ ਸੁਆਹ ਕਰ ਰਹੇ ਹਨ !

ਵਿਦੇਸ਼ੀ ਸਿੱਖ ਜਥੇਬੰਦੀਆਂ ਵਿਚੋਂ W.S.O. ਇਸਦੇ ਲੀਡਰਾਂ ਦੇ ਕਹਿਣ ਅਨੁਸਾਰ ਸਿੱਖਾਂ ਦੀ 'Umbrella Organization' ਹੈ। ਵਿਸ਼ੇਸ਼ਕਰ ਘਲੂਘਾਰੇ ਉਪਰੰਤ ਸਿੱਖਾਂ ਨੂੰ ਸੰਸਾਰ-ਪੱਧਰ ਉਤੇ ਅਜਿਹੀ ਕਿਸੇ ਜਥੇਬੰਦੀ ਦੀ ਸਖ਼ਤ ਜ਼ਰੂਰਤ ਸੀ। ਇਸੇ ਭਾਵਨਾ ਅਧੀਨ ਸਿੱਖਾਂ ਨੇ ਜਜ਼ਬੇ ਦੇ ਵੇਗ 'ਚ ਇਸਦੀ ਸਥਾਪਤੀ ਨੂੰ ਨਾ ਸਿਰਫ ਇਕ ਮੁਬਾਰਕ-ਕਦਮ ਹੀ ਕਿਹਾ ਸਗੋਂ ਉਸ ਸਮੇਂ, ਸਮੇਤ ਨੌਜਵਾਨਾਂ ਦੇ, ਸਿੱਖਾਂ ਨੇ ਇਸਨੂੰ ਭਰਵੇਂ ਸਹਿਯੋਗ ਨਾਲ ਨਿਵਾਜ਼ਿਆ। ਪਰ ਜਿਸ ਸੰਸਥਾ ਦੇ ਖਿੜਕ ਚੋਂ ਅੰਦਰ ਆਦਮੀ ਲੰਘ ਹੀ ਜੇਬ 'ਚ ਨੀਲਾ-ਨੋਟ ਪਾ ਕੇ ਹੋਵੇ, ਉਸਦੀ ਚਾਰ-ਦੀਵਾਰੀ 'ਚ ਕਿੱਡਾ ਕੁ ਵੱਡਾ ਕੌਮੀ-ਇਕੱਠ ਹੋ ਸਕਦਾ ਸੀ ? ਇਸਦੇ ਸੰਸਥਾਪਕਾਂ ਨੇ ਇਸਦੀ ਮਹਿੰਗੀ ਮੈਂਬਰਸ਼ਿਪ-ਫੀਸ ਰੱਖ ਕੇ ਇਸਦਾ ਇਮੇਜ ਹੀ ਚਲਦੇ-ਪੁਰਜ਼ਿਆਂ ਅਮੀਰ ਲੋਕਾਂ ਤੇ ਉਤਲੇ-ਤਬਕੇ ਦੀ ਸੰਸਥਾ ਦਾ ਬਣਾ ਦਿੱਤਾ ਜਿਸ 'ਚ ਗੁਰੂ ਕੇ ਗਰੀਬ-ਸਿੱਖਨ ਦੇ ਦਾਖਲੇ ਉਤੇ ਆਰੰਭ ਵਿਚ ਹੀ ਇਕ ਪਾਬੰਦੀ ਆਇਦ ਹੋ ਗਈ ਸੀ। ਇਸ ਸੰਸਥਾ ਦੇ ਲੀਡਰਾਂ ਤੋਂ ਤਾਂ ਪੰਜਾਬ ਦੇ ਅਨਪੁੜ ਅਕਾਲੀ-ਲੀਡਰ ਹੀ ਇਸ ਖੇਤਰ 'ਚ ਬਾਜ਼ੀ ਲੈ ਗਏ ਸਨ ਜੋ ਵੱਧ ਤੋਂ ਵੱਧ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਤਰ ਕਰਨ ਲਈ ਇਸਦੀ ਭਰਤੀ-ਫੀਸ ਨੂੰ ਨਾ-ਮਾਤਰ ਰਖਦੇ ਰਹੇ ਹਨ। ਸਿੱਖ-ਸੰਸਥਾਵਾਂ ਸਹੀ ਰੂਪ 'ਚ ਸਿੱਖ-ਸਿਧਾਂਤਾ ਉਤੇ ਸਿੱਖਾਂ ਦੇ ਬਹੁਮਤ ਨੂੰ ਜੋੜ ਕੇ ਹੀ ਬਣ ਸਕਦੀਆਂ ਹਨ ਵਰਨਾ ਪੈਸਾ ਉਗਰਾਹੁਣ ਲਈ ਮਗਰੋਂ ਹੋਰ ਬਥੇਰੇ ਸਾਧਨ ਵਰਤੇ ਜਾ ਸਕਦੇ ਸਨ। ਜਿਸ ਸਿੱਖ-ਇਮਾਰਤ ਦੀ ਨੀਂਹ ਹੀ ਸਿੱਖੀ-ਸਿਧਾਂਤਾ ਉਤੇ ਨਾ ਰੱਖੀ ਗਈ ਹੋਵੇ ਉਸ ਦੇ ਕਲਸਾਂ ਤੋਂ ਖਾਲਸਈ-ਸ਼ਾਨ ਦਾ ਝਲਕਾਰਾ ਕਿਧਰੋਂ ਪੈਣਾ ਸੀ ? ਸੋ ਜਿਸ ਸੰਸਥਾ ਦੇ ਲੀਡਰ ਹੀ ਪੰਥਕ-ਭਾਵਨਾਵਾਂ ਦੇ ਹਾਣ ਦੇ ਨਾ ਹੋ ਸਕਣ, ਜੋ ਕੌਮ ਦੇ ਨੌਜਵਾਨਾਂ ਵੱਲ ਹੀ ਅਕਾਲੀ-ਝਾਕਣੀ ਝਾਕਦੇ ਹੋਣ, ਜੋ ਜਨਰਲ ਡੂੱਲਰ ਵਰਗੇ ਸਿੱਖਾਂ ਵਲੋਂ ਅੱਖਾਂ ਤੇ ਬਿਠਾਏ ਲੀਡਰ ਦੀ ਕਾਰਕਰਦਗੀ ਬਾਰੇ ਅੰਦਰਖਾਤੇ ਤਾਂ ਘੁਸਰ-ਮੁਸਰ ਕਰਨ ਤੇ ਲੁਕ ਲੁਕ ਕੇ ਭੇਲੀ ਭੰਨਣ ਪਰ ਬਾਹਰ ਸਿੱਖਾਂ ਦੇ ਇਕ ਨਿੱਕਾ ਪ੍ਰਸ਼ਨ ਪੁੱਛਣ ਤੇ ਵੀ ਨੱਕ-ਬੁਲ ਚੜ੍ਹਨ, ਜਿਸ ਵਿਦੇਸ਼ੀ ਸਿੱਖ-ਸੰਸਥਾ ਦੀ ਲੀਡਰਸ਼ਿਪ ਦਾ ਸਿੱਖ-ਸ਼ਰਨਾਰਥੀਆਂ ਬਾਰੇ ਹੀ ਰਵੱਈਆ ਮਤਰੇਈ-ਮਾਂ ਵਾਲਾ ਹੋਵੇ ਅਜਿਹੀ ਸੰਸਥਾ ਨਾ ਵਿਦੇਸ਼ੀ ਸਿੱਖਾਂ ਦੇ ਦਿਲ ਦੀ ਧੜਕਣ ਇਸਤਰਾਂ ਕਦੇ ਬਣ ਸਕਦੀ ਸੀ ਤੇ ਨਾ ਬਣੀ ਹੈ। ਜਿਸ ਸੰਸਥਾ ਦੇ ਮੌਜੂਦਾ ਮੋਹਰੀਆਂ ਦੀ ਇਹ ਭਾਵਨਾ ਹੋਵੇ ਕਿ ਉਹਨਾਂ ਦੇ ਗਲ ਵਿਚ ਇਹ ਇਕ 'ਮਰਿਆ ਸੱਪ' ਪਾ ਦਿਤਾ ਗਿਆ ਹੈ ਉਸਨੂੰ ਸਿੱਖਾਂ ਦੀ ਜਿਉਂਦੀ-ਜਾਗਦੀ ਸੰਸਥਾ ਕਿਹਾ ਜਾ ਸਕਦਾ ਹੈ ? ਜੇ ਇਸਦਾ ਜਬਾਬ 'ਹਾਂ' ਵਿਚ ਹੈ ਤਾਂ ਕੀ ਇਸਦੇ ਲੀਡਰ ਇਹ ਦਾਅਵਾ ਕਰ ਸਕਦੇ ਹਨ ਕਿ ਉਹਨਾਂ ਦੇ ਗੰਡੇ 'ਧੱਲੇ ਕਿਆਂ ਵਾਲੇ ਬਾਵੇ ਦੇ ਇਸ ਛਤਰ' (Umbrella) ਹੇਠ ਅੱਜ ਪਹਿਲਾਂ ਜਿੰਨੇ ਹੀ ਬੰਦੇ ਬੈਠੇ ਹਨ ? ਕੀ ਸਿੱਖ-ਸੰਘਰਸ਼ ਦੇ ਪ੍ਰਸੰਗ ਵਿਚ ਇਸਦੇ ਲੀਡਰ ਹੁਣ ਤੱਕ ਸਿੱਖਾਂ ਦਾ ਕੇਸ UNO ਪਧੱਰ ਤੱਕ ਲਿਜਾ ਸਕੇ ਹਨ ਜਾਂ ਦੂਸਰੀਆਂ ਜਥੇਬੰਦੀਆਂ ਵੱਲ ਆਪੂੰ ਏਕਤਾ ਦਾ ਹੱਥ ਵਧਾ ਕੇ ਸਿੱਖਾਂ ਦੇ ਵਿਸ਼ਵਾਸ-ਪਾਤਰ ਬਣ ਸਕੇ ਹਨ ?

ਹੁਣ ਆਉਂਦੀ ਹੈ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ! ਬੁੱਢੀ-ਲੀਡਰਸ਼ਿਪ ਤੋਂ ਸਤੇ ਸਿੱਖਾਂ ਨੇ ਸਿੱਖ-ਸਟੇਜ ਉਤੇ ਨੌਜਵਾਨਾਂ ਦੀ ਇਸ ਜਥੇਬੰਦੀ ਦੇ ਆਗਮਨ ਨੂੰ ਬੜੀਆਂ ਆਸਾਂ ਨਾਲ ਖੁਸ਼-ਆਮਦੀਦ ਕਿਹਾ। ਆਖਰ ਸੁਆਰਥੀ-ਲੀਡਰਸ਼ਿਪ ਉਤੇ ਨੌਜਵਾਨਾਂ ਨੂੰ ਜੋ ਗਿਲੇ-ਸ਼ਿਕਵੇ ਸਨ ਉਹ ਨੌਜਵਾਨਾਂ ਨੇ ਇਸੇ ਸੰਸਥਾ ਦੇ ਝੰਡੇ ਥੱਲੇ ਇਕੱਤਰ ਹੋ ਕੇ ਧੋਣੇ ਸਨ ਨਾ ? ਪਰ ਅਫਸੋਸ ! ਪੁਰਾਣਿਆਂ ਦੇ ਮੁਕਾਬਲੇ ਆਪਣੀ ਦਿਆਨਤਦਾਰੀ ਦੇ ਬਾਵਜੂਦ ਵੀ ਨੌਜਵਾਨ ਇਸ ਜਥੇਬੰਦੀ ਨੂੰ ਚਲਾਉਣ ਦੇ ਇਮਤਿਹਾਨ ਵਿਚ ਰਿਆਇਤੀ ਪਾਸ ਵੀ ਹੁੰਦੇ ਨਹੀਂ ਦਿਸਦੇ। ਸਿੱਖਾਂ ਨੇ ਗੁਰਧਾਮਾਂ ਦੀਆਂ ਚਾਬੀਆਂ ਵੀ ਹੱਥੀਂ ਸੌਂਪ ਦਿੱਤੀਆਂ। ਰੋਜ਼ਕੇ ਸਹਿਯੋਗ-ਸ਼ਾਬਾਸ਼ ਵੀ ਦਿੱਤੇ !! ਪਰ ਪੱਲੇ ਦਿਆਨਤਦਾਰੀ ਤਾਂ ਸੀ ਦੂਰ-ਦ੍ਰਿਸ਼ਟੀ ਨਹੀਂ ਸੀ ! ਦਿਲ 'ਚ ਸਿੱਖੀ-ਸਪਿੱਰਟ ਤਾਂ ਸੀ ਪਰ ਮੱਥੇ 'ਚ ਸਿੱਖ-ਧਰਮ ਦੀ ਸਿਧਾਂਤਕ-ਸੋਝੀ ਦਾ ਚਾਨਣ ਨਹੀਂ ਸੀ !! ਗੁਰ ਸਿੱਖੀ-ਮਾਰਗ ਤੇ ਪੈ ਕੇ ਵੀ ਗੁਰ-ਇਤਿਹਾਸ ਤੋਂ ਸਬਕ ਨਹੀਂ ਲੀਤਾ। ਪੰਥ ਨਾਲੋਂ ਪ੍ਰਵਾਰ ਜਾਂ ਵਿਅਕਤੀ ਨੂੰ ਪਹਿਲ ਦਿੰਦੇ ਜਾਣਾ ਔਰ ਇਸ ਹੱਦ ਤੱਕ ਦਿੰਦੇ ਜਾਣਾ ਕਿ ਕੌਮ ਦੇ ਹੀ ਢੱਠੇ ਖੂਹ 'ਚ ਪੈਣ ਤੱਕ ਦੀ ਨੌਬਤ ਆ ਜਾਵੇ, ਇਹ ਕਿਥੋਂ ਦੀ ਦਾਨਾਈ ਹੈ ? ਅਜਿਹੀ ਵਫਾਦਾਰੀ ਕੌਮ ਨੂੰ ਕਿੰਨੀ ਕੁ ਲਾਹੇਵੰਦੀ ਸਾਬਤ ਹੋ ਸਕਦੀ ਹੈ ? ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ ! ਮੈਂ ਭਾਈ ਜਸਬੀਰ ਸਿੰਘ ਦੇ ਨੌਜਵਾਨਾਂ ਨੂੰ ਸੰਗਠਿਤ ਕਰਨ ਦੇ ਕਾਰਜ ਦਾ ਦਿਲੋਂ ਪ੍ਰਸ਼ੰਸਕ ਹਾਂ। ਉਹਨਾਂ ਦੇ ਭਰਾਤਾ ਭਾਈ ਲਖਵੀਰ ਸਿੰਘ ਦਾ ਵਿਰੋਧੀ ਨਹੀਂ। ਇਹ ਜਾਂ ਇਹਨਾਂ ਦੀ ਥਾਂ 'ਓ' 'ਅ' ਜਾਂ 'ੲ', ਲੀਡਰ ਕੋਈ ਵੀ ਹੋਵੇ ਜੇ ਉਹ ਪੰਥ ਦੀ ਰਾਹਿਨੁਮਾਈ ਕਰਨ ਦੇ, ਸਮਰੱਥ ਨਹੀਂ ਜੇ ਉਹ ਨੌਜਵਾਨਾਂ ਦੀ ਅਗਵਾਈ ਕਰਨ ਦੇ ਕਾਬਲ ਨਹੀਂ ਤੇ ਇਹ ਜਾਣਦਿਆਂ ਵੀ ਉਹ ਇਸ ਸੰਕਟ ਸਮੇਂ ਪੰਥ ਤੋਂ ਖਿਮਾਂ ਮੰਗ ਕੇ ਪਿੱਛੇ ਨਹੀਂ ਹਟਦਾ ਕਿ ਉਹ ਕੌਮੀ ਬੇੜੀ ਨੂੰ ਕਿਸੇ ਕੰਢੇ-ਕਿਨਾਰੇ ਨਹੀਂ ਲਗਾ ਸਕਦਾ ਤਾਂ ਕੀ ਅਜਿਹੇ ਲੀਡਰ ਦਾ ਪੰਥ ਦੀ ਲੀਡਰੀ ਸਾਂਭ ਰੱਖਣ ਦਾ ਗਦੋੜਾ ਫੇਰਿਆ ਹੋਇਆ ਹੈ ? ਜੋ ਨੌਜਵਾਨ ਇਸ ਸੰਕਟ ਸਮੇਂ ਅੱਖਾਂ ਤੇ ਪੱਟੀ ਬੁੰਨ ਕੇ, 'ਸਤਿ-ਬਚਨੀਏ' ਬਣ ਕੇ, ਸ਼ਰਮੋ-ਸ਼ਰਮੀ ਜਾਂ ਭੇਡ-ਚਾਲ ਅਜਿਹੇ ਲੀਡਰਾਂ ਮਗਰ ਤੁਰੇ ਜਾਂਦੇ ਹਨ ਉਹ ਆਪਣੇ ਆਪ ਨੂੰ ਲੱਖ ਵਫਾਦਾਰ ਆਖੀ ਜਾਣ ਪਰ ਸਿੱਖੀ-ਸਿਧਾਂਤਾਂ ਤੇ ਪਹਿਰਾ ਬਿਲਕੁਲ ਨਹੀਂ ਦੇ ਰਹੇ। ਇਹਨਾਂ ਨੂੰ ਪੰਥ ਨਹੀਂ ਵਿਅਕਤੀ ਤੇ ਧਰਮ ਨਹੀਂ ਧੜਾ ਪਿਆਰਾ ਹੈ। ਆਪਣੇ ਆਪ ਨੂੰ ਕੌਮ ਦਾ ਹਰਾਵਲ-ਦਸਤਾ ਕਹਿਲਾਉਣ ਵਾਲੇ ਨੌਜਵਾਨੋ ! ਜੇ ਤੁਸੀਂ ਗੁਰੂ ਵਾਲੇ ਬਣ ਕੇ ਸਿੱਖੀ-ਸਿਧਾਂਤਾਂ ਦੇ ਧਾਰਣੀ ਹੋਏ ਹੁੰਦੇ, ਜੇ ਤੁਸੀਂ ਗੁਰੂ ਕੀ ਉਸਦੇ ਸਿੱਖਾਂ ਰਾਹੀਂ ਬਖਸ਼ੀ ਤਾਕਤ ਨੂੰ ਨਿੰਮਰਤਾ ਨਾਲ ਵਰਤਿਆ ਹੁੰਦਾ, ਜੇ ਤੁਸੀਂ ਪਹਿਲ ਕਿਸੇ ਪ੍ਰਵਾਰ ਨਾਲੋਂ ਪੰਥ ਨੂੰ ਦਿੱਤੀ ਹੁੰਦੀ, ਜੇ ਤੁਸੀਂ ਪ੍ਰਾਥਮਿਕਤਾ ਕਿਸੇ ਵਿਅਕਤੀ ਨਾਲੋਂ ਆਪਣੀ ਜਥੇਬੰਦੀ ਨੂੰ ਦਿੱਤੀ ਹੁੰਦੀ ਤਾਂ ਤੁਹਾਡੀ ਜਥੇਬੰਦੀ ਅੱਜ ਲੋਹੇ ਦੀ ਲੱਠ ਜਾਂ ਘੱਟੋ-ਘੱਟ ਇਕ ਸੰਮਾਂ ਵਾਲੀ ਡਾਂਗ ਵਰਗੀ ਹੁੰਦੀ। ਅੱਜ ਕੈਨੇਡਾ, ਨਾਰਵੇ ਤੇ ਇੰਗਲੈਂਡ ਵਿਚ ਜੋ ਗੁਲ ਤੁਹਾਡੀ ਜਥੇਬੰਦੀ ਦੇ ਖਿਲ ਰਹੇ ਹਨ, ਇਹ ਤੁਹਾਡੀ ਜਥੇਬੰਦੀ ਵਿਚ ਉਠ ਰਹੇ ਵਿਦਰੋਹੀ-ਜਵਾਰਭਾਟੇ ਦੇ ਚਿੰਨ੍ਹ ਹਨ ! ਤੁਹਾਡੀ ਲਹਿਰ ਦੇ ਲੀਰਾਂ-ਲੀਰਾਂ ਹੋਣ ਦੇ ਪ੍ਰਤੱਖ ਪ੍ਰਮਾਣ ਹਨ !! ਤੁਹਾਡੀ ਮੁੱਠ ਮੀਚੀ ਰਹਿੰਦੀ ਤੁਹਾਡੀ ਭੱਲ ਬਣੀ ਰਹਿਣੀ ਸੀ। ਪਰ ਅੱਜ ਵਿਦੇਸ਼ੀ-ਅਕਾਲੀ ਤੁਹਾਡੀ ਹਾਲਤ ਤੇ ਬਰਾਛਾ ਬਾਣੀਂ ਹਸਦੇ ਹਨ। ਤਾੜੀਆਂ ਮਾਰਦੇ ਹਨ !! ਕੀ ਤੁਸੀਂ ਅੱਜ ਹਿੱਕ ਥਾਪੜ ਕੇ ਆਖ ਸਕਦੇ ਹੋ ਕਿ ਤੁਹਾਡੇ ਲੀਡਰ ਦਿਆਨਤਦਾਰੀ ਨਾਲ ਤੁਹਾਡਾ ਜ਼ੋਰ ਕੌਮ ਦੀ ਵਿਗੜੀ ਬਣਾਣ ਲਈ ਲੁਆ ਰਹੇ ਹਨ। ਤੁਹਾਨੂੰ ਨੱਕ ਦੀ ਸੇਧ ਕੌਮੀ ਨਿਸ਼ਾਨੇ ਵੱਲ ਤੋਰ ਰਹੇ ਹਨ !! ਤੁਹਾਡੀ ਜਥੇਬੰਦੀ ਦਿਨੋਂ-ਦਿਨ ਹੁੰਦੜਹੇਲ ਤੇ ਬਲਵਾਨ ਹੋ ਰਹੀ ਹੈ !!! ਆਪਣੇ ਚਾਰ-ਚੁਫੇਰੇ ਨਜ਼ਰ ਮਾਰੋ, ਨੌਜਵਾਨ ਧੜਾ-ਧੜ ਤੁਹਾਡੇ ਨਾਲ ਰਲ ਰਹੇ ਹਨ ਜਾਂ ਤੁਹਾਨੂੰ ਛੱਡ ਰਹੇ ਹਨ ?

ਨਵੀਂ ਤੇ ਪੁਰਾਣੀ ਕੌਂਸਲ ਆਫ ਖਾਲਿਸਤਾਨ ਦੇ ਮੋਹਰੀ ਕਾਰਕੁੰਨ ਬਜ਼ੁਰਗੋ ! ਤੁਸੀਂ ਸਵੈ-ਸਜਿਤ ਹੋ ਜਾਂ ਸਮੇਂ ਸਮੇਂ ਜੁਝਾਰੂ-ਸਿੰਘਾਂ ਵਲੋਂ ਥਾਪੇ ! ਤੁਹਾਡੀ ਗਿਣਤੀ ਦੀ ਪ੍ਰਵਾਹ ਨਹੀਂ। ਤੁਸੀਂ ਵੀ ਜ਼ਰਾ ਦਿਲ ਤੇ ਹੱਥ ਰੱਖਕੇ ਦੱਸਿਓ ਕੀ ਤੁਸੀਂ ਆਪੋ ਵਿਚ ਹੀ ਇਕ ਸਟੇਜ ਤੇ ਬੈਠਣ ਲਈ ਤਿਆਰ ਹੋ ? ਹੋਰ ਜਥੇਬੰਦੀਆਂ ਦੇ ਲੀਡਰ ਤਾਂ ਤੁਹਾਡੀਆਂ ਲੱਤਾਂ ਖਿੱਚ ਰਹੇ ਹਨ, ਮੰਨਿਆਂ। ਪਰ ਤੁਸੀਂ ਕਿਤੇ ਇਕ ਦੂਸਰੇ ਦੀਆਂ ਲੱਤਾਂ ਤਾਂ ਨਹੀਂ ਖਿੱਚ ਰਹੇ ? ਤੁਹਾਡੇ 'ਚੋਂ ਡਾ: ਗੁਰਮੀਤ ਸਿੰਘ ਔਲਖ ਦੇ ਲਾਬੀ ਕਰਨ ਦੇ

ਇਕੋ ਇਕ ਖੇਤਰ ਵਿਚ ਕੀਤੇ ਕਾਰਜ ਦਾ ਮੈਂ ਪੁੱਜ ਕੇ ਪ੍ਰਸ਼ੰਸਕ ਹਾਂ। ਇਹ ਇਕ ਵਿਅਕਤੀ ਦੁਆਰਾ ਪੂਰੀ ਸੰਸਥਾ ਜਿੰਨਾ ਕੀਤਾ ਕੰਮ ਹੈ। ਭਾਂਵੇਂ ਉਹਨਾਂ ਦੇ ਵਿਰੋਧੀ ਇਸ ਨੂੰ ਕਾਗਜਾਂ ਤੇ ਕੋਹਲੂ ਚਲਾਉਂਣਾ ਹੀ ਦਸਦੇ ਹਨ, ਜਿਸ ਨਾਲ ਮੈਂ ਪੂਰੀ ਤਰਾਂ ਸਹਿਮਤ ਨਹੀਂ। ਪਰ ਏਨਾ ਜਰੂਰ ਕਹਾਂਗਾ ਕਿ ਡਾ: ਔਲਖ ਬੀੜੀ ਪਾ ਕੇ ਬੋਤੇ ਵਾਲਾ ਹਲ ਵਾਹ ਰਹੇ ਹਨ ਤੇ ਉਹਨਾਂ ਦਾ ਕੰਮ ਕਰਨ ਦਾ ਇਹ ਤੌਰ-ਤਰੀਕਾ ਨਾ ਸਿੱਖੀ-ਪਰੰਪਰਾ ਦੇ ਅਨੁਕੂਲ ਹੈ ਤੇ ਨਾ ਸਿੱਖ-ਸੰਘਰਸ਼ ਵਿਚ ਦੂਸਰੇ ਸਾਥੀ ਲੀਡਰਾਂ ਨੂੰ ਨਾਲ ਜੋੜਨ ਸਬੰਧੀ ਕੋਈ ਸਿਹਤਮੰਦ ਸੋਚ ! ਭਾਈ ਗੰਗਾ ਸਿੰਘ ਢਿਲੋਂ WSO ਅਮਰੀਕਾ ਦੇ ਪ੍ਰਧਾਨ ਬਣਨ ਤੋਂ ਪਹਿਲੋਂ ਅਕਸਰ ਨੌਜਵਾਨਾਂ ਮੂਹਰੇ ਸ਼ਿਕਾਇਤ ਲਾਇਆ ਕਰਦੇ ਸਨ ਕਿ 'ਦੂਸਰੇ ਲੀਡਰ' ਉਹਨਾਂ ਨੂੰ ਕੌਮੀ-ਸੇਵਾ ਦਾ ਮੌਕਾ ਨਹੀਂ ਦਿੰਦੇ ਪਰ ਜਦ ਉਹ ਸਬੰਧਤ ਅਹੁਦੇ ਉਤੇ ਆਪ ਸਸ਼ੋਭਤ ਹੋਏ ਤਾਂ ਜਿਹੜਾ ਲੱਲਰ ਉਹਨਾਂ ਆਪਣੇ ਸਮੇਂ WSO ਨੂੰ ਲਾਇਆ ਜਾਂ ਜੋ ਉਹਨਾਂ ਦੀ 'ਚੁੱਪ' ਅੱਜ ਪੰਥ ਦਾ ਸਵਾਰ ਰਹੀ ਹੈ ਉਸਦਾ ਲੱਖਣ ਸਿੱਖ ਆਪ ਹੀ ਲਾ ਸਕਦੇ ਹਨ। ਡਾ: ਔਲਖ ਵੀ ਉਸੇ ਟੋਨ ਵਿਚ ਸਿੱਖਾਂ ਸਾਹਵੇਂ ਅਕਸਰ ਸ਼ਿਕਵਾ ਕਰਦੇ ਹਨ ਕਿ 'ਦੂਸਰੇ ਲੀਡਰ' ਉਹਨਾਂ ਨੂੰ ਮਿਲਵਰਤਣ ਨਹੀਂ ਦੇ ਰਹੇ। ਉਹਨਾਂ ਦੀ ਇਸ ਗੱਲ ਵਿਚਲੀ ਸੱਚਾਈ ਦੀਆਂ ਸੰਭਾਵਨਾਵਾਂ ਨੂੰ ਪੂਰੀ ਤਰਾਂ ਰੱਦ ਨਹੀਂ ਕੀਤਾ ਜਾ ਸਕਦਾ ਪਰ ਪ੍ਰਸ਼ਨ ਇਹ ਉਠਦਾ ਹੈ ਕਿ ਉਹ ਆਪ ਵੀ ਕਿਸੇ ਤੋਂ ਮਿਲਵਰਤਣ ਲੈਣ ਦੇ ਤਲਬਗਾਰ ਹਨ ਕਿ ਤਾੜੀ ਇਕੋ ਹੱਥ ਨਾਲ ਵੱਜ ਰਹੀ ਹੈ ? ਜੇ ਲੋਕ ਉਹਨਾਂ ਦੇ ਕੰਮ ਤੋਂ ਪ੍ਰਭਾਵਤ ਹੋ ਕੇ ਉਹਨਾਂ ਨੂੰ ਹਰ ਸੰਭਵ ਸਹਿਯੋਗ ਦੇ ਰਹੇ ਹਨ ਤਾਂ ਕੋਈ ਕਾਰਨ ਨਹੀਂ ਕਿ ਹੋਰ ਜਥੇਬੰਦੀਆਂ ਜਾਂ ਘੱਟੋ-ਘੱਟ ਕੌਂਸਲ ਆਫ ਖਾਲਿਸਤਾਨ ਚੋਂ ਹੀ ਕੁਝ ਬੰਦੇ ਉਹਨਾਂ ਨੂੰ ਆਪਣੀ ਮਰਜੀ ਦੇ ਨਾ ਮਿਲ ਸਕਣ ਜੋ ਉਹਨਾਂ ਦੇ ਕੰਮ ਦਾ ਭਾਰ ਵੰਡਾ ਸਕਣ। ਪਰ ਜੇ ਉਹ ਇਸੇ ਧੁਨ-ਧਾਰਣਾ ਦੇ ਪੱਕੇ ਹਨ ਕਿ ਕੇਵਲ ਤੇ ਕੇਵਲ ਉਹ ਇਕੱਲੇ ਰਹਿ ਕੇ ਹੀ ਕੌਮ ਦਾ ਕੰਮ ਚੰਗੀ ਤਰਾਂ ਕਰ ਰਹੇ ਹਨ ਤੇ ਕਰ ਸਕਦੇ ਹਨ ਤਾਂ ਉਹ ਆਪਣੇ ਉਦਾਲੇ ਲੀਡਰੀ ਦਾ ਉਜਾੜ ਹੀ ਭਾਲਦੇ ਹਨ ਤੇ ਇਹ ਕਿਵੇਂ ਵੀ ਠੀਕ ਨਹੀਂ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ-ਦਾਇਰੇ 'ਚ ਕਪੂਰ ਸਿੰਘ ਦੀ ਨਿੰਮਰਤਾ... ਨਵਾਬੀ ਪ੍ਰਾਪਤ ਕਰ ਜਾਂਦੀ ਹੈ ਤੇ ਸੈਅ ਮੋਲਾਂ ਮਾਰ ਕੇ ਵੀ ਸ਼ਕਤੀਸ਼ਾਲੀ ਬੰਦੇ ਬਹਾਦਰ ਦੀ ਹਉਮੈ ਹਾਰ ਜਾਂਦੀ ਹੈ। ਕੁਲ ਜੇ ਵਿਦੇਸ਼ੀ-ਸਿੱਖਾਂ ਦੇ ਭਰਵੇਂ ਸਤਿਕਾਰ ਦੇ ਪਾਤਰ ਬਣ ਕੇ ਜਨਰਲ ਭੁੱਲਰ ਵਰਗੇ ਆਪਣੇ ਕਿਰਦਾਰ ਸਦਕਾ ਸਿੱਖਾਂ ਦੇ ਸਤਿਕਾਰ ਤੋਂ ਮਹਿਰੂਮ ਹੋ ਸਕਦੇ ਹਨ ਤਾਂ ਕੀ ਭੁੱਲਰ ਦੇ ਨੁਕਤਾਚੀਨ ਹੋ ਕੇ ਡਾ: ਔਲਖ ਨੂੰ ਚਾਰ ਕਦਮ ਵੀ ਆਪ ਉਹੀ ਤੋਰ ਤੁਰਨੀ ਚਾਹੀਦੀ ਹੈ। ਨਾਲੇ ਜਿਥੇ ਡਾ: ਔਲਖ ਲਾਬੀ ਕਰਨ ਦਾ ਪ੍ਰਸ਼ੰਸਾਯੋਗ ਕਾਰਜ ਕਰ ਰਹੇ ਹਨ ਉਥੇ ਜੇ ਜੁਝਾਰੂ-ਸਿੰਘਾਂ ਦੀਆਂ ਇਛਾਵਾਂ ਅਤੇ ਕੌਮੀ-ਏਕਤਾ ਨੂੰ ਕੁਝ ਹੀ ਮਦੇ-ਨਜ਼ਰ ਰੱਖ ਸਕਣ ਤਾਂ ਉਹ ਸਿੱਖਾਂ ਦੀ ਵਧੇਰੇ ਪ੍ਰਸ਼ੰਸਾ ਪ੍ਰਾਪਤ ਕਰ ਸਕਣਗੇ।

ਇੰਝ ਕੌਂਸਲ ਦੇ ਡਾ: ਜਗਜੀਤ ਸਿੰਘ, ਸੀਜੰਡ ਅਥਵਾ ਪੁਰਾਣੇ ਸਿਆਸੀ-ਘੁਲਾਈਏ ਹਨ। ਖਾਲਿਸਤਾਨ ਦਾ ਗੁਰਜ ਵੀ ਉਹਨਾਂ ਆਪਣੇ ਮੋਢਿਆਂ ਉਤੇ ਚਿਰੋਕਣਾ ਚੁੱਕਿਆ ਹੈ। ਸਿਆਸੀ ਦਾਅ-ਪੇਚਾਂ 'ਚ ਵੀ ਉਹਨਾਂ ਦਾ ਕੋਈ ਸਾਨੀ ਨਹੀਂ। ਉਹ ਆਪਣੇ ਝੁਰਲੂ ਨਾਲ ਹਵਾ 'ਚ ਵੀ ਸਰਕਾਰਾਂ ਬਣਾ-ਢਾਅ ਸਕਣ ਦੇ ਸਮਰੱਥ ਹਨ। ਲਗਦਾ ਹੈ ਜੇ ਉਹ ਦਿਲ ਦੀ ਘੁੰਡੀ ਖੋਹਲ ਕੇ, ਦਿਆਨਤਦਾਰੀ ਆਪਣਾਅ ਕੇ, ਸਿੱਖਾਂ ਦੀ ਭੀੜ 'ਚ ਖੁੜ ਕੇ ਆਪਣੇ ਸਿਆਸੀ-ਝੁਰਲੂ ਨੂੰ, ਹੋਰ ਜਾਦੂ ਜਾਂ ਖੇਡ-ਤਮਾਸ਼ਾ ਵਿਖਾਉਂਣ ਦੀ ਬਜਾਏ ਕੌਮ ਦੀ ਏਕਤਾ ਲਈ ਵਰਤਣ ਤਾਂ ਉਹ ਵੱਡਾ ਕ੍ਰਿਸ਼ਮਾ ਵਰਤਾ ਸਕਦੇ ਹਨ ਤੇ ਫੋਰ ਕਿਤੇ ਜਾ ਕੇ ਹੀ ਉਹਨਾਂ ਦੀ ਤਿਖੇਰੀ ਸਿਆਸੀ-ਸੂਝ ਤੋਂ ਪੰਥ ਪੂਰਾ ਲਾਭ ਉਠਾ ਸਕਦਾ ਹੈ। ਖੈਰ ! ਡਾ: ਜਗਜੀਤ ਸਿੰਘ ਦਾ ਅਹੁਟਾ ਇੰਗਲੈਂਡ ਵਿਚ ਅਕਸਰ ਫੈਡਰੇਸ਼ਨ ਦੇ ਨੌਜਵਾਨਾਂ ਨਾਲ ਰਿਹਾ ਹੈ ਤੇ ਸਿਆਸੀ-ਸ਼ਤਰੰਜ ਉਤੇ ਨੌਜਵਾਨਾਂ ਨਾਲ ਨਜਿੱਠਣ ਲਈ ਉਹਨਾਂ ਨੂੰ ਪੁਰਾਣੇ ਲੀਡਰਾਂ ਦੀ ਅਕਸਰ ਅਭਿਲਾਖਾ ਰਹਿੰਦੀ ਹੈ ਤੇ ਇਵੇਂ ਨਾਰਥ ਅਮਰੀਕਾ 'ਚ ਡਾ : ਔਲਖ ਪੁਰਾਣਿਆਂ ਦੇ ਮੁਕਾਬਲੇ ਨਵਿਆਂ ਨੂੰ ਨਾਲ ਜੋੜਨ ਦਾ ਯਤਨ ਕਰਦੇ ਹਨ ਤੇ ਹੁਣ ਉਹਨਾਂ ਨੂੰ ਇਸ ਕਾਰਜ ਲਈ ਇੰਗਲੈਂਡ-ਨਾਰਵੇ ਤੱਕ ਤਰੱਦਦ ਕਰਨਾ ਪੈਂਦਾ ਹੈ ਪਰ ਜੇ ਕੌਂਸਲ ਦੇ ਇਹ ਦੋਵੇਂ ਨੇਤਾ ਇਕ ਦੂਸਰੇ ਵੱਲ ਮੂੰਹ ਕਰਕੇ ਹੀ ਦੁਖ-ਸੁਖ ਕਰਨ ਲਗ ਪੈਣ ਤਾਂ ਇਹਨਾਂ ਦਾ ਅੱਧਾ ਕਸ਼ਟ ਕੱਟਿਆ ਜਾ ਸਕਦਾ ਹੈ ਅਥਵਾ ਜੇ ਇਹ ਦੋਵੇਂ

ਪਹਿਲੋਂ ਆਪਣੀ ਜਥੇਬੰਦੀ 'ਚ ਆਪਸ ਵਿਚ ਤੇ ਫਿਰ ਦੂਸਰੀਆਂ ਜਥੇਬੰਦੀਆਂ ਦੇ ਲੀਡਰਾਂ ਨਾਲ ਦੂਰੀ ਘਟਾ ਲੈਣ ਤਾਂ ਇਹਨਾਂ ਦੇ ਮੋਢਿਆਂ ਦਾ ਭਾਰ ਕੁਝ ਹਲਕਾ ਹੋ ਸਕੇ ਤੇ ਕੌਮ ਇਹਨਾਂ ਦੀਆਂ ਸੇਵਾਵਾਂ ਤੋਂ ਵਧੇਰੇ ਲਾਭ ਉਠਾ ਸਕੇ। ਪਰ ਪ੍ਰਸ਼ਨ ਇਹ ਹੈ ਕਿ ਕੀ ਇਹ ਸੱਚੇ ਦਿਲੋਂ ਇਹ ਕੁਝ ਕਰਨ ਲਈ ਤਿਆਰ ਵੀ ਹਨ ਕਿ ਨਹੀਂ ?

ਉਪਰ ਜਿਹਨਾਂ ਜਥੇਬੰਦੀਆਂ ਦਾ ਜ਼ਿਕਰ ਆਇਆ ਹੈ ਉਹਨਾਂ ਵਿਚ ਫੈਡਰੇਸ਼ਨ ਨਹੀਂ ਫੈਡਰੇਸ਼ਨਾਂ ਹਨ, ਨਵੀਂ ਤੇ ਪੁਰਾਣੀ ਕੌਂਸਲ ਆਫ ਖਾਲਿਸਤਾਨ ਦੀਆਂ ਵੀ ਲੀਹਾਂ ਪਾਟਦੀਆਂ ਹਨ ਇਸਤੋਂ ਬਿਨਾਂ ਸਿੱਖ ਹਿਊਮਨ-ਰਾਈਟਸ ਗਰੁੱਪ ਵੀ ਵਧ ਰਹੇ ਹਨ, ਬੱਬਰ ਵੀ ਦੋਂਹ ਦਿਸ਼ਾਈਂ ਗਰਜਦੇ ਹਨ। ਭਾਵ ਜਿੰਨੀਆਂ ਜਥੇਬੰਦੀਆਂ ਉਨੇ ਰਾਹ ! ਅਗੋਂ ਉਹਨਾਂ ਦੇ ਵੱਖੋ-ਵੱਖ ਲੀਡਰ ਵੱਖ ਵੱਖ ਰਾਗ ਅਲਾਪਦੇ ਰਹੇ ਹਨ। ਇਹਨਾਂ ਸਭਨਾਂ ਨੂੰ ਪਿਛੇ ਸ਼ਹੀਦ ਹੋ ਰਹੇ ਸਿੰਘਾਂ ਦੀ ਚਿੰਤਾ ਹੈ। ਸਾਰੇ ਹੀ ਕੌਮ ਦੀ ਬਿਹਤਰੀ ਲਈ ਕੰਮ ਕਰਨ ਦੇ ਦਾਅਵੇਦਾਰ ਹਨ। ਨਿਸ਼ਾਨਾਂ ਸਾਰਿਆਂ ਦਾ ਇਕੋ ਹੈ। ਨਿਸ਼ਾਨੇ ਦੀ ਪ੍ਰਾਪਤੀ ਜਾਂ ਕੌਮੀ-ਅਹੁਰ ਦਾ ਇਲਾਜ ਵੀ ਸਭਨਾਂ ਨੂੰ 'ਏਕਤਾ' ਵਿਚ ਦਿਸਦਾ ਹੈ। ਸਿੱਖਾਂ ਸਾਹਮਣੇ ਸਦਾ ਗੱਲਾਂ ਇਹ ਏਕਤਾ ਦੀਆਂ ਕਰਦੇ ਹਨ ਪਰ ਗ੍ਰਫਤਾਰ ਦੇ ਇਹਨਾਂ ਗਾਜ਼ੀਆਂ ਦਾ ਕਿਰਦਾਰ ਦੇ ਖੇਤਰ ਵਿਚ ਮੂੰਹ-ਮੁਹਾਂਦਰਾ ਪੰਜਾਬ ਦੇ ਅਕਾਲੀਆਂ ਨਾਲ ਹੀ ਮਿਲਦਾ ਹੈ ! ਹੋਕਾ ਇਹ ਏਕਤਾ ਦਾ ਦਿੰਦੇ ਹਨ, ਪਰ ਅਮਲ ਇਹਨਾਂ ਦਾ ਅਨੇਕਤਾ ਵਾਲਾ ਹੈ। ਪੰਜਾਬੀ ਦਾ ਮੁਹਾਵਰਾ 'ਹੋਕਾ ਦਿੱਤਾ ਵੰਗਾਂ ਦਾ ਤੇ ਕੱਢ ਵਿਖਾਇਆ ਚੱਕੀ ਰਾਹਾਂ' ਇਹਨਾਂ ਤੇ ਪੂਰੀ ਤਰਾਂ ਢੁੱਕਦਾ ਹੈ। ਕੌਮ ਦੇ ਇਹਨਾਂ ਚਿੱਟੇ ਹਾਥੀਆਂ ਦੇ ਖਾਣ ਦੇ ਦੰਦ ਹੋਰ ਹਨ ਤੇ ਵਿਖਾਉਂਣ ਦੇ ਹੋਰ ! ਇਹਨਾਂ ਸਭਨਾਂ ਨੂੰ ਮੈਂ ਕੱਚੇ ਤਾਂ ਨਹੀਂ ਕਹਿੰਦਾ ਪਰ ਕਿਸੇ ਵਿਰਲੇ-ਵਾਂਝੇ ਨੂੰ ਛੱਡ ਕੇ ਇਹਨਾਂ ਸਭਨਾਂ ਦੇ ਮਨ 'ਚ ਕੁਝ ਹੋਰ ਹੈ ਤੇ ਮੂੰਹ 'ਤੇ ਕੁਝ ਹੋਰ! ਗੁਰੂ ਕੇ ਗੋਲੇ ਸਿੱਖਾਂ ਦੇ ਇਹ ਅੱਧੀ ਦਰਜਨ ਚੀਨੇ-ਲੀਡਰ ਲਗਪਗ ਸਾਰੇ ਹੀ 'ਹਉਮੈ ਦੀਰਘ ਰੋਗ' ਦੇ ਸ਼ਿਕਾਰ ਹਨ। ਇਹਨਾਂ ਸਭਨਾਂ ਨੇ ਆਪਣੇ ਉਦਾਲੇ ਹਉਮੈ ਦੀਆਂ ਕਾਰਾਂ ਹੀ ਨਹੀਂ ਦੀਵਾਰਾਂ ਕੱਢੀਆਂ ਹੋਈਆਂ ਹਨ ਜਿਹਨਾਂ ਨੂੰ ਇਹਨਾਂ ਚੋਂ ਸੱਚੇ-ਦਿਲੋਂ ਕੋਈ ਢਾਹੁਣ ਲਈ ਤਿਆਰ ਨਹੀਂ। ਇਕ ਹੱਡ-ਬੀਤੀ ਮਿਸਾਲ ਦੇ ਕੇ ਲੇਖ ਸੰਤੋਖਾਂਗਾ –

ਟਰਾਂਟੋ ਕੁਝ ਮਿੱਤਰ-ਸਿੱਖਾਂ ਦੀ ਇਕ ਬੈਠਕ ਵਿਚ ਕੌਮ ਦੀ ਵਰਤਮਾਨ ਹਾਲਤ ਤੇ ਵਿਚਾਰਾਂ ਹੋ ਰਹੀਆਂ ਸਨ। ਮਿੱਤਰਾਂ ਦਾ ਸੁਝਾਅ ਸੀ ਕਿ ਇਸ ਸੰਕਟਮਈ ਸਮੇਂ ਵਿਦੇਸ਼ੀ ਸਿੱਖ-ਜਥੇਬੰਦੀਆਂ 'ਚ ਏਕਤਾ ਲਈ ਮੇਰੇ ਵੱਲੋਂ ਇਹਨਾਂ ਦੇ ਲੀਡਰਾਂ ਦੀ ਇਕ ਇਕੱਤਰਤਾ ਬੁਲਾਈ ਜਾਵੇ। ਮੇਰਾ ਕਹਿਣਾ ਸੀ ਕਿ ਮੈਂ ਇਸ ਮਸਲੇ ਉਤੇ ਪੰਜਾਬੀ ਪ੍ਰੈਸ ਨੂੰ ਇਕ ਪ੍ਰੇਰਨਾਮਈ-ਆਰਟੀਕਲ ਲਿਖ ਸਕਦਾ ਹਾਂ ਪਰ ਇਸ ਮੀਟਿੰਗ ਦਾ ਪ੍ਰਬੰਧ ਹੋਰ ਸੱਜਣ ਕਰਨ ਤੇ ਸੰਪਰਕ ਲਈ ਵੀ ਕਿਸੇ ਹੋਰਸ ਦਾ ਹੀ ਫੋਨ ਦਿੰਤਾਜਾਵੇ। ਪਰ ਮਿੱਤਰਾਂ ਦੀ ਦਲੀਲ ਸੀ ਕਿ ਇਹ ਇਕੱਤਰਤਾ ਕਿਸੇ ਜਥੇਬੰਦੀ ਨਾਲ ਸਬੰਧਤ ਵਿਅਕਤੀ ਵਲੋਂ ਬੁਲਾਣ ਨਾਲ ਦੂਸਰੀਆਂ ਜਥੇਬੰਦੀਆਂ ਇਸ ਵਿਚ ਸ਼ਾਮਲ ਨਹੀਂ ਹੋਣਗੀਆਂ ਤੇ ਇਹ ਇਕੱਤਰਤਾ ਨਿਰਪੱਖ ਤੌਰ ਤੇ ਮੈਂ ਹੀ ਬੁਲਾਵਾਂ। ਬਾਵਜੂਦ ਮੇਰੀ ਨਾਂਹ-ਨੁੱਕਰ ਦੇ, ਇਸ ਮੀਟਿੰਗ ਨੂੰ ਬੁਲਾਣ ਤੇ ਸੰਪਰਕ ਲਈ ਮੇਰਾ ਫੋਨ ਦੇਣ ਦੇ, ਮਿੱਤਰਾਂ ਦੇ ਇਸ ਫੈਸਲੇ ਸਾਹਵੇਂ ਮੈਨੂੰ ਸਿਰ ਝੁਕਾਉਂਣ ਬਿਨਾਂ ਕੋਈ ਚਾਰਾ ਨਹੀਂ ਸੀ। ਖੈਰ! ਵਾਅਦੇ ਅਨੁਸਾਰ ਮੈਂ "ਇਕ ਪੈਗ਼ਾਮ-ਪ੍ਰਦੇਸੀ ਸਿੱਖ-ਲੀਡਰਾਂ ਦੇ ਨਾਮ" ਪੰਜਾਬੀ-ਪ੍ਰੈਸ ਨੂੰ ਰੀਲੀਜ਼ ਕਰਕੇ 4 ਮਾਰਚ, 89 ਨੂੰ ਸਬੰਧਤ ਇਕੱਤਰਤਾ ਗੁਰਦੁਆਰਾ ਸਾਹਿਬ ਸਟਾਕਟਨ (ਕੈਲੇਫੋਰਨੀਆਂ) ਵਿਚ ਰੱਖ ਲਈ। ਇਕੱਤਰਤਾ ਲਈ ਸਿਰਫ ਅਖ਼ਬਾਰਾਂ ਰਾਹੀਂ ਖੁਲ੍ਹਾ ਸੱਦਾ ਦੇ ਕੇ ਇਹਨਾਂ ਦੇ ਲੀਡਰਾਂ ਨੂੰ ਵਿਦੇਸ਼ੀ ਸਿੱਖ-ਜਥੇਬੰਦੀਆਂ ਦੀ ਇਕ ਤਾਲਮੇਲ-ਕਮੇਟੀ ਕਾਇਮ ਕਰਨ ਦਾ ਬਾਨ੍ਹਣੂੰ ਬੁੰਨਣ ਲਈ ਕਿਹਾ ਗਿਆ ਸੀ ਤੇ ਅੱਗੋਂ ਉਹਨਾਂ ਆਪ ਦੂਸਰੀ ਇਕੱਤਰਤਾ ਸੱਦ ਕੇ ਵੱਖੋ-ਵੱਖਰੇ ਕਾਰਜਾਂ ਲਈ ਸਬ-ਕਮੇਟੀਆਂ ਬਣਾਣ ਆਦਿ ਦੇ ਕਾਰਜ ਨੂੰ ਆਪਣੇ ਹੱਥਾਂ 'ਚ ਲੈਣਾ ਸੀ। 18 ਫਰਵਰੀ, 89 ਦੇ ਦਿਨ, ਭਾਵ ਇਕੱਤਰਤਾ ਤੋਂ ਪਹਿਲੋਂ ਗੁਰਦੁਆਰਾ ਫਰੀਮਾਂਟ (ਕੈਲੇਫੋਰਨੀਆਂ) 'ਚ ਡਾ: ਔਲਖ ਲਈ ਫੰਡ-ਰੇਜ਼ਿੰਗ ਅਤੇ ਸਿਰੋਪਾਓ ਦੇਣ ਦਾ ਸਮਾਗਮ ਸੀ। ਸਮਾਗਮ ਤੇ ਮਿਲਿਆਂ ਮੈਂ ਸਬੰਧਤ ਇਕੱਤਰਤਾ ਦੀ ਗੱਲ ਕੀਤੀ

ਤਾਂ ਕਹਿਣ ਲੱਗੇ "ਮੈਂ ਤਾਂ ਨਹੀਂ ਪਹੁੰਚ ਸਕਦਾ"! ਖੈਰ 4 ਮਾਰਚ ਨੂੰ ਇਕੱਤਰਤਾ ਵਿਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਸਿੱਖ ਯੂਥ ਆਫ ਅਮਰੀਕਾ ਅਤੇ ਕੌਂਸਲ ਆਫ ਖਾਲਿਸਤਾਨ ਦੇ ਨੁਮਾਇੰਦੇ ਸ਼ਾਮਲ ਹੋਏ। ਮੇਰੇ ਮੀਟਿੰਗ ਵਿਚ ਰੱਖੇ ਗਏ ਸਾਰੇ ਮਤਿਆਂ ਨੂੰ ਸਵੀਕਾਰ ਕੀਤੇ ਜਾਣ ਉਪਰੰਤ ਮੇਰੀ ਬੇਨਤੀ ਸੀ ਕਿ ਇਸ ਕਾਰਜ ਨੂੰ ਹਾਜ਼ਰ ਜਥੇਬੰਦੀਆਂ ਜਾਂ ਇਹਨਾਂ ਚੋਂ ਕੋਈ ਇਕ, ਦੂਸਰੀ ਇਕੱਤਰਤਾ ਬੁਲਾ ਕੇ ਅੱਗੇ ਤੋਰੇ ਪਰ ਹਿਚਕਚਾਹਟ ਤੇ ਬਾਰ-ਬਾਰ ਇਨਕਾਰ ਦੇ ਦੂਸਰੀ ਮੀਟਿੰਗ, ਜਥੇਬੰਦੀਆਂ ਨੂੰ ਇਸ ਵਾਰ ਖਤ ਕੱਢ ਕੇ, ਬੁਲਾਉਣ ਦੀ ਡਿਊਟੀ ਫਿਰ ਮੈਨੂੰ ਸੌਂਪ ਦਿਤੀ ਗਈ। ਇਸ ਸਟਾਕਟਨ-ਇਕੱਤਰਤਾ 'ਚ ਰੱਖੇ ਗਏ ਮਤਿਆਂ ਉਤੇ ਸਮਾਂ ਘੱਟ ਤੇ ਮੁਕੱਦਮਾ W.S.O. ਬਨਾਮ ਔਲਖ ਉਤੇ ਵਧੇਰੇ ਲੱਗਾ ਸੀ। ਯੂਬਾ-ਸਿਟੀ ਨੇੜਿਓਂ ਆਏ ਇਕ ਸੱਜਣ ਜਿਹਨਾਂ ਆਪਣੇ ਆਪ ਨੂੰ ਕੌਂਸਲ ਆਫ ਖਾਲਿਸਤਾਨ ਦਾ ਨੁਮਾਇੰਦਾ ਲਿਖਵਾਇਆ ਸੀ, ਜਾਪਦਾ ਸੀ ਉਹ ਕੌਂਸਲ ਨਹੀਂ W.S.O. ਵਲੋਂ ਬੋਲ ਰਹੇ ਸਨ। ਉਹਨਾਂ ਦਾ ਕਹਿਣਾ ਸੀ ਕਿ ਡਾ: ਔਲਖ ਨੇ ਕੌਂਸਲ ਆਫ ਖਾਲਿਸਤਾਨ ਦੇ ਨਾਲ ਇਕ ਇੰਟਰਨੈਸ਼ਨਲ ਸਿੱਖ ਆਰਗੇਨਾਈਜ਼ੇਸ਼ਨ ਦਾ ਬੋਰਡ ਵੀ ਲਗਾ ਰੱਖਿਆ ਹੈ... ਸੰਗਤਾਂ ਦੀ ਮਾਇਆ ਸਿਰਫ ਕੌਂਸਲ ਦੇ ਖਾਤੇ ਵਿਚ ਹੀ ਨਹੀਂ ਜਾਂਦੀ... ਉਹ ਹੋਰਨਾਂ ਭਾਵ ਸਾਡਾ ਕੰਮ ਵੀ ਆਪਣੇ ਖਾਤੇ ਵਿਚ ਹੀ ਪਾ ਰਹੇ ਹਨ... ਆਦਿ ਆਦਿ। ਦੂਸਰੇ ਪਾਸੇ ਸਿੱਖ ਯੂਥ ਆਫ ਅਮਰੀਕਾ ਦੇ ਬੁਲਾਰੇ ਦੀ ਰਾਇ ਡਾ: ਔਲਖ ਦੇ ਹੱਕ ਵਿਚ ਸੀ।

ਮੈਨੂੰ ਪਤਾ ਹੈ ਕਿ ਲੀਡਰ-ਲੋਕ ਹੋਰ ਕੁਝ ਕਰਨ ਭਾਵੇਂ ਨਾ ਕਰਨ ਪਰ ਅਖਬਾਰਾਂ ਜਰੂਰ ਪੜ੍ਹਦੇ ਹਨ। ਸਾਰੀਆਂ ਜਥੇਬੰਦੀਆਂ ਦੇ ਲੀਡਰ ਏਕਤਾ ਬਾਰੇ ਬਿਆਨ ਵੀ ਆਏ ਦਿਨ ਅਖਬਾਰਾਂ ਵਿਚ ਦਾਗਦੇ ਹਨ। ਪਰ ਸਟਾਕਟਨ-ਇਕੱਤਰਤਾ ਲਈ W.S.O. ਨੇ ਮੇਰੇ ਵਲੋਂ ਸੁੱਭਰ ਦਾ ਸੰਘਣਾ ਘੁੰਡ ਕੱਢ ਰੱਖਿਆ ਸੀ। ਇਥੋਂ ਤੱਕ ਕਿ ਉਥੋਂ ਨਿਕਲਦੇ ਤੇ W.S.O. ਦੇ ਕਹੇ ਜਾਂਦੇ ਪਰਚੇ 'ਵਰਲਡ ਸਿੱਖ ਨਿਊਜ਼' ਨੇ ਮੇਰਾ, ਲਗਪਗ ਸਾਰੇ ਵਿਦੇਸ਼ੀ ਪੰਜਾਬੀ-ਪ੍ਰੈਸ ਵਿਚ ਛਪਿਆ,ਇਸ ਇਕੱਤਰਤਾ ਸਬੰਧੀ, ਆਰਟੀਕਲ ਵੀ ਨਹੀਂ ਸੀ ਲਾਇਆ ਤੇ ਇਸਦੇ ਪ੍ਰਬੰਧਕਾਂ ਨੇ ਇਹ ਸਿਰਫ ਇਸ ਲਈ ਗੁੱਛੀ-ਮੁੱਛੀ ਕਰਕੇ ਰੱਖ ਲਿਆ ਸੀ ਕਿਉਂਕਿ ਮੇਰੇ ਆਰਟੀਕਲ ਵਿਚ ਇਹ ਸ਼ਬਦ ਸਨ 'ਜਿਵੇਂ ਪੰਜਾਬ 'ਚ ਅਕਾਲੀ ਆਪਣਾ ਕੋਈ ਮਜ਼ਬੂਤ ਪ੍ਰੈਸ ਨਹੀਂ ਸਥਾਪਤ ਕਰ ਸਕੇ, ਇਵੇਂ ਵਿਦੇਸ਼ੀ ਸਿੱਖ-ਲੀਡਰਸ਼ਿਪ ਵੀ ਅੰਗਰਜ਼ੀ ਜਾਂ ਪੰਜਾਬੀ ਦਾ ਕੋਈ ਧੜੱਲੇਦਾਰ ਅਖਬਾਰ ਨਹੀਂ ਕੱਢ ਸਕੀ। ਜਿਸਨੂੰ ਸਮੁੱਚੇ ਸਿੱਖ-ਸੰਸਾਰ ਦੀ ਆਵਾਜ਼ ਕਿਹਾ ਜਾ ਸਕੇ।' ਇੰਵ ਸਬੰਧਤ ਅਖਬਾਰ ਲਈ ਹਮੇਸ਼ਾ W.S.O. ਦਾ ਨਾਂ ਵਰਤਦੇ ਪ੍ਰਬੰਧਕਾਂ ਲਈ ਇਹ ਪਰਚਾ 'ਸਮੁੱਚੇ ਸਿੱਖ-ਸੰਸਾਰ ਦੀ ਆਵਾਜ਼' ਸੀ ਪਰ ਮੈਨੂੰ ਉਹ ਸਿੱਖਾਂ ਵਿਚ ਸ਼ਾਮਲ ਨਹੀਂ ਸਨ ਸਮਝਦੇ। ਕੌਮ ਦੀ ਏਕਤਾ ਉਹਨਾਂ ਨੂੰ ਸ਼ਾਇਦ ਇਸ ਲਈ ਵਾਰਾ ਨਹੀਂ ਸੀ ਖਾਂਦੀ ਕਿਉਂਕਿ ਇਸ ਸਬੰਧੀ ਇਕੱਤਰਤਾ ਜੁ ਮੇਰੇ ਵਲੋਂ ਸੱਦੀ ਗਈ ਸੀ ! ਮੈਂ ਜੋ ਇਕ ਸਾਧਾਰਨ ਸਿੱਖ ਸਾਂ, ਲੀਡਰ ਨਹੀਂ ਸਾਂ ! ਖੈਰ ਇਕੱਤਰਤਾ 'ਚ WSO ਦਾ ਕੋਈ ਨੁਮਾਇੰਦਾ ਨਾ ਪਹੁੰਚਾ, ਡਾ: ਔਲਖ ਨੂੰ ਸਮਾਂ ਨਹੀਂ ਸੀ, ਡਾ: ਜਗਜੀਤ ਸਿੰਘ, ਜ: ਗੁਰਮੇਜ ਸਿੰਘ ਪਾਸ, ਨਾ ਪਹੁੰਚ ਸਕਣ ਦਾ ਸੁਨੇਹਾਂ ਦੇਣ ਤੱਕ ਦੀ ਫੁਰਸਤ ਨਹੀਂ ਸੀ। ਇਹਨਾਂ ਲੀਡਰਾਂ ਦੇ ਦਿਲ 'ਚ ਕੌਮ ਲਈ ਦਰਦ ਹੈ-ਏਕਤਾ ਦੀ ਤਾਂਘ ਹੈ ਪਰ ਅਜਿਹੀ ਮੀਟਿੰਗ ਲਈ ਫੁਰਸਤ ਨਹੀਂ ! ਉਂਵ ਮੈਨੂੰ ਯਕੀਨ ਹੈ ਕਿ ਜੇ ਇਸ ਮੀਟਿੰਗ ਥਾਂਵੇਂ ਇਥੇ ਕੋਈ ਫੰਡ-ਰੇਜ਼ਿੰਗ ਜਾਂ ਗਲ 'ਚ ਹਾਰ ਪਾਉਣ ਆਦਿ ਦਾ ਸਮਾਗਮ ਹੁੰਦਾ ਤਾਂ ਸ਼ਾਇਦ ਅਜਿਹਾ ਸੁਭਾਗ-ਸਮਾਂ ਕੋਈ ਦਿਲ-ਗੁਰਦੇ ਵਾਲਾ ਲੀਡਰ ਹੀ ਹੱਥੋਂ ਜਾਣ ਦਿੰਦਾ। ਇਸ ਮੀਟਿੰਗ ਉਪਰੰਤ ਸਰੀ (ਕੈਨੇਡਾ) ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਸਮਾਗਮ ਦਾ ਬੁਲਾਵਾ ਆਉਣ ਉਤੇ ਉਥੇ ਮੈਨੂੰ ਸੱਜਰੇ-ਸੱਜਰੇ ਪਾਕਿਸਤਾਨੋਂ ਪੁੱਜੇ ਭਾਈ ਸਤਿੰਦਰਪਾਲ ਸਿੰਘ ਦੇ ਏਕਤਾ ਸਬੰਧੀ ਵਿਚਾਰ ਸੁਣਨ ਦਾ ਮੌਕਾ ਮਿਲਿਆ। ਉਹਨਾਂ ਦੀ ਕੁਰਬਾਨੀ ਤੇ ਏਕਤਾ ਲਈ ਉਤਸ਼ਾਹ ਤੋਂ ਪ੍ਰਭਾਵਤ ਹੋ ਕੇ ਮੈਂ ਸਟਾਕਟਨ-ਇਕੱਤਰਤਾ ਵਿਚਲੀ ਦੂਸਰੀ ਮੀਟਿੰਗ ਬੁਲਾਣ ਲਈ ਲੱਗੀ ਆਪਣੀ ਜ਼ਿਮੇਵਾਰੀ ਦੱਸ ਕੇ ਕਿਹਾ ਕਿ ਜੇ ਉਹ ਵੀ ਏਕਤਾ ਦਾ ਕੋਈ ਅਜਿਹਾ ਉਪਰਾਲਾ ਕਰਨਾ ਚਾਹੁੰਦੇ ਹਨ ਤਾਂ ਬੇਸ਼ਕ ਸਟਾਕਟਨ-ਇਕੱਤਰਤਾ ਦੀ ਦੂਜੀ ਇਕੱਤਰਤਾ ਰਲ ਕੇ ਜਾਂ ਉਹ ਆਪ ਬੁਲਾ ਲੈਣ, ਖਤ-ਪੱਤ੍ਰ ਵੀ ਮੈਂ ਕੱਢ ਦਿਆਂਗਾ। ਉਹ

ਸਹਿਮਤ ਹੋਏ। ਫੋਨ ਉਤੇ ਦੋ ਵਰ ਗੱਲ ਹੋਈ ਕਿ 30 ਅਪ੍ਰੈਲ ਨੂੰ ਨਗਰ-ਕੀਰਤਨ ਉਤੇ ਸਨਫਰਾਂਸਿਸਕੋ ਫੈਸਲਾ ਕਰਾਂਗੇ। ਸਨਫਰਾਂਸਿਸਕੋ ਸਤਿੰਦਰਪਾਲ ਸਿੰਘ ਹੋਰਾਂ ਦਾ ਵਿਚਾਰ ਸੀ- 'ਸਾਰਿਆਂ ਨਾਲ ਸਲਾਹ ਕਰਕੇ ਬੁਲਾਵਾਂਗੇ।' ਦੋ ਤਿੰਨ ਵੇਰ ਫੋਨ ਕੀਤਾ, ਮਿਲੇ ਨਾ। ਇਕ ਵੇਰ ਅਖਬਾਰ 'ਚ ਜ਼ਿਕਰ ਕੀਤਾ ਕੋਈ ਅਸਰ ਨਹੀਂ ! ਮੈਨੂੰ, ਇਕ ਸਾਧਾਰਨ-ਸਿੱਖ ਨੂੰ ਦੂਸਰੀ ਮੀਟਿੰਗ ਸੱਦਣ ਦੀ ਆਪਣੀ ਹਾਮੀ ਭਰੀ, ਸਿੱਦਤ ਨਾਲ ਹਰ ਸਮੇਂ ਖਟਕਦੀ ਸੀ! ਆਪਣਾ ਭਾਈ ਸਤਿੰਦਰ ਪਾਲ ਸਿੰਘ ਨੂੰ ਇਕੱਠਿਆਂ ਮੀਟਿੰਗ ਬੁਲਾ ਲੈਣ ਲਈ ਕਿਹਾ ਵੀ ਯਾਦ ਸੀ ਪਰ ਸਤਿੰਦਰ ਪਾਲ ਸਿੰਘ ਹੁਰੀਂ, ਜਿਹੜੇ ਇਕ ਲੀਡਰ ਹਨ ! ਉਹਨਾਂ ਜਿਹੜਾ ਕੱਟਾ ਮੇਰੇ ਗੰਡੇ ਨਾਲ ਬ੍ਹੰਨ ਦਿੱਤਾ ਸੀ, ਉਸਨੂੰ ਖੋਹਲਣ ਦਾ ਜਾਂ ਇਸ ਸਬੰਧੀ ਆਪਣੀ ਮਜ਼ਬੂਰੀ ਦੱਸਣ ਦਾ ਉਹਨਾਂ ਨੂੰ ਅੱਜ ਤੱਕ ਚੇਤਾ ਨਹੀਂ ਆਇਆ !

ਕੁਝ ਦਿਨ ਪਹਿਲੋਂ ਡਾ: ਔਲਖ ਦਾ ਫੋਨ ਆਉਣ ਤੇ ਮੈਂ ਸਟਾਕਟਨ ਮੀਟਿੰਗ ਤੋਂ ਅਗਲੀ ਮੀਟਿੰਗ ਬੁਲਾਣ ਦੀ ਗੱਲ ਤੋਰੀ ਤਾਂ ਉਹਨਾਂ ਦਾ ਫੁਰਮਾਨ ਸੀ, "ਸਿੰਘੋ! ਇਹਨਾਂ ਏਕਤਾ-ਊਕਤਾ ਮੀਟਿੰਗਾਂ ਦਾ ਕੋਈ ਫਾਇਦਾ ਨਹੀਂ।' ਪਿੱਛੇ ਜਿਹੇ ਅਜਿਹੀ ਹੀ ਹੋਈ ਇਕ ਏਕਤਾ-ਮੀਟਿੰਗ ਸਬੰਧੀ ਉਹਨਾਂ ਦੱਸਿਆ ਕਿ ਉਹਨਾਂ ਨੂੰ ਉਥੇ ਇਸ ਲਈ 'ਜਾਣਾ ਪਿਆ' ਕਿਉਂਕਿ ਪ੍ਰਬੰਧਕਾਂ ਨੇ ਉਹਨਾਂ ਨੂੰ ਟਿਕਟ ਭੇਜ ਦਿੱਤੀ ਸੀ!

ਖੈਰ ! ਮੇਰਾ ਉਪਰੋਕਤ ਲੰਬਾ ਅਕਾਊ-ਵੇਰਵਾ ਦੇਣ ਤੋਂ ਮੰਤਵ, ਇਹਨਾਂ ਲੀਡਰਾਂ ਦਾ ਅਜਿਹੀਆਂ ਏਕਤਾ-ਇਕੱਤਰਤਾਵਾਂ ਸਬੰਧੀ ਨਜ਼ਰੀਆ ਸਿੱਖਾਂ ਸਾਹਵੇਂ ਰੱਖਣਾ ਹੈ। ਜੋ ਇਹ ਏਕਤਾ ਸਬੰਧੀ, ਸਿੱਖਾਂ ਨੂੰ ਇਕੱਠੇ ਹੋਣ ਸਬੰਧੀ, ਸਟੇਜਾਂ ਤੇ ਰੋਜ਼ ਭਾਸ਼ਣ ਝਾੜਦੇ ਹਨ ਪਰ ਆਪ ਇਹਨਾਂ ਤੇ ਢਿੱਡੋਂ ਅਮਲ ਕਰਨ ਲਈ ਗੰਭੀਰ ਨਹੀਂ ਤੇ ਪਹਿਲੋਂ ਹੀ ਇਹਨਾਂ ਦੀ ਧਾਰਨਾ ਹੈ ਕਿ ਅਜਿਹੀਆਂ ਮੀਟਿੰਗਾਂ ਦਾ ਫਾਇਦਾ ਹੀ ਕੋਈ ਨਹੀਂ ਤਾਂ ਅਜਿਹੀਆਂ ਇਕੱਤਰਤਾਵਾਂ ਦਾ ਆਯੋਜਨ ਕਰਕੇ ਲੀਡਰਾਂ ਨੂੰ ਮੋੜੇ ਲਾ ਲਾ ਇਹਨਾਂ ਵਿਚ ਲਿਆਉਂਣਾ, ਕਿਸੇ ਨੂੰ ਕੁੱਟ ਕੇ ਖੀਰ ਖੁਆਉਂਣ ਵਾਲੀ ਗੱਲ ਜਾਂ 'ਰੋਂਦਾ ਘੋੜੀ ਚੁਾਤੀਏ ...' ਵਾਲੀ ਬਾਤ ਹੈ। ਅਜਿਹੀ ਕਿਸੇ ਕੋਸ਼ਿਸ਼ ਨਾਲ ਬੱਧੇ-ਰੁੱਧੇ ਇਹਨਾਂ ਨੂੰ ਘੇਰ ਕੇ ਇਕ ਮੇਜ਼ ਉਤੇ ਬਿਠਾ ਵੀ ਲਿਆ ਜਾਏ ਤਾਂ ਜੇ ਇਹਨਾਂ ਦਾ ਮਨ ਸਾਫ ਨਹੀਂ ਤਾਂ ਨਤੀਜਾ-'ਬੱਧਾ ਚੱਟੀ ਜੋ ਭਰੇ ਨਾ ਗੁਣ ਨਾ ਉਪਕਾਰ' ਵਾਲਾ ਹੀ ਹੋਏਗਾ।

ਸਟਾਕਟਨ-ਇਕੱਤਰਤਾ ਮੈਂ ਸਿੱਖ-ਭਾਵਨਾਵਾਂ ਨੂੰ ਮਹਿਸੂਸ ਕਰਦਿਆਂ ਕੁਝ ਮਿੱਤਰਾਂ ਦੇ ਮਸ਼ਵਰੇ ਉਤੇ ਇਕ ਸਾਧਾਰਨ-ਸਿੱਖ ਵਾਲੀ ਸੁਹਿਰਦਤਾ ਨਾਲ ਬੁਲਾਈ ਸੀ ਕਿਸੇ ਕਰੈਡਿਟ ਲੈਣ ਦੀ ਭਾਵਨਾ ਨਾਲ ਹਰਗਿਜ਼ ਨਹੀਂ। ਕਿਸੇ ਵੱਡੇ ਲੀਡਰ ਨੂੰ ਮੇਲਾ ਪਾਉਂਣਾ ਜਾਂ ਟਿਕਟ ਭੇਜ ਸਕਣਾ ਨਾ ਮੇਰੀ ਸੋਚ ਸੀ ਨਾ ਸਮਰੱਥਾ ! ਉਪਰੋਕਤ ਦਿਤੇ ਵੇਰਵੇ ਦੀ ਰੋਸ਼ਨੀ ਵਿਚ ਇਹਨਾਂ ਲੀਡਰਾਂ ਦੀਆਂ ਏਕਤਾ ਸਬੰਧੀ ਭਾਵਨਾਵਾਂ ਨੂੰ ਭਾਪਦਿਆਂ ਅਤੇ ਹੁਣ ਜਦੋਂ ਕਿ ਸਟਾਕਟਨ-ਇਕੱਤਰਤਾ ਤੋਂ ਬਾਅਦ ਇਸੇ ਹੀ ਪੈਟਰਨ ਉਤੇ ਕੁਝ ਜਥੇਬੰਦੀਆਂ ਨਾਲ ਸਬੰਧਤ ਸੱਜਣਾਂ ਵਲੋਂ ਇਕ ਇਕੱਤਰਤਾ ਹੋ ਚੁੱਕੀ ਹੈ ਤੇ ਦੋ ਵੱਖੋ ਵੱਖ ਹੋਰ ਹੋ ਰਹੀਆਂ ਹਨ ਤਾਂ ਸਟਾਕਟਨ ਮੀਟਿੰਗ ਦੀ ਪੂਰਕ-ਮੀਟਿੰਗ ਸੱਦਣਾ ਇਕੋ ਕਾਰਜ ਨੂੰ ਤੀਹਰ-ਚੌਹਰ ਪਾਉਂਣ ਵਾਲੀ ਗੱਲ ਹੋਏਗੀ ਜਿਸਦਾ ਨਤੀਜਾ ਲੀਡਰ ਲੋਕਾਂ ਨੂੰ ਇਕੱਠੇ ਕਰਨ ਦੀ ਥਾਂਵੇਂ ਵੰਡਣ ਦਾ ਵਧੇਰੇ ਨਿਕਲ ਸਕਦਾ ਹੈ। ਨਾਲੇ ਇਹ ਉਹਨਾਂ ਨੂੰ ਵਧੇਰੇ ਕਸ਼ਟ ਦੇਣਾ ਹੀ ਹੋਏਗਾ। ਇਸ ਲਈ ਮੇਰੇ ਵਲੋਂ ਉਪਰੋਕਤ ਕਾਰਨਾਂ ਦੀ ਰੋਸ਼ਨੀ ਵਿਚ ਦੂਸਰੀ ਇਕੱਤਰਤਾ ਬੁਲਾਣ ਦਾ ਇਰਾਦਾ ਫਿਲਹਾਲ ਤਰਕ ਹੈ। ਮੇਰਾ ਮੰਤਵ ਸਿਰਫ ਵਿਦੇਸ਼ੀ ਸਿੱਖ-ਜਥੇਬੰਦੀਆਂ ਵਿਚਕਾਰ ਤਾਲਮੇਲ ਦੇ ਖਿਆਲ ਨੂੰ ਪ੍ਰੋਤਸਾਹਨ ਕਰਨਾ ਸੀ ਜੇ ਇਸੇ ਕਾਰਜ ਨੂੰ ਅੱਗੇ ਤੋਰਨ ਲਈ ਹੋਰ ਸੱਜਣ ਯਤਨਸ਼ੀਲ ਹੋਏ ਹਨ ਤਾਂ ਮੈਂ ਉਹਨਾਂ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ। ਦੋ ਸਤੰਬਰ ਨੂੰ ਜੋ ਕੈਨਸਿਸ-ਸਿਟੀ 'ਚ ਇਕੱਤਰਤਾ ਹੋਈ ਹੈ ਪਤਾ ਲੱਗਾ ਹੈ ਕਿ ਉਸਦੀ ਦੂਸਰੀ ਪੂਰਕ-ਮੀਟਿੰਗ ਸ਼ਿਕਾਗੋ ਵਿਚ ਹੋ ਰਹੀ ਹੈ। ਇਸਦੇ ਆਯੋਜਕ ਸੱਜਣਾਂ ਨੂੰ ਨਿਮਰਤਾ ਸਹਿਤ ਦੋ ਸੁਝਾਅ ਦੇਣੇ ਉਚਿੱਤ ਸਮਝਾਂਗਾ। ਪਹਿਲਾ, ਇਹ ਕਿ

ਆਪਣੇ ਘੇਰੇ ਨੂੰ ਉਹ ਨਾਰਥ ਅਮਰੀਕਾ ਤੱਕ ਮਹਿਦੂਦ ਨਾ ਰੱਖ ਕੇ ਸਾਰੀਆਂ ਵਿਦੇਸ਼ੀ ਸਿੱਖ-ਜਥੇਬੰਦੀਆਂ ਨੂੰ ਜੋੜਨ ਲਈ ਹੋਰ ਵਿਸ਼ਾਲ ਕਰਨ। ਦੂਜੇ, ਇਸ ਵਿਚ ਜਥੇਬੰਦੀਆਂ ਦੇ ਛੁਟੇਰੇ-ਹਿਤਾਂ ਤੋਂ ਉਪਰ ਉਠ ਕੇ ਵਡੇਰੇ ਪੰਥਕ ਤੇ ਕੌਮੀ-ਹਿਤਾਂ ਨੂੰ ਮੱਦੇ-ਨਜ਼ਰ ਰੱਖਣ। ਉਡਦੀ-ਉਡਦੀ ਇਕ ਇਹ ਵੀ ਖਬਰ ਹੈ ਕਿ ਨਵੰਬਰ 'ਚ ਯੂਬਾ ਸਿਟੀ 'ਚ ਹੋ ਰਹੇ ਨਗਰ-ਕੀਰਤਨ ਸਮੇਂ ਵੀ ਇਕ 'ਵਰਲਡ ਸਿੱਖ ਕਨਵੈਨਸ਼ਨ' ਰੱਖੀ ਜਾ ਰਹੀ ਹੈ ਜਿਸਦੇ ਅਖਬਾਰ 'ਚ ਛਪੇ 14 ਨੁਕਤਿਆਂ ਚੋਂ ਪਹਿਲਾ ਹੈ- 'ਇਸ ਕਾਨਫਰੰਸ ਨੂੰ ਬੁਲਾ ਕੇ ਕੌਮ ਦੇ ਨਿਸ਼ਾਨੇ ਤੇ ਪ੍ਰੋਗਰਾਮ ਦਾ ਫੈਸਲਾ ਕਰਾਉਂਣਾ।' ਪਰ ਜੇ ਇਸ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਅਜੇ ਤਕ ਕੌਮ ਦੇ ਨਿਸ਼ਾਨੇ ਦਾ ਵੀ ਪਤਾ ਨਹੀਂ ਤੇ ਉਹ ਇਸ ਸਬੰਧੀ ਅਜੇ ਹੋਰ ਫੈਸਲਾ ਕਰਾਉਂਣਾ ਚਾਹੁੰਦੇ ਹਨ ਤਾਂ ਇਹ ਸਿੱਖਾਂ ਨੂੰ ਹੋਰ ਭੰਬਲ-ਭੂਸੇ ਪਾਉਂਣ ਵਾਲੀ ਹੀ ਗੱਲ ਹੈ !

ਅੱਜ ਜਦੋਂ ਕਿ ਦਿੱਲੀ, ਸ੍ਰੀ ਅਕਾਲ ਤਖਤ ਸਾਹਿਬ ਦੀ ਮਾਨ-ਮਰਿਆਦਾ ਨੂੰ ਠੇਸ ਪਹੁੰਚਾਉਂਣ ਉਪਰੰਤ ਦਮਦਮੀ-ਟਕਸਾਲ ਨੂੰ ਖੇਰੂ-ਖੇਰੂ ਕਰਨ ਤੇ ਤੁਲੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋ : ਗੁ: ਪ੍ਰ: ਕਮੇਟੀ ਆਦਿ ਉਚੱਤਮ ਸਿੱਖ-ਸੰਸਥਾਵਾਂ ਤਬਾਹ ਹੋਣ ਦੇ ਕਿਨਾਰੇ ਤੇ ਆਣ ਖੜੀਆਂ ਹਨ। ਕੌਮ, ਜ਼ੁਲਮ ਦੇ ਪੁਤਾਂ ਵਿਚਕਾਰ ਪਿਸ ਰਹੀ ਹੈ। ਕੁਰਸੀ-ਪ੍ਰੱਸਤ ਸੁਆਰਥੀ ਅਕਾਲੀਆਂ ਦੇ ਕੌਮੀ- ਜਦੋਜਹਿਦ ਦੀ ਪੰਜਾਲੀ ਸਿੱਟਣ ਉਪਰੰਤ ਕੁਝ ਮਰਜੀਵੜੇ-ਨੌਜਵਾਨ ਸਿਰਾਂ ਤੇ ਕੱਫਣ ਬੰਨ ਕੇ ਸਿੱਖ-ਹੱਕਾਂ ਦੀ ਜੰਗ ਵਿਚ ਜੂਝ ਰਹੇ ਹਨ ਤਾਂ ਸਿੱਖ-ਸੰਘਰਸ਼ ਦੀ ਵੱਡੀ ਜ਼ਿਮੇਵਾਰੀ ਵਿਦੇਸ਼ੀ-ਸਿੱਖਾਂ ਵਿਸ਼ੇਸ਼ਕਰ ਉਹਨਾਂ ਦੀਆਂ ਜਥੇਬੰਦੀਆਂ ਦੇ ਲੀਡਰਾਂ ਸਿਰ ਪੈਂਦੀ ਹੈ।

ਵਿਦੇਸ਼ੀ ਸਿੱਖਾਂ ਦੇ ਸਾਰੇ ਸਾਧਨ-ਸੋਮੇ ਹੁਣ ਤੱਕ ਸਿੱਖ-ਸੰਘਰਸ਼ ਲਈ ਅਰਪਿਤ ਰਹੇ ਹਨ। ਸਿੱਖ-ਜਥੇਬੰਦੀਆਂ ਦਾ ਵਰਕਰ-ਕੇਡਰ ਪੂਰੀ ਸ਼ਹਿਰਦਤਾ ਨਾਲ ਸਿੱਖ-ਸੰਘਰਸ਼ ਦੀ ਕਾਮਯਾਬੀ ਲਈ ਕਰਮਸ਼ੀਲ ਰਿਹਾ ਹੈ ਪਰ ਇਸ ਸਾਰੀ ਸ਼ਕਤੀ ਤੇ ਸਾਧਨਾਂ ਦਾ ਲਾਭ ਜੇ ਸਿੱਖ-ਸੰਘਰਸ਼ ਨੂੰ ਨਹੀਂ ਪੁੱਜ ਸਕਿਆ ਤਾਂ ਇਸਦਾ ਮੁੱਖ ਕਾਰਨ ਵਿਦੇਸ਼ੀ ਸਿੱਖ-ਲੀਡਰਾਂ ਦਾ ਸ਼ਖਸੀ-ਟਕਰਾਓ ਹੈ ਜਿਸਦੀ ਸਜ਼ਾ ਅੱਜ ਸਾਧਾਰਨ ਸਿੱਖ ਤੇ ਸ਼ਹਿਰਦ-ਵਰਕਰ ਭੁਗਤ ਰਹੇ ਹਨ ਤੇ ਉਹ ਸਿੱਖ-ਸੰਘਰਸ਼ ਤੋਂ ਕਿਨਾਰਾ-ਕਸ਼ੀ ਕਰ ਕੇ ਨਿਰਾਸਤਾ ਵੱਸ ਇਸਤੋਂ ਟੁੱਟ ਰਹੇ ਹਨ। ਵਿਦੇਸ਼ੀ ਸਿੱਖ-ਜਥੇਬੰਦੀਆਂ ਦੀ ਏਕਤਾ ਜਾਂ ਘੱਟੋ-ਘੱਟ ਤਾਲਮੇਲ ਅਜੇ ਵੀ ਸੰਭਵ ਹੈ ਜੇ ਇਹਨਾਂ ਦੇ ਉਪਰਲੇ ਅੱਧੀ ਦਰਜਣ ਲੀਡਰ ਹੀ ਪਹਿਲੋਂ ਅਪਣੇ ਮਨਾਂ ਦੇ ਵੱਟ ਕੱਢ ਕੇ ਆਪਸ ਵਿਚ ਏਕਤਾ ਕਰ ਲੈਣ ! ਹਉਮੈ ਨੂੰ ਦਿਲੋਂ ਤਿਲਾਂਜਲੀ ਦੇ ਦੇਣ !!

ਜੇ ਵਿਦੇਸ਼ੀ ਸਿੱਖ-ਜਥੇਬੰਦੀਆਂ ਦੇ ਇਹ ਉਪਰਲੇ ਅੱਧੀ ਦਰਜਣ ਅਖੌਤੀ-ਲੀਡਰ ਅੱਜ ਕੌਮ ਦੀ ਹਾਲਤ ਤੇ ਤਰਸ ਖਾ ਕੇ, ਚੌਧਰ ਦੀ ਲਾਲਸਾ ਤਿਆਗ ਕੇ ਆਪਸ ਵਿਚ ਬਗਲਗੀਰ ਨਹੀਂ ਹੋ ਸਕਦੇ। ਜੇ ਇਹ ਹੀ ਇਕ ਦੂਸਰੇ ਨੂੰ ਕਾਂਗਰਸੀ ਏਜੰਟ ਗਿਰਦਾਨਦੇ ਹਨ। ਜੇ ਇਹ ਹੀ ਜਥੇਬੰਦੀਆਂ ਦੀਆਂ ਬੇੜੀਆਂ ਦੇ ਮੁਹਾਣੇ ਬਣ ਕੇ ਇਹਨਾਂ ਨੂੰ ਆਪਸ ਵਿਚ ਟਕਰਾਅ ਕੇ ਇਹਨਾਂ ਦੀ ਸ਼ਕਤੀ ਤਬਾਹ ਕਰ ਰਹੇ ਹਨ ਤਾਂ ਇਹਨਾਂ ਦੇ, ਸ਼ਹੀਦਾਂ ਦੇ ਸੁਪਨੇ ਨੂੰ ਸਾਕਾਰ ਕਰਨ, ਜੁਝਾਰੂਆਂ ਨਾਲ ਹਮਦਰਦੀ ਦਾ ਦਮ ਭਰਨ ਤੇ ਕੌਮ ਦੀ ਪੀੜ ਹਰਨ ਦੇ ਨਾਅਰੇ ਕੌਮ ਨਾਲ ਦਿਆਨਤਦਾਰੀ ਨਹੀਂ ਕਪਟ ਹਨ ਤੇ ਇਹ ਪੰਜਾਬ ਦੇ ਅਕਾਲੀਆਂ ਦਾ ਹੀ ਪਰਤਾਂਵਾਂ ਰੂਪ ਹਨ ਤੇ ਇਹ ਵੀ ਸ਼ਹੀਦਾਂ ਦੇ ਖੂੰਨ ਨਾਲ ਆਪਣੀਆਂ ਜਥੇਬੰਦੀਆਂ ਦੇ ਬਨੇਰੇ ਰੰਗ ਰਹੇ ਹਨ ਤੇ ਉਹਨਾਂ ਦਾ ਨਾਂ ਵੇਚ ਕੇ ਆਪਣੀ ਢਿੰਮ-ਢਾਣੀ ਚਲਾ ਰਹੇ ਹਨ!

ਵਿਦੇਸ਼ਾਂ ਵਿਚਲੀ ਸਿੱਖ-ਲਹਿਰ ਨੂੰ ਬਲਵਾਨ ਬਣਾਉਂਣ ਲਈ ਅੱਜ ਲਾਜ਼ਮੀ ਹੈ, ਸਿੱਖ ਆਪਣੀਆਂ ਸਫਾਂ ਵਿਚ ਆ ਰਹੀ ਉਦਾਸੀਨਤਾ ਨੂੰ ਛੰਡ ਕੇ, ਪ੍ਰਾਥਮਿਕਤਾ ਪੰਥ ਨੂੰ ਦਿੰਦਿਆਂ ਹੋਇਆਂ ਚੇਤੰਨਤਾ ਤੇ ਦਲੇਰੀ ਦਾ ਦਾਮਨ ਪਕੜ ਕੇ, ਵਿਅਕਤੀਵਾਦੀ ਤੇ ਹਉਮੈਵਾਦੀ-ਲੀਡਰਾਂ ਨੂੰ ਪਛਾਣਨ ਲਈ ਹੰਭਲਾ ਮਾਰਨ ਤਾਂ ਕਿ ਦਿਆਨਤਦਾਰ ਲਡਿਰਸ਼ਿਪ ਨੂੰ ਉਭਾਰਿਆ ਜਾ ਸਕੇ !

ਆਪਣੇ ਲੀਡਰਾਂ ਦੀਆਂ ਲਗਾਮਾਂ ਆਪਣੇ ਹੱਥਾਂ ਵਿਚ ਮਜ਼ਬੂਤੀ ਨਾਲ ਫੜਨ ਤਾਂ ਕਿ ਇਹਨਾਂ ਦੇ ਕਦਮ ਕੌਮੀ-ਨਿਸ਼ਾਨੇ ਵੱਲ ਹੀ ਵਧਣ !!

ਆਪਣੀ ਸੋਚ, ਆਪਣੇ ਸਾਧਨ, ਆਪਣਾ ਸਹਿਯੋਗ-ਵਿਸ਼ਵਾਸ ਇਹਨਾਂ ਲੀਡਰਾਂ ਨੂੰ ਦੇਣ ਪਰ ਇਹਨਾਂ ਸਾਧਨਾਂ ਦੀ ਵਰਤੋਂ ਸਬੰਧੀ ਪੁੱਛਣ ਦੇ ਹੱਕ ਨੂੰ ਆਪਣਾ ਰਾਖਵਾਂ ਰੱਖਣ ਤੇ ਇਸਨੂੰ ਜੁੱਰਅਤ ਨਾਲ ਵਰਤਣ !!!

ਅੱਜ ਵਿਦੇਸ਼ੀ ਸਿੱਖਾਂ ਦਾ ਇਕ ਵੱਡਾ ਭਾਗ ਗੈਰ-ਅੰਮ੍ਰਿਤਧਾਰੀ ਤੇ ਕੇਸ-ਵਿਹੂਣੇ ਸਿੱਖਾਂ ਦਾ ਹੈ। ਇਹ ਸਿੱਖ-ਲਹਿਰ ਦਾ ਇਹ ਇਕ ਮਹੱਤਵ-ਪੂਰਨ ਅੰਗ ਹਨ। ਇਹਨਾਂ ਦੇ ਦਿਲ ਵਿਚ ਕੌਮ ਦਾ ਦਰਦ ਕਿਸੇ ਨਾਲੋਂ ਵੀ ਘੱਟ ਨਹੀਂ। ਤੰਗ-ਦ੍ਰਿਸ਼ਟੀ ਜਾਂ ਸੰਕੀਰਣ-ਸੋਚ ਵਰਤ ਕੇ ਇਹਨਾਂ ਨੂੰ ਸਿੱਖ-ਲਹਿਰ ਨਾਲੋਂ ਤੋੜਨਾ ਤ੍ਰਿਸਕਾਰਨਾ ਜਾਂ ਨਿਰ-ਉਤਸ਼ਾਹਿਤ ਕਰਨਾ ਕਿਵੇਂ ਵੀ ਮੌਜੂਦਾ ਸਿੱਖ-ਸੰਘਰਸ਼ ਦੇ ਹਿਤ ਵਿਚ ਨਹੀਂ ਸਗੋਂ ਸਾਡੇ ਵਲੋਂ ਇਹ ਆਪਣੇ ਪੈਰੀਂ ਆਪ ਕੁਹਾੜਾ ਮਾਰਨਾ ਸਿੱਧ ਹੋ ਸਕਦਾ ਹੈ। ਲੋੜ ਹੈ ਕਿ ਫਰਾਖ-ਦਿਲੀ ਤੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਪਿਆਰ ਤੇ ਪ੍ਰੇਰਨਾ ਨਾਲ ਇਹਨਾਂ ਦਾ ਭਰਪੂਰ ਸਹਿਯੋਗ ਪ੍ਰਾਪਤ ਕੀਤਾ ਜਾਵੇ।

ਬਿਨਾ ਸ਼ੱਕ, ਪੈਸਾ ਸਿੱਖ-ਸੰਘਰਸ਼ ਲਈ ਜ਼ਰੂਰੀ ਹੈ। ਪਰ ਪੈਸੇ ਦੇ ਆਧਾਰ ਉਤੇ ਸਿੱਖਾਂ ਦੀਆਂ ਲੀਡਰੀਆਂ ਨੂੰ ਵੰਡਣਾ ਅੱਜ ਕੌਮੀ ਜਦੋ-ਜਹਿਦ ਲਈ ਸਭ ਤੋਂ ਵੱਡੀ ਢਾਅ ਅਥਵਾ ਕੌਮ ਦੇ ਜੜੀਂ ਤੇਲ ਦੇਣਾ ਸਾਬਤ ਹੋ ਸਕਦਾ ਹੈ। ਇਸ ਪੱਖੋਂ ਸਿੱਖਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਅੱਜ ਵਿਦੇਸ਼ੀ ਸਿੱਖ-ਜਥੇਬੰਦੀਆਂ ਵਿਚ ਅਕਲਾਂ ਵਾਲੇ, ਪੈਸੇ ਵਾਲੇ ਤੇ ਕੰਮ ਕਰਨ ਦੀ ਸਮਰੱਥਾ ਵਾਲੇ ਸਿੱਖ-ਲੀਡਰਾਂ ਦੀ ਕਮੀ ਨਹੀਂ ਪਰ ਇਹਨਾਂ ਵਿਚੋਂ ਕੌਮ ਦਾ ਸੁਆਰ ਉਹੀਓ ਕੁਝ ਸਕਦੇ ਹਨ ਜਿਹਨਾਂ ਦੀ ਜੇਬ 'ਚ ਕੌਮ ਲਈ ਕੁਰਬਾਨੀ ਕਰਨ ਵਾਲੇ ਨੌਜਵਾਨਾਂ ਵਰਗੀ ਦਿਆਨਤਦਾਰੀ ਦੇ ਚਾਰ ਦਾਣੇ ਹੋਣ!

ਨਿਰਸੰਦੇਹ ਕੌਮ ਨੂੰ ਅੱਜ ਸੰਤ ਜਰਨੈਲ ਸਿੰਘ ਵਰਗੇ ਕਿਸੇ ਧੜੱਲੇਦਾਰ-ਲੀਡਰ ਦੀ ਤਲਾਸ਼ ਤੇ ਇੰਤਜ਼ਾਰ ਹੈ। ਸੰਘਰਸ਼ ਦਾ ਮਧਾਣ, ਹਾਲਾਤ ਦੇ ਪਾਣੀਆਂ ਨੂੰ ਰਿੜਕ ਰਿਹਾ ਹੈ। ਵਕਤ ਦੂਰ ਨਹੀਂ ਜ਼ੁਲਮ ਦੀਆਂ ਉਮੂਲ-ਉਮੂਲ ਪੈਂਦੀਆਂ ਲੱਫਾਂ-ਛੱਲਾਂ ਚੋਂ ਜ਼ਰੂਰ ਕੋਈ ਮਹਾਂਬਲੀ-ਚਿਹਰਾ ਉਭਰੇਗਾ ਜਿਸਦੀ ਅਗਵਾਈ ਕੌਮੀ-ਕਾਫਲੇ ਨੂੰ ਮੰਜ਼ਿਲ ਤੇ ਪਹੁੰਚਾਏਗੀ-ਆਮੀਨ !

(ਅਕਤੂਬਰ, 1989)

ਨਾਨਕ ਦੇ ਵਾਰਸ ਕਲਮਕਾਰੋ !

ਕਲਮ ਦੀ ਵਾਢ ਤਲਵਾਰ ਤੋਂ ਤਿੱਖੇਰੀ ਮੰਨੀ ਗਈ ਹੈ। ਕਲਮ ਦੀ ਨੋਕ 'ਚ ਵਸਦੀ ਸ਼ਕਤੀ ਦਾ ਤਲਿਸੱਮ ਇਕ ਸੁੱਤੇ ਸਮਾਜ ਨੂੰ ਝੂਣ ਕੇ ਜਗਾ ਸਕਦਾ ਹੈ ! ਕਿਸੇ ਕੌਮ ਵਿੱਚ ਕਰਵਟਾਂ ਦੇ ਜੁਆਰ ਭਾਟੇ ਜਾਂ ਭੁਚਾਲ ਲਿਆ ਸਕਦਾ ਹੈ !! ਇਤਿਹਾਸ ਗਵਾਹ ਹੈ ਕਿ ਵਿਸ਼ਵ ਦੇ ਵੱਡੇ ਇਨਕਲਾਬਾਂ ਦੇ ਕ੍ਰਿਸ਼ਮੇ ਕਲਮਾਂ ਨੇ ਹੀ ਵਰਤਾਏ ਹਨ।

ਸਿੱਖ-ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਸਾਹਿਤਕਾਰ ਸਨ। ਉਹਨਾਂ ਆਪਣੀ ਕਲਮ ਨੂੰ ਆਪਣੀ ਇਨਕਲਾਬੀ-ਵਿਚਾਰਧਾਰਾ ਦਾ ਵਾਹਨ ਬਣਾਇਆ। ਗੁਰੂ ਸਾਹਿਬ ਦਾ ਸਮਕਾਲੀ-ਸਮਾਜ ਨਿਰਾਰਥਕ ਕਰਮ-ਕਾਂਡਾਂ, ਫੋਕਟ ਰਸਮੋਂ-ਰਿਵਾਜਾਂ ਤੇ ਸ੍ਰੈਣੀ-ਵੰਡ ਦੀਆਂ ਜੰਜ਼ੀਰਾਂ ਵਿੱਚ ਬੁਰੀ ਤਰਾਂ ਜਕੜਿਆ ਹੋਇਆ ਸੀ। ਪਰਜਾ ਅੱਜ ਵਾਂਗ ਹੀ ਜ਼ੁਲਮ ਦੇ ਪੁੜਾਂ ਵਿਚਕਾਰ ਪਿਸ ਰਹੀ ਸੀ, ਰਾਜੇ ਪਾਪੀ-ਕਸਾਈ ਸਨ। ਇਸ ਦੇ ਰਾਖੇ ਲੀਡਰ ਅੱਜ ਵਾਂਗ ਹੀ ਆਪਣੇ ਕਰਤਵ-ਕਿਰਦਾਰ ਤੋਂ ਗਿਰ ਕੇ ਉਸ ਦੇ ਦੁਸ਼ਮਣ ਬਣ ਬੈਠੇ ਸਨ। ਧਾਰਮਿਕ ਲੋਕ ਦੰਭੀ-ਪਖੰਡੀ ਸਨ। ਨਿਆਇਕ ਵੱਢੀਖੋਰ ਸਨ। ਪਰਜਾ ਗਿਆਨ-ਵਹੂਣੀ ਤੇ ਕੂੜ-ਗ੍ਰੰਸੀ ਹੋਈ ਸੀ। ਇਸ ਘੋਰ ਅੱਧੋਗਤੀ ਦੀ ਅਵੱਸਥਾ ਦੇ ਧੁੰਦਲੇ ਅਸਮਾਨ ਦੀ ਦੁਮੇਲ ਤੇ ਗੁਰੂ ਨਾਨਕ ਉਹ ਸੂਰਜ ਬਣ ਕੇ ਉਦੇ ਹੋਏ, ਜਿਹਨਾਂ ਦੀ ਕਲਮੋਂ ਝਰੇ ਕਿਰਨ-ਬਾਣਾਂ ਨੇ ਇਸ ਧੁੰਦ ਦੇ ਪਰਦੇ ਨੂੰ ਤਾਰ ਤਾਰ ਕਰਕੇ ਸੱਚ ਦੇ ਪ੍ਰਕਾਸ਼ ਨਾਲ ਭਾਰਤ ਦੀ ਜੂਹ ਨੂੰ ਨੂਰੋ-ਨੂਰ ਕੀਤਾ। ਗੁਰੂ ਸਾਹਿਬ ਨੇ ਆਪਣੇ ਸੁੱਚੇ-ਕਿਰਦਾਰ ਤੇ ਕਲਮ ਦੁਆਰਾ ਸਮਾਜ ਵਿੱਚ ਵਿਚਰਦੇ ਧਾਰਮਿਕ-ਪਖੰਡੀਆਂ ਨੂੰ ਲਲਕਾਰਿਆ। ਝੂਠੇ ਕਰਮ-ਕਾਂਡਾਂ, ਥੋਥੇ ਰਸਮੋਂ- ਰਿਵਾਜਾਂ ਤੇ ਕੂੜੇ ਵਹਿਮਾਂ-ਭਰਮਾਂ ਦਾ ਭਟ ਕੇ ਖੰਡਨ ਕੀਤਾ। ਧਨਾਢ-ਹੰਕਾਰੀਆਂ ਦੀ ਹੈਂਕੜ ਨੂੰ ਵੰਗਾਰਿਆ। ਜਦ ਬਾਦਸ਼ਾਹ ਬਾਬਰ ਸੈਦਪੁਰ (ਏਮਨਾਬਾਦ) ਤੇ ਹਮਲਾਵਰ ਹੋਇਆ ਤਾਂ ਨਾਨਕ-ਪਾਤਸ਼ਾਹ ਨੇ ਅੱਖਾਂ ਸਾਹਵੇਂ ਹੁੰਦੇ ਇਸ ਜ਼ੁਲਮ ਨੂੰ ਵੇਖ ਕੇ ਧਰਮ ਦੀ ਖੱਟਿਆ ਖਾਂਦੇ ਅਜੋਕੇ ਕਈ ਪਖੰਡੀ-ਸਾਧਾਂ ਵਾਂਗ ਖਾਮੋਸ਼ੀ ਧਾਰਨ ਨਹੀਂ ਕੀਤੀ। ਸਗੋਂ ਮਹਾਨ-ਸਾਹਿਤਕਾਰ ਤੇ ਲੋਕ-ਨਾਇਕ ਗੁਰੂ ਨਾਨਕ ਦੀ ਕਲਮ ਨੇ ਜਾਬਰ-ਬਾਬਰ ਦੀ ਤਲਵਾਰ ਨੂੰ ਲਲਕਾਰਿਆ। ਮਜ਼ਲੂਮ-ਮਾਸੂਮ ਲੋਕਾਂ ਦੇ ਹੱਕ ਵਿੱਚ ਆਹ ਦਾ ਨਾਹਰਾ ਮਾਰਿਆ ਤੇ ਕਰਤਾਰ ਤੱਕ ਨੂੰ ਇਹ ਅਣਹੋਣੀ ਵਰਤਾਉਂਣ ਲਈ ਨਿਹੋਰਾ ਦਿੱਤਾ !

ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ-ਸਾਹਿਬਾਨ ਨੇ ਗੁਰਬਾਣੀ ਰਚਨਾ ਦੁਆਰਾ ਸੰਸਾਰ ਵਿੱਚ ਰੂਹਾਨੀਅਤ ਦੇ ਚਾਨਣ ਦਾ ਛੱਟਾ ਦਿੱਤਾ ਤੇ ਸਮਾਜ ਵਿੱਚ ਪ੍ਰਚਲੱਤ ਗਲਤ ਕਦਰਾਂ-ਕੀਮਤਾਂ ਵਿਰੁਧ ਆਵਾਜ਼ ਬੁਲੰਦ ਕਰ ਕੇ ਇਕ ਨਰੋਏ ਸਮਾਜ ਦੀ ਸਿਰਜਣਾ ਲਈ ਅਹਿਮ ਰੋਲ ਅਦਾ ਕੀਤਾ। ਸਾਹਿਬੇ-ਕਮਾਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 52 ਕਵੀਆਂ, ਸਾਹਿਤਕਾਰਾਂ ਨੂੰ ਆਪਣੇ ਦਰਬਾਰ ਵਿੱਚ ਰੱਖ ਕੇ ਉਚੇਚੇ ਮਾਨ-ਸਨਮਾਨਾਂ ਨਾਲ ਨਿਵਾਜ਼ਦਿਆਂ ਕੌਮ ਵਿਚ ਨਵੀਂ ਰੂਹ ਫੂਕਣ ਹਿਤ ਮਹਾਨ ਸਾਹਿਤ ਦੀ ਰਚਨਾ ਤੇ ਅਨੁਵਾਦ ਕਰਵਾਏ।

ਇਤਿਹਾਸ ਦਾ ਵਾਕਿਆ ਹੈ ਕਿ ਘਮਸਾਨ-ਜੰਗ ਵਿਚ ਜੂਝ-ਜੂਝ ਘਟਦੇ ਜਾਂਦੇ ਸਿੰਘਾਂ ਦੀ ਗਿਣਤੀ ਨੂੰ ਵਾਚਦਿਆਂ ਦਰਬਾਰੀ ਕਵੀ ਭਾਈ ਨੰਦ ਲਾਲ ਜੀ ਸਾਹਿਬਾਂ ਦੇ ਹਜ਼ੂਰ ਅਰਜ਼-ਗੁਜ਼ਾਰ ਹੋਏ, ਆਖਿਉਸ "ਦਾਤਾਰ ਜੀਓ ! ਵਕਤ ਦੇ ਤਕਾਜ਼ੇ ਨੂੰ ਮੱਦੇ-ਨਜ਼ਰ ਰੱਖਦਿਆਂ ਦਾਸ ਨੂੰ ਮੈਦਾਨੇ-ਜੰਗ ਵਿੱਚ ਜਾਣ ਦੀ ਆਗਿਆ ਬਖਸ਼ੀ ਜਾਵੇ।" ਪਰ ਇਸ ਸਥਿਤੀ ਨੂੰ ਹੀ ਨਹੀਂ ਘਟ-ਘਟ ਦੇ ਜਾਣਹਾਰ ਦੂਰ-ਦ੍ਰਿਸ਼ਟ ਦਸਮ ਪਿਤਾ ਦਾ ਫੁਰਮਾਨ ਸੀ, "ਨੰਦ ਲਾਲ ਜੀਓ ! ਤੁਹਾਨੂੰ ਮੈਦਾਨਿ-ਜੰਗ ਵਿੱਚ ਜਾਣ ਦੀ ਹਰਗਿਜ਼ ਇਜਾਜ਼ਤ ਨਹੀਂ ! ਕੌਮ ਨੂੰ ਤੁਹਾਡੀ ਕਲਮ ਦੀ ਤਲਵਾਰ ਤੋਂ ਵੱਧ ਜ਼ਰੂਰਤ ਹੈ। ਤੁਹਾਡੀ ਕਲਮ

ਵਿੱਚ ਕਿੰਨੀਆਂ ਤਲਵਾਰਾਂ ਪੈਦਾ ਕਰ ਦੇਣ ਦੀ ਸਮਰੱਥਾ ਹੈ। ਅਸੀਂ ਕੌਮ ਨੂੰ ਇਸ ਸਮਰੱਥਾ ਤੋਂ ਵਾਂਝਾ ਨਹੀਂ ਹੋਣ ਦੇਣਾ ਚਾਹੁੰਦੇ। "

ਖੁਦ ਮਹਾਨ ਕਲਮਕਾਰ ਤੇ ਕਲਮਕਾਰਾਂ ਦੇ ਕਦਰਦਾਨ ਕਲਗੀਧਰ-ਪਾਤਸ਼ਾਹ ਨੂੰ ਕਲਮ ਦੀ ਅਹਿਮੀਅਤ ਤੇ ਸ਼ਕਤੀ ਦਾ ਇਲਮ-ਅਨੁਭਵ ਸੀ ! ਇਸੇ ਕਾਰਨ ਹੀ ਉਹਨਾਂ ਗੁਰੂ ਕੀ ਕਾਸੀ ਸਥਾਪਤ ਕਰ ਕੇ ਖਾਲਸੇ ਨੂੰ ਕਲਮਾਂ ਦੇ ਪ੍ਰਸ਼ਾਦ ਨਾਲ ਨਿਵਾਜ਼ਿਆ। ਤੇ ਅੱਜ ਗੁਰੂ-ਵਰੋਸਾਈ ਸਿੱਖ ਕੌਲ ਕਲਮਾਂ ਦੀ ਘਾਟ ਨਹੀਂ!

ਨਾਨਕ-ਗੋਬਿੰਦ ਦੀ ਕੌਮ ਦੇ ਵਾਰਸ ਕਹਿਲਾਂਦੇ ਕਲਮਕਾਰੋ ! ਕਦੇ 'ਸਾਇਰ ਨਾਨਕ' ਦੀ ਕਲਮ ਜ਼ਾਲਮ-ਬਾਬਰ ਦੀ ਤਲਵਾਰ ਸਾਹਵੇਂ ਤਣ ਖਲੋਤੀ ਸੀ। ਪਰ ਅੱਜ ਸਾਡੀਆਂ ਕਿੰਨੀਆਂ ਕੁ ਕਲਮਾਂ ਗੁਰੂ ਨਾਨਕ ਦੇ ਨਕਸ਼ੇ-ਕਦਮ ਤੇ ਤੁਰਨ ਅਥਵਾ ਜ਼ੁਲਮ ਵਿਰੁਧ ਡਟਣ ਲਈ ਤਈਆਰ ਹਨ ? ਸਾਡੀਆਂ ਕਿੰਨੀਆਂ ਕੁ ਕਲਮਾਂ ਵਿੱਚ ਸੱਚ ਕਹਿਣ ਦੀ ਦਲੇਰੀ ਹੈ ? ਸਾਡੀਆਂ ਕਿੰਨੀਆਂ ਕੁ ਕਲਮਾਂ ਵਿੱਚ ਜ਼ਾਲਮ ਨੂੰ ਲਲਕਾਰਨ ਤੇ ਮਜ਼ਲੂਮ ਦੇ ਹੱਕ ਵਿੱਚ ਆਹ ਦਾ ਨਾਅਰਾ ਮਾਰਨ ਦੀ ਜੁਰਅੱਤ ਹੈ ?

ਪੰਜਾਬੀ ਕਲਮਕਾਰੋ ! ਤੁਹਾਡੀ ਫਰਾਖ-ਦਿਲੀ, ਤੁਹਾਡੀ ਵਿਸ਼ਾਲ-ਸੋਚਣੀ ਦੇ ਸਦਕੜੇ ਜਾਣ ਨੂੰ ਜੀਅ ਕਰਦਾ ਹੈ-ਤੁਸੀਂ ਦੁਨੀਆਂ ਦੇ ਦੂਜੇ ਕੋਨੇ ਬੈਠੇ ਵੀਅਤਨਾਮ ਜਾਂ ਕਿਸੇ ਹੋਰਸ ਦੇਸ਼ ਵਿੱਚ ਡਿੱਗਦੀ ਜ਼ੁਲਮ ਦੀ ਚਿੰਗਾਰੀ-ਅੰਗਿਆਰੀ ਨਾਲ ਤਾਂ ਲੂਹੇ ਜਾਂਦੇ ਹੋਂ, ਉਥੋਂ ਦੇ ਮਜ਼ਲੂਮਾਂ ਦੀ ਮੌਤ ਤੇ ਵੈਣ ਪਾਂਦੇ ਹੋਂ ਤੇ ਇਸ ਤੇ ਮਰਸੀਏ ਤੇ ਮਹਾਂਕਾਵਿ ਤੱਕ ਲਿਖ ਮਾਰਦੇ ਹੋਂ। ਤੁਹਾਡੇ ਹਿਰਦੇ ਵਿੱਚ ਵਸਦੀ ਮਨੁਖੱਤਾ ਪ੍ਰਤੀ ਇਸ ਹਮਦਰਦੀ ਦੀ ਦਾਦ ਦੇਣੀ ਹੀ ਬਣਦੀ ਹੈ। ਪਰ ਜੇ ਤੁਹਾਡੇ ਆਪਣੇ ਘਰ ਪੰਜਾਬ ਦੇ ਵਿਹੜੇ ਵਿੱਚ ਭਾਂਬੜ ਬਲ ਰਹੇ ਹੋਣ। ਜੇ ਤੁਹਾਡੀ ਕੌਮ ਦੇ ਫੁੱਲਾਂ ਵਰਗੇ ਮਾਸੂਮ-ਬਾਲਾਂ ਨੂੰ ਹਤਿਆਰੇ ਸਟੋਵਾਂ ਤੇ ਭੁੰਨ ਦੇਣ। ਜੇ ਤੁਹਾਡੇ ਵੀਰਾਂ-ਭਰਾਵਾਂ ਨੂੰ ਘਰਾਂ ਚੋਂ ਉਠਾ-ਜਗਾ ਕੇ ਝੂਠੇ ਮੁਕਾਬਲਿਆਂ ਵਿੱਚ ਸ਼ਰੇਆਮ ਮਾਰਿਆ ਜਾਂਦਾ ਹੋਵੇ। ਜੇ ਤੁਹਾਡੇ ਬੁੱਢੇ-ਬਾਪੂਆਂ ਨੂੰ ਥਾਣਿਆਂ ਵਿੱਚ ਰੋਜ਼ ਬੇਇਜ਼ੱਤ ਕੀਤਾ ਜਾਂਦਾ ਹੋਵੇ। ਜੇ ਤੁਹਾਡੀਆਂ ਮਾਤਾਵਾਂ, ਬਹੂ-ਬੇਟੀਆਂ ਦੀ ਇੱਜ਼ਤ ਆਏ ਦਿਨ ਚੁਰਾਹਿਆਂ ਵਿੱਚ ਨੀਲਾਮ ਹੁੰਦੀ ਹੋਵੇ। ਜੇ ਪੰਜਾਬ ਦੀ ਦਸਤਾਰ ਦੁਨੀਆਂ ਦੇ ਸਾਹਮਣੇ ਸ਼ਰੇਆਮ ਉਤਾਰੀ ਜਾਂਦੀ ਹੋਵੇ ਤੇ ਮਨੁੱਖਤਾ ਦੇ ਵੱਡੇ ਹਮਦਰਦ ਪੰਜਾਬੀ ਕਲਮਕਾਰੋ ! ਜੇ ਤੁਹਾਡੇ ਚੋਂ ਕੋਈ ਪੰਜਾਬ 'ਚ ਜਾਂ ਆਪਣੀ ਕੌਮ ਤੇ ਹੁੰਦੇ ਇਸ ਜ਼ੁਲਮ ਨੂੰ ਤੱਕ ਕੇ ਅੱਖਾਂ ਨੂਟ ਕੇ ਖਾਮੋਸ਼ ਬਹਿ ਰਹੇ ! ਜੇ ਸੱਚ ਕਹਿਣ ਦੇ ਵੇਲੇ ਵੀ ਉਸ ਦੀ ਕਲਮ ਅੱਖਾਂ ਸਾਹਵੇਂ ਵਾਪਰਦੇ ਸੱਚ ਨੂੰ ਸੱਚ ਕਹਿਣ ਦੀ ਦਲੇਰੀ ਜਾਂ ਜੁਰਅਤ ਨਾ ਕਰ ਸਕੇ ਤਾਂ ਉਸ ਨੂੰ ਹੋਰ ਤਾਂ ਭਾਵੇਂ ਕੁਝ ਵੀ ਕਹਿ ਲਿਆ ਜਾਵੇ ਪਰ ਅਣਖੀਲੇ-ਪੰਜਾਬ ਦਾ ਸੁਲੱਗ-ਪੁੱਤ-ਧੀ ਕਦਾਚਿਤ ਨਹੀਂ ਕਿਹਾ ਜਾ ਸਕਦਾ !

'ਜਾਗੋ-ਇੰਟਰਨੈਸ਼ਨਲ'
(ਨਵੰਬਰ, 1989)

ਸਾਡੀ ਜਿੱਤ ! ਸਾਡੀ ਹਾਰ !!

ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦੇ ਧਾਰਣੀ 'ਛਠਮ ਪੀਰ' ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਤ-ਸਿਪਾਹੀ ਸਾਹਿਬਜ਼ਾਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਥੇ ਸਬਰ-ਸ਼ਾਂਤੀ ਦੇ ਮਜੱਸਮੇ ਸਨ, ਉਥੇ ਕਰਾਂਤੀ ਅਥਵਾ ਇਨਕਲਾਬ ਦੇ ਦੂਤ ਵੀ ਸਨ, ਜੋ ਆਪਣੀ ਤੇਗ ਨਾਲ ਕਰਤਾਰਪੁਰ ਦੇ ਘਮਸਾਨ-ਯੁੱਧ ਵਿਚ ਮੁਗਲ ਹਕੂਮਤ ਨਾਲ ਕਰਾਰੇ-ਹੱਥੀਂ ਭਿੜਦੇ ਹਨ ਅਤੇ ਹਿੰਦੁਸਤਾਨ ਦੇ ਬ੍ਰਾਹਮਣਾਂ ਦੀ ਬੇਨਤੀ ਉਤੇ ਹਿੰਦੂਆਂ ਦੇ ਜੰਞੂ-ਤਿਲਕ ਦੀ ਰਾਖੀ ਲਈ ਉਹਨਾਂ ਦੀ ਢਾਲ ਬਣਦੇ ਹਨ। ਬ੍ਰਾਹਮਣ-ਪ੍ਰਧਾਨ ਸਮਾਜ ਦੀ ਬੁਜ਼ਦਿਲੀ ਜਦ ਗੁਰੂ-ਦਰਬਾਰ ਸਰਦਲ 'ਤੇ ਗਿੜਗੜਾਉਂਦੀ ਹੈ, ਗੁਰੂ ਨੂੰ- ਪੰਥ ਨੂੰ ਵੰਗਾਰ ਪਾਉਂਦੀ ਹੈ ਤਾਂ ਆਨੰਦਪੁਰ ਹਿੰਦੁਸਤਾਨ ਦੀ ਬਾਂਹ ਫੜ ਕੇ ਆਪਣਾ ਸਿਰ ਤਾਂ ਕਟਾ ਸਕਦਾ ਹੈ, ਪਰ ਪਕੜੀ ਬਾਂਹ ਨਹੀਂ ਛੱਡਦਾ ਕਿਉਂਕਿ ਆਨੰਦਪੁਰ 'ਸੂਰਬੀਰ ਬਚਨ ਕਾ ਬਲੀ' ਹੈ। ਜਿਹਨਾਂ ਲੋਕਾਂ ਲਈ ਕਲਗੀਧਰ ਪਾਤਸ਼ਾਹ ਹੱਥੀਂ ਤੋਰੇ ਪਿਤਾ ਜੀ ਦਾ ਸੀਸ ਵਸੂਲਦੇ ਹਨ ਉਹ ਸਾਰੀਆਂ ਸੋਗੀਧਾਂ ਛਿੱਕੇ 'ਤੇ ਟੰਗ ਕੇ ਵਫਾ-ਵਿਹੂਣੇ ਤੇ ਦਗੇਬਾਜ਼ ਨਿਕਲਦੇ ਹਨ। ਨੀਲੇ ਦੇ ਸ਼ਾਹ-ਸਵਾਰ ਪਾਤਸ਼ਾਹ ਨੀਲੇ ਅਕਾਸ਼ ਵਾਂਗ ਖੁੱਲ੍ਹ-ਦਿਲੇ, ਉਹਨਾਂ ਦੇ ਫਰੇਬਾਂ ਨੂੰ ਵੀ ਬਖਸ਼ਦੇ, ਅਣਡਿੱਠ ਕਰਦੇ, ਜ਼ੁਲਮ ਨਾਲ ਖੰਡਾ ਖੜਕਾਉਂਦੇ ਅਡੋਲ ਆਪਣੇ ਪੰਧ ਉਤੇ ਤੁਰੇ ਜਾ ਰਹੇ ਹਨ। ਲੱਖਾਂ ਲਸ਼ਕਰਾਂ ਨਾਲ ਆਹਢਾ ਲੈਣ ਲਈ ਮੁੱਛ-ਢੁੱਟਦੇ ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ ਨੂੰ ਹੱਥੀਂ ਸ਼ਸਤਰਬੰਦ ਕਰਕੇ ਸਜਾਉਂਦੇ-ਸ਼ਿੰਗਾਰਦੇ ਤੇ ਮਿੱਠਾ ਪਿਆਰ ਤੇ ਮੱਘੂਦੀ ਲਲਕਾਰ ਦੇ ਕੇ ਖਾਲਸੇ ਲਈ ਰੌਸ਼ਨ-ਮੀਨਾਰ ਬਣਦੇ ਹਨ। ਜ਼ੁਲਮ ਨਾਲ ਦੋ ਹੱਥ ਕਰਨ ਲਈ ਸਾਹਿਬਜ਼ਾਦਿਆਂ ਨੂੰ ਬਚਾਉਂਦੇ ਜਾਂ ਉਹਨਾਂ ਤੋਂ ਪਹਿਲੋਂ ਸਿੱਖਾਂ ਨੂੰ ਨਹੀਂ ਮਰਵਾਉਂਦੇ !

ਸਰਹੰਦ ਦੀ ਖੂੰਨੀ-ਦੀਵਾਰ ਦੀ ਦਾਸਤਾਨ ਦਾ ਵਿਸ਼ਵ ਦੇ ਇਤਿਹਾਸ ਵਿਚ ਕੋਈ ਸਾਨੀ ਨਹੀਂ। ਨੌਂ ਤੇ ਸੱਤ ਸਾਲ ਦੇ ਫੌਲਾਦੀ-ਫੁੱਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਫਤਿਹ ਸਿੰਘ ਖੂੰ-ਖਾਰਾਂ ਦਾ ਖਿਤੇ ਮੱਥੇ ਮੁਕਾਬਲਾ ਕਰਦੇ ਹਨ, ਈਨ ਨਹੀਂ ਮੰਨਦੇ ! ਸਿੱਖੀ-ਸਿਧਾਂਤਾਂ ਉਤੇ ਪਹਿਰਾ ਦੇ ਕੇ ਸਿੱਖੀ-ਨਿਸ਼ਾਨ ਦੀ ਸ਼ਾਨ ਨੂੰ ਉਚਿਆਂ ਰੱਖਦੇ ਹਨ। ਉਹਨਾਂ ਨੂੰ ਸੁੱਚਾ ਨੰਦ ਦੀ ਝੂਠੀ ਸੋਚ ਦਾ ਸ਼ਿਕਵਾ ਨਹੀਂ, ਗੰਗੂ ਦੀ ਗੱਦਾਰੀ ਦਾ ਗਿਲਾ ਨਹੀਂ। ਚਾਓ, ਸਿੱਖੀ-ਸਿਧਾਂਤ ਲਈ ਕੁਰਬਾਨ ਹੋ ਜਾਣ ਦਾ ਹੈ ! ਪਹਾੜ ਜਿੱਡੀ ਤਾਕਤ ਸਾਹਵੇਂ ਤਣ ਕੇ ਖੜਨਾ ਜਾਂ ਅੜਨਾ ਕਿਸੇ ਚੌਧਰ ਜਾਂ ਲਾਲਸਾ ਲਈ ਨਹੀਂ, ਸਗੋਂ ਸਾਰੇ ਲਾਲਚਾਂ ਨੂੰ ਲੱਤ ਮਾਰ ਕੇ ਠੁਕਰਾਉਣ ਪਿਛੇ ਸੁੱਚੀ-ਭਾਵਨਾ ਕੇਵਲ ਤੇ ਕੇਵਲ ਇਹ ਹੈ ਕਿ ਪੈਰ ਪਿਓ-ਦਾਦੇ ਦੇ ਦਿਤੇ ਸਿਧਾਂਤਕ ਪੰਧ-ਪੈਂਤੜੇ ਤੋਂ ਨਾ ਬਿੜਕਣ। ਧਰ ਪੈ ਜਾਣਾ ਕਬੂਲ ਹੋਵੇ, ਪਰ ਧਰਮ ਤਜਣਾ ਕਦਾਚਿਤ ਮਨਜ਼ੂਰ ਨਾ ਹੋਵੇ!

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਵੱਡੇ-ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਗੁਰ ਇਤਿਹਾਸ ਤੇ ਸਿੱਖ-ਇਤਿਹਾਸ ਵਿਚ ਸਿਧਾਂਤਕ-ਪ੍ਰੱਪਕਤਾ ਦੀਆਂ ਪ੍ਰਤੀਕ ਹਨ। ਸਵਾਲ ਸਾਹਮਣੇ ਗਿਣਤੀ ਜਾਂ ਤਾਕਤ ਦਾ ਨਹੀਂ ਸਿਧਾਂਤ ਉਤੇ ਪਹਿਰਾ ਦੇ ਕੇ ਜ਼ੁਲਮ ਦੇ ਮੁਕਾਬਲੇ ਦ੍ਰਿੜ੍ਹਤਾ ਤੇ ਦਲੇਰੀ ਨਾਲ ਜੂਝਣ ਦਾ ਹੈ ! ਉਸ ਨਾਲ ਟੱਕਰ ਲੈਣ ਦਾ ਹੈ !!

ਨਿਰਸੰਦੇਹ ਵਰਤਮਾਨ ਸਮੇਂ ਦਿੱਲੀ-ਸਰਕਾਰ ਵਲੋਂ ਸਿੱਖਾਂ ਉਤੇ ਮੁਗਲਾਂ ਦੇ ਮੁਕਾਬਲੇ ਦਾ ਸਿਤਮ, ਬਦਸਤੂਰ ਤੇ ਮਤਵਾਤਰ ਜਾਰੀ ਹੈ। ਪੰਜਾਬ ਦੇ ਗੁਆਂਢੀ ਤੇ ਦੂਜੇ ਸੂਬਿਆਂ ਦਾ ਰੋਲ ਪੰਜਾਬ ਅਤੇ ਸਿੱਖਾਂ ਪ੍ਰਤੀ ਪਹਾੜੀ ਰਾਜਿਆਂ ਵਾਲਾ ਹੈ। ਪੰਜਾਬ ਦੀ ਕੁੱਛੜ ਬੈਠੇ ਅਨੇਕ ਅਕ੍ਰਿਤਘਣ ਤੇ ਲੂਣ-ਹਰਾਮੀ ਗੰਗੂ ਤੇ ਸੁੱਚਾ ਨੰਦ, ਸਿੱਖਾਂ ਦੇ ਅੱਲ੍ਹੇ ਜ਼ਖਮਾਂ 'ਤੇ ਲੂਣ ਛਿੜਕ ਰਹੇ ਹਨ, ਪਰ ਸਵਾਲਾਂ ਦਾ

ਸਵਾਲ ਇਹ ਹੈ ਕਿ ਸਿੱਖ-ਸਫਾਂ ਵਿਚ ਜੋ ਸਵਾਹ ਅੱਜ ਕੁਲ ਉਡ ਰਹੀ ਹੈ, ਕੀ ਉਸ ਲਈ ਸਿੱਖਾਂ ਨੂੰ ਇਸ ਤੋਂ ਸਾਫ ਬਰੀ ਕੀਤਾ ਜਾ ਸਕਦਾ ਹੈ ? ਇਸ ਦਾ ਜਵਾਬ ਨਿਸਚੇ ਹੀ ਨਹੀਂ ਵਿਚ ਹੈ। ਇਹ ਇਕ ਕੋੜਾ ਸੱਚ ਹੈ ਕਿ ਬਾਵਜੂਦ ਜੁਝਾਰੂਆਂ ਦੀਆਂ ਬੇਅੰਤ ਕੁਰਬਾਨੀਆਂ ਦੇ ਕੌਮ ਰਸਾਤਲ ਜਾਂ ਨਿਘਾਰ ਵੱਲ ਜਾ ਰਹੀ ਹੈ। ਅਸੀਂ ਸਿੱਖ ਅਜੇ ਖੁਆਰ ਹੋਣ ਵੱਲ ਵੱਧ ਰਹੇ ਹਾਂ, ਅਸੀਂ ਮਿਲਣ ਵੱਲ ਮੋੜਾ ਨਹੀਂ ਪਾਇਆ !

ਧਰਮ-ਯੁੱਧ ਮੋਰਚੇ ਉਪਰੰਤ ਸ਼ਹੀਦਾਂ ਦੀ ਜਥੇਬੰਦੀ ਦਾ ਟਰੇਡ-ਮਾਰਕ ਵਰਤਦੇ ਰਹੇ ਸ਼ਰੋਮਣੀ ਅਕਾਲੀ ਦਲ ਦੇ ਸਵਾ ਲੱਖ ਮਰਜੀਵੜਿਆਂ ਦੇ ਅਰਦਾਸ ਕਰ ਕੇ ਇਸ ਤੋਂ ਭੱਜਣ, ਸਰਕਸੀ-ਸ਼ੇਰ ਲੌਂਗੋਵਾਲੀਏ ਦੇ ਸਰਕਾਰ ਦੇ ਸਾਜ਼ਿਸ਼ੀ-ਟੋਏ ਵਿਚ ਡਿੱਗਣ ਤੇ ਬਰਨਾਲੇ-ਬਲਵੰਤ ਦੇ ਜ਼ਖਮੀ ਪੰਥ ਦੇ ਜਜ਼ਬਾਤਾਂ ਦਾ ਨਜਾਇਜ਼ ਲਾਭ ਉਠਾਉਂਣ ਮਗਰੋਂ ਤਿੰਨ-ਤਿੰਨ ਪੈਰੇਲਿਲ ਪੰਥਕ-ਕਮੇਟੀਆਂ, ਸ੍ਰੀ ਅਕਾਲ ਤਖਤ ਸਾਹਿਬ ਦੇ ਤਿੰਨ ਤਿੰਨ ਜੱਥੇਦਾਰਾਂ ਅਤੇ ਅੱਧੀ ਦਰਜਣ ਤਕ ਅੱਪੜਦੇ ਅਕਾਲੀ ਦਲਾਂ ਅਤੇ ਅਨੇਕਾਂ ਖਾੜਕੂ-ਗਰੁੱਪਾਂ ਦੀ ਖਿੱਚ-ਧੂਹ ਤੇ ਖਹਿਬਾਜ਼ੀ ਦੇ ਦੁਖਾਂਤ ਨੂੰ ਆਏ-ਗਏ ਕਰਕੇ ਜੇ ਮੌਜੂਦਾ ਲੋਕ-ਸਭਾਈ ਚੋਣਾਂ ਦੀ ਗੱਲ ਹੀ ਛੋਹੀਏ ਤਾਂ ਇਹ ਸਿੱਖ-ਲੀਡਰਾਂ ਦੀ ਸਿੱਖੀ-ਸਿਧਾਂਤਾ ਨੂੰ ਛੱਡ ਕੇ ਖੁਆਰੀ ਵੱਲ ਪੁੱਟੀ ਵੱਡੀ ਪਲਾਂਘ ਹੀ ਹੈ !

ਦਿੱਲੀ-ਸਰਕਾਰ ਨੇ ਸਿੱਖਾਂ ਦੀ ਮਾਨਸਿਕ-ਦਸ਼ਾ ਨੂੰ ਜੁਹਣ-ਟੋਹਣ ਲਈ ਚੋਣਾਂ ਵਿਚ ਹਿੱਸਾ ਲੈਣ ਵਾਸਤੇ ਧਰਮ ਤੇ ਸਿਆਸਤ ਨੂੰ ਵੱਖ ਕਰਨ ਦਾ ਜੋ ਫੀਲਰ ਸਿੱਖਾਂ ਵੱਲ ਸੁੱਟਿਆ, ਇਹ ਇਕ ਪਾਸੇ ਤਾਂ ਸਿੱਖੀ ਦੇ ਬੁਨਿਆਦੀ-ਸਿਧਾਂਤ ਉਤੇ ਸਿੱਧਾ ਹਮਲਾ ਸੀ ਤੇ ਦੂਜੇ ਪਾਸੇ ਇਸ ਨਾਲ ਦਿੱਲੀ ਇਹ ਜਾਨਣ ਦੀ ਤਲਬਗਾਰ ਸੀ ਕਿ ਏਨੀ ਖੱਜਲ-ਖੁਆਰੀ ਝੱਲਣ ਤੇ ਕੁੱਟ ਖਾਣ ਉਪਰੰਤ ਸਿੱਖ-ਲੀਡਰਾਂ 'ਚ ਸਵਾਰਥ ਤੋਂ ਉਚੇ ਉਠ ਕੇ ਕੌਮੀ-ਸਵੈਮਾਨ ਲਈ ਅੜਨ ਦਾ ਥੋੜਾ ਬਹੁਤ ਤਣ-ਤੰਤੂ ਬਾਕੀ ਹੈ ਜਾਂ ਨਹੀਂ? ਪਰ ਇਸ ਸਰਕਾਰੀ ਝਟਕੇ ਦੀ ਸਿੱਖ-ਅਵਾਮ ਵਿਚ ਹੋਈ ਹਿਲ-ਜੁੱਲ ਤੋਂ ਤਾਂ ਦਿੱਲੀ ਕੁੱਝ ਹਿੱਲੀ ਪਰ ਇਸ ਉਪਰੰਤ ਜਿਸ ਕਦਰ ਹਰਫਲੇ ਤੇ ਚੋਣਾਂ ਲੜਨ ਦੇ ਤਲਬਗਾਰ ਅਕਾਲੀ-ਲੀਡਰਾਂ ਨੇ ਆਪੋ ਆਪਣੇ ਦਲਾਂ ਦੀ ਰਜਿਸਟਰੇਸ਼ਨ ਚੋਣ-ਕਮਿਸ਼ਨ ਪਾਸ ਕਰਵਾਈ, ਉਹ ਇਨ੍ਹਾਂ ਦੇ ਸਿੱਖੀ-ਸਿਧਾਂਤ ਨੂੰ ਤਿਲਾਂਜਲੀ ਦੇਣ ਅਥਵਾ ਗੁਰੂ ਨੂੰ ਬੇਦਾਵਾ ਲਿਖਣ ਤੋਂ ਕਿਵੇਂ ਵੀ ਘੱਟ ਨਹੀਂ।

ਦਲੀਲ ਹਰ ਪਾਸਿਉਂ ਚੋਣਾਂ ਲੜਨ ਲਈ ਇਹੀ ਦਿਤੀ ਜਾ ਰਹੀ ਹੈ ਕਿ ਸਿੱਖ-ਦੁਸ਼ਮਣ ਸਰਕਾਰ ਨੂੰ ਹਰਾਉਂਣ ਦਾ ਇਹੀ ਢੁਕਵਾਂ ਮੌਕਾ ਹੈ। ਚੱਲੋ, ਮੰਨ ਲੈਂਦੇ ਹਾਂ ! ਪਰ ਜੇ ਸਾਰਿਆਂ ਨੂੰ ਸਰਕਾਰ ਨੂੰ ਹਰਾਉਂਣ ਦੀ ਦਿਲੋਂ ਖਾਹਿਸ਼ ਤੇ ਕੌਮ ਦਾ ਦਰਦ ਜਾਂ ਇਸ ਦੀ ਵਰਤਮਾਨ ਸਥਿਤੀ ਦਾ ਅਹਿਸਾਸ ਸੀ ਤਾਂ ਇਸ ਮੰਤਵ ਲਈ ਸਾਰੇ ਅਕਾਲੀ ਦਲ ਆਪਸ ਵਿਚ ਬਗਲਗੀਰ ਜਾਂ ਇਕੱਠੇ ਹੋਏ ? ਜੇ ਇਹ ਅਕਾਲੀ ਦਲ ਅਥਵਾ ਇਨ੍ਹਾਂ ਦੇ ਲੀਡਰ ਅੱਜ ਆਪਣੇ ਸਵਾਰਥ ਲਈ ਵੀ ਇਕੱਠੇ ਨਹੀਂ ਹੋ ਸਕਦੇ ! ਕੌਮ ਦੀ ਏਨੀ ਥੋੜੀ ਲਹਿਣ 'ਤੇ ਵੀ ਧੜੇ ਨਹੀਂ ਛੱਡ ਸਕਦੇ !! ਤਾਂ ਇਹ ਸਾਰੇ ਇਕੋ ਥੈਲੀ ਦੇ ਚੱਟੇ-ਵੱਟੇ ਹਨ ਤੇ ਇਨ੍ਹਾਂ 'ਚ ਉਨੀ-ਇੱਕੀ ਦਾ ਹੀ ਫਰਕ ਹੈ !

ਅੱਜ ਸ਼ਹੀਦਾਂ ਦੇ ਪਰਵਾਰਾਂ ਦੇ ਰਾਮ-ਗਊ ਮੈਂਬਰਾਂ ਉਤੇ ਸਿਆਸੀ-ਸਵਾਰਥ ਦੇ ਕੌਡੀਆਂ ਵਾਲੇ ਝੂਲ ਪਾਕੇ ਇਨ੍ਹਾਂ ਨੂੰ ਸਿੱਖ-ਅਵਾਮ ਦੀਆਂ ਵੋਟਾਂ ਦੀ ਭਿੱਛਿਆ ਲੈਣ ਲਈ ਫੇਰਿਆ ਜਾ ਰਿਹਾ ਹੈ। ਸ਼ਹੀਦ, ਕੌਮਾਂ ਦਾ ਸਰਮਾਇਆ ਹੁੰਦੇ ਹਨ ! ਸਿੱਖ-ਸ਼ਹੀਦਾਂ ਦੀ ਕੁਰਬਾਨੀ ਦਾ ਮੁੱਲ ਭਾਵੇਂ ਅੱਜ ਕੋਈ ਅਕਾਲੀ ਦਲ ਵੱਟੇ ਜਾਂ ਇਨ੍ਹਾਂ ਦਾ ਕੋਈ ਪਰਵਾਰ, ਇਹ ਸ਼ਹੀਦਾਂ ਦੇ ਨਾਂ ਨੂੰ ਵੱਟਾ ਲਾਉਂਣਾ ਹੈ।

ਆਪਣੀ ਪਹਿਲੀ ਪੰਥ-ਸੇਵਾ ਬਦਲੇ ਚਿੱਬ-ਖਤਿੱਬੇ ਹੋਏ ਜਗਦੇਵ ਸਿੰਘ ਤਲਵੰਡੀ ਵਰਗੇ (ਲੋਹ-ਪੁਰਸ਼!) ਅੱਜ ਜੱਸੋਵਾਲੀਏ ਵਰਗੇ ਬੁਗਦੂ, ਟੂਟਲ ਤੇ ਦਿਨੇ ਅਕਾਲੀ, ਰਾਤ ਨੂੰ ਕਾਂਗਰਸੀ ਅਥਵਾ

ਚੱਕਵੇਂ-ਚੁੱਲ੍ਹੇ ਲੋਕਾਂ ਨੂੰ ਆਪਣੇ ਦਲ ਦਾ ਉਮੀਦਵਾਰ ਚੁਣਦੇ ਹਨ, ਜਿਸ ਨੇ 'ਨੀਲਾ ਤਾਰਾ ਅਪਰੇਸ਼ਨ' 'ਚ ਕੁਲ ਸਰਕਾਰ ਦੀ ਸ਼ੁਰੇਆਮ ਝੋਲੀ ਚੁੱਕੀ ਹੈ। ਅਜਿਹੀਆਂ ਸੰਗੀਨ-ਗਲਤੀਆਂ ਕਰਨ ਵਾਲੇ ਬੁਝੜ ਲੀਡਰ ਕੌਮ ਦੇ ਡੁਬੂੰ-ਡੁਬੂੰ ਕਰਦੇ ਬੇੜੇ ਨੂੰ ਅੱਜ ਚੰਗੀ ਤਰਾਂ ਡੋਬਣ ਵਿਚ ਸਹਾਇਕ ਸਿੱਧ ਹੋ ਸਕਦੇ ਹਨ। ਤਾਰਨ ਵਿਚ ? ਤੌਬਾ !

ਇਕ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਸ: ਸਿਮਰਨਜੀਤ ਸਿੰਘ ਮਾਨ ਤੇ ਭਾਈ ਅਤਿੰਦਰਪਾਲ ਸਿੰਘ ਨੂੰ ਜਿਤਾ ਕੇ ਸਰਕਾਰ ਨੂੰ ਉਹਨਾਂ ਦੀ ਲੋਕ-ਪ੍ਰੀਅਤਾ ਦਾ ਪ੍ਰਦਰਸ਼ਣ ਕੀਤਾ ਜਾ ਸਕਦਾ ਹੈ ਤੇ ਇਸ ਤਰਾਂ ਸ਼ਾਇਦ ਉਹਨਾਂ ਨੂੰ ਬਚਾਇਆ ਵੀ ਜਾ ਸਕੇ। ਸ: ਮਾਨ ਦੇ ਸਬੰਧ ਵਿਚ ਕੀ ਇਹ ਤਜਰਬਾ ਅਜ਼ਮਾਉਣ ਦੀ ਅੱਗੇ ਕਸਰ ਰਹੀ ਹੈ ? ਨਾਲੇ ਖਚਰੀ ਦਿੱਲੀ ਤੋਂ ਇਨ੍ਹਾਂ ਦੀ ਲੋਕ-ਪ੍ਰੀਅਤਾ ਕੋਈ ਭੁੱਲੀ ਹੈ ? ਤੇ ਚੋਣਾਂ 'ਚ ਭਾਰਤ ਵਿਚ ਸਦਾ ਵਰਤੇ ਜਾਂਦੇ ਹੱਥਕੰਡਿਆਂ ਕਾਰਣ, ਰੱਬ ਨਾ ਕਰੇ, ਜੇ ਉਹ ਹਾਰ ਜਾਣ ਤਾਂ ਸਰਕਾਰੀ ਨਜ਼ਰਾਂ 'ਚ ਇਨ੍ਹਾਂ ਦੀ ਲੋਕ-ਪ੍ਰੀਅਤਾ ਵੱਧੇਗੀ ਕਿ ਘੱਟੇਗੀ ? ਕੀ ਇਹ ਫਿਰ ਬੁਰੇ ਸਮੇਂ ਨੂੰ ਸੱਦਾ ਦੇਣਾ ਨਹੀਂ ਹੋਵੇਗਾ ? ਜੇ ਇਨ੍ਹਾਂ ਦੀ ਚੋਣਾਂ ਨਾਲ ਲੋਕ-ਪ੍ਰੀਅਤਾ ਦਿਖਾ ਕੇ ਤੇ ਹੋਰਨਾਂ ਨੂੰ ਕਾਇਲ ਕਰਕੇ ਹੀ ਸਰਕਾਰ 'ਤੇ ਕੋਈ ਦਬਾਅ ਜਾਇਆ ਜਾ ਸਕਦਾ ਹੈ ਤਾਂ ਉਹ ਦਬਾਅ ਚੋਣਾਂ ਦੇ ਬਾਈਕਾਟ ਕਰਕੇ ਨਹੀਂ ਸੀ ਪੈ ਸਕਦਾ ?

ਅੱਜ ਧਾਰੀ ਬੁੰਨ ਕੇ ਸੁਰਮਾ ਪਾਉਂਣ ਵਾਲੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਵਰਗੇ, ਬਲਵੰਤ ਸਿੰਘ ਰਾਮੂੰਵਾਲੀਏ ਨੂੰ ਕੁਲ ਤਕ ਸ਼੍ਰੋਮਣੀ ਕਮੇਟੀ 'ਚ ਬਰਦਾਸ਼ਤ ਨਾ ਕਰਨ ਵਾਲੇ ਲੋਕ, ਅੱਜ ਜੇਹਲ ਵਿਚੋਂ ਸਿੱਖਾਂ ਨੂੰ ਸੁਨੇਹੇ ਭੇਜਦੇ ਹਨ ਕਿ ਉਹ ਆਪਣੇ ਅਜਿਹੇ 'ਚਹੇਤੇ ਉਮੀਦਵਾਰ' ਨੂੰ ਜਿਤਾਉਂਣ ਤਾਂ ਕਿ ਉਹ ਫਿਰ ਜਿੱਤ ਕੇ ਲੋਕ ਸਭਾ 'ਚ 'ਪੰਜਾਬ ਤੇ ਕਿਰਸਾਨੀ ਦੇ ਹੋਰ ਮਾਮਲਿਆਂ' (ਧਾਰਮਿਕ ਨਹੀਂ!) ਨੂੰ ਉਠਾਵੇ। ਅੱਜ ਜੇ ਸਦਾ ਧਰਮ ਦੀ ਖੱਟਿਆ ਖਾਂਦੇ, ਇਨ੍ਹਾਂ ਲੋਕਾਂ ਦੀਆਂ ਸੁਰਮੇ ਵਾਲੀਆਂ ਅੱਖਾਂ ਧਰਮ ਦਾ ਨਾਂ ਲੈਂਦੀਆਂ ਸੰਗਦੀਆਂ-ਸ਼ਰਮਾਉਂਦੀਆਂ ਜਾਂ ਨੀਵੀਂਆਂ ਹੁੰਦੀਆਂ ਹਨ ਤਾਂ ਇਹ ਆਪਣੇ ਸਿਆਸੀ-ਹਿਤਾਂ ਲਈ ਧਰਮ ਦੇ ਸਿਧਾਂਤਾਂ 'ਤੇ ਪਹਿਰਾ ਦੇਣਾ ਤਾਂ ਪਾਸੇ ਰਿਹਾ, ਇਸ ਦੀ ਗੱਲ ਕਰਨਾ ਵੀ ਉਚਿੱਤ ਨਹੀਂ ਸਮਝਦੇ ਤਾਂ ਇਹ ਕੌਮ ਨੂੰ ਕਿਹੜੇ ਕਿਨਾਰੇ ਲਾ ਦੇਣਗੇ ?

ਅੱਜ ਬਾਬੇ ਤੋਂ ਬਰਨਾਲੇ ਤਕ ਸਾਰੇ ਅਕਾਲੀ ਦਲ ਹੋਰ ਤਾਂ ਹੋਰ, ਫੈਡਰੇਸ਼ਨ ਵੀ 'ਸਿੱਖ ਦੁਸ਼ਮਣ ਸਰਕਾਰ ਨੂੰ ਹਾਰ ਦੇਣ' ਲਈ ਮੈਦਾਨਿ-ਚੋਣ ਵਿਚ ਜੁਝ ਰਹੀ ਹੈ। ਜੀ ਸਦਕੇ ! ਸਾਰੇ ਧੜੇ ਆਪਣੀ ਜ਼ਿਦ 'ਤੇ ਵੀ ਅੜੇ ਹਨ, ਪਰ ਕੌਮ ਦੀ ਪੀੜ ਹਰਨ ਦਾ ਇਲਾਜ ਸਾਰੇ ਇਸ ਚੋਣ 'ਚ ਸਰਕਾਰ ਦੇ ਹਾਰਨ 'ਚ ਦੱਸ ਰਹੇ ਹਨ। ਸੰਭਵ ਹੈ, ਇਸ ਦਲੀਲ ਨਾਲ ਕੁੱਝ ਲੋਕ ਕਾਇਲ ਵੀ ਹੋਣ, ਪਰ ਚੋਣ ਮੈਦਾਨ 'ਚ ਜੁਝਦੇ ਇਨ੍ਹਾਂ 'ਜੁਝਾਰੂਆਂ' ਨੂੰ ਇਸ ਗੱਲ ਦਾ ਚਾਨਣ ਜ਼ਰੂਰ ਹੋਣਾ ਚਾਹੀਦਾ ਹੈ ਕਿ ਹਰਫਲਿਆਂ ਵਾਂਗ ਇਹ ਚਾਈਂ-ਚਾਈਂ ਜਿਵੇਂ ਚੋਣ ਅਖਾੜੇ ਵਿਚ ਉਤਰੇ ਹਨ, ਇਹ ਜਿਥੇ ਉਹਨਾਂ ਵਲੋਂ ਕੇਂਦਰ-ਸਰਕਾਰ ਨੂੰ ਮੀਰੀ-ਪੀਰੀ ਦੇ ਸਿਧਾਂਤ ਨੂੰ ਵੀ ਤਿਲਾਂਜਲੀ ਦੇਣ ਦਾ ਸੰਕੇਤ ਹੈ, ਉਥੇ ਉਸ ਭਾਰਤੀ-ਸੰਵਿਧਾਨ ਵਿਚ ਉਹਨਾਂ ਦੇ ਪੂਰੀ ਸ਼ਰਧਾ-ਆਸਥਾ ਰੱਖਣ ਦਾ ਸੂਚਕ ਹੈ, ਜਿਸ ਦੀ ਧਾਰਾ ਨੂੰ ਕੁਲ ਉਹ ਸ਼ਰੇਆਮ ਸਾੜਦੇ ਰਹੇ ਹਨ ਤੇ ਨਾਲ ਹੀ ਇਹ ਇਕ ਤਰਾਂ ਭਾਰਤ 'ਚ ਸਿੱਖਾਂ ਦੇ 'ਰਾਜ਼ੀ ਬਾਜ਼ੀ' ਵਸਣ ਦਾ ਵੀ ਲਖਾਇਕ ਹੈ। ਚੋਣਾਂ 'ਚ ਸਰਗਰਮ ਉਹ ਧਿਰਾਂ ਜੋ ਸੰਤ ਜਰਨੈਲ ਸਿੰਘ ਦੇ ਬਚਨਾਂ ਨੂੰ ਅਮਲੀ ਜਾਮਾ ਪਹਿਨਾਉਂਣ 'ਤੇ ਉਹਨਾਂ ਦੇ ਮਿਥੇ ਨਿਸ਼ਾਨੇ ਵੱਲ ਨੱਕ ਦੀ ਸੇਧ ਚੱਲਣ ਦੀਆਂ ਦਾਅਵੇਦਾਰ ਹਨ, ਉਹ ਆਨੰਦਪੁਰ ਮਤੇ ਦੇ ਅਖੌਤੀ-ਵਿਸ਼ਵਾਸੀ ਤੇ ਮੁਤਲਾਸ਼ੀ ਅਕਾਲੀਆਂ ਨਾਲੋਂ ਇਹ ਚੋਣਾਂ ਲੜ ਕੇ ਸੰਭਵ ਹੈ ਵਕਤੀ ਤੌਰ 'ਤੇ ਕਿਸੇ ਜਿੱਤ 'ਤੇ ਕੁੱਛ ਦੇਰ ਤਾਂ ਕੱਛਾਂ ਵਜਾ ਲੈਣ, ਪਰ ਲੰਮੀ ਦੌੜ 'ਚ ਉਹਨਾਂ ਖੱਟਣਾ ਘੱਟ ਤੇ ਗਵਾਉਂਣਾ ਵਧੇਰੇ ਹੈ !

ਇਹ ਸਤਰਾਂ ਲਿਖਣ ਤੱਕ ਚੋਣ ਵਿਚ ਹਫਤਾ ਬਾਕੀ ਹੈ। ਉਮੀਦਵਾਰ ਸਿੱਕਿਆਂ ਨਾਲ ਤੁਲ ਰਹੇ ਹਨ ! ਅੰਦਰੋਂ ਜੇਹਲਾਂ ਚੋਂ ਬਿਆਨ ਦਾਗੇ ਜਾ ਰਹੇ ਹਨ, ਬਾਹਰ ਧੂੰਆਂ-ਧਾਰ ਪ੍ਰਚਾਰ ਹੋ ਰਿਹਾ ਹੈ। ਪੂਰਾ ਪੰਜਾਬ ਹੀ ਨਹੀਂ ਭਾਰਤ ਨਗਾਰ-ਖਾਨਾ ਬਣਿਆ ਹੋਇਆ ਹੈ। ਕੌਣ ਜਿੱਤਦਾ ਹੈ ਤੇ ਕੌਣ ਹਾਰਦਾ? ਇਹ ਸਮਾਂ ਦੱਸੇਗਾ ! ਕੁਝ ਵੀ ਹੋ ਸਕਦਾ ਹੈ। ਚੋਣਾਂ ਲੜਨ ਦੇ ਫੈਸਲੇ ਦੇ ਮਤਭੇਦ ਦੇ ਬਾਵਜੂਦ ਵੀ ਇਕ ਸਧਾਰਨ ਤੇ ਸੁਹਿਰਦ ਸਿੱਖ ਵਾਂਗ ਸਾਡੀ ਦਿਲੀ ਤਮੰਨਾ ਹੈ ਕਿ ਸ: ਮਾਨ, ਭਾਈ ਅਤਿੰਦਰਪਾਲ ਸਿੰਘ, ਬੀਬੀ ਬਿਮਲ ਕੌਰ ਖਾਲਸਾ, ਬੀਬੀ ਰਾਜਿੰਦਰ ਕੌਰ ਤੇ ਹੋਰ ਕੌਮ-ਦਰਦੀ ਉਮੀਦਵਾਰ ਜਿੱਤ ਜਾਣ। ਘੱਟੋ-ਘੱਟ ਇਸ ਨਾਲ ਸਿੱਖਾਂ ਦੇ ਰਹਿੰਦੇ-ਖੂੰਹਦੇ ਭੁਲੇਖੇ ਤਾਂ ਨਿਕਲ ਜਾਣਗੇ !

ਪਰ ਏਨਾ ਨਿਰਸੰਕੋਚ ਕਹਿਣ ਦੀ ਇਜਾਜ਼ਤ ਚਾਹਾਂਗੇ ਕਿ ਅੱਗੇ ਐਮਰਜੈਂਸੀ ਉਪਰੰਤ ਅਕਾਲੀ-ਮੋਹਰੀ ਗੱਠਜੋੜ ਨੇ ਪੰਜਾਬ ਦੀਆਂ ਤੇਰਾਂ ਲੋਕ-ਸਭਾਈ ਸੀਟਾਂ ਜਿੱਤ ਕੇ ਕੇਂਦਰ 'ਚ ਜਨਤਾ ਹਕੂਮਤ ਬਣਾ ਕੇ ਸੈਂਟਰ 'ਚ ਛੇਤ ਵਜ਼ੀਰੀ ਤਾਂ ਲੈ ਲਈ ਸੀ, ਪਰ ਚੌਧਰੀ ਚਰਨ ਸਿਹੁੰ ਤੇ ਮੁਰਾਰਜੀ ਡਿਸਾਈ ਤੋਂ ਆਪਣੀ ਪ੍ਰਤੀਨਿਧਤਾ ਬੱਲੇ ਕੌਮ ਦੀ ਬੇਇੱਜ਼ਤੀ ਕਰਵਾਈ ਸੀ। ਉਦੋਂ ਇਹ 'ਜਿੱਤ' ਅਕਾਲੀਆਂ ਨੇ ਇਕੱਠੇ ਰਹਿ ਕੇ ਤੇ ਹਿੰਦੂ ਵੋਟਾਂ ਆਪਣੇ ਨਾਲ ਰਲਾ ਕੇ ਕੀਤੀ ਸੀ, ਪਰ ਹੁਣ ਹਿੰਦੂ-ਵੋਟਾਂ 'ਤੇ ਕਾਂਟਾ ਲਾ ਕੇ ਤੇ ਆਪਸ 'ਚ ਪਾਟ ਕੇ ਜੇ ਭਲਾ ਕੁੱਝ ਸੀਟਾਂ ਜਿੱਤ ਵੀ ਲਈਆਂ ਤਾਂ ਇਸ ਨਾਲ ਸਿੱਖਾਂ ਨੂੰ ਕੋਈ ਟੋਰਾ ਨਹੀਓਂ ਲੱਗਣਾ !

ਕੁਲ ਵੱਡੀ ਹਕੂਮਤ ਨਾਲ ਟੱਕਰ ਲੈਂਦਿਆਂ ਵੀ ਨੁੰਨੇ-ਸਾਹਿਬਜ਼ਾਦੇ ਸਿੱਖੀ-ਸਿਧਾਂਤਾਂ ਉਤੇ ਅੜੇ ਰਹੇ, ਡੋਲੇ ਨਹੀਂ !

ਅੱਜ ਵੱਡੀ ਹਕੂਮਤ ਨਾਲ ਟੱਕਰ ਲੈਂਦਿਆਂ ਵੱਡੇ-ਅਖੌਤੀ ਅਕਾਲੀ-ਲੀਡਰ ਸਿੱਖ-ਸਿਧਾਂਤਾਂ 'ਤੇ ਡਟੇ ਨਹੀਂ, ਡਗਮਗਾਏ ਹਨ !!

ਚਾਂਦਨੀ-ਚੌਕ 'ਤੇ ਚਮਕੌਰ ਦੇ ਯੁੱਧ-ਮੈਦਾਨ 'ਚ ਛੁੱਲ੍ਹੇ ਲਹੂ ਤੇ ਸਰਹੰਦ ਦੀ ਖੂੰਨੀ-ਦੀਵਾਰ ਦਾ ਪੈਗ਼ਾਮ ਸੀ ਕਿ ਸਮਾਂ ਪਏ 'ਤੇ ਸਿੱਖ ਸ਼ਹਾਦਤ ਦਾ ਜਾਮ ਭਾਵੇਂ ਪੀ ਜਾਵੇ, ਪਰ ਧਰਮ ਨੂੰ ਤਿਲਾਂਜਲੀ ਨਾ ਦੇਵੇ।

ਅੱਜ ਜੇ ਸਿੱਖ ਚੋਣਾਂ ਨਾ ਲੜਦੇ ਜਾਂ ਚੋਣਾਂ ਹਾਰ ਜਾਂਦੇ ਹਨ, ਪਰ ਉਹਨਾਂ ਸਿੱਖੀ ਸਿਧਾਂਤਾਂ ਉਤੇ ਪਹਿਰਾ ਦਿਤਾ ਹੈ ਤਾਂ ਸਿੱਖ ਹਾਰ ਕੇ ਵੀ ਜਿੱਤੇ ਹਨ !

ਤੇ ਜੇ ਸਿੱਖ ਚੋਣਾਂ ਜਿੱਤ ਵੀ ਜਾਂਦੇ ਹਨ, ਪਰ ਉਹਨਾਂ ਸਿੱਖੀ-ਸਿਧਾਂਤਾਂ 'ਤੇ ਹੀ ਪਹਿਰਾ ਨਹੀਂ ਦਿੱਤਾ ਤਾਂ ਸਿੱਖ ਜਿੱਤ ਕੇ ਵੀ ਹਾਰੇ ਹੀ ਹਨ !!

'ਜਾਗੋ-ਇੰਟਰਨੈਸ਼ਨਲ'
(ਦਸੰਬਰ, 1989)

ਭੰਵਰ ਸੇ ਲੜੋ ਤੁੰਦ ਲਹਿਰੋਂ ਸੇ ਉਲਝੋ
ਕਹਾਂ ਤਕ ਚਲੋਗੇ ਕਿਨਾਰੇ-ਕਿਨਾਰੇ ?

(ਇਕ ਖ਼ਤ ਸਿਮਰਨਜੀਤ ਸਿੰਘ ਮਾਨ ਦੇ ਨਾਂ .....)

ਸਨਮਾਨ ਯੋਗ ਸ: ਸਿਮਰਨਜੀਤ ਸਿੰਘ ਮਾਨ ਜੀਓ,

ਗੁਰ ਫਤਹਿ ਪ੍ਰਵਾਨ ਕਰਨੀ !

ਆਪ 27 ਨਵੰਬਰ, 84 ਨੂੰ ਨਿਪਾਲ ਦੇ ਜੋਗਬਨੀ-ਬਾਰਡਰ ਤੋਂ ਗ੍ਰਿਫਤਾਰ ਹੋ ਕੇ 2 ਦਸੰਬਰ, 89 ਨੂੰ ਭਾਵ ਪੂਰੇ ਪੰਜ ਸਾਲ ਤੇ ਪੰਜ ਦਿਨਾਂ ਦੇ ਹਨੇਰੇ 'ਚੋਂ ਨਿਕਲ, ਪੰਜਾਬ ਦੀ ਦੁਮੇਲ ਤੇ ਇਕ ਸੂਰਜ ਬਣ ਕੇ ਚੜ੍ਹੇ ਹੋ ! ਖਾਲਸਾ-ਪੰਥ ਲਈ ਆਸ ਦੀ ਇਕ ਕਿਰਨ ਬਣ ਕੇ ਬਹੁੜੇ ਹੋ !! ਤੁਹਾਡੀ ਆਮਦ ਉਤੇ ਬਰੂੰਹੀ ਤੇਲ, ਹਟਕੋਰਦੇ ਪੰਜਾਬ ਅਤੇ ਜੂਝਦੇ-ਪੰਥ ਨੇ ਇਸ ਲਈ ਵੀ ਚੋਇਆ ਹੈ ਕਿ ਸਿਰ ਤੇ ਗੂੜਕੀ ਲੋਕ-ਸ਼ਕਤੀ ਦੀ ਬਿਜਲੀ ਦੇ ਧਰਤ ਡੇਗੇ-ਪਟਕੇ ਸਿਆਸੀ-ਵਿਮਾਨ ਦੇ ਅਨਾਤੀ ਆਪ- ਹੁਦਰੇ ਪਾਇਲਟ ਰਾਜੀਵ ਨੇ ਜਿਹਲ ਦੇ ਦਰਵਾਜ਼ੇ ਹਰਫਲ ਕੇ ਬੇਵੱਸ ਹੋ ਕੇ ਖੋਹਲੇ ਤਾਂ ਤੁਸੀਂ ਤੇ ਤੁਹਾਡੇ ਸਾਥੀ ਨਿਹੱਕੇ ਕਿਹਰ ਸਿੰਘ ਵਾਲੀ ਭਾਵੀ ਸਿਰਾਂ ਤੇ ਵਰਤਣੋਂ ਵਾਲ-ਵਾਲ ਬਚੇ ਹੋ।

ਸਿੱਖ-ਸਫਾਂ ਵਿਚ ਇਹ ਧਾਰਣਾ ਹੀ ਪ੍ਰਚੱਲਤ ਨਹੀਂ, ਇਕ ਜਿਉਂਦਾ-ਜਾਗਦਾ ਸੱਚ ਹੈ ਕਿ ਗੁਰੂ ਕੇ ਪੰਥ ਨੂੰ ਵਰਤਮਾਨ ਪਾਏ ਤੱਕ ਪਹੁੰਚਾਣ ਵਾਲੇ ਕੁਰਬਾਨੀ ਤੋਂ ਉਣੇ, ਦਿਆਨਤਦਾਰੀ ਤੋਂ ਸੱਖਣੇ, ਅਨਪੜ-ਉਜੱਡ ਤੇ ਖ਼ੁਦਗਰਜ਼ ਲੀਡਰ ਹਨ। ਪਰ ਵੱਡੀ ਖੁਸ਼ੀ ਦੀ ਗੱਲ ਹੈ ਕਿ ਅੱਜ ਪੰਥ ਦੀ ਵਾਗਡੋਰ ਅਕਾਲ ਪੁਰਖ ਨੇ ਤੁਹਾਡੇ ਜਿਹੇ ਨਫੀਸ ਅਤੇ ਸ਼ਾਇਸਤਾ-ਇਨਸਾਨ ਦੇ ਹੱਥਾਂ ਵਿਚ ਸੌਂਪੀ ਹੈ। ਤੁਸੀਂ, ਜੋ ਆਪੂੰ ਕੁਰਬਾਨੀ ਦੇ ਲੰਬੇ ਪੰਧ ਤੇ ਟੁਰੇ ਹੋ। ਤੁਸੀਂ, ਜੋ ਉਚੇਰੀ ਵਿੰਦਿਅਕ-ਯੋਗਤਾ ਦੇ ਧਾਰਣੀ ਹੋ। ਤੁਸੀਂ ਜੋ ਸਿਆਸਤ ਦੇ ਪੰਘੂੜੇ ਵਿਚ ਜੰਮ-ਪਲ ਕੇ ਪ੍ਰਵਾਨ ਚੜ੍ਹੇ ਹੋ। ਤੁਸੀਂ, ਜੋ ਵਰਤਮਾਨ ਸਮੇਂ ਵਿਚ ਸਿੱਖ-ਭਾਵਨਾਵਾਂ ਦੀ ਪੂਰਤੀ ਦੇ ਪ੍ਰਤੀਕ ਹੋ ਨਿੱਬੜੇ ਮਹਾਨ-ਮਨੁੱਖ ਸੰਤ ਜਰਨੈਲ ਸਿੰਘ ਜੀ ਦੇ ਕੱਟਤ ਸਮਰਥਕ ਕਹੇ ਜਾਂਦੇ ਹੋ। ਤੁਸੀਂ, ਜੋ ਅਜਿਹੇ ਧਰਮ-ਆਸਥੀ ਤੇ ਤਿਆਗੀ ਹੋਂ ਜਿਹਨਾਂ1984 ਦੇ ਦਿੱਲੀ-ਦਰਬਾਰ ਉਤੇ ਹਮਲੇ ਦੇ ਹੋਣ ਤੇ ਸੈਂਟਰਲ ਇੰਡਸਟਰੀਅਲ ਸਕਿਉਰਿਟੀ ਫੋਰਸ ਦੇ ਬੰਬਈ 'ਚ ਗਰੁੱਪ-ਕਮਾਂਡਰ ਹੁੰਦਿਆਂ ਆਪਣੇ ਆਈ. ਪੀ. ਐਸ. ਦੇ ਉਚ ਅਹੁਦੇ ਨੂੰ ਠੋਕਰ ਮਾਰ ਦਿੱਤੀ। ਵਰਨਾ ਤੁਹਾਡੇ ਮੁਕਾਬਲੇ ਧਰਮ ਦੀ ਖੱਟਿਆ ਖਾਂਦੇ ਉਹ ਵੀ ਤਾਂ ਸਿੱਖ ਹੀ ਸਨ, ਜੋ ਆਪਣੇ ਸੌੜੇ ਸਿਆਸੀ-ਹਿਤਾਂ ਲਈ ਇਸ ਹਮਲੇ ਵਿਚ ਦਿੱਲੀ ਦੇ ਭਿਆਲ ਬਣੇ। ਉਹ ਵੀ ਤਾਂ ਸਿੱਖ ਹੀ ਸਨ, ਜਿਹਨਾਂ ਦੇ ਨਾਪਾਕ ਹੱਥਾਂ ਦੇ ਦਸਖਤਾਂ ਨਾਲ ਤੇ ਜਿਹਨਾਂ ਦੀ ਕਮਾਨ ਹੇਠ ਫੌਜੀ-ਬੇੜੇ ਦਰਬਾਰ ਸਾਹਿਬ ਦੀ ਹੱਦ ਵਿਚ ਦਨਦਨਾਂਦੇ ਹਮਲਾਵਰ ਹੋਏ। ਉਹ ਵੀ ਤਾਂ ਸਿੱਖ ਹੀ ਸਨ ਜਿਹਨਾਂ ਸ਼ਹੀਦਾਂ ਦੇ ਪਿੰਜਰਾਂ ਤੇ ਬੈਠ ਕੌਮ ਤੋਂ ਚੋਰੀ-ਛੁੱਪੇ ਅੰਦਰਖਾਤੇ ਦਿੱਲੀ ਨਾਲ ਸਮਝੌਤੇ ਕਰਕੇ, ਸਰਕਾਰਾਂ ਬਣਾ ਕੇ ਸਿੱਖਾਂ ਨੂੰ ਦੋਹੀਂ-ਦੋਹੀਂ ਹੱਥੀਂ ਲੁੱਟਿਆ। ਉਹ ਵੀ ਤਾਂ ਸਿੱਖ ਹੀ ਹਨ ਜੋ ਅੱਜ ਵੀ ਵਿਧਾਨ ਸਭਾ ਦੀਆਂ ਚੋਣਾਂ ਲੜਨ ਲਈ ਮੁੱਠੀਆਂ ਨੂੰ ਥੁੱਕ ਲਾਈ ਫਿਰਦੇ ਹਨ ਤੇ ਸਰਕਾਰ ਬਣਾਉਣ ਲਈ ਖ਼ੁਵੀਆਂ ਖਾ ਰਹੇ ਹਨ !

ਮਾਨ ਸਾਹਿਬ ! ਤੁਸੀਂ ਸਰਕਾਰ ਲਈ, ਅੰਦਰ ਸੌ। ਜੁਝਾਰੂ ਰੂਪੋਸ਼ ਸਨ। ਪਰ ਜੁਝਾਰੂ ਤੇ ਤੁਸੀਂ ਪੰਜਾਬ ਦੇ ਅਵਾਮ ਅਥਵਾ ਸਿੱਖਾਂ ਦੇ ਦਿਲ 'ਚ ਵਸਦੇ ਸੌ। ਮੌਜੂਦਾ ਚੋਣਾ 'ਚ ਉਹਨਾਂ ਤੁਹਾਨੂੰ ਅੱਖਾਂ ਤੇ ਬਿਠਾ ਕੇ ਰਿਕਾਰਡ-ਤੋੜ ਵੋਟਾਂ ਨਾਲ ਜਿਤਾ ਕੇ ਗਰੂਰੇ ਰਾਜੀਵ ਨੂੰ ਚਾਰੋਂ-ਛਾਨੇ ਚਿੱਤ ਕਰਕੇ ਦੁਮੂੰਹਾਂ ਫੈਸਲਾ ਫਤਵਾ ਇਹ ਦਿੱਤਾ ਹੈ ਕਿ ਪੰਜਾਬ ਅਥਵਾ ਸਿੱਖ ਦਿੱਲੀ ਵਲੋਂ ਆਪਣੇ ਉਤੇ ਕੀਤੇ ਜਾ ਰਹੇ ਜ਼ੁਲਮ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਦੇ ਇਸ ਤੋਂ ਬਾਗੀ ਹਨ ਅਤੇ ਪੰਥ ਪੂਰੀ ਤਰਾਂ ਪੰਜਾਬ ਅਥਵਾ ਕੌਮ ਦੀ ਲੱਬੀ ਪੱਗ ਤੇ ਪੱਤ ਲਈ ਲੜਦੇ ਜੁਝਾਰੂ ਜਾਂ-ਬਾਜ਼ਾਂ ਦੀ ਪਿੱਠ ਉਤੇ ਹੈ ਤੇ ਥੁੱਛੀ ਖ਼ੁਦਗਰਜ਼-

ਲੀਡਰਸ਼ਿਪ ਨੂੰ ਮੁੱਢੋਂ ਰੱਦ ਕਰਦਾ ਹੈ। ਸਪੱਸ਼ਟ ਸ਼ਬਦਾਂ ਵਿਚ ਇਸਨੂੰ ਪੰਜਾਬ ਦੇ ਲੋਕਾਂ ਅਥਵਾ ਸਿੱਖਾਂ ਵਲੋਂ ਆਜ਼ਾਦ ਸਿੱਖ-ਖਿੱਤੇ ਅਥਵਾ ਖਾਲਿਸਤਾਨ ਦੇ ਹੱਕ ਵਿਚ ਦਿੱਤਾ ਲੋਕਮਤ ਕਿਹਾ ਜਾ ਸਕਦਾ ਹੈ।

ਪੰਜਾਬ ਦੀ ਮਿੱਟੀ ਦਾ ਇਹ ਖਾਸਾ ਤੇ ਖਾਲਸਾ-ਪੰਥ ਦਾ ਇਹ ਸੁਭਾਓ ਹੈ ਕਿ ਇਹ ਕੁਰਬਾਨੀ ਦਾ ਮੁੱਲ ਹਰਗਿਜ਼ ਰਖਦੇ ਨਹੀਂ ਹਰ ਹਾਲਤ ਮੋੜਦੇ ਹਨ। ਜੁਝਾਰੂਆਂ ਤੇ ਤੁਹਾਡੀਆਂ ਕੁਰਬਾਨੀਆਂ ਦਾ ਮੁੱਲ ਮੋੜਦਿਆਂ ਹੀ ਪੰਥ ਅਤੇ ਪੰਜਾਬ ਨੇ ਮੌਜੂਦਾ ਜਿੱਤ ਦਾ ਸਿਹਰਾ ਤੁਹਾਡੇ ਸਿਰ ਬੁੰਨਿਆ ਹੈ। ਕਦੇ ਅਜਿਹੇ ਹੀ ਮਾਣ-ਸਤਿਕਾਰ ਦਾ ਸਿਹਰਾ ਖਾਲਸਾ-ਪੰਥ ਨੇ ਭਾਈ ਜਸਵੀਰ ਸਿੰਘ ਦੇ ਸਿਰ ਬੁੰਨਿਆ ਸੀ। ਅਫਸੋਸ ਉਹਨਾਂ ਦੀ ਝੋਲੀ ਇਸ ਸਤਿਕਾਰ ਨੂੰ ਸਾਂਭ ਨਾ ਸਕੀ। ਸਿੱਖਾਂ ਦੀ ਗੱਲ ਉਹ ਅੱਗੇ ਨਾ ਤੋਰ ਸਕੇ। ਕਾਰਨਾਂ ਚੋਂ ਇਕ ਵੱਡਾ ਕਾਰਨ ਇਹ ਵੀ ਸੀ ਕਿ ਉਹਨਾਂ ਵਿਚ ਨਾ ਘਾਗ ਅਕਾਲੀ-ਲੀਡਰਾਂ ਨੂੰ ਨੱਥ ਲੈਣ ਦੀ ਚਤੁਰਤਾ ਸੀ ਤੇ ਨਾ ਖਾੜਕੂ-ਭਰਾਵਾਂ ਦਾ ਹੱਥ ਫੜਕੇ ਅੱਗੇ ਵਧਣ ਦੀ ਦਲੇਰੀ ! ਨਤੀਜਾ ਸਭ ਦੇ ਸਾਹਮਣੇ ਹੈ।

ਨਾ ਖ਼ੁਦਾ ਹੀ ਮਿਲਾ ਨਾ ਵਿਸਾਲੇ-ਸਨਮ,
ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ !

ਸਿਮਰਨਜੀਤ ਸਿੰਘ ਜੀ ! ਅਸਲੀ ਗੱਲ ਵੱਲ ਪਰਤਣ ਤੋਂ ਪਹਿਲੋਂ ਇਕ ਗੱਲ ਕਹਿ ਜਾਵਾਂ ਕਿ ਤੁਹਾਡੀ ਰਿਹਾਈ ਰਾਜੀਵ ਨੇ ਪੋਲੇ-ਪੈਰੀਂ ਨਹੀਂ ਨਾਸੀਂ-ਧੂੰਆਂ ਆਉਂਣ ਤੇ ਕੀਤੀ ਹੈ ਤੇ ਇਸ ਬਦਨੀਤੀ ਨਾਲ ਕੀਤੀ ਹੈ ਕਿ ਸਿੱਖਾਂ 'ਚ ਤੁਹਾਡੀ ਮਕਬੂਲੀਅਤ ਤੁਹਾਡੇ ਜੁਝਾਰੂ-ਪ੍ਰਭਾਵ ਕਰਕੇ ਹੈ ਤੇ ਬਾਹਰ ਜਾ ਕੇ ਜੇ ਤੁਸੀਂ ਜੁਝਾਰੂ ਸੋਚ ਅਥਵਾ ਖਾਲਿਸਤਾਨ ਦੇ ਹੱਕ ਵਿਚ ਖੜੋਂਗੇ ਤਾਂ ਨਵੀਂ ਸਰਕਾਰ ਤੇ ਅਕਾਲੀਆਂ ਵਲੋਂ ਜਾਵੋਂਗੇ ਤੇ ਜੇ ਨਾਂ ਖੜੋਂਗੇ ਅਤੇ ਖਾੜਕੂਆਂ ਅਥਵਾ ਸਿੱਖ-ਅਵਾਮ ਵਲੋਂ ਜਾਵੋਂਗੇ। ਉਸ ਨਾਰਦ ਨੇ ਤੁਹਾਨੂੰ ਇੰਝ ਨਵੀਂ ਸਰਕਾਰ ਅਥਵਾ ਬਰੂੰਗੇ-ਅਕਾਲੀਆਂ ਅਤੇ ਖਾੜਕੂਆਂ ਅਥਵਾ ਸਿੱਖ-ਅਵਾਮ ਵਿਚਾਲੇ ਆਪਣੇ ਜਾਣੇ ਸ਼ਿਕਾਰ ਬਣਾ ਕੇ ਪਾ ਦਿੱਤਾ ਸੀ ਤੇ ਆਪ ਉਸ ਹਾਰਦੇ ਜੁਆਰੀਏ ਨੇ ਜਾਂਦੇ-ਜਾਂਦੇ ਆਪਣੇ ਗੰਗਾ ਨਹਾਤੇ ਹੋਣ ਦਾ ਪ੍ਰਭਾਵ ਛੱਡਣ ਦਾ ਵਿਅਰਥ ਯਤਨ ਕੀਤਾ ਸੀ। ਖੈਰ, ਰਾਜੀਵ ਤੁਹਾਨੂੰ ਇਹ ਪੰਗਾ ਪਾਉਂਣ ਦੀ ਮਨਸ਼ਾ ਨਾਲ ਨਾ ਵੀ ਛੱਡਦਾ ਤਾਂ ਜਿਹਲੋਂ ਨਿਕਲਦਿਆਂ ਸਮੱਸਿਆ ਤੁਹਾਡੀ ਇਥੋਂ ਹੀ ਸ਼ੁਰੂ ਹੋਣੀ ਸੀ ਕਿ ਤੁਸੀਂ ਜੁਝਾਰੂ-ਲਹਿਰ ਅਥਵਾ ਸਿੱਖ-ਅਵਾਮ ਦੀ ਨੁਮਾਇੰਦਗੀ ਕਰਦਿਆਂ ਸਿੱਖਾਂ ਦੀ ਗੱਲ ਅੱਗੇ ਤੋਰਨੀ ਹੈ ਜਾਂ ਫਿਰ ਲਗਪਗ ਉਵੇਂ ਵਜ਼ਾਰਤ ਹੀ ਭੋਗਣੀ ਹੈ ਜਿਵੇਂ ਜਸਟਿਸ, ਬਾਦਲ ਤੇ ਬਰਨਾਲਾ ਆਦਿ ਭੋਗਦੇ ਰਹੇ ਹਨ।

ਮਾਨ ਸਾਹਿਬ ! ਤੁਸੀਂ ਪੰਜਾਬ ਦੀ ਗੰਭੀਰ-ਸਮੱਸਿਆ ਦਾ ਸਮਾਧਾਨ ਜਾਂ ਹੱਲ ਕਰਨਾ ਹੈ। ਤੇ ਇਹ ਨਿਖੇੜਾ ਤੁਹਾਡੇ ਮਨ 'ਚ ਪਹਿਲੋਂ ਹੋ ਜਾਣਾ ਚਾਹੀਦਾ ਹੈ ਕਿ ਪੰਜਾਬ ਦੀ ਸਮੱਸਿਆ ਦਰਅਸਲ ਸਿੱਖ-ਸਮੱਸਿਆ ਹੈ। ਪੰਜਾਬ ਨਾਲ ਜਿਹਨਾਂ ਵਿਤਕਰਿਆਂ-ਬੇਇਨਸਾਫੀਆਂ ਦੀਆਂ ਗੱਲਾਂ, ਆਜ਼ਾਦੀ ਤੋਂ ਤੁਰੰਤ ਉਪਰੰਤ ਤੋਂ ਲੈ ਕੇ ਪੰਜਾਬੀ ਸੂਬੇ ਦੇ ਮੋਰਚੇ ਲਾਉਂਦਿਆਂ, ਆਨੰਦਪੁਰ ਮਤੇ ਦੀ ਵਿਆਖਿਆ ਕਰਦਿਆਂ ਤੇ ਧਰਮ-ਯੁੱਧ ਮੋਰਚੇ ਦੇ ਸੰਘਰਸ਼ ਚੋਂ ਵਿਚਰਦਿਆਂ ਸਿੱਖ, ਕੇਂਦਰ ਨੂੰ ਬਾਰ-ਬਾਰ ਦੁਹਰਾਂਦੇ ਰਹੇ ਹਨ ਇਹ ਪੈਦਾ ਹੀ ਤਦੇ ਹੋਈਆਂ ਹਨ ਕਿਉਂਕਿ ਪੰਜਾਬ ਭਾਰਤ ਤੋਂ ਵੱਖਰੀ ਹੋਂਦ ਵਾਲੇ ਲੋਕਾਂ ਦਾ ਸੂਬਾ ਹੈ। 'ਸਿੱਖਾਂ ਦਾ ਘਰ' ਹੈ। ਇਸਦਾ ਹਰਗਿਜ਼ ਮਤਲਬ ਇਹ ਨਹੀਂ ਕਿ ਸਿੱਖ ਪੰਜਾਬ ਉਤੇ ਸਿਰਫ ਆਪਣੀ ਹੀ ਮੇਰ ਜਤਾਉਂਦੇ ਰਹੇ ਹਨ ਤੇ ਉਹਨਾਂ ਭਾਰਤ ਦੇ ਸਿੱਖਾਂ ਪ੍ਰਤੀ ਵਤੀਰੇ ਵਾਂਗ ਇਥੇ ਹੋਰਨਾਂ ਨੂੰ ਬਿਗਾਨੇ ਸਮਝਿਆ ਹੈ। 'ਗੁਰਾਂ ਦੇ ਨਾਮ ਤੇਂ' ਵਸਦੇ ਪੰਜਾਬ ਵਿਚ ਹਿੰਦੂ-ਮੁਸਲਮਾਨ-ਸਿੱਖ 'ਰਾਜੀ-ਬਾਜੀ' ਵਸਦੇ ਰਹੇ ਹਨ। ਅੱਜ ਭਾਰਤ ਵਿਚ, ਪੰਜਾਬ ਵਿਚ ਸਿੱਖਾਂ ਨੂੰ ਕੁੱਢਿਆ ਜਾ ਰਿਹਾ ਹੈ ਪਰ ਸਿੱਖਾਂ ਦੀ ਨੀਅਤ ਨਿਰਮਲ-ਨਿਰਛਲ ਹੈ। ਪਰ ਜੇ ਪਾਪ ਰਿਹਾ ਹੈ ਤਾਂ ਪੰਜਾਬ ਤੇ ਸਿੱਖਾਂ ਪ੍ਰਤੀ ਦਿੱਲੀ ਦੇ ਦਿਲ 'ਚ ਰਿਹਾ ਹੈ। ਰਿਹਾ ਸਿਰਫ ਇਸ ਲਈ ਹੈ ਕਿ ਸਿੱਖਾਂ ਦੀ ਵੱਖਰੀ ਹੋਂਦ ਦਿੱਲੀ ਨੂੰ ਸੁਖਾਂਦੀ ਨਹੀਂ। ਸਿੱਖ ਅੱਜ ਵੀ ਭਾਰਤ ਤੇ ਪੰਜਾਬ ਵਿਚ ਸੁੱਖੀ-ਸਾਂਦੀਂ ਵਸ ਸਕਦੇ ਹਨ ਪਰ ਜੇ ਉਹ ਆਪਣੀ ਵੱਖਰੀ ਹਸਤੀ ਨੂੰ ਭੁੱਲ ਕੇ, ਛੱਡ ਕੇ ਆਪਣੇ ਆਪ ਨੂੰ ਦਿੱਲੀ ਦੇ ਅਨੁਕੂਲ ਬਣਾ ਲੈਣ ! ਸੋ ਜੇ ਪੰਜਾਬ ਦੀ ਵਰਤਮਾਨ ਸਮੱਸਿਆ ਮੂਲ ਰੂਪ ਵਿਚ ਸਿੱਖ-ਸਮੱਸਿਆ ਹੈ ਤਾਂ ਤੁਹਾਡਾ ਧਿਆਨ ਸਿੱਖ ਸਮੱਸਿਆ ਦੇ ਪੱਕੇ ਸਮਾਧਾਨ ਲਈ ਕੇਂਦਰਿਤ ਹੋਣਾ ਚਾਹੀਦਾ ਹੈ ਜਿਸ ਨਾਲ ਪੰਜਾਬ-ਸਮੱਸਿਆ ਅਪਣੇ ਆਪ ਹੱਲ ਹੋ

ਜਾਂਦੀ ਹੈ। ਸਿੱਖ-ਸਮੱਸਿਆ ਦੇ ਪੂਰਨ ਹੱਲ ਬਿਨਾ ਪੰਜਾਬ-ਸਮੱਸਿਆ ਦੇ ਹੱਲ ਦੀ ਕਲਪਣਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖਾਂ ਦੀ ਮੂਲ ਸਮੱਸਿਆ ਹੈ ਆਪਣੇ ਵੱਖਰੇ ਸਰੂਪ ਤੇ ਵੱਖਰੀ ਹੋਂਦ ਨੂੰ ਕਾਇਮ ਰੱਖਣ ਦੀ ਗਰੰਟੀ! ਅਕਾਲੀਆਂ ਨੂੰ ਅੱਗੇ ਲਾ ਕੇ ਹੱਥੀਂ ਹਕੂਮਤਾਂ ਸੌਂਪ ਕੇ ਸਿੱਖਾਂ ਨੇ ਬੁਰੇ ਦੇ ਘਰ ਤੱਕ ਪਰਖ ਕੇ ਵੇਖ ਲਿਆ ਪਰ ਉਹ ਇਹ ਗਰੰਟੀ ਕੇਂਦਰ ਤੋਂ ਸਿੱਖਾਂ ਨੂੰ ਲੈ ਕੇ ਦੇ ਨਾ ਸਕੇ। ਸਿੱਖ-ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਸੰਤ ਜਰਨੈਲ ਸਿੰਘ ਸਿੱਖ-ਸਟੇਜ ਉਤੇ ਉਭਰੇ ਹੀ ਸਨ ਪਰ ਉਹਨਾਂ ਨੂੰ ਕੇਂਦਰ ਦੀ ਦੁਸ਼ਮਣੀ ਤੇ ਅਕਾਲੀਆਂ ਦੀ ਈਰਖਾ ਦੀ ਭਿਆਲੀ ਨਿਗਲ ਗਈ। ਇਸਤੋਂ ਮਗਰੋਂ ਸਮੁੱਚਾ ਪੰਥ ਭਾਈ ਜਸਵੀਰ ਸਿੰਘ ਪਿੰਡੇ ਲਾਮਬੰਦ ਹੋਇਆ ਪਰ ਉਹ ਇਸ ਕਾਰਜ ਲਈ ਸਮਰੱਥ ਹੀ ਨਾ ਨਿਕਲੇ ਤੇ ਹੁਣ ਇਹ ਹੱਕ ਪ੍ਰਾਪਤ ਕਰਨ ਲਈ ਤੁਹਾਡਾ ਗੁਣਾ ਪਿਆ ਹੈ !

ਸਿਮਰਨਜੀਤ ਸਿੰਘ ਜੀ ! ਤੁਸੀਂ ਇਕ ਨਿਰਛਲ-ਇਨਸਾਨ ਹੋਣ ਨਾਤੇ ਮੇਰੇ ਸਤਿਕਾਰ ਦੇ ਪਾਤਰ ਹੋ। ਘੱਟੋ-ਘੱਟ ਤੁਹਾਡੇ ਵਿਚ ਹੋਰਨਾਂ ਕਈ ਸਿੱਖ-ਲੀਡਰਾਂ ਵਾਂਗ ਲੁੱਕ-ਲਪੇਟ ਤਾਂ ਨਹੀਂ ! ਤੁਹਾਡੇ ਖਾਣ ਤੇ ਦਿਖਾਉਂਣ ਦੇ ਦੰਦ ਵੱਖਰੇ ਨਹੀਂ। ਤੁਸੀਂ ਹਮੇਸ਼ਾ ਭਾਰਤੀ-ਸੰਵਿਧਾਨ ਤੇ ਦੇਸ਼ ਦੀ ਅਖੰਡਤਾ ਪ੍ਰਤੀ ਆਪਣੀ ਵਫਾਦਾਰੀ ਜਤਾਈ ਹੈ। ਤੁਹਾਡਾ ਅਕਤੂਬਰ, 89 ਵਿਚ ਭਾਰਤ ਦੇ ਚੀਫ-ਜਸਟਿਸ ਨੂੰ ਲਿਖਿਆ ਖਤ ਮੇਰੇ ਸਾਹਮਣੇ ਹੈ ਜਿਸ ਵਿਚ ਤੁਸਾਂ ਸੰਵਿਧਾਨ'ਚ ਆਪਣੀ ਆਸਥਾ ਤੇ ਦੇਸ਼ ਦੀ ਅਖੰਡਤਾ 'ਚ ਵਿਸ਼ਵਾਸ ਪ੍ਰਗਟਾ ਕੇ ਉਹਨਾਂ ਨੂੰ ਮਿਲਣ ਦੀ ਇੱਛਾ ਦਾ ਇਜ਼ਹਾਰ ਕਰਦਿਆਂ ਆਪਣੀ ਪੁਜੀਸ਼ਨ ਸਪੱਸ਼ਟ ਕਰਨ ਹਿਤ ਸਮਾਂ ਮੰਗਦਿਆਂ ਦਾਅਵਾ ਕੀਤਾ ਸੀ ਕਿ ਜੇ ਤੁਹਾਡਾ ਪੱਖ ਸਮਝ ਸਵੀਕਾਰ ਲਿਆ ਜਾਏ ਤਾਂ ਤੁਸੀਂ ਪੰਜਾਬ ਚੋਂ ਹਿੰਸਾ ਖਤਮ ਕਰ ਕੇ ਆਮ ਵਰਗੇ ਹਾਲਾਤ ਪਰਤਾ ਸਕਦੇ ਹੋ। ਇਹ ਖਤ ਤੁਸਾਂ ਪੰਥ ਦੀ ਵਾਗ-ਡੋਰ ਸਹੀ ਅਰਥਾਂ 'ਚ ਸੰਭਾਲਣ ਅਥਵਾ ਜਿਹਲ ਵਿਚੋਂ ਬਾਹਰ ਆਉਂਣ ਤੋਂ ਪਹਿਲੋਂ ਲਿਖਿਆ ਹੈ ਇਸ ਲਈ ਤੁਹਾਡੇ ਉਤੇ ਸਿੱਖਾਂ ਦੇ ਆਜ਼ਾਦ-ਖਿੱਤੇ-ਖਾਲਿਸਤਾਨ ਦਾ ਨਾਅਰਾ ਦੇ ਕੇ ਇਸ ਤੋਂ ਭੱਜਣ ਦਾ ਇਲਜ਼ਾਮ ਹਰਗਿਜ਼ ਕੋਈ ਨਹੀਂ ਲਾ ਸਕਦਾ। ਹੁਣ ਰਹੀ ਤੁਹਾਡੇ ਵਲੋਂ ਪੰਜਾਬ ਵਿਚ 'ਆਮ ਵਰਗੇ ਹਾਲਾਤ' ਪਰਤਾ ਸਕਣ ਦੀ ਗੱਲ ! ਤੁਹਾਡੀ ਭਾਰਤ ਦੇ ਸੰਵਿਧਾਨ ਵਿਚ ਆਸਥਾ ਹੈ-ਦੇਸ਼ ਦੀ ਅੰਡਤਾ ਵਿਚ ਤੁਹਾਨੂੰ ਪੂਰਾ ਵਿਸ਼ਵਾਸ ਹੈ। ਤੁਹਾਡੇ ਬਿਆਨ ਅਖਬਾਰਾਂ ਵਿਚ ਵਾਚਣ ਤੇ ਇਕ ਰੇਡੀਓ-ਪ੍ਰਸਾਰਣ ਵਿਚ ਇਥੇ ਤੁਹਾਡੀ ਇਕ ਇੰਟਰਵੀਊ ਸੁਣਨ ਦਾ ਅਵਸਰ ਵੀ ਮਿਲਿਆ ਹੈ ਜਿਸ 'ਚ ਵੀ ਤੁਸਾਂ ਕਿਹਾ ਹੈ ਕਿ ਸਿੱਖਾਂ ਦੀ ਸਮੱਸਿਆ ਹੱਲ ਕਰਨ ਦੀ ਵਿਵਸਥਾ ਭਾਰਤੀ-ਸੰਵਿਧਾਨ 'ਚ ਮੌਜੂਦ ਹੈ। ਇਕ ਥਾਂਵੇਂ ਕਿਸੇ ਹੋਰਸ ਬਿਆਨ ਵਿਚ ਇਹ ਵੀ ਆਖਿਆ ਹੈ ਕਿ ਜੇ ਸੰਵਿਧਾਨ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ....। ਚਲੋ ਮੰਨ ਲੈਂਦੇ ਹਾਂ ! ਪਰ ਇਕ ਗੁਜ਼ਾਰਿਸ਼ ਕਰ ਦੇਵਾਂ ਮਾਨ ਸਾਹਿਬ ! ਕਿ ਜਿਸ ਸੰਵਿਧਾਨ 'ਚ ਸਿੱਖ-ਸਮੱਸਿਆ ਦੇ ਹੱਲ ਦਾ ਝਲਕਾਰਾ ਤੁਸੀਂ ਅੱਜ ਵੇਖਦੇ ਹੋ ਤੁਹਾਨੂੰ ਨਿਸਚੇ ਹੀ ਪਤਾ ਹੋਏਗਾ ਕਿ ਇਸਨੂੰ ਇਸਦੇ ਬਣਨ ਤੋਂ ਹੀ ਸਿੱਖਾਂ ਨੇ ਸਵੀਕਾਰ ਨਹੀਂ ਕੀਤਾ। ਤੁਹਾਨੂੰ ਯਾਦ ਹੋਏਗਾ ਵਿਧਾਨ-ਘੜਨੀ ਸਭਾ 'ਚ ਦੋ ਅਕਾਲੀ ਮੈਂਬਰ ਸਨ ਇਕ ਸ: ਹੁਕਮ ਸਿੰਘ ਤੇ ਦੂਜੇ ਸ: ਜੁਗਿੰਦਰ ਸਿੰਘ ਮਾਨ ਇਹਨਾਂ ਦੋਹਾਂ ਸਿੱਖ-ਨੁਮਾਇੰਦਿਆਂ ਨੇ 1950 'ਚ ਵਿਧਾਨ ਦੇ ਖਰੜੇ ਉਤੇ ਦਸਖਤ ਹੀ ਨਹੀਂ ਸਨ ਕੀਤੇ ਤੇ ਇਸਤਰਾਂ ਭਾਰਤ ਦੇ ਸੰਵਿਧਾਨ ਨੂੰ ਸਿੱਖ ਕੌਮ ਨੇ 1950 ਵਿਚ ਹੀ ਰੱਦ ਕਰ ਦਿੱਤਾ ਸੀ। ਕਿਉਂਕਿ ਆਜ਼ਾਦੀ ਮਿਲਦਿਆਂ ਹੀ ਕੇਂਦਰ ਦੀ ਕਾਂਗਰਸ ਸਰਕਾਰ ਨੇ ਕਾਂਗਰਸ ਦੇ 1929 ਦੇ ਲਾਹੌਰ ਸਮਾਗਮ ਵਿਚ ਕੀਤੇ ਵਾਅਦੇ, 1931 ਵਿਚ ਗੁ : ਸੀਸ ਗੰਜ ਦਿੱਲੀ 'ਚ ਮਹਾਤਮਾ ਗਾਂਧੀ ਦੇ ਕਹੇ ਲਫਜ਼ਾਂ, ਪੰਡਿਤ ਨਹਿਰੂ ਦੇ 6 ਜਲਾਈ 1946 ਨੂੰ ਕਲਕੱਤਾ ਪ੍ਰੈਸ-ਕਾਨਫਰੰਸ 'ਚ ਕੀਤੇ ਐਲਾਨ ਤੇ 5 ਜਨਵਰੀ 1947 ਨੂੰ ਪਾਸ ਕੀਤੇ ਕਾਂਗਰਸ ਦੇ ਇਕ ਹੋਰ ਮਤੇ ਭਾਵ ਅਨੇਕ ਵਾਅਦਿਆਂ ਨੂੰ ਛਿੱਕੇ ਤੇ ਟੰਗ ਕੇ ਸਿੱਖਾਂ ਨਾਲ ਧ੍ਰੋਹ ਕਮਾਇਆ ਸੀ। ਸਵਾਲ ਇਹ ਹੈ ਕਿ ਜੇ ਚਾਲੀ ਵਰੇ ਪਹਿਲੋਂ ਇਹ ਸੰਵਿਧਾਨ ਸਿੱਖਾਂ ਨੂੰ ਉਹਨਾਂ ਦੇ ਹਿਤਾਂ ਦੀ ਸੁਰੱਖਿਅਤਾ ਦੀ ਗਰੰਟੀ ਨਹੀਂ ਸੀ ਦਿੰਦਾ ਤੇ ਸਾਡੇ ਨੁਮਾਇੰਦੇ ਇਸ ਨੂੰ ਰੱਦ ਕਰਦੇ ਹਨ। ਹੋਰ ਤਾਂ ਹੋਰ ਕੁਲ ਟੌਹੜੇ-ਬਾਦਲ ਵਰਗੇ ਸੁਆਰਥੀ ਵੀ ਇਸਦੀ ਪੱਚੀਵੀਂ ਧਾਰਾ ਸ਼ੁਰੇਆਮ ਸਾੜਦੇ (ਮਗਰੋਂ ਭਾਂਵੇਂ ਮੁਕਰਦੇ ਵੀ !) ਰਹੇ ਹਨ ਤੇ ਇਹਨਾਂ ਚਾਲੀ ਵਰ੍ਹਿਆਂ ਵਿਚ ਇਸ ਸੰਵਿਧਾਨ 'ਚ ਸਿੱਖਾਂ ਦੇ ਹੱਕ ਵਿਚ ਸੋਧ ਵੀ ਕੋਈ ਨਹੀਂ ਹੋਈ। ਉਤੋਂ ਵਾਧਾ ਇਹ ਕਿ ਸਿੱਖਾਂ ਉਤੇ ਜ਼ੁਲਮ ਦੀ ਅੱਗ ਸਗੋਂ ਦਿਨ-ਬਦਿਨ ਦੂਰਨੀ ਤੇਜ਼ ਹੋਈ ਹੈ ਤਾਂ ਸਾਨੂੰ

ਅੱਜ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ ਕਿ ਭਾਰਤ ਦੇ ਸੰਵਿਧਾਨ ਹੇਠ ਸਿੱਖਾਂ ਦੇ ਹਿਤ ਬਿਲਕੁਲ ਸੁਰੱਖਿਅਤ ਨਹੀਂ। ਕੀ ਭਲਾ ਦਰਬਾਰ ਸਾਹਿਬ ਸਾਹਿਬ ਉਤੇ ਹਮਲੇ ਤੋਂ ਲੈ ਕੇ ਹੁਣ ਤੱਕ ਤੁਹਾਡੇ ਵਰਗੇ ਬੇਅੰਤ ਸੁਹਿਰਦ ਸਾਊ-ਸਿੱਖ ਇਸ ਸੰਵਿਧਾਨ-ਬ੍ਰਿਛ ਦੀ ਠੰਢੀ-ਮਿੱਠੀ ਛਾਂਓ ਦਾ ਆਨੰਦ ਮਾਣਦੇ ਰਹੇ ਹਨ ? ਜੇ ਇਸ ਸੰਵਿਧਾਨ ਵਿਚ ਸਿੱਖ-ਹਿਤਾਂ ਦੀ ਸੁਰੱਖਿਅਤਾ ਦੀ ਵਿਵਸਥਾ ਹੁੰਦੀ ਤਾਂ ਆਪਣੇ ਨੁਮਾਇੰਦਿਆਂ ਨੇ ਐਵੇਂ ਕਾਹਨੂੰ ਇਸ ਤੇ ਦਸਖ਼ਤ ਕਰਨ ਤੋਂ ਵੀਹਰਨਾ ਸੀ ? ਤੇ ਜੇ ਇਸਨੂੰ ਸੁਹਿਰਦਤਾ ਨਾਲ ਲਾਗੂ ਕਰਨ ਦੀ ਗੱਲ ਸੀ ਤਾਂ ਕੇਂਦਰ 'ਚ ਸਰਕਾਰਾਂ ਬਦਲਣ ਉਪਰੰਤ ਵੀ ਇਸਨੂੰ ਲਾਗੂ ਕਿਉਂ ਨਾ ਕੀਤਾ ਗਿਆ ? ਜੇ ਉਕਤ ਦੋਹਾਂ ਪ੍ਰਸ਼ਨਾਂ ਦਾ ਜਬਾਬ ਨਾਂਹ ਵਿਚ ਹੈ ਤਾਂ ਹੁਣ ਸਾਡੇ ਕੋਲ ਕਿਹੜੀ ਭੰਗੀਆਂ ਦੀ ਤੋਪ ਆ ਗਈ ਹੈ ਜਿਸ ਨਾਲ ਅਸੀਂ ਇਸ ਸੰਵਿਧਾਨ ਨੂੰ ਐਨ ਲਾਗੂ ਕਰਵਾ ਕੇ ਸਿਰਹਾਣੇ ਹੇਠ ਬਾਂਹ ਦੇ ਕੇ ਸੌਣ ਜੋਗੇ ਹੋ ਜਾਵਾਂਗੇ ? ਜੇ ਅੱਜ ਸਿੱਖ ਉਠੇ ਹਨ ਤਾਂ ਦਿੱਲੀ ਦੀਆਂ ਬੇਇਨਸਾਫੀਆਂ ਵਿਰੁਧ ਸਭ ਹੀਲੇ-ਵਸੀਲੇ ਵਰਤ-ਹੰਢ ਕੇ ਉਠੇ ਹਨ। ਅੱਜ ਜੋ ਜੁਝਾਰੂ ਜਾਨਾਂ ਤਲੀ ਤੇ ਰੱਖ ਕੇ ਆਪਣੇ ਪਿਆਰੇ ਪੰਜਾਬ ਲਈ ਜੂਝ ਰਹੇ ਹਨ, ਤਦੇ ਜੂਝਦੇ ਹਨ ਕਿ ਉਹਨਾਂ ਨੂੰ ਪੰਜਾਬ ਦੀ ਧਰਤੀ ਤੇ ਗੁਰੂ ਕੀ ਸਿੱਖੀ ਨਾਲ ਪਿਆਰ ਹੈ ! ਕੀ ਅਜਿਹੇ ਨਿਰਸੁਆਰਥੀ ਨੌਜਵਾਨ ਜੁ ਪੰਜਾਬ ਤੇ ਸਿੱਖੀ ਨੂੰ ਏਨਾ ਪਿਆਰਦੇ ਹਨ ਉਹ ਨਹੀਂ ਚਾਹੁੰਦੇ ਕਿ ਪੰਜਾਬ ਰੰਗੀਂ ਵਸੇ ਤੇ ਇਥੇ ਅਮਨ-ਸ਼ਾਂਤੀ ਹੋਵੇ? ਕੀ ਉਹ ਚਾਹੁੰਦੇ ਹਨ ਕਿ ਸਿੱਖ ਕੌਮ ਦਾ ਇਵੇਂ ਘਾਣ ਹੁੰਦਾ ਰਹੇ ? ਹਰਗਿਜ਼ ਨਹੀਂ ! ਮੇਰਾ ਖਿਆਲ ਹੈ, ਉਹ ਪੰਜਾਬ ਵਿਚ ਅਮਨ-ਸ਼ਾਂਤੀ ਦੇ ਸਾਡੇ ਨਾਲੋਂ ਵੱਧ ਖਾਹਿਸ਼ਮੰਦ ਹੋਣਗੇ, ਪਰ ਸਿੱਖਾਂ ਦੀ ਵੱਖਰੀ ਹੋਂਦ ਦੀ ਸੁਰੱਖਿਅਤਾ ਦੀ ਜ਼ਾਮਨੀ ਲੈ ਕੇ ! ਜਿਹੜੀ ਕਿ ਸਿੱਖਾਂ ਨੂੰ ਭਾਰਤ ਦਾ ਸੰਵਿਧਾਨ ਤੇ ਦਿੱਲੀ ਦਿੰਦੀ ਨਹੀਂ। ਕਿਸੇ ਹੀਲੇ ਨਹੀਂ ਦਿੰਦੀ। ਤੇ ਇਸ ਅਵਸਥਾ 'ਚ ਮਾਨ ਸਾਹਿਬ! ਖਾੜਕੂ-ਮੁੰਡੇ ਫਿਰ ਦਿੱਲੀ ਨਾਲ ਖੰਡਾ ਹੀ ਖੜਕਾਉਂਣਗੇ ਨਾ ? ਉਹ ਖੜਕ ਰਿਹੈ ! ਤੁਸੀਂ ਸੂਬੇ 'ਚ 'ਆਮ ਵਰਗੇ ਹਾਲਾਤ ਪਰਤਾਉਂਣ ਦੇ ਇੱਛੁਕ ਹੋ, ਬੜੀ ਸੁਹਿਰਦ-ਸੋਚ ਹੈ, ਪਰ ਇਸ ਹਾਲਤ ਵਿਚ ਤੁਸੀਂ ਆਮ ਹਾਲਾਤ ਜਾਂ ਅਮਨ-ਚੈਨ ਪ੍ਰਾਪਤ ਕਿਸ ਪ੍ਰਕਾਰ ਕਰ ਸਕਦੇ ਹੋ ? ਸਿਰਫ ਇਕ ਤਰਾਂ ਕਿ ਸਿੱਖ ਹਿਤਾਂ ਦੀ ਸੁਰੱਖਿਅਤਾ ਦੀ ਉਹ ਗਰੰਟੀ ਜੁਝਾਰੂਆਂ ਅਤੇ ਸਿੱਖ-ਅਵਾਮ ਦੀ ਝੋਲ ਪਾਓ ਜਿਹੜੀ ਕਿ ਉਹ ਭਾਲਦੇ ਹਨ। ਜਿਸ ਨਾਲ ਉਹ ਸੰਤੁਸ਼ਟ ਹੁੰਦੇ ਹਨ। ਸਿੱਖ-ਸਮੱਸਿਆ ਕੇਵਲ ਤੇ ਕੇਵਲ ਇਸ ਨਾਲ ਹੱਲ ਹੋਣੀ ਹੈ। ਇਹ ਪੰਜਾਬ ਵਿਚ ਵਜ਼ਾਰਤ ਬਣਾ ਲੈਣ ਨਾਲ, ਵਕਤੀ ਤੌਰ ਤੇ ਟਿਕ-ਟਿਕਾ ਕਰਵਾ ਲੈਣ ਨਾਲ ਜਾਂ ਕੇਂਦਰ ਵਿਚ ਸਰਕਾਰ ਦੀ ਅਦਲਾ-ਬਦਲੀ ਹੋ ਜਾਣ ਨਾਲ ਸਥਾਈ ਤੌਰ ਤੇ ਹੱਲ ਨਹੀਂ ਹੋ ਸਕਣੀ। ਹਾਂ, ਅਜਿਹਾ ਕਰਕੇ ਸਿੱਖ-ਸੰਘਰਸ਼ ਦੀ ਤੋਰ ਨੂੰ ਮੱਠਾ ਪਾ ਕੇ ਕੌਮ ਦਾ ਕੁਝ ਨੁਕਸਾਨ ਜ਼ਰੂਰ ਹੋ ਸਕਦਾ ਹੈ ! ਸ਼ਾਇਦ ਤੁਹਾਨੂੰ ਕੇਂਦਰ ਦੀ ਨਵੀਂ ਸਰਕਾਰ ਤੋਂ ਵੀ ਕੋਈ ਵੱਡੀ ਆਸ ਹੋਵੇ। ਅਜ਼ਮਾ ਵੇਖੋ ! ਕੁਝ ਢੋਰੀ ਮਸਲੇ ਹੱਲ ਵੀ ਕਰਵਾ ਲਓ। ਨੀਤੀ ਵੀ ਵਰਤ ਲੈਣੀ ਚਾਹੀਦੀ ਹੈ ! ਪਰ ਇਤਨਾ ਜ਼ਰੂਰ ਧਿਆਨ ਰਹੇ ਕਿ ਚੰਗਾ ਹੋਇਆ ਕਾਂਗਰਸ ਤਾਂ ਮਗਰੋਂ ਲੱਥੀ ਪਰ 'ਨੈਸ਼ਨਲ ਫਰੰਟ' ਦੀ ਇਸ ਬੋਤਲ ਵਿਚ ਵੀ ਦਾਰੂ ਸਾਰੀ ਪਹਿਲੀ 'ਜਨਤਾ' ਵਾਲੀ ਹੀ ਹੈ। 'ਜਨਤਾ' ਦੇ ਸੁਆਦ ਨਾਲ ਅਕਾਲੀਆਂ ਦੇ ਮੂੰਹ ਹੁਣ ਤੱਕ ਬਕਬਕੇ ਹਨ। ਇਸ ਸਰਕਾਰ ਨਾਲ ਵੀ ਕੁਲ ਨੂੰ ਜਦੋਂ ਤੁਸੀਂ ਸਿੱਖ-ਸਮੱਸਿਆ ਦੇ ਹੱਲ ਲਈ ਸਿੱਖਾਂ ਦੀ ਮਨ-ਭਾਉਂਦੀ ਗੱਲ ਕਰਨੀ ਹੈ ਤਾਂ ਇਸ ਲਾਣੇ ਵਿਚਲੇ ਭਾਜਪਾਈਆਂ ਨੇ ਪੈਰਾਂ ਤੇ ਪਾਣੀ ਨਹੀਂਓ ਪੈਣ ਦੇਣਾਂ ਤੇ ਕਾਮਰੇਡਾਂ ਨੇ ਤੁਹਾਡੇ ਕੋਲ ਵੀ ਨਹੀਂ ਜੇ ਖੁੱਤਨਾ। ਕੇਂਦਰ 'ਚ ਸਰਕਾਰ ਭਾਵੇਂ ਕਾਂਗਰਸੀ ਹੋਵੇ ਜਾਂ ਵਿਰੋਧੀ, ਬਾਣੀਆਂ-ਬੁੱਧੀ ਲੇਖੇ-ਜੋਖੇ ਵਿਚ ਏਨੀ ਗਈ-ਗੁਜ਼ਰੀ ਨਹੀਂ ਕਿ ਪੰਜਾਬ ਦੀਆਂ ਤੇਰਾਂ ਵੋਟਾਂ ਖਾਤਰ ਜਾਂ ਪੰਥ ਨੂੰ ਨਿਹਾਲ ਕਰਨ ਲਈ ਦੂਜੇ ਸੂਬਿਆਂ ਦੀਆਂ ਆਪਣੀਆਂ ਸੈਂਕੜੇ ਵੋਟਾਂ ਨੂੰ ਰੁਸਾ ਲਏ !

ਮਾਨ ਸਾਹਿਬ ! ਜੇ ਸਿੱਖਾਂ ਨੂੰ ਭਾਰਤੀ-ਸੰਵਿਧਾਨ ਅਤੇ ਇਸ ਨੂੰ ਬਦਨੀਤੀ ਨਾਲ ਲਾਗੂ ਕਰਨ ਸਬੰਧੀ ਚਾਲੀ ਸਾਲਾਂ ਦਾ ਤਲਖ-ਤਜਰਬਾ ਹੈ ਤੇ ਦਰਬਾਰ ਸਾਹਿਬ ਤੇ ਹਮਲੇ ਉਪਰੰਤ ਇਹ ਜ਼ਿਆਦਤੀ ਤੇ ਜ਼ੁਲਮ ਇਸ ਕਦਰ ਵਧਿਆ ਹੈ ਕਿ ਹਜ਼ਾਰਾਂ ਘਰਾਂ ਵਿਚ ਹਨੇਰ ਪਿਆ ਹੈ। ਪਤਾ ਨਹੀਂ ਕਿੰਨੇ ਨਿਹੱਕੇ ਕਿਹਰ ਸਿੰਘ ਵਰਗੇ ਸਿੱਖ ਮੌਤ ਦੇ ਕਹਿਰ ਦਾ ਸ਼ਿਕਾਰ ਹੋਏ ਹਨ। ਪਤਾ ਨਹੀਂ ਕਿੰਨੇ ਤੁਹਾਡੇ ਜਿਹੇ ਸੁਹਿਰਦ ਸਿੱਖ ਸਾਲਾਂ-ਬੱਧੀ ਕਾਲ-ਕੋਠੜੀਆਂ ਵਿਚ ਤਸੀਹੇ ਸਹਿੰਦੇ ਰਹੇ ਹਨ। ਫਿਰ ਜੇ ਅਜਿਹੇ

ਸਿਤਮ ਨੂੰ ਜਰਨ ਉਪਰੰਤ ਤੇ ਤੁਹਾਡੇ-ਸਾਡੇ ਸਾਰਿਆਂ ਦੇ ਆਦਰਸ਼ ਸੰਤ ਜਰਨੈਲ ਸਿੰਘ ਜੀ ਦੇ ਬੋਲਾਂ 'ਜਿਸ ਦਿਨ ਫੌਜ ਜਾਂ ਪੁਲਸ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋਈ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ' ਦੇ ਚਾਨਣੇ ਖਾੜਕੂ-ਨੌਜਵਾਨ ਜਾਨਾਂ ਹੂਲ ਕੇ ਸਿੱਖਾਂ ਦੀ ਹੋਂਦ ਬਚਾਉਂਣ ਲਈ, ਆਪਣੇ ਆਜ਼ਾਦ ਸਿੱਖ-ਖਿੱਤੇ ਦੀ ਮੰਗ ਨੂੰ ਲੈ ਕੇ ਨਿਕਲਦੇ ਹਨ ਤੇ ਪੰਥ ਅਥਵਾ ਪੰਜਾਬ ਦਿੱਲੀ ਦੀਆਂ ਨੀਤੀਆਂ ਤੇ ਬੂਬਨੇ ਅਕਾਲੀਆਂ ਦੀ ਬੁੱਚੀ-ਲੀਡਰਸ਼ਿਪ ਨੂੰ ਰੱਦ ਕਰਕੇ ਜੁਝਾਰੂ ਨੌਜਵਾਨਾਂ ਦੀ ਸੋਚ ਮਗਰ ਖੁੜਦਾ ਹੈ ਤਾਂ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਸਿੱਖ ਆਪਣੀ ਹੋਂਦ ਅੱਜ ਆਪਣੇ ਆਜ਼ਾਦ ਦੇਸ਼ ਦੀ ਸਥਾਪਨਾ ਵਿਚ ਹੀ ਮਹਿਫੂਜ਼ ਸਮਝਦੇ ਹਨ। ਸ਼ਾਇਦ ਮੇਰਾ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਕੌਮ ਲਈ ਸਿਰਾਂ ਤੇ ਕੱਫਨ ਬੰਨ ਕੇ ਕੁਰਬਾਨ ਹੋਣ ਵਾਲੇ ਇਹਨਾਂ ਨੌਜਵਾਨਾਂ ਨੇ ਕੁਰਬਾਨੀ ਦਾ ਹੁਣ ਤੱਕ ਏਨਾ ਲੰਬਾ ਪੈਂਡਾ ਤਹਿ ਕਰ ਲਿਆ ਹੈ ਕਿ ਇਹਨਾਂ ਦਾ ਇਸ ਤੋਂ ਪਿੱਛੇ ਮੁੜਨਾ ਹੀ ਮੁਹਾਲ ਹੈ !

ਸ: ਸਿਮਰਨਜੀਤ ਸਿੰਘ ਜੀ ! ਜੇ ਸਿੱਖਾਂ ਦੀ ਸੋਚ ਅੱਜ ਇਥੇ ਖੁੜੀ ਹੈ ਤਾਂ ਉਹਨਾਂ ਨੂੰ ਉਹਨਾਂ ਦੀ ਮੰਜ਼ਿਲ ਤੇ ਪਹੁੰਚਾਣ ਤੇ ਉਹਨਾਂ ਦੇ ਪੈਮਾਨੇ ਤੇ ਪੂਰਾ ਉਤਰਨ ਅਥਵਾ ਉਹਨਾਂ ਦੇ ਮਨਾਂ ਵਿਚ ਮਕਬੂਲ ਹੋਣ ਅਤੇ ਰਹਿਣ ਵਾਲੇ ਲੀਡਰ ਲਈ ਹਰ ਹਾਲਤ ਸਿੱਖ-ਸੰਸਾਰ ਦੇ ਮਨ ਵਿਚ ਵਸਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨੀ ਪਵੇਗੀ। ਤਦੇ ਹੀ ਸਹੀ ਅਰਥਾਂ ਵਿਚ ਉਹ ਸਿੱਖਾਂ ਦਾ ਨੇਤਾ ਰਹਿ ਸਕੇਗਾ ਵਰਨਾ ਉਸਦੇ ਸਿਰ ਤੇ ਚਾਰ ਦਿਨਾਂ ਦੀ ਚਾਨਣੀ ਚਾਰ ਪਲ ਵੀ ਹੋਰ ਨਹੀਂਓਂ ਰਹਿਣ ਲੱਗੀ। ਇਹ ਵੀ ਸੱਚ ਹੈ ਕਿ ਅਕਾਲ-ਪੁਰਖ ਸੁਭਾਗੇ ਮਨੁੱਖਾਂ ਨੂੰ ਹੀ ਕੌਮਾਂ ਦੀ ਉਘੀ ਸੇਵਾ ਦੇ ਅਵਸਰ ਪ੍ਰਦਾਨ ਕਰਦਾ ਹੈ। ਕੁਝ ਇਹਨਾਂ ਮੌਕਿਆਂ ਨੂੰ ਸਾਂਭ ਕੇ ਕੌਮਾਂ ਦੀ ਤਕਦੀਰ ਬਦਲ ਜਾਇਆ ਕਰਦੇ ਹਨ। ਸਮੇਂ ਦੇ ਸਿਰਪੱਟ-ਦੌੜਦੇ ਘੋੜੇ ਦੇ ਸ਼ਾਹ-ਸਵਾਰ ਬਣ ਇਤਿਹਾਸ ਦੇ ਰੇਤੇ ਤੇ ਆਪਣੀਆਂ ਯਾਦਗਾਰੀ-ਪੈੜਾਂ ਛੱਡ ਜਾਂਦੇ ਹਨ। ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਅਜਿਹੇ ਮੌਕਿਆਂ ਨੂੰ ਖੁੰਝਾਅ ਕੇ ਮਗਰੋਂ ਹੱਥ ਮਲਦੇ ਹਨ। ਤੇ ਕੁਝ ਹੋਰ, ਅਜਿਹੇ ਮੌਕੇ ਹੱਥ ਆਵਣ ਤੇ ਐਸੀਆਂ ਮਹਾਨ ਭੁੱਲਾਂ ਕਰ ਜਾਂਦੇ ਹਨ ਕਿ ਕੌਮ ਦੇ ਸਤਿਕਾਰ ਤੋਂ ਹੀ ਸੱਖਣੇ ਹੋ ਬੈਠਦੇ ਹਨ। ਇਸੇ ਸਦੀ ਦੇ ਸਿੱਖ-ਇਤਿਹਾਸ ਦਾ ਤੁਹਾਡੇ ਨਾਲ ਸਬੰਧਤ ਇਕ ਵਾਕਿਆ ਤੁਹਾਡੀ ਯਾਦ ਵਿਚ ਤਾਜ਼ਾ ਕਰਵਾਣ ਦੀ ਖਿਮਾ ਚਾਹੁੰਦਾ ਹਾਂ। ਗੱਲ 1919 ਦੀ ਹੈ। ਤੁਹਾਡੇ ਸਤਿਕਾਰ-ਯੋਗ ਨਾਨਾ ਜੀ ਸ: ਅਰੂੜ ਸਿੰਘ, ਅੰਮ੍ਰਿਤਸਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬਰਾਹ ਹੁੰਦੇ ਸਨ (ਹੁਣ ਇਸੇ ਪਦਵੀ ਲਈ ਸ਼ਬਦ 'ਜਥੇਦਾਰ' ਵਰਤੀਂਦਾ ਹੈ !) ਉਹਨਾਂ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਜ਼ਿਮੇਵਾਰ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦੇ ਦਿੱਤਾ ਸੀ ਤੇ ਗਦਰੀ ਬਾਬਿਆਂ ਨੂੰ ਗਦਾਰ ਕਹਿ ਦਿੱਤਾ ਸੀ। ਉਸ ਸਮੇਂ ਸਮੁੱਚੇ ਪੰਥ ਦਾ ਰੋਹ ਉਹਨਾਂ ਉਪੱਰ ਉਮੱਡ ਆਇਆ ਸੀ ਤੇ ਆਪਣੀ ਇਸੇ ਭੁੱਲ ਕਾਰਨ ਉਹ ਕੌਮ ਦੇ ਸਤਿਕਾਰ ਤੋਂ ਵਾਂਝੇ-ਵਿਰਵੇ ਹੋ ਗਏ ਸਨ। ਮਾਨ ਸਾਹਿਬ ! ਅੱਜ ਕੌਮ ਨੇ ਆਪਣੇ ਸਤਿਕਾਰ ਦਾ ਮੁਕਟ ਤੁਹਾਡੇ ਸਿਰ ਤੇ ਧਰ ਕੇ ਤੁਹਾਨੂੰ ਆਪਣਾ ਰਾਹਿਨੁਮਾ ਚੁਣਿਆ ਹੈ। ਤੁਸੀਂ ਅੱਜ ਸਿੱਖ-ਜਦੋਜਹਿਦ ਨੂੰ ਅੱਗੇ ਤੋਰਨ ਵਿਚ ਇਕ ਅਹਿਮ-ਰੋਲ ਅਦਾ ਕਰ ਸਕਦੇ ਹੋਂ। ਗੁਰੂ ਕਾ ਪੰਥ ਅੱਜ ਉਸ ਦੁਸ਼ਵਾਰ-ਵਾਦੀ ਚੋਂ ਵਿਚਰ ਰਿਹਾ ਹੈ ਜਿਥੇ ਇਸਨੂੰ ਇਕ ਐਸੇ ਧੜੱਲੇਦਾਰ ਲੀਡਰ ਦੀ ਤਲਾਸ਼ ਹੈ, ਜੋ ਆਪਣੇ ਦਾਮਨ ਵਿਚਲੀ ਦਿਆਨਤਦਾਰੀ ਤੇ ਹੁਸ਼ਿਆਰੀ ਸਦਕਾ ਇਸਨੂੰ ਮੌਜੂਦਾ ਭੰਵਰ ਚੋਂ ਕੱਢ ਕੇ ਇਸਦੇ ਮਨ-ਚਾਹੇ ਕੰਢੇ-ਕਿਨਾਰੇ ਲਗਾ ਦੇਵੇ। ਸਤਿਗੁਰੂ ਬਖਸ਼ਿਸ਼ ਕਰਨ ਇਹ ਬਲ-ਸਮਰੱਥਾ ਉਹ ਤੁਹਾਨੂੰ ਹੀ ਬਖਸ਼ ਦੇਣ !

ਪਰ ਇਕ ਗੱਲ ਤੁਹਾਨੂੰ ਦ੍ਰਿੜਤਾ ਨਾਲ ਟੁਣਕਾਅ ਕੇ ਆਪਣੇ ਫਰਜ਼ ਦੀ ਅਦਾਇਗੀ ਕਰਨੀ ਉਚਿੱਤ ਸਮਝਾਂਗਾ ਕਿ ਸਿੱਖ-ਪੰਥ ਇਸ ਮਰਹਲੇ ਤੇ ਅੱਜ ਆਪਣੇ ਹਰ ਲੀਡਰ ਤੇ ਰਾਹਿਨੁਮਾ ਦੇ ਕਿਰਦਾਰ ਨੂੰ ਬਾਜ-ਨਜ਼ਰ ਨਾਲ ਨਿਹਾਰ ਰਿਹਾ ਹੈ। ਜੇ ਸਿੱਖ ਅੱਜ ਕਿਸੇ ਲੀਡਰ ਦੀਆਂ ਕੁਰਬਾਨੀਆਂ ਦਾ ਪੂਰਾ ਪੂਰਾ ਮੁੱਲ ਤਾਰਦੇ ਹਨ ਤਾਂ ਕੁਲ ਨੂੰ ਉਸਦੀਆਂ ਉਕਾਈਆਂ ਵੱਲ ਉਂਗਲ ਕਰਨ ਦਾ ਵੀ ਉਹਨਾਂ ਨੂੰ ਪੂਰਾ ਪੂਰਾ ਹੱਕ ਹੈ। ਜੇ ਸਿੱਖ ਕਿਸੇ ਆਗੂ ਪਿੱਛੇ ਅੱਜ ਵਾਹਰ ਬਣ ਕੇ ਤੁਰਨਗੇ ਤੇ ਉਸਦੇ ਇਕ ਇਸ਼ਾਰੇ ਤੇ ਮਰ ਮਿਟਣ ਲਈ ਤਈਆਰ ਹੋਣਗੇ ਤਾਂ ਉਹ ਉਸਨੂੰ ਹੁਣ ਪਿੱਛੇ ਵੀ ਨਹੀਂ ਭੱਜਣ ਦੇਣਗੇ ! ਅੱਜ 'ਪਿੱਛਾ 'ਗਾਹਾਂ ਪੁੱਤਾਂ ਪਿਛਾਹਾਂ' ਵਾਲਾ ਬਾਬੇ ਦੀਆਂ ਲੁੱਟਾਂ ਵਾਲਾ ਦੌਰ ਬੁੱਢੇ ਅਕਾਲੀ-ਲੀਡਰਾਂ ਦੀ

ਲੀਡਰੀ ਨਾਲ ਦਫਨਾਇਆ ਜਾਣ ਲੱਗਾ ਹੈ। ਅੱਜੋਕੇ ਦੌਰ ਤੇ ਜਦੋਜਹਿਦ ਵਿਚ ਸਿੱਖਾਂ ਨੂੰ ਲੀਡਰਾਂ ਦਾ ਕੰਮ ਪਿਆਰਾ ਹੈ ਚੰਮ ਨਹੀਂ ! ਉਹਨਾਂ ਨੇ ਝਾੜ ਲੈਣਾ ਹੈ ਲਾਂਗਾ ਨਹੀਂ ਵੇਖਣਾ। ਸਿੱਖਾਂ ਦਾ ਲੀਡਰ ਹੁਣ ਪ੍ਰਵਾਨ ਓਹੀ ਚੁੜੇਗਾ ਜਿਸ ਵਿਚ ਸਿੱਖ-ਸੰਘਰਸ਼ ਨੂੰ ਅੱਗੇ ਖੜ੍ਹਨ (ਲਿਜਾਣ) ਦੀ ਦਲੇਰੀ ਹੋਵੇਗੀ। ਖੈਰ!

ਖਾਲਸਈ-ਪਰੰਪਰਾ ਦਾ ਤਕਾਜ਼ਾ ਹੈ ਕਿ ਖਾਲਸਾ-ਪੰਥ ਦੇ ਸਨਮੁੱਖ ਸਮੱਸਿਆਵਾਂ ਦਾ ਸਮਾਧਾਨ ਸਮੂਹਿਕ-ਸੋਚ ਦੇ ਸਹਾਰੇ ਕੀਤਾ ਜਾਂਦਾ ਹੈ ਤੇ ਹਰ ਇੱਛਾਵਾਨ ਸਿੱਖ ਨੂੰ ਇਸ ਵਿਚ ਆਪਣਾ ਯਥਾਯੋਗ ਯੋਗਦਾਨ ਪਾਉਣ ਦਾ ਆਦੇਸ਼ ਹੈ। ਆਪਣੇ ਇਸ ਹੱਕ-ਅਧਿਕਾਰ ਦੀ ਵਰਤੋਂ ਕਰਦਾ ਹੋਇਆ ਸਬੰਧਤ ਸਿੱਖ-ਸਮੱਸਿਆ ਪ੍ਰਥਾਏ ਆਪਣੇ ਕੁਝ ਸੁਝਾਅ ਅਰਜ਼ ਕਰ ਰਿਹਾ ਹਾਂ! ਜ਼ਰਾ ਗੌਰ ਫੁਰਮਾਉਂਣਾ:

ਪਹਿਲਾ: ਵਰਤਮਾਨ ਲੋਕ-ਸਭਾਈ ਚੋਣਾਂ 'ਚ ਤੁਹਾਡੀ ਜਿੱਤ ਸਿੱਖਾਂ ਦੀ ਜੁਝਾਰੂ ਸੋਚ ਦਾ ਕ੍ਰਿਸ਼ਮਾ ਹੈ। ਇਸ ਲਈ ਜੁਝਾਰੂਆਂ ਦਾ ਵਿਸ਼ਵਾਸ ਸਦਾ ਤੁਹਾਡੇ ਅੰਗ-ਸੰਗ ਤੇ ਉਹਨਾਂ ਦਾ ਸਮਰਥਨ ਸਦਾ ਤੁਹਾਡੇ ਗਾਤਰੇ ਦਾ ਹਥਿਆਰ ਹੋਣਾ ਚਾਹੀਦਾ ਹੈ। ਮੇਰਾ ਨਿਸਚਾ ਹੈ ਕਿ ਜੇ ਤੁਸਾਂ ਗੁਰੂ ਕੇ ਇਹ ਭੁਝੰਗੀ ਆਪਣੇ ਪਿਆਰ ਨਾਲ ਕੀਲ ਕੇ ਪੰਥ ਸੇਵਾ ਲਈ ਪਟਾਰੀ ਪਾ ਲਏ ਤਾਂ ਪੰਥ ਦੀ ਵਾਗ-ਡੋਰ ਕੋਈ ਮਾਈ ਦਾ ਲਾਲ ਤੁਹਾਡੇ ਹੱਥਾਂ ਵਿਚੋਂ ਨਹੀਂ ਖੋਹ ਸਕਦਾ। ਇਹ ਸੁਝਾਅ ਮੈਂ ਭਾਈ ਜਸਵੀਰ ਸਿੰਘ ਹੋਰਾਂ ਨੂੰ ਵੀ ਕਾਫੀ ਸਮਾਂ ਪਹਿਲੋਂ ਦਿੱਤਾ ਸੀ ਪਰ ਸ਼ਾਇਦ ਉਹਨਾਂ ਨੂੰ ਭਾਇਆ ਨਹੀਂ। ਮੈਨੂੰ ਪਤੈ ਤੁਹਾਡੇ ਦਿਲ 'ਚ ਸਿੱਖੀ ਦਾ ਦਰਦ ਹੈ। ਅੱਜ ਪੰਥ ਨੇ ਜੋ ਤਾਜ ਤੁਹਾਡੇ ਸਿਰ ਤੇ ਰੱਖਿਆ ਹੈ ਇਹ ਇਕ ਕੁਰਬਾਨੀ ਦੇ ਕੰਡਿਆਂ ਦਾ ਤਾਜ ਹੈ। ਤੁਸੀਂ ਸਾਰੇ ਸੁਖ ਛੱਡ ਕੇ ਵੀ ਕੁਰਬਾਨੀ ਦਾ ਇਹ ਆਪਣਾ ਕਰਤਵ ਨਿਭਾਉਂਣ ਦੀ ਸੋਚੋਗੇ। ਕਹਾਵਤ ਹੈ ਕਿ ਰੰਡੀਆਂ ਤਾਂ ਰੰਡ ਕੱਟ ਲੈਂਦੀਆਂ ਹਨ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਜੁਝਾਰੂ ਤਾਂ ਤੁਹਾਡੇ ਇਸ ਤਾਜ ਨੂੰ ਸਮਝ-ਜਰ ਲੈਣਗੇ ਕਿਉਂਕਿ ਉਹਨਾਂ ਕੌਮ ਲਈ ਕੁਰਬਾਨੀ ਦੀ ਅਉਧ ਹੰਢਾਈ ਹੈ। ਤੁਸੀਂ ਇਹਨਾਂ ਦੀਆਂ ਭਾਵਨਾਵਾਂ ਦੀ ਦਿਲੋਂ ਤਰਜਮਾਨੀ ਕਰੋਗੇ ਤਾਂ ਇਹ ਤੁਹਾਡੀਆਂ ਫੌਲਾਦੀ-ਬਾਹਾਂ ਵੀ ਬਣ ਜਾਣਗੇ ਪਰ ਜਿਹਨਾਂ ਨੂੰ ਆਪ ਕੁਰਬਾਨੀ ਕਰਨ ਦੀ ਥਾਂਵੇਂ ਹੁਣ ਤਕ ਧਰਮ ਦੀ ਖੱਟਿਆ ਖਾਣ ਤੇ ਸਿੱਖ ਮਰਵਾ ਕੇ ਸਿੱਖ-ਸਿਆਸਤ ਦੇ ਰੱਸੇ ਚੌਬਣ ਦੀ ਖੋਟੀ- ਆਦਤ ਪਈ ਹੈ ਤੇ ਜੋ ਸਿੱਖਾਂ ਦੀ ਲੀਡਰੀ ਨੂੰ ਪਿਓ-ਦਾਦੇ ਦੀ ਵਿਰਾਸਤ ਸਮਝਦੇ ਰਹੇ ਹਨ, ਜਦੋਂ ਦਾਅ ਲੱਗਾ ਉਹ ਤੁਹਾਨੂੰ ਠਿੱਬੀ ਲਾਉਂਣ ਦਾ ਮੌਕਾ ਨਹੀਂ ਖੁੰਝਣ ਦੇਣਗੇ। ਹੁਣ ਇਹ ਠਿੱਬੀ 'ਏਕਤਾ' ਦੀ ਵੀ ਹੋ ਸਕਦੀ ਹੈ। ਖਬਰਦਾਰ ਰਹਿਣਾ ! ਪੰਜਾਬ ਦੇ ਪਿੰਡਾਂ ਦਾ ਵਰਤਾਰਾ ਹੈ ਕਿ ਧੁਖਦੇ-ਤੰਦੂਰ ਤੇ ਤਪਦੇ-ਤਵੇ ਨੂੰ ਵੇਖ ਕੇ ਰੋਟੀਆਂ ਲਾਹੁਣ ਵਾਲੀਆਂ ਕੰਧਾਂ-ਕੋਲਿਆਂ ਉਹਲਿਓਂ ਮੌਕਾ ਤਾੜ ਕੇ ਝੱਟ ਨਿਕਲ ਆਉਂਦੀਆਂ ਹਨ। ਸਕਤੀ ਦੀ ਭੋਲੀ ਸਿੱਖਾਂ ਤੁਹਾਡੀ ਡੋਲ ਪਾ ਦਿੱਤੀ ਹੈ ਤੇ ਗੁੜ ਵੇਖ ਕੇ ਮੱਖੀਆਂ ਅਕਸਰ ਹੁਮ-ਹੁਮਾ ਕੇ ਤੇ ਘੁੰਮ-ਘੁਮਾ ਕੇ ਪਹੁੰਚ ਹੀ ਜਾਂਦੀਆਂ ਹਨ। ਸਿਆਸਤਦਾਨਾਂ ਦਾ ਆਮ ਕਰਕੇ ਇਹ ਦੁਖਾਂਤ ਹੋ ਨਿਬੜਦਾ ਹੈ ਕਿ ਉਹਨਾਂ ਉਦਾਲੇ ਸੁਹਿਰਦ-ਸਲਾਹਕਾਰਾਂ ਤੋਂ ਪਹਿਲੋਂ ਤੇ ਵੱਧ ਸੁਆਰਥੀ-ਚਾਪਲੂਸ ਆ ਜੁੜਦੇ ਹਨ। ਜੁੜਨਗੇ। ਹੋਸ਼ਿਆਰ ਰਹਿਣਾ !

ਦੂਜਾ: ਤੁਸਾਂ ਸਿੱਖ-ਸਮੱਸਿਆ ਦੇ ਸਮਾਧਾਨ ਲਈ ਕਦਮ ਪੁੱਟਣਾ ਹੈ। ਇਸ ਸਮੱਸਿਆ ਦੇ ਹਲ ਲਈ ਖਾੜਕੂਆਂ ਦੀ ਖਿੱਚੀ ਲਕੀਰ ਹੈ-ਖਾਲਿਸਤਾਨ ਦੀ ਮੰਗ ! ਅੱਜ ਪੰਜਾਬ ਦੇ ਇਹਨਾਂ ਸੂਰਮੇ-ਪੁੱਤਾਂ ਦਾ ਹੱਕ ਬਣਦਾ ਹੈ ਕਿ ਕੌਮ ਅਤੇ ਪੰਜਾਬ ਦੀ ਤਕਦੀਰ ਦਾ ਫੈਸਲਾ ਕਰਨ ਵਿਚ ਮੋਹਰੀ ਇਹੀ ਹੋਵਣ, ਕਿਉਂਕਿ ਸਿੱਖੀ ਅਤੇ ਪੰਜਾਬ ਲਈ ਸਿਰ ਬੀਜਣ ਵਾਲੇ ਇਹਨਾਂ ਮਰਜੀਵੜਿਆਂ ਦੀ ਮਰਜੀ, ਰਜ਼ਾਮੰਦੀ ਤੇ ਸੰਤੁਸ਼ਟੀ ਬਿਨਾ ਨਾ ਕੋਈ ਫੈਸਲਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਹ ਤੋੜ ਚੁੜ ਸਕਦਾ ਹੈ। ਜੇ ਇਹ ਜਾਂ ਸਿੱਖ-ਅਵਾਮ ਭਾਰਤੀ-ਸੰਵਿਧਾਨ ਹੇਠ ਆਪਣੇ ਹਿਤਾਂ ਦੀ ਸੁਰੱਖਿਅਤਾ ਨਹੀਂ ਸਮਝਦੇ ਤੇ ਇਹਨਾਂ ਦੀ ਸੋਚ ਤੋਂ ਮਿਲੇ ਲੋਕ-ਫਤਵੇ ਨਾਲ ਤੁਸੀਂ ਇਕ ਲੀਡਰ ਵਜੋਂ ਉਭਰਦੇ ਹੋ ਤੇ ਬਤੌਰ ਇਕ ਲੀਡਰ ਸਿੱਖ-ਅਵਾਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨਾ ਚਾਹੁੰਦੇ ਹੋ ਤਾਂ ਚੋਣਾਂ ਤੋਂ ਪਹਿਲੇ ਆਪਣੇ ਨਿੱਜੀ ਵਿਚਾਰਾਂ ਨੂੰ ਤਿਲਾਂਜਲੀ ਦੇ ਕੇ ਲਕੀਰ ਟੱਪ ਕੇ ਆਜ਼ਾਦ ਦੇਸ਼ ਅਥਵਾ ਖਾਲਿਸਤਾਨ ਦੀ ਮੰਗ ਲਈ ਡਟ ਕੇ ਇਹਨਾਂ ਦੇ ਨਾਲ ਖੜ੍ਹੋ ਜਾਂ ਫਿਰ ਆਪਣੀ ਦਲੀਲ ਨਾਲ ਇਹਨਾਂ ਨੂੰ ਕਾਇਲ ਕਰੋ।

ਤੀਜਾ: ਖਾੜਕੂਆਂ ਨੂੰ ਵਿਸ਼ਵਾਸ ਵਿਚ ਲੈ ਕੇ ਨਿਸ਼ਾਨੇ ਸਬੰਧੀ ਲੋੜੀਂਦੇ ਮਸ਼ਵਰੇ ਉਪਰੰਤ ਸਿੱਖਾਂ ਦਾ ਇਹ ਸਪੱਸ਼ਟ ਨਿਸ਼ਾਨਾ ਅਥਵਾ-ਸਿੱਖਾਂ ਦਾ ਕੇਸ ਪੂਰੀ ਦਲੇਰੀ ਤੇ ਧੜੱਲੇਦਾਰੀ ਨਾਲ ਵੱਜ ਦੀ ਵੱਜ ਭਾਰਤ ਦੀ ਪਾਰਲੀਮੈਂਟ ਵਿਚ ਰੱਖੋ ਜਿਸ ਨਾਲ ਸਿੱਖਾਂ ਦੇ ਨਿਸ਼ਾਨੇ ਤੇ ਕੇਸ ਦੀ ਗੂੰਜ ਭਾਰਤੀ-ਪਾਰਲੀਮੈਂਟ ਵਿਚ ਪੈ ਕੇ ਇਸ ਨੂੰ ਵਿਸ਼ਵ-ਪੱਧਰ ਤੇ ਪਬਲੀਸਿਟੀ ਮਿਲ ਸਕੇ। ਜੇ ਚੋਣ ਵਿਚ ਨੱਚੇ ਹੋਂ ਤਾਂ ਘੁੰਗਟ ਕਾਹਦਾ ? ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ ! ਚੋਣਾਂ ਲੜ ਕੇ ਜੇ ਸਿੱਖ-ਅਵਾਮ ਦੀਆਂ ਵੋਟਾਂ ਲਈਆਂ ਹਨ ਤਾਂ ਉਹਨਾਂ ਦੀ ਗੱਲ ਵੀ ਉਥੇ ਦਲੇਰੀ ਨਾਲ ਰੱਖੋ। ਸ: ਕਪੂਰ ਸਿੰਘ ਨੇ ਸਿੱਖਾਂ ਨਾਲ ਵਿਤਕਰੇ ਦੀ ਕਹਾਣੀ 6 ਸਤੰਬਰ 1966 ਨੂੰ ਲੋਕ-ਸਭਾ ਵਿਚ ਦਲੇਰੀ ਨਾਲ ਰੱਖੀ ਸੀ। ਤੁਸੀਂ ਵੀ ਅਪਣੇ ਸਹਿਯੋਗੀਆਂ ਨੂੰ ਨਾਲ ਰਲਾ ਸਿੱਖਾਂ ਦੇ ਦੁੱਖ ਦੀ ਦਾਸਤਾਨ ਉਥੇ ਨਿਝੱਕ-ਨਿਧੱੜਕ ਹੋ ਕੇ ਕਹੋ। ਜੇ ਚੋਣ ਲੜੀ ਹੈ ਆਪਣੇ ਹੱਕਾਂ ਦੀ ਘੱਟੋ-ਘੱਟ ਇਕ ਵੇਰ ਤਾਂ ਦਲੇਰੀ ਨਾਲ ਵਰਤੋਂ ਕਰੋ।

ਚੌਥਾ: ਵਿਧਾਨ-ਸਭਾ ਦੀਆਂ ਚੋਣਾਂ ਹਰਗਿਜ਼ ਨਾ ਲੜੋ। ਕਿਉਂਕਿ ਇਸ ਨਾਲ ਸਿੱਖਾਂ ਦੀ ਸ਼ਕਤੀ ਸਮਰੱਥਾ ਤੇ ਸੋਚ ਖੇਰੂੰ-ਖੇਰੂੰ ਹੋਵੇਗੀ ਤੇ ਇਹ ਚੋਣਾਂ ਲੜਨਾ ਛੁਟੇਰੇ-ਹਿਤਾਂ ਵਿਚ ਉਲਝ ਕੇ ਵਡੇਰੇ-ਹਿਤ ਭਾਵ ਸਿੱਖ-ਜਦੋਜਹਿਦ ਨੂੰ ਕਮਜ਼ੋਰ ਕਰਨਾ ਜਾਂ ਇਸਦੇ ਤਾਅ ਤੇ ਤੋਰ ਨੂੰ ਮੱਠੇ ਪਾਉਂਣਾ ਹੋਵੇਗਾ ਸਗੋਂ ਲੋਕ-ਸਭਾਈ ਚੋਣਾਂ ਚੋਂ ਮਿਲੀ ਲੋਕ-ਸ਼ਕਤੀ ਦੇ ਬਲਬੋਤੇ ਕੌਮੀ-ਮਨੋਬਲ ਨੂੰ ਉਚਿਆਂ ਕਰ ਕੇ ਕੌਮ ਨੂੰ ਕੌਮੀ-ਨਿਸ਼ਾਨੇ ਦੀ ਪ੍ਰਾਪਤੀ ਲਈ ਉਭੱਾਰਨਾ ਚਾਹੀਦਾ ਹੈ ਤੇ ਮਿਲੀ ਲੋਕ-ਸ਼ਕਤੀ ਦੇ ਦਬਾਅ ਨੂੰ ਵਰਤਦਿਆਂ ਕੇਂਦਰ-ਸਰਕਾਰ ਤੋਂ ਰਹਿੰਦੇ ਸਿੱਖਾਂ ਦੀ ਰਿਹਾਈ ਆਦਿ ਦੇ ਜ਼ਰੂਰੀ ਮਸਲੇ ਤੁਰੰਤ ਹੱਲ ਕਰਵਾਉਂਣੇ ਚਾਹੀਦੇ ਹਨ।

ਪੰਜਵਾਂ: ਆਖਰੀ ਤੇ ਅਹਿਮ ਨੁਕਤਾ ਇਹ ਕਿ ਇਸ ਜਿੱਤ ਦਾ ਕੌਮ ਨੂੰ ਪੂਰਾ ਲਾਭ ਪਹੁੰਚਾਉਂਣ ਲਈ ਸਭ ਤੋਂ ਪਹਿਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਤੁਰੰਤ ਕਰਵਾ ਕੇ ਇਸ ਤੇ ਕਾਬਜ਼ ਟੋਹੜਵਾਧੇ ਨੂੰ ਇਸ 'ਚੋਂ ਕੱਢ ਕੇ ਪੰਥ ਦੀ ਇਸ ਸਰਬੋਤਮ ਧਾਰਮਿਕ-ਸੰਸਥਾ ਨੂੰ ਕੁਰੱਪਟ ਨਾਸਤਿਕ ਤੇ ਦੰਭੀ ਲੀਡਰਸ਼ਿਪ ਦੇ ਕੋਹਤ ਤੋਂ ਪਾਕ-ਪਵਿੱਤਰ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਸ਼੍ਰੋਮਣੀ ਕਮੇਟੀ ਦੀ ਇਸ ਆਗਾਮੀ ਚੋਣ 'ਚ ਤੁਹਾਨੂੰ 'ਅਕਾਲੀ-ਏਕਤਾ' ਦੇ ਨਾਅਰੇ ਹੇਠ ਅਜਿਹੇ ਕੁਰੱਪਟ ਲੋਕਾਂ ਨਾਲ ਕਿਸੇ ਹਾਲਤ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ ਤਾਂ ਕਿ ਇਹ ਇਸ ਧਾਰਮਿਕ-ਸੰਸਥਾ 'ਚ ਕਿਸੇ ਸੂਰਤ ਫਿਰ ਪ੍ਰਵੇਸ਼ ਕਰ ਕੇ ਕੌਮ ਦੇ, ਭਵਿੱਖਤ ਨੂੰ ਤਬਾਹ ਨਾ ਕਰ ਸਕਣ। ਪੰਥ ਦੇ ਰੋਸ਼ਨ-ਭਵਿੱਖ ਲਈ ਇਸ 'ਮਾਤਾ ਦੇ ਮਾਲ' ਦੀ ਤੁਰੰਤ ਤੇ ਸਦਾ ਲਈ ਸ਼੍ਰੋਮਣੀ-ਕਮੇਟੀ ਵਿਚੋਂ ਛੁੱਟੀ ਹੋਣੀ ਅਤਿਅੰਤ ਜ਼ਰੂਰੀ ਹੈ।

ਅੰਤ ਵਿਚ ਅਰਦਾਸ ਕਰਦਾ ਹਾਂ ਕਿ ਅਕਾਲ-ਪੁਰਖ ਆਪਜੀ ਨੂੰ ਬਲ ਬਖਸ਼ਣ ਕਿ ਆਪ ਕੌਮ ਦੀਆਂ ਆਸਾਂ ਤੇ ਪੂਰੇ ਉਤਰ ਸਕੋਂ ਤੇ ਆਸ ਕਰਦਾ ਹਾਂ ਕਿ ਮੇਰਾ ਮਾਸੀ ਨੂੰ ਮੱਥਾ ਟੇਕਿਆ ਕੁੱਤਿਆਂ ਦੇ ਰੌਲੇ ਵਿਚ ਈ ਨਹੀਂ ਚਲਿਆ ਜਾਏਗਾ ਸਗੋਂ ਤੁਸੀਂ ਇਹਨਾਂ ਸੁਝਾਵਾਂ ਨੂੰ ਵਾਚੋਂਗੇ-ਵਿਚਾਰੋਂਗੇ ਤੇ ਜੇ ਇਹਨਾਂ ਚੋਂ ਕੋਈ ਕੌਮ ਦੇ ਭਲੇ ਲਈ ਲਾਭਦਾਇਕ ਜਾਂ ਸਹਾਇਕ ਸਿੱਧ ਹੋਣ ਵਾਲਾ ਦਿਸ ਆਉਂਦਾ ਹੋਵੇ ਤਾਂ ਅਮਲ ਵੀ ਕਰੋਂਗੇ ਜਿਸ ਨਾਲ ਖਾਲਸਾ-ਪੰਥ ਦੀ ਚੜ੍ਹਦੀ-ਕਲਾ ਹੋ ਸਕੇ ਤੇ ਤੁਸੀਂ ਆਪ ਵੀ ਚੜ੍ਹਦੀ-ਕਲਾ 'ਚ ਰਹਿ ਸਕੋਂ !

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹ ॥

ਆਪ ਜੀ ਦਾ ਹਿਤੂ,

(ਜਨਵਰੀ, 1990)

ਸਿੱਖੋ ! ਸਿੱਖ-ਸੰਸਥਾਵਾਂ ਨੂੰ ਸੰਭਾਲੋ !!

ਮੌਜੂਦਾ ਹਾਲਾਤ ਵਿਚ ਸਿੱਖ-ਸੰਘਰਸ਼ 'ਚ ਬਲਕਾਰੀ ਤੇ ਬਲਵਾਨ ਖਾਲਸਾ ਹੀ ਫਤਹ ਹਾਸਲ ਕਰ ਸਕਦਾ ਹੈ। ਖਾਲਸਾ-ਪੰਥ ਦੀ ਸ਼ਕਤੀਵਰ ਤੇ ਸੋਹਣੀ ਸਿਹਤ ਲਈ ਪ੍ਰਥਮ ਸ਼ਰਤ ਹੈ ਇਸਦੇ ਅੰਗਾਂ ਅਥਵਾ ਸੰਸਥਾਵਾਂ, ਜਥੇਬੰਦੀਆਂ ਦਾ ਰਿਸ਼ਟ-ਪੁਸ਼ਟ ਤੇ ਤੰਦਰੁਸਤ ਹੋਣਾ ! ਪਰ ਕੌਮ ਦਾ ਵੱਡਾ ਦੁਖਾਂਤ ਵਰਤਮਾਨ ਸਮੇਂ ਇਹ ਹੈ ਕਿ ਬਾਵਜੂਦ ਸਿੱਖ-ਅਵਾਮ ਦੇ ਭਰਵੇਂ ਸਮਰਥਨ ਦੇ, ਸਾਡੀਆਂ ਸੰਸਥਾਵਾਂ-ਜਥੇਬੰਦੀਆਂ, ਸਰਕਾਰੀ-ਸਾਜ਼ਿਸ਼ਾਂ ਤੇ ਆਪਸੀ ਪਾਟੋਧਾਤ ਕਾਰਨ ਕਮਜ਼ੋਰ ਹੋ ਰਹੀਆਂ ਹਨ। ਅੱਜ ਇਹ ਅਤਿਅੰਤ ਜ਼ਰੂਰੀ ਹੈ ਕਿ ਇਸ ਢਾਹੂ-ਵਹਿਣ ਤੋਂ ਇਹਨਾਂ ਨੂੰ ਬਚਾਇਆ ਜਾਵੇ। ਇਸ ਨਾਲ ਹੀ ਖਾਲਸਾ-ਪੰਥ ਸਿੱਖ-ਸੰਘਰਸ਼ ਚੋਂ ਵਿਜੇਈ ਬਣ ਕੇ ਨਿਕਲ ਸਕਦਾ ਹੈ ਤੇ ਕੌਮ ਦੇ ਰੋਸ਼ਨ-ਭਵਿੱਖ ਲਈ ਕੋਈ ਬਾਨ੍ਹਣੂ ਬੁੰਨਿਆ ਜਾ ਸਕਦਾ ਹੈ। ਆਗਾਮੀ, ਸੁਝਾਅ-ਰੂਪੀ ਸਤਰਾਂ ਇਸੇ ਮੰਤਵ-ਤਹਿਤ ਗੁਰੂ ਪੰਥ ਦੀ ਵਿਚਾਰ ਹਿਤ ਪੇਸ਼ ਹਨ :-

ਸ੍ਰੀ ਅਕਾਲ ਤਖ਼ਤ ਸਾਹਿਬ-ਸ੍ਰੀ ਅਕਾਲ ਤਖਤ ਸਾਹਿਬ ਖਾਲਸਾ-ਪੰਥ ਦੀ ਬਿਜਲਈ-ਸ਼ਕਤੀ ਦਾ ਕੇਂਦਰ ਹੈ। ਵਰਤਮਾਨ ਸਮੇਂ ਇਸਦੀ ਮਾਣ-ਮਰਿਆਦਾ ਨੂੰ ਲੱਗੀ ਠੇਸ ਤੋਂ ਹਰ ਪੰਥਕ-ਹਿਤੈਸ਼ੀ ਵਾਕਫ ਤੇ ਚਿੰਤੁਤ ਹੈ। ਪੰਥ ਦੀ ਬਦ-ਕਿਸਮਤੀ ਹੈ ਕਿ ਸੱਚੇ ਗੁਰੂ ਦੇ ਇਸ ਸੱਚੇ ਤਖਤ ਦੀ ਜਥੇਦਾਰੀ ਦੇ ਅੱਜ-ਕਲ ਤਿੰਨ ਦਾਅਵੇਦਾਰ ਹਨ, ਪ੍ਰੋ : ਦਰਸਨ ਸਿੰਘ, ਭਾਈ ਜਸਵੀਰ ਸਿੰਘ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ! ਸਿੱਖ-ਸੰਸਾਰ ਦਾ ਇਹ ਆਸ-ਭਰੋਸਾ ਰਿਹਾ ਹੈ ਕਿ ਇਹ ਤਿੰਨੇ ਸਤਿਕਾਰ ਯੋਗ ਵਿਅਕਤੀ ਗੁਰਮਤਿ ਗਾਡੀ-ਰਾਹ ਦੇ ਪਾਂਧੀ ਹਨ, ਕੌਮ ਦੇ ਭਵਿੱਖ ਲਈ ਫਿਕਰਮੰਦ ਹਨ ਤੇ ਪੰਥ ਲਈ ਹਰ ਕੁਰਬਾਨੀ ਕਰ ਗੁਜ਼ਰਨ ਵਾਲੇ ਹਨ ਪਰ ਸਿੱਖ-ਅੱਖਾਂ ਅੱਜ ਇਹ ਵੀ ਪਰਤੱਖ ਦੇਖ ਰਹੀਆਂ ਹਨ ਕਿ ਘੋਰ-ਬਿਪਤਾ ਦੇ ਇਸ ਦੌਰ ਵਿਚ ਇਸ ਮਹਾਨ ਤਖਤ ਦੀ ਪਵਿੱਤਰ-ਪਰੰਪਰਾ ਤੇ ਮਰਿਆਦਾ ਦੀ ਸ਼ਰਕਰਾਰੀ-ਬੁਲੰਦੀ ਲਈ ਆਪਣੇ ਦਾਅਵੇ ਤੋਂ ਇਹਨਾਂ ਚੋਂ ਕੋਈ ਵੀ ਪਿੱਛੇ ਹਟਣ ਲਈ ਤਿਆਰ ਨਹੀਂ। ਸਾਰੇ ਆਪਣੇ ਆਪਣੇ ਮੋਰਚਿਆਂ ਚੋਂ ਦੂਸ਼ਣਾਂ ਦੇ ਬਾਣ ਇਕ ਦੂਜੇ ਤੇ ਵਰ੍ਹਾ ਰਹੇ ਹਨ। ਤਿਆਗ ਦੀ ਭਾਵਨਾ ਵਿਖਾਉਂਣ ਦੇ ਵਿਪਰੀਤ ਸਗੋਂ ਜਥੇਦਾਰ ਦੀ ਪਦਵੀ ਨੂੰ ਸੰਭਾਲੀ ਰੱਖਣ ਅਥਵਾ ਇਸ ਤੇ ਇਸਥਿੱਤ ਰਹਿਣ ਲਈ ਦੌੜ-ਭੱਜ ਜਾਂ ਹਠ ਕੀਤਾ ਜਾ ਰਿਹਾ ਹੈ। ਇਸ ਹਾਲਤ 'ਚ ਇਕ ਸੁਹਿਰਦ ਸਿੱਖ ਲਈ ਇਸਤੋਂ ਵੱਡੀ ਨਿਰਾਸਤਾ ਕੋਈ ਹੋਰ ਨਹੀਂ ਹੋ ਸਕਦੀ। ਜੇ ਇਹਨਾਂ ਚੋਂ ਅੱਜ ਕੋਈ ਇਸ ਸੱਚੇ ਤਖਤ ਦੀ ਪਰੰਪਰਾ ਤੇ ਪਹਿਰਾ ਦੇਣ ਦੀ ਦਲੇਰੀ ਨਹੀਂ ਦਿਖਾ ਸਕਦਾ ਤਾਂ ਗੁਰੂ ਦੇ ਪੰਥ ਨੂੰ ਇਹਨਾਂ ਤਿੰਨਾਂ ਸ਼ਖਸੀਅਤਾਂ ਹੋਂ ਸਤਿਕਾਰ-ਸਹਿਤ ਖਿਮਾਂ ਮੰਗ ਕੇ ਇਸ ਮਹਾਨ ਤਖਤ ਦੀ ਇਸ ਮਹਾਨ ਪਦਵੀ ਦੀ ਸੇਵਾ ਇਹਨਾਂ ਤਿੰਨਾਂ ਤੋਂ ਬਿਨਾ ਕਿਸੇ ਚੌਥੀ ਮਕਬੂਲ ਧਾਰਮਿਕ ਧੜੱਲੇਦਾਰ ਸ਼ਖਸੀਅਤ ਨੂੰ ਸੌਂਪਣੀ ਚਾਹੀਦੀ ਹੈ। ਕਿਉਂਕਿ ਪਿਛਲੇ ਸਮੇਂ ਵਿਚ ਤਿੰਨਾਂ ਦੀ ਆਪਸੀ ਕਸ਼ਮਕਸ਼ 'ਚੋਂ ਪੈਦਾ ਹੋਈ ਪੇਚੀਦਗੀ ਕਾਰਨ ਇਹਨਾਂ 'ਚੋਂ ਕੋਈ ਵੀ ਕਿਸੇ ਸੂਰਤ ਵੀ ਸਮੁੱਚੀ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੋੜਨ ਤੇ ਸਿੱਖ ਕਾਜ ਲਈ ਅੱਗੇ ਤੋਰਨ ਵਿਚ ਸਹਾਇਕ ਸਿੱਧ ਨਹੀਂ ਹੋ ਸਕਦਾ। ਖਾਲਸਾ-ਪੰਥ ਦਾ ਇਹ ਮਹਾਨ ਫੈਸਲਾ ਸਾਰੀਆਂ ਧਿਰਾਂ ਨੂੰ ਛੁਟੇਰੀਆਂ ਜਾਤੀ-ਰੰਜਸ਼ਾਂ ਤੋਂ ਉਪਰ ਉਠ ਕੇ, ਸੋੜੀਆਂ-ਧਜੇਬੰਦਕ ਸੋਚਾਂ ਨੂੰ ਤਿਆਗ ਕੇ ਅਤੇ ਅਣਹੋਈਆਂ-ਢੁੱਚਰਾਂ ਤੇ ਹੋਈਆਂ-ਬੀਤੀਆਂ ਨਿੱਕੀਆਂ-ਮੋਟੀਆਂ ਤੇ ਮਿੱਟੀ ਪਾ ਕੇ ਕਰਨਾ ਚਾਹੀਦਾ ਹੈ। ਅੱਜ ਇਸ ਨਾਜ਼ੁਕ ਮੋੜ ਉਤੇ ਜਦੋਂ ਕਿ ਕੌਮ ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਦਾ ਵਿਗੋਚਾ ਸ਼ਿੱਦਤ ਨਾਲ ਮਹਿਸੂਸ ਕਰ ਰਹੀ ਹੈ ਤਾਂ ਨਿੰਮਰਤਾ ਸਹਿਤ ਇਸ ਪਦਵੀ ਲਈ ਗੁਰੂ ਕੇ ਪੰਥ ਨੂੰ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਨਾਂ ਵਿਚਾਰਨ ਦੀ ਬੇਨਤੀ ਕਰਦਾ ਹਾਂ ਕਿਉਂਕਿ ਮੌਜੂਦਾ ਸਿੱਖ-ਸੰਘਰਸ਼ ਦੇ ਉਰਾਰ ਦੀ ਸਾਰੀ ਸਥਿਤੀ ਨੂੰ ਵੇਖਦਿਆਂ ਭਾਈ ਗੁਰਦੇਵ ਸਿੰਘ ਕਾਉਂਕੇ ਹੀ ਇਕ ਐਸੀ ਸ਼ਖਸੀਅਤ ਦੇ ਧਾਰਣੀ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹਨਾਂ ਵਿਚ

ਅੱਜ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ, ਸਿੱਖ ਕੌਮ ਦੀ ਯੋਗ ਅਗਵਾਈ ਕਰਨ ਦੀਆਂ ਸਭ ਤੋਂ ਵੱਧ ਸੰਮਰਥਾਵਾਂ ਮੌਜੂਦ ਹਨ।

ਪੰਥਕ ਕਮੇਟੀ :-

ਸੰਨ ਚੁਰਾਸੀ ਤੋਂ ਲੈ ਕੇ ਹੁਣ ਤੱਕ ਹਾਲਾਤ ਹੀ ਅਜਿਹੇ ਬਣੇ ਰਹੇ ਹਨ ਕਿ ਪੰਥ, ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਲਣ ਵਾਲੀ ਸੇਧ ਤੋਂ ਵੰਚਿਤ-ਵਾਝਾ ਰਿਹਾ ਹੈ ਇਸੇ ਲਈ ਸਰਬੱਤ-ਖਾਲਸੇ ਦੁਆਰਾ ਪੰਥਕ-ਕਮੇਟੀ ਦਾ ਗਠਨ ਕੀਤਾ ਗਿਆ ਤਾਂ ਕਿ ਇਸ ਦੁਆਰਾ ਸਿੱਖ-ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਤੋਰਿਆ ਜਾਵੇ। ਇਸ ਕਾਰਜ ਨੂੰ ਪੰਥਕ-ਕਮੇਟੀ (ਮਾਨੋਚਾਹਲ) ਬਾਖੂਬੀ ਤੇ ਦਲੇਰੀ ਨਾਲ ਨਿਭਾਉਂਦੀ ਰਹੀ ਹੈ ਤੇ ਵੱਖੋ-ਵੱਖ ਖਾੜਕੂ-ਗਰੁਪਾਂ ਦੇ ਸਿਰਲੱਥ-ਨੌਜਵਾਨ ਕੌਮੀ ਜਦੋ-ਜਹਿਦ ਨੂੰ ਅੱਗੇ ਤੋਰਨ ਵਿਚ ਅਹਿਮ ਰੋਲ ਅਦਾ ਕਰਦੇ ਰਹੇ ਹਨ। ਪਰ ਕੌਮ ਦੀ ਬਦਕਿਸਮਤੀ ਹੈ ਕਿ ਖਾੜਕੂਆਂ ਵਿਚਲੀ ਫੁੱਟ ਕਾਰਨ ਅੱਜ ਤਿੰਨ ਪੈਰਲਿਲ ਪੰਥਕ-ਕਮੇਟੀਆਂ ਬਣੀਆਂ ਹੋਈਆਂ ਹਨ ਭਾਵੇਂ ਕਿ ਮੰਤਵ-ਮਾਟੋ ਤਿੰਨਾਂ ਦਾ ਇਕੋ ਨਿਸ਼ਾਨੇ ਲਈ ਸਿੱਖ-ਸੰਘਰਸ਼ ਨੂੰ ਅੱਗੇ ਤੋਰਨਾ ਹੈ। ਕੌਮ, ਨੌਜਵਾਨਾਂ ਦੀ ਕੁਰਬਾਨੀ ਦੇ ਸਦਕੇ ਜਾਂਦੀ ਹੈ ਪਰ ਖਾੜਕੂਆਂ ਦੀ ਫੁੱਟ ਤੇ ਖੂੰਨ ਦੇ ਅੱਥਰੂ ਕੇਰਦੀ ਹੈ। ਜੇ ਅੱਜ ਕੌਮ ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬ-ਪ੍ਰਵਾਨਤ ਜਥੇਦਾਰ ਦੀ ਨਿਯੁਕਤੀ ਕਰ ਵੀ ਲੈਂਦੀ ਹੈ ਤਦ ਵੀ ਮੌਜੂਦਾ ਪ੍ਰਸਥਿਤੀਆਂ ਨੂੰ ਮੱਦੇ-ਨਜ਼ਰ ਰਖਦਿਆਂ ਜਿੰਨੀ ਦੇਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੌਮ ਨੂੰ ਨਿਸ਼ਾਨੇ ਸਬੰਧੀ ਸਿੱਖ-ਭਾਵਨਾਵਾਂ ਅਨੁਸਾਰ ਘੜੱਲੇਦਾਰ ਸੇਧ ਮਿਲਦੇ ਹੋਣ ਦਾ ਪਿਛਲੇ ਸਮੇਂ 'ਚ ਤਿਤਕਿਆ ਵਿਸ਼ਵਾਸ ਮੁੜ ਬਹਾਲ ਤੇ ਸਥਾਪਤ ਨਹੀਂ ਹੋ ਜਾਂਦਾ ਉਤਨੀ ਦੇਰ ਸਿੱਖ-ਸੰਘਰਸ਼ ਨੂੰ ਅੱਗੇ ਤੋਰਨ ਲਈ ਪੰਥਕ-ਕਮੇਟੀ ਦੀ ਜ਼ਰੂਰਤ ਹੈ ਤੇ ਇਹ ਕਾਇਮ ਰਹਿਣੀ ਚਾਹੀਦੀ ਹੈ। ਅੱਜ ਜ਼ਰੂਰੀ ਹੈ ਕਿ ਤਿੰਨਾਂ ਪੰਥਕ-ਕਮੇਟੀਆਂ ਨੂੰ ਭੰਗ ਕਰਨ ਉਪਰੰਤ ਪੰਥਕ-ਪਰੰਪਰਾ ਅਨੁਸਾਰ ਤਿੰਨਾਂ ਪੰਥਕ-ਕਮੇਟੀਆਂ ਅਥਵਾ ਵਿਭਿੰਨ ਖਾੜਕੂ ਗਰੁੱਪਾਂ ਵਿਚੋਂ ਬਾਬਾ ਮਾਨੋਚਾਹਲ ਸਮੇਤ ਖਾੜਕੂ-ਮੁਖੀਆਂ ਉਤੇ ਅਧਾਰਿਤ ਇਕ ਪੰਜ ਮੈਂਬਰੀ ਸਾਂਝੀ ਪੰਥਕ-ਕਮੇਟੀ ਬਣਾਈ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : -

ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਜਾਨ ਤੋਂ ਪਿਆਰੀ ਤੇ ਖੂੰਨ ਤੋਂ ਮਹਿੰਗੀ ਸੰਸਥਾ ਹੈ ਜਿਸਨੂੰ ਸਿੱਖਾਂ ਨੇ ਜਾਨਾਂ ਵਾਰ ਕੇ ਤੇ ਖੂੰਨ ਡੋਲ ਕੇ ਹੋਂਦ ਵਿਚ ਲਿਆਂਦਾ ਹੈ, ਅੱਜ ਸਾਨੂੰ ਸਿੱਖਾਂ ਨੂੰ ਰਾਜਨੀਤੀ ਵੱਲ ਉਲਾਰ ਹੋਣ ਜਾਂ ਲਪਕਣ ਦੀ ਬਜਾਏ ਪਹਿਲਾਂ ਆਪਣੇ ਧਰਮ ਦੀ ਸਾਰ ਲੈਣ ਦੀ ਜ਼ਰੂਰਤ ਹੈ। ਜੇ ਧਰਮ-ਸੁਰੱਖਿਅਤ ਹੈ ਤਾਂ ਸਿੱਖ, ਰਾਜਨੀਤੀ ਦੇ ਘੋੜੇ ਤੇ ਸਵਾਰ ਵੀ ਹੋ ਜਾਣਗੇ, ਇਸ ਨੂੰ ਕਾਬੂ ਕਰ ਕੇ ਸਹੀ ਦਿਸ਼ਾ ਵੱਲ ਵੀ ਤੋਰ ਲੈਣਗੇ। ਅੱਜ ਸਖਤ ਜ਼ਰੂਰਤ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ ਤਾਂ ਕਿ ਇਸ ਧਾਰਮਿਕ-ਸੰਸਥਾ ਦੇ ਪਿੰਡੇ ਵਿਚ ਪ੍ਰਵੇਸ਼ ਕਰ ਚੁੱਕੇ ਭ੍ਰਿਸ਼ਟ-ਖੂੰਨ ਨੂੰ ਕੱਢ ਕੇ ਇਸ ਵਿਚ ਸੱਜਰੇ-ਪਵਿੱਤਰ ਲਹੂ ਦਾ ਸੰਚਾਰ ਕੀਤਾ ਜਾ ਸਕੇ। ਜੇ ਕਾਰਨਵੱਸ ਚੋਣਾਂ ਤੁਰੰਤ ਕਰਵਾਏ ਜਾਣ ਦੀ ਬਿਧ ਨਾ ਬਣ ਸਕੇ ਤਾਂ ਇਸ ਕਾਰਜ ਦਾ ਭਾਰ ਨੌਜਵਾਨਾਂ ਨੂੰ ਆਪਣੇ ਮੋਢਿਆਂ ਤੇ ਲੈਣਾ ਚਾਹੀਦਾ ਹੈ ਤੇ ਉਹ ਸਿੱਖ-ਅਵਾਮ ਨੂੰ ਨਾਲ ਲੈ ਕੇ ਜੱਥਿਆਂ ਦੇ ਰੂਪ ਵਿਚ ਆਪਣੇ-ਆਪਣੇ ਹਲਕੇ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਲੀਡਰਾਂ ਤੋਂ ਲੋਕ-ਸ਼ਕਤੀ ਦੇ ਬਲਬੂਤੇ, ਉਹਨਾਂ ਪਾਸ ਜਾ ਕੇ ਉਹਨਾਂ ਦੇ ਅਸਤੀਫੇ ਪ੍ਰਾਪਤ ਕਰਨ ਅਤੇ ਅਗਲੀ ਚੋਣ ਹੋਣ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸਿੱਧੇ ਤੌਰ ਤੇ ਅਕਾਲ ਤਖਤ ਸਾਹਿਬ ਦੇ ਨਵੇਂ ਜੱਥੇਦਾਰ ਦੇ ਹੱਥਾਂ 'ਚ ਦਿੱਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ :-

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਉਹ ਵਾਹਿਦ ਜਥੇਬੰਦੀ ਹੈ ਜਿਸਨੂੰ ਸਿੱਖਾਂ ਨੇ ਆਪਣੇ ਹਿਤਾਂ ਦੀ ਰਾਖੀ ਦਾ ਕਰਤੱਵ-ਕਾਰਜ ਸੰਭਾਲ ਕੇ ਆਪਣੀ ਪ੍ਰਤੀਨਿਧ ਪਾਰਟੀ-ਹੋਣ ਦਾ ਮਾਣ ਬਖਸ਼ਿਆ। ਪਰ ਪਿਛਲੇ ਸਮੇਂ ਵਿਚ ਦੂਰ-ਦ੍ਰਿਸ਼ਟੀ ਤੋਂ ਹੀਣੀ ਅਨਪੜ੍ਹ-ਲੀਡਰਸ਼ਿਪ ਨੇ ਆਪਣੇ ਸੁਆਰਥ ਲਈ ਇਸਨੂੰ

ਵੱਡੀ ਢਾਹ ਲਾਈ ਹੈ। ਅਕਾਲੀ-ਲੀਡਰਾਂ ਦੇ ਵਿਅਕਤੀਗਤ-ਸੁਆਰਥ ਕਾਰਨ ਅਕਾਲੀ ਦਲਾਂ ਦਾ ਪੀਹਣ ਪਿਆ ਰਿਹਾ ਹੈ ਭਾਵ ਕਈ ਕਈ ਅਕਾਲੀ ਦਲ ਬਣਦੇ ਰਹੇ ਹਨ। ਹੁਣੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ (ਮਾਨ) ਵਿਭਿੰਨ ਅਕਾਲੀ ਦਲਾਂ ਇਕ ਸ਼ਕਤੀ ਬਣ ਕੇ ਉਭਰਿਆ ਹੈ। ਭਾਵੇਂ ਇਸ ਦਲ ਦੇ ਭਵਿੱਖ ਅਥਵਾ ਮੁਕੱਦਰ ਦਾ ਫੈਸਲਾ ਇਸਦੀ ਲੀਡਰਸ਼ਿਪ ਦੀ ਦਲੇਰੀ, ਦ੍ਰਿੜ੍ਹਤਾ ਤੇ ਦੂਰ-ਅੰਦੇਸ਼ੀ ਨੇ ਕਰਨਾ ਹੈ ਤੇ ਖਾਸ ਕਰ ਇਸ ਗੱਲ ਨੇ ਕਰਨਾ ਹੈ ਕਿ ਕੀ ਸ: ਮਾਨ ਸਿੱਖ-ਭਾਵਨਾਵਾਂ ਦੇ ਹਾਣ ਦੇ ਹੋ ਕੇ, ਸਪੱਸ਼ਟ ਸਟੈਂਡ ਲੈ ਕੇ ਇਸਦੀ ਅਗਵਾਈ ਕਰਦੇ ਹਨ ਜਾਂ ਨਹੀਂ ? ਪਰ ਸ: ਮਾਨ ਸਾਹਮਣੇ ਪ੍ਰਮੁੱਖ ਕਾਰਜਾਂ ਵਿਚੋਂ ਮੱਹਤਵ-ਪੂਰਨ ਕਾਰਜ ਇਕ ਇਹ ਵੀ ਹੈ ਕਿ ਉਹ ਸਿੱਖਾਂ ਦੀ ਇਸ ਪ੍ਰਤੀਨਿਧ ਪਾਰਟੀ ਨੂੰ ਮਜ਼ਬੂਤ ਕਰਨ। ਇਸ ਕੰਮ ਲਈ ਉਹਨਾਂ ਨੂੰ ਵੱਖੋ ਵੱਖ ਦਲਾਂ ਦੇ ਝੰਡਿਆਂ ਹੇਠ ਅਕਾਲੀ-ਲੀਡਰਾਂ ਦੇ ਕਿਰਦਾਰ ਤੋਂ ਨਿਰਾਸ ਹੋਏ ਬੈਠੇ ਸੁਹਿਰਦ ਸਿੱਖਾਂ ਨੂੰ ਇਸ ਅਕਾਲੀ ਦਲ ਦੇ ਝੰਡੇ ਹੇਠ ਲਿਆ ਕੇ ਇਸਦੇ ਵਰਕਰ-ਕੇਡਰ ਵਿਚ ਨਵੀਂ ਰੂਹ ਫੂਕਣੀ ਚਾਹੀਦੀ ਹੈ ਤੇ ਸੁਆਰਥੀ ਅਕਾਲੀ-ਲੀਡਰ-ਲਾਣੇ ਦੀ ਨਿਰਭੈਤਾ ਤੇ ਬੇਕਿਰਕੀ ਨਾਲ ਛੁੱਟੀ-ਛਾਂਟੀ ਕਰਨੀ ਚਾਹੀਦੀ ਹੈ। ਚੱਲੇ-ਕਾਰਤੂਸ ਅਕਾਲੀ-ਲੀਡਰਾਂ ਨਾਲ ਬਗਲਗੀਰ ਹੋਣਾ ਅਥਵਾ ਅਖੌਤੀ ਪੰਥਕ-ਏਕਤਾ ਦਾ ਮਹੂਰਾ ਚੌਣਨਾ ਸ: ਮਾਨ ਦੀ ਸਿਆਸੀ-ਜ਼ਿੰਦਗੀ ਲਈ ਮਾਰੂ ਸਾਬਤ ਹੋ ਸਕਦਾ ਹੈ। ਸਿਆਸੀ ਪੱਖੋਂ ਸਥਾਪਤ ਹੋਣ ਲਈ ਉਨ੍ਹਾਂ ਨੂੰ ਜੁਝਾਰੂ-ਵਿਚਾਰਧਾਰਾ ਦੇ ਧਾਰਣੀ ਸਿੱਖ ਤਬਕੇ ਨੂੰ ਨਾਲ ਲੈ ਕੇ ਤੁਰਨਾ ਤੇ ਉਸਦੀਆਂ ਭਾਵਨਾਵਾਂ ਦੀ ਨੰਗੇ ਧੜ ਤਰਜਮਾਨੀ ਕਰਨੀ ਪਵੇਗੀ ਤੇ ਇਹ ਗੱਲ ਵੀ ਲੜ ਬੰਨ ਕੇ ਤੁਰਨਾ ਪਏਗਾ ਕਿ ਕੇਂਦਰ ਦੀ 'ਕੱਚੀ ਯਾਰੀ ਲੱਡੂਆਂ ਦੀ' ਸਿੱਖਾਂ ਨਾਲ ਕਦੇ ਵੀ ਟੁੱਟ ਸਕਦੀ ਹੈ ਅਤੇ ਵਿਧਾਨ ਸਭਾ ਦੀਆਂ ਚੋਣਾਂ ਲੜਨ ਮਗਰੋਂ ਬਣੇ ਕਿਸੇ ਵੀ ਮੁੱਖ-ਮੰਤਰੀ ਨੂੰ ਸੂਬੇ ਵਿਚ ਅਮਨ-ਕਾਨੂਨ ਬਣਾਈ ਰੱਖਣ ਲਈ ਬਰਨਾਲੇ ਵਾਲਾ ਰੋਲ ਅਦਾ ਕਰਨ ਪੈ ਸਕਦਾ ਹੈ। ਸ: ਮਾਨ ਨੂੰ ਵਿਧਾਨ-ਸਭਾਈ ਚੋਣਾਂ ਲੜਨ ਨਾਲੋਂ ਦੇਸ਼-ਵਿਦੇਸ਼ ਦੀਆਂ ਜਿਹਲਾਂ 'ਚ ਬੈਠੇ ਸਿੱਖਾਂ ਨੂੰ ਛੜਵਾਉਣ, ਸਿੱਖਾਂ ਉਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਦੰਗਾ-ਪੀੜਤ ਸਿੱਖਾਂ ਤੇ ਧਰਮੀ-ਫੌਜੀਆਂ ਦਾ ਵਸੇਬਾ-ਬਹਾਲੀ ਕਰਾਉਣ ਅਤੇ ਪੰਜਾਬ ਉਤੇ ਅਜੇ ਜਾਰੀ ਜ਼ੁਲਮ ਨੂੰ ਠੱਲ ਪਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਦਮਦਮੀ-ਟਕਸਾਲ : -

ਨਿਰਸੰਦੇਹ ਸਿੱਖ-ਦਾਇਰੇ 'ਚ ਧਰਮ ਤੇ ਸਿਆਸਤ ਦਾ ਰਿਸ਼ਤਾ ਨਹੁੰ ਤੇ ਮਾਸ ਦਾ ਹੈ। ਦਮਦਮੀ-ਟਕਸਾਲ ਸਿੱਖਾਂ ਦੀ ਇਕ ਉਹ ਧਾਰਮਿਕ ਸੰਸਥਾ ਹੈ ਜਿਸ ਦਾ ਵਿਸ਼ੇਸ਼ਕਰ ਵਰਤਮਾਨ ਸਮੇਂ ਯੋਗਦਾਨ ਕਿਸੇ ਤੋਂ ਗੁੰਝਾ ਨਹੀਂ। ਦਿੱਲੀ, ਦਸਮ ਪਿਤਾ-ਪਿਆਰੀ ਇਸ ਟਕਸਾਲ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਸੰਸਥਾ ਨੂੰ ਅੱਜ ਸਾਨੂੰ ਨਿੱਕੇ-ਮੋਟੇ ਝਗੜਿਆਂ ਜਾਂ ਸਿਆਸੀ ਮੁਫਾਦ ਤੋਂ ਉਪਰ ਰੱਖ ਕੇ, ਵੱਧ ਤੋਂ ਵੱਧ ਸਿੱਖਾਂ ਨੂੰ ਸਿੱਖੀ ਨਾਲ ਜੋੜਨ ਲਈ ਬਲਵਾਨ ਤੇ ਸਮਰੱਥ ਬਣਾਉਣਾ ਚਾਹੀਦਾ ਹੈ। ਲੋੜ ਹੈ ਕਿ ਸਿਰਫ ਗੰਭੀਰ ਪੰਥਕ-ਮਾਮਲਿਆਂ ਸਬੰਧੀ ਹੀ ਇਸਦੀ ਵਡਮੁੱਲੀ ਰਾਇ-ਸਲਾਹ ਤੇ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ।

ਅੰਤਰਰਾਸ਼ਟਰੀ ਸਿੱਖ ਯੂਥ ਫੈਡਰੇਸ਼ਨ :-

ਅੱਜ ਨੌਜਵਾਨ ਪੰਜਾਬ ਦੀ ਖੁਦਗਰਜ਼-ਖੁੰਢੀ-ਖ੍ਰਾਂਘੜ ਅਕਾਲੀ-ਲੀਡਰਸ਼ਿਪ ਵਲੋਂ ਕੌਮ ਨਾਲ ਕੀਤੇ ਧ੍ਰੋਹ ਤੇ ਅਨਿਆਏ ਦੇ ਪਾਏ ਹਨੇਰ ਨੂੰ ਆਪਣੀ ਕੁਰਬਾਨੀ ਦੇ ਚਾਨਣ ਨਾਲ ਪਛਾੜ ਕੇ ਕੌਮ ਦੇ ਝੰਡਾ-ਬਰਦਾਰ ਬਣ ਕੇ ਉਭੱਰੇ ਹਨ ਅਤੇ ਦੇਸ਼-ਵਿਦੇਸ਼ ਵਿਚ ਫੈਡਰੇਸ਼ਨ ਦੇ ਬੈਨਰ ਹੇਠ ਇਕੱਤਰ ਹਨ। ਚਾਹੀਦਾ ਹੈ ਕਿ ਅਕਾਲੀ-ਲੀਡਰਸ਼ਿਪ ਦੇ ਜਿਹੜੇ ਔਗੁਣਾਂ ਕਾਰਨ ਲੋਕਾਂ ਨੂੰ ਲਾਮਬੰਦ ਕਰਕੇ ਉਹ ਸਿੱਖ ਅਵਾਮ ਦਾ ਫਤਵਾ-ਫੈਸਲਾ ਆਪਣੇ ਹੱਕ ਵਿਚ ਲੈਣ 'ਚ ਕਾਮਯਾਬ ਹੋਏ ਹਨ, ਉਹਨਾਂ ਔਗੁਣਾਂ ਅਥਵਾ ਚੌਧਰ-ਲਾਲਸਾ, ਹੈਂਕੜ, ਫੁੱਟ ਆਦਿ ਨੂੰ ਨੌਜਵਾਨ ਆਪਣੇ ਨੇੜ ਨਾ ਫੜਕਣ ਦੇਣ। ਨੌਜਵਾਨਾਂ ਲਈ ਲਾਜ਼ਮੀ ਹੈ ਕਿ ਉਹ ਅੱਜ ਆਪਣੀ ਜਥੇਬੰਦੀ ਵਿਚ ਆਈਆਂ ਤ੍ਰੇੜਾਂ ਨੂੰ ਮੁੰਦ ਕੇ, ਸੌੜੇ-ਛੁਟੇਰੇ ਹਿਤਾਂ ਨੂੰ ਪਰ੍ਹਾਂ ਵਗਾਹ ਕੇ ਆਪਣੀ ਸੁਤੰਤਰ-ਸੋਚ ਦੇ ਸਹਾਰੇ ਦ੍ਰਿੜ੍ਹਤਾ-ਦਲੇਰੀ ਆਸਰੇ ਕੇਵਲ ਤੇ ਕੇਵਲ ਪੰਥ ਦੀ

ਚੜਦੀ-ਕਲਾ ਦੇ ਨਿਸ਼ਾਨੇ ਨੂੰ ਲੈ ਕੇ ਅੱਗੇ ਵਧਣ। ਫੈਡਰੇਸ਼ਨ ਦੇ ਨੌਜਵਾਨ ਸੰਤ ਜਰਨੈਲ ਸਿੰਘ ਜੀ ਦੇ ਬੋਲਾਂ ਤੇ ਪਹਿਰਾ ਦੇਣ ਲਈ ਵਚਨਬਧ ਅਤੇ ਭਾਈ ਅਮਰੀਕ ਸਿੰਘ ਦੇ ਵਾਰਸ ਕਹਿਲਾਂਦੇ ਹਨ ਤਾਂ ਆਗਾਮੀ ਸਮੇਂ ਵਿਚ ਫੈਡਰੇਸ਼ਨ ਦੀ ਅਗਵਾਈ ਉਹ ਹੀ ਨੌਜਵਾਨ ਨੇਤਾ ਕਰ ਸਕੇਗਾ ਜੋ ਸੰਤ ਜਰਨੈਲ ਸਿੰਘ ਦੇ ਦਰਸਾਏ ਰਾਹ ਅਤੇ ਪਾਏ ਪੂਰਨਿਆਂ ਉਤੇ ਭਾਈ ਅਮਰੀਕ ਸਿੰਘ ਵਾਲੀ ਕੁਰਬਾਨੀ ਤੇ ਸਿਦਕ ਨੂੰ ਪੱਲੇ ਬੰਨ ਕੇ ਤੁਰੇਗਾ। ਨਿਰਸੰਦੇਹ ਫੈਡਰੇਸ਼ਨ ਦੀ ਵਾਗਡੋਰ ਕੌਮ ਲਈ ਜੂਝਦੇ ਜੁਝਾਰੂ- ਨੇਤਾਵਾਂ ਦੇ ਹੱਥਾਂ ਵਿਚ ਹੀ ਰਹਿਣੀ ਚਾਹੀਦੀ ਹੈ ਤੇ ਰਹੇਗੀ ਵੀ ਪਰ ਸਿੰਘ-ਸੰਘਰਸ਼ ਦੀ ਜਿੱਤ ਖਾਤਰ ਉਹਨਾਂ ਦਾ ਮੋਢਾ ਆਪਣੇ ਦੂਸਰੇ ਖਾਤਕੂ-ਭਰਾਵਾਂ ਨਾਲ ਵੀ ਅਵੱਸ਼ ਮਿਚਦਾ ਰਹਿਣਾ ਚਾਹੀਦਾ ਹੈ।

ਇਸੇ ਤਰਾਂ ਵਿਦੇਸ਼ਾਂ ਵਿਚਲੀਆਂ ਦੂਜੀਆਂ ਸਿੰਘ-ਜਥੇਬੰਦੀਆਂ ਨੂੰ ਆਪਸੀ ਤਾਲਮੇਲ ਵਧਾ ਕੇ ਅਤੇ ਵਿਦੇਸ਼ੀ ਸਿੰਘ-ਸੰਸਥਾਵਾਂ ਦੇ ਕਰਤਿਆਂ-ਧਰਤਿਆਂ ਨੂੰ ਇਹਨਾਂ ਸੰਸਥਾਵਾਂ 'ਚ ਚਲਦੇ ਗੰਤਕੇ ਨੂੰ ਰੋਕ ਕੇ ਇਹਨਾਂ ਰਾਹੀਂ ਸਿੰਘ-ਅਵਾਮ ਨੂੰ ਜੋੜਨ ਨਾਲ ਹੀ ਸਿੰਘ-ਸੰਘਰਸ਼ ਨੂੰ ਬਲਵਾਨ ਬਣਾ ਕੇ ਕੌਮ ਆਪਣੇ ਨਿਸ਼ਾਨੇ ਵੱਲ ਤੇਜ਼ੀ ਨਾਲ ਅਗਰਸਰ ਹੋ ਸਕਦੀ ਹੈ।

(ਜਨਵਰੀ, 1990)

ਖਾਲਸਾ ਜੀ-ਹੋਸ਼ਿਆਰ ! ਖ਼ਬਰਦਾਰ !!

(ਸਰਦਾਰ ਹਰਮਿੰਦਰ ਸਿੰਘ ਸੰਧੂ ਦੀ ਵਿਦਾਇਗੀ ਉਪਰੰਤ !)

ਤੇ 24 ਜਨਵਰੀ ਨੂੰ ਸਿੰਘ-ਸੰਘਰਸ਼ ਦਾ ਅਣਡਿੱਠਾ ਚਰਚਿਤ-ਚਿਹਰਾ ਸੰਧੂ ਵੀ ਵਿਦਾ ਹੋ ਗਿਆ ! ਵਰਤਮਾਨ ਸਿੰਘ-ਸੰਘਰਸ਼ ਦੇ ਦੇ ਪ੍ਰਸੰਗ ਵਿਚ ਯੋਗਦਾਨ ਦੇ ਪੱਖੋਂ ਉਹ ਹੀਰੋ ਸੀ ਜਾਂ ਜ਼ੀਰੋ ? ਇਸਦਾ ਨਿਬੇੜਾ ਤਾਂ ਇਤਿਹਾਸ ਕਰ ਹੀ ਦੇਵੇਗਾ ਅਤੇ ਇਸ ਹਾਦਸੇ ਦਾ ਨਫਾ-ਨੁਕਸਾਨ ਵੀ ਕੌਮ ਨੇ ਭੋਗਣਾ-ਭੁਗਤਣਾ ਹੀ ਹੈ ਪਰ ਸੰਧੂ ਦੀ ਸਿੰਘ-ਸਟੇਜ ਤੋਂ ਅਚਾਨਕ ਗੈਰਹਾਜ਼ਰੀ-ਗੁੰਮਸ਼ੁਦਗੀ ਨਾਲ ਇਸ ਨਾਜ਼ੁਕ ਮੋੜ ਤੋਂ ਗੁਜ਼ਰ ਰਹੇ ਖਾਲਸਾ-ਪੰਥ ਵਿਚ ਨਿਸਚੇ ਹੀ ਕੋਈ ਖੁਸ਼ੀ ਦੀ ਲਹਿਰ ਨਹੀਂ ਦੌੜ ਸਕਦੀ, ਨਿਰਸੰਦੇਹ ਸਿੰਘ ਸਫਾਂ ਵਿਚ ਇਕ ਅਫ਼ਸੋਸਨਾਕ ਖਾਮੋਸ਼ੀ ਛਾ ਗਈ ਹੈ। ਅਫ਼ਵਾਹਾਂ ਦੇ ਉਡਦੇ ਗਰਦੋ-ਗੁਬਾਰ ਨਾਲ ਡੋਰ-ਭੋਰ ਹੋਏ ਸੰਘਰਸ਼-ਸਮਰਥਕ ਸਿੰਘ ਪ੍ਰਸ਼ਨ-ਚਿੰਨ ਬਣ ਗਏ ਹਨ। ਸੰਧੂ ਦੀ ਆਤਮਿਕ-ਸ਼ਾਂਤੀ ਲਈ ਜੁੜੇ ਸ਼ਰਧਾਜਲੀ-ਸਮਾਗਮਾਂ ਦੇ ਆਯੋਜਿਕਾਂ-ਪ੍ਰਬੰਧਕਾਂ ਨੂੰ ਅਖਬਾਰਾਂ 'ਚ ਰੋਜ਼ ਖਲਬਲੀ ਮਚਾਉਂਦੀਆਂ ਖਬਰਾਂ ਦੇ ਸੋਰ-ਸ਼ਰਾਬੇ ਕਾਰਣ ਇਹ ਸਮਝ ਨਹੀਂ ਪੈ ਰਹੀ ਕਿ ਉਹ ਸੰਗਤਾਂ ਸਾਹਵੇਂ ਸਟੇਜ ਤੋਂ ਸਰਦਾਰ ਸੰਧੂ ਨੂੰ ਕੌਮ ਦਾ ਸ਼ਹੀਦ ਕਰਾਰ ਦੇਣ ਕਿ ਇਕ ਗੱਦਾਰ ਗਰਦਾਨਣ। ਸਥਿਤੀ ਅਤਿਅੰਤ ਅਫ਼ਸੋਸਨਾਕ ਵੀ ਹੈ ਅਤੇ ਨਿਰਾਸ਼ਾਜਨਕ ਵੀ !

ਤਿੰਨ ਫਰਵਰੀ ਨੂੰ ਮੈਂ ਨਿਆਗਰਾ ਫਾਲਜ਼ ਤੋਂ ਨਿਊਯਾਰਕ ਲਈ ਟ੍ਰੇਨ ਫੜੀ। ਦੋ ਕੁ ਘੰਟੇ ਮਗਰੋਂ ਇਕ ਥਾਂ ਤੇ ਮੇਰੀ ਦਸਤਾਰ ਵੇਖ ਕੇ ਇਕ ਬਜ਼ੁਰਗ ਵਤਹਿ ਬੁਲਾ ਕੇ ਮੇਰੇ ਨਾਲ ਦੀ ਸੀਟ ਤੇ ਆਣ ਬੈਠੇ। "ਕਿੱਥੇ ਜਾਣੈਂ ?" ਉਹਨਾਂ ਪੁੱਛਿਆ। "ਨਿਊਯਾਰਕ !" ਮੈਂ ਜਵਾਬ ਦਿੱਤਾ। "ਮੈਂ ਵੀ ਉਥੇ ਈ ਜਾਣੈਂ ! ਕੋਈ ਪੰਜਾਬ ਦੀ ਖ਼ਬਰ ?" ਉਹਨਾਂ ਦੂਜਾ ਪ੍ਰਸ਼ਨ ਕੀਤਾ। "ਬਸ ਜੀ ! ਕੋਈ " ਅਜੇ ਜੁਆਬ ਮੇਰੇ ਮੂੰਹ ਵਿਚ ਹੀ ਸੀ, ਉਹਨਾਂ ਬਿਨਾਂ ਜੁਆਬ ਉਡੀਕੇ ਤੀਜਾ ਸਵਾਲ ਕਰ ਦਿੱਤਾ-"ਆਹ ਜਿਹੜਾ ਮੁੰਡਾ ਸੰਧੂ ਮਾਰਿਐ-ਇਹ ਕਿਨ੍ਹ ਮਾਰਿਐ, ਕਿਉਂ ਮਾਰਿਐ ? ਤੇ ਫਿਰ ਮੈਂ ਤੇ ਉਹ ਬਜ਼ੁਰਗ ਲਗਭਗ ਅੱਠ ਘੰਟੇ ਕੌਮ ਦੀਆਂ ਇਧਰਲੀਆਂ-ਉਧਰਲੀਆਂ ਗੱਲਾਂ ਕਰਦੇ ਨਿਊਯਾਰਕ ਪਹੁੰਚ ਗਏ, ਜਿਥੇ ਸਰਦਾਰ ਸੰਧੂ ਦੇ ਅਕਾਲ ਚਲਾਣੇ ਸਬੰਧੀ ਰੱਖੇ ਸਮਾਗਮ 'ਚ ਬੋਲਣ ਲਈ ਮੈਨੂੰ ਕੁੱਝ ਮਿੱਤਰਾਂ ਨੇ ਬੁਲਾਇਆ ਸੀ। ਇਸ ਦਿਨ ਗੁਰਦੁਆਰੇ ਵਿਚ ਘੱਟੋ-ਘੱਟ ਪੰਦਰਾਂ ਵੀਹ ਬੰਦਿਆਂ ਨੇ ਉਹੀ ਪ੍ਰਸ਼ਨ ਪੁੱਛਿਆ ਜੋ ਟ੍ਰੇਨ ਵਿਚਲੇ ਬਜ਼ੁਰਗ ਨੇ ਪੁੱਛਿਆ ਸੀ। ਜਵਾਬ ਦਿੰਦਿਆਂ ਮੈਨੂੰ ਅੱਖ ਨਾਲੋਂ ਇਸ ਗਲ ਦਾ ਅਫ਼ਸੋਸ ਵੱਧ ਸੀ ਕਿ ਆਖਰ ਸਿੱਖਾਂ ਨੂੰ ਅੱਜ ਇਕ ਦੂਸਰੇ ਤੋਂ ਸੰਧੂ ਦੀ ਮੌਤ ਬਾਰੇ 'ਕਿਨ ਤੇ ਕਿਉਂ' ਦਾ ਪ੍ਰਸ਼ਨ ਪੁੱਛਣ ਦੀ ਜ਼ਰੂਰਤ ਕਿਉਂ ਪੈ ਰਹੀ ਹੈ। ਕੁੱਝ ਦਿਨ ਪਹਿਲਾਂ ਪੰਜਾਬ ਵਿਚ ਸ਼ਹੀਦ ਹੁੰਦੇ ਨੌਜਵਾਨਾਂ ਸਬੰਧੀ ਸਿੱਧਾ ਉਤੱਰ ਸੀ ਕਿ ਇਹ ਸਰਕਾਰੀ-ਜੁਲਮ ਦਾ ਸ਼ਿਕਾਰ ਹੋਏ ਹਨ। ਪਰ ਪਿਛਲੇ ਕੁਝ ਅਰਸੇ ਤੋਂ ਜੋ ਖੁੱਡੀਆਂ, ਅੱਕਾਂਵਾਲੀ ਅਤੇ ਹੁਣ ਸਰਦਾਰ ਸੰਧੂ ਸਬੰਧੀ ਸਿੰਘ ਸਿੰਘ ਦੀ ਜ਼ਬਾਨ ਤੇ ਇਹ ਨਵਾਂ ਸਵਾਲ ਕਰਨ ਦਾ ਕੀ ਕਾਰਨ ? ਕਾਰਨ ਪਰਤੱਖ ਸੀ ਕਿ ਸਿੱਖਾਂ ਨੇ ਸਿੰਘ-ਖਾਤਕੂ ਜਥੇਬੰਦੀਆਂ ਵਲੋਂ ਹੀ ਇਹਨਾਂ ਸੱਜਣਾਂ ਨੂੰ ਹਲਾਕ ਕਰਨ ਦੀ ਜ਼ਿੰਮੇਵਾਰੀ ਲੈਣ ਦੇ ਬਿਆਨ ਅਖਬਾਰਾਂ ਵਿੱਚ ਪੜ੍ਹੇ ਸਨ। ਸੰਤ ਜਰਨੈਲ ਸਿੰਘ ਮੌਜੂਦਾ ਸਿੰਘ-ਸੰਘਰਸ਼ ਦਾ ਦਿਲ ਸਨ। ਸੰਨ 84 ਵਿੱਚ ਸਰਕਾਰ ਤੇ ਉਸਦੇ ਟੋਡੀਆਂ ਨੇ ਮਿਲਵੀਂ-ਭੁਗਤ ਨਾਲ ਉਹਨਾਂ ਨੂੰ ਕੌਮ ਤੋਂ ਖੋਹ ਲਿਆ। ਪਿਛਲੇ ਦਿਨੀਂ ਸਿੰਘ ਜਦੋਂ-ਜਹਿਦ ਦੇ ਦਿਮਾਗ ਵਜੋਂ ਉਭਰਨ ਤੇ ਸਿੰਘ ਨਜ਼ਰਾਂ ਦਾ ਮਰਕਜ਼ ਬਣ ਜਾਣ ਵਾਲੇ ਨੌਜਵਾਨ ਸੰਧੂ ਤੋਂ ਕੌਮ ਮਹਿਰੂਮ ਹੋ ਗਈ। ਸਿੱਖਾਂ ਨੇ ਸੰਧੂ ਦੇ ਸੰਤ ਜਰਨੈਲ ਸਿੰਘ ਦੇ ਨਜ਼ਦੀਕ ਰਹਿਣ, ਪੰਜ ਸਾਲ ਜੇਹਲ ਵਿਚ ਤਸੀਹੇ ਸਹਿਣ ਅਤੇ ਜੇਹਲੋਂ ਬਾਹਰ ਆ ਕੇ ਉਸ ਦੇ ਸਿੰਘ-ਭਾਵਨਾਵਾਂ ਦੀ ਤਰਜਮਾਨੀ ਕਰਦੇ ਬਿਆਨ ਅਖਬਾਰਾਂ ਵਿਚ ਪੜ੍ਹੇ ਸਨ। ਸਿੱਖਾਂ ਦੀ ਉਸ ਨਾਲ ਹਮਦਰਦੀ ਹੋ ਜਾਣੀ ਸੁਭਾਵਕ ਹੀ ਸੀ। ਸੰਧੂ ਦੇ ਕਿਰਦਾਰ ਸਬੰਧੀ ਵਧੇਰੇ ਤਾਂ ਉਸ ਦਾ ਨੇੜਲਾ ਦਾਇਰਾ ਹੀ ਜਾਣਦਾ ਹੋਵੇਗਾ, ਪਰ ਇਹ ਇਕ ਜਿਉਂਦਾ-ਜਾਗਦਾ ਸੱਚ ਸੀ ਕਿ ਉਹ ਸਿੰਘ-ਭਾਵਨਾਵਾਂ ਦੀ ਲਾਟ ਬਣਕੇ ਇਕਦਮ ਉਚਾ ਹੋਇਆ ਤੇ ਅਚਾਨਕ ਬੁੱਝ ਗਿਆ ਸੀ। ਬੇਸ਼ੱਕ ਪਹਿਲੋਂ ਉਸ ਸਬੰਧੀ ਦੋ ਰਾਵਾਂ ਸਨ, ਪਰ ਆਪਣੇ ਅੰਤਲੇ ਦਿਨਾਂ ਦੇ ਕਿਰਦਾਰ ਨਾਲ ਉਹ

ਆਪਣੇ ਵਿਰੋਧੀਆਂ ਤੇ ਹਾਮੀਆਂ ਉਤੇ ਪੂਰੀ ਤਰਾਂ ਹਾਵੀ ਹੋ ਗਿਆ ਸੀ। ਸਿੱਖ-ਸੰਸਾਰ 'ਤੇ ਛਾ ਰਿਹਾ ਸੀ।

ਸ: ਸੰਧੂ ਦੀ ਜਾਨ ਕੌਣ ਧਿਰਾਂ ਨੇ ਲਈ ? ਇਸ ਤੋਂ ਵੀ ਵੱਡੇ ਸਵਾਲ ਅੱਜ ਸਿੱਖ ਮਨ ਵਿਚ ਉਭਰਦੇ ਹਨ ਕਿ ਕੀ ਸੰਧੂ ਦੀ ਜ਼ਿੰਦਗੀ ਲੈਣ ਨਾਲ ਅੱਜ ਸਿੱਖ-ਸੰਘਰਸ਼ ਬਲਵਾਨ ਹੋਇਆ ਹੈ ? ਕੀ ਇਸ ਨਾਲ ਸਿੱਖਾਂ ਦੀ ਮੰਜ਼ਲ ਨੇੜੇ ਹੋਈ ਹੈ ? ਕੀ ਇਸ ਨਾਲ ਸਿੱਖਾਂ ਦਾ ਮਨੋਬਲ ਉਚਾ ਹੋਇਆ ਹੈ ? ਜੇ ਇਸ ਨਾਲ ਭਾਵੇਂ ਵਕਤੀ ਤੌਰ ਤੇ ਹੀ ਸਿੱਖ-ਸੰਘਰਸ਼ ਨੂੰ ਠੇਸ ਲੱਗੀ ਹੈ, ਜੇ ਇਸ ਨਾਲ ਸਿੱਖਾਂ ਦੀ ਮੰਜ਼ਲ ਨੇੜੇ ਨਹੀਂ ਹੋਈ, ਕੁੱਝ ਦੂਰ ਹੀ ਹੋਈ ਹੈ, ਜੇ ਇਸ ਨਾਲ ਸਿੱਖਾਂ ਦਾ ਮਨੋਬਲ ਕੁੱਝ ਡਿੱਗਾ ਹੈ ਤਾਂ ਨਿਸਚੇ ਹੀ ਇਸ ਹਾਦਸੇ ਦੀ ਜ਼ਿੰਮੇਵਾਰ ਕਿਸੇ ਵੀ ਧਿਰ ਨੇ ਖਾਲਸਾ-ਪੰਥ ਦੀ ਇਸ ਨਾਲ ਕੋਈ ਉਘੀ ਟਹਿਲ-ਸੇਵਾ ਨਹੀਂ ਕੀਤੀ ਤੇ ਉਹ ਸਿੱਖ-ਸੰਸਾਰ ਦੀ ਮੁਬਾਰਕਬਾਦ ਦੀ ਪਾਤਰ ਨਹੀਂ ਬਣੀ !

ਜੇ ਖਾਲਿਸਤਾਨ-ਲਹਿਰ ਨੂੰ ਖਿੰਡਾਉਣ ਲਈ ਸਰਕਾਰ ਨੇ ਇਹ ਕਾਰਾ ਕੀਤਾ ਹੈ ਤਾਂ ਇਹ ਧਿਰ ਸੋਲਾਂ ਆਨੇ ਨਿਖੇਧੀ ਦੀ ਅਧਿਕਾਰੀ ਹੈ, ਪਰ ਜੇ ਖਾਲਿਸਤਾਨ ਦੀਆਂ ਮੁਦੱਈ ਧਿਰਾਂ ਇਸ ਲਈ ਜ਼ਿੰਮੇਵਾਰ ਹਨ ਤਾਂ ਉਹ ਇਸ ਨਾਲ ਸਵਾ ਸੋਲਾਂ ਆਨੇ ਸਿੱਖਾਂ ਦੇ ਸਤਿਕਾਰ ਤੋਂ ਵਾਂਝੀਆਂ ਹੋਈਆਂ ਹਨ। ਅੱਜ ਦੇਸ਼-ਵਿਦੇਸ਼ ਵਿਚ ਸਿੱਖ-ਲਹਿਰ ਨਾਲ ਸਿੱਖਾਂ ਦੇ ਸੀਨੇ ਵਿੱਚ ਵਸਦੇ ਕੁੱਝ ਪ੍ਰਸ਼ਨ ਉਹਨਾਂ ਨੂੰ ਪਰੇਸ਼ਾਨ ਕਰਦੇ ਹਨ ਕਿ :-

ਸਿੱਖਾਂ ਦੇ ਘਰ ਦੀ ਪ੍ਰਾਪਤੀ ਲਈ ਘਰ-ਬਾਰ ਛੱਡਕੇ ਜਾਨਾਂ ਤਲੀ 'ਤੇ ਧਰਨ ਵਾਲੇ ਜੁਝਾਰੂ ਵੀਰਿਓ ! ਜੇ ਤੁਸੀਂ ਸੰਧੂ ਦੇ ਕਤਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹੋ ਤੇ ਇਹ ਸੱਚ ਹੈ ਤਾਂ ਤੁਸੀਂ ਸਿੱਖ-ਭਾਵਨਾਵਾਂ ਨੂੰ ਜ਼ਬਾਨ ਦੇਣ ਵਾਲੇ ਸੰਧੂ 'ਤੇ ਗੋਲੀ ਦਾਗਣ ਤੋਂ ਪਹਿਲਾਂ ਠੰਢੇ ਮਤੇ ਨਾਲ ਏਨਾ ਤਾਂ ਸੋਚ ਲੈਂਦੇ ਕਿ ਇਹ ਗੋਲੀ ਸੰਧੂ ਦੇ ਸਰੀਰ 'ਚੋਂ ਆਰ-ਪਾਰ ਗੁਜ਼ਰ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਘਾਇਲ ਕਰਕੇ ਉਹਨਾਂ ਦੇ ਸੁਪਨੇ ਨੂੰ ਵੀ ਤਿੜਕਾ ਸਕਦੀ ਹੈ। ਭਲਿਓ ! ਇਹ ਭਾਣਾ ਵਰਤਾਣ ਤੋਂ ਪਹਿਲੋਂ ਉਸ ਦੇ ਕਿਰਦਾਰ ਬਾਰੇ ਵੀ ਕੁੱਝ ਦੱਸਦੇ, ਜਿਸ ਨਾਲ ਸਿੱਖਾਂ ਦੇ ਹਿਰਦੇ ਛੱਲਣੀ ਹੋ ਕੇ ਸੰਘਰਸ਼ ਨੂੰ ਢਾਹ ਤੇ ਨਾ ਲੱਗਦੀ। ਜੇ ਸੰਧੂ ਗੁਨਾਹਗਾਰ ਸੀ ਤਾਂ ਉਸ ਨੂੰ ਆਪਣੀ ਸਫਾਈ ਦਾ ਇਕ ਮੌਕਾ ਦੇਣ ਦੀ ਖੁੱਲ੍ਹ-ਦਿਲੀ ਤਾਂ ਦਿਖਾਉਂਦੇ। ਜੇ ਉਹ ਭਲਾ ਗੱਦਾਰ ਸੀ ਤਾਂ ਉਹ ਤੁਹਾਡੇ ਵਾਂਗ ਕੀਤੀ ਆਪਣੀ ਕੁਰਬਾਨੀ ਸਦਕਾ ਤੁਹਾਡੀ ਇਕ ਚਿਤਾਵਨੀ ਦਾ ਵੀ ਹੱਕਦਾਰ ਨਹੀਂ ਸੀ ? ਤੁਸੀਂ ਕੌਮ ਦੀਆਂ ਜੜਾਂ ਹੇਠ ਦਾਤਰੀਆਂ ਫੇਰਨ ਵਾਲੇ ਟੌਹੜੇ ਵਰਗੇ ਅਕਾਲੀਆਂ ਨੂੰ ਤਾਂ ਨਿੱਤ ਚਿਤਾਵਨੀਆਂ ਦਿੰਦੇ ਹੋ, ਪਰ ਤੁਹਾਡੇ ਇਸ ਨੌਜਵਾਨ ਮਿੱਤਰ ਲਈ ਤੁਹਾਡੇ ਕੋਲ ਸਿਰਫ ਇਕ ਗੋਲੀ ਹੀ ਸੀ ? ਜਾਂ ਫਿਰ ਇਹ ਗੋਲੀ ਤੁਹਾਨੂੰ ਆਪਦੇ ਇਸ ਵੀਰ ਦੇ ਸੀਨੇ ਵਿਚੋਂ ਪਾਰ ਕਰਨੀ ਸੌਖੀ ਸੀ ਕਿਉਂਕਿ ਉਸ ਉਦਾਲੇ ਸਕਿਊਰਿਟੀ ਦੀ ਕੋਈ ਧਾੜ ਜੋ ਨਹੀਂ ਸੀ ? ਜੇ ਉਹ ਪੰਜਾਬ ਦੀ ਚੀਫ-ਮਨਿਸਟਰੀ ਦਾ ਤਲਬਗਾਰ ਸੀ ਤਾਂ ਇਮਾਨ ਨਾਲ ਦੱਸਿਓ ! ਸੰਧੂ ਤੋਂ ਬਿਨਾਂ ਪੰਜਾਬ ਵਿਚ ਚੀਫ-ਮਨਿਸਟਰੀ ਦਾ ਹੋਰ ਕੋਈ ਇਛੁਕ ਨਹੀਂ ?

ਬੇਦਾਵਾ ਲਿਖ ਜਾਣ ਵਾਲਿਆਂ ਨੂੰ ਵੀ ਬਖਸ਼ ਦੇਣ ਵਾਲੇ ਪਾਤਸ਼ਾਹ ਦੇ ਯੋਧੇ-ਪੁਤਰੋ ! ਭੱਜੀਆਂ ਬਾਹਾਂ ਵੀ ਆਖਰ ਗਲ ਨੂੰ ਹੀ ਆਉਂਦੀਆਂ ਹਨ। ਅੱਜ ਤਾਂ ਆਪਾਂ ਇਸ ਸੰਘਰਸ਼ ਨੂੰ ਜਿੱਤਣ ਲਈ ਹੋਰਨਾਂ ਨੂੰ ਨਾਲ ਲੈਣਾ ਹੈ। ਵਾਸਤਾ ਹੈ, ਤੁਸੀਂ ਆਪਣਿਆਂ ਨੂੰ ਵਿਛੋੜਨ ਦੇ ਇਸ ਪੰਧ ਉਤੇ ਹੋਰ ਅੱਗੇ ਨਾ ਜਾਓ। ਸੰਧੂ ਤੇ ਖੁੱਡੀਆਂ ਦੇ ਦਰਦਨਾਕ ਵਿਛੋੜੇ ਪੰਥ ਲਈ ਖਾਨਾਜੰਗੀ ਵੱਲ ਵਧਣ ਦੇ ਖ਼ਤਰੇ ਦਾ ਅਲਾਰਮ ਹਨ। ਰੰਜਸ਼ ਦੇ ਕਹਿਰ ਤੇ ਈਰਖਾ ਦੇ ਹਨੇਰੇ ਵਿਚ ਭਟਕ ਕੇ ਅੱਜ ਤੁਹਾਡੀਆਂ ਸ਼ਿਸਤਾਂ ਦਿੱਲੀ ਦੇ ਜ਼ਾਲਮ ਕਿਲ੍ਹੇ ਵੱਲੋਂ ਉਕ-ਥਿੜਕ ਕੇ ਆਨੰਦਪੁਰ ਦੇ ਕੇਸਗੜ੍ਹ ਵੱਲ ਲੱਗ ਰਹੀਆਂ ਹਨ। ਦਸਮ ਪਿਤਾ ਨੇ ਸਾਡੇ ਦਵੈਤਵਾਦੀ ਸਿਰ ਵੱਢ ਕੇ ..... ਆਪਸ ਵਿਚ ਭਰਾ ਬਣਾ ਕੇ ਸਾਨੂੰ ਨਵੇਂ ਸਿਰ ਦਿੱਤੇ ਸਨ। ਇਹ ਸਿਰ ਸਿਰਫ ਦਸਤਾਰਾਂ ਸਜਾਉਣ ਲਈ ਹੀ ਨਹੀਂ ਸਨ ਦਿਤੇ, ਸੋਚਣ ਲਈ ਦਿਤੇ ਸਨ ! ਜ਼ਰਾ ਸੋਚੋ ਕਿ ਅਸਾਂ ਅੱਜ ਖਾਲਸੇ ਦੀ ਸ਼ਾਨ ਤੇ ਪੰਜਾਬ ਦੀ ਆਨ ਲਈ ਜੂਝ ਕੇ ਕੁਰਬਾਨ ਹੋਣਾ ਹੈ ਜਾਂ ਖਾਨਾਜੰਗੀ ਦੀ ਲਪੇਟ ਵਿਚ ਆ ਕੇ ਹੀ ਤਬਾਹ ਹੋ ਜਾਣਾ ਹੈ ?

(ਫਰਵਰੀ, 1990)

ਕੇਸਰੀ-ਕਾਫ਼ਲਾ ਕਿੱਧਰ ਨੂੰ ?

(ਇਕ)

ਜੁਝਾਰੂ ਸਿੰਘੋ ! ਤੁਹਾਡਾ ਪੈਗਾਮ ਪਾ ਕੇ, ਕੁਝ ਦੇਰ ਤੋਂ ਸਤ ਕੇ ਕਿੱਲੀ ਉਤੇ ਟੰਗੀ ਤਲਵਾਰ ਲਾਹੁਣ ਅਥਵਾ ਕਲਮ ਚੁੱਕਣ ਲੱਗਾ ਹਾਂ ਤੇ ਪਹਿਲੋਂ ਤੁਹਾਨੂੰ ਹੀ ਮੁਖਾਤਿਬ ਹਾਂ ! ਤੁਸੀਂ, ਜੋ ਪੰਥ ਤੇ ਪੰਜਾਬ ਦੀ ਪੱਗ ਤੇ ਪਤ ਬਚਾਉਣ ਲਈ ਕੌਮੀ-ਕਾਫ਼ਲੇ ਦੀ ਅਗਵਾਈ ਕਰਨ ਲਈ ਘਰ-ਘਾਟ ਛੱਡ ਕੇ ਮੈਦਾਨ ਵਿਚ ਨਿੱਤਰੇ ਹੋ। ਪੰਥਕ-ਕਾਫ਼ਲਾ ਚਾਈਂ-ਚਾਈਂ ਤੁਹਾਡੇ ਮਗਰ ਮਾਰਚ ਕਰਦਾ ਰਿਹਾ ਹੈ। ਤੁਹਾਨੂੰ ਕੌਮ ਦੀ ਕਿਸਮਤ ਸੰਵਾਰ ਦੇਣ ਲਈ ਸ਼ਹੀਦੀਆਂ ਦੇ ਚਾਅ ਚੜ੍ਹੇ ਹੋਏ ਸਨ। ਪਰ ਕੌਮ ਦੇ ਨੌਜਵਾਨ ਨਿਰਸੁਆਰਥ ਹੀਰਿਓ ! ਤੁਸੀਂ ਕੌਮ ਲਈ ਕੁਰਬਾਨ ਹੋ ਜਾਣ ਦੇ ਜੋਸ਼-ਭਰਪੂਰ ਜਜ਼ਬੇ ਵਿਚ ਇਤਨੇ ਕਾਹਲੇ ਕਦਮ ਪੁੱਟਦੇ ਚਲੇ ਗਏ ਕਿ ਪਿੱਛਾ ਪਰਤ ਕੇ ਆਪਣੇ ਮਗਰਲੇ ਕਾਫ਼ਲੇ ਵੱਲ ਨਹੀਂ ਵੇਖਿਆ, ਉਸਦੀ ਪੈਤ-ਚਾਲ ਦੀ ਬਿੜਕ ਨਹੀਓਂ ਰੱਖੀ, ਉਸ 'ਚੋਂ ਆਉਂਦੀਆਂ ਆਵਾਜ਼ਾਂ ਵੱਲ ਕੰਨ ਨਹੀਂ ਧਰੇ। ਤੁਸੀਂ ਸੱਚੇ ਵੀ ਹੋ। ਤੁਸਾਂ ਸੀਨੇ ਖਿੱਚ ਜੁ ਖਾਧੀ ਹੈ ! ਪਰ ਤੁਸੀਂ ਭੁੱਲ ਗਏ ਹੋ ਕਿ ਕੋਈ ਕਾਫ਼ਲਾ ਪਿੱਛੇ ਤੁਹਾਡੀਆਂ ਪੈਤਾਂ ਤੇ ਬੜੇ ਚਾਅ ਤੇ ਉਮਾਹ ਨਾਲ ਵਾਹੋ-ਦਾਹੀ ਤੁਰਿਆ ਆ ਰਿਹਾ ਹੈ। .... ਤੇ ਤੁਰਦੇ ਤੁਰਦੇ ਹੁਣ ਤੁਸੀਂ ਉਥੇ ਆਣ ਪਹੁੰਚੇ ਹੋ ਕਿ ਤੁਹਾਡੇ ਕਾਫ਼ਲੇ ਚੋ ਲੋਕ ਕਿਰਦੇ ਕਿਰਦੇ ਕਿਰ ਰਹੇ ਹਨ। ਵਹੀਰ ਵਾਹਣਾਂ ਵਿਚ ਖਿੰਡ-ਪੁੰਡ ਰਹੀ ਹੈ ਤੇ ਸਿੱਖ-ਸੰਘਰਸ਼ ਚੋਂ ਨਿਰਾਸੇ ਸਿੱਖ ਘਰਾਂ ਵੱਲ ਪਰਤ ਰਹੇ ਹਨ। ਦੇਸ਼-ਵਿਦੇਸ਼ ਵਿਚਲੇ ਪੰਥ-ਦਰਦੀ ਅਣਥੱਕ-ਵਰਕਰ ਉਚੇਰੇ ਪੰਥਕ-ਕਾਰਜ ਤੋਂ ਉਦਾਸ ਹੋ ਕੇ ਛੁਟੇਰੇ ਪਰਵਾਰਕ-ਰੁਝੇਵਿਆਂ ਵਿਚ ਰੁੱਝ ਰਹੇ ਹਨ, ਤੇ ਸਿੱਖ-ਸੰਘਰਸ਼ ਦਾ ਨਕਾਲ ਮਰ ਰਿਹਾ ਹੈ !

ਕਾਫ਼ਲੇ ਲਈ ਸੀਸ ਤਲੀ ਧਰਨ ਵਾਲੇ ਗੁਰੂ ਦੁਲਾਰਿਓ ! ਜੇ ਅਜੇ ਵੀ ਤੁਸੀਂ ਵਿਛੜ ਰਹੇ ਕਾਫ਼ਲੇ ਦੀਆਂ ਸਿਸਕੀਆਂ ਨੂੰ ਸੁਣਦਿਆਂ, ਇਸਦੀਆਂ ਭਾਵਨਾਵਾਂ ਨੂੰ ਭਾਪਦਿਆਂ ਕਲਗੀਧਰ ਪਾਤਸ਼ਾਹ ਦੇ 'ਠਿਸਚੈ ਕਰ ਅਪਨੀ ਜੀਤ ਕਰੌਂ ' ਬੋਲਾਂ ਦੀ ਰੋਸ਼ਨੀ 'ਚ ਇਸਨੂੰ ਆਪਣੇ ਨਾਲ ਜੋੜ ਕੇ ਤੁਰ ਪਵੋਂ ਤਾਂ ਸਮਾਂ ਅਵੱਸ਼ ਤੁਹਾਡੇ ਸਿਰ ਫਤਹਿ ਦਾ ਤਾਜ ਧਰੇਗਾ ਪਰ ਜੇ ਤੁਸੀਂ ਹੁਣ ਵੀ ਪੜ੍ਹਿਆ ਨਾ ਵਿਚਾਰਿਆ ਤਾਂ ਤੁਹਾਨੂੰ ਇਤਿਹਾਸ ਨੇ ਮੁਆਫ ਵੀ ਹਰਗਿਜ਼ ਨਹੀਓਂ ਕਰਨਾ। ਕੌਮ ਦੀ ਆਜ਼ਾਦੀ ਦੀ ਜਦੋਜਹਿਦ ਦੇ ਮੁਹਰੈਲ-ਜਰਨੈਲ ਜੁ ਅੱਜ ਤੁਸੀਂ ਹੋ! ਇਸਦੀ ਵਾਗਡੋਰ ਸਮੁੱਚੀ ਕੌਮ ਨੇ ਤੁਹਾਡੇ ਹੱਥਾਂ ਵਿਚ ਜੁ ਸੌਂਪੀ ਹੈ। ਅਕਾਲੀਆਂ ਦਾ ਇਤਿਹਾਸ ਤੁਹਾਡੇ ਸਾਹਮਣੇ ਹੈ। ਜਦੋਂ ਵੀ ਅਕਾਲੀ-ਲੀਡਰਸ਼ਿਪ ਸਿੱਖਾਂ ਨੂੰ ਨਾਲ ਜੋੜ ਕੇ ਤੁਰੀ, ਅਕਾਲੀ ਦਲ ਨੇ ਵੱਡੀਆਂ ਮੱਲਾਂ ਮਾਰੀਆਂ ਤੇ ਕੌਮ ਦੇ ਸ਼ਾਨਦਾਰ-ਇਤਿਹਾਸ ਨੂੰ ਸਿਰਜਿਆ ਪਰ ਜਦੋਂ ਵੀ ਅਕਾਲੀ-ਲੀਡਰਸ਼ਿਪ ਨੇ ਸੁਆਰਥ ਕਾਰਨ ਸਿੱਖ-ਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕੀਤਾ, ਉਹ ਕੌਡੀਓਂ-ਖੋਟੀ ਹੋਈ ਤੇ ਕੁਲ ਉਸਨੂੰ ਤੁਹਾਡੀ ਕੁਰਬਾਨੀ ਅੱਗੇ ਗੋਡੇ ਟੇਕਣੇ ਪਏ। ਗੱਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਉਹਨਾਂ ਨੂੰ ਨਾਲ ਲੈ ਕੇ ਤੁਰਨ ਦੀ ਹੈ। ਪਰ ਜੇ ਹੁਣ ਵੀ ਇਹ ਨਹੀਂ ਹੁੰਦਾ ਤਾਂ ਅਕਾਲੀਆਂ ਮਗਰੋਂ ਤੁਹਾਡੀ ਲੀਡਰਸ਼ਿਪ, ਕੌਮ ਘਰ ਸ਼ੁੜੀ ਮਰਨ ਮਗਰੋਂ ਕੁੜੀ ਜੰਮਣ ਨਾਲੋਂ ਕਿਧਰੋਂ ਵੀ ਘੱਟ ਨਹੀਂ। ਹਾਂ ਇਕ ਫਰਕ ਜ਼ਰੂਰ ਹੈ ਕਿ ਛਿੱਤਰੀਂ ਦਾਲ ਵੰਡਦੀ ਸੁਆਰਥੀ ਅਕਾਲੀ-ਲੀਡਰਸ਼ਿਪ ਤਾਂ ਵਜ਼ਾਰਤ ਬਣਾਉਣ ਦੇ ਇਕ ਛੋਟੇ ਮਸਲੇ ਉਤੇ, ਚੋਣਾਂ 'ਚ ਸਿੱਖਾਂ ਦੀਆਂ ਵੋਟਾਂ ਮੁੱਛਣ ਲਈ ਵੀ 'ਪੰਥਕ-ਏਕਤਾ' ਕਰ ਲੈਂਦੀ ਰਹੀ ਪਰ ਤੁਸੀਂ ਨਿਰਸੁਆਰਥ, 'ਸਿੱਖਾਂ ਦਾ ਘਰ' ਬਣਾਉਣ ਵਰਗੇ ਵੱਡੇ ਮਸਲੇ ਉਤੇ ਜਾਨਾਂ ਵਾਰਦੇ ਵੀ ਬਗਲਗੀਰ ਨਹੀਂ ਹੋ ਸਕੇ !

ਦਿੱਲੀ ਦੇ ਜ਼ੁਲਮਾਂ ਦੀ ਦਾਸਤਾਨ ਤੁਹਾਡੇ ਸਾਹਮਣੇ ਦੁਹਰਾਣੀ ਤੁਹਾਨੂੰ ਸੂਰਜਾਂ ਨੂੰ ਦੀਵਾ ਦਿਖਾਉਣ ਦੇ ਤੁੱਲ ਹੈ। ਤੁਸੀਂ ਇਹ ਸਿਤਮ ਲੰਬੇ ਅਰਸੇ ਤੋਂ ਆਪਣੇ ਹੱਡਾਂ ਤੇ ਹੰਢਾਉਂਦੇ ਚਲੇ ਆ ਰਹੇ ਹੋ। ਇਹਨਾਂ ਕਹਿਰ-ਢਾਊ ਅਤਿਆਚਾਰਾਂ ਕਾਰਨ ਹੀ ਅੱਕ ਕੇ ਆਖਰ ਨੂੰ ਤੁਸਾਂ ਦਸਮ ਪਿਤਾ ਦੇ ਸੁੱਚੇ ਬੋਲਾਂ : -

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥

ਤੇ ਪਹਿਰਾ ਦਿੰਦਿਆਂ ਹਥਿਆਰ ਚੁੱਕੇ ਹਨ। ਤੁਸਾਂ ਸਿੱਖਾਂ ਨੂੰ 'ਸਬਕ ਸਿਖਾਉਣ'' ਦੀ ਤਲਬਗਾਰ ਦਿੱਲੀ ਨੂੰ ਲੋਹੇ ਦੇ ਚਣੇ ਚਬਾਉਣ ਅਥਵਾ ਉਸਦੇ ਸਿਤਮ ਨੂੰ ਠੁਲ ਪਾਉਣ ਤੇ ਸੰਤ ਜਰਨੈਲ ਸਿੰਘ ਦੇ ਸੁਪਨੇ ਨੂੰ ਤੋੜ ਚੜ੍ਹਾਉਣ ਅਥਵਾ ਸਿੱਖਾਂ ਦੇ ਘਰ ਪੰਜਾਬ ਨੂੰ ਖਾਲਿਸਤਾਨ ਬਣਾਉਣ ਦੀ ਸੌਗੰਧ ਖਾਧੀ ਹੈ। ਦਿੱਲੀ ਦੇ ਜ਼ੁਲਮ ਦੇ ਸਤਾਏ ਸਿੱਖ ਹੁਣ ਦਿਲੋਂ ਖਾਲਿਸਤਾਨ ਚਾਹੁੰਦੇ ਹਨ!

ਬਿਨਾ ਸ਼ੱਕ ਸਿੱਖਾਂ ਦੇ ਆਪਣੇ ਰਾਜ ਬਿਨਾ ਹੁਣ ਸਿੱਖਾਂ ਦਾ ਚਾਰਾ ਤੇ ਗੁਜ਼ਾਰਾ ਹੋਰ ਹੈ ਹੀ ਨਹੀਂ ਪਰ ਆਪਣੇ ਰਾਜ ਦੀ ਪ੍ਰਾਪਤੀ ਲਈ ਜੋ ਰੰਗਤ ਤੁਹਾਡੀ ਜਦੋਜਹਿਦ ਅੱਜ ਪਕੜ ਰਹੀ ਹੈ ਇਸਦੇ ਨਾਲ ਕੌਮ ਕਿਸਤਰਾਂ ਦੇ ਖਾਲਿਸਤਾਨ ਦੀ ਪ੍ਰਾਪਤੀ ਕਰ ਸਕੇਗੀ ? ਕਿਵੇਂ ਕਰ ਸਕੇਗੀ ? ਕਦੋਂ ਕਰ ਸਕੇਗੀ ? ਇਹ ਪ੍ਰਸ਼ਨ-ਤੀਰ ਅੱਜ ਹਰ ਸਿੱਖ-ਸੰਘਰਸ਼ ਸਮਰਥਕ ਤੇ ਪੰਜਾਬ-ਹਿਤੈਸ਼ੀ ਦੇ ਸਿਰ ਵਿਚ ਸਰਕ ਰਹੇ ਹਨ। ਸਿੱਖ-ਜੱਦੋ ਜਹਿਦ ਨੂੰ ਅੱਗੇ ਤੋਰਨ ਲਈ ਇਹਨਾਂ ਪ੍ਰਸ਼ਨਾਂ ਨੂੰ ਵਿਚਾਰਨਾ ਤੇ ਵਿਸ਼ੇਸ ਤੌਰ ਤੇ ਤੁਹਾਡੇ ਵਲੋਂ ਵਿਚਾਰਨਾ ਬਣਦਾ ਹੈ ਕਿਉਂਕਿ ਸਿੱਖਾਂ ਅਥਵਾ ਪੰਜਾਬ ਦੀ ਜੰਗੇ-ਆਜ਼ਾਦੀ ਦੇ ਝੰਡਾ-ਬਰਦਾਰ ਅੱਜ ਤੁਸੀਂ ਹੋ। ਇਸ ਲੜਾਈ ਨੂੰ ਇਥੋਂ ਤਕ ਲਿਆਉਣ ਵਾਲੇ ਵੀ ਤੁਸਾਂ ਹੋ ਤੇ ਇਸਨੂੰ ਅੱਗੇ ਲਿਜਾ ਵੀ ਤੁਸੀਂ ਹੀ ਸਕਦੇ ਹੋ। ਤੁਸੀਂ-ਖਾਲਸਾ-ਪੰਥ ਦੇ ਭਵਿੱਖ ਦੇ ਸਿਰਜਕ ਹੋ। ਦਰਅਸਲ ਤੁਸੀਂ ਪੰਥ ਦੇ-ਪੰਜਾਬ ਦੇ ਸਹੀ ਵਾਰਸ ਹੋ ਅਥਵਾ ਤੁਸੀਂ ਹੀ ਪੰਥ ਹੋ। ਅੱਜ ਪੰਜਾਬ ਦੀ ਕਿਸਮਤ ਦਾ ਫੈਸਲਾ ਉਹੀ ਹੋਣਾ ਚਾਹੀਦਾ ਹੈ ਤੇ ਸ਼ਾਹ ਮੁਹੰਮਦ ਦੇ ਕਹੇ ਸ਼ਬਦਾਂ 'ਚ ਹੋਵੇਗਾ ਵੀ ਉਹੀ ਜੋ ਤੁਹਾਨੂੰ ਮਨਜ਼ੂਰ ਹੋਵੇਗਾ : -

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ !

ਕੌਮ ਦੀ ਆਜ਼ਾਦੀ ਲਈ ਆਪਣੀ ਰੌਤ ਡੋਲਦੇ-ਬਾਲਦੇ ਚਿਰਾਗੋ ! ਜੇ ਤੁਸੀਂ ਆਪਣੇ ਮੋਢਿਆਂ ਤੇ ਪੰਜਾਬ ਦੀ ਆਜ਼ਾਦੀ ਦੀ ਐਡੀ ਵੱਡੀ ਜ਼ਿਮੇਵਾਰੀ ਚੁੱਕੀ ਹੈ ਤਾਂ ਫਰਜ਼ ਵੀ ਸਭ ਤੋਂ ਪਹਿਲੋਂ ਅੱਜ ਤੁਹਾਡਾ ਹੀ ਬਣਦਾ ਹੈ ਕਿ ਕੌਮ ਦਾ ਰਾਹ ਰੁਸ਼ਨਾਣ ਲਈ ਤੁਸੀਂ ਮੰਜ਼ਲ ਵੱਲ ਜਾਂਦੇ ਠੀਕ ਰਸਤੇ ਉਤੇ ਨੱਕ ਦੀ ਸੇਧ ਤੁਰੋਂ।

ਮੈਨੂੰ ਸਿੱਖ-ਜਥੇਬੰਦੀਆਂ ਦੇ ਆਪਸੀ ਗੱਤਕੇ ਤੋਂ ਨਿਰਾਸ ਹੋ ਕੇ ਘਰ ਪਰਤੇ ਨੂੰ ਤੁਸਾਂ ਇਸ ਸੰਕਟ ਸਮੇਂ ਫਿਰ ਲਿਖਣ ਲਈ ਪ੍ਰੇਰਨਾ-ਭਰੀ ਆਵਾਜ਼ ਮਾਰੀ ਹੈ। ਆਪਣੇ ਸੁਝਾਅ ਕਾਫੀ ਅਰਸੇ ਤੋਂ ਪਹਿਲਾਂ ਵੀ ਲਿਖਦਾ ਰਿਹਾ ਹਾਂ। ਤੁਸੀਂ ਨਾਮ-ਰਸੀਏ, ਘਰ-ਬਾਰ, ਐਸ਼-ਆਰਾਮ ਤਿਆਗ ਕੇ ਕੌਮ ਦੀ ਤਕਦੀਰ ਸਿਰਜਣ ਲਈ ਖੰਡੇ ਦੀ ਧਾਰ ਤੁਰਨ ਵਾਲੇ ਯੋਧੇ ਹੋ। ਸੰਘਰਸ਼ ਦੇ ਪੈਂਡੇ ਦੀਆਂ ਮਜ਼ਬੂਰੀਆਂ-ਦੁਸ਼ਵਾਰੀਆਂ ਦੀ ਸਾਧਾਰਨ ਤੇ ਖਾਸ ਕਰ ਮੇਰੇ ਵਰਗੇ ਵਿਦੇਸ਼ ਬੈਠੇ ਬੰਦੇ ਨੂੰ ਤੁਹਾਡੇ ਜਿੰਨੀ ਹਾਲ ਕਦੇ ਆ ਹੀ ਨਹੀਂ ਸਕਦੀ। ਪੰਜਾਬ ਦੀ ਹੋਣੀ ਤੁਹਾਡੇ ਤਾਂ ਹੱਡਾਂ ਤੇ ਬੀਤਦੀ ਹੈ। ਮੇਰੇ ਜਿਹੇ ਨਿਮਾਣੇ-ਕਲਮਕਾਰ ਦਾ ਤੁਹਾਨੂੰ ਕੋਈ ਸੁਝਾਅ ਦੇਣਾ ਸ਼ੋਭਦਾ ਨਹੀਂ ਪਰ ਤੁਹਾਡੇ ਸੰਦੇਸ਼ ਸਿਰ-ਮੱਥੇ ! ਤੁਹਾਡੇ ਨਾਲ ਕੀਤੇ ਵਾਅਦੇ ਅਨੁਸਾਰ ਇਕ ਸਾਧਾਰਨ ਸਿੱਖ ਵਜੋਂ ਤੁਹਾਡੇ ਕਾਫਲੇ ਭਾਵ ਸਿੱਖਾਂ ਦੀ ਭੀੜ ਚੋਂ ਪੈਂਦੀਆਂ ਭਿਣਕਾਂ ਤੇ ਆਧਾਰਿਤ ਕੁਝ ਵਿਚਾਰ ਨਿਰਪੱਖ ਤੌਰ ਤੇ ਲਿਖ ਕੇ ਪ੍ਰੈਸ ਨੂੰ ਭੇਜ ਰਿਹਾ ਹਾਂ

ਇਹਨਾਂ ਨੂੰ ਵਿਚਾਰਿਓ ! ਜੋ ਗੱਲ ਸੁੱਟ ਪਾਉਣ ਵਾਲੀ ਹੋਵੇ ਉਸਨੂੰ ਆਈ-ਗਈ ਕਰ ਦੇਣਾ ਪਰ ਜੇ ਕਿਸੇ ਵਿਚ ਤਣ-ਤੰਤੂ ਹੋਵੇ ਉਸ ਤੇ ਅਮਲ ਕਰਨ ਦਾ ਯਤਨ ਕਰਿਓ। ਐਤਕੀਂ ਪੈਂਚਾਂ ਦਾ ਕਿਹਾ ਸਿਰ-ਮੱਥੇ ਤੇ ਪਰਨਾਲਾ ਓਥੇ ਦਾ ਓਥੇ ਹੀ ਨਾ ਹੋਵੇ !

ਆਪਣੀ ਗੱਲ ਮੈਂ ਦੇਸ਼-ਵਿਦੇਸ਼ ਦੀਆਂ ਸਿੱਖ-ਜਥੇਬੰਦੀਆਂ ਅਥਵਾ ਪੰਥ ਦੇ ਏਕੇ ਦੀ ਗੱਲ ਨੂੰ ਪਾਸੇ ਰੱਖ ਕੇ ਤੁਹਾਡੀ ਇਸ ਸਮੇਂ ਅਤਿਅੰਤ ਲੋੜੀਂਦੀ ਏਕਤਾ ਦੀ ਥਾਂਵੇਂ ਹੋਈ ਅਨੇਕਤਾ ਤੋਂ ਹੀ ਸ਼ੁਰੂ ਕਰਦਾ ਹਾਂ, ਜੋ ਅੱਜ ਅਨੇਕਤਾ ਦੀਆਂ ਹੱਦਾਂ ਟੱਪ ਕੇ ਅਰਾਜਕੀ ਤੱਕ ਪਹੁੰਚ ਚੁੱਕੀ ਹੈ। ਤੁਸੀਂ ਸੰਤ ਜਰਨੈਲ ਸਿੰਘ ਦੇ ਕਦਮ ਚਿੰਨਾਂ ਤੇ ਤੁਰਨ ਤੇ ਉਹਨਾਂ ਦੇ ਬੋਲਾਂ ਤੇ ਪਹਿਰਾ ਦੇਣ ਦੇ ਦਾਅਵੇਦਾਰ ਹੋਂ। ਤੁਹਾਡੇ 'ਚੋਂ ਕਈਆਂ ਨੂੰ ਉਹਨਾਂ ਦੀ ਸੰਗਤ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਉਹਨਾਂ ਦੀ ਅਕਾਲ ਤਖਤ ਪ੍ਰਤੀ ਸ਼ਰਧਾ, ਪੰਥ ਪ੍ਰਤੀ ਮੋਹ, ਦਿੱਲੀ ਦੀਆਂ ਜ਼ਿਆਦਤੀਆਂ ਸਬੰਧੀ ਰੋਹ ਤੇ ਕੌਮ ਦੇ ਏਕੇ ਲਈ ਉਹਨਾਂ ਦੇ ਜ਼ਬਤ ਤੇ ਠਰੰਮੇ ਦੀ ਜਾਣਕਾਰੀ ਤੁਹਾਥੋਂ ਵੱਧ ਹੋਰ ਕਿਸੇ ਨੂੰ ਹੋ ਨਹੀਂ ਸਕਦੀ। ਅਜੋਕੇ ਸੰਘਰਸ਼ ਵਿਚ ਤੁਹਾਡੀ ਹਰ ਜਥੇਬੰਦੀ ਨੇ ਨਿਰਸੰਦੇਹ ਸੰਤ ਜਰਨੈਲ ਸਿੰਘ ਦੇ ਕਦਮ-ਚਿੰਨਾਂ ਤੇ ਤੁਰਦਿਆਂ ਦਿੱਲੀ ਨਾਲ ਕਰਾਰੇ-ਹੱਥੀਂ ਭਿੜਕੇ ਪੰਥ ਪ੍ਰਤੀ ਆਪਣੇ ਮੋਹ ਨੂੰ ਜਤਾਇਆ ਹੈ। ਸਿੱਖ ਇਸਦੀ ਤੁਹਾਨੂੰ ਦਿਲੋਂ ਦਾਦ ਦਿੰਦੇ ਹਨ ਪਰ ਜਿਥੋਂ ਤਕ ਮਿੱਤਰੋ ਤੁਹਾਡੇ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸ਼ਰਧਾ ਤੇ ਕੌਮ ਦੇ ਏਕੇ ਲਈ ਜ਼ਬਤ ਤੇ ਠਰੰਮੇ ਦਾ ਸੁਆਲ ਹੈ ਉਥੇ ਤੁਸੀਂ ਆਪਣੇ ਮਗਰਲੇ ਕਾਫਲੇ ਦੀ ਸ਼ਾਬਾਸ਼ ਜਾਂ ਮੁਬਾਰਕਬਾਦ ਦੇ ਹਰਗਿਜ਼ ਅਧਿਕਾਰੀ ਨਹੀਂ ਹੋ ਸਕੋ। ਸਿੱਖ-ਮਿਸਲਾਂ ਆਪਸ ਵਿਚ ਬਾਂਸਾਂ ਵਾਂਗ ਖਹਿੰਦੀਆਂ ਸਨ ਪਰ ਅਕਾਲ ਤਖਤ ਉਤੇ ਸਭਨਾਂ ਦੇ ਸਿਰ ਝੁਕਦੇ ਰਹੇ ਤੇ ਪੰਥ ਤੇ ਪਈ ਹਰ ਭੀੜ ਸਮੇਂ ਮਿਸਲਾਂ ਦੇ ਸਰਦਾਰ-ਜਥੇਦਾਰ, ਸ੍ਰੀ ਅਕਾਲ ਤਖਤ ਦੇ ਹਜ਼ੂਰ ਜੁੜ ਕੇ ਪੰਥ ਦੀ ਚੜ੍ਹਦੀ-ਕਲਾ ਚਿਤਵਦੇ ਰਹੇ। ਪਰ ਅਫ਼ਸੋਸ ਕਿ ਵਰਤਮਾਨ ਸੰਘਰਸ਼ ਵਿਚ ਤੁਸੀਂ ਪੰਥ ਲਈ ਜਾਨਾਂ ਵੀ ਨਿਛਾਵਰ ਕਰਦੇ ਚਲੇ ਆ ਰਹੇ ਹੋ, ਮੁੱਖੋਂ ਸਰਵਉਚੱਤਾ ਵੀ ਅਕਾਲ ਤਖਤ ਦੀ ਸਵੀਕਾਰਦੇ ਹੋ ਪਰ ਢਿੱਡੋਂ ਪ੍ਰਮੁੱਖਤਾ-ਪ੍ਰਧਾਨਤਾ ਆਪਣੀ ਆਪਣੀ ਜਥੇਬੰਦੀ ਦੀ ਲੋੜਦੇ ਹੋਂ। ਵਾਸੀ ਸਾਰੇ ਤੁਸੀਂ ਆਨੰਦਪੁਰ ਸਾਹਿਬ ਦੇ ਹੋ। ਅੰਮ੍ਰਿਤ ਵੀ ਇਕੋ ਬਾਟੇ ਦਾ ਪਾਨ ਕੀਤਾ ਹੈ। ਪੰਥ ਲਈ ਸੀਨੇ 'ਚ ਪਿਆਰ ਏਨਾ ਕਿ ਪੰਥ ਲਈ ਹੱਸ ਕੇ ਪ੍ਰਾਣ ਵੀ ਤਿਆਗ ਸਕਦੇ ਹੋ ਪਰ ਆਪਣੀ ਆਪਣੀ ਜਥੇਬੰਦੀ ਪ੍ਰਤੀ ਪ੍ਰਤੀਬਧਤਾ ਤਿਆਗ ਕੇ, ਹਿੰਡ-ਹਉਮੈ ਛੱਡ ਕੇ ਪੰਥਕ-ਏਕੇ ਲਈ ਇਕ ਕਮਰੇ ਵਿਚ ਬੈਠਣ ਲਈ ਵੀ ਤਿਆਰ ਨਹੀਂ। ਤੁਹਾਡੀਆਂ ਵੱਖੋ-ਵੱਖ ਪੰਥਕ-ਕਮੇਟੀਆਂ ਤੇ ਫੈਡਰੇਸ਼ਨਾਂ-ਫੋਰਸਾਂ ਦੇ ਇਕ ਦੂਸਰੇ ਵੱਲ ਖੁਲ੍ਹਦੇ ਫਾਇਰ, ਰੋਜ਼ ਅਖਬਾਰਾਂ 'ਚ ਲਗਦੇ ਤੁਹਾਡੇ ਬਿਆਨਾਂ, ਸਪਸ਼ਟੀਕਰਨਾਂ ਤੇ ਇਸ਼ਤਿਹਾਰਾਂ ਵਿਚੋਂ ਦੀ ਹੋ ਕੇ ਸਿੱਖਾਂ ਦੀਆਂ ਛਾਤੀਆਂ ਨੂੰ ਛਾਨਣੀ ਕਰਦੇ ਹਨ।

ਸਿੱਖ ਅਥਵਾ ਪੰਜਾਬੀ, ਲੰਬੇ ਅਰਸੇ ਤੋਂ ਦਿੱਲੀ ਦੇ ਜ਼ੁਲਮ ਦੇ ਸਤਾਏ ਤੇ ਅਕਾਏ ਹੋਏ ਹਨ ਫਿਰ ਵੀ ਉਹ ਇਸ ਜ਼ੁਲਮ ਅੱਗੇ ਝੁਕੇ ਨਹੀਂ ਤੇ ਨਾ ਹੀ ਝੁਕਣਗੇ। ਪੰਜਾਬ ਭਾਰਤ ਨਾਲੋਂ ਟੁੱਟ ਅਵੱਸ਼ ਜਾਵੇਗਾ ਪਰ ਝੁਕੇਗਾ ਹਰਗਿਜ਼ ਨਹੀਂ ! ਇਹ ਪੰਜਾਬ ਦੀ ਮਿੱਟੀ ਦੀ ਤਾਸੀਰ ਹੈ, ਇਸਦਾ ਖਾਸਾ ਹੈ, ਇਸਦਾ ਇਤਿਹਾਸ ਹੈ। ਪਰ ਇਸ ਅਕੇਵੇਂ ਤੋਂ ਵੀ ਉਪੱਰ ਸਿੱਖ ਅਥਵਾ ਪੰਜਾਬੀ ਅੱਜ ਬਿਹਬਲ ਵਿਆਕੁਲ ਤੇ ਪ੍ਰੇਸ਼ਾਨ ਹਨ। ਉਸਦਾ ਮੁੱਖ ਕਾਰਨ ਹੈ ਤੁਹਾਡੀ ਆਪਸੀ ਪਾਟੋ-ਧਾੜ ਤੇ ਤੁਹਾਡਾ ਲੋਕ-ਨਜ਼ਰਾਂ 'ਚ ਵਿਗੜ ਰਿਹਾ ਅਕਸ। ਪੰਜਾਬੀ ਅੱਜ ਸੋਚਦੇ ਹਨ ਜੇ ਤੁਹਾਡਾ ਪੰਜਾਬ ਦੇ ਮੁਹਰੈਲਾਂ-ਜਰਨੈਲਾਂ ਦਾ ਹੀ ਇਹ ਹਾਲ ਹੈ ਤਾਂ ਕਿਧਰੇ ਪੂਰੀ ਆਜ਼ਾਦੀ ਚਾਹੁੰਦੇ ਪੰਜਾਬ ਦੇ ਪੱਲੇ ਪੂਰੀ ਬਰਬਾਦੀ ਹੀ ਨਾ ਆਣ ਪਵੇ ਤੇ ਸੁਤੰਤਰਤਾ ਲਈ ਲੜਦੇ ਹੱਥਕੜੀਆਂ ਜਕੜੇ ਪੰਜਾਬ ਦੇ ਪੈਰੀਂ ਬੇੜੀਆਂ ਵੀ ਨਾ ਪੈ ਜਾਣ ! ਸੂਰਮੇ ਪੰਜਾਬ ਦੇ ਜਾਂ-ਬਾਜ਼ ਸਰਦਾਰੋ ! ਤੁਹਾਡੇ ਵੱਲ ਇਹ ਸਤਰਾਂ ਲਿਖਦਿਆਂ ਮੇਰੀ ਸੁਰਤ ਡੇਢ ਸੌ ਸਾਲ ਪਹਿਲੋਂ ਦੇ ਪੰਜਾਬ ਵਲ ਮੁੜਦੀ ਹੈ ਜਦੋਂ ਸੰਨ 1839 ਵਿਚ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ ਉਪਰੰਤ ਸੰਨ 1849 ਵਿਚ ਪੰਜਾਬ ਦੇ ਅੰਗਰੇਜ਼ਾਂ ਅਧੀਨ ਹੋ ਜਾਣ ਦੌਰਾਨ ਖਾਲਸਾ-ਦਰਬਾਰ ਵਿਚ ਆਪਸ ਵਿਚ ਖੜਕਦੀ ਤਲਵਾਰ ਕਾਰਨ ਸ. ਚੇਤ ਸਿੰਘ, ਸ. ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਸ. ਸ਼ੇਰ ਸਿੰਘ, ਕੰਵਰ ਪ੍ਰਤਾਪਸਿੰਘ, ਮਹਾਰਾਣੀ ਚੰਦ ਕੌਰ, ਡੋਗਰਾ ਧਿਆਨ

ਸਿੰਘ ਤੇ ਹੀਰਾ ਸਿੰਘ, ਅਜੀਤ ਸਿੰਘ ਤੇ ਜਵਾਹਰ ਸਿੰਘ ਆਦਿ ਸੱਤਾ-ਪ੍ਰਾਪਤੀ ਦੀ ਹਵਸ ਕਾਰਨ ਕਤਲ ਹੋ ਗਏ ਸਨ ਤੇ ਸਿੱਟੇ ਵਜੋਂ ਸਿੱਖ-ਰਾਜ ਦਾ ਸੂਰਜ ਅਸਤ ਹੋ ਗਿਆ ਸੀ। ਪੰਜਾਬ ਦੀ ਧਰਤੀ ਦੇ ਹਮਦਰਦ ਸ਼ਾਇਰ ਸ਼ਾਹ ਮੁਹੰਮਦ ਨੇ ਖਾਲਸਾ-ਦਰਬਾਰ ਦੀ ਉਸ ਸਮੇਂ ਦੀ ਦਸ਼ਾ ਦਾ ਨਕਸ਼ਾ ਖੁੰਨਦਿਆਂ ਲਿਖਿਆ ਸੀ :-

ਪਿੱਛੇ ਇਕ ਸਰਕਾਰ ਦੇ ਖੇਡੂ ਚੱਲੀ,
ਪਈ ਨਿੱਤ ਹੁੰਦੀ ਮਾਰੋ-ਮਾਰ ਯਾਰੋ।
ਸਿੰਘਾਂ ਮਾਰ ਸਰਦਾਰਾਂ ਨੂੰ ਦੂਰ ਕੀਤਾ,
ਸਭੋ ਕਤਲ ਹੋਏ ਵਾਰੋ-ਵਾਰ ਯਾਰੋ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਇਆ ਸੂਤਰ ਜਿਉਂ ਬਾਝ ਮੁਹਾਰ ਯਾਰੋ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਕਹਿੰਦੇ,
ਭੂਤ - ਮੰਡਲੀ ਹੋਈ ਤਿਆਰ ਯਾਰੋ !

ਹੁਣ ਦੀ 'ਜੰਗ-ਹਿੰਦ-ਪੰਜਾਬ' ਦੇ ਜੰਗੀ-ਜਰਨੈਲ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਉਪਰੰਤ ਖਾਤਕੂ-ਦਰਬਾਰ ਦੇ ਨੈਣ-ਨਕਸ਼ ਇੰਨ-ਬਿੰਨ ਨਹੀਂ ਤਾਂ ਲਗਭਗ ਤਾਂ ਖਾਲਸਾ-ਦਰਬਾਰ ਨਾਲ ਮਿਲਦੇ ਹੀ ਹਨ। ਅੱਜ ਤੁਸੀਂ ਕੌਮ ਲਈ ਲੜਨ-ਖੁੱਤਣ ਵਾਲੇ ਖਾਤਕੂ ਕਿਸੇ ਇਕ ਜਰਨੈਲ ਦੇ ਕੁੰਡੇ ਜਾਂ ਕਮਾਨ ਹੇਠ ਇਕੱਠੇ ਨਹੀਂ ਹੋ ਸਕੇ ਤੇ ਤੁਹਾਡੀਆਂ ਜਥੇਬੰਦੀਆਂ ਨੇ ਦਿਲੋਂ ਆਪਣੇ ਮਰਕਜ਼ ਅਕਾਲ ਤਖਤ ਸਾਹਿਬ ਦੀ ਤਾਬਿਆਦਾਰੀ ਕਬੂਲ ਨਹੀਂ ਕੀਤੀ। ਅੱਜ ਤੁਸੀਂ ਤਲਵਾਰਾਂ ਦੇ ਨਾਲ ਨਾਲ ਵਿਚਾਰਾਂ ਦੀ ਠੰਢੀ ਜੰਗ ਵਿਚ ਵੀ ਉਲਝੇ ਹੋਂ, ਜਿਸਦਾ ਵੈਂਗਣੀ-ਰੰਗ ਸਿੱਖਾਂ ਦੀਆਂ ਅੱਖਾਂ ਸਾਹਵੇਂ ਰੋਜ਼ ਅਖਬਾਰਾਂ 'ਚ ਉਘੜਦਾ ਹੈ। ਉਦੋਂ ਸਿੱਖਾਂ ਸਾਹਵੇਂ ਮਸਲਾ ਸਥਾਪਤ ਸਿੱਖ-ਰਾਜ ਨੂੰ ਬਚਾਉਣ ਦੇ ਨਾਲ ਨਾਲ ਸੱਤਾ ਜਾਂ ਤਾਕਤ ਹਾਸਲ ਕਰਨ ਦਾ ਸੀ ਤੁਹਾਡੇ ਸਾਹਮਣੇ ਤਾਂ ਮਸਲਾ ਅਜੇ ਸਿੱਖ-ਰਾਜ ਪ੍ਰਾਪਤ ਕਰਨ ਦਾ ਹੈ। ਅਜੇ ਤਾਂ ਮੋਹੜੀ ਹੀ ਗੱਡੀ ਹੈ-ਪਿੰਡ ਤਾਂ ਅਜੇ ਬੱਝਣਾ ਹੈ- ਤੁਸੀਂ ਵਜ਼ਾਰਤਾਂ ਮੱਲਣ ਦੇ ਇੰਛਕ ਮੰਗਤੇ ਵੀ ਨਹੀਂ, ਤੁਸੀਂ ਤਾਂ ਨਵਾਬੀਆਂ ਨੂੰ ਜੁੱਤੀ ਦੀ ਨੋਕ ਤੋਂ ਵਾਰਨ ਵਾਲੇ ਕਪੂਰ ਸਿੰਘ ਦੇ ਵਾਰਸ ਹੋਂ-ਤੁਸੀਂ ਆਪਸ ਵਿਚ ਕਿਉਂ ਉਲਝ ਰਹੇ ਹੋਂ?

ਕੇਸਰੀ-ਨਿਸ਼ਾਨ ਨੂੰ ਗੁਰਾਂ ਦੀ ਧਰਤ ਪੰਜਾਬ ਤੇ ਲਹਿਰਾਉਣ ਤੁਰੇ ਪੰਜਾਬ ਦੇ ਵਾਰਸੋ ! ਪੰਜਾਬ ਦੀ ਪੱਗ ਅਤੇ ਪੱਤ ਅੱਜ ਤੁਹਾਡੇ ਹੱਥਾਂ 'ਚ ਹੀ ਮਹਿਫੂਜ਼ ਹੈ। ਪੰਜਾਬ ਦੀ ਪੱਤ ਬਚਾਉਣ ਲਈ ਤੁਸੀਂ ਨਿਕਲੇ ਹੀ ਘਰਾਂ ਤੋਂ ਸ਼ਹੀਦੀ-ਗਾਨੇ ਖੁੰਨ ਕੇ ਲਾੜੀ ਮੌਤ ਵਿਆਹੁਣ ਲਈ ਹੋਂ। ਕੇਸਰੀ-ਕਾਫਲੇ ਦੇ ਅੱਜ ਦੇ ਸਾਰੇ ਸਿਰਕੱਢ ਜਰਨੈਲੋ ! ਦਿੱਲੀ ਤੁਹਾਡੀ ਸਤਨਾਂ ਦੀ ਦੁਸ਼ਮਣ ਹੈ-ਤੁਸੀਂ ਸਾਰੇ ਉਸਦੀਆਂ ਨਜ਼ਰਾਂ ਵਿਚ ਉਸਦੇ ਦੁਸ਼ਮਣ ਹੋਂ। ਮੌਕਾ ਬਣੇ, ਅੜਿੱਕੇ ਚੜ੍ਹਿਆਂ ਬਖਸ਼ਣਾ ਉਸਨੇ ਤੁਹਾਡੇ ਚੋਂ ਕਿਸੇ ਇਕ ਨੂੰ ਵੀ ਨਹੀਂ, ਤੁਸੀਂ ਅੱਜ ਸਿੱਖਾਂ ਅਥਵਾ ਪੰਜਾਬ ਦੀ ਇੱਕੋ-ਇਕ ਸੁਹਿਰਦ ਧਿਰ ਹੋਂ। ਅੱਜ ਤੁਹਾਡੀ ਏਕਤਾ ਨੂੰ ਲੋਚਦੇ ਤੇ ਅਨੇਕਤਾ ਨੂੰ ਵੇਖਦੇ ਸਿੱਖ ਸੋਚਦੇ ਹਨ ਕਿ ਜੇ ਤੁਸੀਂ ਪੰਥ ਲਈ ਮਰਨ ਵਾਲੇ ਵੀ ਸ਼ਹਾਦਤ ਤੋਂ ਪਹਿਲੋਂ ਹਿੰਡ ਛੱਡ ਕੇ ਇਕ ਦੂਸਰੇ ਨੂੰ ਗਲਵੱਕੜੀ ਨਹੀਂ ਪਾ ਸਕਦੇ ਤਾਂ ਤੁਹਾਡੇ ਇਕੱਲੇ ਇਕੱਲੇ ਹੋ ਕੇ ਤੁਰ ਜਾਣ ਪਿਛੋਂ ਪੰਜਾਬ ਦੀ ਬਾਂਹ ਕੌਣ ਫੜੇਗਾ ? ਪੰਥ ਦੀਆਂ ਬੈਸਾਖੀਆਂ ਕੌਣ ਬਣੇਗਾ?

ਦਸਮ ਪਿਤਾ ਦੇ ਅਜਿੱਤ-ਜੁਝਾਰੋ ! ਸੱਚਾਈ ਹੈ ਕਿ ਜਜ਼ਬੇ ਬਾਝੋਂ ਸ਼ਹਾਦਤ ਦਾ ਰੁਤਬਾ ਪ੍ਰਾਪਤ ਨਹੀਂ ਹੁੰਦਾ ਪਰ ਜਜ਼ਬਾਤ ਦੇ ਸਿਰਪੱਟ ਦੌੜਦੇ ਘੋੜਿਆਂ ਤੇ ਉਡਦੇ ਜਾਂਦੇ ਸ਼ਾਹ-ਸਵਾਰੋ ! ਅੱਜ ਪੰਜਾਬ ਦੀਆਂ ਜੂਹਾਂ 'ਚ ਉਡ ਰਹੇ ਗਰਦੋ-ਗੁਬਾਰ 'ਚ ਤੁਹਾਡੇ ਕੁਝ ਘੋੜੇ ਮੰਜ਼ਲ ਵੱਲ ਜਾਂਦੇ ਅਸਲੀ ਰਾਹ ਤੋਂ ਕੁਰਾਹੇ ਵੀ ਦੌੜ ਰਹੇ ਹਨ ਤੇ ਅੰਤਾਂ ਦੇ ਜੋਸ਼ ਵਿਚ ਚੁੱਕੀਦੇ ਕਦਮਾਂ ਕਾਰਨ ਤੁਹਾਡੀਆਂ ਕੁਝ

ਅਸਾਲਟਾਂ ਦੇ ਮੂੰਹ ਦਿੱਲੀ ਦੀ ਬਜਾਏ ਅੰਮ੍ਰਿਤਸਰ ਵੱਲ ਵੀ ਹੋ ਰਹੇ ਹਨ! ਦਿੱਲੀ, ਸਿੱਖਾਂ ਅਥਵਾ ਪੰਜਾਬ ਲਈ ਅੱਜ ਜ਼ੁਲਮ ਦੀ ਪ੍ਰਤੀਕ ਹੈ ਤੇ ਅੰਮ੍ਰਿਤਸਰ ਮਜ਼ਲੂਮ ਤੇ ਆਪਣਿਆਂ ਦਾ ਸੂਚਕ ! ਤੇ ਖਾਲਸਿਓ ! ਜ਼ੁਲਮ ਲਈ ਤਲਵਾਰ ਤੇ ਮਜ਼ਲੂਮ ਲਈ ਢਾਲ ਬਣਨਾ ਤੁਹਾਡੀ ਪਰੰਪਰਾ ਹੈ। ਤੁਹਾਡੀ ਜਿੱਤ ਅੰਮ੍ਰਿਤਸਰ ਦੀ ਸ਼ਕਤੀ ਆਪਣੇ ਨਾਲ ਜੋੜਨ ਤੇ ਦਿੱਲੀ ਦੀ ਤਾਕਤ ਤੋੜਨ ਵਿਚ ਹੈ ! ਅੰਮ੍ਰਿਤਸਰ ਦੀ ਸ਼ਕਤੀ ਤਾਂ ਜੁੜੇਗੀ ਜੇ ਤੁਸੀਂ ਆਪਣੇ ਕਾਫਲੇ ਨੂੰ, ਸਿੱਖਾਂ ਨੂੰ, ਪੰਜਾਬੀਆਂ ਨੂੰ, ਕਿਰਤੀਆਂ ਤੇ ਕੁਚਲਿਆਂ ਨੂੰ ਆਪਣੇ ਨਾਲ ਜੋੜੋਗੇ ਤੇ ਪੰਜਾਬ ਨੂੰ ਤੱਤੀ ਵਾਅ ਨਹੀਂ ਲੱਗਣ ਦਿਉਗੇ। ਦਿੱਲੀ ਦੇ ਹੰਕਾਰ ਦੇ ਕਿੰਗਰੇ ਤਾਂ ਹੀ ਝੁਰਨਗੇ ਜੇ ਤੁਸੀਂ ਦੂਸਰੇ ਸੂਬਿਆਂ ਤੇ ਵਿਦੇਸ਼ਾਂ ਦੇ ਹਮ-ਖਿਆਲ ਮਿੱਤਰ-ਲੋਕਾਂ ਦੀ ਹਮਦਰਦੀ ਹਾਸਲ ਕਰਕੇ ਦਿੱਲੀ ਨਾਲ ਕਰਾਰੇ-ਹੱਥੀਂ ਭਿੜੋਗੇ ਤੇ ਦਿੱਲੀ ਦੀ ਨੀਂਦ ਹਰਾਮ ਰੱਖੋਗੇ !

ਅੱਜ ਪੰਜਾਬ ਦੇ ਪਿੰਡ-ਪਿੰਡ ਨਿੱਤ ਨਵੇਂ ਸਿਵੇ ਬਲਦੇ ਹਨ ! ਉਹਨਾਂ ਵਿਚੋਂ ਬਹੁਤੇ ਤੁਹਾਡੇ, ਸਿੱਖਾਂ ਦੇ ਤੇ ਬੇਦੋਸ਼ਿਆਂ ਦੇ ਹਨ ਜਿਹਨਾਂ ਦਾ ਸੇਕ ਦਿੱਲੀ ਦੇ ਪਿੰਡੇ ਨੂੰ ਨਹੀਂ ਪਹੁੰਚਦਾ ਉਸਨੂੰ ਤਾਂ ਸਗੋਂ ਇਹ ਦੂਰ ਦੀ ਅੱਗ 'ਬੈਸੰਤਰ' ਲਗਦੀ ਹੈ। ਅੱਜ ਜੇ ਕੋਈ ਤੁਹਾਡੇ ਚੋਂ ਕਿਸੇ ਦੀ ਸ਼ਹਾਦਤ ਤੇ ਹਸਦਾ ਹੈ ਤਾਂ ਉਹ ਪੰਥ ਤੇ ਪੰਜਾਬ ਦਾ ਉਕਾ ਹਿਤੈਸ਼ੀ ਨਹੀਂ ਤੇ ਜੇ ਕੋਈ ਕਿਸੇ ਬੇਦੋਸ਼ੇ ਦੇ ਕਤਲ 'ਤੇ ਖੁਸ਼ ਹੁੰਦਾ ਹੈ ਤਾਂ ਉਹ ਸਿੱਖ ਨਹੀਂ। ਯਾਦ ਰੱਖਣਾ ਕਿ ਤੁਹਾਡੀ ਇਕ ਜਾਨ ਦਾ ਕੁਰਬਾਨ ਹੋਣਾ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਖਾਦ ਪੈਣਾ ਹੈ, ਤੁਹਾਡੇ ਵਲੋਂ ਕਿਸੇ ਆਪਣੇ ਜੁਝਾਰੂ ਸਾਥੀ ਨੂੰ ਖਤਮ ਕਰਨਾ ਸਿੱਖੀ ਦੇ ਬੂਟੇ ਦੇ ਕਿਸੇ ਟਾਹਣ ਜਾਂ ਬਾਂਹ ਨੂੰ ਵੱਢਣਾ ਹੈ ਤੇ ਤੁਹਾਡੇ ਵਲੋਂ ਕਿਸੇ ਬੇਦੋਸ਼ੇ ਨੂੰ ਕਤਲ ਕਰਨਾ ਸਿੱਖੀ ਦੇ ਬੂਟੇ ਨੂੰ ਸੋਕਾ ਲੱਗਣਾ ਹੈ!

ਅੱਜ ਦਿੱਲੀ-ਪੰਜਾਬ ਦੀ ਗੁਲਾਮੀ ਤੇ ਬਰਬਾਦੀ ਵੇਖਣ ਦੀ ਤਲਬਗਾਰ ਹੈ, ਤੁਸੀਂ ਪੰਥ ਦੀ ਆਜ਼ਾਦੀ ਤੇ ਖੁਸ਼ਹਾਲੀ ਵੇਖਣਾ ਚਾਹੁੰਦੇ ਹੋ। ਇਹ ਮਨਸ਼ਾ ਸਾਰੇ ਸਿੱਖਾਂ ਅਥਵਾ ਪੰਜਾਬੀਆਂ ਦੀ ਹੈ। ਮੰਨਣਾ ਪਏਗਾ ਕਿ ਦਿੱਲੀ ਸਰਕਾਰ ਦੇ ਪ੍ਰਚਾਰ ਤੇ ਸਾਜ਼ਿਸ਼ਾਂ ਦੇ ਵਸੀਲੇ ਤੁਹਾਡੇ ਨਾਲੋਂ ਵਸੀਹ ਤੇ ਸੂਖਮ ਹਨ ਪਰ ਅੱਜ ਤੁਹਾਡੀ ਅੱਧੀ ਲੜਾਈ ਜਿੱਤੀ ਪਈ ਹੈ, ਨੰਬਰ ਇਕ, ਜੇ ਤੁਸੀਂ ਪੰਜਾਬੀਆਂ ਨੂੰ ਇਹ ਯਕੀਨ ਕਰਵਾ ਜਾਂਦੇ ਹੋ ਕਿ ਤੁਹਾਡੇ ਸੁਪਨਿਆਂ ਦਾ ਖਾਲਿਸਤਾਨ ਸਰਬੱਤ ਦੇ ਭਲੇ ਤੇ ਅਧਾਰਿਤ ਸਰਬ-ਸਾਂਝਾ ਰਾਜ ਹੋਏਗਾ। ਨੰਬਰ ਦੋ ਕਿ ਜੋ ਕਸ਼ਟ-ਕਹਿਰ ਪੰਜਾਬ ਵਿਚ ਅੱਜ ਵਰਤ ਰਿਹਾ ਹੈ, ਉਸ ਵਿਚ ਤੁਹਾਡਾ ਉਕਾ ਹਿੱਸਾ ਨਹੀਂ। ਤੁਹਾਡੇ ਕਾਫਲੇ ਭਾਵ ਪੰਜਾਬ ਦੇ ਲੋਕਾਂ ਦੀ ਤੁਹਾਡੇ ਨਾਲ ਹਮਦਰਦੀ ਤੁਹਾਡੀ ਜਿੱਤ ਦੀ ਜ਼ਾਮਨ ਹੈ। ਤੁਸੀਂ ਨਿਰਸੁਆਰਥ ਲੜ ਵੀ ਤਾਂ ਲੋਕਾਂ ਲਈ ਹੀ ਰਹੇ ਹੋ ਨਾ! ਜੇ ਤੁਸੀਂ ਲੋਕਾਂ ਲਈ ਮਹਾਨ ਕੁਰਬਾਨੀ ਕਰਦੇ ਹੋਏ ਵੀ ਲੋਕਾਂ ਦੀ ਖੁਸ਼ੀ, ਵਿਸ਼ਵਾਸ ਤੇ ਹਮਦਰਦੀ ਦੇ ਪਾਤਰ ਨਾ ਰਹੇ ਤਾਂ ਇਸ ਮਹਾਨ ਕੁਰਬਾਨੀ ਦਾ ਹੀ ਕੀ ਅਰਥ ? ਦਿੱਲੀ ਸਾਰੇ ਹੀਲੇ-ਵਸੀਲੇ ਵਰਤ ਕੇ ਹੰਢੀ-ਹਾਰੀ ਪਈ ਹੈ। ਤੁਸਾਂ ਸਹੀ ਅਰਥਾਂ ਵਿਚ ਉਸ ਨੂੰ ਝੁਕਾ ਲਿਆ ਹੈ ਪਰ ਖਾਲਸਾ-ਰਾਜ ਦੀ ਸਥਾਪਤੀ ਲਈ ਤੁਹਾਡਾ ਦਿੱਲੀ ਨੂੰ ਝੁਕਾਉਣਾ ਹੀ ਕਾਫੀ ਨਹੀਂ ਇਸਤੋਂ ਵੀ ਵੱਡਾ ਕੰਮ ਆਪਣੇ ਕਾਫਲੇ ਨੂੰ ਨਾਲ ਲੈਣਾ, ਉਸ ਦੀ ਖੁਸ਼ੀ ਪ੍ਰਾਪਤ ਕਰਨਾ ਹੈ ਜਿਸ ਲਈ ਤੁਸੀਂ ਪਿਆਰੀ ਜਾਨ ਤਕ ਨਿਛਾਵਰ ਕਰ ਰਹੇ ਹੋਂ।

ਪੰਜਾਬ ਦੀ ਆਜ਼ਾਦੀ ਲਈ ਜੂਝਦੇ ਜੁਝਾਰੂ ਸਿੰਘੋ ! ਪੰਜਾਬ ਪੁਰਾਤਨ ਸਮਿਆਂ ਤੋਂ ਆਪਣੇ ਉਤੇ ਹਮਲਾਵਰ ਜਰਵਾਣਿਆਂ ਨੂੰ ਹੋੜਦਾ, ਉਹਨਾਂ ਦੇ ਹੰਕਾਰ ਨੂੰ ਤੋੜਦਾ, ਉਹਨਾਂ ਨੂੰ ਝੁਕਾਉਂਦਾ ਰਿਹਾ ਹੈ। ਪਰ ਜਦ ਤੋਂ ਪੰਜਾਬ ਨੇ ਕਲਗੀਧਰ ਪਾਤਸ਼ਾਹ ਦੇ ਖੰਡੇ ਦੀ ਪਾਹੁਲ ਪਾ ਕੇ ਆਪਣੇ ਗਾਤਰੇ ਕਿਰਪਾਨ ਪਾਈ ਹੈ ਤਾਂ ਦਿੱਲੀ, ਪੰਜਾਬ ਦੇ ਸਿੰਘਾਂ ਭਾਵ ਸ਼ੇਰਾਂ ਲਈ ਇਕ ਬਿੱਲੀ ਰਹੀ ਹੈ। ਸਤਿਗੁਰਾਂ ਦੇ ਚਮਤਕਾਰ ਸਦਕੇ, ਸਿੱਖ-ਧਰਮ ਦੇ ਘਰ ਪੰਜਾਬ ਅਥਵਾ, ਸਿੱਖਾਂ ਵਿਚ ਸੰਸਾਰ ਭਰ ਤੇ ਛਾ ਜਾਣ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਮੌਜੂਦ ਹਨ ਪਰ ਇਹ ਵਿਸ਼ਾ ਇਕ ਵੱਖਰੀ ਵਿਚਾਰ ਦਾ ਮੁਥਾਜ ਹੈ।

ਹੋਰ ਗੱਲਾਂ ਅਗਲੀ ਕਿਸ਼ਤ ਲਈ ਛਡਦਾ ਹੋਇਆ ਅੱਜ ਦੀ ਬੈਠਕ ਵਿਚ ਉਪਰ-ਵਿਚਾਰੀਆਂ ਸਿਰਫ ਤਿੰਨ ਗੱਲਾਂ ਕਹਿ ਕੇ ਇਜਾਜ਼ਤ ਚਾਹਾਂਗਾ।

ਪਹਿਲੀ ਇਹ ਕਿ ਜ਼ਿੰਮੇਵਾਰੀ ਦੀ ਜੋ ਪੰਡ ਤੁਸਾਂ ਪਾਈ ਹੈ ਉਸਨੂੰ ਸਿਰ ਜੋੜੇ ਬਿਨਾਂ ਚੁੱਕਿਆ ਨਹੀਂਓਂ ਜਾਣਾ। ਆਪਣੇ, ਆਪਣੀਆਂ ਜਥੇਬੰਦੀਆਂ ਦੇ ਸਿਰ ਜੋੜੋ। ਅਕਾਲ ਤਖ਼ਤ ਵੱਲ ਮੂੰਹ ਕਰਕੇ ਏਕਾ ਕਰੋ ਜੇ ਅਕਾਲ ਪੁਰਖ ਨੇ ਅਜੇ ਏਨੀ ਹਿੰਡ ਛੱਡਣ ਦੀ ਸਮਰੱਥਾ ਨਹੀਂ ਬਖਸ਼ੀ ਤਾਂ ਉਸਦੀ ਇੰਤਜ਼ਾਰ ਕਰਦਿਆਂ ਤੁਰੰਤ ਆਪਣੀਆਂ ਭਰਾਤਰੀ-ਜਥੇਬੰਦੀਆਂ ਦੇ ਕਾਰਜ-ਖੇਤਰ ਵੰਡੋ। ਨਿੱਕੀਆਂ ਹੋਈਆਂ-ਬੀਤੀਆਂ ਤੇ ਮਿੱਟੀ ਪਾਓ ਤੇ ਅਜੋਕੇ ਵਡੇਰੇ ਪੰਥਕ-ਕਾਰਜ ਲਈ ਏਕਾ ਕਰੋ ਤੇ ਪ੍ਰਣ ਕਰੋ ਕਿ ਅੱਗੋਂ ਤੋਂ ਤੁਹਾਡੀ ਵਿਚ ਕਿਸੇ ਇਕ ਤੂੜ ਤੱਕ ਦੀ ਤਿਣਕ ਅਖ਼ਬਾਰਾਂ ਰਾਹੀਂ ਸਿੱਖਾਂ ਜਾਂ ਸਰਕਾਰ ਨੂੰ ਨਹੀਂ ਪਵੇਗੀ। ਕਿਉਂਕਿ ਤੁਹਾਡੀ ਫੁੱਟ ਦੀ ਖ਼ਬਰ ਜਿਹੀ ਸਿੱਖਾਂ ਨੂੰ ਅੱਜ ਗਮੀ ਹੋਰ ਕੋਈ ਨਹੀਂ ਤੇ ਸਰਕਾਰ ਨੂੰ ਇਸ ਜਿਹੀ ਹੋਰ ਖੁਸ਼ੀ ਕੋਈ ਨਹੀਂ!

ਦੂਸਰੀ ਇਹ ਕਿ ਸਿੱਖ-ਰਾਜ ਦੇ ਪਿਛਲੀ ਸਦੀ ਵਿਚ ਵਾਪਰੇ ਭਿਆਨਕ ਤੇ ਦੁਖਾਂਤਿਕ ਕਾਂਡ ਤੋਂ ਸਬਕ ਸਿੱਖਦਿਆਂ ਖਾਤਕੂ-ਦਰਬਾਰ ਉਤੇ ਭਰਾ-ਮਾਰੂ ਜੰਗ ਦਾ ਪੂਛਾਵਾਂ ਵੀ ਨਾ ਪੈਣ ਦਿਓ। ਯਾਰੋ ! ਦਿੱਲੀ ਨਾਲ ਭਿੜਦਿਆਂ ਅੱਜ ਤੁਹਾਡੇ ਚੋਂ ਕਿਸੇ ਦਾ ਸਿਰ ਦਿੱਲੀ ਫੌਜ ਦੇ ਕਿਸੇ ਸਿਪਾਹ-ਸਿਲਾਰ ਨੇ ਆਪਣੇ ਨੇਜ਼ੇ ਉਤੇ ਟੰਗਿਆ ਹੋਵੇ ਤਾਂ ਇਸ ਨਾਲ ਤਾਂ ਸਿੱਖ-ਫੌਜਾਂ ਵਿਚ ਰੋਹ ਤੇ ਰੋਸ ਉਠੇਗਾ ਪਰ ਜੇ ਤੁਸੀਂ ਹੀ ਆਪਣੇ ਨਾਲ ਬਿਖੜੇ-ਪੈਂਡਿਆਂ ਤੇ ਤੁਰੇ ਆਪਣੇ ਹੀ ਕਿਸੇ ਭਰਾ ਦਾ ਸਿਰ ਨੇਜ਼ੇ ਤੇ ਟੰਗ ਕੇ ਤੁਰ ਪਵੋਂ ਤਾਂ ਇਸ ਨਾਲ ਸਿੱਖ-ਸਫ਼ਾਂ ਵਿਚ ਅਫ਼ਸੋਸ ਹੀ ਨਹੀਂ ਵਿਦਰੋਹ ਵੀ ਉਠ ਸਕਦਾ ਹੈ। ਸੋ ਵਾਸਤਾ ਪੰਥ ਦਾ, ਇਸ ਤੋਂ ਪਰਹੇਜ਼ ਕਰੋ !

ਤੀਸਰਾ, ਆਪਣੇ ਕਾਫ਼ਲੇ ਦੇ ਲੋਕਾਂ ਨੂੰ ਆਪਣੇ ਨਾਲ ਜੋੜੋ। ਤੁਹਾਡੇ ਅਸਲੀ ਤੇ ਵੱਡੇ ਹਥਿਆਰ ਤਾਂ ਇਹੀ ਹਨ। ਇਹਨਾਂ ਬਿਨਾਂ ਤੁਸੀਂ ਨਿਹੱਥੇ ਹੋ। ਆਪਣੇ ਇਹਨਾਂ ਹਥਿਆਰਾਂ ਨੂੰ ਪਾਸੇ ਸੁੱਟ ਕੇ ਤੁਸੀਂ ਕਿਸੇ ਜਿੱਤ ਦੀ ਕਲਪਣਾ ਵੀ ਨਹੀਂ ਕਰ ਸਕਦੇ। ਜੇ ਭਲਾ ਤੁਸੀਂ ਆਪਣੇ ਇਹਨਾਂ ਹਥਿਆਰਾਂ-ਆਪਣੇ ਲੋਕਾਂ ਨੂੰ ਆਪਣੇ ਨਾਲੋਂ ਨਿਖੇੜ-ਵਿਛੋੜ ਕੇ ਜਿੱਤ ਪ੍ਰਾਪਤ ਵੀ ਕਰ ਲਵੋਂ ਤਾਂ ਕੌਮ ਦੇ ਨਿਰਸੁਆਰਥ ਯੋਧਿਓ, ਉਹ ਜਿੱਤ ਹੋਏਗੀ ਕੀਹਦੇ ਲਈ ? ਸੋ ਤੁਸੀਂ ਆਪਣੇ ਕਾਫ਼ਲੇ ਨੂੰ ਸਿੱਖਾਂ ਨੂੰ, ਪੰਜਾਬੀਆਂ ਨੂੰ ਆਪਣੇ ਇਹਨਾਂ ਹਥਿਆਰਾਂ ਨੂੰ, ਆਪਣੇ ਨਾਲ ਜੋੜੋ ! ਵਿਛੋੜੋ ਨਾ ! ਤੁਸੀਂ ਇਹਨਾਂ ਨੂੰ ਆਪਣੇ ਨਾਲੋਂ ਵਿਛੋੜ ਕਿਵੇਂ ਰਹੇ ਹੋ ? ਤੇ ਆਪਣੇ ਨਾਲ ਜੋੜ ਕਿਵੇਂ ਸਕਦੇ ਹੋ ? ਇਹ ਆਪਾਂ ਅਗਲੀ ਵੇਰ ਵਿਚਾਰਾਂਗੇ।

(ਫਰਵਰੀ, 1992)

ਕੇਸਰੀ-ਕਾਫ਼ਲਾ ਕਿੱਧਰ ਨੂੰ ?

(ਦੋ)

ਪੰਥ ਅਤੇ ਪੰਜਾਬ ਦੀ ਆਨ-ਸ਼ਾਨ ਲਈ ਜੂਝਦੇ ਕੇਸਰੀ ਸਰਦਾਰੋ ! ਤੁਹਾਡੀ ਲੋਕਾਈ ਤੁਹਾਡੀ ਧਰਤੀ ਹੈ, ਜਿਸ 'ਚੋਂ ਤੁਸਾਂ ਸ਼ਕਤੀ ਪ੍ਰਾਪਤ ਕਰਨੀ ਹੈ। ਲੋਕਾਈ ਤੁਹਾਡਾ ਝੱਲ ਹੈ, ਤੁਹਾਡੀ ਬੁੱਕਲ ਹੈ, ਜਿਸ 'ਚ ਤੁਸਾਂ ਫਕੀਰੀ-ਵੇਸ 'ਚ ਵਿਚਰਦਿਆਂ ਪਨਾਹ ਲੈਣੀ ਹੈ। ਲੋਕਾਈ ਇਕ ਉਹ ਸ਼ਕਤੀ-ਸਾਗਰ ਹੈ ਜਿਸ 'ਚ ਆਏ ਕਿਸੇ ਵੀ ਜਵਾਰਭਾਟੇ 'ਚ ਕਿਸੇ ਵੀ ਵੱਡੀ ਤੋਂ ਵੱਡੀ ਸਲਤਨਤ ਦੇ ਸ਼ਾਹੀ-ਮਹੱਲਾਂ ਨੂੰ ਢਾਹ-ਢੇਰੀ ਕਰਨ ਦੀ ਸਮਰੱਥਾ ਹੁੰਦੀ ਹੈ ਇਸੇ ਲਈ ਸੰਸਾਰ ਦੇ ਸਾਰੇ ਜੁਗ-ਪਲਟਾਊ ਮਹਾਨ-ਮਨੁੱਖ ਲੋਕਾਈ ਨੂੰ ਨਾਲ ਲੈ ਕੇ ਤੁਰਦੇ ਆਏ ਹਨ। ਸਿੱਖ-ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਝ ਗਿਣੇ-ਚੁਣੇ ਵੱਡਿਆਂ ਨਾਲ ਨਹੀਂ ਸਗੋਂ ਲੋਕ-ਭੀੜ 'ਚ ਖੁੜ ਕੇ ਜ਼ੁਲਮ ਨੂੰ ਲਲਕਾਰਿਆ :-

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚ ॥
ਨਾਨਕ ਤਿਨਕੇ ਸੰਗ ਸਾਥ ਵਡਿਆ ਸਿਉ ਕਿਆ ਰੀਸ ॥

ਕਲਗੀਧਰ ਪਾਤਸ਼ਾਹ ਨੂੰ ਲੋਕਾਂ ਵਿਚ ਛੁਪੀ-ਅਥਾਹ ਸ਼ਕਤੀ ਦਾ ਅਹਿਸਾਸ ਸਦਾ ਹੀ ਸ਼ਿੱਦਤ ਨਾਲ ਰਿਹਾ। ਲੋਕਾਂ ਲਈ ਰਣ-ਤੱਤੇ ਵਿਚ ਜੂਝਦਿਆਂ ਉਹਨਾਂ ਦੀ ਮਾਨਸਿਕਤਾ ਨੇ ਲੋਕਾਂ ਨਾਲ ਸਦਾ ਪੀਢੀ-ਗੰਢ ਪਾਈ ਰੱਖੀ :-

ਇਨਹੀਂ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕਰੋਰ ਪਰੇ ॥

ਫਿਰ ਜੇ ਲੋਕ, ਸ਼ਕਤੀ ਦਾ ਅਥਾਹ-ਸਮੁੰਦਰ ਹਨ ਤੇ ਤੁਸੀਂ ਨਿਰਸੁਆਰਥ ਲੋਕਾਂ ਲਈ ਲੜ ਰਹੇ ਹੋਂ ਤਾਂ ਤੁਹਾਡੀ ਵਰਤਮਾਨ-ਜਦੋਜਹਿਦ ਲੋਕਾਂ ਨੂੰ ਨਾਲ ਲੈ ਕੇ ਹੀ ਜਿੱਤਣੀ ਸੌਖੀ ਤੇ ਸਕਾਰਥੀ ਹੈ। ਲੋਕਾਂ ਨੂੰ ਨਾਲ ਲੈਣ ਲਈ ਢੰਗ-ਤਰੀਕਾ ਕੀ ਅਪਣਾਇਆ ਜਾਵੇ ? ਰੌਸ਼ਨੀ, ਸਿੱਖ-ਪੰਥ ਦੇ ਮੀਨਾਰਾਂ 'ਚੋਂ ਝਰਦੀ ਹੈ!

ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਆਲਮਗੀਰ ਔਰੰਗਜ਼ੇਬ ਸਮਕਾਲੀ ਹਨ। ਸਾਹਿਬਾਂ ਦਾ ਨਿਸ਼ਾਨਾ 'ਧਰਮ ਚਲਵਾਨ' ਅਥਵਾ ਧਰਮ ਦੇ ਪ੍ਰਸਾਰ ਦਾ ਹੈ। ਨਿਸ਼ਾਨਾ ਔਰੰਗਜ਼ੇਬ ਦਾ ਵੀ ਇਸਲਾਮ ਅਥਵਾ ਆਪਣੇ ਧਰਮ ਦਾ ਵਿਸਤਾਰ ਕਰਨ ਦਾ ਹੈ। ਜੇ ਦਸਮ ਪਿਤਾ ਆਪਣੇ ਲਕਸ਼ ਪ੍ਰਤੀ ਦ੍ਰਿੜ੍ਹ, ਦਿਆਨਤਦਾਰ ਤੇ ਇਸ ਦੀ ਪ੍ਰਾਪਤੀ ਲਈ ਜੀਵਨ ਵਿਚ ਅੰਤਾਂ ਦੇ ਤਿਆਗੀ ਹਨ ਤਾਂ ਔਰੰਗਜ਼ੇਬ ਦੀ ਇਸਲਾਮ ਪ੍ਰਤੀ ਦ੍ਰਿੜ੍ਹਤਾ ਦਿਆਨਤਦਾਰੀ ਤੇ ਤਿਆਗ ਉਤੇ ਵੀ ਕਿੰਤੂ ਨਹੀਂ ਕੀਤਾ ਜਾ ਸਕਦਾ। ਇਤਿਹਾਸਕ-ਸੱਚ ਹੈ ਕਿ ਉਹ ਇਕ ਵੱਡੀ ਸਲਤਨਤ ਦਾ ਮਾਲਕ ਹੁੰਦੇ ਹੋਏ ਵੀ ਹੱਥੀਂ ਕੁਰਾਨ-ਸ਼ਰੀਫ ਲਿਖ ਕੇ ਤੇ ਵਾਣ ਵੱਟ ਕੇ ਰੋਟੀ ਖਾਂਦਾ ਹੈ ਤੇ ਸਰਕਾਰੀ-ਖਜ਼ਾਨੇ ਦੀ ਮਾਇਆ ਦੇ ਅੰਬਾਰਾਂ ਨੂੰ ਛੂੰਹਦਾ ਤੱਕ ਨਹੀਂ ! ਪਰ ਆਪਣੇ ਧਰਮ ਅਥਵਾ ਇਸਲਾਮ ਦਾ ਪ੍ਰਸਾਰ ਕਰਨ ਲਈ ਉਹ ਹੋਰ ਕਿਸੇ ਧਰਮ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਉਹ ਹਿੰਦੂ ਵਿਦਿਆਲੇ ਤੇ ਮੰਦਰ ਬਣਾਣ ਦੀ ਮਨਾਹੀ ਕਰਦਾ ਹੈ। ਮੁੱਲਾਂ-ਖਾਂ ਤੂਰਾਨੀ ਦੀ ਕਮਾਨ ਹੇਠ ਹਿੰਦੂ-ਮੰਦਰ ਤਬਾਹ ਕਰਕੇ ਮਸੀਤਾਂ ਉਸਾਰਨ ਦੀ ਸਕੀਮ ਤਹਿਤ ਅਯੁੱਧਿਆ ਵਿਚ ਸ੍ਰੀ ਰਾਮ ਚੰਦਰ ਦਾ ਜਨਮ-ਅਸਥਾਨ ਮੰਦਰ, ਮਥਰਾ ਵਿਚ ਰਾਜਾ ਬੀਰ ਸਿੰਘ ਬੰਧੇਲੇ ਦਾ ਬਣਵਾਇਆ ਤੇਤੀ-ਲੱਖਾ ਕੇਸ਼ਵ ਨਾਥ ਦਾ ਮੰਦਰ ਅਤੇ ਕਾਂਸ਼ੀ ਵਿਚ ਵਿਸ਼ਵਨਾਥ ਦਾ ਪ੍ਰਸਿੱਧ ਤੇ ਹੋਰ ਹਜ਼ਾਰਾਂ ਮੰਦਰ ਢਾਹ ਕੇ ਇਹਨਾਂ ਥਾਵੇਂ ਮਸੀਤਾਂ ਉਸਾਰਦਾ ਹੈ। ਹਿੰਦੂਆਂ ਦੇ ਸਾਰੇ ਮੇਲੇ ਲੱਗਣੇ ਬੰਦ ਕਰਵਾਉਂਦਾ ਤੇ ਦਿਹਾਤੀ ਵਿਚ ਸਵਾ-ਸਵਾ ਮਣ ਜੰਞੂ ਉਤਾਰਦਾ ਹੈ। ਪਰ ਦੂਸਰੇ ਬੰਨੇ ਵਿਸ਼ਾਲ-ਹਿਰਦਕ ਕਲਗੀਧਰ ਪਾਤਸ਼ਾਹ ਹਨ। ਉਹ ਕਿਸੇ ਹੋਰ ਧਰਮ ਦੀ ਹਾਨੀ ਕਰਨਾ ਤਾਂ ਪਾਸੇ ਰਿਹਾ ਇਸ ਨੂੰ ਸਹਾਰਦੇ ਵੀ ਨਹੀਂ। ਸੱਯਦ ਭੀਖਣ ਸ਼ਾਹ ਵਰਗੇ ਪਹੁੰਚੇ-ਮੁਸਲਮਾਨ ਉਹਨਾਂ ਦੇ ਜਨਮ ਤੋਂ ਹੀ ਉਹਨਾਂ ਦੇ ਮੁਰੀਦ ਹਨ। ਨਬੀ ਖਾਂ ਗਨੀਖਾਂ ਸਾਹਿਬਾਂ ਦੇ ਅਤਿ-ਬਿਖੜੇ ਦਿਨਾਂ ਵਿਚ ਉਹਨਾਂ ਦੇ

ਨਾਲ ਨਿਭਦੇ ਹਨ। ਉਹਨਾਂ ਦੇ ਚਰਨਾਂ ਦੇ ਭੌਰੇ ਸ਼ਰਧਾਲੂ ਮੁਸਲਮਾਨ ਉਹਨਾਂ ਦੀ ਕਮਾਨ ਹੇਠ ਉਹਨਾਂ ਦੀ ਸੱਜੀ ਬਾਂਹ ਬਣ ਕੇ ਦਿੱਲੀ ਦੇ ਤਖਤ ਨਾਲ ਭਿੜਦੇ ਹਨ। ਹਿੰਦੂ ਧਰਮ ਤੇ ਹੁੰਦੇ ਦਿੱਲੀ ਦੇ ਹਮਲਿਆਂ ਲਈ ਸਾਹਿਬ ਫੌਲਾਦੀ ਢਾਲ ਬਣਦੇ ਹਨ-ਬਚਪਨ ਵਿਚ ਹੀ ਤਿਲਕ-ਜੰਞੂ ਦੀ ਰਾਖੀ ਲਈ ਪਿਤਾ ਜੀ ਨੂੰ ਹੱਸ ਕੇ ਸ਼ਹਾਦਤ ਦੇਣ ਲਈ ਦਿੱਲੀ ਤੋਰ ਦਿੰਦੇ ਹਨ। ਕਿਸੇ ਹੋਰ ਧਰਮ ਉਤੇ ਦਬਾਅ ਦੀ ਗੱਲ ਤਾਂ ਇਕ ਪਾਸੇ ਆਪ ਤਾਂ ਆਪਣੇ ਅਨਿੰਨ-ਸ਼ਰਧਾਲੂਆਂ ਉਤੇ ਵੀ ਆਪਣੀ ਮਰਜ਼ੀ ਨਹੀਂ ਠੋਸਦੇ। ਕੇਸਗੜ੍ਹ ਸਾਹਿਬ ਖਾਲਸਾ ਸਾਜਣ ਸਮੇਂ ਸੱਦੇ ਇਤਿਹਾਸਕ-ਇਕੱਠ ਸਾਹਵੇਂ ਜਦ ਹਜ਼ੂਰ ਚਿਰੋਕਣੇ ਜ਼ੁਲਮ ਵਿਰੁਧ ਰੋਹ ਤੋਂ ਵਿਦਰੋਹ ਬਣੇ ਮੱਘਦੇ ਨੇਤਰਾਂ ਸੰਗ ਕਿਰਪਾਨ ਧੂਹ ਕੇ ਪੰਜ ਸੀਸ ਲੋੜਦੇ ਹਨ ਤਾਂ ਸੀਸ ਦੇਣ ਲਈ ਸੰਗਤ ਨੂੰ 'ਹੁਕਮ' ਨਹੀਂ ਕਰਦੇ ਸੀਸ 'ਮੰਗਦੇ' ਹਨ। ਉਸ ਇਤਿਹਾਸਕ ਇਕੱਠ ਵਿਚ ਆਪ ਜੀ ਦੇ ਹੁਕਮਨਾਮਿਆਂ ਨੂੰ ਪਾ ਕੇ ਦੂਰ-ਦੂਰਾਡਿਓਂ ਸਿੱਖ-ਸੰਗਤਾਂ ਉਮੱਡ ਕੇ ਆਈਆਂ ਹਨ। ਕਿਸੇ ਏਡੀ ਵੱਡੀ ਜ਼ਰੂਰਤ ਸੰਗ ਸੱਦੀ ਸੰਗਤ ਆਣ ਜੁੜੀ ਹੈ ਤਾਂ ਹਜ਼ੂਰ ਆਪਣੇ ਅਨਿੰਨ-ਸੇਵਕਾਂ ਚੋਂ ਕਿਸੇ ਪੰਜਾਂ ਨੂੰ ਅੱਗੇ ਆਉਣ ਲਈ ਸਿਰਫ ਇਸ਼ਾਰਾ ਹੀ ਕਰ ਸਕਦੇ ਹਨ। ਪਰ ਨਹੀਂ ! ਅੱਜ ਸਾਹਿਬ ਸਿਰ 'ਮੰਗ ਰਹੇ ਹਨ' ਮਰਜ਼ੀ ਸਿਰ ਦੇਣ ਵਾਲੇ ਦੀ ਹੈ, ਫੈਸਲਾ ਸਿਰ ਦੇਣ ਵਾਲੇ ਨੇ ਕਰਨਾ ਹੈ। ਹਜ਼ੂਰ ਆਪਣਾ ਫੈਸਲਾ ਆਪਣੇ ਸਿੱਖ ਤੇ ਵੀ ਠੋਸਦੇ ਨਹੀਂ। ਉਪਰੰਤ ਜੇ ਵੱਖੋ-ਵੱਖਰੇ ਖਿੱਤਿਆਂ, ਜਾਤਾਂ-ਗੋਤਾਂ ਚੋਂ ਪੰਜ ਸਿੱਖ ਸਿਰ ਹਾਜ਼ਰ ਕਰਦੇ ਹਨ ਤਾਂ ਉਹ ਗੁਰੂ ਕੇ ਪੰਜ 'ਪਿਆਰੇ' ਹਨ ਤੇ ਧੰਨ ਦਸਮ ਪਾਤਸ਼ਾਹ ! ਆਪ ਉਹਨਾਂ ਦੇ 'ਗੁਰ-ਚੇਲਾ' ਹਨ। ਭਾਵ ਕਲਗੀਧਰ ਪਿਤਾ ਜੀ ਪੰਥ-ਖਾਲਸਾ ਸਾਜਦੇ ਹਨ ਜਾਂ ਆਪਣੇ ਧਰਮ ਦਾ ਪ੍ਰਸਾਰ ਕਰਦੇ ਹਨ ਤਾਂ ਉਹਨਾਂ ਦਾ ਮਾਰਗ ਜ਼ਬਰਦਸਤੀ ਦਾ ਨਹੀਂ ਸਗੋਂ ਪਿਆਰ ਦਾ ਮਾਰਗ ਹੈ ਪਰ ਜੇ ਆਲਮਗੀਰ ਇਸਲਾਮ ਦਾ ਵਿਸਤਾਰ ਕਰਨਾ ਲੋੜਦਾ ਹੈ ਤਾਂ ਉਸਦਾ ਮਾਰਗ ਤਲਵਾਰ ਦਾ ਮਾਰਗ ਹੈ। ਅੰਤ ਔਰੰਗਜ਼ੇਬ ਆਪਣੇ ਮਿਸ਼ਨ ਵਿਚ ਬੁਰੀ ਤਰਾਂ ਮਾਤ ਖਾਂਦਾ ਹੈ ਤੇ ਉਸਦੀ ਬਾਦਸ਼ਾਹੀ ਤੇ ਦਾ ਸੁਪਨਾ ਖੇਰੂੰ-ਖੇਰੂੰ ਹੁੰਦਾ ਹੈ। ਦਸਮ ਪਾਤਸ਼ਾਹ ਆਪਣੇ 'ਧਰਮ ਚਲਾਵਨ' ਦੇ ਪ੍ਰਯੋਜਨ ਨੂੰ ਪੂਰਾ ਕਰਦਿਆਂ ਫਤਹ ਹਾਸਿਲ ਕਰਦੇ ਹਨ ਤੇ ਉਹਨਾਂ ਦੀ ਲਾਈ ਸਿੱਖੀ ਦੀ ਫੁਲਵਾੜੀ ਲੱਖ ਔੜਾਂ-ਝੱਖੜਾਂ ਮਗਰੋਂ ਅੱਜ ਤੱਕ ਫੁਲਦੀ-ਫੈਲਦੀ ਹੈ। ਔਰੰਗਜ਼ੇਬ ਉਗੱਰਤਾ ਦਾ ਪ੍ਰਤੀਕ ਹੈ, ਕਲਗੀਧਰ ਪਾਤਸ਼ਾਹ ਉਦਾਰਤਾ ਦੀ ਤਸਵੀਰ ਹਨ !

ਪੰਜਾਬ ਦੀ ਵਰਤਮਾਨ ਜੰਗੇ-ਆਜ਼ਾਦੀ ਦੇ ਮੋਹਰੀ ਜਰਨੈਲੋ ! ਜੇ ਅੱਜ ਤੁਸਾਂ ਦਿੱਲੀਓਂ ਪੰਜਾਬ ਤੇ ਚੁੜੇ ਦਲਾਂ ਨੂੰ ਭਾਂਜ ਦੇਣੀ ਹੈ ਤਾਂ ਤੁਸੀਂ ਆਪਣੇ ਦਲਾਂ ਨੂੰ ਦਸਮ ਪਿਤਾ ਦੇ ਦਰਸਾਏ ਪਿਆਰ-ਮਾਰਗ ਤੇ ਚੱਲ ਕੇ ਸੰਗਠਿਤ ਕਰੋ। ਆਪਣੇ ਹਥਿਆਰ ਤੇ ਲਲਕਾਰ ਦੁਸ਼ਮਣ ਲਈ ਰਾਖਵੇਂ ਰੱਖੋ !

ਤੁਸਾਂ ਆਪਣੇ ਲੋਕਾਂ ਲਈ, ਸਿੱਖਾਂ ਲਈ, ਪੰਜਾਬੀਆਂ ਲਈ 'ਖਾਲਸਾ-ਰਾਜ' ਸਥਾਪਤ ਕਰਨਾ ਹੈ ਤਾਂ ਅੱਜ ਤੁਹਾਡੇ ਹਰ ਤੀਰ ਨੂੰ ਇਸੇ ਨਿਸ਼ਾਨੇ ਨੂੰ ਫੁੰਡਣਾ ਚਾਹੀਦਾ ਹੈ ਪਰ ਤੁਹਾਡੇ ਅੰਨ੍ਹੇ-ਵਾਹ ਕਈ ਪਾਸਿਆਂ ਨੂੰ ਵੂਰਦੇ ਬਾਣ ਅੱਜ ਅਸਲ-ਨਿਸ਼ਾਨੇ ਨੂੰ ਨਹੀਂ ਫੁੰਡ ਰਹੇ ਸਗੋਂ ਤੁਹਾਡੀ ਲੋਕ-ਸ਼ਕਤੀ, ਤੁਹਾਡੇ ਕਾਫਲੇ ਨੂੰ ਵੀ ਖਿੰਡਾ ਰਹੇ ਹਨ ਜਿਸ ਕਾਰਨ ਤੁਹਾਨੂੰ ਮੰਜ਼ਿਲ ਤੇ ਪਹੁੰਚਣ ਵਿਚ ਦੇਰ-ਅਵੇਰ ਹੋ ਰਹੀ ਹੈ।

ਤੁਹਾਡੇ ਅੰਨ੍ਹੇ-ਵਾਹ ਛੱਡੇ ਬਾਣਾਂ ਚੋਂ ਇਕ ਬਾਣ ਹੈ ਤੁਹਾਡੇ ਸਮਾਜ-ਸੁਧਾਰ ਦੇ ਪ੍ਰੋਗਰਾਮ ਦਾ ਬਾਣ! ਜਿਸ ਨੇ ਤੁਹਾਡਾ ਅੱਧਾ ਕਾਫਲਾ ਤੁਹਾਡੇ ਨਾਲੋਂ ਤੋੜ-ਵਿਛੋੜ ਦਿੱਤਾ ਹੈ। ਤੁਸੀਂ ਇਕ ਵੱਡੀ ਤਾਕਤ ਵਿਰੁੱਧ ਹਥਿਆਰਬੰਦ ਬਗਾਵਤ ਦਾ ਬਿਗਲ ਵਜਾ ਕੇ ਆਪਣਾ ਦੇਸ਼ ਸਿਰਜਣ ਲਈ ਜੰਗ ਛੇੜ ਚੁੱਕੇ ਹੋਂ। ਇਸ ਵੂਰਦੀ ਗੋਲੀ ਵਿਚ ਤੁਹਾਨੂੰ ਸਮਾਜ-ਸੁਧਾਰ ਦਾ ਇਹੀ ਮੌਕਾ ਲੱਭੇ ! ਇਹ ਵਿਆਹ 'ਚ ਬੀ ਦਾ ਲੇਖਾ ਪਉਣ ਵਾਲੀ ਗੱਲ ਹੈ। ਸਿੱਖ-ਸੰਘਰਸ਼ ਦਾ ਮੂੰਹ ਹੋਰ ਬੰਨੇ ਮੋੜਨ ਤੇ ਲੋਕਾਂ ਨੂੰ ਸਿੱਖ-ਸੰਘਰਸ਼ ਨਾਲੋਂ ਤੋੜਨ ਵਾਲੀ ਗੱਲ ਹੈ !! ਅੱਵਲ ਤਾਂ ਇਹਨਾਂ ਮਸਲਿਆਂ ਨੂੰ ਇਸ ਬਿਖੜੇ ਸਮੇਂ ਛੁਹਣਾ ਹੀ ਦੂਰ-ਅੰਦੇਸ਼ੀ ਨਹੀਂ। ਚਲੋ, ਜੇ ਛੁਹਣਾ ਵੀ ਹੈ ਤਾਂ ਤੁਸੀਂ ਸਿੱਖਾਂ ਨੂੰ ਕੇਸ ਧਾਰਨ ਕਰਨ ਲਈ ਪ੍ਰੇਮ ਨਾਲ ਪ੍ਰੇਰੋ ਪਰ ਕਿਸੇ ਨਾਈ ਨੂੰ ਮਾਰ ਕੇ ਦੁਕਾਨ ਬੰਦ ਕਰਾਉਣ ਦੀ ਜ਼ੋਰਾ-ਜਬਰੀ ਕਿਉਂ? ਮਾਸ ਖਾਣ ਜਾਂ ਨਾ ਖਾਣ ਦਾ ਵਿਵਾਦ ਛੇੜਨਾ ਹੀ ਇਸ ਸਮੇਂ ਵਿਅਰਥ ਹੈ ਪਰ ਇਸ ਸਮੇਂ ਕਿਸੇ ਝਟਕਈ ਨੂੰ ਝਟਕਾਅ ਦਿੱਤੇ ਜਾਣ ਦਾ ਕੀ ਅਰਥ? ਇਕੱਲੇ ਸਿੱਖਾਂ ਨੂੰ ਹੀ ਨਹੀਂ ਤੁਸੀਂ ਹੋਰਾਂ ਨੂੰ ਵੀ ਨਸ਼ੇ ਤਿਆਗਣ

ਲਈ ਕਹੋ ਤਾਂ ਪ੍ਰਸ਼ੰਸਾਜਨਕ ਪਰ ਕਿਸੇ ਠੇਕੇ ਦੇ ਕਰਿੰਦੇ ਨੂੰ ਕਤਲ ਕਰਨ ਪਿੱਛੇ ਕੀ ਤਰਕ? ਕਿਸੇ ਅਖਬਾਰ ਦੇ ਸਿੱਖ-ਸੰਘਰਸ਼ ਵਿਰੁਧ ਜ਼ਹਿਰ ਉਗਲਦੇ ਸੱਪ-ਸੰਪਾਦਕ ਦੀ ਸਿਰੀ ਚਿੱਪਣ ਲਈ ਤਾਂ ਸ਼ਾਬਾਸ਼ ! ਪਰ ਰੋਜ਼ੀ-ਰੋਟੀ ਲਈ ਧੰਦ-ਪਿਟਦੇ ਕਿਸੇ ਗਰੀਬ-ਹਾਕਰ ਦਾ ਖੂੰਨ ਕਰਨ ਦਾ ਕਿਸੇ ਨੂੰ ਕੀ ਅਧਿਕਾਰ ? ਕੋਈ ਗਵੱਈਆ, ਕਲਾਕਾਰ ਆਪਸੀ ਦੁਸ਼ਮਣੀ 'ਚ ਮਰੇ, ਪਿਆ ਮਰੇ ਪਰ ਤੁਹਾਡੇ ਹੱਥੋਂ ਕੋਈ ਕਲਾਕਾਰ ਅੱਜ ਨਹੀਂ ਮਰਨਾ ਚਾਹੀਦਾ। ਕਿਸੇ ਮੁਖਬਰ ਨੂੰ ਪਰਖ-ਪਛਾਣ ਕਰਕੇ ਕਰਾਰੇ ਹੱਥੀਂ ਜ਼ਰੂਰ ਟੱਕਰਿਆ ਜਾਵੇ ਹਰਗਿਜ਼ ਛੱਡਿਆ ਨਾ ਜਾਵੇ, ਪਰ ਉਸਦੇ ਸਮੁੱਚੇ ਪਰਵਾਰ ਦੀ, ਮਾਸੂਮ ਬੱਚਿਆਂ ਦੀ, ਔਰਤਾਂ ਦੀ ਜਾਨ ਲੈਣ ਦੀ ਤਾਂ ਸਿੱਖੀ ਇਜਾਜ਼ਤ ਨਹੀਂ ਦਿੰਦੀ ! ਸਕੂਲਾਂ-ਕਾਲਿਜਾਂ ਚੋਂ ਨਕਲਾਂ ਰੋਕਣ, ਜੰਞਾਂ ਦੇ ਬੰਦੇ ਘੱਟ ਕਰਨ ਦੇ ਹੁਕਮ ਚੁਤਾਉਣ, ਦਾਜ ਜਾਂ ਭੰਗੜੇ ਪੈਣੋਂ ਹਟਾਉਣ ਦੀਆਂ ਨਿੱਕੀਆਂ ਗੱਲਾਂ ਦਾ ਯਾਰੋ ਤੁਹਾਨੂੰ ਆਜ਼ਾਦੀ ਦੇ ਵੱਡੇ ਕੰਮ ਨੂੰ ਅੱਧ-ਵਿਚਾਲੇ ਛੱਡ ਕੇ ਵਿਹਲ ਹੀ ਕਿਓਂ ਹੋਵੇ ? ਸਿੱਖ-ਸੰਘਰਸ਼ ਦੇ ਇਸ ਸਟੇਜ ਤੇ ਪਹੁੰਚਿਆਂ ਇਹਨਾਂ ਗੱਲਾਂ ਨੂੰ ਵੇਲੇ ਦੀ ਨਿਮਾਜ਼ ਹਰਗਿਜ਼ ਨਹੀਂ, ਹਾਂ ਕੁਵੇਲੇ ਦੀਆਂ ਟੱਕਰਾਂ ਜ਼ਰੂਰ ਕਿਹਾ ਜਾ ਸਕਦਾ ਹੈ। ਅਜਿਹਾ ਸਮਾਜ-ਸੁਧਾਰ ਜੋ ਤੁਹਾਡੀ ਆਜ਼ਾਦੀ ਦੀ ਲਹਿਰ ਨਾਲੋਂ ਲੋਕਾਂ ਨੂੰ ਹੀ ਨਿਖੇੜ ਦੇਵੇ ਉਸਦਾ ਅੱਜ ਦੇ ਮੱਘਦੇ-ਸੰਘਰਸ਼ ਨੂੰ ਕੀ ਲਾਭ? ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ ! ਨਾਲੇ, ਜਿਹੜੇ ਸਮਾਜ-ਸੁਧਾਰ ਤੁਸੀਂ ਪਿਛਲੇ ਵਰ੍ਹਿਆਂ ਤੋਂ ਤਲਵਾਰ ਦੀ ਨੋਕ ਨਾਲ ਕਰਨੇ ਲੋੜਦੇ ਰਹੇ ਹੋਂ ਉਹ ਤਾਂ ਤੁਹਾਡਾ ਰਾਜ ਆਇਆਂ ਤੁਹਾਡੀ ਕਲਮ ਦੀ ਨੋਕ ਨਾਲ ਘੰਟਿਆਂ ਵਿਚ ਹੋ ਸਕਦੇ ਹਨ !

ਡਾ: ਸੋਹਣ ਸਿੰਘ ਪੰਥ ਦਾ ਵਫਾਦਾਰ ਹੈ ਜਾਂ ਗੱਦਾਰ ? ਇਸ ਗੱਲ ਦਾ ਨਿਤਾਰਾ ਤਾਂ ਇਤਿਹਾਸ ਜਲਦੀ ਹੀ ਕਰੇਗਾ ਤੇ ਉਸਨੂੰ ਬਣਦਾ-ਜੁੜਦਾ ਸਨਮਾਨ ਜਾਂ ਸਜ਼ਾ ਵੀ ਬੜੀ ਛੇਤੀ ਹੀ ਦੇਵੇਗਾ।

ਪਰ ਕੰਮ ਦੀ ਗੱਲ ਦੁਸ਼ਮਣ ਵੀ ਕਰੇ ਤਾਂ ਪੱਲੇ ਬੰਨ ਲੈਣੀ ਚਾਹੀਦੀ ਹੈ। ਹੁਣ ਤੱਕ ਤੁਹਾਡੇ ਸੰਘਰਸ਼ ਨੂੰ ਸਟੀਅਰ ਕਰਦਾ ਇਹ ਮਨੁੱਖ ਜੇ ਕਹਿੰਦਾ ਹੈ ਕਿ ਤੁਹਾਡੇ ਦਲਾਂ ਵਿਚ ਸਰਕਾਰੀ-ਏਜੈਂਸੀਆਂ ਦੀ ਘੁਸ-ਪੈਠ ਹੈ, ਹੋ ਰਹੀਆਂ ਲੁੱਟਾਂ-ਖੋਹਾਂ, ਕਤਲਾਂ-ਫਿਰੌਤੀਆਂ ਵਿਚ ਤੁਹਾਡਾ ਵੀ ਨਾਂ ਬੋਲਦਾ ਹੈ ਤਾਂ ਨਿਸਚੇ ਹੀ ਇਸ ਗੱਲ ਵਿਚ ਕੁਝ ਸੱਚਾਈ ਹੋਵੇਗੀ। ਆਪਣੇ ਵਿਰੁਧ ਉਠੀਆਂ ਬਗਾਵਤਾਂ ਨੂੰ ਦਬਾਉਣ ਤੇ ਛਿੜੇ-ਸੰਘਰਸ਼ਾਂ ਨੂੰ ਠੁੱਸ ਕਰਨ ਲਈ ਸਰਕਾਰਾਂ ਅਕਸਰ ਹਰ ਹਰਬਾ ਵਰਤਿਆ ਹੀ ਕਰਦੀਆਂ ਹਨ। ਦਿੱਲੀ ਕੋਈ ਜੱਗੋਂ-ਤੇਰਵੀਂ ਨਹੀਂ ਕਰ ਰਹੀ, ਸਗੋਂ ਬੜੀ ਹੁਸ਼ਿਆਰੀ ਤੇ ਮੱਕਾਰੀ ਨਾਲ ਕਰ ਰਹੀ ਹੈ। ਬਿਦੇਸ਼ਿਆਂ ਦੇ ਕਤਲ, ਲੁੱਟਾਂ-ਖੋਹਾਂ, ਫਿਰੌਤੀਆਂ ਤੇ ਬਲਾਤਕਾਰ ਦੀਆਂ ਘਟੀਆ-ਘਟਨਾਵਾਂ ਦਿੱਲੀ ਦੇ ਛੱਡੇ ਮੁਸ਼ਟੰਡੇ, ਲੁੱਚੇ-ਲੋਕ ਤੇ ਗਲਤ-ਅਨਸਰ ਤਾਂ ਨਿਸਚੇ ਕਰ ਹੀ ਰਹੇ ਹਨ ਪਰ ਤੁਹਾਡਾ ਕੋਈ ਸੱਚਾ ਨਾਂ ਇਹਨਾਂ 'ਚ ਸ਼ੁਮਾਰ ਕਿਉਂ ਹੋਵੇ ? ਇਤਿਹਾਸ ਸਾਖੀ ਹੈ ਕਿ ਸਿੰਘ ਦੁਸ਼ਮਣਾਂ-ਮੁਖਬਰਾਂ ਨੂੰ ਸੋਧਦੇ, ਸਰਕਾਰੀ-ਖਜ਼ਾਨਿਆਂ, ਸੂਕਾਰ-ਪ੍ਰੌਸਤ ਅਥਵਾ ਸੰਘਰਸ਼-ਵਿਰੋਧੀ ਧਨਾਢਾਂ ਨੂੰ ਲੋਤ ਲਈ ਲੁੱਟਦੇ ਰਹੇ ਹਨ ਪਰ ਅੱਜ ਦੇ ਚਲਦੇ ਸੰਘਰਸ਼ ਦੌਰਾਨ ਜੇ ਕਿਸੇ ਮਸਾਂ ਪ੍ਰਦੇਸੋਂ ਪਰਤੇ ਜਾਂ ਚੰਗਾ ਟੁੱਕ ਖਾਂਦੇ ਸਾਊ ਪੰਜਾਬੀ ਤੋਂ ਤੁਹਾਡੀ ਕਿਸੇ ਜਥੇਬੰਦੀ ਦਾ ਪੈਡ ਵਰਤਕੇ ਜਬਰੀ ਧਨ ਉਗਰਾਹੁਣ ਜਾਂ, ਜ਼ੋਰੀਂ ਦਾਨ ਮੰਗਣ ਦੀ ਕੋਈ ਘਿਨਾਉਂਣੀ ਘਟਨਾ ਘਟੇ ਤਾਂ ਤੁਹਾਡੇ ਵਲੋਂ ਇਸਦਾ ਤੁਰੰਤ ਖੰਡਨ ਹੋਣਾ ਚਾਹੀਦਾ ਹੈ। ਮੰਨਿਆਂ, ਸਰਕਾਰ ਦੇ ਮੁਕਾਬਲੇ ਤੁਹਾਡੇ ਪ੍ਰਚਾਰ-ਸੰਚਾਰ ਦੇ ਵਸੀਲੇ ਘੱਟ ਹਨ ਪਰ ਜੇ ਤੁਹਾਡੀ ਕੋਈ ਸਾਂਝੀ ਜੁਝਾਰੂ-ਕਮੇਟੀ ਹੋਂਦ ਵਿਚ ਆ ਜਾਵੇ ਤਾਂ ਉਹ ਸਮੇਂ ਸਮੇਂ ਸਰਕਾਰ ਵਲੋਂ ਕਰਵਾਈਆਂ ਜਾਂਦੀਆਂ ਕਾਰਵਾਈਆਂ ਦਾ ਖੰਡਨ ਕਰ ਸਕਦੀ ਹੈ। ਨਹੀਂ ਤਾਂ ਅਜਿਹੀ ਕਿਸੇ ਘਟਨਾ ਵਿਚ ਜੇ ਤੁਹਾਡਾ ਹੱਥ ਹੋਵੇ ਤਾਂ ਅਜਿਹੀ ਘਟਨਾ ਤੋਂ ਪ੍ਰਭਾਵਿਤ ਲੋਕ ਤੁਹਾਨੂੰ ਨਿਰਸੁਆਰਥ ਦਰਵੇਸ਼ਾਂ-ਸਾਧਾਂ ਨੂੰ ਚੋਰ, ਲੁਟੇਰੇ ਤੇ ਡਾਕੂ ਹੀ ਸਮਝਦੇ ਰਹਿਣਗੇ ਅਤੇ ਤੁਹਾਡੀ ਕਿਸੇ ਕੱਲੀ-ਕਾਰੀ ਘਟਨਾ ਦੇ ਸਹਾਰੇ ਸਰਕਾਰ ਅਜਿਹੀਆਂ ਹੋਰ ਘਟਨਾਵਾਂ ਘਟਾ ਕੇ ਤੁਹਾਨੂੰ ਬਦਨਾਮ ਕਰਦੀ ਰਹੇਗੀ। ਦਿੱਲੀ ਨੇ ਤੁਹਾਡੀਆਂ ਸਫਾਂ ਵਿਚ ਆਪਣੇ ਪਾਲਤੂ-ਬਦਮਾਸ਼ ਪਾ ਕੇ ਆਪਣੇ ਸਾਜ਼ਿਸ਼ੀ-ਸੰਚਾਰ ਤੇ ਭੰਡੀ-ਪ੍ਰਚਾਰ ਸਾਧਨਾਂ ਰਾਹੀਂ ਤੁਹਾਨੂੰ ਬਦਨਾਮ ਕਰਨਾ ਹੈ, ਤੁਹਾਡੇ ਸੰਘਰਸ਼ ਨਾਲੋਂ ਲੋਕ ਤੋੜਨੇ ਹਨ ਤੇ ਕਾਮਯਾਬੀ ਨਾਲ ਤੋੜ ਰਹੀ ਹੈ। ਤੁਸੀਂ ਆਪਣे ਉਚੇ ਕਿਰਦਾਰ-ਵਿਵਹਾਰ ਰਾਹੀਂ ਆਪਣੇ ਕਾਫਲੇ ਨੂੰ ਵਧਾਉਂਣਾ ਤੇ ਲੋਕਾਂ ਨੂੰ ਨਾਲ ਜੋੜਨਾ ਹੈ ਪਰ

ਤੁਸੀਂ ਜੋੜਨ ਵਿਚ ਨਾਕਾਮ ਹੋ ਰਹੇ ਹੋ। ਦਿੱਲੀ ਤੁਹਾਡੀ ਖਾਲਿਸਤਾਨ ਦੀ ਮੰਗ ਨੂੰ ਇਕ ਹਊਆ ਬਣਾ ਕੇ ਉਸਦਾ ਮਨ-ਭਾਉਂਦਾ ਭਾਅ ਵੱਟ ਰਹੀ ਹੈ ਤੇ ਤੁਹਾਨੂੰ ਹੋਰਨਾਂ ਨਾਲੋਂ ਬੁਰੀ ਤਰਾਂ ਅਲੱਗ-ਥਲੱਗ ਕਰ ਰਹੀ ਹੈ।

ਸਿੱਖ-ਸੰਘਰਸ਼ ਨੂੰ ਬਲਵਾਨ ਬਣਾਉਂਣ ਲਈ ਸਮੇਂ ਦੀ ਫੌਰੀ ਮੰਗ ਹੈ ਕਿ ਤੁਸੀਂ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਬਣੇ ਬੈਠੇ ਸਾਰੇ ਜੱਥੇਦਾਰਾਂ ਦੇ ਅਸਤੀਫੇ ਲੈ ਕੇ ਇਸ ਬਿਖਤੇ ਸਮੇਂ ਕਿਸੇ ਇਕ ਚੁਕਵੀਂ ਸਖਸ਼ੀਅਤ ਨੂੰ ਜਥੇਦਾਰ ਦੀ ਪਦਵੀ ਤੇ ਸੁਸ਼ੋਭਤ ਕਰਨ ਦਾ ਬਾਨ੍ਹੂੰ ਬੁੰਨਣ ਦੀ ਦਲੇਰੀ ਕਰੋ, ਵੱਖੋ-ਵੱਖਰੀਆਂ ਪੰਥਕ-ਕਮੇਟੀਆਂ/ਜੁਝਾਰੂ-ਜਥੇਬੰਦੀਆਂ ਦੀ ਇਕ ਸਰਬ-ਸਾਂਝੀ ਕਮੇਟੀ ਦਾ ਤੁਰੰਤ ਗਠਨ ਕਰੋ ਜੋ ਤੁਹਾਡੇ ਸਿਦਕ ਦੇ ਸ਼ਸਕਾਰਿਆਂ, ਕੁਰਬਾਨ ਹੋ ਜਾਣ ਦੇ ਲਲਕਾਰਿਆਂ ਤੇ ਜਿੱਤ ਦੇ ਜੈਕਾਰਿਆਂ ਨਾਲ ਇਕੱਠੇ ਹੋ ਰਹੇ ਅਕਾਲੀ ਦਲਾਂ ਦੇ ਇੰਜੜ 'ਚੋਂ ਕਿਸੇ ਇਕ ਯੋਗ ਤੇ ਦਿਆਨਤਦਾਰ ਆਗੂ ਨੂੰ ਮਾਨਤਾ ਦੇ ਕੇ ਤੁਹਾਡੇ ਜਨਤਕ-ਮੋਰਚੇ ਦਾ ਮੋਹਰੀ ਬਾਪੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਲੋਕਾਂ ਨੂੰ ਸਿੱਖ-ਸੰਘਰਸ਼ ਲਈ ਲਾਮਬੰਦ ਕਰੇ। ਤੁਸੀਂ ਰੂਪੋਸ਼ ਰਹਿ ਕੇ ਇਕੱਲੇ ਇਕੱਲੇ ਕੌਮ ਤੋਂ ਕੁਰਬਾਨ ਹੋ ਜਾਣਾ ਹੈ ਪਰ ਆਪਣੇ ਕਾਫਲੇ ਨੂੰ ਆਪਣੇ ਨਾਲ ਤੋਰਨ ਲਈ ਤੁਹਾਡਾ ਰਾਬਤਾ ਤੁਹਾਡੇ ਲੋਕਾਂ ਨਾਲ ਸਦਾ ਬਣਿਆ ਰਹਿਣਾ ਚਾਹੀਦਾ ਹੈ। ਸਭ ਤੋਂ ਅਹਿਮ ਤੇ ਜਰੂਰੀ ਗੱਲ ਇਹ ਹੈ ਕਿ ਲੋਕਾਂ ਨੂੰ ਨਾਲ ਲੈਣ ਲਈ ਜਿਸ ਅਕਾਲੀ ਆਗੂ ਨੂੰ ਤੁਸੀਂ ਮਾਨਤਾ ਦੇਵੋਂ ਉਹ ਕੌਮ ਪ੍ਰਤੀ ਤੁਹਾਡੇ ਜਿਹਾ ਈਮਾਨਦਾਰ ਤੇ ਦਿਆਨਤਦਾਰ ਹੋਵੇ ! ਫਿਰ ਸ੍ਰੀ ਅਕਾਲ ਤਖਤ ਦੀ ਤਾਬਿਆ ਰਹਿ ਤੁਹਾਡੀ ਸਾਂਝੀ ਜੁਝਾਰੂ-ਕਮੇਟੀ ਦੇ ਪ੍ਰੋਗਰਾਮਾਂ/ਫੈਸਲਿਆਂ ਨੂੰ ਅਕਾਲੀ ਦਲ, ਘਰ-ਘਰ ਵਿਚ ਪਹੁੰਚਾਵੇ ਤੇ ਸਿੱਖ- ਸੰਘਰਸ਼ ਨਾਲ ਜੋੜੇ।

ਸਿੱਖਾਂ ਨੂੰ ਸਿੱਖ-ਸੰਘਰਸ਼ ਨਾਲ ਜੋੜਨ ਵਿਚ ਅੱਜ ਇਕ ਹੋਰ ਰੁਕਾਵਟ ਵੀ ਵਿਚਾਰਨ ਗੋਚਰੀ ਹੈ। ਨਿਰਸੰਦੇਹ ਸਿੱਖ-ਖੇਤਰ ਵਿਚ ਮੀਰੀ-ਪੀਰੀ ਅਥਵਾ ਧਰਮ ਤੇ ਸਿਆਸਤ ਬਗਲਗੀਰ ਹੋ ਕੇ ਤੁਰਦੇ ਹਨ ਪਰ ਇਹ ਜਰੂਰੀ ਨਹੀਂ ਕਿ ਕਿਸੇ ਵੀ ਸਿੱਖ-ਨੇਤਾ ਵਿਚ ਧਰਮ ਅਤੇ ਸਿਆਸਤ ਦੇ ਖੇਤਰਾਂ ਵਿਚ ਸਿੱਖਾਂ ਨੂੰ ਸੇਧ ਦੇਣ ਜਾਂ ਸਿੱਖ-ਸੰਘਰਸ਼ ਨਾਲ ਜੋੜਨ ਦੀ ਇਕੋ ਜਿਹੀ ਕਾਬਲੀਅਤ ਹੋਵੇ। ਸਾਡਾ ਸਿੱਖਾਂ ਦਾ ਇਸ ਪੱਖੋਂ ਬਾਬਾ ਆਦਮ ਹੀ ਨਿਰਾਲਾ ਹੈ ! ਅਸੀਂ ਊਠ ਦੀ ਚਿੱਲੀ ਤਾਂ ਘੋੜੇ ਤੇ ਲੱਦੀ ਫਿਰਦੇ ਹਾਂ ਤੇ ਊਠ ਨੂੰ ਅਸੀਂ ਤਾਂਗੇ ਅੱਗੇ ਜੋੜਿਆ ਹੋਇਆ ਹੈ। ਕੌਮ ਦੇ ਸਤਿਕਾਰ ਯੋਗ ਬਜੁਰਗ ਬਾਬਾ ਠਾਕਰ ਸਿੰਘ ਤੇ ਬਾਬਾ ਜੋਗਿੰਦਰ ਸਿੰਘ ਧਾਰਮਿਕ-ਵਿਅਕਤੀ ਹਨ। ਪੰਥ ਦੀ ਸੇਵਾ ਲਈ ਉਹ ਧਾਰਮਿਕ- ਖੇਤਰ ਵਿਚ ਅੱਜ ਉਘਾ ਯੋਗਦਾਨ ਪਾ ਸਕਦੇ ਹਨ। ਅੰਮ੍ਰਿਤ-ਸੰਚਾਰ ਦੀ ਇਕ ਜ਼ਬਰਦਸਤ ਲਹਿਰ ਚਲਾ ਕੇ ਸਿੱਖਾਂ ਨੂੰ ਸਿੱਖ-ਸੰਘਰਸ਼ ਨਾਲ ਜੋੜ ਸਕਦੇ ਹਨ। ਗੁੰਬੀਆਂ-ਗਿਆਨੀਆਂ ਦੇ ਗਲੀਂ ਵਾਜੇ ਪੁਆ ਕੇ ਢੋਲਕੀਆਂ-ਚਿਮਟਿਆਂ ਦੀ ਛਣਕਾਰ-ਟੁਣਕਾਰ ਨਾਲ ਪੰਥ ਦੇ ਨਾਂ ਦੀ ਗੁੰਜਾਰ ਪਾਉਂਦੇ ਸ਼ਾਂਤਮਈ ਰਹਿ ਸ਼ਬਦ ਪੜਦੇ, ਵਹੀਰ ਬਣਕੇ ਪਿੰਡਾਂ ਚੋਂ ਵਿਚਰਦੇ ਲੋਕ ਜਗਾਉਂਣ ਲਈ ਕੌਮ ਦੀ ਕਲਾ ਮਰੋੜ ਸਕਦੇ ਹਨ ਪਰ ਉਹਨਾਂ ਉਦਾਲੇ ਹੋਏ ਉਹਨਾਂ ਦੇ ਹਮਦਰਦ ਉਹਨਾਂ ਨੂੰ ਚਾਪਲੂਸੀ ਦੀਆਂ ਹੁੱਝਾਂ ਮਾਰ ਮਾਰ ਸਿਆਸਤ ਦੇ ਯੱਕੇ ਦੀਆਂ ਸਾਧਾਰਨ-ਸਾਦੀਆਂ ਸਵਾਰੀਆਂ ਬਣਾ ਰਹੇ ਹਨ ! ਤੇ ਇੰਵ ਕੌਮ ਦੇ ਇਹ ਭੋਲੇ ਅਮੋਲ-ਬਾਬੇ ਸਿਆਸਤ ਦੇ ਖੇਤਰ ਵਿਚ ਅੱਜ ਕੌਡੀਆਂ ਦੇ ਭਾਅ ਵਿਕ ਰਹੇ ਹਨ। ਦੂਜੇ ਪਾਸੇ 'ਨੀਲਾ ਤਾਰਾ ਅਪ੍ਰੇਸ਼ਨ' ਦਾ ਮੁੱਖ-ਭਾਈਵਾਲ, ਧਰਮ ਤੋਂ ਕੋਹਾਂ ਦੂਰ ਰਹਿਣ ਵਾਲਾ ਨਾਸਤਿਕ ਅਤੇ ਸਿਆਸਤ ਦੇ ਖੇਤਰ ਵਿਚ ਛਟਿਆ, ਸ਼ਾਤਰ ਤੇ ਸ਼ੈਤਾਨ, ਟੌਹੜੇ ਵਰਗਾ ਬੇਈਮਾਨ ਮਨੁੱਖ ਸਿੱਖਾਂ ਦੀ ਸਰਬੋਤਮ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚਾਬੀਆਂ ਪਿਛਲੇ ਅਠਾਰਾਂ ਵਰਿਆਂ ਤੋਂ ਆਪਣੇ ਕਛਹਿਰੇ ਦੇ ਨਾਲੇ ਨਾਲ ਬੁੰਨ ਕੇ ਧਾਰਮਿਕ-ਖੇਤਰ 'ਚ ਦਨਦਨਾਂਦਾ ਵਿਚਰ ਰਿਹਾ ਹੈ। ਆਪਣੇ ਪਹਿਲੋਂ ਬਣਾਏ ਸੈਲਾਂ ਸਹਾਰੇ ਇਕ ਪਾਸੇ ਉਹ ਦਾਅ-ਪੇਚ ਵਰਤ ਕੇ ਜੁਝਾਰੂਆਂ ਦੀ ਨਜ਼ਰ ਵਿਚ ਮਕਬੂਲ ਹੋਣ ਲਈ ਹੱਥ-ਪੈਰ ਮਾਰ ਰਿਹਾ ਹੈ ਤੇ ਦੂਸਰੇ ਪਾਸੇ ਸਿੱਖਾਂ ਨੂੰ ਸਿੱਖ-ਸੰਘਰਸ਼ ਨਾਲੋਂ ਤੋੜ ਕੇ ਅਤੇ ਇਸ ਲਹਿਰ ਨੂੰ ਕਮਜ਼ੋਰ ਕਰਕੇ ਅਜੇ ਵੀ ਸਿੱਖਾਂ ਦਾ ਸੁਪਰੀਮ-ਲੀਡਰ ਬਣਨ ਦੇ ਖਾਬ ਉਡਾ ਰਿਹਾ ਹੈ। ਕਹਿਣ ਦਾ ਭਾਵ ਕਿ ਜਿਹਨਾਂ ਵਿਅਕਤੀਆਂ ਵਿਚ ਅੱਜ ਧਾਰਮਿਕ-ਖੇਤਰ ਵਿਚ ਵਿਚਰ ਕੇ ਸਿੱਖਾਂ ਨੂੰ ਜਗਾਉਂਣ ਅਥਵਾ ਸਿੱਖ-ਸੰਘਰਸ਼ ਨਾਲ ਜੋੜਨ ਦੀ ਯੋਗਤਾ ਹੈ ਉਹਨਾਂ ਨੂੰ ਅਸੀਂ ਸਿਆਸਤ ਦੇ ਖੇਤਰ ਵਿਚ ਧੂਣੀ ਫਿਰਦੇ ਹਾਂ ਤੇ ਜਿਹਨਾਂ ਦੀ ਸੋਚ ਜਾਂ ਖਾਸਾ ਸਿਆਸੀ ਹੈ ਉਹ ਸਿੱਖਾਂ ਦੇ

ਧਾਰਮਿਕ-ਅਦਾਰਿਆਂ ਤੇ ਕਾਬਜ਼ ਹੋ ਕੇ ਅੱਜ ਸਿੱਖਾਂ ਦੇ ਸਾਧਨਾਂ ਨੂੰ ਆਪਣੀਆਂ ਸਿਆਸੀ- ਖਾਹਸ਼ਾਂ ਦੀ ਪੂਰਤੀ ਲਈ ਵਰਤ ਕੇ ਸਿੱਖਾਂ ਅਥਵਾ ਸਿੱਖ-ਸੰਘਰਸ਼ ਦੇ ਜੜ੍ਹੀਂ ਤੇਲ ਦੇ ਰਹੇ ਹਨ ਅਰਥਾਤ ਅੰਦਰਖਾਤੇ ਸਿੱਖਾਂ ਨੂੰ ਸਿੱਖ-ਸੰਘਰਸ਼ ਨਾਲੋਂ ਤੋੜ ਰਹੇ ਹਨ।

ਰੈਲੂ ਬਹੁਤੀ ਨਾ ਵਲਦਾ ਹੋਇਆ ਗੱਲ ਥੋੜੇ ਸ਼ਬਦਾਂ 'ਚ ਇਕੱਠੀ ਕਰਾਂ ਕਿ ਤੁਸੀਂ ਆਜ਼ਾਦੀ ਦੀ ਇਸ ਜਦੋਜਹਿਦ ਨੂੰ ਜਿੱਤਣ ਲਈ ਆਪਣੇ ਕਾਫਲੇ ਨੂੰ, ਸਿੱਖਾਂ ਨੂੰ, ਪੰਜਾਬੀਆਂ ਨੂੰ, ਆਪਣੇ ਨਾਲ ਲੈਣਾ ਹੈ। ਵੀਹਵੀਂ ਸਦੀ ਦੇ ਸਿੱਖਾਂ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਦੀ ਖਾਸੀਅਤ ਅਤੇ ਖੂਬੀ ਹੀ ਇਹ ਸੀ ਕਿ ਉਸਨੇ ਸਿੱਖਾਂ ਅਥਵਾ ਆਪਣੇ ਕਾਫਲੇ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਉਸ ਨੂੰ ਆਪਣੇ ਸ਼ਕਤੀਲੇ-ਫੁਰਤੀਲੇ ਕਦਮਾਂ ਮਗਰ ਤੋਰ ਲਿਆ ਸੀ। ਕੌਮ ਦੀ ਬਦਕਿਸਮਤੀ ਹੈ ਕਿ ਉਹਨਾਂ ਮਗਰੋਂ ਅੱਜੇ ਤੱਕ ਉਹਨਾਂ ਜਿਹਾ ਕੱਦਾਵਰ-ਲੀਡਰ ਤੁਹਾਡੇ ਚੋਂ ਕੋਈ ਉਭਰ ਨਹੀਂ ਸਕਿਆ। ਪਰ ਤੁਸੀਂ ਉਹਨਾਂ ਦੇ ਕਦਮ-ਚਿੰਨਾਂ ਤੇ ਤੁਰਨ ਦੀਆਂ ਗੱਲਾਂ ਸਟੇਜਾਂ-ਅਖਬਾਰਾਂ ਰਾਹੀਂ ਰੋਜ਼ ਕਰਦੇ ਹੋ। ਸੁਆਦ ਤਾਂ ਹੈ ਜੇ ਅੱਜ ਤੁਸੀਂ ਉਹਨਾਂ ਦੇ ਕਹੇ ਬੋਲ ਪੁਗਾਉਂਣ ਲਈ ਸਿੱਖ-ਸੰਸਾਰ ਦੇ ਦਿਲ ਵਿਚ ਰਹਿ ਰਹਿ ਧੜਕਦੀ ਇੱਕੋ ਸਧਰ ਪੂਰੀ ਕਰਦਿਆਂ ਇਕੱਠੇ ਹੋ ਕੇ ਸਿੱਖਾਂ ਦੇ ਘਰੀਂ ਕੜਾਹੀਆਂ ਚੜ੍ਹਾ ਦਿਉ। ਸਿਰ ਜੋੜਕੇ ਆਪਣੀ ਇਕ ਸਾਂਝੀ ਜੁਝਾਰੂ-ਕਮੇਟੀ ਦਾ ਤੁਰੰਤ ਗਠਨ ਕਰੋ ਤੇ ਫਿਰ ਆਪਣਾ ਪ੍ਰੋਗਰਾਮ ਸ੍ਰੀ ਅਕਾਲ ਤਖਤ ਦੀ ਸਰਬ-ਉਚਤਾ ਅਧੀਨ, ਅਕਾਲੀ ਦਲ ਦੀ ਦਿਆਨਤਦਾਰ-ਲੀਡਰਸ਼ਿਪ ਰਾਹੀਂ ਲੋਕਾਂ ਤੱਕ ਪਹੁੰਚਾ ਕੇ ਲੋਕਾਂ ਨੂੰ ਨਾਲ ਲੈ ਕੇ ਤੁਰੋ। ਸਮਾਂ ਮੰਗ ਕਰਦਾ ਹੈ ਕਿ ਤੁਸੀਂ ਅੱਜ ਕੌਮ ਦੀਆਂ ਧਾਰਮਿਕ-ਸ਼ਖਸੀਅਤਾਂ, ਬਾਬਿਆਂ, ਸੰਤਾਂ-ਮਹਾਂਪੁਰਸ਼ਾਂ ਨੂੰ ਹੱਥ ਬੁੰਨ ਬੇਨਤੀ ਕਰੋਂ ਕਿ ਉਹ ਪੰਥ ਉਤੇ ਪਈ ਇਸ ਭੀੜ ਸਮੇਂ ਸੰਗਤਾਂ ਨੂੰ ਜਗਾ ਕੇ ਸਿੱਖ-ਸੰਘਰਸ਼ ਨਾਲ ਜੋੜਨ । ਵਿਦਵਾਨਾਂ-ਲਿਖਾਰੀਆਂ ਨੂੰ ਵੰਗਾਰ ਪਾਓ ਕਿ ਉਹ ਖਾਲਸਾ-ਰਾਜ ਦੀ ਸਥਾਪਤੀ ਪ੍ਰਤੀ ਆਪਣੀ ਭੂਮਿਕਾ ਨਿਭਾਉਂਣ ਲਈ ਅੱਗੇ ਆਉਂਣ। ਕਵੀਆਂ-ਸ਼ਾਇਰਾਂ ਨੂੰ ਪ੍ਰੇਰੋ ਕਿ ਉਹ ਪੰਜਾਬ ਦੀ ਧਰਤ ਤੇ ਨਿੱਤ ਵਾਪਰਦੇ ਸਾਕਿਆਂ ਨੂੰ ਕਲਮਬੰਦ ਕਰਨ। ਕਵੀਸ਼ਰਾਂ, ਢਾਡੀਆਂ ਤੇ ਗਾਇਕਾਂ ਨੂੰ ਕਹੋ ਕਿ ਉਹ ਸ਼ਹੀਦਾਂ ਦੀਆਂ ਵਾਰਾਂ ਤੇ ਗੀਤ ਗਾ ਕੇ ਕੌਮ ਨੂੰ ਹਲੂਣਣ!

ਵਰਤਮਾਨ ਸਿੱਖ-ਸੰਘਰਸ਼ ਦੀ ਵਾਗਡੋਰ ਅੱਜ ਤੁਹਾਡੇ ਹੱਥਾਂ 'ਚ ਹੈ। ਤੁਸਾਂ ਲੋਕਾਂ ਨੂੰ ਉਠਾ ਜੰਗਾ ਤੇ ਆਪਣੇ ਨਾਲ ਰਲਾ ਕੇ ਅੱਗੇ ਵਧਣਾ ਹੈ। ਪੰਜਾਬ ਦੇ ਸੂਰਮੇ ਪੁੱਤਰੋ ! ਤੁਹਾਡੀ ਸੂਰਮਗਤੀ ਦੀਆਂ ਤਿੱਖੀਆਂ ਤਲਵਾਰਾਂ ਦਿੱਲੀ ਤੱਕ ਸਹਿਜੇ ਹੀ ਵਾਢ ਕਰ ਸਕਦੀਆਂ ਹਨ ਜੇ ਤੁਹਾਡੇ ਮਗਰ ਤੁਹਾਡੀ ਵਹੀਰ ਹੋਵੇਗੀ। ਕਾਫਲੇ ਵਾਲਿਓ ! ਨਾਲੇ ਸਾਰੇ ਮੁਹਾਜ਼ਾਂ ਤੇ ਤੁਸੀਂ ਇਕੱਲੇ ਹੀ ਕਿਉਂ ਲੜੋ? ਦਿੱਲੀ ਦੇ ਸਤਾਏ ਪੰਜਾਬ ਦਾ ਹੱਥ ਤੁਹਾਡੀ ਪਿੱਠ ਤੇ ਹੋਣਾ ਚਾਹੀਦਾ ਹੈ। ਪੰਥ ਦਾ ਥਾਪੜਾ ਪਾ ਕੇ ਤੁਸਾਂ ਫਤਹ ਪ੍ਰਾਪਤ ਕਰਨੀ ਹੀ ਕਰਨੀ ਹੈ। ਤੁਸੀਂ ਆਪਣੇ ਕਾਫਲੇ ਨਾਲ ਅੱਜ ਆਪਣੀ ਪੱਕੀ-ਆੜੀ ਪਾ ਕੇ ਰੱਖੋ। ਕੋਈ ਗਲਤ ਐਕਸ਼ਨ ਅੱਜ ਤੁਹਾਡੇ ਹੱਥੋਂ ਹੋਣਾ ਨਹੀਂ ਚਾਹੀਦਾ, ਤੁਹਾਡੇ ਖਾਤੇ ਵਿਚ ਪੈਣਾ ਨਹੀਂ ਚਾਹੀਦਾ। ਜੇ ਦਿੱਲੀ ਪਾਉਂਦੀ ਹੈ ਤਾਂ ਤੁਹਾਡੀ ਸਾਂਝੀ ਜੁਝਾਰੂ-ਕਮੇਟੀ ਉਸਦਾ ਖੰਡਨ ਕਰੇ।

ਜ਼ਾਲਮ ਦਿੱਲੀ ਦੇ ਜ਼ੁਲਮ ਦੀ ਲੰਬੇ ਅਰਸੇ ਤੋਂ ਚਲਦੀ ਆਰੀ ਨੇ ਪੰਜਾਬ ਦੇ ਖੂਬਸੂਰਤ ਟਾਹਣੇ ਨੂੰ ਅੱਜ ਆਪ ਹੀ ਭਾਰਤ ਦੇ ਖ਼ਿਛ ਨਾਲੋਂ ਵੱਢ ਦਿੱਤਾ ਹੈ। ਪਰ ਪੰਜਾਬ ਤੁਹਾਡਾ ਘਰ ਹੈ। ਤੁਹਾਡੇ ਸੁਪਨੇ ਦੇ ਖਾਲਿਸਤਾਨ ਦੀ ਧਰਤੀ ਹੈ। ਤੁਸੀਂ ਇਸਨੂੰ ਅੱਗ ਤੋਂ ਬਚਾਉਂਣ ਦਾ ਯਤਨ ਕਰੋ। ਸਿਆਣੇ ਜਰਨੈਲ ਆਪਣੀ ਧਰਤੀ ਤੇ ਨਹੀਂ ਲੜਦੇ ਹਮੇਸ਼ਾਂ ਆਪਣੇ ਲਸ਼ਕਰ ਲੈ ਕੇ ਦੁਸ਼ਮਣ ਦੀ ਧਰਤੀ ਵੱਲ ਵਧਦੇ ਹਨ। ਆਪਣਾ ਗੋਲੀ-ਸਿੱਕਾ ਨਿੱਕੇ-ਨਿਸ਼ਾਨਿਆਂ ਤੇ ਨਹੀਂ ਮੁਕਾ ਬਹਿੰਦੇ। ਤੁਹਾਡੇ ਸਾਹਮਣੇ ਅੱਜ ਇਕੋ ਨਿਸ਼ਾਨਾ ਹੋਵੇ-ਤੁਹਾਨੂੰ ਅੱਜ ਇੱਕੋ ਲਗਨ ਲੱਗੀ ਹੋਵੇ ਕਿ ਤੁਸਾਂ ਦਿੱਲੀ ਨਾਲ ਭਿੜ ਕੇ ਆਪਣਾ ਰਾਜ ਸਥਾਪਤ ਕਰਨਾ ਹੈ।

ਅੱਜ ਦਿੱਲੀ-ਸਰਕਾਰ ਤੁਹਾਡੇ ਸੰਘਰਸ਼ ਨੂੰ ਖਿਲਾਰਨ ਲਈ ਹਰ ਹੱਥ-ਕੰਡਾ ਵਰਤ ਰਹੀ ਹੈ ਪਰ ਤੁਸਾਂ ਆਪਣੇ ਸੰਘਰਸ਼ ਦੀ ਭਰੀ ਬੁੰਨਣੀ ਹੈ। ਆਪਣੇ ਲੋਕਾਂ ਦਾ ਸਹਿਯੋਗ, ਭਰੋਸਾ ਤੇ ਪਿਆਰ ਆਪਣੇ ਨਾਲ ਰੱਖਣਾ ਹੈ। ਦਿੱਲੀ ਤੁਹਾਡਾ ਅਕਸ ਲੋਕਾਂ 'ਚ ਭੈਅ ਵਾਲਾ ਪ੍ਰਚਾਰ ਰਹੀ ਹੈ ਪਰ ਤੁਸੀਂ 'ਭੈਅ' ਨਹੀਂ ਤੁਸੀਂ ਤਾਂ 'ਭਾਓ' ਅਥਵਾ ਪਿਆਰ ਦੀ ਤਸਵੀਰ ਹੋ। ਤੁਸੀਂ ਅੱਜ ਆਪਣੇ ਲੋਕਾਂ ਨੂੰ ਪਿਆਰ ਤੇ ਪ੍ਰੇਰਨਾ ਨਾਲ

ਆਪਣੇ ਕਾਫਲੇ 'ਚ ਸ਼ਾਮਲ ਕਰਨਾ ਹੈ, ਆਪਣੇ ਕਾਫਲੇ ਨੂੰ ਹੋਰ ਵਡੇਰਾ ਕਰਨਾ ਤੇ ਵਧਾਉਣਾ ਹੈ। ਤੁਹਾਨੂੰ ਅੱਜ, ਜਿੰਨਾ ਵੀ ਕੋਈ ਸਹਿਯੋਗ ਦਿੰਦਾ ਜਾਂ ਦੇ ਸਕਦਾ ਹੈ, ਲੈ ਲਓ। ਸਿੱਖ ਕੋਈ ਮੋਨਾ ਹੈ, ਦਾਹੜੀ-ਕਟਾ ਹੈ, ਜੁਆਰੀਆ ਹੈ, ਸਹਿਯੋਗ ਦਿੰਦਾ ਹੈ-ਲੈ ਲੈਣਾ ਚਾਹੀਦਾ ਹੈ ! ਪੰਥ ਦੀਆਂ ਸਫਾਂ 'ਚ ਅੱਜ ਵੀ ਬਥੇਰੇ ਬਿਧੀ ਚੰਦ ਬੈਠੇ ਹਨ ਜਿਹਨਾਂ ਵਿਚ ਦਿੱਲੀ ਵਲੋਂ ਖੋਹੇ ਸਿੱਖ-ਹੱਕਾਂ ਦੇ ਘੋੜੇ ਵਾਪਸ ਲੈ ਆਉਣ ਦੀਆਂ ਸਮਰੱਥਾਵਾਂ ਤੇ ਯੋਗਤਾਵਾਂ ਹਨ ਪਰ ਲੋੜ ਅੱਜ ਤੁਹਾਡੇ ਹਿਰਦੇ ਦੀ ਵਿਸ਼ਾਲਤਾ ਤੇ ਦੂਰ-ਦ੍ਰਿਸ਼ਟੀ ਦੀ ਹੈ। ਦੇਸ਼-ਵਿਦੇਸ਼ ਬੈਠੇ ਆਪੋ ਆਪਣੇ ਕੌਮੀ-ਧੰਦੀਂ ਰੁੱਝੇ ਸਾਰੇ ਸਿੱਖਾਂ 'ਚ ਗੁਰੂ ਪੰਥ ਲਈ, ਤੁਹਾਡੇ ਲਈ, ਸਿੱਖ-ਸੰਘਰਸ਼ ਲਈ ਪਿਆਰ ਹੈ ਪਰ ਸੁਆਲ ਇਹ ਹੈ ਕਿ ਕੀ ਤੁਸੀਂ ਇਹਨਾਂ ਨੂੰ ਪਿਆਰ ਤੇ ਪ੍ਰੇਰਨਾ ਸੰਗ ਆਪਣੇ ਕਾਫਲੇ ਵਿਚ ਸ਼ਾਮਲ ਕਰਨਾ ਸੋਚਦੇ ਹੋ ਕਿ ਨਹੀਂ ? ਦਿੱਲੀ ਦੇ ਜ਼ੁਲਮ ਨੇ ਦੋਸਤੋ ਸਾਜ਼ ਤਾਂ ਸਾਰੇ ਸੁਰ ਕੀਤੇ ਪਏ ਹਨ ਪਰ ਪ੍ਰਸ਼ਨ ਇਹ ਹੈ ਕਿ ਕੀ ਤੁਹਾਡੀਆਂ ਉਂਗਲਾਂ ਵਿਚ ਇਹਨਾਂ ਦੀਆਂ ਤਾਰਾਂ-ਤਰਬਾਂ ਛੇੜ ਕੇ ਕੋਈ ਸੰਗੀਤ ਛੇੜਨ ਦੀ ਕਲਾ ਹੈ ਕਿ ਨਹੀਂ ?

ਮੁੱਕਦੀ ਗੱਲ, ਤੁਸੀਂ ਆਪਣੇ ਲੋਕਾਂ ਨੂੰ ਨਾਲ ਲੈਣ ਲਈ ਲੋਕਾਂ ਦੀ ਖੁਸ਼ੀ ਦੇ ਪਾਤਰ ਬਣੋ। ਪੰਜਾਬ ਅੱਜ ਸੰਗੀਨਾਂ ਦੀ ਛਾਂ ਅਤੇ ਸਹਿਮ ਦੇ ਸਾਏ ਥੱਲੇ ਜਿਉਂ ਰਿਹਾ ਹੈ। ਦਿੱਲੀ ਪੰਜਾਬਆਂ ਉਤੇ ਕਾਲੇ-ਕਾਨੂੰਨ ਘੜ ਘੜ, ਚੜ੍ਹਦੇ ਸੂਰਜ ਨਿੱਤ ਨਵੀਆਂ ਪਾਬੰਦੀਆਂ ਆਇਦ ਕਰ ਰਹੀ ਹੈ-ਜਿਥੋਂ ਤੱਕ ਉਹਦਾ ਜ਼ੋਰ ਚਲਦਾ ਹੈ, ਕਰ ਵੇਖੇ ! ਪਰ ਤੁਹਾਡੇ ਵਲੋਂ ਅੱਜ ਪੰਜਾਬ ਦੇ ਲੋਕਾਂ ਤੇ ਕੋਈ ਪਾਬੰਦੀ ਆਇਦ ਕਰਨਾ ਕਿਵੇਂ ਵੀ ਸਿੱਖ-ਸੰਘਰਸ਼ ਦੇ ਹੱਕ ਵਿਚ ਨਹੀਂ ।

ਦਿੱਲੀ ਦੇ ਜ਼ੁਲਮ ਦੇ ਏਨੀ ਅੱਗ ਵਰਨ ਦੇ ਬਾਵਜੂਦ ਵੀ ਜੇ ਪੰਜਾਬ ਵਿਚ ਜੰਞਾਂ ਧੂਮ-ਧੜਾਕੇ ਤੇ ਬੈਂਡ-ਵਾਜਿਆਂ ਨਾਲ ਚੜ੍ਹਦੀਆਂ ਹਨ, ਚੜ੍ਹਨ ਦਿਓ। ਭੰਗੜੇ ਪੈਂਦੇ ਹਨ-ਪੈਣ ਦਿਓ ! ਅਖਾੜੇ ਲਗਦੇ ਹਨ-ਰੰਗੀਂ ਲੱਗਣ ਦਿਓ !! ਗਵੱਈਏ ਗਾਉਂਦੇ ਹਨ-ਨਿਝੱਕ ਗਾਉਣ ਦਿਓ !!! ਤੁਸੀਂ ਨੀਲੇ ਦੇ ਸ਼ਾਹ-ਸਵਾਰ ਦੇ ਪੈਰੋਕਾਰ ਹੋਂ। ਤੁਹਾਡਾ ਹਿਰਦਾ ਤਾਂ ਨੀਲੇ ਅਸਮਾਨ ਵਾਂਗ ਵਿਸ਼ਾਲ ਹੋਣਾ ਚਾਹੀਦਾ ਹੈ। ਤੁਹਾਡੇ ਹਿਰਦੇ ਵਿਚ ਸੰਕੀਰਣਤਾ ? ਤੇ ਉਹ ਵੀ ਇਸ ਵੇਲੇ ?

ਆਪਣਾ ਤੇ ਪ੍ਰਵਾਰ ਦਾ ਪੇਟ ਪਾਲਣ ਲਈ ਦੁਕਾਨ ਤੇ ਬੈਠੇ ਕਿਸੇ ਨਾਈ ਨੂੰ, ਝਟਕਈ ਨੂੰ, ਠੇਕੇ ਦੇ ਕਰਿੰਦੇ ਨੂੰ, ਅਖ਼ਬਾਰ ਦੇ ਹਾਕਰ ਨੂੰ, ਇਸਤੋਂ ਵੀ ਉਤੇ ਤੁਹਾਡੀ ਖ਼ਬਰ ਲੈਂਦੇ-ਲਿਖਦੇ ਕਿਸੇ ਐਡੀਟਰ ਜਾਂ ਪ੍ਰੈਸ-ਰਿਪੋਰਟਰ ਨੂੰ ਤੁਹਾਥੋਂ ਭੈ ਜਾ ਸ਼ੱਕ ਕਿਉਂ ਹੋਵੇ ? ਉਹ ਤਾਂ ਸਗੋਂ ਤੁਹਾਡੀ ਸੰਗਤ 'ਚ ਆਪਣੀ ਸੁਰੱਖਿਅਤਾ ਮਹਿਸੂਸ ਕਰੇ, ਤੁਸੀਂ ਮਜ਼ਹਬੀ-ਜਨੂੰਨ ਨੂੰ ਆਪਣੇ ਸਿਰਾਂ ਉਤੇ ਬਿਲਕੁਲ ਸਵਾਰ ਨਾ ਹੋਣ ਦਿਓ, ਸਿੱਖਾਂ ਦੇ ਸਰਬ-ਸਾਂਝੇ ਰਾਜ ਦਾ ਸੰਕਲਪ ਮਨ ਵਿਚ ਰੱਖ ਕੇ ਪੰਜਾਬ ਦੀ ਆਜ਼ਾਦੀ ਦੀ ਅਜੋਕੀ ਲੜਾਈ ਜਿੱਤ ਕੇ ਪੰਜਾਬ ਵਿਚ ਖਾਲਸੇ ਦਾ ਰਾਜ ਸਥਾਪਤ ਕਰੋ। ਹਾਂ ਫਿਰ ਵੀ ਜੇ ਕੋਈ ਨੰਗਾ ਚਿੱਟਾ ਹੋ ਕੇ ਦਿੱਲੀ ਦਾ ਪੱਖ-ਪਰਦਾ ਤੇ ਖਾਲਸਾ-ਰਾਜ ਦੀ ਪ੍ਰਾਪਤੀ ਦੀ ਇਸ ਜਦੋਜਹਿਦ ਵਿਚ ਰੋੜਾ ਬਣਦਾ ਲੱਤਾਂ ਅੜਾਉਂਦਾ ਹੈ ਤਾਂ ਉਸਨੂੰ ਨਿਸ਼ੰਗ ਛਾਂਗ ਦਿਓ ! ਝਾੜ ਦਿਓ !!

ਅੱਜ ਜ਼ਰੂਰਤ ਹੈ ਕਿ ਤੁਸੀਂ ਪੰਜਾਬ ਦੇ ਲੋਕਾਂ ਦੇ ਪਿਆਰ ਤੇ ਵਿਸ਼ਵਾਸ ਦੇ ਪਾਤਰ ਹੋਵੋ। ਤੁਹਾਡੇ ਸੂਹੀਏ ਤੇ ਸਹਿਯੋਗੀ ਅੱਜ ਪੰਜਾਬ ਦੇ ਪਿੰਡਾਂ ਵਿਚ ਸੂਰਜ ਛੁੱਪਣੋਂ ਪਹਿਲਾਂ ਹੀ ਵਿੰਝਣ ਰਹੀਆਂ ਸੱਥਾਂ ਵਿਚ ਜਾ ਜਾ ਕੇ ਦਿੱਲੀ ਦੇ ਜ਼ੁਲਮ ਦੇ ਬੌਂਦਲਾਏ ਬੇਆਸਰੇ-ਬਜ਼ੁਰਗਾਂ ਨਾਲ ਦੁਖ-ਸੁਖ ਕਰਦੇ ਹੋਏ ਉਹਨਾਂ ਨੂੰ ਤੁਹਾਡੇ ਸੁੱਖ-ਸੁਨੇਹੇ ਤੇ ਚੜ੍ਹਦੀ-ਕਲਾ ਦੀਆਂ ਖ਼ਬਰਾਂ ਪਹੁੰਚਾ ਕੇ ਉਨਾਂ ਨੂੰ ਚਾਅ ਚੜ੍ਹਾ ਦੇਣ। ਉਹ ਸਹਿਮੀਆਂ ਮਾਂਵਾਂ ਨੂੰ ਤੁਹਾਡੀ ਮੁਹੱਬਤ ਦੇ ਪੈਗ਼ਾਮ ਪਹੁੰਚਾ ਕੇ ਦਿਲਬਰੀਆਂ ਤੇ ਦਿਲਾਸੇ ਦੇਣ ! ਤੇ ਤੁਹਾਡੀ ਸੋਹਣਿਓ! ਤੁਹਾਡੇ ਸੁੱਚੇ-ਕਿਰਦਾਰ ਤੇ ਉਚੇ-ਆਚਾਰ ਸਦਕਾ ਇਸ ਔਖੇ ਸਮੇਂ ਇਕ ਅਜਿਹੀ ਵਧੀਆ ਹਵਾ ਬੱਝੇ ਕਿ ਦਿੱਲੀ ਦੇ ਸਿਤਮ ਦਾ ਸਤਾਇਆ ਪੰਜਾਬ ਦਾ ਪੱਤਾ-ਪੱਤਾ ਤੁਹਾਡੇ ਪਿਆਰ ਵਿਚ ਤਾਲ ਦੇਣ ਲੱਗ ਪਏ ਅਤੇ ਤੁਸੀਂ ਆਪਣੇ ਕਾਫਲੇ ਨੂੰ ਨਾਲ ਲੈਕੇ ਛੁਹਲੇ-ਕਾਹਲੇ ਕਦਮੀਂ ਆਪਣੀ ਮੰਜ਼ਿਲ ਖਾਲਿਸਤਾਨ ਵੱਲ ਵਧੋਂ। ਪਰ ਤੁਹਾਡਾ ਇਹ ਖਾਲਿਸਤਾਨ ਹੈ ਕੀ ਬਲਾ ? ਇਹ ਚਰਚਾ ਆਪਾਂ ਅਗਲੀ ਕਿਸ਼ਤ 'ਚ ਕਿਸੇ ਦਿਨ ਕਰਾਂਗੇ।

(ਫਰਵਰੀ, 1992)

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ ...

ਪਿਛਲੇ ਦਿਨਾਂ 'ਚ ਖਾਲਿਸਤਾਨ ਦੀ ਜੰਗਿ-ਆਜ਼ਾਦੀ ਦੇ ਸਿਰਲੱਥ ਜਰਨੈਲ ਭਾਈ ਸੁਖਦੇਵ ਸਿੰਘ ਬੱਬਰ ਤੇ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਸ਼ਹਾਦਤ ਦਾ ਜਾਮ ਪੀ ਗਏ ਤੇ ਬਾਬਾ ਮਾਨੋਚਾਹਲ ਤੇ ਹੋਰਾਂ ਸੂਰਬੀਰਾਂ ਦੇ ਸਰਕਾਰੀ-ਸ਼ਿਕੰਜੇ ਵਿਚ ਆ ਜਾਣ ਦੀਆਂ ਅਖੰਡਿਤ-ਖ਼ਬਰਾਂ ਖਾਲਸਾ-ਪੰਥ ਦੇ ਸਿਰ ਤੇ ਮੰਡਰਾ ਰਹੀਆਂ ਹਨ। ਸਿੱਖ-ਸੰਘਰਸ਼ ਦੇ ਪ੍ਰਸੰਗ ਵਿਚ ਕ੍ਰਿਸ਼ਮਈ-ਕਾਰਨਾਮੇ ਵਰਤਾਉਂਣ ਵਾਲੇ ਕਹੇ ਜਾਂਦੇ ਭਾਈ ਮਨਜੀਤ ਸਿੰਘ ਉਰਫ ਲਾਲ ਸਿੰਘ ਵੀ ਬੰਬਈ ਵਿਚ ਗ੍ਰਿਫਤਾਰ ਕਰ ਲਏ ਗਏ ਹਨ।

ਵਰਤਮਾਨ ਸ਼ਹੀਦੀਆਂ-ਗ੍ਰਿਫਤਾਰੀਆਂ ਲਈ ਸਰਕਾਰ ਵਲੋਂ ਹਥਿਆਰ ਬਣਾ ਕੇ ਵਰਤੇ ਜਾ ਰਹੇ ਸਿੱਖ, ਪੁਲਿਸ-ਮੁਖੀ ਕੇ.ਪੀ. ਐਸ. ਨੇ ਬਿਆਨ ਦਾਗਿਆ ਹੈ ਕਿ ਸਤੰਬਰ ਵਿਚ ਪ੍ਰਮੁੱਖ-ਖਾੜਕੂਆਂ ਨੂੰ ਖਤਮ ਕਰ ਦਿੱਤਾ ਜਾਵੇਗਾ। ਇਹ ਦੇਸ਼-ਵੇਦੇਸ਼ ਵਿਚਲੇ ਸਿੱਖ-ਸੰਘਰਸ਼ ਹਿਤੈਸ਼ੀਆਂ ਲਈ ਇਕ ਗੰਭੀਰ ਚੁਣੌਤੀ ਹੈ !

ਗੁਰਦੀਪ ਸਿੰਘ ਇੰਗਲੈਂਡ ਦੇ ਆਤਮ-ਸਮਰਪਣ ਦਾ ਡਰਾਮਾ ਰਚ ਕੇ ਬਿਅੰਤ ਸਿੰਘ ਸਰਕਾਰ ਨੇ ਸਿੱਖ-ਲਹਿਰ ਨੂੰ ਅੰਤਰਰਾਸ਼ਟਰੀ-ਪੱਧਰ ਤੇ ਝੁਕਾਉਂਣ ਦਾ ਝਾਉਲਾ ਪੁਆ ਕੇ ਸਿੱਖਾਂ ਦੇ ਵਕਾਰ ਨੂੰ ਸੱਟ ਮਾਰਨ ਦੀ ਸਾਜ਼ਿਸ਼ ਰਚੀ ਹੈ।

ਅੱਜ ਅੰਤਰਰਾਸ਼ਟਰੀ ਪੱਧਰ ਉਤੇ ਅਸਲੀਅਤ ਸਿੱਖਾਂ ਸਾਹਵੇਂ ਰੱਖਣ ਲਈ ਇਹ ਵਿਦੇਸ਼ੀ ਸਿੱਖ-ਲੀਡਰਾਂ ਲਈ ਇਕ ਵੱਡੀ ਵੰਗਾਰ ਹੈ !

ਉਕਤ ਸਾਰੇ ਤਾਬੜ-ਤੋੜ ਹਮਲੇ ਕੇਂਦਰ ਸਿੱਖਾਂ ਨੂੰ ਸਿੱਖ-ਸੰਘਰਸ਼ ਵਿਰੁਧ ਵਰਤ ਕੇ ਖਾਲਿਸਤਾਨ ਦੀ ਮੌਜੂਦਾ ਲਹਿਰ ਨੂੰ ਦਬਾਉਂਣ ਲਈ ਕਰ ਰਿਹਾ ਹੈ ਪਰ ਕੇਂਦਰ ਦੇ ਅਕ੍ਰਿਤਘਣ ਬ੍ਰਾਹਮਣ ਹੁਕਮਰਾਨ ਉਹਨਾਂ ਦੀਆਂ ਅੱਖਾਂ ਸਾਹਮਣੇ ਖਾਲਸੇ ਦੇ ਪਿਛਲੀਆਂ ਪੰਜ ਸਦੀਆਂ ਦੇ ਸਿਰਜੇ ਇਤਿਹਾਸ ਨੂੰ ਚੰਗੇ ਭਲੇ ਜਾਣਦਿਆਂ ਵੀ ਸਿੱਖਾਂ ਨੂੰ ਲੋਹੇ ਦੇ ਚੁਣੇ ਚੱਬਾਉਂਣ ਦਾ ਵਿਅਰਥ ਯਤਨ ਕਰ ਰਹੇ ਹਨ। ਜੇ ਅਜੇ ਵੀ ਉਹ ਸਿੱਖਾਂ ਦੀ ਮਨੋਬ੍ਰਿਤੀ ਨੂੰ ਸਮਝ ਲੈਣ ਤਾਂ ਉਹ ਇਸ ਤੋਂ ਸਬਕ ਸਿੱਖ ਕੇ ਸਹੀ ਰਸਤੇ ਤੇ ਆ ਸਕਦੇ ਹਨ ਤੇ ਜੇ ਸਿੱਖ ਆਪਣੇ ਇਤਿਹਾਸ ਨੂੰ ਪੜ੍ਹ ਕੇ ਸਮਝਣ ਦੀ ਕੋਸ਼ਿਸ਼ ਕਰਨ ਤਾਂ ਉਹ ਅੱਜ ਚੜ੍ਹਦੀ-ਕਲਾ 'ਚ ਰਹਿ ਕੇ ਨਿਸਚੇ ਹੀ ਸਿੱਖ-ਰਾਜ ਸਥਾਪਤ ਕਰ ਸਕਦੇ ਹਨ। ਜੇ ਬਾਬੇ ਕਿਆਂ ਦੀ ਪਾਤਸ਼ਾਹੀ ਨੂੰ ਬਾਬਰਕਿਆਂ ਦੀਆਂ ਸੱਤ ਬਾਦਸ਼ਾਹੀ ਪੁਸ਼ਤਾਂ ਸਾਰੀ ਸ਼ਕਤੀ ਲਾ ਕੇ ਖਤਮ ਨਾ ਕਰ ਸਕੀਆਂ। ਜੇ ਮੁਹੰਮਦ ਸ਼ਾਹ ਰੰਗੀਲੇ ਵੇਲੇ ਹੈਕਰੀ-ਝੰਡੇ ਥੱਲੇ ਇਕੱਠੇ ਹੋਏ, ਖਾਲਸੇ ਨੂੰ ਖਤਮ ਕਰਦੇ ਤਿੰਨ ਲੱਖ ਮੁਲਕੱਈਏ ਨੇ ਕਾਹਨੂੰਵਾਣੇ ਦੇ ਛੰਭ 'ਚ ਢਾਕੇ ਕਟਦੇ ਸਿੱਖ-ਢੱਕਰਾਂ ਨੂੰ ਮੁਕਾਉਂਦੇ ਉਹਨਾਂ ਤੋਂ ਭੀਲੋਵਾਲ 'ਚ ਹੋਈ ਆਪਣੀ ਦੁਰਦਸ਼ਾ ਮਗਰੋਂ ਇਕ ਲੱਖ ਦੀ ਜਾਗੀਰ ਤੇ ਨਵਾਬੀ ਦੀ ਖਿਲਅਤ ਦੇ ਕੋ ਮਸਾਂ ਖਹਿੜਾ ਛੁਡਾਇਆ। ਜੇ ਨਾਦਰ ਸ਼ਾਹ ਵਰਗੇ ਨਾਬਰਾਂ ਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਜਾਬਰਾਂ ਦੀ ਧੌਣ ਝੁਕਾ ਕੇ ਖਾਲਸਾ ਨੇ ਆਪਣੀ ਧੌਣ ਨੂੰ ਉਚਿਆਂ ਰੱਖਿਆ। ਜੇ ਕਲਗੀਧਰ ਪਿਤਾ ਦੇ ਸਰੀਰਕ ਵਿਛੋੜੇ ਉਪਰੰਤ ਟੁੱਟੇ-ਦਿਲ ਵੀ ਉਹਨਾਂ ਦੀ ਬਖਸ਼ਿਸ਼ ਦੇ ਬਲਬੋਤੇ ਰੋਹ ਨਾਲ ਬੰਦੇ ਬਹਾਦਰ ਦੀ ਕਮਾਨ ਥੱਲੇ ਲਾਮਬੰਦ ਹੋ ਕੇ ਵਜ਼ੀਦ ਖਾਂ ਤੇ ਸੁੱਚਾ ਨੰਦ ਵਰਗਿਆਂ ਨੂੰ ਸੋਧ ਕੇ ਤੇ ਸ਼ੇਰ ਖਾਂ ਵਰਗਿਆਂ ਸੱਜਣਾਂ ਨੂੰ ਨਿਵਾਜ ਕੇ ਖਾਲਸਾ ਆਪਣੇ ਰਾਜ ਸਥਾਪਤ ਕਰ ਸਕਦਾ ਹੈ ਤੇ ਅਤਿ ਬਿਖੜੇ ਸਮਿਆਂ ਚੋਂ ਗੁਜ਼ਰਕੇ ਸ: ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਦਿੱਲੀ ਦਾ ਤਖਤ ਤੱਕ ਮੱਲ ਕੇ ਮਗਰੋਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਧੀਨ ਅਪਣਾ ਵਿਸ਼ਾਲ ਸਿੱਖ-ਰਾਜ ਸਥਾਪਤ ਕਰ ਸਕਦਾ ਹੈ। ਜੇ ਦੋਹਾਂ ਸੰਸਾਰ ਜੰਗਾਂ 'ਚ ਆਪਣੀ ਭੱਲ ਬਣਾ ਕੇ, ਭਾਰਤ ਵਲੋਂ ਛੇੜੀਆਂ ਜੰਗਾਂ 'ਚ ਜਾਨਾਂ ਤਲੀ ਤੇ ਧਰ ਕੇ ਭਾਰਤ ਲਈ ਜਿੱਤਾਂ ਵਿਹਾਝ ਸਕਦਾ ਹੈ ਤਾਂ ਅੱਜ ਆਪਣੇ ਉਤੇ ਬਣ

ਆਈ ਸਮੇਂ ਆਪਣੇ ਗੁਰਧਾਮ-ਅਣਖ-ਇੱਜ਼ਤ ਉਤੇ ਹੋਏ ਹਮਲੇ ਸਮੇਂ ਆਪਣੀ ਜਿੱਤ ਕਿਵੇਂ ਨਹੀਂ ਹਾਸਲ ਕਰ ਸਕਦਾ ?

ਜੇ ਮੁਗਲਾਂ ਸਮੇਂ ਜੰਗਲਾਂ ਵਿਚ ਵਿਚਰਦੇ ਖਾਲਸੇ ਨੂੰ ਟੋਲ-ਟੋਲ ਭਾਲ-ਭਾਲ ਮਾਰਿਆ ਗਿਆ, ਇਹ ਨਾ ਮੁੱਕਾ ! ਕੀ ਅੱਜ ਵਿਸ਼ਵ ਦੇ ਕੋਨੇ-ਕੋਨੇ ਵਿਚ ਖਾਲਸੇ ਦੇ ਪਸਰਿਆਂ ਜੇ ਪੰਜਾਬ ਨੂੰ ਇਕ-ਦੂੰ ਵਾਢਿਓਂ ਵੱਢ ਦਿਤਾ ਜਾਏ, ਤਬਾਹ ਕਰ ਦਿੱਤਾ ਜਾਏ, ਕੀ ਖਾਲਸੇ ਨੂੰ ਖਤਮ ਕੀਤਾ ਜਾ ਸਕੇਗਾ ? ਕਦਾਚਿਤ ਨਹੀਂ ! ਕੀ ਪੰਜਾਬ ਦਾ ਵਾਰਸ ਖਾਲਸਾ ਆਪਣੀ ਜਨਮ ਤੇ ਧਰਮ ਧਰਤੀ ਪੰਜਾਬ ਉਤੇ ਆਣਾ ਹੱਕ ਛੱਡ ਦੇਵੇਗਾ ? ਹਰਗਿਜ਼ ਨਹੀਂ !!

ਜੇ ਦਿੱਲੀ ਦੇ ਹਿੰਦੂ ਹੁਕਮਰਾਨ ਜਾ ਉਹਨਾਂ ਦੇ ਪੰਜਾਬ ਵਿਚਲੇ ਪਿਛਲੱਗ ਅਥਵਾ ਦਾਹੜੀਆਂ ਵਾਲੇ ਬ੍ਰਾਹਮਣ ਇਹ ਸੋਚਦੇ ਹਨ ਤਾਂ ਆਉਂਦੇ ਦਿਨਾਂ ਵਿਚ ਖਾਤਕੂ-ਲਹਿਰ ਵਿਚ ਆਉਂਣ ਵਾਲਾ ਜਵਾਰ-ਭਾਟਾ ਉਹਨਾਂ ਦੇ ਇਸ ਭਰਮ ਨੂੰ ਅਵੱਸ਼ ਤੋੜੇਗਾ।

ਸਿੱਖਾਂ ਨਾਲ ਟੱਕਰ ਲੈਣ ਦੀ ਗਲਤੀ ਕਰਨ ਵਾਲੇ ਦਿੱਲੀ ਦੇ ਅਜੋਕੇ ਹੁਕਮਰਾਨਾਂ ਤੇ ਉਹਨਾਂ ਦੇ ਪਿਛਲੱਗਾਂ ਨੂੰ ਅਜੇ ਵੀ ਹਨੇਰੇ-ਸਵੇਰੇ ਬੈਠ ਕੇ ਵਿਚਾਰਨਾ ਬਣਦਾ ਹੈ ਕਿ ਸਿੱਖ ਮੁੱਢ ਤੋਂ ਆਪਣੇ ਧਰਮ-ਅਸਥਾਨਾਂ ਉਤੇ ਹਮਲਾ ਕਰਨ ਵਾਲੇ ਹਰ ਮੱਸਾ ਰੰਘੜ ਤੇ ਮੀਰ ਮੋਮਨ ਨੂੰ ਸੁੱਖਾ ਸਿੰਘ, ਮਤਾਬ ਸਿੰਘ ਤੇ ਅੱਘੜ ਸਿੰਘ ਬਣ ਕੇ ਸੋਧਦੇ ਆਏ ਹਨ। ਵਰਤਮਾਨ ਸਿੱਖ-ਸੰਘਰਸ਼ ਦੇ ਯੋਧੇ ਬਿਅੰਤ ਸਿੰਘ-ਸਤਵੰਤ ਸਿੰਘ ਤੇ ਹਰਜਿੰਦਰ ਸਿੰਘ ਜਿੰਦਾ-ਸੁਖਵਿੰਦਰ ਸਿੰਘ ਸੁੱਖਾ ਆਪਣੇ ਪੁਰਖਿਆਂ ਦੀ ਪਰੰਪਰਾ ਤੇ ਹੀ ਚੱਲ ਰਹੇ ਹਨ। ਸਮਾਂ ਬੇਸ਼ੱਕ ਬਦਲ ਗਿਆ ਹੈ, ਪਰ ਸਿੱਖਾਂ ਦਾ ਖਾਸਾ ਜਾਂ ਸੁਭਾਅ ਨਹੀਂ ਬਦਲਿਆ। ਸਿੱਖਾਂ ਦੇ ਧਰਮ ਅਸਥਾਨਾਂ ਅਥਵਾ ਸਿੱਖਾਂ ਤੇ ਸਿਤਮ ਢਾਹੁਣ ਵਾਲੇ ਅਹਿਮਦ ਸ਼ਾਹ ਅਬਦਾਲੀ, ਜ਼ਕਰੀਆ ਖਾਨ ਤੇ ਮੀਰ ਮਨੂੰ ਵਰਗੇ ਜ਼ਾਲਮ ਅਖੌਤੀ ਮੌਤ ਮਰਦੇ ਜਹਾਨ ਨੇ ਦੇਖੇ ਹਨ। ਅਜੋਕੇ ਹਾਕਮਾਂ ਤੇ ਜ਼ਾਲਮਾਂ ਦੀ ਕਹਾਣੀ ਵੀ ਅਗਲਾ ਜ਼ਮਾਨਾ ਇੰਵ ਹੀ ਕਹੇਗਾ ਤੇ ਜ਼ਰੂਰ ਕਹੇਗਾ। ਇਸ ਸੰਘਰਸ਼ ਵਿਚ ਫਤਹ ਅਵੱਸ਼ ਖਾਲਸੇ ਦੀ ਹੋਵੇਗੀ।

ਪਰ ਸਿੱਖ ਜਦੋਜਹਿਦ ਨੂੰ ਸਹੀ ਸੇਧ ਦੇਣ ਲਈ ਅਤਿਅੰਤ ਜ਼ਰੂਰੀ ਹੈ ਕਿ ਹੁਣੇ ਹੋਈਆਂ ਸ਼ਹੀਦੀਆਂ ਦੇ ਸਾਏ ਵਿਚ ਖਾਲਸਾ ਇਸ ਪਤਾਅ ਤੇ ਖੁਤ ਕੇ ਠੰਢੇ ਦਿਮਾਗ ਤੇ ਵੱਡੇ ਜਿਗਰੇ ਨਾਲ ਗਲਤੀਆਂ ਨੂੰ ਪੜਚੋਲੇ ਤੇ ਕਮੀਆਂ ਨੂੰ ਵਿਚਾਰੇ। ਜੋ ਯੁੱਧ-ਨੀਤੀ, ਜੋ ਢੰਗ-ਤਰੀਕਾ ਸਿੱਖ ਸੰਘਰਸ਼ ਦੇ ਹੱਕ ਵਿਚ ਨਹੀਂ ਗਿਆ ਉਸਨੂੰ ਰੱਦ ਕੀਤਾ ਬਦਲ ਦਿੱਤਾ ਜਾਵੇ। ਸੰਘਰਸ਼ ਨੂੰ ਨਵੀਆਂ ਲੀਹਾਂ ਤੇ ਤੋਰਨ ਲਈ ਇਸ ਵਿਚ ਇਨਕਲਾਬੀ-ਤਬਦੀਲੀਆਂ ਕੀਤੀਆਂ ਜਾਣ। ਨਵੀਂ-ਨਿਕੋਰ ਵਿਉਂਤ-ਬੰਦੀ ਕੀਤੀ ਜਾਵੇ। ਪਰ ਇਹ ਸਭ ਕੁਝ ਤਦੇ ਸੰਭਵ ਹੋ ਸਕੇਗਾ ਜੇ ਪੰਥ-ਪੰਜਾਬ ਦੀ ਆਜ਼ਾਦੀ ਲਈ ਸਿਰ ਤਲੀ ਧਰ ਨਿਕਲੇ ਜਾਂਬਾਜ਼ ਸੂਰਮੇ, ਹਥੂਮੈ ਦੇ ਘੋੜਿਆਂ ਤੋਂ ਉਤਰਨ ਲਈ ਨਿੰਮਰਤਾ ਦੀਆਂ ਰਕਾਬਾਂ ਵਿਚ ਪੈਰ ਪਾ ਕੇ ਅਸਲੀਅਤ ਦੀ ਧਰਤ ਤੇ ਕਦਮ ਧਰਕੇ ਏਕਤਾ ਦੀ ਗਲਵੱਕੜੀ ਪਾਉਂਣ ਤੇ ਯਾਦ ਕਰਨ ਤੈਮੂਰ ਸ਼ਾਹ ਦਾ ਉਹ ਜ਼ਮਾਨਾ ਜਦ ਸੰਮਤ 1830 ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਦੇ ਦਿੱਲੀ ਜਿੱਤ ਲੈਣ ਮਗਰੋਂ ਸ: ਜੱਸਾ ਸਿੰਘ ਰਾਮਗੜ੍ਹੀਆ ਤੇ ਉਹ ਆਪਸ ਵਿਚ ਲੜ ਮਰਨ ਲਈ ਤਿਆਰ ਹੋ ਗਏ ਸਨ ਪਰ ਉਸ ਸਮੇਂ ਬਹਾਦਰ ਜੱਸਾ ਸਿੰਘ ਆਹਲੂਵਾਲੀਆਨੇ ਇਸ ਭਰਾ-ਮਾਰੂ ਜੰਗ ਨੂੰ ਰੋਕਣ ਲਈ ਦਿੱਲੀ ਦਾ ਤਖਤ ਵੀ ਤਿਆਗ ਦਿੱਤਾ ਸੀ ਤੇ ਨਿੰਮਰਤਾ ਦਿਖਾਉਂਦੇ ਤੇ ਖਾਲਸੇ ਦੀ ਸ਼ਾਨ ਨੂੰ ਰਖਦੇ ਦੋਵੇਂ ਸਰਦਾਰ ਦਿੱਲੀ ਦਾ ਤਖਤ ਛੱਡਕੇ ਆਪੋ ਆਪਣੇ ਇਲਾਕਿਆਂ ਨੂੰ ਪਰਤ ਆਏ ਸਨ। ਦਾਅਵਾ ਹੈ ਕਿ ਜੇ ਅੱਜ ਵੀ ਖਾਤਕੂ ਸਿੰਘ, ਪੰਥ ਦੀ ਸ਼ਾਨ ਖਾਤਰ ਇਸ ਨਿੰਰਤਾ ਦਾ ਪ੍ਰਦਰਸ਼ਨ ਕਰ ਦੇਣ ਤਾਂ ਦੇਸ਼ ਵਿਦੇਸ਼ ਵਿਚ ਹਾਰ-ਹੁੱਟ ਤੇ ਪੰਥ ਦੀ ਫੁੱਟ ਤੋਂ ਅੱਕੇ-ਸੱਤੇ ਦਿਆਨਤਦਾਰ ਵਰਕਰ ਤੇ ਸ਼ਹਿਰਦ ਸਿੱਖ ਉਹਨਾਂ ਦੇ ਇਕ ਬੋਲ ਤੇ ਨਿਛਾਵਰ ਹੋਣ ਲਈ ਤਤਪਰ ਤੇ ਤਿਆਰ-ਬਰ-ਤਿਆਰ ਹੋ ਜਾਣਗੇ। ਖਾਤਕੂ ਸਿੰਘਾਂ ਨੂੰ ਵਾਸਤਾ ਹੈ ਪੰਥ ਦਾ ਕਿ ਉਹ ਗੁਰੂ ਨੂੰ ਭੇਟ ਕੀਤੇ ਆਪਣੇ ਸਿਰ ਜੋੜਨ। ਆਪਣੀਆਂ ਜਥੇਬੰਦੀਆਂ ਨੂੰ ਪੰਥ ਦੀ ਤਾਬਿਆ ਕਰਨ। ਪਹਿਲ ਵਿਅਕਤੀ-ਵਿਸ਼ੇਸ਼ ਨਾਲੋਂ ਪੰਥਕ ਨਿਸ਼ਾਨੇ ਨੂੰ ਦੇਣ। ਆਪੋ-ਆਪਣੇ ਧੜੇ ਭਾਰੀ ਕਰਨ ਲਈ ਆਪਣੀ ਜਥੇਬੰਦੀ ਦੀ ਨਫਰੀ ਜਾਂ ਭਰਤੀ ਵਧਾਉਣ ਦੀ ਰੁਚੀ ਨੂੰ ਤੁਰੰਤ ਤਿਲਾਂਜਲੀ ਦੇਣ। ਉਹਨਾਂ ਦੀ ਇਹੀ ਰੁਚੀ ਅੱਜ ਕਾਂਗਰਸੀਆਂ ਤੇ ਕਮਿਊਨਿਸਟਾਂ ਦੀ ਸਿੱਖ-ਸਫਾਂ 'ਚ ਘੁਸਪੈਠ ਨਾਲ

ਉਹਨਾਂ ਦੀ ਤਬਾਹੀ ਦਾ ਕਾਰਨ ਬਣ ਰਹੀ ਹੈ। ਅੱਜ ਦਿੱਲੀ ਦੇ ਦੁਸ਼ਮਣਾਂ ਤੋਂ ਲੈ ਕੇ ਪੰਜਾਬ ਦੇ ਸੁਆਰਥੀ ਤੇ ਚੋਰ-ਉਚੱਕੇ ਉਹਨਾਂ ਵਿਚ ਰਲਗੱਡ ਹੋ ਗਏ ਹਨ। ਸਧਾਰਨ ਸਿੱਖ ਅਥਵਾ ਪੰਥ-ਹਿਤੈਸ਼ੀ ਲਈ ਖਰੇ-ਖੋਟੇ ਦੀ ਪਛਾਣ ਹੀ ਨਾ ਰਹੀ। ਇਸ ਗੰਧਲ-ਚੌਦੇਂ ਵਿਚ ਆਮ ਸਿੱਖ ਪਰੇਸ਼ਾਨ ਪਸ਼ੇਮਾਨ ਹੈ। ਸਿੱਖ-ਸੰਘਰਸ਼ ਦਾ ਹਮਾਇਤੀ ਹੁੰਦੇ ਹੋਏ ਵੀ ਉਸਨੂੰ ਗੱਲ ਦਾ ਲੱਤ-ਸਿਰਾ ਨਹੀਂ ਲੱਭ ਰਿਹਾ। ਉਹ ਉਦਾਸ ਹੋਕੇ ਸੰਘਰਸ਼ ਨਾਲੋਂ ਟੁੱਟ ਰਿਹਾ ਹੈ। ਵਿਦੇਸ਼ਾਂ ਵਿਚ ਸਿੱਖ-ਜਥੇਬੰਦੀਆਂ ਤੇ ਸੰਸਥਾਵਾਂ ਵਿਚ ਵਿਅਕਤੀ ਦੀ ਪਛਾਣ ਦਾ ਆਧਾਰ ਪੈਸਾ ਹੈ ਜਿਸ ਕਾਰਨ ਸਾਧਾਰਨ ਤੇ ਕਿਰਤੀ ਸਿੱਖ ਸੰਘਰਸ਼ ਨਾਲੋਂ ਕਿਰੇਹਨ। ਵਿਦੇਸ਼ਾਂ ਵਿਚ ਰਹਿੰਦੇ ਕਲੀਨ-ਸ਼ੇਵਨ ਸਿੱਖ-ਸੰਘਰਸ਼ ਦੇ ਸਰਗਰਮ ਸਮਰਥਕ ਹੋ ਕੇ ਵੀ ਵਿਦੇਸ਼ੀ ਸਿੱਖ-ਸੰਸਥਾਵਾਂ ਜਥੇਬੰਦੀਆਂ ਵਲੋਂ ਅਣਗੌਲੇ ਮਹਿਸੂਸ ਕਰਕੇ ਸਿੱਖ-ਸੰਘਰਸ਼ ਵਲੋਂ ਅਰਚਿਤ ਹੋ ਰਹੇ ਹਨ। ਦੇਸ਼ ਵਿਚਲੇ ਸਾਧਾਰਨ ਸਿੱਖਾਂ ਤੇ ਵਿਦੇਸ਼ੀਂ ਵਸਦੇ ਕਲੀਨ-ਸ਼ੇਵਨ ਸਿੱਖਾਂ ਨੂੰ ਸਿੱਖ ਸੰਘਰਸ਼ ਨਾਲ ਜੋੜਨ ਲਈ ਭਰਪੂਰ ਯਤਨਾਂ ਦੀ ਜ਼ਰੂਰਤ ਹੈ।

ਗੁਰੂ ਸਾਹਿਬਾਂ ਸਮੇਂ ਭਾਈ ਦਾਤੂ, ਦਾਸੂ ਪ੍ਰਿਥੀ ਚੰਦ, ਧੀਰ ਮੱਲ, ਰਾਮਰਾਇ, ਗੁਰ-ਸੰਤਾਨ ਹੋ ਕੇ ਵੀ ਗੁਰੂ-ਘਰ ਦੀ ਵਿਰੋਧਤਾ ਕਰਕੇ ਦਿੱਲੀ-ਮੁਖੀ ਹੁੰਦੇ ਰਹੇ। ਸਿੱਖ-ਇਤਿਹਾਸ ਵਿਚ ਗੁਰੂ ਕੇ ਮਸੰਦ ਭਾਈ ਹਿੰਦਾਲ ਦੀ ਵੰਸ਼ ਚੋਂ ਹਰਿਭਗਤ ਨਿਰੰਜਨੀਏ, ਆਕਲ ਦਾਸ ਜੰਡਿਆਲੀਏ ਤੇ ਸਾਹਿਬ ਚੰਦ ਨੌਸਹਿਰੀਏ ਵਰਗੇ ਮੁਖਬਰ ਬਣ ਕੇ ਸਰਕਾਰ ਤੋਂ ਜਾਗੀਰਾਂ ਲੈਂਦੇ ਰਹੇ। ਅੱਜ ਵੀ ਅਜਿਹੇ ਮੁਖਬਰਾਂ ਨੂੰ ਦਿੱਲੀ ਹਰ ਤਰਾਂ ਨਿਵਾਜ ਰਹੀ ਹੈ ਪਰ ਖਾਲਸੇਨੇ ਅੱਜ ਹਰ ਖਰੇ-ਖੋਟੇ ਨੂੰ ਪਛਾਨਣਾ ਹੈ। ਜੇ ਦਿੱਲੀ ਸਿੱਖਾਂ ਦੇ ਅੱਜ ਟੀਸੀ ਦੇ ਬੇਰ ਤੋੜ ਰਹੀ ਹੈ ਤਾਂ ਸਿੱਖਾਂ ਦੇ ਅਮੋਲ-ਮੋਤੀ-ਮੁੰਡੇ ਭੰਗ ਦੇ ਭਾਣੇ ਨਹੀਂ ਲੱਗਣੇ ਚਾਹੀਦੇ। ਪਿਛਲੇ ਸਮਿਆਂ 'ਚ ਭਾਈ ਸੁਬੇਗ ਸਿੰਘ ਵਰਗੇ ਸਿੱਖ ਮੁਗਲਾਂ ਦੀ ਨੌਕਰੀ ਕਰਦਿਆਂ ਵੀ ਗੁਰੂ-ਪੰਥ ਦੇ ਹਿਤੈਸ਼ੀ ਰਹੇ ਹਨ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਵਰਗੇ ਸਿੱਖ ਬਿਪਤਾ ਸਮੇਂ ਰਾਮਰੌਣੀ ਦੇ ਕ੍ਰਿੱਲੇ ਦੀ ਘੇਰਾ-ਬੰਦੀ ਸਮੇਂ ਮੁਗਲਾਂ ਤੋਂ ਟੁੱਟ ਕੇ ਪੰਥ ਦੀਆਂ ਬਾਹਾਂ ਬਣਦੇ ਰਹੇ ਹਨ। ਅੱਜ ਜਿਥੇ ਦਿੱਲੀ-ਦਲਾਲਾਂ ਉਤੇ ਖਾਤਕੂ ਸਿੰਘਾਂ ਦੀ ਨਜ਼ਰਸ਼ਾਨੀ ਰੱਖੀ ਜਾਣੀ ਜ਼ਰੂਰੀ ਹੈ ਉਥੇ ਸਰਕਾਰੀ-ਸਫਾਂ 'ਚ ਬੈਠੇ ਸਿੱਖਾਂ ਨੂੰ ਪੁਰਾਤਨ ਸਿੱਖ-ਇਤਿਹਾਸ ਤੋਂ ਰੌਸ਼ਨੀ ਲੈ ਕੇ ਪੰਥ ਉਤੇ ਪਈ ਇਸ ਘੋਰ ਬਿਪਤਾ ਸਮੇਂ ਆਪਣੀਆਂ ਜ਼ਮੀਰਾਂ ਨੂੰ ਝੰਜੋੜਨ ਦੀ ਜ਼ਰੂਰਤ ਹੈ। ਪੁਰਾਤਨ ਸਮੇਂ ਸਿੰਘ-ਸੂਰਮੇ ਬਿਪਤਾ ਸਮੇਂ ਬੁੱਧ ਤੇ ਯੁੱਧ ਕਲਾ ਦਾ ਸੁਮੇਲ ਕਰਕੇ ਸਮੇਂ ਦੇ ਸ਼ਾਹ-ਸਵਾਰ ਬਣਕੇ ਵੱਡੀਆਂ ਮੱਲਾਂ ਮਾਰਦੇ ਰਹੇ ਹਨ। ਅੱਜ ਲੋੜ ਹੈ ਕਿ ਯੁੱਧ-ਕਲਾ ਦੇ ਪ੍ਰਬੀਨ ਖਾਤਕੂ-ਸਿੰਘ ਬੁਧੀ-ਬਲ ਨਾਲ ਲੋਕ-ਮਨ ਨੂੰ ਆਪਣੇ ਕਲੇਵਰ ਵਿਚ ਲੈਣ ਦਾ ਯਤਨ ਕਰਨ। ਕਲਗੀਧਰ ਪਾਤਸ਼ਾਹ ਦੀਆਂ ਫੌਜਾਂ ਵਿਚ ਉਹਨਾਂ ਦੇ ਪਿਆਰ-ਪ੍ਰੇਰਨਾ ਦਾ ਬਾਪਤਾ ਪਾ ਕੇ ਹਿੰਦੂ-ਮੁਸਲਮਾਨ, ਸਿੱਖ ਉਹਨਾਂ ਦੀ ਕਮਾਨ ਥੱਲੇ ਜਾਨਾਂ ਹੂਲ ਕੇ ਲੜੇ ਸਨ। ਮਹਾਰਾਜਾ ਰਣਜੀਤ ਸਿੰਘ ਇਕ ਅਨਪੜ ਪਰ ਗੁਰੂ-ਵਰੋਸਾਇਆ ਬੁਧੀ-ਪ੍ਰਵੀਨ ਬਾਦਸ਼ਾਹ ਸੀ। ਉਸਨੂੰ ਜੋ ਵੀ ਸਿਆਣਾ ਮਨੁੱਖ ਮਿਲਿਆ, ਉਸਨੇ ਉਸਤੋਂ ਸਹਾਇਤਾ ਲਈ । ਮਹਾਰਾਜਾ ਸਾਹਿਬ ਨੇ ਜਨਰਲ ਵੈਨਤੂਰਾ ਐਲਾਰਡ ਅਤੇ ਦੀਵਾਨ ਅਜ਼ੀਜ਼-ਉਦੀਨ ਤੇ ਦੀਵਾਨ ਮੋਤੀ ਰਾਮ ਆਦਿ ਸਿਆਣੇ ਮਨੁੱਖਾਂ ਦੀ ਅਕਲ ਨੂੰ ਮਹਾਰਾਜ ਨੇ ਸਿੱਖ-ਰਾਜ ਦੀ ਪ੍ਰਫੁੱਲਤਾ ਲਈ ਵਰਤਿਆ। ਅੱਜ ਵੀ ਖਾਲਸੇ ਨੂੰ ਖਾਲਸਾ-ਰਾਜ ਦੀ ਸਥਾਪਤੀ ਲਈ ਮਿਲਦੀ ਸਹਾਇਤਾ ਵਿਭਿੰਨ ਸਿੱਖਾਂ ਤੋਂ ਹੀ ਨਹੀਂ ਹੋਰਨਾਂ ਕੌਮਾਂ ਤੋਂ ਜਿੰਨੀ ਵੀ ਮਿਲੇ ਲੈਣੀ ਚਾਹੀਦੀ ਹੈ। ਪਰ ਕੌਮੀ ਸਫਾਂ 'ਚ ਛੁਪੇ ਹਰਿਭਗਤਾਂ, ਆਕਲ ਦਾਸਾਂ ਤੇ ਸਾਹਿਬ ਚੰਦਾਂ ਤੋਂ ਵਿਸ਼ੇਸ਼ ਤੌਰ ਤੇ ਸਾਵਧਾਨ ਰਹਿਣਾ ਚਾਹੀਦਾ ਹੈ।

ਦਿੱਲੀ ਦੇ ਹਿੰਦੂ ਹੁਕਮਰਾਨਾਂ ਤੇ ਉਹਨਾਂ ਦੇ ਪਿਛਲੱਗਾਂ ਨੇ ਸਿੱਖ-ਸੰਘਰਸ਼ ਦਾ ਲੱਕ ਤੋੜਨ ਲਈ ਪਿਛਲੇ ਵਰ੍ਹਿਆਂ ਵਿਚ ਹਰ ਹਰਬਾ ਵਰਤਿਆ ਹੈ ਤੇ ਦੇਸ਼-ਵਿਦੇਸ਼ ਦੇ ਸਾਧਾਰਨ ਸਿੱਖਾਂ ਨੇ ਕੌਮ ਦੀ ਚੜਦੀ-ਕਲਾ ਲਈ ਵੋਟ-ਨੋਟ-ਲਹੂ ਅਰਥਾਤ ਆਪਣਾ ਸਭੋ ਕੁਝ ਸਮਰਪਿਤ ਕੀਤਾ ਹੈ। ਜੁਝਾਰੂ-ਸਿੰਘ ਪੂਰੀ ਦਿਆਨਤਦਾਰੀ ਨਾਲ ਖਾਲਸਾ-ਪੰਥ ਦੀ ਇਹ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ ਪਰ ਜਿਥੇ ਜੁਝਾਰੂ-ਜਥੇਬੰਦੀਆਂ ਦੀ ਆਪਸੀ ਫੁੱਟ ਨਾਲ ਦਿਆਨਤਦਾਰ ਵਰਕਰਾਂ ਤੇ ਸਾਧਾਰਨ-ਸਿੱਖਾਂ ਦੇ ਦਿਲ ਨੂੰ ਠੇਸ ਲੱਗੀ ਹੈ ਉਥੇ ਵੱਡੀ ਢਾਹ ਦੇਸ਼-ਵਿਦੇਸ਼ ਵਿਚਲੀ ਮਾਡਰੇਟ ਅਥਵਾ ਖੁੰਢੀ-ਲੀਡਰਸ਼ਿਪ ਵਲੋਂ ਵੀ ਲੱਗੀ ਹੈ। ਗਹੁ ਨਾਲ ਵਾਚਿਆ ਜਾਵੇ ਤਾਂ ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਅਥਵਾ

ਚੁਰਾਸੀ-ਘੱਲੂਘਾਰੇ ਮਗਰੋਂ ਖੰਬਾਂ ਵਾਂਗ ਉਠੇ ਅਕਾਲੀ ਦਲਾਂ ਵਿਚੋਂ ਜੁਝਾਰੂ ਸਿੰਘਾਂ ਨਾਲ ਇਕ ਵੀ ਪੈਰ ਗੱਡ ਕੇ ਨਹੀਂ ਖੜ੍ਹਿਆ। ਸਿੱਖ-ਸੰਘਰਸ਼ ਦੇ ਪ੍ਰਸੰਗ ਵਿਚ ਲਗਪਗ ਇਹ ਸਾਰੇ ਅਕਾਲੀ ਦਲ 'ਕੁਣਕੇ-ਕੁਰਸੀ ਦੇ ਯਾਰ' ਤੇ ਮਾਤਾ ਦਾ ਮਾਲ ਹੀ ਨਿਕਲੇ ਹਨ ਜੋ ਚੋਣਾਂ ਦਾ ਚਟ੍ਹਾਲਾ ਦੇਖ ਕੇ ਸਮੇਂ-ਸਮੇਂ ਰੱਸੇ ਤੁੜਾਉਂਦੇ ਰਹੇ ਹਨ। ਕੁਰਸੀ ਦੀ ਲਾਲਸਾ ਤੇ ਲੀਡਰੀ ਦੀ ਲਲਕ ਇਹਨਾਂ ਚੋਂ ਪੰਥ ਉਤੇ ਪਏ ਘੋਰ-ਸੰਕਟ ਸਮੇਂ ਵੀ ਨਹੀਂ ਜਾ ਸਕੀ। ਗੁਰੂ ਕੇ ਬਾਗ ਦੇ ਮੋਰਚੇ ਤੇ ਜੈਤੋ ਦੇ ਮੋਰਚੇ ਵਾਲਾ ਜਜ਼ਬਾ ਹੁਣ ਇਹਨਾਂ ਚੋਂ ਕਿਸੇ ਦੇ ਪੱਲੇ ਨਹੀਂ। ਹਾਂ, ਇਹ ਫਾਂਡਰੂ, ਲੀਡਰੀ ਹਥਿਆਉਣ ਲਈ ਸਿੱਖ-ਸੰਘਰਸ਼ ਦੇ ਜੜ੍ਹੀਂ ਤੇਲ ਦੇਣ ਲਈ ਟੋਹੜੇ ਵਾਂਗ ਜੁਝਾਰੂ ਸਫਾਂ 'ਚ ਆਪਣੇ ਬੰਦੇ ਪੁਆ ਕੇ ਉਹਨਾਂ ਦੀ ਸਾਰੀ ਸੂਹ-ਸੁੰਧਕ ਲੈ ਸਕਦੇ ਹਨ ਜਾਂ ਤਲਵੰਡੀ ਵਾਂਗ ਫੋਕੀਆਂ ਬੁੜਕਾਂ ਮਾਰ ਕੇ ਸਿੱਖਾਂ ਨੂੰ ਜੁਝਾਰੂਆਂ ਤੋਂ ਵੱਧ ਉਹਨਾਂ ਦੀ ਰਾਹਿਨੁਮਾਈ ਕਰਨ ਤੇ ਸੁੱਕੀ ਪੰਥਕ-ਏਕਤਾ ਕਰਨ ਦੇ ਦਮਗਜੇ ਜ਼ਰੂਰ ਮਾਰ ਸਕਦੇ ਹਨ।

ਵਿਦੇਸ਼ਾਂ 'ਚ ਸਿੱਖ-ਸੰਘਰਸ਼ ਦੇ ਇਸ ਅਰਸੇ ਦੌਰਾਨ ਸਿੱਖਾਂ ਦੀ ਲੀਡਰੀ ਸੰਭਾਲਣ ਵਾਲੇ ਸਿੱਖਾਂ ਦਾ ਰੁਝਾਨ ਵੀ ਚਿੰਤਾਜਨਕ ਤੇ ਧਿਆਨ-ਗੋਚਰਾ ਹੈ। ਇਹਨਾਂ ਦੀਆਂ ਦੋ ਸ਼੍ਰੇਣੀਆਂ ਹਨ। ਪਹਿਲੇ, ਵਿਦੇਸ਼ੀਂ ਵਸਦੇ ਉਹ ਲੀਡਰ ਜਿਹਨਾਂ ਨੂੰ ਇਸ ਸਮੇਂ ਸਿੱਖਾਂ ਅਥਵਾ ਕਿਸੇ ਸਿੱਖ-ਜਥੇਬੰਦੀ ਜਾਂ ਸਿੱਖ-ਸੰਸਥਾ ਦਾ ਅਹੁਦਾ ਸੰਭਾਲਣ ਦਾ ਚਸਕਾ ਜਾਂ ਆਦਤ ਪੈ ਗਈ ਹੈ। ਇਹਨਾਂ ਨੂੰ ਲੀਡਰੀ ਚਾਹੀਦੀ ਹੈ। ਇਹ ਲੀਡਰੀ ਭਾਵੇਂ ਕਿਸੇ ਸਿੱਖ-ਜਥੇਬੰਦੀ ਦੀ ਹੋਵੇ ਜਾਂ ਇਸਦੀ ਬਾਂਵੇਂ ਕਿਸੇ ਕਬੱਡੀ-ਟੀਮ ਦੀ! ਪੰਥ ਦੀ ਸਿਹਤ ਬਣਾਉਣ ਦੇ ਨਾਲ ਨਾਲ ਇਹਨਾਂ ਨੂੰ ਇਸਤੋਂ ਵੱਧ ਆਪਣਾ ਨਾਂ ਅਖ਼ਬਾਰਾਂ ਵਿਚ ਜਗਦਾ ਰੱਖਣ ਦੀ ਵੇਧੇਰੇ ਜਗਿਆਸਾ ਰਹੀ ਹੈ। ਵਿਦੇਸ਼ਾਂ ਦੇ ਹਰ ਦੇਸ਼ ਵਿਚ ਅਜਿਹੇ ਪੇਸ਼ਾਵਰ ਤੇ ਲੰਡਰ-ਲੀਡਰ ਹਨ ਜੋ ਜੁਝਾਰੂਆਂ ਦੇ ਨਾਂ ਉਤੇ ਪੌਂਡਾਂ-ਡਾਲਰਾਂ ਦੀ ਕਪਾਹ ਚੁਗ ਕੇ 'ਪੰਥ-ਸੇਵਕ' ਅਖਵਾਉਂਦੇ ਤੇ ਮਾਇਆ ਦੇ ਨਾਂ ਉਤੇ ਜੁਝਾਰੂਆਂ ਦੀਆਂ ਵੰਡੀਆਂ ਪਾਉਣ ਦੇ ਜ਼ੁਮੇਵਾਰ ਹਨ। ਇਹ ਇਹਨਾਂ ਦੀ ਕ੍ਰਿਪਾ ਸਦਕਾ ਹੀ ਹੈ ਕਿ ਅੱਜ ਵਿਦੇਸ਼ਾਂ ਵਿਚ ਹੱਡ-ਭੰਨਵੀਂ ਮਿਹਨਤ ਕਰਦੇ ਸਿੱਖ, ਦਿਆਨਤਦਾਰ, ਨੌਜਵਾਨਾਂ ਨੂੰ ਵੀ ਜੁਝਾਰੂਆਂ ਵਾਸਤੇ ਚੰਦ ਦਮੜੇ ਦੇਣ ਤੋਂ ਕੰਨੀ ਕਤਰਾਉਣ ਲੱਗੇ ਹਨ। ਪਰ ਇਹ ਦਮੜਿਆਂ ਦੇ ਜ਼ੋਰ ਨਾਲ ਜਿਹਲੀਂ ਬੈਠੇ ਤੇ ਬੇਵਤਨੇ ਸਿੰਘਾਂ ਉਤੇ ਅਸਰ-ਅੰਦਾਜ਼ ਹਨ। ਦੂਸਰੇ, ਉਹ ਲੋਕ ਹਨ ਜੋ ਵਿਦੇਸ਼ਾਂ ਵਿਚ ਇਸ ਸਮੇਂ ਸਿੱਖਾਂ ਨੂੰ ਆਪਣੇ ਲੱਛੇਦਾਰ-ਉਪਦੇਸ਼ ਕਰਨ ਆ ਰਹੇ ਹਨ। ਇਹਨਾਂ ਵਿਚ ਉਘੇ ਕੀਰਤਨੀਏ, ਸੰਤ, ਕਥਾਕਾਰ, ਲੇਖਕ ਤੇ ਕਲਾਕਾਰ ਹਨ ਜੋ ਸਿੱਖ-ਸੰਘਰਸ਼ ਦੀ ਗੱਲ ਵੀ ਆਪਣੇ ਬੋਲਾਂ 'ਚ ਬ੍ਰਾਬਤਕੇ ਕਰਦੇ ਹਨ। ਜਦੋਂ ਜੀ ਕਰੇ ਹਰ ਮੁਲਕ 'ਚ ਆ ਜਾ ਵੀ ਸੋਖਿਆਂ ਸਕਦੇ ਹਨ। 'ਭਿੰਡਰਾਂਵਾਲੇ ਮਹਾਂਪੁਰਸ਼ਾਂ ਦੇ ਸੰਗੀ-ਸਾਥੀ' ਤੇ ਸਿੱਖ-ਸੰਘਰਸ਼ ਦੇ ਗੱਲੀਂ-ਬਾਤੀਂ ਆਪਣੇ ਆਪ ਨੂੰ ਵੱਡੇ ਹਮਾਇਤੀ ਵੀ ਜਤਾਉਂਦੇ ਹਨ ਪਰ ਨਿਸ਼ਾਨਾ ਇਹਨਾਂ ਦਾ ਵੱਧ ਤੋਂ ਵੱਧ ਵਿਦੇਸ਼ੀ ਸਿੱਖ-ਸੰਗਤਾਂ ਦੇ ਦਰਸ਼ਣ ਕਰਕੇ ਉਹਨਾਂ ਦੀ ਉਘ-ਸੁੱਘ ਲੈਣਾ ਹੁੰਦਾ ਹੈ। ਪਰ ਧੰਨ ਹਨ ਵਿਦਸ਼ੀ ਸਿੱਖ-ਸੰਸਥਾਵਾਂ/ਸਭਾਵਾਂ ਦੇ ਸਿਆਣੇ ਪ੍ਰਬੰਧਕ ਜੋ ਸੰਗਤਾਂ ਵਿਚ ਆਪਣੀ ਚੌਧਰ ਜਾਂ ਇਹਨਾਂ ਨਾਲ ਆਪਣੀ ਨੇੜਤਾ ਦਿਖਾਣ ਲਈ ਸਟੇਜਾਂ ਤੇ ਇਹਨਾਂ ਦੀਆਂ ਸਿਫਤਾਂ ਦੇ ਪੁਲ ਸੰਗਤਾਂ ਸਾਹਵੇਂ ਬ੍ਰੰਨਦੇ ਹਨ। ਵਿਸ਼ੇਸ਼ਕਰ ਧੰਨ ਹਨ ਗੁਰਦੁਆਰਾ ਪ੍ਰਬੰਧਕ-ਕਮੇਟੀਆਂ ਦੇ ਅਹੁਦੇਦਾਰ ਜੋਂ ਸਿੱਖ-ਸੰਘਰਸ਼ ਵਿਚ ਰੋਜ਼ ਸ਼ਹੀਦ ਹੁੰਦੇ ਨੌਜਵਾਨਾਂ ਨਾਲੋਂ ਇਹਨਾਂ ਸਰਕਾਰੀ ਸਾਧਾਂ ਤੇ ਲਟਕਣ ਕਲਾਸ-ਬੁੱਧੀਜੀਵੀਆਂ ਨੂੰ 'ਸਿੱਖਾਂ ਦੇ ਮਸੀਹੇ' ਬਣਾ ਕੇ ਪੇਸ਼ ਕਰਦੇ ਹਨ। ਅਜਿਹੇ ਸੰਤਾਂ/ਵਿਦਵਾਨਾਂ ਦੀ ਚਪਲਬੁਧੀ ਦੇ ਚਮਤਕਾਰਾਂ/ਇਸ਼ਤਿਹਾਰਾਂ ਨੂੰ ਵਿਦੇਸ਼ੀ ਸਿੱਖ-ਅਖਬਾਰਾਂ ਦੇ ਸੰਪਾਦਕ ਕਿਉਂ ਨਾ ਛਾਪਣ ? ਉਹਨਾਂ ਦੇ ਅਖ਼ਬਾਰ ਵੀ ਤਾਂ ਸਿੱਖਾਂ ਨੇ ਹੀ ਪੜ੍ਹਨੇ ਹਨ ! ਪਰ ਇਸ ਨਾਲ ਸਿੱਖ-ਸੰਘਰਸ਼ ਨੂੰ ਕਿਹੜੇ ਵੇਲੇ ਉਹ ਕਿਹੜੀ ਗੁੱਝੀ ਢਾਹ ਲਾ ਸਕਦੇ ਹਨ ? ਇਸਦੀ ਭਲਾ ਕਿਸਨੂੰ ਸੋਚ ਤੇ ਪ੍ਰਵਾਹ ? ਅੰਨ੍ਹੀ ਪੀਹ ਤੇ ਕੁੱਤੀ ਚੱਟ ਰਹੀ ਹੈ !

ਖੈਰ-ਦੇਸ਼ ਤੇ ਵਿਦੇਸ਼ ਦਾ ਖਾਲਸਾ ਗੁਰੂ ਕੀ ਖੇਤੀ ਹੈ। ਇਸ ਉਤੇ ਅੱਜ ਔੜ ਦਾ ਮੌਸਮ ਹੈ। ਜ਼ੁਲਮ ਦੀ ਅੱਗ ਵਰ ਰਹੀ ਹੈ। ਬਹੁਤੀ ਤਾਂ ਗੁਰੂ ਨੇ ਜ਼ੀਂ ਕਰਨੀ ਹੈ। ਪਰ ਵਰਤਮਾਨ ਸ਼ਹਾਦਤਾਂ ਦੀ ਰੋਸ਼ਨੀ 'ਚ ਸਿੱਖਾਂ ਨੇ ਆਪਣੇ ਇਤਿਹਾਸ ਦੇ ਪ੍ਰਕਾਸ਼-ਸਤੰਭਾਂ ਤੋਂ ਰੌਸ਼ਨੀ ਲੈ ਕੇ ਚੜ੍ਹਦੀ-ਕਲਾ 'ਚ ਰਹਿਣਾ ਹੋਏਗਾ। ਜੁਝਾਰੂ-ਸਿੰਘਾਂ ਨੂੰ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਹੁਣ ਹੀ ਬਗਲਗੀਰ ਹੋ ਜਾਣਾ

ਚਾਹੀਦਾ ਹੈ। ਆਪਣੇ ਉਦਾਲੇ ਦੇ ਕਾਂਗਰਸੀ-ਕਮਿਊਨਿਸਟ ਅਥਵਾ ਸਰਕਾਰੀ-ਲਾਣੇ ਉਤੇ ਖਾਸ ਨਿਗਾਹਬਾਨੀ ਕਰਨੀ ਚਾਹੀਦੀ ਹੈ। ਵਿਦੇਸ਼ੀ-ਸਿੱਖਾਂ ਤੇ ਸਿੱਖ-ਅਖਬਾਰਾਂ ਨੇ ਸਰਕਾਰ-ਸ਼ਿੰਗਾਰੇ ਸਾਧਾਂ, ਕਲਾਕਾਰਾਂ ਤੇ ਲੇਖਕਾਂ ਦੇ ਕੁੰਡਲੀਏ/ਜਲੇਬੀਏ ਭਾਸ਼ਣਾਂ/ਉਪਦੇਸ਼ਾਂ/ਨਸੀਹਤਾਂ ਨੂੰ ਧਿਆਨ-ਤਵੱਜੋ ਨਾਲ ਸੁਣਨਾ-ਪੁਣਨਾ ਤੇ ਨਿਹਾਰਨਾ-ਨਿਤਾਰਨਾ ਹੋਏਗਾ ਤਾਂ ਕਿ ਉਹ ਗੁਰੂ ਕੇ ਬਾਜ਼ਾਂ ਲਈ ਦੇਸ਼ ਤੋਂ ਵਿਦੇਸ਼ ਤੱਕ ਲਾਏ ਜਾਲ ਵਿਚ ਸਰਕਾਰ ਦੇ ਭਾਈਵਾਲ ਨਾ ਬਣ ਨਿਬੜਨ ਸਗੋਂ ਇਸ ਬਿਖੜੇ ਸਮੇਂ ਪੰਥ ਨੂੰ ਮੋਢਾ ਦੇਣ।

ਵਰਤਮਾਨ ਸਮੇਂ ਸਿੱਖ-ਸੰਘਰਸ਼ ਦੇ ਪ੍ਰਸੰਗ 'ਚ ਹੋਈਆਂ ਸਿੱਖਾਂ ਦੇ ਸੂਰਬੀਰ ਜਰਨੈਲਾਂ ਦੀਆਂ ਇਹਨਾਂ ਸ਼ਹਾਦਤਾਂ ਨਾਲ ਕੌਮ ਨੂੰ ਕੁਰਬਾਨੀ ਦਾ ਸੂਹਾ ਰੰਗ ਚੜ੍ਹੇਗਾ ਜੋ ਇਸ ਨੂੰ ਨਵਾਂ ਮਨੋਬਲ, ਸਾਹਸ ਤੇ ਹੌਸਲਾ ਪ੍ਰਦਾਨ ਕਰਕੇ ਇਸਦੇ ਰਾਹ ਨੂੰ ਰੌਸ਼ਨ ਕਰੇਗਾ ਜਿਸ ਉਤੇ ਤੁਰਦਾ ਪੰਥਕ-ਕਾਫਲਾ ਦਿੱਲੀ ਦੇ ਪੰਜਾਬ 'ਚ ਮਨ੍ਹੂੰ ਵਾਂਗ ਤਾਇਨਾਤ ਕੀਤੇ ਸੂਬੇ ਬੇਅੰਤ ਸਿਹੁੰ ਨੂੰ ਮੁਖਾਤਿਬ ਕਰਕੇ :-

ਮਨ੍ਹੂੰ ਸਾਡੀ ਦਾਤਰੀ ਅਸੀਂ ਮਨ੍ਹੂੰ ਦੇ ਸੋਏ।
ਜਿਉਂ ਜਿਉਂ ਮਨ੍ਹੂੰ ਵੱਢਦਾ ਅਸੀਂ ਦੂਣ-ਸਵਾਏ ਹੋਏ ॥

ਵਰਗੇ ਸ਼ਹੀਦੀ ਗੀਤ ਗਾਉਂਦਾ ਹੋਇਆ ਆਪਣੀ ਮੰਜ਼ਿਲ ਵੱਲ ਹੋਰ ਵੀ ਤੇਜ਼ੀ ਨਾਲ ਅਗੇਰੇ ਵਧੇਗਾ ਤੇ ਕੁਲ ਦਾ ਸਿੱਖ-ਇਤਿਹਾਸ ਕੌਮ ਦੀ ਲੱਬੀ ਪੱਗ ਨੂੰ ਉਸਦੇ ਸਿਰ ਤੇ ਰੱਖਣ ਵਾਲੇ ਸ਼ਹੀਦ ਬਿਅੰਤ ਸਿੰਘ ਦੇ ਸਿਰ ਤੇ ਤਾਜ ਧਰੇਗਾ ਪਰ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦੇ ਸੁਪਨੇ ਲੈਣ ਵਾਲੇ ਜ਼ਕਰੀਆ ਖਾਨ ਤੇ ਮੀਰ ਮਨ੍ਹੂੰ ਦੀਆਂ ਪੈੜਾਂ ਤੇ ਤੁਰਦੇ ਤੇ ਕੇਂਦਰ ਦਾ ਹੱਥ-ਠੋਕਾ ਬਣ ਕੇ ਸਿੱਖਾਂ ਤੇ ਜ਼ੁਲਮ ਢਾਹੁਣ ਵਾਲੇ ਕਿਸੇ ਜ਼ਰ-ਖਰੀਦ ਬੇਅੰਤ ਸਿਹੁੰ ਨੂੰ ਕਦਾਚਿਤ ਮੁਆਫ ਨਹੀਂ ਕਰੇਗਾ !!

(ਅਗਸਤ, 1992)

ਖਾਲਸਾ-ਪੰਥ 'ਚ ਖਾੜਕੂ-ਸੰਘਰਸ਼ ਦੇ ਬੋਲ-ਬਾਲੇ !

ਪਿਛਲੇ ਦਿਨੀਂ ਖਾਲਸੇ ਦੇ ਜਨਮ-ਅਸਥਾਨ ਤਖਤ ਸ੍ਰੀ ਕੇਸਗੜ ਸਾਹਿਬ ਵਿਖੇ ਹੋਈ ਤੀਹ ਦੇ ਲਗਪਗ ਸਿੱਖ-ਜਥੇਬੰਦੀਆਂ/ਸੰਪਰਦਾਵਾਂ ਦੀ ਸੰਜੀਦਾ-ਮੀਟਿੰਗ ਸਿੱਖ-ਸੰਘਰਸ਼ ਦੇ ਪ੍ਰਸੰਗ ਵਿਚ ਇਕ ਮੁਬਾਰਕ-ਕਦਮ ਹੈ। ਇਹ ਇਕੱਤਰਤਾ ਜਿਥੇ ਖੜਗਧਾਰੀ-ਕਲਗੀਧਰ ਪਿਤਾ ਦੇ ਖਾੜਕੂ-ਖੜੱਪੇ ਭੁਝੰਗੀਆਂ ਦੀ ਸ਼ਕਤੀ, ਜਿੱਤ ਤੇ ਚੇਤੰਨਤਾ ਦੀ ਪ੍ਰਤੀਕ ਹੈ ਉਥੇ ਸਿੱਖਾਂ ਨੂੰ ਸੁਰਤ ਆ ਜਾਣ ਦਾ ਵੀ ਸੂਚਕ ਹੈ ! ਜੋ ਦਿੱਲੀ ਦੇ ਦਿਲ-ਹਿਲਾਊ ਜ਼ੁਲਮ ਕਾਰਨ ਕਦੋਂ ਦੀ ਆ ਜਾਣੀ ਚਾਹੀਦੀ ਸੀ!

ਪਿਛਲੇ ਇਕ ਦਹਾਕੇ ਤੋਂ ਵੱਧ, ਕਾਹਨੂੰਵਾਣੇ ਦਾ ਛੰਭ ਬਣੇ ਪੰਜਾਬ ਦੀ ਚੱਪਾ-ਚੱਪਾ ਧਰਤ ਖਾੜਕੂ-ਨੌਜਵਾਨਾਂ ਦੇ ਖ਼ੂਨ ਨਾਲ ਰੰਗੀ ਪਈ ਹੈ ਜਿਹਨਾਂ ਦਿੱਲੀ ਦਰਬਾਰ ਦੇ ਜਬਰ ਦੇ ਵਰੂਦੇ-ਬਾਣਾਂ ਨੂੰ ਸਿਦਕ-ਸਬਰ ਦੇ ਸਹਾਰੇ ਆਪਣੀਆਂ ਛਾਤੀਆਂ ਤੇ ਜਰਿਆ ਹੀ ਨਹੀਂ ਸਗੋਂ ਦਿੱਲੀ ਦੀ ਹਰ ਵੰਗਾਰ ਦਾ ਜਵਾਬ ਕਰਾਰੇ ਹੱਥੀਂ ਦੇ ਕੇ ਤਿਰੰਗੇ ਨੂੰ ਕਾਂਬਾ ਛੇੜਿਆ ਅਤੇ ਅੰਮ੍ਰਿਤਸਰ-ਆਨੰਦਪੁਰ 'ਚ ਝੁਲਦੇ ਕੇਸਰੀ ਨਿਸ਼ਾਨਾਂ ਨੂੰ ਸਰ-ਬੁਲੰਦ ਰੱਖਿਆ ਹੈ !

ਪੰਥ ਅਤੇ ਪੰਜਾਬ ਦੀ ਪੱਗ-ਪਤ ਨੂੰ ਬਚਾਉਂਣ, ਜਾਨਾਂ ਹੂਲ ਕੇ ਸਿੱਖ-ਸੰਘਰਸ਼ ਨੂੰ ਇਥੋਂ ਤਕ ਲਿਆਉਂਣ ਤੇ ਪੰਥ-ਪੰਜਾਬ ਦੇ ਫਰੂਲੇ-ਸ਼ਮੂਲੇ ਨੂੰ ਉਚਾ ਰੱਖਣ ਦਾ ਸਿਹਰਾ ਕੇਵਲ ਤੇ ਕੇਵਲ ਦਸਮੇਸ਼ ਪਿਤਾ ਦੇ ਸੂਰਮੇ ਜੁਝਾਰ-ਸਪੂਤਾਂ ਦੇ ਸਿਰ ਹੀ ਬਝਦਾ ਹੈ। ਸਮੇਂ ਦੀ ਮੰਗ ਤੇ ਸੁਹਿਰਦਤਾ ਤਾਂ ਇਹ ਸੀ ਕਿ ਸਮੁੱਚਾ ਸਿੱਖ-ਸੰਸਾਰ ਕੌਮ ਦੇ ਇਹਨਾਂ ਨਿਰਸੁਆਰਥ-ਨਿਸ਼ਕਾਮ ਨੌਜਵਾਨਾਂ ਮਗਰ ਲੋਹੇ ਦੀ ਦੀਵਾਰ ਬਣਕੇ ਕਦੋਂ ਦਾ ਖੜ ਜਾਂਦਾ ਪਰ ਇਸ ਬਿਖੜੇ ਸਮੇਂ ਕੌਮ ਦੀ ਕਮਾਨ ਛੱਡ ਕੇ ਭੱਜੇ ਅਕਾਲੀ-ਲੀਡਰ, ਦਿੱਲੀ-ਦਰਬਾਰ ਦੇ ਟੋਡੀ ਤੇ ਸੁਆਰਥੀ ਅਨਸਰ ਖਾੜਕੂਆਂ ਨਾਲ ਅੰਦਰੋ-ਅੰਦਰੀ ਖਹਿ ਖਾਂਦੇ ਰਹੇ ਜਿਸ ਕਰਕੇ ਸਿੱਖ-ਸੰਘਰਸ਼ ਲੰਬੇ ਤੋਂ ਲੰਮੇਰਾ ਹੁੰਦਾ ਗਿਆ, ਸਰਕਾਰੀ-ਤਸ਼ੱਦਦ ਵਧਦਾ ਗਿਆ ਤੇ ਪੰਜਾਬ ਦੇ ਗੰਨਿਆਂ ਵਰਗੇ ਗੱਭਰੂ ਪੋਰੀ-ਪੋਰੀ ਕਟਦੇ ਚਲੇ ਗਏ !

ਆਖਰ ਖਾੜਕੂ-ਨੌਜਵਾਨਾਂ ਦੀ ਕੁਰਬਾਨੀ ਰੰਗ ਲਿਆਈ ਹੈ। ਉਹਨਾਂ ਦੀ ਕੁਰਬਾਨੀ ਤੋਂ ਕਾਇਲ ਸੁਹਿਰਦ ਸਿੱਖਾਂ ਦੀ ਕਾਮਨਾ ਪੂਰੀ ਹੋਈ ਹੈ ਤੇ ਨਾਬਰ ਲੀਡਰਾਂ ਨੇ ਖਾੜਕੂ ਸਿੰਘਾਂ ਦੀ ਸ਼ਕਤੀ ਤੇ ਕੁਰਬਾਨੀ ਦੀ ਤਾਬਿਆਦਾਰੀ ਸਵੀਕਾਰੀ ਹੈ। ਸਾਰੇ ਹੀਲੇ-ਵਸੀਲੇ ਵਰਤ-ਵੇਖ ਕੇ ਸਤੀ ਕੌਮ ਨੇ ਆਖਰ ਪੰਥ ਦੇ ਮੁਹਰੈਲ ਖਾੜਕੂ-ਕਾਫਲੇ ਦੀ ਪੈਤ ਟੂੰਹਦਿਆਂ ਪੰਥ-ਵਾਲੀ ਦਸਮ ਪਾਤਸ਼ਾਹ ਦੇ :

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।"

ਬੋਲਾਂ ਨਾਲ ਆਪਣੇ ਸੁਰ ਨੂੰ ਮੇਚਿਆ ਹੈ ਭਾਵ ਸਮਾਗਮ ਵਿਚ ਇਕੱਤਰਿਤ-ਜਥੇਬੰਦੀਆਂ ਅਥਵਾ ਸਮੁੱਚੀ ਕੌਮ ਨੇ ਨੌਜਵਾਨਾਂ ਦੇ ਖਾੜਕੂ-ਸੰਘਰਸ਼ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ ਤੇ ਕੌਮ ਨੂੰ ਜਬਰ-ਵਿਰੋਧੀ ਲਹਿਰ ਦੇ ਇਕੋ ਝੰਡੇ ਥੱਲੇ ਲਾਮਬੰਦ ਕਰਨ ਦਾ ਐਲਾਨ ਕੀਤਾ ਹੈ ਪਰ ਸਦਾ ਯਾਦ ਰਹੇ ਕਿ ਸਾਡਾ ਨਿਸ਼ਾਨਾ ਹੁਣ ਸਿਰਫ ਜ਼ੁਲਮ ਰੋਕਣ ਦਾ ਹੀ ਨਹੀਂ ਅਪਣਾ ਵੱਖਰਾ ਦੇਸ਼ ਸਥਾਪਤ ਕਰਨ ਦਾ ਹੈ !

ਪੰਜਾਹਵਿਆਂ ਤੋਂ ਮਗਰੋਂ ਧਰਮ-ਯੁੱਧ ਮੋਰਚੇ ਤੱਕ ਸਿੱਖ-ਸਿਆਸਤ ਦਾ ਇਹ ਦੁਖਾਂਤ ਰਿਹਾ ਹੈ ਕਿ ਕੌਮ ਨੂੰ ਮੋਰਚਿਆਂ ਦੇ ਭਖਦੇ-ਭੱਠਾਂ ਵਿਚ ਝੋਕ ਕੇ ਸਵਾਰਥੀ ਸਿੱਖ-ਲੀਡਰ ਕੌਮ ਦੀਆਂ ਕੁਰਬਾਨੀਆਂ ਦਾ ਮੁੱਲ ਵੱਟਣ ਲਈ ਬੁੱਕਲ 'ਚ ਭੇਲੀ ਭੰਨ ਕੇ ਕੌਮ ਦੀਆਂ ਜਿੱਤਾਂ ਨੂੰ ਹਾਰਾਂ 'ਚ ਬਦਲਦੇ ਰਹੇ ਹਨ। ਇਸ ਅਰਸੇ ਦੌਰਾਨ ਕੌਮ ਦੀ ਤਕਦੀਰ ਦਾ ਫੈਸਲਾ ਕਦੇ ਕੁਰਬਾਨੀ ਕਰਨ ਵਾਲੇ ਹੇਠਲੇ-

ਕੇਡਰ ਨੇ ਨਹੀਂ ਕੀਤਾ, ਸੁਆਰਥੀ-ਲੀਡਰਾਂ ਨੇ ਹੀ ਕੀਤਾ ਹੈ। 'ਖਾਣ-ਪੀਣ ਨੂੰ ਬਾਂਦਰੀ ਤੇ ਧੌਣ ਭੰਨਾਉਣ ਨੂੰ ਚੂੰਮਾ' ਵਾਲੀ ਕਹਾਉਤ ਹੀ ਬਾਰ-ਬਾਰ ਦੁਹਰਾਈ ਜਾਂਦੀ ਰਹੀ ਹੈ। ਸਿੱਖ-ਭਾਵਨਾਵਾਂ ਨਾਲੋਂ ਟੁੱਟੇ ਤੇ ਅੱਲਗ-ਥਲੱਗ ਹੋਏ ਗਿਣੇ-ਚੁਣੇ ਪਰ ਗਏ-ਗੁਜ਼ਰੇ ਸਿੱਖ-ਲੀਡਰ, ਹਰ ਮੋਰਚੇ ਸਮੇਂ ਗੱਲ ਬਾਤ ਅਥਵਾ ਸੌਦੇਬਾਜ਼ੀ ਲਈ ਦਿੱਲੀ ਦੀ ਦਿਹਲੀ ਤੇ ਇਕ ਦੂਜੇ ਤੋਂ ਮੂਹਰੇ ਜਾ ਜਾ ਕੇ ਸਿਜਦਾਗਰ ਹੁੰਦੇ ਰਹੇ ਹਨ। ਇਸ ਵਹਿਣ ਨੂੰ ਧਰਮ-ਯੁੱਧ ਮੋਰਚੇ ਵੇਲੇ ਸੰਤ ਜਰਨੈਲ ਸਿੰਘ ਨੇ ਠੁਲ ਪਾਈ ਤੇ ਕੌਮ ਦੀ ਆਜ਼ਾਦੀ ਦੀ ਲੜਾਈ ਲੜ ਕੇ ਖਾੜਕੂ ਨੌਜਵਾਨਾਂ ਨੇ ਅੱਜ ਤੱਕ ਇਸ ਪਰੰਪਰਾ ਤੇ ਪਹਿਰਾ ਦਿੱਤਾ ਹੈ ਵਰਨਾ ਕੌਮ ਦੀ ਤਕਦੀਰ ਦਾ ਸੌਦਾ ਕੌਮ ਦੀਆਂ ਸਫਾਂ 'ਚ ਸ਼ਹਿ-ਬੈਠੇ ਸੁਆਰਥੀ ਲੋਕ ਕਦੋਂ ਦਾ ਕਰ ਗਏ ਹੁੰਦੇ ! ਆਨੰਦਪੁਰ-ਸਮਾਗਮ ਵਿਚ ਕੁਰਬਾਨੀਆਂ ਦੀ ਕਣਕ ਦੇ ਬੋਹਲ ਦਾ ਭਾਅ ਲਾਉਂਣ ਦਾ ਅਧਿਕਾਰ ਪਸੀਨਾ ਡੋਲਣ ਵਾਲੇ ਕਿਰਤੀ ਕਿਸਾਨਾਂ ਅਥਵਾ ਖ਼ੂਨ ਡੋਲਣ ਵਾਲੇ ਖਾੜਕੂ-ਨੌਜਵਾਨਾਂ ਨੂੰ ਦਿੱਤਾ ਗਿਆ ਹੈ। ਦਾਅ-ਲਾਊ ਆਤੂਤੀਏ ਅੱਗਾ-ਪਿੱਛਾ ਵੇਖ, ਵੇਲਾ ਵਿਚਾਰ ਵਿਚਾਲਿਓਂ ਹਟ ਗਏ ਹਨ। ਕੌਮ ਦੀ ਹੋਣੀ ਨਿਸਚਤ ਕਰਨ ਦਾ ਹੱਕ-ਅਧਿਕਾਰ ਆਪਣੀ ਸੂਹੀ ਰੱਤ ਡੋਲ ਕੇ ਕੌਮ ਦਾ ਝੰਡਾ ਬੁਲੰਦ ਰੱਖਣ ਵਾਲੇ ਨੌਜਵਾਨਾਂ ਪਾਸ ਹੀ ਹੋਣਾ ਚਾਹੀਦਾ ਸੀ ਤੇ ਆਨੰਦਪੁਰ-ਸਮਾਗਮ ਨੇ ਇਹ ਹੱਕ ਹੱਕਾਂ ਵਾਲਿਆਂ ਨੂੰ ਹੱਥੀਂ ਸੌਂਪ ਦਿੱਤਾ ਹੈ। ਇਹ ਜਿਥੇ ਪੁਰਾਣਿਆਂ ਵਲੋਂ ਨਵੀਂ ਸਿਆਸੀ-ਸੋਚ ਤੇ ਸੱਚ ਨੂੰ ਸਵੀਕਾਰ ਕਰਨਾ ਹੈ ਉਥੇ ਖਾੜਕੂ-ਨੌਜਵਾਨਾਂ ਦੀ ਜਿੱਤ, ਸ਼ਕਤੀ ਅਤੇ ਲੋਕ-ਪ੍ਰੀਅਤਾ ਦਾ ਵੀ ਸਬੂਤ ਹੈ।

ਸਮਾਗਮ ਵਿਚ ਚੋਣਾਂ ਦੀ ਗੱਲ ਵੀ ਉਭਰੀ ਹੈ। ਖਾੜਕੂ-ਸੰਘਰਸ਼ ਦੇ ਚਲਦਿਆਂ, ਖਾੜਕੂ-ਧਿਰਾਂ ਨੂੰ ਵਿਸ਼ਵਾਸ ਵਿਚ ਲਏ ਬਿਨਾਂ ਜਿਹੜੀ ਧਿਰ ਵੀ ਚੋਣਾਂ ਵਿਚ ਹਿੱਸਾ ਲੈਂਦੀ ਹੈ ਉਹ ਸਿੱਧੇ ਤੌਰ ਤੇ ਭਾਰਤੀ-ਸੰਵਿਧਾਨ ਦੀ ਤਾਬੇਦਾਰੀ ਕਬੂਲਦੀ ਹੈ ਤੇ ਅਸਿੱਧੇ ਤੌਰ ਤੇ ਦਿੱਲੀ ਦੇ ਦਿਲ ਦੀ ਗੱਲ ਕਰ ਕੇ ਸਿੱਖ-ਸੰਘਰਸ਼ ਨੂੰ ਕਮਜ਼ੋਰ ਕਰਦੀ ਹੈ। ਪਿਛਲੀ ਵੇਰ ਚੋਣਾਂ ਦਾ ਐਲਾਨ ਹੁੰਦੇ ਹੀ ਜਿਵੇਂ ਅਕਾਲੀ-ਲੁੰਗ-ਲਾਣਾ ਮੁੱਠੀਆਂ 'ਚ ਥੁੱਕ ਕੇ ਹਰਫਲ ਕੇ ਚੋਣ-ਅਖਾੜੇ 'ਚ ਕੁੱਦਿਆ-ਕੁੱਲ ਆਲਮ ਜਾਣਦਾ ਹੈ। ਕੁਝ ਖਾੜਕੂ-ਗਰੁੱਪ ਤੇ ਫੈਡਰੇਸ਼ਨੀ-ਗੁੱਟ ਵੀ ਚੋਣ ਲੜਨ ਲਈ ਨਿੱਤਰੇ ਅਤੇ ਕੁਝਨਾਂ ਨੇ ਇਸਦਾ ਡਟ ਕੇ ਦਲੇਰੀ ਨਾਲ ਵਿਰੋਧ ਵੀ ਕੀਤਾ। ਅਕਾਲੀਆਂ ਤੇ ਹੋਰਨਾਂ ਦੀ ਤਾਂ ਗੱਲ ਛੱਡੋ, ਘੱਟੋ-ਘੱਟ ਖਾੜਕੂਆਂ ਨੂੰ ਤਾਂ ਚੋਣਾਂ 'ਚ ਹਿੱਸਾ ਲੈਣ ਜਾਂ ਨਾ ਲੈਣ ਦੇ ਮਸਲੇ ਤੇ ਇਕ ਹੋਣਾ ਚਾਹੀਦਾ ਸੀ ! ਇਹਨਾਂ ਚੋਣਾਂ ਦੇ ਸਿਰੇ ਚੁੜਨ ਦੀ ਸੂਰਤ 'ਚ ਦਿੱਲੀ ਨੇ ਸਿੱਖਾਂ ਦੀ ਖਿੱਲੀ ਉਡਾ ਕੇ ਸਿਖ-ਸੰਘਰਸ਼ ਨੂੰ ਇਕ ਵੱਡੀ ਢਾਅ ਲਾ ਜਾਣੀ ਸੀ ਤੇ ਇਕ-ਇਕ ਸੀਟ ਤੇ ਖੜੇ ਪੰਜ-ਪੰਜ ਛੇ-ਛੇ 'ਪੰਥਕ-ਹਿਤੂਆਂ' ਦੀ ਪਾਟੋਧਾੜ ਤੋਂ ਉਪਜੀ ਹਾਰ ਨੂੰ ਸੰਸਾਰ ਨੇ ਖਾਲਿਸਤਾਨ ਦੇ ਵਿਰੁਧ ਫਤਵਾ ਸਮਝਣਾ ਸੀ। ਭਲਾ ਹੋਇਆ, ਨਹੀਂ ਤਾਂ ਇਹ ਭਾਣਾ ਵਰਤ ਜਾਣ ਤੇ ਸਿੱਖਾਂ ਦੀ ਕਿਵੇਂ ਵੀ ਰਹਿ ਨਹੀਂ ਸੀ ਆਉਂਣੀ। ਮੁੱਕਦੀ ਗੱਲ ਸਿੱਖ-ਸੰਘਰਸ਼ ਦੇ ਚਲਦਿਆਂ ਚੋਣਾਂ ਕਿਵੇਂ ਵੀ ਇਸਦੇ ਹੱਕ 'ਚ ਨਹੀਂ। ਜੇ ਕਿਸੇ ਉਰਲੇ ਪੜਾਅ ਤੇ ਚੋਣਾਂ ਹੋਣ ਵੀ ਤਾਂ ਇਹ ਖਾੜਕੂਆਂ ਦੀ ਆਪਸੀ ਏਕਤਾ, ਪੂਰਨ-ਸਹਿਮਤੀ ਅਤੇ ਅਗਵਾਈ ਵਿਚ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਸਿੱਖ ਕੌਮ ਦੀ ਇੱਕਮੁੱਠਤਾ ਦਾ ਮੁਜ਼ਾਹਰਾ, ਸਿੱਖ-ਸ਼ਕਤੀ ਦਾ ਭਰਪੂਰ ਪਰਦਰਸ਼ਣ ਤੇ ਖਾਲਿਸਤਾਨ ਦੇ ਹੱਕ ਵਿਚ ਗਹਿ-ਗੱਡਵਾਂ ਫਤਵਾ ਹੋਣ।

ਸਮਾਗਮ 'ਚ ਖਾੜਕੂ-ਜਥੇਬੰਦੀਆਂ ਦੀ ਇਕ ਸਾਂਝੀ ਤਾਲ-ਮੇਲ ਕਮੇਟੀ ਬਣਾਉਂਣ ਦੀ ਗੱਲ ਦੀ ਵੀ ਕਨਸੋਅ ਪਈ ਹੈ। ਪਿਛਲੇ ਸਮੇਂ ਦੇਸ਼ 'ਚ ਪੰਥਕ-ਏਕਤਾ ਤੇ ਵਿਦੇਸ਼ਾਂ 'ਚ ਜਥੇਬੰਦੀਆਂ ਦੇ ਤਾਲ-ਮੇਲ ਦੀਆਂ ਗੱਲਾਂ ਉਠਦੀਆਂ ਤੇ ਦਬਦੀਆਂ ਰਹੀਆਂ ਹਨ, ਜਿਸਦੇ ਫਲਸਰੂਪ ਸੁਹਿਰਦ ਸਿੱਖ ਆਸਾ ਚੋਂ ਨਿਰਾਸ਼ਾ ਵਿਹਾਝਦੇ ਰਹੇ ਹਨ। ਇਹ ਇਕ ਸੁਭ ਸ਼ਗਨ ਹੈ ਕਿ ਹੁਣ ਇਹ ਗੱਲ ਸਿੱਖ-ਪੰਥ ਦੇ ਮੁਹਰੈਲ ਦਸਤੇ ਚੋਂ ਉਠੀ ਹੈ। ਇਹ ਗੱਲ ਚਿਰੋਕਣੀ ਹੀ ਹੋ ਜਾਣੀ ਚਾਹੀਦੀ ਸੀ। ਪਰ ਖੈਰ ਇਹ ਕਾਰਜ ਜੇ ਤੋੜ ਚੜ ਜਾਵੇ ਤਾਂ ਇਸ ਨਾਲ ਸਿੱਖਾਂ ਦਾ ਮਨੋਬਲ ਉਚਾ ਤੇ ਹੌਸਲੇ ਬੁਲੰਦ ਹੋਣਗੇ ਅਤੇ ਸਿੱਖ-ਸੰਘਰਸ਼ ਵਿਚ ਇਕ ਨਵੀਂ ਰੂਹ ਫੂਕੀ ਜਾਵੇਗੀ।

ਭਾਵੇਂ ਕਾਰਜ ਕੁਝ ਵੀ ਹੋਵੇ, ਬਾਬਾ ਮਾਨੋਚਾਹਲ, ਜ਼ਫਰਵਾਲ ਤੇ ਭਾਈ ਮਨਜੀਤ ਸਿੰਘ ਦੀ ਨੁਮਾਇੰਦਗੀ ਦੀ ਇਸ ਸਮਾਗਮ 'ਚੋਂ ਅਣਹੋਂਦ ਹਰ ਪੰਥਕ-ਹਿਤੂ ਨੂੰ ਖਟਕੀ ਹੈ ਤੇ ਇਹ ਸੰਸਾਜਨਕ ਹੈ!

ਸਮਾਗਮ ਵਿਚ ਬੁੱਧੀਜੀਵੀਆਂ ਵਲੋਂ ਕੌਮ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸੈਮੀਨਾਰ ਕਰਵਾਉਣ ਤੇ ਬੁਧੀਜੀਵੀਆਂ / ਲੇਖਕਾਂ ਦੀ ਸ਼ਮੂਲੀਅਤ ਦੀ ਗੱਲ ਵੀ ਵਿਚਾਰਨ ਯੋਗ ਹੈ। ਬੁਧੀਜੀਵੀ / ਲੇਖਕ / ਕਲਾਕਾਰ ਕਿਸੇ ਵੀ ਕੌਮੀ-ਜਦੋਜਹਿਦ ਨੂੰ ਅੱਗੇ ਤੋਰਨ ਵਿਚ ਇਕ ਅਹਿਮ ਰੋਲ ਅਦਾ ਕਰ ਸਕਦੇ ਹਨ। ਸਿੱਖ-ਕੌਮ ਵਧੇਰੇ ਕਰਕੇ ਇਸਤੋਂ ਵਾਂਝੀ ਰਹੀ ਹੈ। ਪੰਥਕ-ਹਿੜ੍ਹ ਤੇ ਖਾੜਕੂ-ਧਿਰਾਂ ਨੂੰ ਅਕਾਲੀ-ਲਾਣੇ ਦੀ ਖੋਟੀ-ਬਹਿਬਤ ਦੇ ਉਲਟ ਇਹਨਾਂ ਧਿਰਾਂ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ ਸਗੋਂ ਪ੍ਰੇਰਕੇ ਨਾਲ ਲੈਣਾ ਚਾਹੀਦਾ ਹੈ। ਕਲਾਕਾਰ ਤੇ ਲੇਖਕ ਭਾਵੁਕ ਤੇ ਜਜ਼ਬੇ ਵਾਲੇ ਲੋਕ ਹੁੰਦੇ ਹਨ ਹੋ ਮਨੁਖਤਾ ਦੇ ਸੁੱਤੇ-ਸੁਸਤ ਪਾਣੀਆਂ ਨੂੰ ਝੂਣ-ਹਲੂਣ ਤੇ ਵੰਗਾਰ ਕੇ ਹੜ੍ਹਾਂ, ਰੌਂਤਾਂ ਤੇ ਤੇਜ਼-ਵਹਿਣਾਂ ਵਿਚ ਬਦਲ ਸਕਦੇ ਹਨ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਵਲੋਂ ਢਾਡੀ-ਪਰੰਪਰਾ ਦੀ ਸਰਪਰਸਤੀ ਕਰਨਾ ਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਵੰਜਾ ਕਵੀਆਂ ਨੂੰ ਅਪਣੇ ਦਰਬਾਰ ਵਿਚ ਰਤਨਾਂ ਬਰਾਬਰ ਰੁਤਬੇ ਦੇ ਕੇ ਉਹਨਾਂ ਤੋਂ ਕੌਮ ਲਈ ਅਮੁੱਲੀ-ਸੇਵਾ ਪ੍ਰਾਪਤ ਕਰਨਾ ਮਨੁੱਖ ਦੇ ਕਲਾਤਮਿਕ-ਗੁਣਾਂ ਨੂੰ ਸਮਾਜਿਕ-ਇਨਕਲਾਬ ਲਈ ਵਰਤਣ ਦੇ ਉਤਮ ਉਦਾਹਰਣ ਹਨ। ਅੱਜ ਵੀ ਜਿਥੇ ਤੇਗਾਂ ਦਾ ਰਾਹ ਰੁਸ਼ਨਾਣ ਲਈ ਬੁਧੀਜੀਵੀਆਂ ਦੇ ਮੱਥੇ ਦੇ ਚਾਨਣ ਦੀ ਲੋੜ ਹੈ ਉਥੇ ਤੇਗਾਂ ਨੂੰ ਮੈਦਾਨਿ-ਜੰਗ ਵੱਲ ਤੋਰਨ ਤੇ ਤੇਗਾਂ ਦਾ ਸਰਮਾਇਆ ਸਾਂਭਣ ਲਈ ਕਲਮਕਾਰਾਂ/ਕਲਾਕਾਰਾਂ ਦੀ ਸਖਤ ਜਰੂਰਤ ਹੈ। ਅੱਜ ਪੰਥਕ-ਹਿਤੈਸ਼ੀਆਂ ਨੂੰ ਕੌਮ ਦੇ ਬੁਧੀਜੀਵੀਆਂ / ਕਲਾਕਾਰਾਂ ਨੂੰ ਪ੍ਰੇਰਕੇ ਸਿੱਖ-ਸੰਘਰਸ਼ ਲਈ ਸਰਗਰਮ ਕਰਨਾ ਚਾਹੀਦਾ ਹੈ ਜੋ ਲੰਬੇ ਸਮੇਂ ਤੋਂ ਅਕਾਲੀ-ਲਾਣੇ ਦੇ ਉਦਾਸੀਨ ਕੀਤੇ ਘਰੀਂ ਦੜੇ ਬੈਠੇ ਹਨ। ਪਰ ਬੁੱਧੀਜੀਵੀਆਂ/ਕਲਾਕਾਰਾਂ ਨੂੰ ਪ੍ਰੇਰਨ ਵੇਲੇ ਸਾਵਧਾਨੀ ਇਸ ਗੱਲ ਦੀ ਵਰਤੀ ਜਾਣੀ ਚਾਹੀਦੀ ਹੈ ਕਿ ਉਹਨਾਂ ਹੀ ਵਿਅਕਤੀਆਂ ਨੂੰ ਪ੍ਰੇਰਿਆ ਤੇ ਵੰਗਾਰਿਆ ਜਾਵੇ ਜਿਹਨਾਂ ਦੇ ਅੰਦਰਲੇ ਦਾ ਸੁਰ ਖਾਲਸੇ ਜਾਂ ਅਜੋਕੇ ਸਿੱਖ-ਸੰਘਰਸ਼ ਨਾਲ ਮਿਲਦਾ ਹੋਵੇ। ਜਿਹਨਾਂ ਦੀ ਸਿੱਖੀ ਜਾਂ ਸਿੱਖ-ਸੰਘਰਸ਼ ਨਾਲ ਭਾਵੁਕ ਸਾਂਝ ਹੋਵੇ ਜੋ ਕਲੀਅਰ-ਕੱਟ ਸੋਚ ਲੈ ਕੇ ਅੱਜ ਸਿੱਖਾਂ ਨਾਲ ਖੜੇ ਹੋਣ। ਹਵਾ ਵਿਚ ਤਲਵਾਰਾਂ ਜਾਂ ਪੱਤਿਆਂ ਤੇ ਛਿੱਟੇ ਮਾਰਨ ਅਥਵਾ ਵਿਚ-ਵਿਚਾਲਾ ਕਰਨ ਵਾਲੇ ਬੁਧੀਜੀਵੀਆਂ/ਲੇਖਕਾਂ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਮਨ ਵਿਚ ਕੌਮੀ-ਨਿਸ਼ਾਨੇ ਦੀ ਸ਼ਰਧਾ ਤੋਂ ਬਿਨਾਂ ਚੱਪੂ ਮਾਰਦੇ ਇਹ ਲੋਕ ਭੰਵਰ 'ਚ ਫਸੀ ਬੇੜੀ ਨੂੰ ਉਸ ਕਿਨਾਰੇ ਵੱਲ ਕਦਾਚਿਤ ਨਹੀਂ ਲਿਜਾ ਸਕਦੇ। ਹਾਂ, ਆਪਣੇ ਚਮਕੀਲੇ-ਚੱਪੂਆਂ ਨਾਲ ਲੋਕ-ਅੱਖਾਂ ਨੂੰ ਜ਼ਰੂਰ ਚੁੰਧਿਆ ਸਕਦੇ ਹਨ !

ਕੇਵਲ ਇਸ ਸਮਾਗਮ ਦੀ ਕਾਰਵਾਈ ਹੀ ਨਹੀਂ ਸਗੋਂ ਪਿਛਲੇ ਕੁਝ ਅਰਸੇ ਤੋਂ ਮੈਂ ਜੁਝਾਰੂ ਸਿੱਖਾਂ ਵਲੋਂ ਰੀਲੀਜ਼ ਕੀਤੀਆਂ ਜਾਂਦੀਆਂ ਰਿਪੋਰਟਾਂ / ਦਸਤਾਵੇਜ਼ਾਂ ਨੂੰ ਅਖਬਾਰਾਂ ਚੋਂ ਦਿਲਚਸਪੀ ਨਾਲ ਨਿਹਾਰਦਾ \ ਵਾਚਦਾ ਰਿਹਾ ਹਾਂ। ਪਿਛਲੇਰੇ ਸਮੇਂ ਅਕਾਲੀਆਂ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਨੂੰ ਵੀ ਨੇੜਿਓਂ-ਪੜ੍ਹਨ, ਘੋਖਣ ਦਾ ਅਵਸਰ ਅਕਸਰ ਪ੍ਰਾਪਤ ਹੁੰਦਾ ਰਿਹਾ ਹੈ ਪਰ ਇਹਨਾਂ ਦੇ ਮੁਕਾਬਲੇ ਜਦ ਅਜੋਕੇ ਸਿੱਖ-ਸੰਘਰਸ਼ ਤੇ ਸਿੱਖ-ਸਿਆਸਤ ਦੀ ਪ੍ਰਚੰਡ-ਅਗਨੀ ਚੋਂ ਆਰ-ਪਾਰ ਹੋਏ ਨੌਜਵਾਨਾਂ ਦੇ ਸੁਲਝੇ ਸਿਆਸੀ-ਦ੍ਰਿਸ਼ਟੀਕੋਨ ਦੇ ਦਰਸ਼ਨ-ਦੀਦਾਰੇ ਹੁੰਦੇ ਤੇ ਇਹਨਾਂ ਦੇ ਸਿੱਖੀ-ਜਜ਼ਬੇ ਨਾਲ ਸਰਸ਼ਾਰ ਤੇ ਲਬਰੇਜ਼ ਬੋਲ ਪੜ੍ਹੀਦੇ ਹਨ ਤਾਂ ਰੂਹ ਗਦ-ਗਦ ਹੋ ਜਾਂਦੀ ਹੈ- ਖੈਰ!

ਆਨੰਦਪੁਰ ਸਾਹਿਬ ਦਾ ਸਮਾਗਮ, ਕੌਮ ਦੇ ਮੁਹਰੈਲ-ਜਰਨੈਲਾਂ ਦੇ ਖਾੜਕੂ-ਸੰਘਰਸ਼ ਨੂੰ ਮਾਨਤਾ ਦੇਣ ਅਤੇ ਕੌਮ ਦੀ ਗੱਲਬਾਤ ਦਾ ਮੁਹਾਜ਼ ਉਹਨਾਂ ਨੂੰ ਸੌਂਪਣ ਵਜੋਂ ਸੁਹਿਰਦ ਸਿੱਖ-ਸੰਸਾਰ ਲਈ ਇਕ ਖੁਸ਼ਖਬਰੀ ਅਤੇ ਸਿੱਖ-ਸੰਘਰਸ਼ ਦੀ ਚੜ੍ਹਦੀ-ਕਲਾ ਵੱਲ ਇਕ ਸੰਕੇਤ ਹੈ। ਪਰ ਖਾੜਕੂਆਂ ਮਗਰ ਖੜ ਕੇ ਪੰਥ ਹੁਣ ਇਸ ਗੱਲ ਤੇ ਡਟਕੇ ਪਹਿਰਾ ਦੇਵੇ ਕਿ ਕੌਮ ਦੀ ਕਿਸਮਤ-ਕੋਠੜੀ ਦੀਆਂ ਕੁੰਜੀਆਂ ਹੁਣ ਖਾੜਕੂ ਨੂੰਹ-ਪੁੱਤ ਦੇ ਖੀਸੇ ਵਿਚ ਹੀ ਰਹਿਣ ਇਹ ਕਿਸੇ ਅਕਾਲਣ-ਬੁੜ੍ਹੀ ਦੇ ਨਾਲੇ ਨਾਲ ਹਰਗਿਜ਼ ਨਹੀਂ ਬੱਝਣੀਆਂ ਚਾਹੀਦੀਆਂ ! ਬੱਝਣਗੀਆਂ ਵੀ ਨਹੀਂ !! ਆਮੀਨ !!!

(ਅਗਸਤ, 1992)

ਕਸ਼ਮੀਰੀ-ਪੰਡਤਾਂ ਦੀ ਇਹ ਯਾਤਰਾ-ਮਾਰਗ ਤੇ ਮੰਤਵ!

ਇਕ ਖਬਰ ਅਨੁਸਾਰ ਕਸ਼ਮੀਰੀ ਪੰਡਤਾਂ ਦੀ ਜਥੇਬੰਦੀ 'ਪੁਨਰ-ਕਸ਼ਮੀਰ' ਸਮੁੱਚੀ ਸਿੱਖ ਕੌਮ ਤੇ ਵਿਸ਼ੇਸ਼ਕਰ ਸਿੱਖ-ਗੁਰੂਆਂ ਪ੍ਰਤੀ ਧੰਨਵਾਦ ਪ੍ਰਗਟ ਕਰਨ ਭਾਵ ਉਹਨਾਂ ਦੇ ਅਹਿਸਾਨ ਦਾ ਕਰਜ਼ਾ ਉਤਾਰਨ ਲਈ 15 ਅਪ੍ਰੈਲ, 95 ਨੂੰ ਇਕ 'ਕ੍ਰਿਤੱਗਤਾ-ਯਾਤਰਾ' ਦਾ ਆਯੋਜਨ ਕਰ ਰਹੀ ਹੈ ਜੋ ਇਸਦੇ ਚੇਅਰਮੈਨ ਡਾ : ਅਗਨੀ ਸ਼ੇਖਰ ਦੀ ਅਗਵਾਈ 'ਚ ਚੰਡੀਗੜੋਂ ਚੱਲ ਕੇ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਜਾਣ ਮਗਰੋਂ ਸ੍ਰੀ ਆਨੰਦਪੁਰ ਸਾਹਿਬ ਪਹੁੰਚ ਕੇ ਖਾਲਸੇ ਦੇ ਜਨਮ-ਅਸਥਾਨ ਉਤੇ ਅਰਦਾਸ ਕਰੇਗੀ। ਇਸ ਯਾਤਰਾ 'ਚ ਵਿਸ਼ਵ ਭਰ 'ਚੋਂ ਕੋਈ 2000 ਕਸ਼ਮੀਰੀ-ਪੰਡਤਾਂ ਦੇ ਭਾਗ ਲੈਣ ਦੀ ਆਸ ਹੈ।

ਸਬੰਧਤ ਯਾਤਰਾ ਦਾ ਉਦੇਸ਼ ਜਥੇਬੰਦੀ ਦੇ ਬੁਲਾਰੇ ਸ੍ਰੀ ਕੁਲਦੀਪ ਅਨੁਸਾਰ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐਸ. ਆਈ. ਦੇ ਸਿੱਖਾਂ ਤੇ ਕਸ਼ਮੀਰੀ ਪੰਡਤਾਂ ਵਿਚਕਾਰ ਪਾੜਾ ਪਾਉਣ ਦੇ ਪ੍ਰਚਾਰ ਨੂੰ ਮੱਦੇ-ਨਜ਼ਰ ਰਖਦਿਆਂ ਦੋਹਾਂ ਫਿਰਕਿਆਂ ਵਿਚ ਨੇੜਤਾ ਕਾਇਮ ਕਰਨਾ ਅਤੇ ਇਹ ਦਰਸਾਉਂਣਾ ਹੈ ਕਿ ਸਿੱਖ ਮੁਗਲਾਂ ਦੇ ਸਮੇਂ ਤੋਂ ਹੀ ਹਿੰਦੂਆਂ ਦੀ ਰਾਖੀ ਕਰਦੇ ਚਲੇ ਆ ਰਹੇ ਹਨ। ਇਸਦੇ ਨਾਲ ਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਤੋਂ ਰੌਸ਼ਨੀ ਲੈ ਕੇ ਕਸ਼ਮੀਰੀ-ਪੰਡਤਾਂ ਉਤੇ ਦੇਸ਼ ਦੇ ਅੰਦਰੋਂ ਤੇ ਬਾਹਰੋਂ ਹੁੰਦੇ ਜ਼ੁਲਮ ਨੂੰ ਠੁੱਲਣ ਲਈ ਪ੍ਰੋਗਰਾਮ ਉਲੀਕਣਾ ਹੈ !

ਪਰ ਕਿੰਨਾ ਚੰਗਾ ਹੁੰਦਾ ਕਿ ਇਹ ਪੰਡਤ ਮਹੋਦਯ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੱਚੇ ਦਿਲੋਂ ਸ਼ੁਕਰਾਨਾ ਅਦਾ ਕਰਨ ਲਈ ਇਹ ਯਾਤਰਾ ਆਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਨੂੰ ਕਰਦੇ ਅਤੇ ਉਹਨਾਂ ਦੇ ਕਦਮ ਚਿੰਨਾਂ ਤੇ ਚਲਦੇ ਹੋਏ ਉਹਨਾਂ ਰਾਹਾਂ ਤੇ ਤੁਰਦੇ ਹੀ ਦਿੱਲੀ ਵੱਲ ਜਾਂਦੇ ਜਿਹਨਾਂ ਤੋਂ ਜਬਰ ਵਿਰੁਧ ਲੋਕਾਂ ਨੂੰ ਜਗਾਉਂਦੇ-ਜਾਂਦੇ ਹੋਏ, ਹਿੰਦੂਆਂ ਦਾ ਕਸ਼ਟ ਨਿਵਾਰਨ ਲਈ ਗੁਰੂ ਸਾਹਿਬ 11 ਨਵੰਬਰ, 1675 ਨੂੰ ਸ਼ਹਾਦਤ ਦਾ ਜਾਮ ਪੀ ਕੇ ਜ਼ੁਲਮ ਦੀ ਵ੍ਹਰਦੀ ਅੱਗ ਵਿਚ ਸਮੁੱਚੇ 'ਹਿੰਦ ਦੀ ਚਾਦਰ' ਬਣ ਗਏ ਸਨ ਤੇ ਦਿੱਲੀ ਜਾ ਕੇ ਇਹ ਪੰਜਾਬ-ਭਾਰਤ 'ਚ ਸਿੱਖਾਂ ਅਤੇ ਕਸ਼ਮੀਰ-ਭਾਰਤ ਵਿਚ ਮੁਸਲਮਾਨ ਘੱਟ-ਗਿਣਤੀ ਉਤੇ ਹੋ ਰਹੇ ਜ਼ੁਲਮਾਂ ਦੀ ਗਾਥਾ ਕੇਂਦਰੀ ਸਰਕਾਰ ਦੇ ਕੁਰਸੀ-ਪੁੱਸਤ ਹੁਕਮਰਾਨਾਂ ਦੇ ਕੰਨਾਂ 'ਚੋਂ ਦੀ ਕੱਢਕੇ ਉਹਨਾਂ ਨੂੰ ਇਸਤੋਂ ਬਾਜ਼ ਆਉਂਣ ਲਈ ਕਹਿੰਦੇ। ਜਦੋਂ ਤੱਕ ਇਹ ਸਤਰਾਂ ਪੰਡਤ ਜੀਆਂ ਤੱਕ ਪਹੁੰਚਣਗੀਆਂ ਯਾਤਰਾ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹੋਣਗੀਆਂ ਤੇ ਇਸਦੇ ਪੂਰਵ-ਨਿਸਚਤ ਪ੍ਰੋਗਰਾਮ ਨੂੰ ਦਿੱਲੀ ਜਾਣ ਵਿਚ ਬਦਲਣ ਲਈ ਸਮਾਂ ਨਹੀਂ ਰਹੇਗਾ ਪਰ ਇਹ ਸੁਝਾਈ-ਯਾਤਰਾ ਪੰਡਤ ਜੀ ਫਿਰ ਕਦੇ ਵੀ ਕਰ ਸਕਦੇ ਹਨ। ਸਿੱਖਾਂ ਤੇ ਮੁਸਲਮਾਨਾਂ ਦੇ ਜਿਗਰੇ ਜ਼ੁਲਮ ਜਰਨ ਲਈ ਬਹੁਤ ਵੱਡੇ ਹਨ ਜੇ 320 ਵ੍ਹਰਿਆਂ ਤੋਂ ਹੁਣ ਦਸ ਦਿਨ ਹੋਰ ਵੀ ਉਤੇ ਹੋ ਜਾਣਗੇ ਤਾਂ ਕੋਈ ਹਨੇਰੀ ਨਹੀਂ ਆ ਚੱਲੀ। ਜੇ ਤਾਂ ਪੰਡਤ ਜੀਆਂ ਨੂੰ ਸਚਮੁੱਚ ਹੀ ਇਹ ਪਾਲਾ ਹੈ ਕਿ ਮੁਸਲਮਾਨ, ਕਸ਼ਮੀਰੀ-ਪੰਡਤਾਂ ਅਥਵਾ ਹਿੰਦੂਆਂ ਤੇ ਸਿੱਖਾਂ ਵਿਚਕਾਰ ਵਾਕਈ ਪਾੜਾ ਪਾ ਰਹੇ ਹਨ ਤਾਂ ਉਹਨਾਂ ਨੂੰ ਇਹ ਪਾੜਾ ਮਿਟਾਉਂਣ ਲਈ ਦਿੱਲੀ ਹਰੇਕ ਹਾਲਤ ਜਾਣਾ ਚਾਹੀਦਾ ਹੈ ਤੇ ਜੇ ਉਹਨਾਂ ਦੇ ਢਿੱਡ 'ਚ ਸਿੱਖਾਂ ਤੇ ਮੁਸਲਮਾਨਾਂ 'ਚ ਪਾੜਾ ਪਾਉਂਣ ਦਾ ਪਾਪ ਹੈ ਤਾਂ ਪੰਡਿਤ ਦੇ ਅਰਥ ਵਿੱਦਵਾਨ ਜਾਂ ਮਨ-ਪ੍ਰਬੋਧਣ ਵਾਲੇ ਵਿਅਕਤੀ ਦੇ ਹਨ ਜਾਂ ਫਿਰ ਪੰਡ-ਇਤ ਭਾਵ ਪੰਡ ਸਿੱਟ ਦੇਣ ਵਾਲੇ ਦੇ ਹਨ-"ਸੋ ਪੰਡਿਤ ਜੋ ਤਿਹਾ ਗੁਣਾ ਦੀ ਪੰਡ ਉਤਾਰੈ (ਮ: ੩)। ਸੋ ਜੇ ਮਗਰਲੇ ਅਰਥ ਦੀ ਗੱਲ ਉਹਨਾਂ ਤੇ ਢੁੱਕਦੀ ਹੈ ਤਾਂ ਉਹਨਾਂ ਨੂੰ ਇਹ ਪਾਪਾਂ ਦੀ ਪੰਡ ਸਿਰ ਤੋਂ ਸਿੱਟ ਦੇਣੀ ਚਾਹੀਦੀ ਹੈ ਤੇ ਯਾਤਰਾ ਦਾ ਕਸ਼ਟ ਨਹੀਂ ਕਰਨਾ ਚਾਹੀਦਾ ਵੈਸੇ ਫਿਰ ਕਰਨਾ ਵੀ ਕਿਸ ਨੇ ਹੈ ! ਖੈਰ, ਜੇ ਦਿੱਲੀ-ਯਾਤਰਾ ਲਈ ਪੰਡਤ ਜੀਆਂ ਦਾ ਮਨ ਮੰਨੇ ਤਾਂ ਉਹਨਾਂ ਨੂੰ ਨਿਵੇਦਨ ਹੈ ਕਿ ਉਹ ਦਿੱਲੀ ਵਾਲਿਆਂ ਨੂੰ ਉਹਨਾਂ ਦੇ ਸਿੱਖਾਂ ਅਤੇ ਮੁਸਲਮਾਨਾਂ ਅਰਥਾਤ ਘੱਟ-ਗਿਣਤੀਆਂ ਉਤੇ ਜ਼ੁਲਮ ਸਬੰਧੀ ਜ਼ਰੂਰ ਖਰੀਆਂ ਖਰੀਆਂ ਕਹਿਣ। ਇਸੇ ਮੰਤਵ ਨਾਲ ਇਹ ਪੈਗਾਮ-ਨੁਮਾ ਸਤਰਾਂ ਲਿਖ ਰਿਹਾ ਹਾਂ :-

ਪ੍ਰਿਯ ਪੰਡਤ ਜੀਓ ! ਆਪ ਧਾਰਮਿਕ-ਵਿਅਕਤੀ ਹੋਂ। ਧਰਮ ਹੇਤ ਸਾਕਾ ਕਰਨ ਵਾਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ-ਸਰਧਾਲੂ ਜਾਪਦੇ ਹੋਂ-ਇਸ ਲਈ ਤੁਸੀਂ ਰਾਜਸੀ ਧੜੇਬੰਦੀਆਂ ਤੋਂ ਨਿਰਲੇਪ ਤੇ ਨਿਰਪੱਖ ਹੋਵੋਂਗੇ। ਰਾਜਸੀ ਤੇ ਸਿਆਸੀ ਮਨੁੱਖ ਦੁਨਿਆਵੀ-ਰੁਚੀਆਂ ਦੇ ਹੋਣ ਕਾਰਨ ਮਾਇਆ-ਧਾਰੀ ਕਿਸਮ ਦੇ ਹੁੰਦੇ ਹਨ। ਗੁਰਬਾਣੀ ਅਨੁਸਾਰ ਇਹ ਲੋਕ ਅੰਨੇ-ਬੋਲੇ ਹੁੰਦੇ ਹਨ। 'ਮਾਇਆਧਾਰੀ ਅਤਿ ਅੰਨ੍ਹਾ ਬੋਲਾ' (ਮ: ੩ ਵਾਰ ਗਉੜੀ) ਇਹਨਾਂ ਨੂੰ ਦਿਸਣਾ-ਸੁਣਨਾ ਬੰਦ ਹੋ ਜਾਂਦਾ ਹੈ। ਦਿੱਲੀ ਦੀ ਕੇਂਦਰ-ਸਰਕਾਰ ਤੇ ਕਾਬਜ਼-ਲੋਕ ਇਸੇ ਬਿਰਤੀ ਦੇ ਧਾਰਨੀ ਹਨ। ਤੁਸੀਂ ਮਹਾਨ ਵਿਦਵਾਨ ਹੋਂ। ਧਰਮ ਤੇ ਦਰਸ਼ਨ ਦੇ ਗੋਤਾਖੋਰ ਹੋਂ। ਇਤਿਹਾਸ-ਮਿਥਿਹਾਸ ਦੇ ਮੰਥਣਹਾਰੀਆ ਹੋਂ। ਕੰਪਿਊਟਰ ਨੂੰ ਪਿੱਛੇ ਛਡਦੇ ਤੁਹਾਡੇ ਜ਼ਰਖੇਜ਼ ਦਿਮਾਗ 'ਚ ਵੇਦ, ਸ਼ਾਸਤਰ, ਪੁਰਾਣ, ਸਿੰਮ੍ਰਤੀਆਂ ਭਾਵ ਆਦਿ ਕਾਲ ਦਾ ਧਰਮ ਤੇ ਫਲਸਫਾ ਸਾਂਭਿਆ ਅਥਵਾ ਸੰਗ੍ਰਹਿਣ ਕੀਤਾ ਪਿਆ ਹੈ। ਸੰਨ 1675 ਤੋਂ ਹੁਣ ਤੱਕ 320 ਵਰ੍ਹਿਆਂ ਦੀਆਂ ਗੱਲਾਂ ਤਾਂ ਆਪ ਜੈਸੇ ਮਹਾਨ ਵਿਦਵਾਨ ਸੱਜਣਾਂ ਦੀ ਬੁਧੀ ਦੀ ਨਿਸਚੇ ਹੀ ਉਪਰਲੀ ਪਰਤ ਤੇ ਹੀ ਪਈਆਂ ਹੋਣਗੀਆਂ। ਸੋ ਤੁਸੀਂ ਦਿੱਲੀ ਜਾਣ ਦੀ ਖੇਚਲ ਕਰਦੇ ਹੋਏ ਉਥੇ ਪਹੁੰਚਕੇ 1675 ਤੋਂ ਉਰ੍ਹੇ ਦਾ ਮੋਟਾ-ਮੋਟਾ ਜਿਹਾ ਸਿੱਖ-ਇਤਿਹਾਸ ਸੁਣਾ ਕੇ ਦਿੱਲੀ ਵਾਲਿਆਂ ਦੀ ਯਾਦਾਸ਼ਤ ਤਾਜ਼ਾ ਕਰਨ ਦੀ ਕ੍ਰਿਪਾ ਕਰੋ। ਉਹ ਤੁਹਾਡੀ ਗੱਲ ਸੁਣਦੇ ਹਨ, ਸੁਣਨਗੇ ਵੀ ! ਤੁਸੀਂ ਸਤਿਗੁਰੂ ਤੇਗ ਬਹਾਦਰ ਜੀ ਦੇ ਪੈਰੋਕਾਰ ਹੋਂ। ਉਹਨਾਂ ਦੀ ਪਾਠਸ਼ਾਲਾ ਦਾ ਤਾਂ ਪਹਿਲਾ ਪਾਠ ਹੀ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਹੈ। ਤੁਸੀਂ ਭੈ ਨਾ ਮੰਨੋਂ, ਨਿਰਭੈਅ ਹੋ ਕੇ ਜ਼ਮੀਰ ਦੀ ਆਵਾਜ਼ ਜ਼ੁਬਾਨ ਤੇ ਲਿਆਓ ਤੇ ਉਹਨਾਂ ਨੂੰ ਨਿਝੱਕ ਹੋ ਕੇ ਨਿਸ਼ੰਗਤਾ ਨਾਲ ਦੱਸੋ ਕਿ ਜਦੋਂ ਔਰੰਗਜ਼ੇਬ ਤੁਹਾਡੇ ਹੁਣ ਮਸੀਤਾਂ ਢਵਾ ਕੇ ਮੰਦਰ ਉਸਾਰਨ ਦੇ ਖਿਆਲ ਨੂੰ ਉਤਸ਼ਾਹਿਤ ਕਰਨ ਵਾਂਗ ਮੰਦਰ ਢਾਅ ਕੇ ਮਸੀਤਾਂ ਉਸਰਾਅ ਕੇ ਹਿੰਦੂ ਕੌਮ ਦਾ ਮਲੀਆਮੇਟ ਕਰਨ ਤੇ ਤੁਲਿਆ ਹੋਇਆ ਸੀ ਤਾਂ ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਹੀ ਸਨ ਜਿਹਨਾਂ ਇਸ ਜ਼ੁਲਮ ਨਾਲ ਲੋਹਾ ਲੈਣ ਲਈ ਹਿੰਦੂ ਪਹਾੜੀ-ਰਾਜਿਆਂ ਦੀ ਪਹਾੜੀ-ਵਾਦੀ ਵਿਚਕਾਰ ਜ਼ਮੀਨ ਖ਼ੀਦ ਕੇ ਸ੍ਰੀ ਆਨੰਦਪੁਰ ਸਾਹਿਬ (ਮਾਖੋਵਾਲ ਥਾਂਵੇਂ) ਵਸਾਇਆ ਤਾਂ ਕਿ ਉਹ ਇਹਨਾਂ ਪਹਾੜੀ-ਰਾਜਿਆਂ ਨੂੰ ਨਾਲ ਲੈ ਕੇ ਲੋਕਾਂ ਨੂੰ ਜ਼ੁਲਮ ਵਿਰੁੱਧ ਜੂਝਣ ਲਈ ਤਿਆਰ ਕਰ ਸਕਣ। ਪਰ ਇਹ ਪਹਾੜੀ-ਰਾਜੇ ਜਿਹਨੀ ਤੌਰ ਤੇ ਗੁਲਾਮੀ ਦੀ ਜਿਲ੍ਹਣ ਵਿਚ ਇਸ ਕਦਰ ਗਰਕ ਹੋ ਚੁੱਕੇ ਸਨ ਕਿ ਉਹਨਾਂ ਇਸ ਕੰਮ ਲਈ ਉਕਾ ਹੀ ਲੱਤ ਨਾ ਲਾਈ ਸਗੋਂ ਗੁਰੂ ਜੀ ਦੀ ਵਿਰੋਧਤਾ ਕੀਤੀ। ਤੁਸੀਂ ਉਹਨਾਂ ਨੂੰ ਦੱਸੋ ਕਿ ਜਦ ਔਰੰਗਜ਼ੇਬ ਨੇ ਸਤਿਨਾਮੀਆਂ, ਜਾਟਾਂ, ਰਾਜਪੂਤਾਂ ਤੇ ਮਰਹੱਟਿਆਂ ਨੂੰ ਦਰਤਦਿਆਂ ਤਹਿਜ਼ੀਬ ਦੇ ਕੇਂਦਰ ਕਹੇ ਜਾਂਦੇ ਕਸ਼ਮੀਰ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਉਣ ਲਈ ਆਪਣੇ ਵਡਿੱਕਿਆਂ ਨੂੰ ਇਕ ਮਹੀਨੇ ਦੀ ਮੁਹਲਤ ਦਿੱਤੀ ਤਾਂ ਉਹ ਪੰਡਿਤ ਅਮਰ ਨਾਥ ਦੇ ਮੰਦਰ (ਗੁਫਾ) ਤੋਂ ਹਿੰਦੂ-ਜਾਤੀ ਦੇ ਪ੍ਰਤੀਨਿਧ ਆਪਣੇ ਵਡੇਰਿਆਂ ਦਾ ਡੈਪੂਟੇਸ਼ਨ ਲੈ ਕੇ ਆਨੰਦਪੁਰ ਸਾਹਿਬ ਆਏ ਤਾਂ ਕਲਗੀਧਰ ਪਾਤਸ਼ਾਹ ਜਿਹਨਾਂ ਦੀ ਆਰਜਾ ਉਸੇ ਸਮੇਂ 9 ਸਾਲਾਂ ਤੋਂ ਵੀ ਥੋੜੇ ਦਿਨ ਘੱਟ ਹੀ ਸੀ, ਉਹਨਾਂ ਆਪ ਯਤੀਮ ਹੋਣਾ ਤਾਂ ਖਿੜੇ ਪ੍ਰਵਾਨ ਕਰ ਲਿਆ ਪਰ ਪਿਆਰੇ ਪਿਤਾ ਜੀ ਨੂੰ ਆਪੂੰ ਸ਼ਹੀਦ ਹੋ ਜਾਣ ਲਈ ਭਾਈ ਮਤੀ ਦਾਸ, ਭਾਈ ਦਿਆਲਾ ਜੀ ਨਾਲ (ਸਮੇਤ ਭਾਈ ਗੁਰਦਿੱਤਾ, ਭਾਈ ਚੀਮਾ ਤੇ ਭਾਈ ਊਦਾ) ਦਿੱਲੀ ਤੋਰ ਦਿੱਤਾ ਤੇ ਦੱਸਣਾ ਕਿ ਇਸ ਮਹਾਨ-ਸਾਕੇ ਅਥਵਾ ਸ਼ਹੀਦੀ ਉਪਰੰਤ ਜਿਹਨਾਂ ਆਪਣੇ ਵਡੇਰਿਆਂ ਲਈ ਗੁਰੂ ਸਾਹਿਬ ਸ਼ਹੀਦ ਹੋਏ ਸਨ ਉਹ ਉਹਨਾਂ ਦਾ ਸੀਸ-ਧੜ ਚਾਂਦਨੀ-ਚੌਕ ਵਿਚ ਪਇਆਂ, ਡਰ ਦੇ ਮਾਰੇ ਕਿਵੇਂ ਅੰਦਰੀਂ ਚੁਤੇ ਰਹੇ ਤੇ ਫਿਰ ਕਿਵੇਂ ਸਾਹਿਬਾਂ ਦਾ ਸੀਸ ਗੁਰੂ ਦਾ ਗਰੀਬ ਸਿੱਖ ਭਾਈ ਜੈਤਾ (ਜੋ ਮਗਰੋਂ ਅੰਮ੍ਰਿਤ ਪਾਨ ਕਰਕੇ ਭਾਈ ਜੀਵਨ ਸਿੰਘ ਬਣਿਆ !) ਸ੍ਰੀ ਆਨੰਦਪੁਰ ਸਾਹਿਬ ਲਿਆਇਆ ਤੇ ਕਿਵੇਂ ਗੁਰ-ਚਰਨਾਂ ਦੇ ਭੌਰੇ ਭਾਈ ਲੱਖੀ ਸ਼ਾਹ ਵਣਜਾਰੇ ਨੇ ਸੌ ਗੱਡੀਆਂ ਰੂੰ ਦੀਆਂ ਭਰਕੇ ਕੇਡੀ ਵੱਡੀ ਬਣਤ ਬਣਾ ਹੁਸ਼ਿਆਰੀ ਤੇ ਸਰਧਾ ਸੰਗ ਆਪਣਾ ਘਰ ਫੂਕ ਸਾਹਿਬਾਂ ਦੇ ਧੜ ਦਾ ਸਸਕਾਰ ਕੀਤਾ। ਇਸ ਉਪਰੰਤ ਮੁਗਲਾਂ ਹੀ ਨਹੀਂ ਬਾਵਜੂਦ ਪਹਾੜੀ-ਰਾਜਿਆਂ ਦੇ ਵਿਰੋਧ ਦੇ ਕਲਗੀਧਰ ਪਾਤਸ਼ਾਹ ਨੇ ਜ਼ੁਲਮ ਨਾਲ ਟੱਕਰ ਲੈਂਦਿਆਂ ਕਿਵੇਂ ਸਾਰਾ ਸਰਬੰਸ ਕੁਰਬਾਨ ਕੀਤਾ। ਇਹ ਵੀ ਦੱਸਣਾ ਕਿ ਕਿਵੇਂ ਸਾਹਿਬਾਂ ਦੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਏ ਗੰਗੂ ਬ੍ਰਾਹਮਣ ਨੇ ਜਾਨੀ ਖਾਂ ਮਾਨੀ ਖਾਂ ਖੇੜੀ (ਹੁਣ ਸਹੇੜੀ) ਵਾਲਿਆਂ ਰਾਹੀਂ ਸੂਬਾ ਸਰਹੰਦ ਕੋਲ ਪਹੁੰਚਾ ਕੇ

ਸ਼ਹੀਦ ਕਰਵਾਣ ਲਈ ਅਕ੍ਰਿਤਘਣ ਬਣਨ ਦੀ ਇਕ ਅਹਿਮ ਤੇ ਇਤਿਹਾਸਕ-ਭੂਮਿਕਾ ਨਿਭਾਈ ਸੀ ਤੇ ਇਸਦੇ ਮੁਕਾਬਲੇ ਕਿਵੇਂ ਨਵਾਬ ਸ਼ੇਰ ਮੁਹੰਮਦ ਮਲੇਰਕੋਟਲੀਏ ਨੇ ਸੂਬਾ ਸਰਹੰਦ ਵਜ਼ੀਦ ਖਾਂ ਦੀ ਕਚਹਿਰੀ ਵਿਚ ਉਹਨਾਂ ਮਾਸੂਮਾਂ ਦੇ ਹੱਕ ਵਿਚ ਆਹ ਦਾ ਨਾਅਰਾ ਮਾਰਿਆ ਸੀ। ਦਿੱਲੀ ਵਾਲਿਆਂ ਨੂੰ ਦੱਸਣਾ ਕਿ ਨਾ ਗੁਰੂ ਸਾਹਿਬਾਨ ਤੇ ਨਾ ਉਹਨਾਂ ਦਾ ਖਾਲਸਾ ਕਦੇ ਕਿਸੇ ਧਰਮ ਕੌਮ ਜਾਂ ਫਿਰਕੇ ਦੇ ਖਿਲਾਫ ਰਿਹਾ ਹੈ ਤੇ ਨਾ ਹੀ ਕਦੇ ਇੰਝ ਹੋਵੇਗਾ। ਕਹਿਣਾ ਕਿ ਜੋ ਗੁਰੂ ਸਾਹਿਬ ਔਰੰਗਜ਼ੇਬ ਦੇ ਜ਼ੁਲਮ ਵਿਰੁਧ ਲੜਦੇ ਸਨ ਤਾਂ ਵੀ ਅੰਤਲੇ ਦਿਨਾਂ 'ਚ ਮਾਛੀਵਾੜੇ ਵਾਲੇ ਨਬੀ ਖਾਂ, ਗਨੀ ਖਾਂ, ਗੁਰਾਂ ਦੀ ਬਾਂਹ ਬਣੇ। ਜੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਸੁੱਚਾ ਨੰਦ ਨੇ 'ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ' ਆਖ ਕੇ ਵਜ਼ੀਦੇ ਨੂੰ ਤੁੱਖਣਾ ਦਿੱਤੀ ਤਾਂ ਉਥੇ ਗੁਰਾਂ ਦੇ ਪ੍ਰੀਤਵਾਨ ਦੀਵਾਨ ਟੋਡਰ ਮੱਲ ਨੇ ਸੂਬਾ ਸਰਹੰਦ ਵਜ਼ੀਦੇ ਖਾਨ ਤੋਂ ਮੋਹਰਾਂ ਵਿਛਾ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਥਾਂ ਲੈ ਕੇ ਉਹਨਾਂ ਦਾ ਸਸਕਾਰ ਕੀਤਾ ਸੀ। ਕਹਿਣਾ ਕਿ ਹਰ ਕੌਮ ਚੰਗੇ ਤੇ ਬੁਰੇ ਮਨੁੱਖਾਂ ਦਾ ਸਮੂਹ ਜਾਂ ਮਿਲਗੋਭਾ ਹੁੰਦਾ ਹੈ। ਗੁਰੂ ਸਾਹਿਬਾਨ ਤੇ ਉਹਨਾਂ ਦੇ ਸਿੱਖ ਸਦਾ ਚੰਗਿਆਈ ਨਾਲ ਖੜੇ ਤੇ ਬੁਰਿਆਈ ਵਿਰੁਧ ਜੂਝੇ ਹਨ। ਕਹਿਣਾ ਕਿ ਆਪਣੀ ਇਸ ਪਰੰਪਰਾ ਤੇ ਪਹਿਰਾ ਦਿੰਦਿਆਂ ਵਿਸ਼ੇਸ਼ਕਰ ਅਠਾਰਵੀਂ ਸਦੀ 'ਚ ਹਿੰਦੁਸਤਾਨ ਦੀਆਂ ਅਬਲਾ ਬਹੂ-ਬੇਟੀਆਂ ਦੀ ਇੱਜ਼ਤ-ਆਬਰੂ ਬਚਾਉਣ ਲਈ ਗੁਰੂ ਕੇ ਸਿੰਘ ਸੂਰਮੇ ਜਾਨਾਂ ਹੂਲ ਕੇ ਉਹਨਾਂ ਨੂੰ ਛੁਡਾ ਲਿਆਉਂਦੇ, ਅਥਵਾ ਧਾੜਵੀ-ਜ਼ਾਲਮਾਂ ਲਈ ਤਲਵਾਰ ਤੇ ਮਜ਼ਲੂਮਾਂ ਲਈ ਸਦਾ ਢਾਲ ਬਣਦੇ ਰਹੇ ਹਨ ਤੇ ਆਖਣਾ ਕਿ ਇਹ ਸਿੱਖ ਗੁਰੂ ਸਾਹਿਬਾਨ ਹੀ ਸਨ ਜਿਹਨਾਂ ਗੁਲਾਮੀ ਦੀ ਦਲਦਲ 'ਚ ਖੁੱਭੇ ਹਿੰਦੁਸਤਾਨ ਨੂੰ ਆਜ਼ਾਦੀ ਦਾ ਪੈਗ਼ਾਮ ਦਿੱਤਾ ਤੇ ਗੁਰਾਂ-ਸੋਜ ਪੰਥ ਨੇ ਆਜ਼ਾਦੀ ਦੇ ਪਰਚਮ ਨੂੰ ਹਿੰਦੁਸਤਾਨ ਦੇ ਕ੍ਰਿਲੇ ਪੰਜਾਬ ਉਤੇ ਲਹਿਰਾ ਕੇ ਸਦਾ ਬੁਲੰਦ ਰੱਖਿਆ। ਮੁਗਲਾਂ ਉਪਰੰਤ ਅੰਗਰੇਜ਼ਾਂ ਸਮੇਂ ਜਦੋਂ ਲਗਪਗ ਸਾਰਾ ਹਿੰਦੁਸਤਾਨ ਅੰਗਰੇਜ਼ਾਂ ਨੇ ਬਿਨਾ ਕਿਸੇ ਬਹੁਤੀ ਹੀਲ-ਹੁੱਜਤ ਜਾਂ ਹਿੱਲ-ਜੁੱਲ ਦੇ ਕਬਜ਼ੇ 'ਚ ਕਰ ਲਿਆ ਤਾਂ ਇਹ ਕੇਵਲ ਗੁਰਾਂ ਦੇ ਨਾਂ ਤੇ ਵਸਦਾ ਸ਼ੇਰਿ-ਪੰਜਾਬ ਦਾ ਪੰਜਾਬ ਹੀ ਸੀ ਜਿਸ ਨੇ ਆਪਣੇ ਮੁੱਛਹਿਰੇ ਉਸ ਆਖਰੀ ਸਮੇਂ ਤੱਕ ਉਚੇ ਰੱਖੇ ਜਦੋਂ ਤੱਕ ਕਿ ਸਿੱਖ-ਸੋਚਣੀ ਦੀ ਖੁਲਦਿਲੀ ਕਾਰਨ ਖਾਲਸਾ-ਰਾਜ ਦੇ ਆਪੂੰ ਮੁਹਰੈਲ ਬਣਾਏ ਡੋਗਰੇ ਗੱਦਾਰ ਲੂਣ ਹਰਾਮੀ ਹੋ ਅੰਗਰੇਜ਼ਾਂ ਨਾਲ ਨਾ ਮਿਲ ਗਏ। ਅੰਗਰੇਜ਼-ਸਿੱਖ ਇਹਨਾਂ ਯੁੱਧਾਂ ਵਿਚ ਦੇਖਣ ਤੇ ਪੂਰਬ ਦਾ ਹਿੰਦੁਸਤਾਨੀ ਸਿੱਖਾਂ ਦੇ ਖਿਲਾਫ ਡਟ ਕੇ ਅੰਗਰੇਜ਼ਾਂ ਦੇ ਨਾਲ ਭੁਗਤਿਆ। ਤੇ ਮਗਰੋਂ ਜਿਸ ਕਦਰ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਅੱਗੇ ਹੋ ਕੇ ਲੜੀ ਅਤੇ ਆਪਣੇ ਹਿੱਸੇ ਤੋਂ ਕਿਤੇ ਵੱਧ ਕੁਰਬਾਨੀਆਂ ਕਰਕੇ ਦੇਸ਼ ਆਜ਼ਾਦ ਕਰਵਾਇਆ ਇਹ ਪੁਸਤਕਾਂ ਚੋਂ ਪੜਨ ਦੀ ਲੋੜ ਨਹੀਂ, ਦਿੱਲੀ ਦਰਬਾਰ 'ਚ ਅੱਜ ਵੀ ਜਿਉਂਦੇ ਉਸ ਸਮੇਂ ਦੇ ਲੋਕਾਂ ਦੀਆਂ ਅੱਖਾਂ ਸਾਹਮਣੇ ਵਾਪਰੀਆਂ ਗੱਲਾਂ ਹਨ ਤੇ ਇਸਤੋਂ ਮਗਰੋਂ ਚੀਨ, ਪਾਕਿਸਤਾਨ ਤੇ ਬੰਗਲਾ ਦੇਸ਼ ਦੀਆਂ ਲੜਾਈਆਂ 'ਚ ਜਿਵੇਂ ਸਿੱਖਾਂ ਨੂੰ ਹਥਿਆਰ ਬਣਾ ਕੇ ਵਰਤਿਆ ਗਿਆ ਤੇ ਉਹਨਾਂ ਜਿਸ ਬਹਾਦਰੀ ਨਾਲ ਭਾਰਤ ਦੀ ਰੱਖ ਵਿਖਾਈ ਇਹ ਵੀ ਕਿਸੇ ਤੋਂ ਭੁੱਲੀ-ਵਿਸਰੀ ਬਾਤ ਨਹੀਂ !

ਪੂਜਯ ਪੰਡਿਤ ਜੀਓ। ਤੁਸੀਂ ਕਹਿੰਦੇ ਹੋ ਕਿ ਸਾਡੀ ਯਾਤ੍ਰਾ ਦਾ ਮੰਤਵ ਹਿੰਦੂ-ਸਿੱਖ ਦੋਹਾਂ ਫਿਰਕਿਆਂ ਵਿਚ ਨੇੜਤਾ ਵਧਾਉਂਣਾ ਤੇ ਇਹ ਦਰਸਾਉਂਣਾ ਹੈ ਕਿ ਸਿੱਖ, ਮੁਗਲਾਂ ਦੇ ਸਮੇਂ ਤੋਂ ਹੀ ਹਿੰਦੂਆਂ ਦੀ ਰੱਖਿਆ ਕਰਦੇ ਚਲੇ ਆ ਰਹੇ ਹਨ। ਤੁਹਾਡੀ ਭਾਵਨਾ ਕਿੰਨੀ ਸੁਧ ਤੇ ਖਿਆਲ ਕਿੰਨੇ ਨੇਕ ਹਨ ! ਦੂਰ ਤੋਂ ਤੁਸੀਂ ਮੈਨੂੰ ਪੂਰੇ ਸੁਹਿਰਦ ਦਿਸਦੇ ਹੋਂ!! ਤੁਸੀਂ ਆਪਣੀ ਇਤਿਹਾਸਕ-ਵਾਕਫੀਅਤ ਦੇ ਆਧਾਰ ਤੇ ਸਾਰੇ ਉਪਰੋਕਤ ਵਾਕਿਆਤ ਦੀ ਰੌਸ਼ਨੀ 'ਚ ਦਿੱਲੀ ਵਾਲਿਆਂ ਨੂੰ ਦਿਲ ਤੇ ਹੱਥ ਰੱਖ ਕੇ ਇਹ ਸਾਰਾ ਕੁਝ ਸੱਚੋ-ਸੱਚ ਕਹਿ ਸੁਣਾਵੋ ਤੇ ਦਿਲੋਂ ਇਹ ਦੱਸੋ ਕਿ ਸਿੱਖ ਵਾਕਈ ਮੁਗਲਾਂ ਦੇ ਜ਼ਮਾਨੇ ਤੋਂ ਹਿੰਦੂਆਂ ਦੀ ਰੱਖਿਆ ਕਰਦੇ ਆ ਰਹੇ ਹਨ, ਹਿੰਦੁਸਤਾਨ ਦੀ ਗੁਲਾਮੀ ਚੱਕਣ, ਇਸਦੀ ਇੱਜ਼ਤ-ਆਬਰੂ ਬਚਾਉਂਣ ਹਿੰਦੁਸਤਾਨ ਦੀ ਆਜ਼ਾਦੀ ਲੈਣ ਤੇ ਫਿਰ ਇਸਨੂੰ ਬਚਾਣ ਲਈ ਦੇਸ਼-ਭਗਤ ਸਿੱਖਾਂ ਨੇ ਹੋਰ ਸਭਨਾਂ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ ਤੇ ਇਹ ਕੁਲ ਤਕ ਹਿੰਦੂਆਂ ਦਾ ਹਰਾਵਲ ਦਸਤਾ ਬਣ, ਰਖਵਾਲੇ ਹੋ ਕੇ ਵਿਚਰੇ ਹਨ। ਇਹਨਾਂ ਹਿੰਦੂਆਂ ਨਾਲ ਨਹੁੰ-ਮਾਸ ਦਾ ਰਿਸ਼ਤਾ ਬਣਾਈ ਰੱਖਣ ਲਈ ਸਿਰ-ਤੋੜ ਯਤਨ ਕੀਤੇ ਹਨ। ਇਤਿਹਾਸਕ ਤੱਥਾਂ ਦੇ ਅਧਾਰ ਤੇ ਇਹ ਵੀ ਕਹਿ ਸੁਣਾਓ ਕਿ 1947 'ਚ

ਦੇਸ਼-ਵੰਡ ਸਮੇਂ ਅੰਗਰੇਜ਼ਾਂ ਤੇ ਮੁਸਲਮਾਨਾਂ ਦੇ ਲੱਖ ਸਲਾਹਵਾਂ ਦੇਣ ਦੇ ਬਾਵਜੂਦ ਜੇ ਸਿੱਖਾਂ ਨੇ ਤੁਹਾਨੂੰ ਆਪਣੇ ਵੱਡੇ ਭਰਾ ਬਣਾ ਕੇ ਆਪਣੀ ਕਿਸਮਤ ਭਾਰਤ ਨਾਲ ਜੋੜੀ ਸੀ ਤਾਂ ਤੁਹਾਨੂੰ ਨੈਂ ਲੰਘ ਕੇ ਏਡੀ ਛੇਤੀ ਖੁਆਜ਼ਾ ਕਿਉਂ ਵਿਸਰ ਗਿਆ ਹੈ ? ਇਸਤਰਾਂ ਆਪਣੀ ਕੁਰਬਾਨੀ ਤੇ ਕਾਰਦਰਦਗੀ ਕਰਕੇ ਬਹਾਦਰ ਸਿੱਖ ਸਿਰਫ ਆਪਣੇ ਪੰਜਾਬ ਦੇ ਹੀ ਨਹੀਂ, ਭਾਰਤ ਦੇ ਹੀ ਮਾਲਕ ਹੋਣੇ ਚਾਹੀਦੇ ਹਨ, ਗੁਲਾਮ ਨਹੀਂ ! ਇਹ ਤਾਂ ਇਸ ਬਾਗ ਦੇ ਉਹ ਗੁਲਾਬ ਹਨ ਜਿਹਨਾਂ ਨਾਲ ਹੀ ਭਾਰਤ ਦੀ ਸ਼ਾਨੋ-ਸ਼ੌਕਤ ਹੈ ਤੇ ਜਿਹਨਾਂ ਦੀ ਬਹਾਦਰੀ ਦੇ ਕੰਡਿਆਂ ਦੀ ਭਾਰਤ ਦੀ ਸਰਹੱਦ ਤੇ ਸਦਾ ਵਾੜ ਰਹੀ ਹੈ।

ਪਿਆਰੇ ਪੰਡਿਤ ਜੀਓ ! ਤੁਸੀਂ ਇਹ ਯਾਤਰਾ ਕਰਦਿਆਂ ਮੈਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਵੀ ਵੱਡੇ ਹਾਮੀ-ਹਮਾਇਤੀ ਦਿਸ ਆਉਂਦੇ ਹੋ। ਇਸ ਸਾਰੀ ਕਥਾ ਉਪਰੰਤ ਉਹਨਾਂ ਨੂੰ ਇਹ ਵੀ ਬਿਠਾ ਕੇ ਪੁੱਛੋ ਕਿ ਜੇ ਸਿੱਖਾਂ ਦਾ ਇਹ ਪਿਛੋਕੜ ਹੈ ਤੇ ਉਹਨਾਂ ਦੇਸ਼-ਵੰਡ ਸਮੇਂ ਸਭ ਕੁਝ ਭੁੱਲ-ਭੁਲਾ ਅੱਖਾਂ ਮੀਚ ਕੇ ਆਪਣੀ ਤਕਦੀਰ ਭਾਰਤ ਨਾਲ ਜੋੜੀ ਹੈ ਤਾਂ ਵੰਡ ਮਗਰੋਂ ਸਮੇਤ ਮਹਾਤਮਾ ਗਾਂਧੀ ਦੇ, ਜਵਾਹਰ ਲਾਲ ਨਹਿਰੂ ਤੋਂ ਲੈ ਕੇ ਰਾਜੀਵ ਤੱਕ ਜੋ ਵਾਅਦੇ-ਇਕਰਾਰ-ਸਮਝੌਤੇ ਕੇਂਦਰ ਜਾਂ ਕਾਂਗਰਸ ਨੇ ਪੰਜਾਬ ਤੇ ਸਿੱਖਾਂ ਨਾਲ ਕੀਤੇ ਉਹਨਾਂ ਤੋਂ ਮੁਕਰਨ ਪਿੱਛੇ ਕੇਂਦਰ ਤੇ ਕਾਂਗਰਸ ਦੀ ਕਿਜੇਹੀ ਭਾਵਨਾ ਕੰਮ ਕਰ ਰਹੀ ਹੈ ? ਸਦੀਆਂ ਤੋਂ ਹਿੰਦੁਸਤਾਨ ਦੀ ਇੱਜ਼ਤ-ਆਬਰੂ ਬਚਾਉਣ ਵਾਲੇ ਸਿੱਖ, ਆਜ਼ਾਦੀ ਮਿਲਣ ਸਾਰ ਹੀ ਜਰਾਇਮ-ਪੇਸ਼ਾ ਕਿਉਂ ਕਹੇ ਜਾਣ ਲੱਗੇ ? ਦੇਸ਼ ਦੀ ਆਜ਼ਾਦੀ ਲਈ ਲਾੜੀ-ਮੌਤ ਨੂੰ ਵਰਨ ਤੇ ਆਜ਼ਾਦੀ ਦੀ ਰੱਖਿਆ ਕਰਨ ਵਾਲੇ ਸਿੱਖ ਨਿੱਕੀਆਂ-ਨਿਗੂਣੀਆਂ ਗੱਲਾਂ ਤੋਂ ਆਨੀਂ-ਬਹਾਨੀਂ ਗੱਦਾਰ ਕਿਉਂ ਗਿਰਦਾਨੇ ਜਾਣ ਲੱਗੇ ? ਸਿੱਖਾਂ ਦੇ ਸੂਬੇ ਪੰਜਾਬ ਨੂੰ ਇਸਦੇ ਪੰਜਾਬੀ ਬੋਲਦੇ ਇਲਾਕਿਆਂ, ਪਾਣੀਆਂ ਤੇ ਦੇਸ਼ ਦੀ ਖੁਸ਼ਹਾਲੀ 'ਚ ਪਾਏ ਯੋਗਦਾਨ ਦੇ ਮੁਕਾਬਲੇ ਕੇਂਦਰ ਚੋਂ ਹਿੱਸੇ ਆਉਂਦੀ ਸਹਾਇਤਾ-ਸਹੂਲਤ ਤੋਂ ਵਾਂਝੇ ਰੱਖ ਕੇ ਇਸ ਨਾਲ ਮਤਰੇਈ-ਮਾਂ ਵਾਂਗੂ ਸਲੂਕ ਕਿਉਂ ਕੀਤਾ ਗਿਆ ? ਫਿਰ 84 'ਚ ਸਿੱਖਾਂ ਦੇ ਸਰਬੋਤਮ ਧਾਰਮਿਕ-ਅਸਥਾਨ ਸ੍ਰੀ ਦਰਬਾਰ ਸਾਹਿਬ ਤੇ ਤਿੰਨ ਦਰਜਣ ਦੇ ਕਰੀਬ ਹੋਰ ਗੁਰਧਾਮਾਂ ਉਤੇ, ਹੋਰ ਸਾਰੇ ਉਪਾਅ ਛੱਡ ਕੇ, ਫੌਜੀ ਹਮਲਾ ਕਰ ਕੇ ਜਿਵੇਂ ਨਿਹੱਥੇ ਲੋਕਾਂ ਤੱਕ ਨੂੰ ਗੋਲੀਆਂ ਨਾਲ ਵਿੰਨਿਆਂ-ਸੱਲ੍ਹਿਆ ਗਿਆ, ਇਹ ਸਭ ਇਸ ਕਰਕੇ ਤਾਂ ਨਹੀਂ ਕੀਤਾ ਗਿਆ ਕਿ ਸਿੱਖਾਂ ਦਾ ਧਰਮ ਵੱਖਰਾ ਹੈ ? ਉਹਨਾਂ ਨੂੰ ਇਹ ਵੀ ਯਾਦ ਕਰਵਾਉਂਣਾ ਕਿ ਇਹ ਉਹੀ ਸਿੱਖ ਹਨ ਜਿਹਨਾਂ ਦੀ ਆਜ਼ਾਦੀ ਦੀ ਜਦੋ-ਜਹਿਦ ਵਿਚ ਬਹਾਦਰੀ ਤੋਂ ਕਾਇਲ ਹੋ ਕੇ ਆਪਣੇ ਪੰਡਿਤ ਮਦਨ ਮੋਹਨ ਮਾਲਵੀਯ ਨੇ ਹਰੇਕ ਹਿੰਦੂ-ਪਰਵਾਰ ਨੂੰ ਆਪਣਾ ਇਕ ਬੱਚਾ ਸਿੰਘ ਸਜਾਉਂਣ ਦੀਆਂ ਸਲਾਹਵਾਂ ਦਿੱਤੀਆਂ ਸਨ। ਉਹਨਾਂ ਨੂੰ ਇਹ ਵੀ ਪੁੱਛਣਾ ਕਿ ਦਰਬਾਰ ਸਾਹਿਬ ਉਤੇ ਹਮਲੇ ਨਾਲ ਸਿੱਖਾਂ ਦੀਆਂ ਧਾਰਮਿਕ-ਭਾਵਨਾਵਾਂ ਨੂੰ ਠੇਸ ਲੱਗਣ ਮਗਰੋਂ ਜੇ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋ ਜਾਂਦਾ ਹੈ ਤਾਂ ਦਿੱਲੀ ਤੇ ਹੋਰ ਸ਼ਹਿਰਾਂ 'ਚ ਜਿਸ ਤਰਾਂ ਸਿਰਫ ਸਿੱਖ-ਸ਼ਕਲ ਵੇਖ ਕੇ ਸਿੱਖਾਂ ਨੂੰ ਕੋਹ-ਕੋਹ ਮਾਰ ਕੇ ਉਹਨਾਂ ਦੇ ਪਰਵਾਰ ਤੇ ਕਾਰੋਬਾਰ ਤਬਾਹ ਕੀਤੇ ਗਏ ਕੀ ਮਹਾਤਮਾ ਗਾਂਧੀ ਦੇ ਨੱਥੂ ਰਾਮ ਗੋਡਸੇ ਵਲੋਂ ਕੀਤੇ ਕਤਲ ਉਪਰੰਤ ਵੀ ਅਜਿਹਾ ਕੁਝ ਵਾਪਰਿਆ ਸੀ ? ਕੀ ਇਹ ਸਿੱਖਾਂ ਨਾਲ ਤਦੇ ਹੀ ਤਾਂ ਨਹੀਂ ਵਾਪਰਿਆ ਕਿ ਸਿੱਖਾਂ ਦਾ ਧਰਮ ਵੱਖਰਾ ਹੈ ? ਤੇ ਬੇਸ਼ੱਕ ਇਹ ਵੀ ਪੁੱਛ ਲੈਣਾ ਕਿ ਬਾਬਰੀ-ਮਸਜਿਦ ਢਾਹੁਣ ਪਿੱਛੇ ਵੀ ਮੁਸਲਮਾਨਾਂ ਦੇ ਵੱਖਰੇ ਧਰਮ ਨਾਲ ਸਬੰਧਤ ਹੋਣ ਦੀ ਹੀ ਇੱਕੋ ਇੱਕ ਗੱਲ ਤਾਂ ਨਹੀਂ ਕਿ ਉਹਨਾਂ ਨਾਲ ਆਪਣਾ ਕੋਈ ਜ਼ਮੀਨ-ਜਾਇਦਾਦ ਵੰਡਣ ਦਾ ਰੌਲਾ ਸੀ ? ਤੇ ਨਾਲੇ ਇਹ ਵੀ ਜ਼ਰੂਰ ਪੁੱਛ ਲੈਣਾ ਕਿ ਜੋ ਕੁਝ ਬਾਲ-ਠਾਕਰੇ ਅੱਜ ਕਲ ਬੋਲ ਰਿਹੈ ਉਸ ਨਾਲ ਵੀ ਸਿੱਖਾਂ ਜਾਂ ਮੁਸਲਮਾਨਾਂ ਵਾਂਗ ਹੀ ਸਿੱਝਣ ਦਾ ਮਨ ਬਣਾਇਆ ਹੈ ਕਿ ਉਸ ਲਈ ਪੈਮਾਨਾ ਕੁੱਝ ਵੱਖਰਾ ਹੋਏਗਾ ? ਇਹ ਵੀ ਪਤਾ ਕਰਨਾ ਕਿ ਦਿੱਲੀ-ਦੰਗਿਆਂ 'ਚ ਨਿਰਪੱਖ-ਕਮਿਸ਼ਨਾਂ ਵਲੋਂ ਕਸੂਰਵਾਰ ਠਹਿਰਾਏ ਗਏ ਦੋਸ਼ੀਆਂ ਨੂੰ ਸਜ਼ਾ ਤਾਂ ਕੀ ਮਿਲਣੀ ਸੀ, ਉਹਨਾਂ ਦਾ ਦਨਦਨਾਂਦੇ ਫਿਰਨਾ ਵੀ ਪਾਸੇ ਰਿਹਾ ਸਗੋਂ ਉਹਨਾਂ ਨੂੰ ਉਤੋਂ ਦੀ ਦਿੱਲੀ-ਦਰਬਾਰ 'ਚ ਉਚ-ਅਹੁਦਿਆਂ ਤੇ ਬਿਰਾਜਮਾਨ ਕਰਕੇ ਉਹਨਾਂ ਦੇ ਸਿੱਖ-ਵਿਰੋਧੀ ਕਿਰਦਾਰ ਲਈ ਸ਼ਾਬਾਸ਼ ਤਾਂ ਨਹੀਂ ਦਿੱਤੀ ਗਈ ?

ਅੱਜ ਜੋ ਪੰਜਾਬ ਅਤੇ ਕਸ਼ਮੀਰ ਵਿਚ ਸ਼ਰੇਆਮ ਮਨੁੱਖਤਾ ਦਾ ਘਾਣ ਕਰਕੇ, ਜ਼ੁਲਮ ਵਿਰੁਧ ਆਵਾਜ਼ ਬੁਲੰਦ ਕਰਨ ਵਾਲੇ ਲੀਡਰਾਂ ਨੂੰ ਜਿਹਲੀਂ ਡੱਕਿਆ, ਨੌਜਵਾਨਾਂ ਨੂੰ ਝੂਠੇ ਮੁਕਾਬਲੇ ਬਣਾ ਕੇ

ਖਪਾਇਆ, ਫੌਜੀਆਂ-ਪੁਲੀਸ ਵਾਲਿਆਂ ਤੇ ਸਿਆਸਤਦਾਨਾਂ ਦੀ ਬੇ-ਲਗਾਮ ਸੰਤਾਨ ਵਲੋਂ ਔਰਤਾਂ ਦੀ ਬੇਪਤੀ, ਅਖਬਾਰਾਂ ਨੂੰ ਤਾਲੇ ਲਾ ਕੇ ਪੱਤਰਕਾਰਾਂ ਨੂੰ ਧਮਕੀਆਂ ਤੋਂ ਲੈ ਕੇ ਲਾ-ਪਤਾ ਕਰਨ ਦੀਆਂ ਦੁਰਘਟਨਾਵਾਂ ਵਾਪਰ ਰਹੀਆਂ ਹਨ ਕੀ ਇਹਨਾਂ ਪਿੱਛੇ ਕੇਂਦਰ ਦੀ ਪੰਜਾਬ ਅਤੇ ਕਸ਼ਮੀਰ ਦੇ ਮਸਲਿਆਂ ਦਾ ਕੋਈ ਸਥਾਈ ਹੱਲ ਲਭੱਣ ਦੀ ਮਨਸ਼ਾ ਹੈ ਜਾਂ ਕੋਈ ਹੋਰ ?

ਪੰਡਿਤ ਜੀਓ ! ਅੰਤ ਉਤੇ ਇੱਕੋ ਗੱਲ ਕਹਿ ਕੇ ਸਮਾਪਤ ਕਰਨ ਲੱਗਾ ਹਾਂ ਕਿ ਦਿੱਲੀ ਵਾਲਿਆਂ ਨੂੰ ਇਕ ਗੱਲ ਜ਼ੋਰ ਦੇ ਕੇ ਆਖਿਓ ਕਿ ਸਿੱਖ ਤਾਂ ਸਦਾ ਦਿੱਲੀ ਦੇ ਨੇੜ-ਨੇੜ ਰਹੇ ਹਨ ਕਦੇ ਉਸਤੋਂ ਦੂਰ ਨਹੀਂ ਹੋਏ ਪਰ ਉਪਰਲੇ ਪ੍ਰਸ਼ਨ ਪੁਛੱਦਿਆਂ ਤੇ ਇਹਨਾਂ ਦੀ ਪੁਣ-ਛਾਣ ਕਰਦਿਆਂ ਆਪੂੰ ਵੀ ਬੁੱਕਲ 'ਚ ਮੂੰਹ ਪਾ ਸੋਚਿਓ ਕਿ ਕਿਤੇ ਇਹ ਗੱਲ ਤਾਂ ਨਹੀਂ ਕਿ ਸਿੱਖਾਂ ਅਤੇ ਨਾਲ ਹੀ ਮੁਸਲਮਾਨਾਂ ਨੂੰ ਦਿੱਲੀ ਵਾਲੇ ਆਪ ਹੀ ਦਿੱਲੀ ਤੋਂ ਦੂਰ ਕਰ ਰਹੇ ਹੋਣ ? ਤੁਸੀਂ ਸ਼ਾਸਤਰਾਂ ਦੇ ਗਿਆਤਾ ਹੋ ਉਹਨਾਂ ਨੂੰ ਕਰਤੇ ਹੋ ਕੇ ਘਰਦਿਆਂ ਵਾਂਗੂ ਮਾਣ ਨਾਲ ਘੂਰ ਕੇ ਆਪਣੇ ਵੱਲੋਂ ਇਹ ਗੱਲ ਸਮਝਾਇਓ ਕਿ ਲੋਕਾਂ ਦਾ ਵਿਸ਼ਵਾਸ ਗਵਾ ਕੇ ਸਰਕਾਰਾਂ ਡਿੱਗ ਪੈਂਦੀਆਂ ਹਨ ਤੇ ਖਲਕਤ ਉਤੇ ਜ਼ੁਲਮ ਹੋਣ ਨਾਲ ਮੁਲਕ ਖਿਲਰ ਜਾਂਦੇ ਹਨ ! ਤੁਸੀਂ ਵਿਰੱਕਤ ਵਿਅਕਤੀ ਹੋਂ, ਤੁਹਾਨੂੰ ਕਿਸੇ ਦਾ ਕੀ ਡਰ ? ਬਿਸ਼ੱਕ ਇਹ ਵੀ ਆਖ ਛੱਡਿਓ ਕਿ ਜੇ ਇਕ ਇੰਦਰਾ ਗਾਂਧੀ ਦੇ ਕਤਲ ਹੋਣ ਤੇ ਪ੍ਰਧਾਨ ਮੰਤਰੀ ਵਰਗੀ ਜ਼ਿਮੇਵਾਰ ਪਦਵੀ ਤੇ ਹੁੰਦਾ ਹੋਇਆ ਰਾਜੀਵ ਇਕ ਦਰੱਖਤ ਦੇ ਡਿੱਗਣ ਨਾਲ ਧਰਤੀ ਹਿੱਲਣ ਦੀ ਗੱਲ ਕਹਿ ਸਕਦਾ ਹੈ ਤਾਂ ਜਿਥੇ ਸੈਂਕੜੇ ਮਨੁੱਖਾਂ-ਰੁੱਖਾਂ ਦੇ ਦਿਨ-ਦਿਹਾੜੇ ਡੱਕਰੇ ਕੀਤੇ ਜਾਂਦੇ ਹਨ ਜੇ ਉਥੇ ਇਹ ਜ਼ੁਲਮ ਇੰਵ ਹੀ ਜਾਰੀ ਰਿਹਾ ਤਾਂ ਕਾਗਜ਼ੀਂ-ਪੱਤਰੀਂ 'ਪੁੰਨ-ਭੂੰਮੀ' ਕਹੀ ਜਾਣ ਵਾਲੀ ਇਸ ਭਾਰਤ-ਭੂੰਮੀ ਨੂੰ ਖਿਲਰਨ ਤੋਂ ਕੋਈ ਵੀ ਰੋਕ ਨਹੀਂ ਸਕੇਗਾ !

ਹਾਂ ਸੱਚ ! ਤੁਸੀਂ ਇਸ ਯਾਤਰਾ ਦਾ ਇਕ ਉਦੇਸ਼ ਇਹ ਵੀ ਕਿਹਾ ਹੈ ਕਿ ਤੁਸਾਂ ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਤੋਂ ਪ੍ਰੇਰਨਾ ਲੈ ਕੇ ਆਪਣੇ ਉਤੇ ਦੇਸ਼ ਦੇ ਅੰਦਰੋਂ ਤੇ ਬਾਹਰੋਂ ਹੁੰਦੇ ਜ਼ੁਲਮ ਨੂੰ ਠੁਲਣ ਲਈ ਪ੍ਰੋਗਰਾਮ ਉਲੀਕਣਾ ਹੈ। ਜੇ ਕੇਂਦਰੀ ਸਰਕਾਰ ਦੇ ਪ੍ਰਸ਼ੰਸਕ-ਪੱਖੀ ਹੁੰਦੇ ਹੋਏ ਤੁਹਾਡੇ ਉਤੇ ਵੀ ਅਜਿਹਾ ਕੋਈ ਜ਼ੁਲਮ ਹੋ ਰਿਹਾ ਹੈ ਤਾਂ ਨਿਰਸੰਦੇਹ ਤੁਹਾਨੂੰ ਇਸ ਜ਼ੁਲਮ ਨੂੰ ਰੋਕਣ ਲਈ ਬੁਾਨਣੂੰ ਬੁੰਨਣ ਦਾ ਪੂਰਾ-ਪੂਰਾ ਹੱਕ ਹੈ ਪਰ ਫਿਰ ਕੇਂਦਰੀ-ਸਰਕਾਰ ਲਈ ਦੁਸ਼ਮਣ-ਦੁਪਿਆਰੇ ਸਮਝੇ ਜਾਂਦੇ ਘੱਟ-ਗਿਣਤੀ ਸਿੱਖਾਂ-ਮੁਸਲਮਾਨਾਂ ਨੂੰ ਆਪਣੇ ਉਤੇ ਹੋ ਰਹੇ ਅੰਨ੍ਹੇ ਜ਼ੁਲਮ-ਤਸ਼ੱਦਦ ਲਈ ਕੁਝ ਸੋਚਣ ਦਾ ਹੀ ਹੱਕ-ਅਧਿਕਾਰ ਵੀ ਹੈ ਕਿ ਨਹੀਂ ? ਇਹ ਵੀ ਉਹਨਾਂ ਤੋਂ ਲਗਦੇ ਹੱਥ ਪੁੱਛ ਹੀ ਲੈਣਾ !

(ਅਪ੍ਰੈਲ, 1995)

ਤੇਰੀ ਗੱਠੜੀ ਨੂੰ ਲੱਗੇ ਚੋਰ ! ਪੰਥ ਜੀ ਜਾਗ ਪਿਆਰੇ !!

ਪਿਛਲੇ ਦਿਨਾਂ ਦੀਆਂ ਦੋ ਖ਼ਬਰਾਂ ਪੰਥ ਦੀ ਫੌਰੀ ਤਵੱਜੋ ਦੀਆਂ ਤਲਬਗਾਰ ਹਨ। ਪਹਿਲੀ, ਸ਼੍ਰੋਮਣੀ ਕਮੇਟੀ ਵਲੋਂ ਕੇਂਦਰੀ-ਮੰਤਰੀ ਬਣਨ ਉਪਰੰਤ ਬੂਟਾ ਸਿੰਘ ਦਾ ਉਚੇਚਾ ਸਨਮਾਨ ਕਰਨਾ ! ਦੂਜੀ, ਆਨੰਦਪੁਰ ਦੇ ਪਿੰਡ ਧਮਾਣਾ 'ਚ ਬੂਟਾ ਸਿੰਘ ਦਾ ਪੰਜਾਬ ਦੇ ਖਾੜਕੂਆਂ ਨਾਲ ਕਰਾਰੇ ਹੱਥੀਂ ਨਜਿੱਠਣ ਦਾ ਬਿਆਨ ਦਾਗਣਾ !!

ਉਪਰੋਕਤ ਦੋਹਾਂ ਖ਼ਬਰਾਂ ਦਾ ਜੜੁੱਤ-ਪਿਛੋਕੜ ਸ਼੍ਰੋਮਣੀ ਕਮੇਟੀ ਅਤੇ ਭਾਰਤ ਦੀ ਕੇਂਦਰੀ ਸਰਕਾਰ ਉਤੇ ਕਾਬਜ਼ ਅਨਸਰਾਂ ਵਿਚਾਲੇ ਉਸਰੇ ਉਸ ਸਾਜ਼ਿਸ਼ੀ-ਪੁਲ ਵੱਲ ਸੰਕੇਤ ਕਰਦਾ ਹੈ ਜਿਸਨੂੰ ਜੇ ਅੱਜ ਸਿੱਖਾਂ ਨੇ ਸੁਜਾਗ ਹੋ ਕੇ ਤੁਰੰਤ ਤਾਰ-ਤਾਰ ਕਰਕੇ ਨਾ ਤੋੜਿਆ ਤਾਂ ਉਹ ਨਾ ਸਿਰਫ ਖਾਲਸਾ-ਪੰਥ ਵਲੋਂ ਖੂੰਨ ਵੱਟੇ ਲਈ ਤੇ ਅੱਜ ਅੰਦਰਖਾਤੇ ਕੇਂਦਰ ਕੋਲ ਗਹਿਣੇ ਪਈ ਸ਼੍ਰੋਮਣੀ ਸਿੱਖ-ਸੰਸਥਾ ਸ਼੍ਰੋਮਣੀ ਕਮੇਟੀ ਨੂੰ ਬੈਅ ਕਰਨ ਲਈ ਦਿੱਲੀ ਦੀ ਵਹੀ ਤੇ 'ਗੂਠਾ ਲਾ ਰਹੇ ਹੋਣਗੇ ਅਥਵਾ ਬਾਬਾ ਖੜਕ ਸਿੰਘ ਰਾਹੀਂ ਅੰਗਰੇਜ਼ ਤੋਂ ਲਈਆਂ ਇਸਦੀਆਂ ਚਾਬੀਆਂ ਨੂੰ ਭਾਰਤ ਦੀ ਬ੍ਰਾਹਮਣਵਾਦੀ-ਸਰਕਾਰ ਨੂੰ ਹੱਥੀਂ ਸੌਂਪ ਰਹੇ ਹੋਣਗੇ ਸਗੋਂ ਸਿੱਖਾਂ ਦੀ ਰਾਜਸੀ ਤੇ ਧਾਰਮਿਕ ਖੇਤਰ 'ਚ ਸੁਪਰੀਮ-ਅਥਾਰਿਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ-ਮਹੱਤਤਾ ਨੂੰ ਘਟਾਉਂਣ ਦੇ ਜ਼ਿਮੇਵਾਰ ਬਣ ਕੇ ਇਸਦੀ ਸੁਯੋਗ ਰਾਹਿਨੁਮਾਈ ਤੇ ਅਗਵਾਈ ਤੋਂ ਵੀ ਵੰਚਿਤ-ਵਾਂਝੇ ਹੋਣ ਵੱਲ ਵਧ ਰਹੇ ਹੋਣਗੇ !

ਇਸ ਸਾਜ਼ਿਸ਼ੀ-ਪੁਲ ਨੂੰ ਉਸਾਰਨ 'ਚ ਭਾਈਵਾਲ ਸ਼੍ਰੋਮਣੀ ਕਮੇਟੀ ਤੇ ਕਾਬਜ਼ ਸਿੱਖ-ਚੌਧਰੀਆਂ ਦਾ ਮੰਤਵ ਇਸ ਦੁਆਰਾ ਕੇਂਦਰ ਦੀ ਸਹਾਇਤਾ ਲੈ ਕੇ ਸਿੱਖਾਂ 'ਚ ਉਭਰਨ ਵਾਲੀ ਨਵੀਂ ਅਥਵਾ ਖਾੜਕੂ-ਲੀਡਰਸ਼ਿਪ ਨੂੰ ਰੋਕ ਕੇ ਸਿੱਖ-ਸਫਾਂ 'ਚ ਆਪਣੀ ਸਰਦਾਰੀ ਕਾਇਮ ਰੱਖਣਾ ਹੈ ਤੇ ਕੇਂਦਰ 'ਚ ਬੈਠੇ ਇਹਨਾਂ ਦੇ ਭਾਈਵਾਲਾਂ ਦਾ ਮੰਤਵ, ਇਹਨਾਂ ਸਿੱਖ-ਚੌਧਰੀਆਂ ਨੂੰ ਆਪਣੀ ਸਹਾਇਤਾ ਨਾਲ ਸਿੱਖ-ਸੰਸਥਾਵਾਂ ਤੇ ਕਾਬਜ਼ ਰੱਖ ਕੇ ਸਿੱਖਾਂ 'ਚ ਉਠ ਰਹੀ ਆਜ਼ਾਦੀ ਦੀ ਲਹਿਰ ਨੂੰ ਦਬਾਉਂਣਾ ਹੈ।

ਉਪਰ-ਲਿਖਤ ਸ਼ਾਜ਼ਿਸ਼ੀ-ਪੁੱਲ ਦੇ ਦੋ ਪਿੱਲਰ ਅਥਵਾ ਸ਼ਕਲੋਂ ਸਿੱਖ-ਦਿਸਦੇ ਕੁਰਸੀ-ਪ੍ਰਸਤ ਦੋ ਸੁਆਰਥੀ-ਬ੍ਰੂਮ ਹਨ। ਸਿੱਖ-ਸਫਾਂ ਅਥਵਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਤੇ ਕੇਂਦਰ 'ਚ ਸੱਜਰਾ ਬਣਿਆ ਸਿਵਲ-ਸਪਲਾਈ ਮੰਤਰੀ ਬੂਟਾ ਸਿੰਘ !

ਕੇਂਦਰ ਤੇ ਸ਼੍ਰੋਮਣੀ ਕਮੇਟੀ ਦੀਆਂ ਕੁੰਢੀਆਂ ਮੇਲਣ ਦੀ ਵਿਚੋਲਗਿਰੀ ਕਰਨ ਦੀ ਪੰਥ-ਮਾਰੂ ਸੇਵਾ ਨਿਭਾਉਂਣ ਦੀ ਇਹ ਅਹਿਮ-ਭੂਮਿਕਾ ਪੂਰੀ ਤਨ-ਦੇਹੀ ਨਾਲ ਨਿਭਾਈ ਜਾ ਰਹੀ ਹੈ ਮਨਜੀਤ ਸਿੰਘ ਕਲਕੱਤਾ, ਸਕੱਤਰ ਸ਼੍ਰੋਮਣੀ ਕਮੇਟੀ ਵਲੋਂ ! ਇਸੇ ਯੋਜਨਾ-ਤਹਿਤ ਸ਼੍ਰੋਮਣੀ ਕਮੇਟੀ ਵਲੋਂ ਮਨਜੀਤ ਸਿੰਘ ਕਲਕੱਤਾ ਦੁਆਰਾ ਬੂਟਾ ਸਿੰਘ ਦਾ ਕੇਂਦਰੀ-ਮੰਤਰੀ ਬਣਨ ਮਗਰੋਂ ਸ੍ਰੀ ਦਰਬਾਰ ਵਿਖੇ ਉਚੇਚਾ ਸਨਮਾਨ ਕੀਤਾ ਗਿਆ ਹੈ !

ਦਰਅਸਲ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਕਮੇਟੀ ਦਾ ਸਕੱਤਰ ਹੀ ਇਸ ਪ੍ਰਯੋਜਨ ਲਈ ਰੱਖਿਆ ਗਿਆ ਹੈ ਕਿ ਟੌਹੜਾ ਉਸ ਦੁਆਰਾ ਕੇਂਦਰ ਨਾਲ ਅੰਦਰਖਾਤੇ ਪੂਰਾ ਗੱਠਜੋੜ ਕਰਕੇ ਆਪਣੀ ਕੁਰਸੀ ਕਾਇਮ ਕਰੀ ਰੱਖੇ, ਦਿੱਲੀ ਦੇ ਗੁਰਦੁਆਰਿਆਂ 'ਚ ਆਪਣਾ ਹੱਥ ਉਤੇ ਰੱਖ ਸਕੇ, ਖਾੜਕੂਆਂ ਨੂੰ ਖੁੱਡੇ-ਲਾਈਨ ਲਾ ਸਕੇ ਤੇ ਅਕਾਲੀ ਦਲ 'ਚ ਉਭਰਦੇ ਆਪਣੇ ਕਿਸੇ ਵੀ ਵਿਰੋਧੀ, ਵਿਸ਼ੇਸ਼ਕਰ ਬਾਦਲ ਉਤੇ ਆਪਣਾ ਦਬਾਅ ਬਣਾਈ ਰੱਖ ਸਕੇ।

ਟੌਹੜੇ ਤੇ ਬੂਟਾ ਸਿੰਘ ਦਾ ਪਿਛਲੇ ਦਹਾਕੇ ਦਾ ਕਿਰਦਾਰ ਪੰਥ ਦੇ ਸਾਹਮਣੇ ਹੈ ! ਅਸਲ 'ਚ ਵਰਤਮਾਨ ਸਿੱਖ-ਦੁਖਾਂਤ ਦਾ ਹਲ ਵਾਹੁਣ ਦਾ ਸਭ ਤੋਂ ਵੱਡਾ ਦੋਸ਼ੀ ਟੌਹੜਾ ਹੈ ਤੇ ਉਸਤੇ ਸੁਹਾਗਾ ਫੇਰਨ ਦਾ ਰੋਲ ਬੂਟਾ ਸਿੰਘ ਨੇ ਅਦਾ ਕੀਤਾ ਹੈ !

ਜੂਨ ਚੁਰਾਸੀ ਦਾ ਸਾਕਾ ਵਰਤਾਣ ਦਾ ਸੌਦਾ ਉਸ ਸਮੇਂ ਦੇ ਗਵਰਨਰ ਪੰਜਾਬ ਪਾਂਡੇ ਨੂੰ ਮਈ 84 ਦੇ ਪਿਛਲੇ ਹਫਤੇ ਗੁਰਚਰਨ ਸਿੰਘ ਟੌਹੜੇ ਵਲੋਂ ਚੰਡੀਗੜ੍ਹ 'ਚ ਮਿਲ ਕੇ ਦਿੱਤਾ ਗਿਆ। ਇਹ ਗੱਲ

ਇਸ ਕਲਮ ਵਲੋਂ ਪੰਥ ਦੇ ਧਿਆਨ ਵਿਚ ਦਹਾਕਾ ਪਹਿਲੋਂ ਤੋਂ ਬਾਰ-ਬਾਰ ਲਿਆਂਦੀ ਗਈ ਹੈ ਤੇ ਹੁਣ ਜਾ ਕੇ ਫਿਰ ਇਸਦੀ ਤਸਦੀਕ ਦਿਨ ਰਾਤ ਉਸਦਾ ਪ੍ਰਛਾਵਾਂ ਬਣ ਕੇ ਵਿਚਰਦੇ, ਟੌਹੜੇ ਦੀ ਮੁੱਛ ਦਾ ਵਾਲ ਬਣੇ ਰਹੇ ਘਰ ਦੇ ਭੇਤੀ ਸ: ਰਣਧੀਰ ਸਿੰਘ ਚੀਮਾ ਸਾਬਕਾ ਮੰਤਰੀ ਪੰਜਾਬ ਵਲੋਂ ਪ੍ਰੈਸ ਵਿਚ ਕੀਤੀ ਗਈ ਹੈ। ਫਿਰ ਬਲਿਊ-ਸਟਾਰ ਆਪਰੇਸ਼ਨ ਦਾ ਭਾਣਾ ਵਰਤਾਣ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਧਰਮ-ਯੁੱਧ ਮੋਰਚੇ 'ਚ ਸੁਗੰਧ ਖਾ ਕੇ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ ਦਾ ਮੁਖੀ ਤੇ ਮੁੱਖ ਜ਼ਿਮੇਵਾਰ ਹੋਣ ਨਾਤੇ ਇਸ ਗੀਦੀ-ਗੱਦਾਰ ਤੇ ਕਪਟੀ-ਕਾਇਰ ਪ੍ਰਧਾਨ ਨੇ ਸਮੇਤ ਲੌਂਗੋਵਾਲ ਹੱਥ ਖੂੜੇ ਕਰ ਸਿੱਖ-ਪਰੰਪਰਾਵਾਂ ਨੂੰ ਕਲੰਕਿਤ ਕਰਦਿਆਂ ਜਿਸ ਕਦਰ ਆਤਮ-ਸਮਰਪਣ ਕੀਤਾ ਤੇ ਮਗਰੋਂ ਜਿਸਤਰਾਂ ਇਸਨੂੰ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਬਨਾਉਂਣ ਲਈ ਜਿਹਲੋਂ ਰਿਹਾਅ ਕੀਤਾ ਗਿਆ ਤੇ ਪ੍ਰਧਾਨ ਬਣਾ ਕੇ ਫਿਰ ਗ੍ਰਿਫਤਾਰ ਕਰਕੇ ਸਰਕਾਰੀ ਸੁਰੱਖਿਆ 'ਚ ਰੱਖਿਆ ਗਿਆ, ਇਹ ਕਹਾਣੀ ਸਿੱਖਾਂ ਸਾਹਵੇਂ ਕੁਲ ਵਾਪਰੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਪੰਥ ਦੀ ਜੋ ਹੋਰ ਸੇਵਾ ਉਸ ਨੇ ਕੀਤੀ ਹੈ, ਇਹ 'ਮਿਹਣੋਂ-ਮਿਹਣੀ ਹੋ ਕੇ ਟੁੱਟੀਂ' ਤੇ ਹੁਣੇ ਹੋਈ ਅਕਾਲੀ-ਏਕਤਾ ਦੇ ਦਰਮਿਆਨ ਸ: ਪ੍ਰਕਾਸ਼ ਸਿੰਘ ਬਾਦਲ ਦੇ ਬਿਆਨਾਂ ਚੋਂ ਵੀ ਸਿੱਖਾਂ ਨੇ ਪ੍ਰਤੀ-ਸੁਣੀ ਹੋਏਗੀ।

ਅਪ੍ਰੇਸ਼ਨ ਬਲਿਊ-ਸਟਾਰ ਮਗਰੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤਾ ਸਿੰਘ ਨਿਹੰਗ ਨੂੰ ਮੂਹਰੇ ਲਾ ਕੇ ਸਰਕਾਰੀ ਸੁਬੱਤ-ਖਾਲਸਾ ਕਰਵਾਉਂਣ ਤੇ ਢਾਹੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਕਾਰੀ-ਪੱਧਰ ਤੇ ਇਮਾਰਤ-ਸਾਜ਼ੀ ਕਰਵਾਉਂਣ 'ਚ ਬੂਟਾ ਸਿੰਘ ਨੇ ਸਰਗਰਮ ਭੂਮਿਕਾ ਨਿਭਾਅ ਕੇ ਲਗਪਗ ਟੌਹੜੇ ਵਰਗਾ ਹੀ ਰੋਲ ਅਦਾ ਕਰ ਕੇ ਪੰਥ ਦੇ ਅੱਲੇ-ਜ਼ਖ਼ਮਾਂ ਤੇ ਲੂਣ ਛਿੜਕਿਆ।

ਸਿੱਖ-ਪਰੰਪਰਾਵਾਂ ਅਨੁਸਾਰ ਚਾਹੀਦਾ ਤਾਂ ਇਹ ਸੀ ਕਿ ਆਪਰੇਸ਼ਨ ਬਲਿਊ-ਸਟਾਰ ਉਪਰੰਤ ਇਤਿਹਾਸਕ ਤੇ ਸੰਗੀਨ ਜੁਰਮ ਕਰਨ ਦੇ ਦੋਸ਼ ਵਿਚ ਸਭ ਤੋਂ ਵੱਡਾ ਜ਼ੁਮੇਵਾਰ ਹੋਣ ਨਾਤੇ ਟੌਹੜੇ ਨੂੰ ਸਮੇਤ ਲੌਂਗੋਵਾਲ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਤਲਬ ਕਰਕੇ ਪੰਥ ਚੋਂ ਛੇਕ ਤੇ ਛਾਂਗ ਦਿੱਤਾ ਜਾਂਦਾ ਤੇ ਬੂਟਾ ਸਿੰਘ ਨੂੰ ਪੰਥ ਕਦੇ ਮੂੰਹ ਨਾ ਲਾਉਂਦਾ। ਪਰ ਹਾਲਾਤ ਇਹ ਹਨ ਕਿ ਸਿੱਖ-ਨੌਜਵਾਨਾਂ ਦੀਆਂ ਛਾਤੀਆਂ ਤੇ ਹਲ ਚਲਾਉਂਣ ਅਤੇ ਦਰਬਾਰ ਸਾਹਿਬ ਤੇ ਹਮਲਾ ਕਰਵਾਉਂਣ ਵਾਲੇ ਟੌਹੜੇ ਵਰਗੇ ਸੰਗੀਨ ਗਲਤੀਆਂ ਕਰਨ ਵਾਲੇ ਸ਼ਖਸ ਨੂੰ ਸਿੱਖ ਇੱਕੀਵੀਂ ਵੇਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਕੇ ਉਸਦੇ ਸਨਮਾਨ-ਸਮਾਰੋਹ ਕਰ ਰਹੇ ਹਨ ਤੇ ਗੁਰੂ ਕੀ ਖੇਤੀ ਤੇ ਸੁਹਾਗਾ ਫੇਰਨ ਅਥਵਾ ਸਿੱਖੀ ਦੇ ਮੁਕਾਬਲੇ ਸਿੱਖ ਦਿਸਦੇ ਸਾਧ ਉਸਾਰਨ ਤੇ ਸਿੱਖ-ਸੰਸਥਾਵਾਂ ਨੂੰ ਵੱਡੀ ਢਾਅ ਲਾਉਂਣ ਵਾਲੇ ਬੂਟਾ ਸਿੰਘ ਨੂੰ ਗੁਰੂ ਕੀ ਨਗਰੀ 'ਚ ਸਿਰਫ ਬਖਸ਼ਿਆ ਹੀ ਨਹੀਂ ਜਾਂਦਾ ਸਗੋਂ ਸੁਬੋਤਮ ਸਿੱਖ-ਸੰਸਥਾ ਸ਼੍ਰੋਮਣੀ ਕਮੇਟੀ ਵਲੋਂ ਉਸਦਾ ਉਚੇਚਾ ਸਨਮਾਨ ਕੀਤਾ ਜਾ ਰਿਹਾ ਹੈ।

ਬਿਨਾ ਸ਼ੱਕ, ਅੱਜ ਦਿੱਲੀ ਤੋਂ ਅੰਮ੍ਰਿਤਸਰ ਅਥਵਾ ਕੇਂਦਰੀ-ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਬਣੇ ਸਾਜ਼ਿਸ਼ੀ ਪੁਲ ਤੇ ਆਵਾਜਾਈ ਆਮ ਹੈ ! ਤਿੱਖੜ-ਦੁਪਹਿਰੇ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ !!

ਜੇ ਸਿੱਖਾਂ ਨੇ, ਵਿਸ਼ੇਸ਼ਕਰ ਨੌਜਵਾਨਾਂ ਨੇ ਕੌਮ ਦੀ ਕੋਈ ਸੁਰਤ-ਸੰਭਾਲ ਜਾਂ ਸੇਵਾ ਕਰਨੀ ਹੈ ਤਾਂ ਉਹ ਪਹਿਲ-ਪ੍ਰਾਥਮਿਕਤਾ ਇਸ ਸੋਚ ਨੂੰ ਦੇਣ ਕਿ ਉਹਨਾਂ ਸਿੱਖ-ਸੰਸਥਾਵਾਂ ਨੂੰ ਸਵਾਰਥੀ-ਅਨਸਰਾਂ ਤੋਂ ਸਿਰਫ ਬਚਾਉਂਣਾ ਹੀ ਨਹੀਂ ਸਗੋਂ ਅੱਗੇ ਹੋ ਕੇ ਦਲੇਰੀ ਨਾਲ ਇਹਨਾਂ ਦੀ ਸੇਵਾ-ਸੰਭਾਲ ਕਰਨੀ ਹੈ।

ਸ਼੍ਰੋਮਣੀ ਕਮੇਟੀ ਤੋਂ ਕੇਂਦਰ ਤੱਕ ਬਣੇ ਸਾਜ਼ਿਸ਼ੀ-ਪੁਲ ਨੂੰ ਤੋੜਨ ਦਾ ਵੱਡਾ ਕੰਮ ਸ਼੍ਰੋਮਣੀ ਕਮੇਟੀ ਦੀ ਮੌਜੂਦਾ-ਲੀਡਰਸ਼ਿਪ ਨੂੰ ਤੁਰੰਤ ਭੁੰਜੇ ਲਾਹੁਣਾ ਹੈ। ਸ਼੍ਰੋ: ਗੁ: ਪ੍ਰ: ਕ: ਦੀ ਸਥਾਪਨਾ ਸਿੱਖ ਕੌਮ ਨੇ ਗੁਰਧਾਮਾਂ ਨੂੰ ਆਬਾਦ ਤੇ ਆਜ਼ਾਦ ਕਰਨ ਲਈ ਕੀਤੀ ਸੀ ਇਹਨਾਂ ਨੂੰ ਬਰਬਾਦ ਜਾਂ ਕਿਸੇ ਸਰਕਾਰ ਦਾ ਗੁਲਾਮ ਕਰਨ ਲਈ ਨਹੀਂ। ਪਰ ਅੱਜ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਲੀਡਰਸ਼ਿਪ ਦੇ ਸਿਆਸੀ-ਸੁਆਰਥ ਕਾਰਨ ਸਿੱਖ-ਸੰਸਥਾਵਾਂ ਅਥਵਾ ਸਿੱਖ-ਗੁਰਧਾਮ ਕੇਂਦਰ ਕੋਲ ਗਹਿਣੇ ਹੀ ਨਹੀਂ ਲਗਪਗ ਬੈਅ ਹੋ ਰਹੇ ਹਨ। ਨੌਜਵਾਨਾਂ ਨੂੰ ਇਹ ਕਿਸੇ ਕੀਮਤ ਤੇ ਨਹੀਂ ਹੋਣ ਦੇਣੇ ਚਾਹੀਦੇ !

ਦਰਬਾਰ ਸਾਹਿਬ ਉਤੇ ਹਮਲੇ ਦਾ ਮੁੱਖ ਦੋਸ਼ੀ ਟੌਹੜਾ ਜੇ ਸਿੱਖਾਂ ਦੀ ਸਰਬੋਤਮ ਸੰਸਥਾ ਸ਼੍ਰੋ: ਗੁ: ਪ: ਕ: ਦਾ ਇੱਕੀਵੀਂ ਵੇਰ ਪ੍ਰਧਾਨ ਬਣਦਾ ਹੈ ਤਾਂ ਉਹ ਆਉਂਦੇ ਕੁਝ ਹੋਰ ਦੂਰੇ ਵੀ ਇੱਥੇ ਪ੍ਰਧਾਨ ਬਣਦਾ ਰਹੇਗਾ ਤੇ ਗੁਰਧਾਮਾਂ ਨੂੰ ਕੇਂਦਰ ਦੀ ਮਰਜ਼ੀ ਅਨੁਸਾਰ ਵਰਤੇਗਾ। ਕੇਂਦਰ ਉਸਦੀ ਆਪਣੇ ਪ੍ਰਤੀ ਵਫ਼ਾਦਾਰੀ ਕਾਰਨ ਛੇਤੀ-ਕੀਤੇ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਨਹੀਂ ਕਰਵਾਏਗਾ। ਭਾਵ ਜਿਹੜੇ ਮਨੁੱਖਾਂ ਨੂੰ ਦੋ-ਤਿੰਨ ਦਹਾਕੇ ਪਹਿਲੋਂ ਸੋਚ ਸਮਝ ਕੇ ਟਿਕਟਾਂ ਦਿੱਤੀਆਂ ਸਨ ਤੇ ਪਿਛਲੇ ਵੀਹ ਵਰ੍ਹਿਆਂ 'ਚ ਰਹਿੰਦੇ-ਖੂੰਹਦੇ ਕੁਝ ਹੋਰ ਟੌਹੜੇ ਨੇ ਆਪਣੇ ਨਾਲ ਗੰਢ ਲਏ, ਉਹਨਾਂ ਟੌਹੜੇ ਨਾਲ ਭੁਗਤਣਾ ਹੀ ਭੁਗਤਣਾ ਹੈ। ਸੋ ਕੇਂਦਰ ਤੇ ਟੌਹੜੇ ਦੀ ਮਿਲੀ-ਭੁਗਤ ਕਾਰਨ ਨਾ ਨਵੀਂ ਚੋਣ ਹੋਵੇ ਤੇ ਨਾ ਟੌਹੜਾ ਪ੍ਰਧਾਨਗੀ ਤੋਂ ਲੱਥੇ ! ਅਥਵਾ ਨਾ ਬੁੜ੍ਹਾ ਮਰੇ ਤੇ ਨਾ ਮੰਜਾ ਛੁੱਟੇ !! ਹਾਂ ਉਪਰੋਂ ਉਹ ਸਦਾ ਵਾਂਗ ਪ੍ਰੈਸ ਵਿਚ ਨਵੀਆਂ ਇਲੈਕਸ਼ਨਾਂ ਲਈ ਬਿਆਨ ਵੀ ਦੇਵੇਗਾ-ਰਿੰਟਾ ਦੇ ਡਰਾਮੇ ਵੀ ਕਰੇਗਾ ਪਰ ਨਤੀਜਾ ਇਸਦਾ ਸਿਫਰ ਹੀ ਹੋਏਗਾ !

ਪਰ ਜੇ ਸਿੱਖਾਂ ਨੂੰ ਅੱਜ ਸਪੱਸ਼ਟ ਹੈ ਕਿ ਦਰਬਾਰ ਸਾਹਿਬ ਉਤੇ ਹਮਲੇ ਦੀ ਹਰੀ-ਝੰਡੀ ਦੇਣ ਕਰਕੇ ਇਸ ਹਮਲੇ ਦਾ ਮੁੱਖ ਦੋਸ਼ੀ ਟੌਹੜਾ ਹੈ ਤੇ ਇਹ ਵੀ ਸਾਬਤ ਹੈ ਕਿ ਸਦਾ ਸਿੱਖ ਅਤੇ ਸਿੱਖ-ਸੰਸਥਾਵਾਂ ਵਿਰੋਧੀ ਰੋਲ ਅਦਾ ਕਰਨ ਵਾਲੇ ਬੂਟਾ ਸਿੰਘ ਦਾ ਸਨਮਾਨ ਟੌਹੜਾ-ਜੁੰਡਲੀ ਕਰਦੀ ਹੈ ਤਾਂ ਸਿੱਖਾਂ ਤੇ ਵਿਸ਼ੇਸ਼ਕਰ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਬਣੇ ਇਸ ਸਾਜ਼ਿਸ਼ੀ-ਪੁਲ ਨੂੰ ਹੁਣ ਤੋੜ ਦੇਣ !

ਇਸ ਸਮੱਸਿਆ ਦਾ ਤਤਕਾਲੀਨ ਇਲਾਜ, ਜੋ ਕਈ ਦੂਰੇ ਪਹਿਲੋਂ ਪੰਥ ਦੇ ਚਰਨਾਂ 'ਚ ਅਰਜ਼ ਕੀਤਾ ਸੀ ਇਹਨਾਂ ਸਤਰਾਂ 'ਚ ਫਿਰ ਦੁਹਰਾਅ ਰਿਹਾ ਹਾਂ ਕਿ ਸਿੱਖ ਆਪਣੇ ਆਪਣੇ ਹਲਕੇ ਦੇ ਸ਼੍ਰੋਮਣੀ ਕਮੇਟੀ ਦੇ ਚੁਣੇ ਮੈਂਬਰਾਂ ਉਤੇ ਦਬਾਅ ਪਾਉਂਣ ਕਿ ਉਹ ਪੰਥ-ਵਿਰੋਧੀ ਟੌਹੜਾ-ਜੁੰਡਲੀ ਦੀ ਅਮਰਵੇਲ ਗੁਰਧਾਮਾਂ ਤੋਂ ਲਾਹੁਣ ਲਈ ਇਸ ਜੁੰਡਲੀ ਤੋਂ ਆਪਣੀ ਹਮਾਇਤ ਵਾਪਸ ਲੈਣ। ਨਿਕਟ-ਭਵਿੱਖ 'ਚ ਜੇ ਚੋਣਾਂ ਹੋਣ (ਜਿਸਦੀ ਕਿ ਕੇਂਦਰ-ਟੌਹੜਾ ਭਿਆਲੀ ਕਾਰਨ ਆਸ ਨਹੀਂ ।)ਤਾਂ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ 'ਚ ਵੱਧ ਤੋਂ ਵੱਧ ਦਿਲਚਸਪੀ ਲੈ ਕੇ ਸ਼੍ਰੋਮਣੀ ਕਮੇਟੀ 'ਚ ਪ੍ਰਵੇਸ਼ ਕਰਨਾ ਚਾਹੀਦਾ ਹੈ।

ਪਰ ਇਸ ਮਰਜ਼ ਦਾ ਪੱਕਾ ਇਲਾਜ ਕਰਨ ਲਈ ਅਥਵਾ ਸਿੱਖ-ਸੰਸਥਾਵਾਂ ਨੂੰ ਕਿਸੇ ਵੀ ਬਾਹਰੀ ਜਾਂ ਅੰਦਰੂਨੀ ਹਮਲੇ ਤੋਂ ਬਚਾਉਂਣ ਲਈ ਅਤਿਅੰਤ ਜ਼ਰੂਰੀ ਹੈ ਕਿ ਛਠਮ-ਪੀਰ 'ਗੁਰ ਭਾਰੀ' ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਥਾਪਤ ਕੀਤੇ ਮੀਰੀ ਪੀਰੀ ਦੇ ਮੁਜੱਸਮੇ ਅਤੇ ਧਰਮ ਤੇ ਸਿਆਸਤ ਦੇ ਸੁਮੇਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਿੱਖ, ਇਸ ਕਦਰ ਆਜ਼ਾਦ, ਮਜ਼ਬੂਤ ਤੇ ਬੁਲੰਦ-ਰੁਤਬਾ ਬਣਾ ਦੇਣ ਕਿ ਇਹ ਰਾਜਸੀ-ਖੇਤਰ 'ਚ ਨਿਰਭੈਤਾ ਨਾਲ ਸਿੱਖਾਂ ਦੀ ਰਾਹਿਨੁਮਾਈ ਕਰ ਸਕੇ ਤੇ ਇਸ ਸਰਬੋਤਮ ਤੇ ਸਿਰਮੌਰ ਸਿੱਖ-ਸੰਸਥਾ ਦੇ ਜਥੇਦਾਰ ਸਾਹਿਬ, ਸ਼੍ਰੋਮਣੀ ਕਮੇਟੀ ਦੇ ਮਹਿਜ਼ ਇਕ ਮੁਲਾਜ਼ਮ ਨਹੀਂ ਸਗੋਂ ਸਾਰੇ ਸਿੱਖ-ਸੰਸਾਰ ਦਾ ਸਿਰਤਾਜ ਹੋਣ ਤੇ ਉਹਨਾਂ ਦੇ ਮੂੰਹੋਂ ਨਿਕਲਿਆ ਇਕ ਵਾਕ ਕਿਸੇ ਸਾਧਾਰਨ ਸਿੱਖ ਲਈ ਹੀ ਨਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਵੀ ਹੁਕਮ ਬਣ ਨਿੱਬੜੇ !

(ਅਪ੍ਰੈਲ, 95)



ਵਿਅੰਗ-ਵਢਾਂਗਾ

ਅਸੀਂ ਪੰਥ ਦੇ ਬੁੱਧੀਜੀਵੀ ਸਾਡਾ ਹੈ ਪ੍ਰਧਾਨ !
ਅਸੀਂ ਬਣਾਉਂਦੇ ਰੈਜ਼ੂਲੇਸ਼ਨ, ਲੋਕ ਕਹਿਣ ਵਿੰਦਵਾਨ।
ਲੋਕ ਕਹਿਣ ਵਿੰਦਵਾਨ ਵਗਦੇ ਹਾਂ ਨਾਰੇ-ਨਾਰੇ।
ਪੁੱਛ ਪੰਥ ਵਿਚ ਸਾਡੀ ਤੇ ਨਾਲੇ ਸਰਕਾਰੇ !
ਦੋਹ-ਦੋਹ ਹੱਥੀਂ ਲੱਡੂ ਜਹਾਜ਼ੀਂ ਲਈਏ ਬੂਟੇ !
ਅਸੀਂ ਪੰਥ ਦੇ ਬੂਟੇ ! ਸਾਡੇ ਸਰਕਾਰੀਂ ਬੂਟੇ !!

ਜੋ ਵੀ ਕਰੀਏ ਜੋ ਵੀ ਲਿਖੀਏ ਸਭ ਹੋਵੇ ਪ੍ਰਵਾਨ !
ਨਾਲ ਕਛਹਿਰੇ ਧੋਤੀ ਚੁੱਕ ਲਓ ਕਹਿੰਦੇ ਨੇ ਪ੍ਰਧਾਨ !!
ਕਹਿੰਦੇ ਨੇ ਪ੍ਰਧਾਨ ਕਰੋ ਪ੍ਰਦੇਸੀਂ ਦੌਰਾ।
ਕਰੋ ਤੁਸੀਂ ਪ੍ਰਚਾਰ ਮੁਝੇ ਕੋਈ ਕਹੇ ਨਾ ਚੋਰਾ !
ਲਓ ਤਖਤ ਦਾ ਨਾਓਂ ਚੰਮ ਦੀਆਂ ਤੁਸੀਂ ਚਲਾਓ !
ਜੇਬ 'ਚ ਜੱਥੇਦਾਰ ਅਸਾਂ ਤੋਂ ਮੋਹਰ ਲੁਆਓ !!

ਪੰਥ ਉਤੇ ਹੈ ਸੰਕਟ ਅਸੀਂ ਹਾਂ ਸੰਕਟ - ਮੋਚਨ !
ਇਸ ਬਿਪਤਾ ਚੋਂ ਅਸੀਂ ਪੰਥ ਨੂੰ ਕਰਨਾ ਟੋਚਨ !!
ਕਰਨਾ ਟੋਚਨ ਅਸੀਂ ਪੰਥ ਨੂੰ ਪਾਰ ਲਗਾਉਂਣਾ।
ਬਣੇ ਪੰਥ ਦਾ ਬਣੇ ਨਾ, ਅਸੀਂ ਤਾਂ ਕੁਝ ਬਣਾਉਂਣਾ !!!
ਹੁਣ ਲੱਗਾ ਹੈ ਦਾਅ ਕਰਾਂਗੇ ਪੂਰੀ ਟੀ. ਸੀ. !
ਬਣਾਂਗੇ ਚੇਅਰਮੈਨ ਬਣਾਂਗੇ ਜਾਂ ਫਿਰ ਵੀ. ਸੀ. !!

ਅਸੀਂ ਡਾਕਟਰ ਤੇ ਪ੍ਰੋਫੈਸਰ ਅਸੀਂ ਹਾਂ ਨਿਰੀ ਕਰੀਮ !
ਚਾਰ ਜਮਾਤਾਂ ਪੜ੍ਹਕੇ ਬਣ ਗਏ ਅਸੀਂ ਹਾਂ ਨੀਮ-ਹਕੀਮ।
ਬਣ ਗਏ ਨੀਮ-ਹਕੀਮ, ਪੰਥ ਦਾ ਰੋਗ ਹਟਾਉਂਣਾ।
ਕਾਗਜ਼ - ਪੱਤਰੀਂ ਬੇੜਾ ਪੰਥ ਦਾ ਬੰਨੇ ਲਾਉਂਣਾ।
ਲੈ ਲੋ ਸਾਥੋਂ ਚੰਦਾ ਪਰ ਇਕ ਜਿੰਦ ਨਾ ਮੰਗੋ !
ਧਿਰ ਥੋੜੀ ਹਾਂ ਖਾੜਕੂਓ, ਪਰ ਫਾਹੇ ਨਾ ਟੰਗੋ !!

ਲਿੰਸਾ ਚਿਹਰਾ ਲੈ ਔਤਰਾ ਇਓਂ ਆਖੇ ਪ੍ਰਧਾਨ!
ਅਬਿਨਾਸ਼ੀ ਸਤਿਬੀਰ ਚਲੇ ਗਏ ਕੌਣ ਲਿਖੂ ਹੁਣ ਬਿਆਨ?
ਕੌਣ ਲਿਖੂ ਹੁਣ ਬਿਆਨ ਮਾਰਾਂਗੇ ਕਿਵੇਂ ਘਚਾਨੀ ?
ਭਾਲ-ਟੋਲ ਕੇ ਲੱਭੀਏ ਹੋਰ ਕੋਈ ਗੁਣੀ-ਗਿਆਨੀ।
ਹੋਵੇ ਕੋਈ ਅਜਿਹਾ ਜੋ ਪਰ ਵਰਤਿਆ ਜਾਵੇ !
ਵਾਹੂ ਸਿੰਘ ਮਨਜੀਤ ਸਵੇ ਵਾਂਗ ਪਰਤਿਆ ਜਾਵੇ !!

(ਅਪ੍ਰੈਲ, 1995)

ਵਿਅੰਗ-ਵਢਾਂਗਾ

ਤਦੇ ਰਵੀਏ ਪਢੂ ਪੰਥ ਜੇ ਕਰਨ ਅਕਾਲੀ ਏਕਾ !
ਇਹ ਏਕਾ ਵੀ ਤਾਂਹੀਏ ਹੋਣਾ ਮਿਲੇ ਅਸਾਨੂੰ ਠੇਕਾ !!
ਮਿਲੇ ਅਸਾਨੂੰ ਠੇਕਾ ਪੰਥ ਨੂੰ ਵੈਲਡਿੰਗ ਕਰੀਏ।
ਕਰਕੇ ਪੰਥ ਨਿਹਾਲ ਚਾਰ ਦਿਨ ਹਰੀਆਂ ਚਰੀਏ।
ਬਾਗੜੀਆਂ ਜੀ ਸੋਚ ਸਮਝ ਕੇ ਤਾਂਹੀਂਏਂ ਈ ਅਸੀਂ ਰਲਾਏ ।
ਆਏ ਸਮਾਂ ਤਾਂ ਭਾਰ ਚੁੱਕਣ ਤੇ ਜਰਬ ਨਾ ਸਾਨੂੰ ਆਏ !!

ਜੈਲ ਸਿਹੁੰ ਜਾਂ ਬੂਟਾ ਹੋਵੇ, ਹੋਵੇ ਜਾਂ ਬਰਨਾਲਾ।
ਸਸਤੇ - ਰੋਟੀਂ ਮਾਫੀ ਦੇ ਕੇ ਕਰੀਏ ਘਾਲਾ - ਮਾਲਾ।
ਕਰੀਏ ਘਾਲਾ-ਮਾਲਾ 'ਤਾਂਹਾਂ ਤੱਕ ਲਿੰਕ ਬਣਾਈਏ।
ਟੋਹੜ-ਗੁੱਡੀ ਦੀਆਂ ਕੰਨੀਆਂ ਫੜ ਅਸਮਾਨ ਚੜ੍ਹਾਈਏ।
ਰਹੀ ਪੰਥ ਦੀ ਗੱਲ ਸਾਥੋਂ ਮੰਗਦੈ ਅਗਵਾਈ ?
ਇਹ ਨਹੀਂ ਸਾਡਾ ਕੰਮ, ਸੁਣੋ ਸਭ ਮਾਈ-ਭਾਈ !!

ਬੜਾ ਅਵੈੜਾ ਦੇਵਰ ਸਾਡਾ ਬੜਾ ਅਵੈੜਾ ਮਾਨ !
ਮਗਰ ਅਸਾਡੇ ਕੱਢੀ ਫਿਰਦਾ ਤਿੰਨ ਫੁੱਟੀ ਕਿਰਪਾਨ !!
ਤਿੰਨ - ਫੁੱਟੀ ਕਿਰਪਾਨ ਕੱਢੇ ਕੱਢ ਸਾਨੂੰ ਘੂਰੇ।
ਪੂਰਾ ਕਰ ਇਕਰਾਰ ਭਾਈਏ (ਨਹੀਂ ਤਾਂ) ਲਾ ਲੂੰ ਮੂਹਰੇ !
ਬਹੁੜੀਂ ਪੰਥਾ ਬਹੁੜੀਂ ! ਮੇਰੇ ਮਗਰ ਪੈ ਗਿਆ !!
ਘੁਕਦੀ ਸੀ ਕਿਰਪਾਨ ਹਾਏ ਨੀਂ ਕੁਛ ਲਾਹ ਕੇ ਲੈ ਗਿਆ !!!

ਯੋਗੀ, ਭੋਗੀ, ਰੋਗੀ ਹੋਵੇ ਕਹਿੰਦੇ ਸੀ ਪ੍ਰਧਾਨ।
ਜੋ ਕੇਂਦਰ ਨਾਲ ਕੁੰਢੀਆਂ ਮੇਲੇ ਸਭ ਸਾਨੂੰ ਪ੍ਰਵਾਨ।
ਸਾਨੂੰ ਸਭ ਪ੍ਰਵਾਨ ਉਹਨੂੰ 'ਸਿੰਘ ਸਾਹਿਬ' ਕਹਾਂਗੇ।
ਪਿੱਟੀ ਜਾਵੇ ਪੰਥ ਅਸੀਂ ਉਸ ਨਾਲ ਰਹਾਂਗੇ !
ਜਦ ਵੀ ਜਾਈਏ ਬਾਹਰ ਕੋਡੀ ਹੈ ਠਾਹਰ ਚੰਗੇਰੀ !
(ਕੋਈ) ਚਿੱਟੀ ! ਝੁਟੀਏ ਕਾਰ ! ਅਸਾਂ ਮਨ ਆਸ ਘਨੇਰੀ !!

ਧੰਨ ਧੰਨ ਬਾਬਾ ਦੀਪ ਸਿੰਘ ਜੀ ! ਧੰਨ ਤੁਸਾਂ ਕੁਰਬਾਨੀ !!
ਸਿੱਖੀ ਸਿਦਕ ਭਰੋਸੇ ਦੇ ਵਿਚ ਕੌਣ ਤੁਹਾਡਾ ਸਾਨੀ ?
ਕੌਣ ਤੁਹਾਡਾ ਸਾਨੀ, ਅਸੀਂ ? ਪਰ ਬੱਲੇ ! ਬੱਲੇ !!
ਪਈ ਪੰਥ ਤੇ ਭੀੜ ਅਸੀਂ ਹੋ ਤਿੱਤਰ ਚੱਲੇ !!!
ਵੀਜ਼ੇ ਮਿਲਣ ਸ਼ਤਾਬ ਕਰ ਲੀਏ ਰੱਜ ਕੇ ਸੈਰਾਂ !
ਹਵਾ-ਖੋਰੀ ਤੋਂ ਬਾਅਦ ਪੰਥ ਦੀਆਂ ਪੁੱਛੀਏ ਖੈਰਾਂ !!

ਬਾਗੜੀਆਂ ਜੀ ਆਹ ਲੋ ਕੁੰਜੀਆਂ ਸਾਂਭੋ ਜ਼ੁੰਮੇਵਾਰੀ !
ਅਸਾਂ ਤਾਂ ਧੀ-ਧਿਆਣੀ ਬਣ ਕੇ ਜਾਣਾ ਮਾਰ ਉਡਾਰੀ।
ਜਾਣਾ ਮਾਰ ਉਡਾਰੀ ਚਾਰ ਦਿਨ ਜਾਣੈ ਪਾਸੇ।
ਪੇਸ਼ ਪੈ ਗਿਆ ਪੰਥ ਏਸ ਨੇ ਖੋਹ ਲਏ ਹਾਸੇ।
ਕਰ ਲਓ ਕੋਈ ਜੁਗਾੜ ਸਾਡਾ ਤਾਂ ਦਿਲ ਨਹੀਂ ਵਗਦਾ !
ਜਦ ਦੀ ਮਿਰਕਣ ਵੇਖੀ ਏਥੇ ਜੀਅ ਨਹੀਂ ਲਗਦਾ !!

ਬੱਸ ਇਕੋ ਗੱਲ ਮਾਤੀ ਸਾਥੋਂ ਪੰਥ ਮੰਗੇ ਅਗਵਾਈ !
ਜਦੋਂ ਬਣੇ ਸੀ ਇਹ ਗੱਲ ਸਾਨੂੰ ਕਿਸੇ ਨਹੀਂ ਬਤਲਾਈ !!
ਕਿਸੇ ਨਹੀਂ ਬਤਲਾਈ ਸਾਨੂੰ ਸਿੱਖ ਰੋਜ਼ ਸਤਾਉਂਦੇ।
ਮਤੀ - ਮੰਜ਼ਲ ਦਾ ਐਂਵੇਂ ਟਿੰਡ ਵਿਚ ਕਾਨਾ ਪਾਉਂਦੇ।
ਏਸ ਪ੍ਰਸ਼ਨ ਦੇ ਉਤਰ ਬਾਝੋਂ ਝੋਲ ਅਸਾਡੀ ਖਾਲੀ।
ਲਈਏ ਖਤਰੇ ਮੁੱਲ, ਅਸੀਂ ਹਾਂ ਫੂਲਾ ਸਿੰਘ ਅਕਾਲੀ ?

ਉਮਰ ਨਿਆਣੀ ਭਾਰੇ ਮਾਮਲੇ ਕਾਹਲੀ ਰਤਾ ਨਾ ਕਰੀਏ !
ਬਿੱਖਤਾ ਪੈਂਡਾ ਜੁੱਤੀ ਮਖਮਲੀ ਸੰਭਲ ਸੰਭਲ ਪੱਬ ਧਰੀਏ!!
ਸੰਭਲ ਸੰਭਲ ਪੱਬ ਧਰੀਏ ਨਿਰੀ ਇਹ ਤਿਲ੍ਹਕਣ-ਬਾਜ਼ੀ।
ਅੱਬਰਾ ਪੰਥ ਸੁਭਾਓ ਹੁੰਦੈ ਨਿੱਤ ਗੁੱਸੇ - ਰਾਜ਼ੀ।
ਅੰਦਰ ਵੜ ਕੇ ਰੋਈਏ ਕਿਸੇ ਨੂੰ ਬਾਹਰ ਨਾ ਦੱਸੀਏ !
ਨਿੱਕੀਏ ! ਮੰਨ ਸਲਾਹ !! ਪੰਥ ਦੇ ਤਾਂਹੀ ਵੱਸੀਏ !!!

(ਜੂਨ, 1995)

ਖਾਲਿਸਤਾਨ ਸੰਭਵ ਕਿਵੇਂ ?

ਤੀਸਰੇ ਘਲੂਘਾਰੇ 'ਚੋਂ ਵਿਚਰੀ ਤੇ ਕੁਰਬਾਨੀਆਂ ਦੇ ਲੰਬੇ ਦੌਰ 'ਚੋਂ ਗੁਜਰੀ ਸਿੱਖ-ਕੌਮ ਵਿਚਲੇ ਗੈਰਤਮੰਦ, ਆਜ਼ਾਦੀ ਤੇ ਚੁਤਦੀ-ਕਲਾ ਵਾਲੇ ਪੰਥ-ਦਰਦੀ ਸਿੱਖਾਂ ਦੇ ਮੱਥੇ ਵਿਚ ਅੱਜ ਪਹਿਲਾ-ਪ੍ਰਥਮ ਪ੍ਰਸ਼ਨ- 'ਖਾਲਿਸਤਾਨ ਸੰਭਵ ਕਿਵੇਂ' ? ਹੀ ਹੈ।

ਇਸ ਗੰਭੀਰ ਦੌਰ ਦੀਆਂ ਪ੍ਰਸਥਿਤੀਆਂ ਨੂੰ ਵਾਚਦਿਆਂ ਇਸਦਾ ਯਥਾ-ਸ਼ਕਤਿ ਹੱਲ ਮੈਂ ਇਸੇ ਪੁਸਤਕ ਵਿਚਲੀ ਲਿਖਤ 'ਰਾਜ ਕਰੇਗਾ ਖਾਲਸਾ' ਵਿਚ ਵਿਸਥਾਰ ਸਹਿਤ ਦੇਣ ਦਾ ਨਿਮਾਣਾ ਯਤਨ ਕੀਤਾ ਹੈ ਪਰ ਅੱਜ ਮੈਂ ਸੰਖੇਪ ਵਿਚ ਉਸ 'ਚੋਂ ਕੁਝ ਗੱਲਾਂ ਨੂੰ ਇਥੇ ਦੁਹਰਾਣ ਦੀ ਆਗਿਆ ਆਪ ਸਭਨਾਂ ਤੋਂ ਚਾਹੁੰਦਾ ਹਾਂ।

ਅਸਲ 'ਚ ਨੀਝ ਲਾ ਕੇ ਵੇਖਿਆ ਜਾਵੇ ਤਾਂ ਸਿੱਖਾਂ ਨੂੰ ਦਿੱਲੀ ਵਲੋਂ ਇਸ ਕਸੂਤੀ-ਸਥਿਤੀ ਵਿਚ ਪਾਏ ਜਾਣ ਦੀ ਵੱਡੀ ਜ਼ਿਮੇਵਾਰ ਸਿੱਖ-ਹਿਤਾਂ ਦੀ ਪਹਿਰੇਦਾਰ (ਹੀ ਨਹੀਂ ਠੇਕੇਦਾਰ!) ਕਹਾਉਂਦੀ ਸਿੱਖ ਅਥਵਾ ਅਕਾਲੀ-ਲੀਡਰਸ਼ਿਪ ਹੈ ਜਿਸਦੇ ਹਰ ਹੁਕਮ ਉਤੇ ਫੁੱਲ ਚੁਤਦੇ-ਚੁਤਦੇ ਸਿੱਖ ਅੱਜ ਇਸ ਪਾਏ ਨੂੰ ਪਹੁੰਚੇ ਹਨ। ਅਠਾਰਾਂ ਸੌ ਉਣੰਜਾ 'ਚ ਖਾਲਸਾ-ਰਾਜ ਜਾਣ ਸਮੇਂ ਸਿੱਖਾਂ ਨੇ ਆਪਣੀ ਕਮਾਨ ਕਰ ਰਹੀ ਗੱਦਾਰ-ਲੀਡਰਸ਼ਿਪ ਦੀ ਗੱਦਾਰੀ ਵੇਖਕੇ ਖੂੰਨ ਦੇ ਅੱਥਰੂ ਵਹਾਏ ! ਉਨੀ ਸੌ ਸੰਤਾਲੀ ਦੀ ਦੇਸ਼-ਵੰਡ ਸਮੇਂ ਸੁਆਰਥੀ-ਸਿੱਖ-ਲੀਡਰਸ਼ਿਪ ਦੀ ਕੀਤੀ ਗਲਤੀ ਉਤੇ ਗਿਲੇ-ਸ਼ਿਕਵੇ ਕਰ ਕੇ ਹੱਥ ਮਲੇ ਤੇ ਕੁਲ ਉਨੀ ਸੌ ਚੁਰਾਸੀ (1984) 'ਚ ਸ੍ਰੀ ਅਕਾਲ ਤਖਤ ਸਾਹਿਬ ਉਤੇ ਆਪ ਕਹਿ ਕੇ ਹਮਲੇ ਕਰਵਾਉਂਦੀ ਤੇ ਸਿੱਖ-ਕੁਰਬਾਨੀਆਂ ਦਾ ਮੁੱਲ ਵਟਦੀ ਤੇ ਵੱਟ ਰਹੀ ਬੇਈਮਾਨ ਅਕਾਲੀ-ਲੀਡਰਸ਼ਿਪ ਦਾ ਕਿਰਦਾਰ ਤੇ ਕਰਤੂਤਾਂ ਅਸੀਂ ਅੱਜ ਅੱਖੀਂ ਵੇਖ ਰਹੇ ਹਾਂ। ਇਸ ਚੁਰਾਹੇ ਉਤੇ ਖੜੇ ਸਿੱਖ ਜੇ ਅੱਜ 'ਖਾਲਿਸਤਾਨ ਸੰਭਵ ਕਿਵੇਂ ?' ਪ੍ਰਸ਼ਨ ਦਾ ਉਤਰ ਦਿਲੋਂ ਲੋਚਦੇ ਹਨ ਤਾਂ ਸੁਝਾਅ ਹਾਜ਼ਰ ਹਨ :-

ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਰੱਦ ਤੇ ਬੇਦਖ਼ਲ ਕਰੋ ! ਬਦਲ ਦਿਓ !!

ਨਿਰਸੰਦੇਹ ਖਾਲਿਸਤਾਨ ਕੌਮ ਨੂੰ ਕਿਸੇ ਲੀਡਰਸ਼ਿਪ ਦੇ ਭਾਂਡੇ ਰਾਹੀਂ ਹੀ ਪ੍ਰਾਪਤ ਹੋਣਾ ਹੈ ਪਰ ਖਾਲਿਸਤਾਨ ਵਰਗੀ ਸੁੱਚੀ-ਵਸਤ ਸਿੱਖਾਂ ਨੂੰ ਸ਼ੁਧ ਰੂਪ 'ਚ ਤਦੇ ਹੀ ਪ੍ਰਾਪਤ ਹੋਵੇਗੀ ਜੇ ਸਿੱਖ ਆਪਣੀ ਲੀਡਰਸ਼ਿਪ ਦੇ ਇਸ ਜੂਠੇ ਭਾਂਡੇ ਨੂੰ ਪਹਿਲੋਂ ਪੂਰੀ ਤਰਾਂ ਸਾਫ ਕਰਨਗੇ। ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ :-

"ਭਾਂਡਾ ਧੋਇ ਬੈਸਿ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ " । (ਸੂਹੀ ਮ: ੧)

ਪਰ ਸਿੱਖ ਅਥਵਾ ਅਕਾਲੀ-ਲੀਡਰਸ਼ਿਪ ਦਾ ਇਹ ਭਾਂਡਾ (ਖਾਸ ਤੌਰ ਤੇ ਖਾਲਿਸਤਾਨ ਦੇ ਮਸਲੇ ਪ੍ਰਤੀ !) ਉਕਾ ਹੀ ਸਾਫ ਨਹੀਂ ਤੇ ਗੁਰਬਾਣੀ ਵਿਚਲੇ ਇਹ ਸ਼ਬਦ ਇਸ ਉਤੇ ਪੂਰੀ ਤਰਾਂ ਢੁੱਕਦੇ ਹਨ :-

"ਭਾਂਡਾ ਅਤਿ ਮਲੀਣ ਧੋਤਾ ਹਛਾ ਨਾ ਹੋਇਸੀ " । (ਸੂਹੀ ਮ: ੧)

ਅਕਾਲੀ-ਲੀਡਰਸ਼ਿਪ ਦਾ ਇਹ ਭਾਂਡਾ ਇਸ ਕਦਰ ਮੈਲਾ-ਮਲੀਨ ਹੋ ਚੁੱਕਾ ਹੈ ਕਿ ਇਸਦੇ ਸਫਾਈ-ਸੁਧਾਰ ਦੀ ਉਕਾ ਹੀ ਸੰਭਾਵਨਾ ਨਹੀਂ। ਜੇ ਇਸ ਲੀਡਰਸ਼ਿਪ ਨੂੰ ਸੁਧਾਰਿਆ ਕਦਾਚਿਤ ਨਹੀਂ ਜਾ ਸਕਦਾ ਤਾਂ ਇਸਨੂੰ ਉਤਾਰ ਦੇਣਾ ਹੀ ਬਣਦਾ ਹੈ। ਖਾਲਿਸਤਾਨ ਦਾ ਰਾਹ ਪੱਧਰਾ ਕਨ ਲਈ ਪ੍ਰਥਮ ਜ਼ਰੂਰਤ ਇਸ ਭ੍ਰਿਸ਼ਟ-ਲੀਡਰਸ਼ਿਪ ਦੀ ਦੀਵਾਰ-ਅਟਕਾਰ ਨੂੰ ਭੰਨਣ-ਤੋੜਨ ਤੇ ਢਾਹੁਣ ਦੀ ਹੈ ਕਿਉਂਕਿ ਅੱਜ ਖਾਲਿਸਤਾਨ ਦੀ ਪ੍ਰਾਪਤੀ ਵਿਚ ਸਭ ਤੋਂ ਵੱਡਾ ਅਹੁਟਾ ਅਥਵਾ ਅੜਿੱਚਣ ਵਰਤਮਾਨ ਅਖੌਤੀ ਅਕਾਲੀ-ਲੀਡਰਸ਼ਿਪ ਹੀ ਹੈ।

ਸਿੱਖਾਂ ਦੀ ਸ਼੍ਰੋਮਣੀ ਸਿੱਖ-ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ, ਜਿਸ ਉਤੇ ਸਿੱਖਾਂ ਦਾ ਭਵਿੱਖ ਨਿਰਭਰ ਕਰਦਾ ਹੈ, ਦੀਆਂ ਚਾਬੀਆਂ ਪਿਛਲੇ ਬਾਈ ਵਰ੍ਹਿਆਂ ਤੋਂ ਬੜੀ ਸ਼ੈਤਾਨੀ ਨਾਲ ਪ੍ਰਾਇਮਰੀ - ਸਕੂਲ ਮੁਹਰਦੀ ਮਸੀਂ ਲੰਘੇ ਕਾਮਰੇਡ ਪਿਛੋਕੜ ਵਾਲੇ ਇਕ ਸਾਬਕਾ ਚੰਡ-ਕੁੱਟ ਗੁਰਚਰਨ ਸਿੰਘ ਟੌਹੜੇ ਨੇ ਆਪਣੀ ਅੰਦਰਲੀ ਜੇਬ ਵਿਚ ਪਾਈਆਂ ਹੋਈਆਂ ਹਨ, ਜੋ ਸਿੱਖਾਂ ਦੀ ਇਸ ਸਰਬੋਤਮ ਧਾਰਮਿਕ-ਸੰਸਥਾ ਨੂੰ ਆਪਣੇ ਕਾਮਰੇਡ-ਸਲਾਹਕਾਰਾਂ ਦੀਆਂ ਸਲਾਹਾਂ ਨਾਲ ਚਲਾ ਕੇ ਇਸ 'ਚ ਵੱਧ ਤੋਂ ਵੱਧ ਨਿੱਘਰੇ-ਨਾਸਤਿਕ ਤੇ ਆਪਣੇ ਚਾਪਲੂਸ ਭਰਤੀ ਕਰਕੇ ਇਸਦਾ ਭੱਠਾ ਬਿਠਾਉਂਦਾ ਹੈ ਤੇ 26 ਮਈ, 84 ਨੂੰ ਉਸ ਸਮੇਂ ਦੇ ਗਵਰਨਰ ਪੰਜਾਬ ਪਾਂਡੇ ਨੂੰ ਚੰਡੀਗੜ੍ਹ ਮੁਲਾਕਾਤ ਕਰ ਕੇ ਹਮਲੇ ਦੀ ਦ੍ਰਾਅਵਤ ਦੇ ਕੇ ਸੰਤ ਜਰਨੈਲ ਸਿੰਘ ਅਤੇ ਹਜ਼ਾਰਾਂ ਮਾਸੂਮ ਸਿੱਖ-ਯਾਤਰੀਆਂ ਨੂੰ ਸ਼ਹੀਦ ਕਰਵਾ ਕੇ ਸਰਕਾਰੀ-ਹਿਫਾਜ਼ਤ ਵਿਚ ਅੰਦਰ ਜਾ ਤੇ ਫਿਰ ਸਰਕਾਰੀ-ਸਰਪ੍ਰਸਤੀ ਦੁਆਰਾ ਬਾਹਰ ਆ ਸ਼੍ਰੋ: ਕਮੇਟੀ ਦੀ ਪ੍ਰਧਾਨਗੀ ਸਾਂਭ ਫਿਰ ਅੰਦਰ ਪਹੁੰਚਦਾ ਹੈ ਅਤੇ ਕੌਮ ਨੂੰ ਬਲਦੀ ਦੇ ਬੂਥੇ ਦੇ ਕੇ ਖਾੜਕੂਆਂ ਦਾ ਸਦਾ ਵਿਰੋਧ ਕਰਦਾ ਹੈ। ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਸਿਆਸੀ-ਹਵਸ ਲਈ ਮੁਹਰਾ ਬਣਾ ਕੇ ਵਰਤਦਾ ਹੈ ਤੇ ਪ੍ਰੈਸ ਵਿਚ ਅਨੇਕ ਵਾਰ ਸ਼੍ਰੋਮਣੀ ਕਮੇਟੀ ਦੀ ਅਗਲੀ ਚੋਣ 'ਚ ਨਾ ਖੜਨ ਦੇ ਬਿਆਨ ਦੇ ਕੇ ਹੁਣ ਜ਼ੀ. ਟੀ. ਵੀ. ਵਿਚ 'ਧਰਮਰਾਜ ਦਾ ਸੱਦਾ ਆਉਂਣ' ਤੱਕ ਪ੍ਰਧਾਨ ਰਹਿਣ ਦੀ ਸਿੱਖਾਂ ਨੂੰ ਸ਼ਰੇਆਮ ਧੌਂਸ ਦਿੰਦਾ ਹੈ ਇਸਦਾ ਸਪੱਸ਼ਟ ਅਰਥ ਹੈ ਕਿ ਦਿੱਲੀ ਨਾਲ ਉਸਦਾ ਨੰਗਾ-ਚਿੱਟਾ ਗਾਂਢਾ-ਸਾਂਢਾ ਹੈ। ਕਿਥੇ ਨਵਾਬ ਕਪੂਰ ਸਿੰਘ ਜਿਹੇ ਸੁੱਚੇ ਸਿੱਖ-ਲੀਡਰ ਜੋ ਬਿਗਾਨਿਆਂ ਤੋਂ ਆਈਆਂ ਨਵਾਬੀਆਂ ਨੂੰ ਵੀ ਜੁੱਤੀ ਦੀ ਨੋਕ ਤੋਂ ਵਾਰ ਕੇ ਪੰਥ ਦੀ ਸੇਵਾ ਨੂੰ ਪਹਿਲ ਦੇਣ ਤੇ ਕਿਥੇ ਇਸ ਜੱਫੇਮਾਰ ਟੌਹੜੇ ਵਰਗੇ ਨਿੱਘਰੇ-ਲੀਡਰ ਜੋ ਬਿਗਾਨਿਆਂ ਦੀਆਂ ਜੁੱਤੀਆਂ ਚੱਟਕੇ ਵੀ ਪ੍ਰਧਾਨ ਬਣੇ ਰਹਿਣ ਲਈ ਲਿਲਕੜੀਆਂ ਲੈਣ !

ਮੈਂ ਕੁਝ ਦੂਰੇ ਪਹਿਲੋਂ ਵੀ ਖਾਲਿਸਤਾਨੀ ਧਿਰਾਂ ਨੂੰ ਕਈ ਵਾਰ ਕਿਹਾ ਸੀ ਕਿ ਗੱਦਾਰ ਟੌਹੜੇ ਦੀ ਸਾਜ਼-ਬਾਜ਼ ਕਾਰਨ ਕੇਂਦਰ ਨਿਕਟ-ਭਵਿੱਖ 'ਚ ਸ਼੍ਰੋਮਣੀ ਕਮੇਟੀ ਦੀ ਚੋਣ ਕਦੇ ਨਹੀਂ ਕਰਵਾਏਗਾ। ਇਸ ਲਈ ਪਹਿਲਾ ਕਦਮ ਇਹ ਪੁੱਟਿਆ ਜਾਵੇ ਕਿ ਹਰ ਸਾਲ ਸ਼੍ਰੋਮਣੀ ਕਮੇਟੀ ਦੇ ਸਾਲਾਨਾ-ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਤਾਂ ਚੁਣੇ ਹੀ ਜਾਂਦੇ ਹਨ, ਸੋ ਇਹ ਧਿਰਾਂ ਇਸ ਸਥਿਤੀ 'ਚ ਫਿਲਹਾਲ ਇਹ ਕੰਮ ਕਰਨ ਕਿ ਸਾਲਾਨਾ ਚੋਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਹਰ ਹਲਕੇ ਦੇ ਮੈਂਬਰ ਪਾਸ ਜਾ ਕੇ ਉਸਨੂੰ ਟੌਹੜੇ ਦੇ ਵਿਰੁਧ ਕਿਸੇ ਉਸ ਪੰਥਕ ਮੈਂਬਰ ਨੂੰ ਵੋਟ ਪਾਉਂਣ ਲਈ ਕਹਿਣ ਜਿਸਦਾ ਫੈਸਲਾ ਉਹਨਾਂ ਪਹਿਲੋਂ ਕੀਤਾ ਹੋਵੇ। ਮੁਲ-ਮੁੱਦਾ ਅਜਿਹੀ ਪ੍ਰਸਥਿਤੀ ਵਿਚ ਇਸ ਸ਼੍ਰੋਮਣੀ ਧਾਰਮਿਕ ਸਿੱਖ-ਸੰਸਥਾ ਵਿਚੋਂ ਟੌਹੜੇ ਵਰਗੇ ਸਿਆਸੀ-ਬਦਮਾਸ਼ ਨੂੰ ਖੁਦੇੜਨਾ ਤੇ ਉਸਦੇ ਕਬਜ਼ੇ ਨੂੰ ਤੋੜਨਾ ਹੋਵੇ।

ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਲਈ ਮੀਰੀ-ਪੀਰੀ ਦਾ ਮੁਜੱਸਮਾ ਅਤੇ ਧਰਮ ਤੇ ਸਿਆਸਤ ਦਾ ਸੰਗਮ-ਸੁਮੇਲ ਹੈ ਪਰ ਇਸ ਪਵਿੱਤਰ ਸਿੱਖ-ਸੰਸਥਾ ਦਾ ਸਿਆਸੀ-ਸੁਆਰਥ ਲਈ ਜੋ ਦੂਰ-ਉਪਯੋਗ ਟੌਹੜਾ-ਜੁੰਡਲੀ ਵਲੋਂ ਕੀਤਾ ਗਿਆ ਹੈ ਅਜਿਹਾ ਪਹਿਲੋਂ ਕਦੇ ਵੀ ਨਹੀਂ ਸੀ ਹੋਇਆ। ਅੱਜ ਟੌਹੜੇ ਵਲੋਂ ਕੇਂਦਰ ਨਾਲ ਕੁੰਢੀਆਂ ਮੇਲਣ ਲਈ ਅਕਾਲ ਤਖਤ ਦੇ ਜਥੇਦਾਰ ਰਾਹੀਂ ਸਿੱਖ-ਧਰਮ ਵਿਰੋਧੀ ਸੰਗੀਨ-ਗਲਤੀਆਂ ਕਰਨ ਵਾਲੇ ਜ਼ੈਲ ਸਿੰਘ, ਬੂਟਾ ਸਿੰਘ ਤੇ ਸੁਰਜੀਤ ਸਿੰਘ ਬਰਨਾਲਾ ਵਰਗੇ ਵਿਅਕਤੀਆਂ ਨੂੰ ਮੁਆਫ ਕਰਵਾਇਆ ਜਾਂਦਾ ਹੈ। ਅਕਾਲੀ-ਏਕਤਾ ਦੇ ਨਾਂ ਥੱਲੇ ਸ: ਸਿਮਰਨਜੀਤ ਸਿੰਘ ਮਾਨ ਵਰਗੇ ਸੁਹਿਰਦ-ਨੇਤਾ ਦਾ ਅਸਤੀਫਾ ਲਿਆ ਜਾਂਦਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਵਰਗੇ ਸਰਮਾਏਦਾਰ ਦੀ ਨਾਬਰੀ ਨੂੰ ਨਜ਼ਰ-ਅੰਦਾਜ਼ ਕਰਕੇ ਉਸ ਲਈ ਵਤੀਰਾ ਨਰਮ ਰੱਖਿਆ ਜਾਂਦਾ ਹੈ। ਇਸ ਸਮੇਂ ਜਦ ਕੌਮ ਦੀ ਰਾਹਨੁਮਾਈ ਲਈ ਪੰਥ ਨੂੰ ਅਕਾਲੀ ਫੂਲਾ ਸਿੰਘ ਵਰਗੇ ਕਿਸੇ ਫੌਲਾਦੀ ਜਥੇਦਾਰ ਦੀ ਜ਼ਰੂਰਤ ਹੋਵੇ ਤੇ ਇਸ ਥਾਂਵੇਂ ਟੌਹੜੇ ਵਰਗੇ ਗੱਦਾਰ ਕਿਸੇ 'ਮੋਮ ਦੇ ਨੱਕ' ਨੂੰ ਆਪਣੇ ਸੁਆਰਥ ਖਾਤਰ ਮੋੜਨ ਲਈ ਪੰਥ ਦੀ ਇਸ ਸਰਵੁੱਚ ਪਦਵੀ ਉਤੇ ਤਾਇਨਾਤ ਕਰਕੇ ਆਪਣੇ ਸਿਆਸੀ ਹਿਤ ਲਈ ਵਰਤੀ ਜਾਣ, ਜੋ ਸ੍ਰੀ ਅਕਾਲ ਤਖਤ ਉਤੇ 'ਅੰਮ੍ਰਿਤਸਰ-ਐਲਾਨਨਾਮੇ' ਦਾ ਪੂਣ ਕਰਵਾ ਕੇ ਉਸਤੋਂ ਮੁਨਕਰ ਹੋ ਕੇ ਆਪੂੰ ਹੀ ਉਸਤੋਂ ਭੱਜ ਜਾਵੇ ਅਤੇ ਜ਼ੁਲਮ ਦੀ ਇਸ ਕਾਲੀ-ਬੋਲੀ ਰਾਤ ਵਿਚ ਪੰਥ ਦਾ 'ਪ੍ਰਚੰਡ ਖੰਡਾ' ਬਣ ਕੇ ਹਨੇਰਿਆਂ 'ਚੋਂ ਵਾਢ ਕਰਦਿਆਂ ਕੌਮ ਦੀ ਅਗਵਾਈ ਕਰਨ ਦੀ ਥਾਂਵੇਂ ਕੁਣਕੇ-

ਕੁਰਸੀ ਦੇ ਯਾਰ ਇਹਨਾਂ ਸੁਆਰਥੀ ਅਕਾਲੀ-ਲੀਡਰਾਂ ਦੇ ਹੱਥਾਂ ਵਿਚ 'ਖੰਡ ਦਾ ਖੇਡਣਾ' ਬਣ ਕੇ ਹੀ ਰਹਿ ਜਾਵੇ ਤਾਂ ਸਮਾਂ ਆਣ ਢੁੱਕਾ ਹੈ ਕਿ ਖਾਲਿਸਤਾਨ ਦੇ ਸੁਪਨੇ ਨੂੰ ਸਾਕਾਰ ਤੇ ਸੰਭਵ ਕਰਨ ਲਈ ਹੁਣ ਸਿੱਖ ਉਠਣ ਤੇ ਉਠ ਕੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਉਲੱਦਣ ਅਥਵਾ ਬਦਲਣ ਲਈ ਇਕ ਜ਼ੋਰਦਾਰ ਹੰਭਲਾ ਮਾਰਨ ਜਿਸਤੋਂ ਮਗਰੋਂ ਪਹਿਲਾ ਕੰਮ ਸ੍ਰੀ ਅਕਾਲ ਤਖਤ ਦੇ ਜੱਥੇਦਾਰ ਦੀ ਪੁਜੀਸ਼ਨ ਉਤੇ ਕਿਸੇ ਅਜਿਹੇ ਸਤਿਵਾਦੀ, ਦਲੇਰ ਅਤੇ ਜਥੇ-ਜਿਗਰੇ ਵਾਲੇ ਧੜੱਲੇਦਾਰ ਮਨੁੱਖ ਨੂੰ ਨਿਯੁਕਤ ਕਰਨਾ ਹੋਵੇ ਜੋ ਸਿੱਖ-ਆਜ਼ਾਦੀ ਦਾ ਅੰਦਰਖਾਤੇ ਅਸਿੱਧੇ ਤੌਰ ਉਤੇ ਵਿਰੋਧ ਨਾ ਕਰੇ ਸਗੋਂ ਅਕਾਲੀ ਫੂਲਾ ਸਿੰਘ ਵਾਂਗ ਸਿੱਖ-ਹਿਤਾਂ ਅਥਵਾ ਖਾਲਸਾ-ਰਾਜ ਦੀ ਸਥਾਪਤੀ ਲਈ ਸਿੱਖ-ਸੰਘਰਸ਼ ਦੀਆਂ ਮੁਹਿੰਮਾਂ ਦਾ ਮੋਹਰੀ-ਮੁਹਰੈਲ ਬਣ ਕੇ ਕੌਮ ਦੀ ਅਗਵਾਈ ਕਰੇ!

ਸ਼੍ਰੋਮਣੀ ਅਕਾਲੀ ਦਲ ਨਿਰਸੰਦੇਹ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਰਹੀ ਹੈ ਜਿਸ ਨੇ ਵਿਸ਼ੇਸ਼ਕਰ ਆਪਣੇ ਪਹਿਲੇ ਪੌਣੀ ਸਾਲਾਂ ਵਿਚ ਵਰਨਣ-ਯੋਗ ਪ੍ਰਾਪਤੀਆਂ ਕੀਤੀਆਂ ਹਨ ਤੇ ਮਗਰੋਂ ਪੰਜਾਬੀ ਸੂਬਾ (ਭਾਵੇਂ ਅਧੂਰਾ ਹੀ !) ਕੇਂਦਰ ਤੋਂ ਲਿਆ ਹੈ ਪਰ 1947 ਤੋਂ ਲੈ ਕੇ ਲਗਪਗ ਅੱਧੀ ਸਦੀ ਇਸਦੀ ਲੀਡਰਸ਼ਿਪ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਖੱਟਿਆ ਖਾ ਕੇ ਅਥਵਾ ਸਿੱਖ-ਸਿਰਾਂ ਦੇ ਸਹਾਰੇ ਇਕਤਦਾਰ ਭੋਗ ਕੇ ਸਿੱਖਾਂ ਨਾਲ ਜੁ ਗੱਦਾਰੀ ਕੀਤੀ ਹੈ ਇਸਦੀ ਕਹਾਣੀ ਖੂਨ ਦੇ ਅੱਖਰੂ ਚੋਣ ਵਾਲੀ ਹੈ। ਇਸ ਅਰਸੇ ਦੌਰਾਨ ਇਸ ਸੁਆਰਥੀ ਅਕਾਲੀ-ਲੀਡਰਸ਼ਿਪ ਨੇ ਸੁਹਿਰਦ ਸਿੱਖਾਂ ਨੂੰ ਬਾਰ-ਬਾਰ ਬੇਵਕੂਫ ਬਣਾ ਕੇ ਉਹਨਾਂ ਨਾਲ ਬੇਵਫਾਈ ਕੀਤੀ ਹੈ। ਅਰਦਾਸਾਂ ਕਰ ਕਰ, ਮੋਰਚੇ ਲਾ ਕੇ, ਮਰਨ ਵਰਤ ਰੱਖ ਕੇ, ਪ੍ਰਣ ਤੋੜ ਕੇ ਸਿੱਖ-ਸਿਧਾਂਤਾਂ ਦੀ ਬੇਹੁਰਮਤੀ ਕੀਤੀ ਹੈ। ਕੁਲ ਜਿਸ ਕਦਰ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਲਈ ਬਾਦਲ ਆਪਣੇ ਲਸ਼ਕਰ ਸਮੇਤ ਸ੍ਰੀ ਅਕਾਲ ਤਖਤ ਤੇ 'ਹਾਜ਼ਰ' ਹੁੰਦਾ ਹੈ ਤੇ ਆਪਣੇ ਭਤੀਜੇ ਮਨਪ੍ਰੀਤ ਸਿੰਘ ਦੀ ਗਿੱਦੜਬਾਹਾ ਚੋਣ ਮਗਰੋਂ ਪ੍ਰਵਾਰ-ਸਮੇਤ ਦੁਰਗਿਆਣਾ ਮੰਦਰ ਮੱਥਾ ਟੇਕਣ ਜਾਂਦਾ ਹੈ, ਇਹ ਸੁਆਰਥੀ ਅਕਾਲੀ-ਲੀਡਰਾਂ ਵਲੋਂ ਕੁਰਸੀ ਪੱਕੀ ਕਰਨ ਲਈ ਸਿੱਖੀ-ਸਿਧਾਂਤਾਂ ਦੀਆਂ ਧਜੀਆਂ ਉਡਾਉਣ ਦੀਆਂ ਨੰਗੀਆਂ ਚਿੱਟੀਆਂ ਉਦਾਹਰਣਾਂ ਹਨ।

ਪਿੱਛੇ, ਸੁਹਿਰਦ ਸਿਮਰਨਜੀਤ ਸਿੰਘ ਮਾਨ ਨੇ ਜਥੇਦਾਰ ਅਕਾਲ ਤਖਤ ਦੇ ਅਕਾਲੀ-ਏਕਤਾ ਏਕਤਾ ਦੇ ਸੱਦੇ ਉਤੇ ਆਪਣੇ ਦਲ ਦੀ ਪ੍ਰਧਾਨਗੀ ਤੋਂ ਤੁਰੰਤ ਅਸਤੀਫਾ ਦਿੱਤਾ ਤੇ ਇਸੇ ਸਬੰਧ ਵਿਚ ਅਕਾਲ ਤਖਤ ਸਾਹਿਬ ਵਲੋਂ ਲਾਈ ਗਈ ਸੇਵਾ ਵੀ ਦੂਸਰੇ ਲੀਡਰਾਂ ਦੇ ਮੁਕਾਬਲੇ ਪੂਰੀ ਤਰਾਂ ਨਿਭਾਈ ਪਰ ਜਿਸ ਕਦਰ ਮਗਰੋਂ ਸ: ਮਾਨ ਅਨੁਸਾਰ ਕੇਂਦਰ ਨਾਲ ਮਿਲੀ-ਭੁਗਤ ਨਾਲ ਉਹਨਾਂ ਨੂੰ ਅੰਦਰ ਕਰਵਾ ਕੇ 'ਅੰਮ੍ਰਿਤਸਰ-ਐਲਾਨਨਾਮੇ' ਨੂੰ ਦਫਨ ਕਰਕੇ ਅਤੇ ਆਪਸੀ ਏਕਤਾ ਕਰਕੇ ਸ: ਮਾਨ ਨੂੰ ਇਸ ਚੋਂ ਬਾਹਰ ਰੱਖਿਆ ਗਿਆ ਇਸ ਤੋਂ ਸਾਫ ਜ਼ਾਹਰ ਹੈ ਕਿ ਬਾਦਲ ਅਤੇ ਟੌਹੜੇ ਦੀ ਕੁਮਵਾਰ ਭਾਜਪਾ ਤੇ ਕਾਂਗਰਸ ਨਾਲ ਤਾਂ ਮਿੱਤਰਤਾ ਹੈ ਪਰ ਸਿੱਖ-ਰਾਜ ਦੇ ਹਮਾਇਤੀ ਤੇ ਸੁਹਿਰਦ-ਸਿੱਖ ਅਥਵਾ ਮਾਨ ਨਾਲ ਦਿਲੋਂ ਦੁਸ਼ਮਣੀ !

ਬੇਈਮਾਨ ਅਕਾਲੀਆਂ ਦਾ ਈਮਾਨਦਾਰ ਅਕਾਲੀ ਬਦਲ ।

ਜਦੋਂ ਵੀ ਸੁਆਰਥੀ ਅਕਾਲੀ-ਲੀਡਰਸ਼ਿਪ ਨੂੰ ਲਾਹੁਣ ਦੀ ਗੱਲ ਚਲਦੀ ਹੈ ਤਾਂ ਪੰਥਕ-ਸੋਚ ਵਾਲੇ ਸੁਹਿਰਦ ਤੇ ਸੂਝਵਾਨ ਸਿੱਖਾਂ ਦਾ ਅਕਸਰ ਪ੍ਰਸ਼ਨ ਹੁੰਦਾ ਕਿ ਜਦੋਂ ਉਹਨਾਂ ਕੋਲ ਅਕਾਲੀ ਦਲ ਦਾ ਬਦਲ ਹੀ ਕੋਈ ਨਹੀਂ ਤਾਂ ਅਕਾਲੀਆਂ ਤੋਂ ਬਿਨਾਂ ਉਹ ਹੋਰ ਕਿਸ ਨੂੰ ਵੋਟ ਪਾਉਣ ? ਸਿੱਖ ਅਥਵਾ ਪੰਜਾਬ-ਵਿਰੋਧੀ ਕਾਂਗਰਸ ਨੂੰ ਅਜਿਹੇ ਸਿੱਖ ਦਿਲੋਂ ਚਾਹੁੰਦੇ ਹੀ ਨਹੀਂ। ਅਕਾਲੀ-ਲੀਡਰਸ਼ਿਪ ਤੋਂ ਬਿਨਾ ਕਿਸੇ ਹੋਰਸ ਮਗਰ ਨਾ ਲੱਗਣਾ ਉਹਨਾਂ ਦੀ ਬੜੀ ਸੋਹਣੀ-ਸੁਲਝੀ ਸੋਚ ਹੈ ਪਰ ਅੱਜ ਉਹਨਾਂ ਦਾ ਸੁਭਾਗ ਹੈ ਕਿ ਉਹਨਾਂ ਕੋਲ ਬੇਈਮਾਨ ਅਕਾਲੀ-ਲੀਡਰਸ਼ਿਪ ਦਾ ਈਮਾਨਦਾਰ ਬਦਲ ਸ: ਸਿਮਰਨਜੀਤ ਸਿੰਘ ਦੇ ਰੂਪ ਵਿਚ ਮੌਜੂਦ ਹੈ।

ਸਿੱਖਾਂ ਦਾ ਦੁਖਾਂਤ ਹੈ ਕਿ ਉਹ ਜਿਉਂਦੇ-ਜੀਅ ਕਿਸੇ ਦੀ ਕਦਰ ਨਹੀਂ ਪਾਉਂਦੇ ਤੇ ਮਰ-ਤੁਰ ਗਿਆਂ ਲਈ ਮਗਰੋਂ ਅੱਥਰੂ ਕੇਰਦੇ ਹਨ ! ਵਰਤਮਾਨ ਸਮਿਆਂ ਵਿਚ ਹੀ ਸ: ਕਪੂਰ ਸਿੰਘ ਵਰਗੇ ਧੁਰੰਧਰ ਵਿੱਦਵਾਨ ਜਿਹਨਾਂ ਨੂੰ ਉਹਨਾਂ ਦੀ ਪੰਥਕ-ਸੋਚਣੀ ਕਰਕੇ ਦਿੱਲੀ ਨੇ ਡੀ. ਸੀ. ਦੇ ਅਹੁਦੇ ਤੋਂ ਲਾਹ ਕੇ ਖੱਜਲ ਕੀਤਾ, ਸਿੱਖਾਂ ਦੀ ਆਪਣੀ ਲੀਡਰਸ਼ਿਪ ਨੇ ਉਹਨਾਂ ਦੀ ਯੋਗਤਾ ਨੂੰ ਵਰਤਣ ਦੀ ਬਜਾਏ

ਉਹਨਾਂ ਨੂੰ ਈਰਖਾ-ਵਸ ਉਭਰਨ ਨਾ ਦਿੱਤਾ ਤੇ ਰੋਲ-ਰੋਲ ਕੇ ਮਾਰਿਆ ! ਸੰਤ ਜਰਨੈਲ ਸਿੰਘ ਵਰਗੇ ਯੁਗ-ਪੁਰਸ਼ ਨੂੰ ਫੌਜੀ ਕਨਵੈਨਸ਼ਨ ਦੇ ਸੁਝਾਅ ਅਨੁਸਾਰ ਸ੍ਰੀ ਅਕਾਲ ਤਖਤ ਦਾ ਜੱਥੇਦਾਰ ਥਾਪਣਾ ਤਾਂ ਇਕ ਪਾਸੇ ਰਿਹਾ ਟੌਹੜਾ-ਜੁੰਡਲੀ ਨੇ ਉਹਨਾਂ ਨੂੰ ਆਪਣੇ ਰਾਹ ਦਾ ਰੋੜਾ ਸਮਝ ਦਿੱਲੀ ਨੂੰ ਦਾਅਵਤ ਦੇ ਕੇ ਸ਼ਹੀਦ ਕਰਵਾ ਦਿੱਤਾ। ਸਰਦਾਰ ਗੁਰਦੇਵ ਸਿੰਘ ਕਾਉਂਕੇ ਵਰਗੇ ਸਿਦਕੀ-ਸਿੰਘ ਨੂੰ ਸ੍ਰੀ ਅਕਾਲ ਤਖਤ ਦੀ ਖਾਲੀ ਪਈ ਸੀਟ ਉਤੇ ਸੁਸ਼ੋਭਿਤ ਕਰਨ ਨਾਲੋਂ ਸ਼ਹੀਦ ਕਰਵਾ ਦੇਣਾ ਹੀ ਬਿਹਤਰ ਸਮਝਿਆ ਗਿਆ। ਅੱਜ ਖਾਲਿਸਤਾਨ ਦੀ ਪ੍ਰਾਪਤੀ ਲਈ ਸਿੱਖਾਂ ਕੋਲ ਇੱਕੋ-ਇਕ ਲੀਡਰ ਹੈ ਸ: ਸਿਮਰਨਜੀਤ ਸਿੰਘ ਮਾਨ, ਜੋ ਅਜੇ ਜ਼ਿੰਦਾ ਹੈ ! ਜਿਸ ਪੱਲੇ ਦਿੱਲੀ ਦੇ ਪਾਲਤੂ ਅਤੇ ਪੰਥ ਦੇ ਇਹਨਾਂ ਫਾਲਤੂ ਜਿਹੇ ਅਖੌਤੀ, ਲੀਡਰਾਂ ਮੁਕਾਬਲੇ ਕੁਰਬਾਨੀ ਹੈ, ਸੁਹਿਰਦਤਾ-ਦਿਆਨਤਦਾਰੀ ਤੇ ਵਿੱਦਿਆ ਹੈ ! ਅੰਤਰਰਾਸ਼ਟਰੀ ਪੱਧਰ ਉਤੇ ਗੱਲ ਕਰਨ ਦੀ ਅਕਲ ਹੈ। ਪਰ ਜੇ ਇਹ ਬੇਈਮਾਨ ਢਾਣੀ ਅੱਜ ਸ਼੍ਰੋਮਣੀ ਅਕਾਲੀ ਦਲ ਤੇ ਕਬਜ਼ਾ ਕਰਨ ਹਿਤ ਸ: ਮਾਨ ਨੂੰ ਦਲ 'ਚੋਂ ਬਾਹਰ ਰਖਦੀ ਹੈ ਤਾਂ ਖਾਲਿਸਤਾਨੀ ਧਿਰਾਂ ਨੂੰ, ਸਿੱਖਾਂ ਨੂੰ ਜਗਾ ਕੇ ਅਤੇ ਵਿਸ਼ਵਾਸ-ਭਰੋਸੇ ਵਿਚ ਲੈਂਦਿਆਂ ਉਹਨਾਂ ਦੇ ਸਹਿਯੋਗ ਨਾਲ ਇਹਨਾਂ ਸੁਆਰਥੀ-ਲੀਡਰਾਂ ਨੂੰ ਸਿੱਖ-ਸੰਸਥਾਵਾਂ ਤੋਂ ਲਾਹ ਕੇ ਪੰਥ ਦੀ ਵਾਗ-ਡੋਰ ਤੁਰੰਤ ਸ: ਮਾਨ ਦੇ ਹੱਥਾਂ ਵਿਚ ਸੌਂਪਣੀ ਚਾਹੀਦੀ ਹੈ।

ਖਾਲਿਸਤਾਨ ਦੀ ਪ੍ਰਾਪਤੀ ਵਿਚ ਸਭ ਤੋਂ ਵੱਡਾ ਅਹੁਟਾ, ਅੜਿੱਕਾ ਜਾਂ ਅਟਕਾਰ ਅੱਜ ਸਿੱਖਾਂ ਦੀ ਆਪਣੀ ਹੀ ਵਰਤਮਾਨ ਰਵਾਇਤੀ-ਲੀਡਰਸ਼ਿਪ ਹੈ। ਸਿੱਖ ਆਪਣੀ ਇਸ ਮੰਜ਼ਿਲ ਵੱਲ ਤੇਜ਼ੀ ਨਾਲ ਵਧ ਸਕਦੇ ਹਨ ਜੇ ਉਹ ਦਿੱਲੀ ਨਾਲ ਅੰਦਰਖਾਤੇ ਜੁੜੀ ਕਮਜ਼ੋਰ ਸੁਆਰਥੀ ਤੇ ਜਰਜਰੀ-ਲੀਡਰਸ਼ਿਪ ਦੇ ਇਸ ਪੁਲ ਨੂੰ ਤਾਰ-ਤਾਰ ਕਰਕੇ ਤੋੜ ਦੇਣ ਅਤੇ ਸ: ਮਾਨ ਦੀ ਦਿਆਨਤਦਾਰ ਤੇ ਦਲੇਰ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਲਾਮ-ਬੰਦ ਹੋ ਜਾਣ ਤੇ ਉਹ ਸ: ਮਾਨ ਦੀ ਖਾਲਿਸਤਾਨ ਲਈ ਦ੍ਰਿੜ੍ਹਤਾ ਨਾਲ ਲੜਦੇ ਰਹਿਣ ਤੱਕ ਮੱਦਦ ਕਰਨ।

ਨਵੀਂ ਲੀਡਰਸ਼ਿਪ ਦੀ ਸਥਾਪਤੀ ਤੇ ਮਜ਼ਬੂਤੀ

ਆਪਣਾ ਦੇਸ਼ ਸਿਰਜਣ ਦੀ ਭਾਵਨਾ ਰੱਖਣ ਵਾਲੀਆਂ ਧਿਰਾਂ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਉਹ ਬਿਨਾ ਕਿਸੇ ਦੇਰ ਜਾਂ ਅੰਧੇਰ ਪੈਣ ਦੇ ਧੜਾ-ਧੜ ਤੁਰੰਤ ਸ: ਮਾਨ ਦੀ ਹਮਾਇਤ ਦਾ ਐਲਾਨ ਕਰਨ। ਸਮਾਂ ਮੰਗ ਕਰਦਾ ਹੈ ਏਨਾ ਕੁਝ ਵਾਪਰਨ ਉਪਰੰਤ ਅਜੇ ਵੀ ਸੋਚਦੇ-ਵਿਚਾਰਦੇ ਸੁਹਿਰਦ ਅਕਾਲੀ ਵਰਕਰ ਸੁਆਰਥੀ ਅਕਾਲੀ-ਲੀਡਰਸ਼ਿਪ ਨੂੰ 'ਅਲਵਿਦਾ' ਆਖ ਵੇਲੇ ਨੂੰ ਵਿਚਾਰਦੇ ਹੋਏ ਪੰਥ ਦੇ ਭਲੇ ਲਈ, ਨਿੱਕੇ-ਨਿੱਕੇ ਸੁਆਰਥਾਂ ਨੂੰ ਤਿਆਗਦੇ ਹੋਏ ਸ: ਮਾਨ ਨਾਲ ਖੁੜਨ ਦਾ ਹੌਂਸਲਾ ਕਰਨ।

ਸ: ਮਾਨ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਪਹਿਲਾ ਕਦਮ ਸਿੱਖਾਂ ਤੇ ਖਾਸਕਰ ਵਿਦੇਸ਼ੀ ਸਿੱਖਾਂ ਵਲੋਂ ਉਹਨਾਂ ਦੀ ਵੱਧ ਤੋਂ ਵਿਸ਼ੇਸ਼ਕਰ ਆਉਂਦੇ ਕੁਝ ਸਮੇਂ ਲਈ ਲਗਾਤਾਰ ਹਰ ਸੰਭਵ ਮਾਇਕ-ਸਹਾਇਤਾ ਕਰਨਾ ਹੈ। ਮੈਂ ਪਹਿਲੋਂ ਵੀ ਕਦੇ ਲਿਖਿਆ ਸੀ ਕਿ ਸ: ਮਾਨ ਕੋਲ ਨਾ ਤਾਂ ਟੌਹੜੇ ਵਾਂਗ ਬੇਖੌਫ ਤੇ ਬੇਕਿਰਕ ਹੋ ਕੇ ਆਪਣੀ ਲੀਡਰੀ ਪੱਕੀ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਖਜ਼ਾਨਾ ਹੈ ਤੇ ਨਾ ਬਾਦਲ ਵਾਂਗ ਅੰਨੀ ਜ਼ਮੀਨ-ਜਾਇਦਾਦ। ਜੇ ਮਾਨ ਨੇ ਸਿੱਖ-ਹੱਕਾਂ ਉਤੇ ਪਹਿਰਾ ਦੇਣ ਲਈ ਸਿੱਖ-ਖਿੱਤੇ ਉਤੇ 'ਗੁਰੂ ਕਾ ਬਾਜ਼' ਬਣ ਕੇ ਉਡਣਾ ਹੈ ਤਾਂ ਉਸਨੇ ਸਿੱਖਾਂ ਦੇ ਆਪਣੇ ਚੋਗੇ ਚੋਂ ਕੱਢੇ ਦਾਣਿਆਂ ਦੇ ਸਹਾਰੇ ਹੀ ਉਡਣਾ ਹੈ ਤੇ ਇਹ ਜ਼ਿਮੇਵਾਰੀ ਅੱਜ ਵਿਸ਼ੇਸ਼ਕਰ ਵਿਦੇਸ਼ੀ-ਸਿੱਖਾਂ ਉਤੇ ਪੈਂਦੀ ਹੈ ਕਿ ਉਹ ਸਿੱਖ-ਜਦੋਂ ਜਹਿਦ ਨੂੰ ਅੱਗੇ ਤੋਰਨ ਲਈ ਸ: ਮਾਨ ਦੀ ਤਨੋਂ, ਮਨੋਂ ਤੇ ਧਨੋਂ ਮਦਦ ਕਰਨ।

ਲੀਡਰਸ਼ਿਪ ਦੇ ਮਸਲੇ ਉਤੇ ਸਿੱਖਾਂ ਸਾਹਵੇਂ ਸਪੱਸ਼ਟ ਨਿਤਾਰਾ ਕਰਨ ਤੇ ਸਿੱਖ-ਸ਼ਕਤੀ ਨੂੰ ਸੰਗਠਿਤ ਕਰਕੇ ਅਖੌਤੀ ਅਕਾਲੀ-ਲੀਡਰਸ਼ਿਪ ਦੇ ਚੁੰਗਲ 'ਚੋਂ ਕੱਢਣ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਸ: ਮਾਨ ਦੇਸ਼ ਅਤੇ ਵਿਦੇਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਅਥਵਾ ਨੁਮਾਇੰਦਿਆਂ ਦਾ ਤੁਰੰਤ ਐਲਾਨ ਕਰਨ ਤਾਂ ਕਿ ਖਾਲਿਸਤਾਨ-ਪੱਖੀ ਇਹ ਲੀਡਰਸ਼ਿਪ ਸਿੱਖਾਂ ਨੂੰ ਸ: ਮਾਨ ਦੀ ਕਮਾਨ ਥੱਲੇ ਲਾਮਬੰਦ ਕਰਨ ਲਈ ਸਰਗਰਮ ਹੋਵੇ ਤੇ ਸ: ਮਾਨ ਦੀ ਗੈਰ-ਮੌਜੂਦਗੀ ਅਥਵਾ ਹਿਰਾਸਤ ਆਦਿ 'ਚ ਜਾਣ ਦੀ ਸੂਰਤ 'ਚ ਸਿੱਖ-ਜੱਦੋਜਹਿਦ ਨੂੰ ਅੱਗੇ ਤੋਰ ਸਕੇ।

ਸ਼ਕਤੀਸ਼ਾਲੀ ਸ਼ਾਂਤਮਈ ਲੋਕ-ਲਹਿਰ

ਪਿਛਲੇ ਦਹਾਕੇ ਵਿਚ ਖਾੜਕੂ-ਲਹਿਰ ਅਧੀਨ ਨੌਜਵਾਨਾਂ ਨੇ ਲਾਸਾਨੀ ਕੁਰਬਾਨੀਆਂ ਕਰਕੇ ਖਾਲਿਸਤਾਨ ਦੀ ਜੰਗ ਜਾਨਾਂ ਹੂਲ ਕੇ ਲੜੀ ਹੈ। ਕੌਮ ਦੀ ਕੀਮਤੀ ਜੁਆਨੀ ਕੁਰਬਾਨ ਕਰਵਾ ਕੇ ਇਸਦੀ ਵੱਟਤ ਤਸੱਲੀਬਖਸ਼ ਮੁਲੋਂ ਹੀ ਨਹੀਂ ਹੋ ਸਕੀ ਕਿਉਂਕਿ ਰੂਪੋਸ਼ ਰਹਿ ਕੇ ਜੁਝਦੇ ਜੁਝਾਰੂ ਇਕ ਮੁਹਾਜ਼ ਉਤੇ ਤਾਂ ਜਦੋਜਹਿਦ ਲਈ ਲੜਾਈ ਦੇ ਸਕਦੇ ਹਨ ਪਰ ਅਜੋਕੇ ਸਮੇਂ ਵਿਚ ਲੋਕ-ਸ਼ਕਤੀ ਦੇ ਸਹਿਯੋਗ ਬਿਨਾ ਅਜ਼ਾਦੀ ਦੀ ਲੜਾਈ ਨੂੰ ਜਿੱਤਿਆ ਨਹੀਂ ਜਾ ਸਕਦਾ। ਸਿੱਖ-ਜਦੋਜਹਿਦ ਦਾ ਵੱਡਾ ਘਾਟਾ ਪਿਛਲੇ ਦਹਾਕੇ ਵਿਚ ਇਹੀ ਰਿਹਾ ਹੈ ਕਿ ਭਾਵੇਂ ਖਾੜਕੂ ਖਾਲਿਸਤਾਨ ਲਈ ਸਿਰਾਂ ਤੇ ਕੱਫਣ ਬੰਨ ਕੇ ਲੜੇ ਹਨ ਪਰ ਇਕ ਪਾਸੇ ਤਾਂ ਸਰਕਾਰ ਨੇ ਸਾਜ਼ਿਸ਼ਾਂ ਨਾਲ ਖਾੜਕੂਆਂ ਦੇ ਅਕਸ ਨੂੰ ਲੋਕਾਂ ਵਿਚ ਵਿਗਾੜ ਕੇ ਉਹਨਾਂ ਨੂੰ ਲੋਕਾਂ ਤੋਂ ਅਲੱਗ-ਥਲੱਗ ਕੀਤਾ ਤੇ ਦੂਜੇ ਪਾਸੇ ਜਮਹੂਰੀ-ਮੁਹਾਜ਼ ਉਤੇ ਖਾੜਕੂਆਂ ਅਥਵਾ ਖਾਲਿਸਤਾਨ ਦੀ ਗੱਲ ਲੋਕਾਂ ਵਿਚ ਲਿਜਾਣ ਵਾਲੀ ਸਿੱਖਾਂ ਦੀ ਪ੍ਰਤੀਨਿਧ ਕਹਾਉਂਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਅਖੌਤੀ ਲੀਡਰਸ਼ਿਪ ਨੇ ਖਾਲਿਸਤਾਨ ਦਾ ਵਿਰੋਧ ਕਰਕੇ ਸਿੱਖ-ਜਦੋਜਹਿਦ ਨੂੰ ਮੁਕਾਉਣ ਲਈ ਦਿੱਲੀ ਦਾ ਸਾਥ ਦਿੱਤਾ ਹੈ। ਅੱਜ ਲੋੜ ਹੈ ਕਿ ਸ: ਮਾਨ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ -ਢਾਂਚਾ ਐਲਾਨਣ ਉਪਰੰਤ ਖਾਲਿਸਤਾਨ ਦੇ ਹੱਕ ਵਿਚ ਬਲਵਾਨ ਲੋਕ-ਲਹਿਰ ਪੈਦਾ ਕਰਕੇ ਇਕ ਸ਼ਕਤੀਸ਼ਾਲੀ ਸ਼ਾਂਤਮਈ-ਅੰਦੋਲਨ ਵਿੱਢਣ। ਇਸ ਵਿਚ ਸਾਰੇ ਵਰਗਾਂ ਤੇ ਵਿਸ਼ੇਸ਼ਕਰ ਸਿੱਖ-ਸਮਾਜ ਤੇ ਇਸਤੋਂ ਬਾਹਰਲੇ ਉਹਨਾਂ ਲੋਕਾਂ ਦਾ ਸਹਿਯੋਗ ਅਵੱਸ਼ ਪ੍ਰਾਪਤ ਕੀਤਾ ਜਾਵੇ ਜਿਹਨਾਂ ਨੂੰ 'ਹਰੀਜਨ' ਆਖ ਅੱਜ ਤੱਕ ਕਾਂਗਰਸ ਵਰਤਦੀ ਚਲੀ ਆ ਰਹੀ ਹੈ ਤੇ ਜੋ ਅਖੌਤੀ-ਅਕਾਲੀਆਂ ਦੀ ਬੇਰੁਖੀ ਕਾਰਨ ਪੰਜਾਬ ਵਿਚ ਬਸਪਾ ਵੱਲ ਆਕ੍ਰਸ਼ਿਤ ਹੋ ਰਹੇ ਹਨ। ਜੋ ਅੱਜ ਵੀ ਸਿੱਖ-ਧਰਮ ਵੱਲ ਰੁਚਿਤ ਹੋਏ ਡਾ: ਅੰਬੇਦਕਰ ਨੂੰ ਦੂਰ ਕਰਨ ਦੇ ਪੂਰਨਿਆਂ ਤੇ ਚਲਦੀ ਰਵਾਇਤੀ ਅਕਾਲੀ-ਲੀਡਰਸ਼ਿਪ ਦੀ ਅਣਗਹਿਲੀ ਕਾਰਨ ਬਸਪਾ ਤੇ ਕਾਂਗਰਸ ਵੱਲ ਅਹੁਲ ਰਹੇ ਹਨ। ਸ: ਮਾਨ ਨੂੰ ਚਾਹੀਦਾ ਹੈ ਕਿ ਉਹ ਘੱਟ-ਗਿਣਤੀਆਂ ਨੂੰ ਨਾਲ ਲੈਂਦਿਆਂ ਤੇ ਭਾਰਤ ਵਿਚ ਆਜ਼ਾਦੀ ਲਈ ਤਾਘਦੇ ਹੋਰ ਲੋਕਾਂ ਨਾਲ ਤਾਲ-ਮੇਲ ਰੱਖ ਕੇ ਪੰਜਾਬ ਦੀ ਆਜ਼ਾਦੀ ਲਈ ਇਕ ਜ਼ਬਰਦਸਤ ਪੁਰ-ਅਮਨ ਲੋਕ-ਲਹਿਰ ਚਲਾਉਣ ਤਾਂ ਕਿ ਕੇਂਦਰ ਸਿੱਖਾਂ ਸਿਰ ਹਿੰਸਾ ਦਾ ਦੋਸ਼ ਲਾ ਕੇ ਉਹਨਾਂ ਤੇ ਜ਼ੁਲਮ-ਤਸ਼ੱਦਦ ਨਾ ਕਰ ਸਕੇ ਸਗੋਂ ਇਸ ਸ਼ਾਂਤਮਈ-ਲਹਿਰ ਰਾਹੀਂ ਦਿੱਲੀ ਦੇ ਹਿੰਸਕ-ਚਿਹਰੇ ਨੂੰ ਦੁਨੀਆਂ ਵਿਚ ਬੇ-ਨਕਾਬ ਕਰ ਕੇ ਪੰਜਾਬ ਅਥਵਾ ਸਿੱਖ-ਆਜ਼ਾਦੀ ਦੀ ਮੰਜ਼ਿਲ-ਵੱਲ ਵਧਿਆ ਜਾ ਸਕੇ।

ਉਤਾਰ ਚੋਂ ਉਭਾਰ ਤੇ ਚੜ੍ਹਦੀ ਕਲਾ ।

ਨਿਰਸੰਦੇਹ ਇਤਨੀਆਂ ਕੁਰਬਾਨੀਆਂ ਅਤੇ ਕੌਮੀ-ਨੁਕਸਾਨ ਮਗਰੋਂ ਕੋਈ ਪ੍ਰਾਪਤੀ ਨਾ ਹੋਣ ਕਾਰਨ ਅੱਜ ਸਿੱਖ-ਸਫਾਂ ਵਿਚ ਨਿਰਾਸਤਾ, ਪ੍ਰੇਸ਼ਾਨੀ ਤੇ ਪਸ਼ੇਮਾਨੀ ਦਾ ਆਲਮ ਹੈ। ਖਾਲਸਾ-ਰਾਜ ਦੀ ਪ੍ਰਾਪਤੀ ਵੱਲ ਵਧਣ ਲਈ ਪਹਿਲੀ ਸ਼ਰਤ ਤੇ ਜ਼ਰੂਰਤ ਅੱਜ ਕੌਮ ਨੂੰ ਇਸ ਉਤਾਰ ਦੀ ਸਥਿਤੀ 'ਚੋਂ ਕੱਢ ਕੇ ਚੜ੍ਹਦੀ-ਕਲਾ 'ਚ ਕਰਨ ਦੀ ਹੈ। ਕਿਸੇ ਸ਼ਾਇਰ ਨੇ ਕੇਹਾ ਸੁਹਣਾ ਕਿਹਾ ਹੈ :-

"ਸ਼ਹੀਦ ਦੀ ਜੋ ਮੋਤ ਹੈ, ਵੁਹ ਕੌਮ ਕੀ ਹਯਾਤ ਹੈ ! "

ਸ਼ਹੀਦਾਂ ਦੀ ਮੌਤ ਕੌਮਾਂ ਦੀ ਜ਼ਿੰਦਗੀ ਹੋਇਆ ਕਰਦੀ ਹੈ। ਸਿੱਖ-ਕੌਮ ਦਾ ਸ਼ਾਨਦਾਰ ਮਹੱਲ ਤਾਂ ਉਸਰਿਆ ਹੀ ਸ਼ਹੀਦਾਂ ਦੇ ਸਿਰਾਂ ਤੇ ਹੈ। ਯੁਗ-ਪੁਰਸ਼ ਸੰਤ ਜਰਨੈਲ ਸਿੰਘ ਵਰਤਮਾਨ ਸਿੱਖ-ਸੰਘਰਸ਼ ਦੇ ਉਹ ਹੀਰੋ ਹਨ ਜਿਹਨਾਂ ਸਿੱਖੀ ਲਈ ਆਪਣਾ ਸਿਰ ਦੇ ਕੇ, ਸੱਚੀ-ਸੁੱਚੀ ਲੀਡਰਸ਼ਿਪ ਦਾ ਨਮੂਨਾ ਪੇਸ਼ ਕਰਦਿਆਂ, ਸਿੱਖਾਂ ਨੂੰ ਗੁਲਾਮੀ ਗਲੋਂ ਲਾਹੁਣ ਲਈ ਦਲੇਰੀ ਨਾਲ ਵੰਗਾਰਿਆ। ਸੰਤ ਜੀ ਦੀ ਵਡਿਆਈ ਹੀ ਬੁਜ਼ਦਿਲ ਸੁਆਰਥੀ ਅਖੌਤੀ ਅਕਾਲੀ-ਲੀਡਰਾਂ ਦੇ ਮੁਕਾਬਲੇ ਇਸ ਗੱਲ ਵਿਚ ਹੈ ਕਿ ਉਹ ਧਰਮ ਅਤੇ ਕੌਮ ਖਾਤਰ ਸ਼ਹਾਦਤ ਦਾ ਜਾਮ ਪੀ ਗਏ। ਉਹਨਾਂ ਦੀ ਸ਼ਹਾਦਤ ਨੇ ਕੌਮ ਨੂੰ ਗੂੜ੍ਹੀ ਨੀਂਦ 'ਚੋਂ ਝੂਟ ਕੇ ਜਗਾਇਆ ਹੈ। ਪਰ ਵੱਡੇ ਅਫਸੋਸ ਦੀ ਗੱਲ ਕਿ ਉਹਨਾਂ ਦੀ ਆਪਣੀ ਟਕਸਾਲ ਤੇ ਆਪਣਾ ਪ੍ਰਵਾਰ ਹੀ ਉਹਨਾਂ ਨੂੰ ਸ਼ਹੀਦ ਕਹਿਣ ਤੇ ਮੰਨਣ ਤੋਂ ਆਕੀ-ਇਨਕਾਰੀ ਹੈ। ਇਹ ਕੌਮ ਦੇ ਉਸ ਮਹਾਨ ਸ਼ਹੀਦ ਨਾਲ ਵੱਡਾ ਅਨਿਆਏਂ ਅਤੇ ਉਹਨਾਂ ਦੀ ਸ਼ਹੀਦੀ ਨੂੰ ਘੱਟੇ ਰੋਲਣਾ ਹੈ। ਚਾਹੀਦਾ ਤਾਂ ਇਹ

ਹੈ ਸਿੱਖ, ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਟੋਹੜਾ-ਚੁੰਡਲੀ ਨੂੰ ਕੇਂਦਰੀ ਸਿੱਖ-ਅਜਾਇਬ ਘਰ ਵਿਚ ਸ਼ਹੀਦ ਸੰਤ ਜੀ ਦਾ ਚਿੱਤਰ ਲਾਉਣ ਲਈ ਮਜਬੂਰ ਕਰਨ (ਜੋ ਸੰਤ ਜੀ ਦੀ ਵਿਰੋਧੀ ਅਖੌਤੀ ਅਕਾਲੀ-ਲੀਡਰਸ਼ਿਪ ਦਿਲੋਂ ਲਾਉਣਾ ਨਹੀਂ ਚਾਹੁੰਦੀ ਤੇ ਉਸ ਨੇ ਹੁਣ ਤੱਕ ਨਹੀਂ ਲਾਇਆ !) ਉਹਨਾਂ ਦਾ ਜੀਵਨ ਤੇ ਤਸਵੀਰ ਸ਼੍ਰੋਮਣੀ ਕਮੇਟੀ ਵਲੋਂ ਹਰ ਸਾਲ ਛਾਪੀ ਜਾਂਦੀ ਡਾਇਰੀ ਵਿਚ ਦਿੱਤਾ ਜਾਵੇ (ਜੋ ਹੁਣ ਤੱਕ ਕਦੇ ਵੀ ਦਿੱਤਾ ਨਹੀਂ ਗਿਆ !), ਉਹਨਾਂ ਦੀ ਢੁੱਕਵੀਂ ਤੇ ਸ਼ਾਨਦਾਰ ਯਾਦਗਾਰ ਕਾਇਮ ਕਰਕੇ ਉਹਨਾਂ ਦੀ ਯਾਦ 'ਚ ਵੱਡੇ ਸਮਾਰੋਹ-ਸਮਾਗਮ ਕੀਤੇ ਜਾਇਆ ਕਰਨ ਤਾਂ ਕਿ ਉਹਨਾਂ ਦੀ ਸ਼ਹਾਦਤ ਤੋਂ ਕੌਮ ਨੂੰ ਪ੍ਰੇਰਨਾ ਮਿਲ ਸਕੇ ਪਰ ਅਸੀਂ ਉਸ ਮਹਾਨ ਸ਼ਹੀਦ ਦੀ ਸ਼ਹਾਦਤ ਉਤੇ ਪਰਦਾ ਪਾ ਕੇ ਪਤਾ ਨਹੀਂ ਕਿਉਂ ਬੁੱਕਲ ਵਿਚ ਭੇਲੀ ਭੰਨ ਰਹੇ ਹਾਂ। ਮੈਂ ਉਚੇਚੀ ਬੇਨਤੀ ਕਰਾਂਗਾ ਬਾਬਾ ਠਾਕਰ ਸਿੰਘ ਜੀ ਤੇ ਸੰਤ ਜੀ ਦੇ ਪ੍ਰਵਾਰ ਨੂੰ ਕਿ ਉਹ ਸੰਤ ਜੀ ਦੇ ਸ਼ਹੀਦ ਹੋ ਜਾਣ ਦਾ ਖੁਲ੍ਹਾ ਐਲਾਨ ਤੁਰੰਤ ਕਰਨ ਤਾਂ ਕਿ ਖਾਲਿਸਤਾਨ ਲਹਿਰ ਦੇ ਸ਼ਹੀਦਾਂ ਦੀਆਂ ਥਾਂ ਥਾਂ ਯਾਦਗਾਰਾਂ ਸਥਾਪਤ ਕਰਕੇ ਉਹਨਾਂ ਦੇ ਜੀਵਨ ਲਿਖੇ, ਸਾਂਭੇ ਤੇ ਪ੍ਰਚਾਰੇ ਜਾਣ ਅਤੇ ਕੌਮ ਇਹਨਾਂ ਕੌਮੀ-ਹੀਰਿਆਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਆਪਣਾ ਦੇਸ਼ ਸਿਰਜ ਸਕੇ।

ਪੰਜਾਬ ਦੀ ਆਜ਼ਾਦੀ ਦੀ ਲਹਿਰ ਨੂੰ ਉਭਾਰਨ ਤੇ ਤੇਜ਼-ਤਿੱਖੇ ਕਰਨ ਲਈ ਕੌਮ ਦੇ ਕਲਾਕਾਰਾਂ, ਢਾਡੀਆਂ ਅਤੇ ਲੇਖਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤੇ ਉਹਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਦਾਤਾਰ ਬਖਸ਼ੇ ਆਪਣੇ ਹੁਨਰ ਨਾਲ ਕੌਮ ਦੀ ਵਿਗਤੀ ਬਣਾਣ ਲਈ ਅੱਜ ਅੱਗੇ ਆਉਣ ਅਤੇ ਕੌਮੀ-ਰੂਹ ਚੋਂ ਨਿਰਾਸਤਾ ਦੀ ਧੁੰਦ ਚੱਕਣ ਲਈ ਸਿੱਖ-ਇਤਿਹਾਸ ਤੋਂ ਰੌਸ਼ਨੀ ਲੈਂਦਿਆਂ ਉਤਸ਼ਾਹ ਤੇ ਚਾਨਣ ਦੇ ਛੱਟੇ ਦੇਣ।

ਖਾਲਿਸਤਾਨ-ਪੱਖੀ ਨਵੀਂ ਅਕਾਲੀ-ਲੀਡਰਸ਼ਿਪ ਵਲੋਂ ਇਸ ਲਹਿਰ ਨੂੰ ਮਜ਼ਬੂਤ ਕਰਨ ਲਈ ਪ੍ਰਚਾਰ-ਵਹੀਰਾਂ, ਮਾਰਚਾਂ ਤੇ ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਇਸ ਕਾਰਜ ਵਿਚ ਦਮਦਮੀ-ਟਕਸਾਲ ਤੇ ਹੋਰ ਸਿੱਖ-ਸੰਸਥਾਵਾਂ ਆਪਣਾ ਯੋਗਦਾਨ ਪਾਉਣ। ਜਿੰਨੀ ਦੇਰ ਰਵਾਇਤੀ-ਲੀਡਰਸ਼ਿਪ ਸ਼੍ਰੋਮਣੀ-ਕਮੇਟੀ ਤੇ ਕਾਬਜ਼ ਹੈ ਇਹ ਅਜਿਹੇ ਯਤਨਾਂ ਦਾ ਨਿਸਚੇ ਹੀ ਵਿਰੋਧ ਕਰੇਗੀ ਜਾਂ ਸਿੱਖਾਂ ਨੂੰ ਭੰਬਲ-ਭੂਸੇ ਪਾਉਣ ਲਈ ਈਰਖਾ-ਵਸ ਇਹਨਾਂ ਦੇ ਮੁਕਾਬਲੇ ਅਜਿਹੇ ਯਤਨ ਆਪ ਕਰੇਗੀ ਪਰ ਨਵੀਂ ਲੀਡਰਸ਼ਿਪ ਨੂੰ ਅਜਿਹੇ ਯਤਨ ਆਰੰਭ ਕੇ ਸਿੱਖਾਂ ਨੂੰ ਨਾਲ ਜੋੜਨ ਲਈ ਇਸ ਵਿਰੋਧਤਾ ਤੋਂ ਬੇਧਿਆਨ ਤੇ ਬੇਪ੍ਰਵਾਹ ਹੋ ਕੇ ਆਪਣੀ ਧੁਨ ਵਿਚ ਤੁਰਦੇ ਰਹਿਣਾ ਚਾਹੀਦਾ ਹੈ।

ਨਾਟਕਾਂ ਅਤੇ ਕਵੀ-ਦਰਬਾਰਾਂ ਆਦਿ ਰਾਹੀਂ ਸਿੱਖ-ਇਤਿਹਾਸ ਨੂੰ ਦੁਹਰਾਅ ਅਤੇ ਲੋਕ-ਜਜ਼ਬੇ ਨੂੰ ਟੁੰਬ ਕੇ ਇਸ ਲਹਿਰ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ।

ਮੀਡੀਏ ਦਾ ਰੋਲ ਤੇ ਸਿੱਖ ।

ਮੀਡੀਏ ਦਾ ਅੱਜ ਦੇ ਯੁਗ ਵਿਚ ਇਕ ਮਹੱਤਵ-ਪੂਰਨ ਰੋਲ ਹੈ। ਦਿੱਲੀ ਨੇ ਸਿੱਖਾਂ ਨੂੰ ਸਿਰਫ ਹਥਿਆਰ ਨਾਲ ਹੀ ਨਹੀਂ ਮਾਰਿਆ ਪ੍ਰਚਾਰ ਨਾਲ ਵੀ ਬਦਨਾਮ ਦੀਤਾ ਹੈ। ਸਿੱਖਾਂ ਕੋਲ ਮੀਡੀਏ ਅਥਵਾ ਪ੍ਰਚਾਰ-ਸਾਧਨਾਂ ਦੀ ਕਮੀ ਹੈ ਜਿੰਨੇ ਕੁ ਪ੍ਰਚਾਰ-ਸਾਧਨ ਹਨ ਉਹਨਾਂ ਦੀ ਸੂਝ ਜਾਂ ਸੁਹਿਰਦਤਾ ਨਾਲ ਵਰਤੋਂ ਨਹੀਂ ਕੀਤੀ ਜਾ ਰਹੀ। ਮਿਸਾਲ ਵਜੋਂ ਸਿੱਖਾਂ ਦੀਆਂ ਪੰਜਾਬੀ ਵਿਚ ਨਿਕਲਦੀਆਂ ਅਖਬਾਰਾਂ ਵਿਚੋਂ ਕੁਝ ਤਾਂ ਕਾਰਨਵੱਸ ਦਿੱਲੀ ਦੇ ਜ਼ੁਲਮ ਵਿਰੁਧ ਲਿਖਣ ਤੋਂ ਹੀ ਤ੍ਰਹਿੰਦੀਆਂ ਹਨ। ਜਿਹੜੀਆਂ ਜ਼ੁਲਮ ਵਿਰੁਧ ਲਿਖਦੀਆਂ ਵੀ ਹਨ ਸੰਸਾਰ ਵਿਚ ਕੁਝ ਇਕ ਨੂੰ ਛੱਡ ਕੇ ਬਹੁਤੀਆਂ ਸਿੱਧੇ-ਅਸਿੱਧੇ ਢੰਗ ਨਾਲ ਖਾਲਿਸਤਾਨ ਦੇ ਉਲਟ ਹਨ। ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਦੇ ਰਾਹ ਵਿਚ ਮੁੱਖ ਅੜਿਚਣ ਜਾਂ ਅੜਿੱਕਾ ਰਵਾਇਤੀ ਅਕਾਲੀ-ਲੀਡਰਸ਼ਿਪ ਹੈ ਅਤੇ ਇਸਦੇ ਉਤਾਰੇ ਬਿਨਾ ਖਾਲਿਸਤਾਨ ਸੰਭਵ ਨਹੀਂ। ਸਿੱਖ-ਅਖਬਾਰਾਂ ਪੜ੍ਹਨ ਦੇ ਹੁਣ ਕਾਫੀ ਆਦੀ ਹੋ ਗਏ ਹਨ। ਮਨੋਵਿਗਿਆਨਕ ਤੌਰ ਤੇ ਨਿਰਸੰਦੇਹ ਅਖਬਾਰਾਂ ਦੀਆਂ ਖ਼ਬਰਾਂ / ਲਿਖਤਾਂ ਦਾ ਪ੍ਰਭਾਵ ਮਨੁੱਖੀ-ਮਨ ਕਬੂਲਦਾ ਹੈ ਤੇ ਇੰਵ ਅਖਬਾਰਾਂ ਲੋਕ-ਰਾਇ ਨੂੰ ਬਣਾਉਂਦੀਆਂ ਹਨ ਪਰ ਜੇ ਦੇਸ਼ ਅਤੇ ਵਿਦੇਸ਼ ਵਿਚ ਨਿਕਲਦੀਆਂ ਖਾੜਕੂ-ਪੱਖੀ ਅਖਬਾਰਾਂ 'ਚੋਂ ਹੀ ਕਿਸੇ ਨੂੰ ਚੁੱਕ ਲਓ ਸਭੇ ਜਾਣੇ-ਅਣਜਾਣੇ ਖਾਲਿਸਤਾਨ-ਵਿਰੋਧੀ ਰਵਾਇਤੀ-ਲੀਡਰਸ਼ਿਪ ਦੀਆਂ ਖ਼ਬਰਾਂ ਸਮੇਤ ਤਸਵੀਰਾਂ, ਉਚੇਚੀ ਥਾਂ ਦੇ ਕੇ ਛਾਪ ਰਹੀਆਂ

ਹਨ। ਖ਼ਬਰ ਭਾਵੇਂ ਹੱਕ ਵਿਚ ਨਾ, ਵਿਰੁਧ ਹੀ ਹੋਵੇ ਪਰ ਅਖ਼ਬਾਰ ਵਿਚ ਇਸਦੇ ਲੱਗਣ-ਢਗ ਨਾਲ ਸਬੰਧਤ ਵਿਅਕਤੀ ਦੀ ਅਹਿਮੀਅਤ ਜਾਂ ਮਹੱਤਵ ਬਣਦਾ ਹੈ। ਇਸ ਪਖੋਂ ਪੰਜਾਬੀ ਦੀਆਂ ਲਗਪਗ ਸਾਰੀਆਂ ਅਖ਼ਬਾਰਾਂ ਸੁਤੰਤਰ ਸਿੱਖ-ਰਾਜ ਦੀ ਵਿਰੋਧੀ ਰਵਾਇਤੀ ਅਕਾਲੀ-ਲੀਡਰਸ਼ਿਪ ਨੂੰ ਚਮਕਾਈ ਚਲੀਆਂ ਆ ਰਹੀਆਂ ਹਨ। ਜੇ ਅਖ਼ਬਾਰਾਂ 'ਚ ਬੈਠੇ ਸਿੱਖ, ਸਿੱਖੀ ਦੇ ਹਿਤੈਸ਼ੀ ਹਨ ਤੇ ਇਸ ਸੁਆਰਥੀ-ਲੀਡਰਸ਼ਿਪ ਨੂੰ ਸਿੱਖ-ਸੰਸਥਾਵਾਂ ਤੋਂ ਲਾਹੁਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇਸ ਰਵਾਇਤੀ-ਲੀਡਰਸ਼ਿਪ ਨੂੰ ਲੋਕ ਮਨਾਂ 'ਚੋਂ ਲਾਹੁਣ ਲਈ ਪਹਿਲੋਂ ਅਖ਼ਬਾਰਾਂ 'ਚੋਂ ਲਾਹੁਣਾ ਚਾਹੀਦਾ ਹੈ। ਲੋੜ ਹੈ ਕਿ ਇਸ ਲੋਟੂ-ਲਾਣੇ ਦੇ ਬਿਆਨ ਘੱਟ ਤੋਂ ਘੱਟ ਛਾਪੇ ਜਾਣ। ਜੇ ਇਹਨਾਂ ਸਬੰਧੀ ਕੋਈ ਖ਼ਬਰ ਜ਼ਰੂਰੀ ਲਾਉਂਣੀ ਪਵੇ ਤਾਂ ਇਸਨੂੰ ਛੋਟੀ ਸੁਰਖੀ ਤਹਿਤ ਪੰਨੇ ਦੇ ਹੇਠਲੇ ਅੱਧ ਵਿਚ ਲਾਇਆ ਜਾਵੇ ਨਾ ਕਿ ਤਸਵੀਰ ਸਮੇਤ ਮੋਟੀ ਸੁਰਖੀ 'ਚ ਮੁੱਖ-ਪੰਨੇ ਜਾਂ ਪੰਨੇ ਦੇ ਉਪਰ ਵਿਸ਼ੇਸ਼ ਥਾਂਵੇਂ ! ਜਿਵੇਂ ਕਿ ਅਕਸਰ ਹੁਣ ਤੱਕ ਕੀਤਾ ਜਾ ਰਿਹਾ ਹੈ। ਇਸਦੀ ਥਾਂਵੇਂ ਇਹਨਾਂ ਦੀ ਬਦਲ ਦਿਆਨਤਦਾਰ ਤੇ ਸਿੱਖ-ਰਾਜ ਪੱਖੀ ਲੀਡਰਸ਼ਿਪ ਨੂੰ ਮਹੱਤਵ ਦਿੱਤਾ ਜਾਵੇ। ਨਿਰਸੰਦੇਹ ਦੇਸ਼ ਵਿਚਲੀਆਂ ਪੰਜਾਬੀ ਅਖ਼ਬਾਰਾਂ ਵਿੰਗੇ-ਟੇਢੇ ਢੰਗ ਨਾਲ ਰਵਾਇਤੀ ਅਕਾਲੀ-ਲੀਡਰਾਂ ਤੋਂ ਪ੍ਰਭਾਵਤ ਹੋ ਕੇ ਇਹਨਾਂ ਦੀਆਂ ਵੱਡੀਆਂ ਖ਼ਬਰਾਂ ਲਾਉਂਦੀਆਂ ਹਨ ਪਰ ਵਿਦੇਸ਼ਾਂ ਵਿਚ ਛਪਦੀਆਂ ਸਾਡੀਆਂ ਸੰਘਰਸ਼-ਪੱਖੀ ਅਖ਼ਬਾਰਾਂ ਨੂੰ ਉਹਨਾਂ ਅਖ਼ਬਾਰਾਂ ਚੋਂ ਇਹ ਖ਼ਬਰਾਂ ਲੈ ਕੇ ਛਾਪਦਿਆਂ ਉਸੇ ਤਰਾਂ ਵਿਸ਼ੇਸ਼ ਥਾਂ ਦੇ ਕੇ ਨਹੀਂ, ਸਾਧਾਰਨ ਤੇ ਮੱਧਮ ਕਰਕੇ ਛਾਪਣਾ ਚਾਹੀਦਾ ਹੈ। ਸਿੱਖ-ਆਜ਼ਾਦੀ ਦੀ ਇਸ ਲਹਿਰ ਸਬੰਧੀ ਦੂਸਰੇ ਲੋਕਾਂ ਨੂੰ ਦੱਸਣ ਹਿਤ ਵੱਡੀ ਗਿਣਤੀ ਵਿਚ ਛਪਦੇ ਪ੍ਰਸਿੱਧ ਅੰਗ੍ਰੇਜ਼ੀ ਅਖ਼ਬਾਰਾਂ ਦੇ ਵਿਸ਼ੇਸ਼ ਐਡੀਸ਼ਨਾਂ ਵਿਚ ਵਿਦੇਸ਼ੀ ਸਿੱਖ ਸੰਸਥਾਵਾਂ ਜਥੇਬੰਦੀਆਂ ਨੂੰ ਕਦੇ ਕਦੇ ਥਾਂ ਖਰੀਦਣੇ ਬਹੁਤ ਲਾਹੇਵੰਦ ਰਹਿ ਸਕਦੇ ਹਨ। ਇਸਤੋਂ ਬਿਨਾਂ ਖਾਲਿਸਤਾਨ ਪੱਖੀ ਟੀ. ਵੀ. ਤੇ ਰੇਡੀਓ-ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਹਿਤ ਇਹਨਾਂ ਨੂੰ ਸਮਰਥਨ-ਸਹਿਯੋਗ ਦਿੱਤਾ ਜਾਣਾ ਚਾਹੀਦਾ ਹੈ ਅਤੇ ਛੋਟੀਆਂ ਫਿਲਮਾਂ ਬਣਾਣ ਦੇ ਉਪਰਾਲੇ ਕਰਕੇ ਤੇ ਆਡੀਓ-ਵੀਡੀਓ ਕੈਸਿਟਾਂ ਰਾਹੀਂ ਪੁਰਾਤਨ ਤੇ ਵਰਤਮਾਨ ਸਿੱਖ-ਇਤਿਹਾਸ ਨਾਲ ਸਿੱਖਾਂ ਨੂੰ ਸਿੱਖਿਅਤ ਕਰਕੇ ਖਾਲਿਸਤਾਨ ਦੀ ਲਹਿਰ ਨੂੰ ਪ੍ਰਚੰਡ ਕਰਨ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਖ਼ਾਲਿਸਤਨ ਦਾ ਸਰੂਪ

ਸਿੱਖਾਂ ਵਲੋਂ ਪੰਜਾਬ ਦੀ ਆਜ਼ਾਦੀ ਦੀ ਚਲਦੀ ਜਦੋ-ਜਹਿਦ ਬਾਰੇ ਵਿਦੇਸ਼ਾਂ ਵਿਚ ਜਿਹਨਾਂ ਕੁਝ ਕੁ ਦੂਸਰੇ ਲੋਕਾਂ ਨੂੰ ਥੋੜਾ-ਬਹੁਤ ਚਾਨਣ ਹੈ ਉਹਨਾਂ ਚੋਂ ਕਈ ਬਣਨ ਵਾਲੇ ਖਾਲਿਸਤਾਨ ਨੂੰ ਆਇਤੁੱਲਾ ਖ਼ੁਮੀਨੀ ਦੀ ਸੋਚ ਤੇ ਤਰਜ਼ ਵਰਗਾ ਕੱਟੜਤਾ ਵਾਲਾ ਰਾਜ ਕਿਆਸ ਕਰਦੇ ਹਨ। ਭਾਰਤ ਅਤੇ ਪੰਜਾਬ ਵਿਚ ਦਿੱਲੀ ਵਲੋਂ ਇਸ ਨੂੰ ਇਕ ਉਹ ਹਊਆ ਬਣਾ ਕੇ ਪ੍ਰਚਾਰਿਆ ਜਾ ਰਿਹਾ ਹੈ ਜਿਸਦੇ ਬਣਨ ਉਤੇ ਉਸ 'ਚ ਹੋਰਨਾਂ ਭਾਵ ਹਿੰਦੂਆਂ ਆਦਿ ਦੀ ਕੋਈ ਥਾਂ ਨਹੀਂ ਜਾਂ ਉਹਨਾਂ ਨੂੰ ਖ਼ਤਰਾ ਹੋਏਗਾ ਪਰ ਸੱਚ ਇਹ ਹੈ ਕਿ ਸਿੱਖਾਂ ਨੇ ਇਸ ਪ੍ਰਥਾਏ ਹੋਰਾਂ ਦੇ ਉਪਰੋਕਤ ਭੁਲੇਖੇ ਤਾਂ ਕੀ ਦੂਰ ਕਰਨੇ ਸਨ ਸਿੱਖਾਂ ਤੇ ਵਿਸ਼ੇਸ਼ਕਰ ਇਸ ਲਈ ਜਦੋਜਹਿਦ ਕਰਨ ਵਾਲੀਆਂ ਧਿਰਾਂ ਵੀ ਖਾਲਿਸਤਾਨ ਦੇ ਸਰੂਪ ਬਾਰੇ ਅਜੇ ਤੱਕ ਸਪੱਸ਼ਟ ਨਹੀਂ। ਦਿੱਲੀ ਨੇ ਸਿੱਖਾਂ ਉਤੇ ਸੁਤੰਤਰਤਾ ਦੀ ਵਰਤਮਾਨ-ਲੜਾਈ, ਸੰਨ ਚੁਰਾਸੀ ਵਿਚ ਸ੍ਰੀ ਅਕਾਲ ਤਖ਼ਤ ਉਪੱਰ ਹਮਲਾ ਕਰਕੇ ਅਚਾਨਕ ਠੋਸੀ ਹੈ ਭਾਵ ਸਿੱਖਾਂ ਨੂੰ ਇਹ 'ਅਚਿੰਤੇ ਬਾਜ਼' ਪਏ ਹਨ। ਸਿੱਖ ਲੜਾਈ ਵਿਚ ਝੋਕੇ ਗਏ ! ਖਾਲਿਸਤਾਨ ਅਥਵਾ ਪੰਜਾਬ ਦੀ ਆਜ਼ਾਦੀ ਦਾ ਨਾਅਰਾ-ਜੈਕਾਰਾ ਲੱਗ ਗਿਆ ਪਰ ਖਾਲਿਸਤਾਨ ਦੇ ਸਰੂਪ ਅਤੇ ਰੂਪ-ਰੇਖਾ ਦਾ ਨਿਰਣਾ-ਨਿਤਾਰਾ ਤੇ ਇਸਦਾ ਪ੍ਰਚਾਰ ਸਿੱਖਾਂ ਵਿਚ ਨਹੀਂ ਹੋ ਸਕਿਆ। ਹਾਂ, ਸ਼ਰਧਾ-ਭਾਵਨਾ ਵੱਸ ਗੁਰਬਾਣੀ ਵਿਚ ਆਏ ਹਵਾਲਿਆਂ ਮੁਤਾਬਿਕ ਇਸ ਨੂੰ 'ਹਲੇਮੀ ਰਾਜ' ਜਾਂ 'ਬੇਗਮ ਪੁਰਾ ਸਹਰ' ਵਰਗਾ ਜ਼ਰੂਰ ਕਿਹਾ ਜਾਂਦਾ ਰਿਹਾ ਹੈ ਪਰ ਅੱਜ ਦੇ ਪ੍ਰਸੰਗ ਵਿਚ ਇਸ ਰਾਜ ਦੇ ਸਰੂਪ ਬਾਰੇ ਸਪੱਸ਼ਟ ਅਤੇ ਵਿਸਥਾਰ-ਸਹਿਤ ਇਸਦੀ ਵਿਆਖਿਆ ਖਾਲਿਸਤਾਨ ਚਾਹੁੰਦੀਆਂ ਧਿਰਾਂ ਵੱਲੋਂ ਲੋਕਾਂ ਸਾਹਵੇਂ ਅਜੇ ਤੱਕ ਨਹੀਂ ਕੀਤੀ ਜਾ ਸਕੀ। ਇਸੇ ਧੁੰਦ ਕਾਰਨ ਹੋਰਨਾਂ ਵਲੋਂ ਖਾਲਿਸਤਾਨ ਬਾਰੇ ਭਰਮ-ਭੁਲੇਖੇ ਪਾਏ ਅਤੇ ਸ਼ੰਕੇ ਖੜੇ ਕੀਤੇ ਜਾ ਰਹੇ ਹਨ। ਸਮੇਂ ਦੀ ਫੌਰੀ ਜ਼ਰੂਰਤ ਹੈ ਕਿ ਵਿੱਢੀ ਜਦੋਜਹਿਦ ਨੂੰ ਜਾਰੀ ਰਖਦਿਆਂ ਵਿਦੇਸ਼ੀ ਸਿੱਖ, ਰਾਜਨੀਤੀ-ਵਿਗਿਆਨ ਦੇ ਮਾਹਰਾਂ ਅਤੇ ਗੁਰਮਤਿ ਦੇ ਵਿਦਵਾਨਾਂ ਨੂੰ ਇਕੋ ਮੇਜ਼ ਤੇ ਬਿਠਾ ਕੇ ਉਹਨਾਂ

ਪਾਸੋਂ ਗੁਰਬਾਣੀ ਅਥਵਾ ਸਿੱਖ-ਧਰਮ ਦੇ ਸਿਧਾਂਤਾਂ ਦੀ ਰੌਸ਼ਨੀ ਅਤੇ ਵਰਤਮਾਨ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਖਾਲਿਸਤਾਨ ਦੇ ਰੂਪ ਅਤੇ ਵਿਧਾਨ ਦਾ ਖਰੜਾ ਬਣਵਾਣ। ਇਹ ਕਾਰਜ ਵਿਦੇਸ਼ੀ-ਸਿੱਖ ਇਕ ਸਿੱਖ-ਸੈਂਟਰ ਜਾਂ ਸਕੱਤਰੇਤ ਸਥਾਪਤ ਕਰਕੇ ਜਾਂ ਪਹਿਲੋਂ ਸਥਾਪਤ ਕਿਸੇ ਅਦਾਰੇ ਵਿਚ ਉਪਰੋਕਤ ਦੋਹਾ ਕਿਸਮਾਂ ਦੇ ਵਿੰਦਵਾਨਾਂ ਤੋਂ ਵੀ ਕਰਵਾ ਸਕਦੇ ਹਨ। ਇਸਦੇ ਨਾਲ ਹੀ ਕੁਝ ਮਾਇਕ ਸਹਾਇਤਾ ਦੀ ਰਕਮ ਰੱਖ ਕੇ ਉਘੇ ਵਿੰਦਵਾਨਾਂ ਤੋਂ ਇਸ ਸਬੰਧੀ ਪਰਚੇ ਲਿਖਵਾਏ ਜਾ ਸਕਦੇ ਹਨ। ਇਸ ਸਕੱਤਰੇਤ ਜਾਂ ਬੋਰਡ ਰਾਹੀਂ ਦੁਆਰਾ ਖੁਲ੍ਹੇ ਸੱਦੇ ਰਾਹੀਂ ਆਮ ਸਿੱਖਾਂ-ਲੋਕਾਂ ਦੇ ਸੁਝਾਅ ਮੰਗੇ ਜਾ ਸਕਦੇ ਅਤੇ ਇਸ ਤੋਂ ਮਗਰੋਂ ਪਰਚਿਆਂ ਤੇ ਆਮ ਸਿੱਖਾਂ-ਲੋਕਾਂ ਵਲੋਂ ਆਏ ਸੁਝਾਵਾਂ ਦੀ ਰੌਸ਼ਨੀ ਵਿਚ ਵਿਦਵਾਨਾਂ ਵਲੋਂ ਤਿਆਰ ਕੀਤੇ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ ਅਤੇ ਫਿਰ ਇਸਨੂੰ ਘੱਟੋ-ਘੱਟ ਪੰਜਾਬੀ ਅਤੇ ਅੰਗਰੇਜ਼ੀ ਵਿਚ ਵੱਡੇ ਪੈਮਾਨੇ ਉਤੇ ਸਿੱਖਾਂ ਅਤੇ ਦੇਸ਼-ਵਿਦੇਸ਼ ਵਿਚ ਦੂਸਰੇ ਲੋਕਾਂ ਵਿਚ ਵੰਡਿਆ ਜਾਣਾ ਚਾਹੀਦਾ ਹੈ। ਲੋੜ ਪਵੇ ਤਾਂ ਸਮੇਂ ਨਾਲ ਇਸ ਦੇ ਹੋਰਨਾਂ ਬੋਲੀਆਂ ਵਿਚ ਪਿੱਛੋਂ ਅਨੁਵਾਦ ਵੀ ਕੀਤੇ-ਕਰਵਾਏ ਜਾ ਸਕਦੇ ਹਨ। ਇਹ ਇਕ ਅਤਿਅੰਤ ਜ਼ਰੂਰੀ ਤੇ ਤੁਰੰਤ ਕੀਤੇ ਜਾਣ ਵਾਲਾ ਕੰਮ ਹੈ ਜਿਸ ਨਾਲ ਸਿੱਖਾਂ ਨੂੰ ਆਪਣੇ ਰਾਜ ਦੇ ਸੰਕਲਪ ਜਾਂ ਸੁਪਨੇ ਨੂੰ ਸਾਕਾਰ ਕਰਨ ਲਈ ਬਲ, ਉਤਸ਼ਾਹ ਤੇ ਰੌਸ਼ਨੀ ਮਿਲੇਗੀ ਅਤੇ ਹੋਰਨਾਂ ਦੇ ਮਨਾਂ 'ਚ ਇਸ ਪ੍ਰਥਾਏ ਪਏ ਸ਼ੰਕੇ ਨਵਿਰਤ ਹੋਣਗੇ ਅਥਵਾ ਇਸ ਸਬੰਧੀ ਭਰਮ-ਭੁਲੇਖੇ ਨਹੀਂ ਪਾਏ ਜਾ ਸਕਣਗੇ।

ਆਗੇ ਸਮਝ ਚਲਹੁ ਨੰਦ ਲਾਲਾ ਜੋ ਬੀਤੀ ਸੋ ਬੀਤੀ !

ਆਜ਼ਾਦੀ ਦੀਆਂ ਤਹਿਰੀਕਾਂ ਅਥਵਾ ਲਹਿਰਾਂ ਨੂੰ ਕੁਝ ਲੀਡਰ ਅਥਵਾ ਮਨੁੱਖ ਹੀ ਚਲਾਉਂਦੇ ਹਨ ਜਿਹਨਾਂ ਨੇ ਆਮ ਲੋਕਾਂ ਨੂੰ ਨਾਲ ਲੈ ਕੇ ਲੋਕ-ਲਹਿਰ ਦੀ ਅਗਵਾਈ ਕਰਨੀ ਹੁੰਦੀ ਹੈ। ਸਰਕਾਰਾਂ ਨਿਸਚੇ ਹੀ ਅਜਿਹੇ ਇਨਕਲਾਬਾਂ, ਰਾਜ-ਪਲਟਿਆਂ ਜਾਂ ਸੰਘਰਸ਼ਾਂ ਦਾ ਵਿਰੋਧ ਕਰਨ ਲਈ ਹਰ ਹੱਥ-ਕੰਡਾ ਤੇ ਹਰਬਾ ਵਰਤਦੀਆਂ ਹਨ। ਸੰਘਰਸ਼ਾਂ ਨੂੰ ਅੱਗੇ ਤੋਰਨ ਵਾਲੇ ਲੋਕਾਂ ਨੂੰ ਵਿਰੋਧੀ-ਪ੍ਰਸਥਿਤੀਆਂ 'ਚੋਂ ਗੁਜ਼ਰਦਿਆਂ ਸਮੇਂ ਅਨੁਸਾਰ ਕਈ ਤੱਤ-ਫੱਟ ਫੈਸਲੇ ਲੈਣੇ ਪੈਂਦੇ ਅਤੇ ਆਪਣੀ ਰਣ-ਨੀਤੀ ਵਿਚ ਕਈ ਪੈਂਤਰੇ ਬਦਲਣੇ ਪੈਂਦੇ ਹਨ। ਇਹ ਜ਼ਰੂਰੀ ਨਹੀਂ ਕਿ ਅਜਿਹੀਆਂ ਅਵੱਸਥਾਵਾਂ ਵਿਚ ਲਏ ਗਏ ਸਾਰੇ ਦੇ ਸਾਰੇ ਫੈਸਲੇ ਠੀਕ ਹੀ ਹੋਣ। ਇਸ ਲਈ ਇਹਨਾਂ ਤਹਿਰੀਕਾਂ, ਲਹਿਰਾਂ ਵਿਚ ਗਲਤੀਆਂ, ਤਰੁਟੀਆਂ ਤੇ ਖਾਮੀਆਂ ਰਹਿਣੀਆਂ-ਹੋਣੀਆਂ ਸੁਭਾਵਿਕ ਹੀ ਹਨ। ਜੁਝਾਰੂ-ਲਹਿਰਾਂ, ਕਈ ਵੇਰ ਜਦ ਲੋਕਾਂ ਤੋਂ ਅਲੱਗ-ਥਲੱਗ ਹੋ ਜਾਣ ਤਾਂ ਉਹਨਾਂ ਵਿਚ ਇਹਨਾਂ ਦੀ ਸੰਭਾਵਨਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਰੂਪੋਸ਼ ਰਹਿੰਦਿਆਂ ਲੋਕਾਂ ਨਾਲੋਂ ਸਿੱਧੇ ਰੂਪ 'ਚ ਰਾਬਤਾ ਟੁੱਟਣ ਨਾਲ ਜੁਝਾਰੂਆਂ ਤੱਕ ਸਹੀ ਲੋਕ-ਰਾਇ ਨਹੀਂ ਪਹੁੰਚਦੀ। ਵਰਤਮਾਨ ਸਿੱਖ-ਸੰਘਰਸ਼ ਵਿਚ ਵੀ ਨਿਸਚੇ ਹੀ ਤਰੁਟੀਆਂ ਰਹੀਆਂ ਹਨ, ਗਲਤੀਆਂ ਹੋਈਆਂ ਹਨ, ਜਿਸ ਨਾਲ ਸਿੱਖ-ਸੰਘਰਸ਼ ਨੂੰ ਸੱਟ ਵੱਜੀ ਹੈ।

ਆਜ਼ਾਦੀ ਦੀ ਲੜਾਈ ਦੀ ਪਹਿਲੀ ਸ਼ਰਤ 'ਸਪੱਸ਼ਟ ਨਿਸ਼ਾਨਾ' ਅਤੇ ਇਸ ਲਈ ਜਦੋਜਹਿਦ ਕਰਦੀ ਲੀਡਰਸ਼ਿਪ ਦੀ ਇਸ ਪ੍ਰਤੀ 'ਦਿਆਨਤਦਾਰੀ' ਹੈ। ਸਿੱਖ-ਜੁਝਾਰੂ ਨਿਸ਼ਾਨੇ ਪ੍ਰਤੀ ਸਪੱਸ਼ਟ ਰਹੇ ਹਨ ਤੇ ਬਹੁਤੇ ਦਿਆਨਤਦਾਰ ਵੀ ! ਪਰ ਉਹਨਾਂ ਦੀ ਜਦੋ-ਜਹਿਦ ਨੂੰ ਲੋਕ-ਲਹਿਰ 'ਚ ਬਦਲਣ ਅਥਵਾ ਲੋਕਾਂ ਵਿਚ ਲਿਜਾ ਸਕਣ ਵਾਲੀ ਸਿੱਖਾਂ ਦੀ ਪ੍ਰਤੀਨਿਧ ਕਹਾਉਂਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਗੱਦਾਰ ਲੀਡਰਸ਼ਿਪ ਨੇ ਇਸ ਮਸਲੇ ਉਤੇ ਸਿੱਖਾਂ ਨਾਲ ਪੁੱਜ ਕੇ ਗੱਦਾਰੀ ਕੀਤੀ ਹੈ। ਦਿੱਲੀ ਦਾ ਪੱਖ ਪੂਰਿਆ ਹੈ। ਨਿਸ਼ਾਨੇ ਸਬੰਧੀ ਸਿੱਖਾਂ ਨੂੰ ਭੰਬਲ-ਭੂਸੇ ਪਾਇਆ ਅਤੇ ਇਸ ਜਦੋਜਹਿਦ ਨੂੰ ਆਪਣੀ ਲੀਡਰਸ਼ਿਪ ਖੁੱਸਣ ਦੇ ਡਰੋਂ ਇਕ ਲੋਕ-ਲਹਿਰ ਬਣਨ ਤੋਂ ਰੋਕਿਆ ਹੈ ਕਿਉਂਕਿ ਇਸ ਨਾਲ ਕੌਮ ਦੀ ਲੀਡਰੀ ਦੀ ਵਾਗਡੋਰ ਜੁਝਾਰੂਆਂ ਦੇ ਹੱਥ ਆਉਂਦੀ ਸੀ। ਦੂਸਰੇ ਪਾਸੇ ਜੁਝਾਰੂਆਂ ਨੇ ਆਪਣੇ ਲੋਕਾਂ ਨੂੰ ਨਾਲ ਜੋੜਨ ਦੀ ਥਾਂਵੇਂ ਸਗੋਂ ਆਪਣੇ ਨਾਲੋਂ ਤੋੜ ਜਾਂ ਵਿਛੋੜ ਲਿਆ। ਜੁਝਾਰੂ ਇਸ ਜਦੋਜਹਿਦ ਦੇ ਇਕ ਮੁਹਾਜ਼ ਉਤੇ ਵਧੀਆ ਲੜਾਈ ਦੇ ਸਕਦੇ ਸਨ-ਉਹਨਾਂ ਦਿੱਤੀ ਵੀ ! ਪਰ ਉਹਨਾਂ ਸਾਰੇ ਮੁਹਾਜ਼ ਹੀ ਆਪੂੰ ਸਾਂਭ ਲਏ ਜਾਂ ਇਓਂ ਕਹੀਏ ਕਿ ਉਹਨਾਂ ਨੂੰ ਸਾਂਭਣੇ ਪਏ ਤੇ ਇਹਨਾਂ ਉਤੇ ਉਹਨਾਂ ਤੋਂ ਗਲਤੀਆਂ ਕਰਵਾਈਆਂ ਹੀ ਨਹੀਂ ਗਈਆਂ ਉਹਨਾਂ ਆਪੂੰ ਵੀ ਕੀਤੀਆਂ ਹਨ ! ਦੁਸ਼ਮਣਾਂ ਤੇ ਗੱਦਾਰਾਂ ਦੀ ਬਜਾਏ ਉਹਨਾਂ ਦਾ ਮੂੰਹ ਆਪਣਿਆਂ ਵੱਲ ਵੀ, ਝਟਕਈਆਂ, ਨਾਈਆਂ, ਕਾਮੇ-ਕਰਿੰਦਿਆਂ ਵੱਲ ਵੀ ਹੋਇਆ

ਜਿਸ ਨਾਲ ਉਹ ਲੋਕਾਂ ਦੀ ਹਮਦਰਦੀ ਤੋਂ ਵਾਂਝੇ-ਵਿਹੂਣੇ ਹੋ ਗਏ। ਆਪਣੇ ਅਸਲੀ ਹਥਿਆਰਾਂ ਭਾਵ ਲੋਕਾਂ ਤੋਂ ਨਿਹੱਥੇ ਹੋ ਗਏ। ਅੰਨਾ ਕੀ ਭਾਲੇ ? ਦੋ ਅੱਖਾਂ ! ਦਿੱਲੀ ਨੇ ਉਹਨਾਂ ਦੀ ਇਸ ਕੱਟੜਤਾ-ਸੰਕੀਰਣਤਾ ਨੂੰ ਉਹਨਾਂ ਦਾ ਅਕਸ ਲੋਕਾਂ ਵਿੱਚ ਵਿਗਾੜਨ ਲਈ ਸੋਚੀ-ਸਮਝੀ ਸਾਜ਼ਿਸ਼-ਸਕੀਮ ਅਧੀਨ ਪ੍ਰਚਾਰਿਆ ਜਿਸ ਕਾਰਨ ਲੋਕ ਲਹਿਰ ਨਾਲੋਂ ਦੂਰ ਹੋਏ। ਚੋਣਾਂ ਦੇ ਬਾਈਕਾਟ ਕਾਰਨ ਨਾ-ਮਾਤਰ ਵੋਟਾਂ ਸਹਾਰੇ ਕਾਂਗਰਸ ਦੀ ਭ੍ਰਿਸ਼ਟ-ਸਰਕਾਰ ਬਣੀ ਜਿਸ ਨੇ ਸਿੱਖਾਂ ਦਾ ਵਢਾਂਗਾ ਕਰਕੇ ਕਬਰਾਂ ਵਰਗੀ ਅਖੌਤੀ-ਸ਼ਾਂਤੀ ਵਰਤਾ ਕੇ ਲੰਬੇ ਸਮੇਂ ਦੇ ਜ਼ੁਲਮ ਦੇ ਸਤਾਏ ਲੋਕਾਂ ਨੂੰ ਮੁਤ ਗੱਦਾਰ ਤੇ ਸੁਆਰਥੀ ਰਵਾਇਤੀ ਅਕਾਲੀ-ਲੀਡਰਸ਼ਿਪ ਵੱਲ ਵੇਖਣ ਲਾ ਦਿੱਤਾ ਜੋ ਪੰਜਾਬ ਦੇ ਚਿਤਰਪਟ ਤੋਂ ਸ: ਮਾਨ ਨੂੰ ਪਾਸੇ ਰੱਖਣ ਲਈ ਲੰਬਾ ਨਾਟਕ ਖੇਡਣ ਉਪਰੰਤ ਕੇਂਦਰ ਤੇ ਭਾਜਪਾ ਦੀ ਮਿਲੀ ਭੁਗਤ ਨਾਲ ਕੁਰਸੀਆਂ ਸਾਂਭਣ ਲਈ ਏਕਤਾ ਦਾ ਪਰਪੰਚ ਰਚ ਚੁੱਕੇ ਹਨ। ਕਈ ਬਹੁਤੇ ਸਿਆਣੇ ਸਿੱਖ ਅਕਾਲੀਆਂ ਦੀ ਇਸ ਏਕਤਾ 'ਚੋਂ ਪੰਥ ਅਥਵਾ ਕੌਮ ਦੀ ਭਲਾਈ ਲਭਦੇ-ਲੋਚਦੇ ਤੇ ਵੇਖਦੇ ਹਨ ਪਰ ਉਹਨਾਂ ਨੂੰ ਵਿੱਦਿਤ ਹੋਵੇ ਇਹ ਏਕਤਾ ਸਿੱਖ-ਸੰਘਰਸ਼ ਨੂੰ ਖਤਮ ਕਰਨ, ਨਵੀਂ ਉਭਰਨ ਵਾਲੀ ਲੀਡਰਸ਼ਿਪ ਨੂੰ ਖੁੱਡੇ-ਲਾਈਨ ਲਾਉਣ ਤੇ ਖਾਲਿਸਤਾਨ ਅਥਵਾ ਸੁਤੰਤਰ ਸਿੱਖ-ਰਾਜ ਦੀ ਮੰਜ਼ਿਲ ਨੂੰ ਸਿੱਖਾਂ ਦੀਆਂ ਅੱਖਾਂ ਤੋਂ ਉਹਲੇ ਕਰਕੇ ਕੇਵਲ ਤੇ ਕੇਵਲ ਵਕਤੀ ਤੌਰ ਤੇ ਕੁਰਸੀਆਂ ਮੱਲਣ ਲਈ ਕੁਝ ਗੱਦਾਰ ਅਖੌਤੀ ਸਿੱਖ-ਲੀਡਰਾਂ ਦੀ ਗਿਣੀ-ਮਿੱਥੀ ਸਾਜ਼ਿਸ਼ ਹੈ।

ਅਜੇ ਵੀ ਭੁੱਲਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਵੇਰ ਦਾ ਭੁੱਲਿਆ ਹੋਇਆ ਸ਼ਾਮੀਂ ਵੀ ਘਰੇ ਪਰਤ ਆਵੇ ਉਹ ਭੁੱਲਿਆ ਨਹੀਂ ਜਾਣਿਆਂ ਜਾਂਦਾ। ਵੇਲਾ ਹੈ ਕਿ ਆਪਣਾ ਸੁਤੰਤਰ-ਦੇਸ਼ ਅਥਵਾ ਖਾਲਿਸਤਾਨ ਸਿਰਜਣ ਦੇ ਤਲਬਗਾਰ, ਦੇਸ਼ ਅਤੇ ਵਿਦੇਸ਼ਾਂ ਵਿਚਲੇ ਸਿੱਖ ਸਰਦਾਰ ਮਾਨ ਦੀ ਲੀਡਰਸ਼ਿਪ ਹੇਠ ਲਾਮਬੰਦ ਹੋ ਕੇ ਉਹਨਾਂ ਨੂੰ ਸ਼ਕਤੀਵਰ ਤੇ ਬਲਵਾਨ ਬਣਾਉਣ। ਸ: ਮਾਨ ਨੂੰ ਖਾਲਿਸਤਾਨ ਲਈ 'ਜ਼ਿੰਦਾ-ਸ਼ਹੀਦ' ਤਾਂ ਅਵੱਸ਼ ਬਣਨਾ ਹੀ ਪੈਣਾ ਹੈ। ਸਿੱਖ ਸ: ਮਾਨ ਨੂੰ ਆਪਣਾ ਭਰੋਸਾ ਤੇ ਸਹਿਯੋਗ ਦੇ ਕੇ ਏਨਾ ਮਜ਼ਬੂਤ ਕਰ ਦੇਣ ਕਿ ਉਹਨਾਂ ਨੂੰ 'ਸ਼ਹੀਦ' ਨਾ ਬਣਨਾ ਪਵੇ। ਵਰਤਮਾਨ ਸਿੱਖ-ਸੰਘਰਸ਼ ਵਿਚ ਸਿੱਖਾਂ ਨੇ ਬੇਅੰਤ ਸ਼ਹਾਦਤਾਂ ਦਿੱਤੀਆਂ ਹਨ ਪਰ ਪਰਾਪਤੀ ਸੰਤੋਖ-ਜਨਕ ਨਹੀਂ ਹੁਣ ਇਹਨਾਂ ਕੁਰਬਾਨੀਆਂ ਦੀ ਵੱਟਤ ਲੈਣ ਲਈ ਸ: ਮਾਨ ਨੂੰ ਬਚਾਉਣ ਦੀ ਜ਼ਰੂਰਤ ਹੈ। ਦੂਸਰੇ ਪਾਸੇ ਸ: ਮਾਨ ਨੂੰ ਵੀ ਚਾਹੀਦਾ ਹੈ ਕਿ ਉਹ ਤੁਰੰਤ ਦੇਸ਼-ਵਿਦੇਸ਼ ਵਿਚ ਸ਼੍ਰੋ: ਅਕਾਲੀ ਦਲ ਦਾ ਜਥੇਬੰਦਕ-ਢਾਂਚਾ ਸੰਗਠਿਤ ਕਰਕੇ ਖਾਲਿਸਤਾਨ ਦਾ ਸਪੱਸ਼ਟ ਨਾਅਰਾ ਦਿੰਦਿਆ ਇਸਦੀ ਪ੍ਰਾਪਤੀ ਲਈ ਇਕ ਸ਼ਕਤੀਸ਼ਾਲੀ ਸ਼ਾਂਤਮਈ-ਲਹਿਰ ਆਰੰਭ ਕਰਨ। ਸ: ਮਾਨ ਨੂੰ ਇਹ ਕਰਦਿਆਂ ਮਾਨਸਿਕ ਤੌਰ ਤੇ ਦ੍ਰਿੜ੍ਹਤਾ ਲੈਣਾ ਚਾਹੀਦਾ ਹੈ ਕਿ ਸਿੱਖ-ਆਜ਼ਾਦੀ ਦੀ ਇਸ ਲੜਾਈ ਵਿਚ ਉਹਨਾਂ ਨੂੰ ਇਕ ਸਿੱਖ-ਲੀਡਰ ਵਜੋਂ ਨੈਲਸਨ-ਮੰਡੇਲਾ ਅਤੇ ਸ਼ੇਖ ਅਬਦੁੱਲਾ ਦੀ ਅਵੱਸਥਾ ਚੋਂ ਵਿਚਰਨਾ ਪਵੇਗਾ। ਰਾਜ ਦੇ ਪ੍ਰਸੰਗ ਵਿਚ 'ਅਸੰਭਵ' ਨਾਮੇ ਕੋਈ ਸ਼ਬਦ ਸਿੱਖਾਂ ਦੇ ਸ਼ਬਦ-ਕੋਸ਼ ਵਿਚ ਹੈ ਹੀ ਨਹੀਂ । ਖਾਲਿਸਤਾਨ ਪੂਰੀ ਤਰਾਂ ਸੰਭਵ ਹੈ ! ਸਥਿਤੀ ਅਨੁਸਾਰ ਪੰਜ, ਦਸ, ਪੰਜਾਹ ਸਾਲ ਵੀ ਲੱਗ ਸਕਦੇ ਹਨ ਪਰ ਸਿੱਖ ਇਸ ਨੂੰ ਅਵੱਸ਼ ਪ੍ਰਾਪਤ ਕਰਨਗੇ ਅਤੇ ਪੰਜਾਬ ਦੀ ਧਰਤ ਉਤੇ ਖਾਲਸੇ ਜੀ ਕੇ ਬੋਲ-ਬਾਲੇ ਹੋ ਕੇ ਸਿੱਖਾਂ ਦਾ ਸੁਤੰਤਰ ਦੇਸ਼ ਪੰਜਾਬ ਦੁਨੀਆਂ ਦੇ ਨਕਸ਼ੇ ਉਤੇ ਇਕ ਦਿਨ ਹਰ ਹਾਲਤ ਉਭਰੇਗਾ ਤੇ ਦੂਸਰੇ ਪਾਸੇ 'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ' ਅਨੁਸਾਰ ਭਾਰਤ ਦਾ ਸ਼ੀਰਾਜ਼ਾ ਬਿਖਰ ਕੇ ਇਸ ਦਾ ਨਾਮ ਦੁਨੀਆਂ ਦੇ ਨਕਸ਼ੇ ਤੋਂ ਵੀ ਅਵੱਸ਼ ਮਿਟੇਗਾ। ਪਰ ਆਪਣੀ ਆਜ਼ਾਦੀ ਦੀ ਲੜਾਈ ਲੜਦੇ ਸਿੱਖਾਂ ਨੇ ਦਸਮ ਪਿਤਾ ਦੇ 'ਨਿਸਚੈ ਕਰ ਅਪਨੀ ਜੀਤ ਕਰੋਂ' ਮੁਖਵਾਕ ਦਾ ਦਾਮਨ ਪਕੜ ਕੇ ਅਤੇ 'ਸਭੇ ਸਾਂਝੀਵਾਲ ਸਦਾਇਨ' ਅਥਵਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਗੁਰਮਤਿ ਸਿਧਾਂਤਾਂ ਦੇ ਧਾਰਣੀ ਹੋ ਕੇ ਆਪਣੀ ਸਾਰੀ ਕੱਟੜਤਾ, ਸੰਕੀਰਣਤਾ ਤੇ ਹਉਮੈ ਛੱਡ ਕੇ 'ਕਰੋਰ ਗਰੀਬ' ਮਨੁੱਖਾਂ ਨੂੰ ਨਾਲ ਲੈ ਕੇ ਅਤੇ ਵੱਡਿਆਂ 'ਤੋਂ ਬੇਪ੍ਰਵਾਹ ਹੋ ਕੇ ਅੱਗੇ ਵਧਣਾ ਹੋਏਗਾ !

(ਅਗਸਤ, 1995)

ਵਿਅੰਗ-ਵਢਾਂਗਾ

ਨੰਦ ਕੁਰ ਚੰਦ ਕੁਰ ਦੋਵੇਂ ਵੈਲਣਾਂ ਵਿਚ ਪੂਰੇ ਦੇ ਲੜੀਆਂ !
ਇਕ ਦੂਜੀ ਦੇ ਯਾਰ ਪਿੱਟਦੀਆਂ ਕਿਵੇਂ ਸਾਹਮਣੇ ਖੁੜੀਆਂ !!
ਕਿਵੇਂ ਸਾਹਮਣੇ ਖੁੜੀਆਂ ਕਹਿੰਦੀਆਂ ਟੁੱਟ ਗਈ ਆੜੀ।
ਹਰ ਆਖੇ ਮੈਂ ਚੰਗੀ ਦੂਸਰੀ ਅਤਿ ਦੀ ਮਾੜੀ।
ਦਿੱਲੀ ਬਖਸ਼ਦੀ ਕੁਰਸੀ ਦੋਹਾਂ ਨੂੰ ਲਗਦੀ ਪਿਆਰੀ !
ਪਾ ਕੇ ਜੱਫੀਆਂ ਦੋਹਾਂ ਵੈਲਣਾਂ ਕੌਮ ਵਿਸਾਰੀ !!

ਮੇਰਿਓ ਭਰਾਵੋ ! ਮੇਰਿਓ ਵੀਰਨੋਂ !! ਵਹਿਮ ਰਤਾ ਨਾ ਕਰੀਏ।
ਘਰ ਦੀ ਹੈ ਟਕਸਾਲ ਆਪਣੀ ਉਂਗਲ ਕਦੇ ਨਾ ਧਰੀਏ !
ਉਂਗਲ ਕਦੇ ਨਾ ਧਰੀਏ ਏਸ ਨੂੰ ਸੀਸ ਨਿਵਾਈਏ।
ਜੋ ਬਾਬਾ ਜੀ ਕਹਿਣ- ਓਸਤੇ ਫੁੱਲ ਚੜ੍ਹਾਈਏ।
ਸੰਤ ਜੀ ਹੋਏ ਸ਼ਹੀਦ ? ਤੌਬਾ ! ਇਹ ਕਦੇ ਨਹੀਂ ਪੁੱਛਣਾ !!
ਮਿਲੇ ਉਹਨਾਂ ਦੇ ਨਾਮ ਸਾਡਾ ਕੰਮ ਜੜ੍ਹਾਂ ਤੋਂ ਮੁੱਛਣਾ !!!

ਲੈ ਸਿੱਖਾਂ ਦੀਆਂ ਵੋਟਾਂ ਪਹਿਲਾਂ ਹਰਿਮੰਦਰ ਵੱਲ ਜਾਈਏ।
ਮੱਦਤ ਦੇ ਲਈ ਦੁਰਗਿਆਣੇ ਵੀ ਇਕ ਗੇੜਾ ਕੱਢ ਆਈਏ !
ਗੇੜਾ ਕੱਢ ਕੇ ਆਈਏ, 'ਆਪਾਂ ਸਭ ਭਾਈ - ਭਾਈ'।
ਖਾੜਕੂਆਂ ਨੇ ਐਵੇਂ ਵਿੱਚੇ - ਵਿਚ ਪਾਈ ਲੜਾਈ।
ਉਤੇ ਅਸੀਂ ਗੋਬਿੰਦ ਦੇ ਵਿਚੋਂ ਹਾਂ ਸ੍ਰੀ - ਰਾਮੀ !
ਕੌਣ ਕਹੇਗਾ ਸੰਗਤੇ ! ਸਾਨੂੰ ਭਲਾ ਹਰਾਮੀ ?

ਹੇ ਸਿੱਖਾ ! ਚੁੱਪ ਕਰਕੇ ਛਹਿ ਜਾ ! ਵੇਲਾ ਅਤਿ-ਗੰਭੀਰ।
ਖਾੜਕੂਆਂ ਦੀ ਅਹੁ ਵੇਖ ਲਾ ! ਆਉਂਦੀ ਪਈ ਵਹੀਰ !!
ਆਉਂਦੀ ਪਈ ਵਹੀਰ ਸੀਸ ਧਰ ਤਲੀ ਤੇ ਆਉਂਦੇ।
ਚਲਦੀ ਪਈ ਸ਼ਮਸ਼ੀਰ ਪਤਾ ਨਹੀਂ ਗਲ ਕੀਹਦਾ ਲਾਹੁੰਦੇ ?
ਜੇ ਦੁਸ਼ਮਣ ਦਾ ਲਾਹੁਣ ਆਪਾਂ ਵੀ ਨਾਲ ਹੋ ਚਲੀਏ !
ਆਪਣਿਆਂ ਦਾ ਲਾਹੁਣ ਰਤਾ ਭਾਈ ਪੈਰ ਵੀ ਮਲੀਏ !!

ਹੇ ਸਿੱਖਾ ! ਚੁੱਪ ਕਰ ਕਿਉਂ ਛਹਿਣਾ ? ਵੇਲਾ ਅਤਿ-ਗੰਭੀਰ !
ਚੱਲ ਪੰਥ ਨੂੰ ਮੋਢਾ ਦੇਈਏ ਜਾਈਏ ਦਲਾਂ ਨੂੰ ਚੀਰ !!
ਜਾਈਏ ਦਲਾਂ ਨੂੰ ਚੀਰ ਕੌਮੀ - ਤਕਦੀਰ ਨੂੰ ਘੜੀਏ।
ਲੈ ਚਾਨਣ ਤਲਵਾਰ ਨ੍ਹੇਰੇ ਸੰਗ ਆਪਾਂ ਲੜੀਏ।
ਮਰ ਗਈ ਸਿੱਖਾ ਕੌਮ ! ਆਪਾਂ ਕੀ ਜਿਉਂ ਕੇ ਲੈਣਾ ?
ਕਹਿ ਜਾਏ ਕੋਈ 'ਅਕਾਲੀ' ਏਸਤੋਂ ਬਚਕੇ ਰਹਿਣਾ !!

ਹੇ ਸਿੱਖਾ ! ਅਖਬਾਰਾਂ ਪੜਦੈਂ ? ਅਖਬਾਰਾਂ ਅਗਿਆਨੀ।
ਅਖਬਾਰਾਂ ਤੇ ਪੈਸਾ ਬੈਠਾ ਪੈਸੇ ਦੇ ਲਈ ਗਿਆਨੀ !
ਪੈਸੇ ਦੇ ਲਈ ਗਿਆਨੀ ਹੁਕਮਨ ਕਲਮ ਚਲਾਉਂਦੇ।
ਜਥੇਬੰਦੀ ਜੋ ਕਹੇ ਵਿਚਾਰੇ ਹੁਕਮ ਬਜਾਉਂਦੇ।
ਰਹੀ ਪੰਥ ਦੀ ਗੱਲ ! ਕਰੂ ਕੋਈ, ਕੱਲਾ 'ਕਹਿਰਾ'।
ਜਿਉਂਦੇ-ਜੀ ਜੇ ਰਿਹਾ ਭਲਾ ਕੋਈ ਨੱਸੂ - ਖਹਿਰਾ !!!

ਤੜਕੇ ਤੜਕੇ ਸੁਬਾਹ - ਸਵੇਰੇ ਸਾਨੂੰ ਆਇਆ ਫੋਨ।
ਲੜੀ ਹੋਈ ਘਰ ਵਾਲੀ ਸਾਡੀ ਅਸੀਂ ਧਾਰਿਆ ਮੌਨ !
ਅਸੀਂ ਧਾਰਿਆ ਮੌਨ ਫੋਨ ਤੇ ਖੁਲ੍ਹ ਕੇ ਹੱਸੇ।
ਫੋਨ ਉਤੇ ਕੋਈ ਪਾਠਕ ਸਾਡੀਆਂ ਤਲੀਆਂ ਝੱਸੇ।
ਕਹੇ ਹੋਏ- ਕੋਈ ਸੇਵਾ ਅਸਾਂ ਨੂੰ ਤੁਸੀਂ ਬਤਾਓ!
ਕਹੀਏ - ਪਤਨੀ ਪੰਥ ਏਸ ਤੋਂ ਕਿਵੇਂ ਬਚਾਓ !!

(ਜੁਲਾਈ 1995)



ਵਿਅੰਗ-ਵਢਾਂਗਾ

ਸਿੱਧਰੇ ਭਾਈ ਬਾਗੜੀਆ ਜੀ ! ਸਿੱਧਰੇ ਸਾਡੇ ਵਰਗੇ !
ਸੋਹਣਾ ਟੁੱਕ ਖਾਂਦੇ ਸੀ ਭੋਲੇ ਐਵੇਂ ਪੰਥ ਤੇ ਮਰਗੇ !
ਐਵੇਂ ਪੰਥ ਤੇ ਮਰਗੇ ਚੱਲਣ ਹੋ ਸੁੱਚੇ - ਸੁੱਚੇ !
ਪਿਆ ਜਿਹਨਾਂ ਨਾਲ ਵਾਹ ਪੂਰੇ ਉਹ ਲੁੱਚੇ ਲੁੱਚੇ!!
ਬਣੋਂ ਭਾਈ ਜੀ ਲੁੱਚੇ ! ਲੁੱਚਿਆਂ ਨਾਲ ਜੇ ਹੈ ਲੜਨਾ!
ਜੇ ਨਾ ਹੋਏ ਦਲੇਰ ਮਨੂਰ ਜਿਉਂ ਪੈਣਾ ਝੜਨਾ !!

ਹੋਇ ਨਿਹਾਲ ਸਤਿਗੁਰਾਂ ਸਾਨੂੰ ਬਖਸ਼ੀ ਸੀ ਤਲਵਾਰ !
ਨਾਲ ਏਸਦੇ ਜ਼ਾਲਮ ਨੂੰ ਹੈ ਤੁਸੀਂ ਬੁਲਾਉਂਣਾ ਪਾਰ !!
ਤੁਸੀਂ ਬੁਲਾਉਂਣਾ ਪਾਰ ਆਪਣਾ ਸਦਾ ਬਚਾਉਂਣਾ।
ਖੁੱਡੀਆਂ, ਸੰਧੂ ਹੋਏ ਭਾਵ ਨਹੀਂ ਕਦੇ ਮੁਕਾਉਂਣਾ।
ਕਰੋਂ ਕੁਵਰਤੋਂ ਏਸ ਪਰੂ ਫਿਰ ਲੇਖਾ ਦੇਣਾ !
ਮਾਹਰ ਹੈ ਕਲਗੀਧਰ ਨਾ ਕਦੇ ਭੁਲੇਖਾ ਦੇਣਾ !!

ਸੁਣੀਂ ਫਕੀਰਾ ! ਇਕ ਗੱਲ ਆਪਾਂ ਐਵੇਂ ਲਈਏ ਨਾ ਪੰਗੇ।
ਇਨ ਪੰਗਿਆਂ ਨੂੰ ਲੈਂਦੇ ਲੈਂਦੇ ਜਾਈਏ ਆਪਾਂ ਟੰਗੇ।
ਜਾਈਏ ਆਪਾਂ ਟੰਗੇ ਫੇਰ ਨਹੀਂ ਕਿਸੇ ਛੁਡਾਉਂਣਾ।
ਸੀਖਾਂ ਪਿੱਛੇ ਬੈਠ ਫੂਣਫੂਣਾ ਪਰੂ ਵਜਾਉਂਣਾ।
ਅੰਦਰ ਬਹਿ ਪਰ ਲਿਖ ਦੇਖੀਏ ਇਹੁ ਤਮਾਸ਼ਾ !
ਇਕ ਦਿਹੁੰ ਪੈਣਾ ਨੱਚ ਜਗਤ ਵਿਚ ਪੈਣਾ ਹਾਸਾ !!

ਚੱਲ ਸੁਰਤੇ ! ਚੱਲ ਚੰਡੀਗੜ੍ਹ ਨੂੰ ਚੱਲ ਤੱਕੀਏ ਸਰਕਾਰਾਂ !
ਸੇਰ-ਸਿੰਘਾਸਨ ਮੱਲ ਬੈਠੀਆਂ ਕਿੰਵ ਗਿੱਦੜਾਂ ਦੀਆਂ ਮਾਰਾਂ !!
ਕਿੰਵ ਗਿੱਦੜਾਂ ਦੀਆਂ ਮਾਰਾਂ ਆਏ ਦਿਨ ਹੁਕਮ ਚਲਾਵਣ।
ਗੰਨਿਆਂ ਵਰਗੇ ਪੁੱਤ ਆਪਣੇ ਆਪ ਮਰਾਵਣ !
ਜੇ ਮਰਦੇ ਹਨ ਪੁੱਤ ਅਸਾਂ ਨੂੰ ਕਾਹਦਾ ਝੋਰਾ ?
ਪੈਂਦੀ ਸਾਨੂੰ ਬੋਟੀ ਤੇ ਨਾਲ ਦੁੱਧ - ਕਟੋਰਾ !!

'ਸਿੰਘ-ਬਹਾਦਰ' ਨਾਮ ਕਮਾਉਂਣਾ ਹੋਵੇ ਫੌਜ ਵਿਚ ਭਰਤੀ !
ਘਰ ਵਿਚ ਜੇਕਰ ਨਾਮ ਕਮਾਉਂਣਾ ਫੜ ਜਾਓ ਭਾਈ ਧਰਤੀ !!
ਫੜ ਜਾਓ ਭਾਈ ਧਰਤੀ ਸਿੰਘਣੀ ਸੰਗ ਨਿਹੁੰ ਜਤਾਈਏ !
ਬਰਤਨ ਮਾਂਜ ਪ੍ਰੇਮ ਸੰਗ ਨਿੱਤ ਹੂਵਰ ਲਾਈਏ !!
ਖੇਡੋ ਬੱਚਿਆਂ ਸੰਗ ਕਰੋ ਭਾਈ ਐਸੀ ਲੀਲਾ !
ਨੂੰਹ-ਪੁੱਤ ਟੰਗੇ ਕੰਮ ਸੇਰ ਸਿੰਘ ਮਾਂਜ ਪਤੀਲਾ !!!

ਲੂਣ ਤੇਲ ਤੇ ਲੱਕੜੀਆਂ ਦਾ ਪੈ ਗਿਆ ਕਿਹਾ ਸਿਆਪਾ !
ਪ੍ਰਤਾਪੀ ਦੇ ਪ੍ਰੇਮੋਂ ਖੁੰਝਿਆ ਵੇਖੋਂ ਕਿੰਵ ਪ੍ਰਤਾਪਾ !!
ਵੇਖੋ ਕਿੰਵ ਪ੍ਰਤਾਪਾ ਪਾਰਕ ਵਿਚ ਦਿੰਦਾ ਗੇੜੇ !
ਘੜੀ ਵੇਖ ਕਿੰਵ ਬੱਚਿਆਂ ਦੇ ਸੰਗ ਸਮਾਂ ਨਬੇੜੇ !!
ਕਹੇ ਬੈਂਚ ਤੇ ਆ ਪ੍ਰਤਾਪੀ ! ਸਾਹ ਲੈ ਲਈਏ !!
ਫਾਰਨ ਵਿਚ ਨਾ ਆਈਏ ਕਦੇ ਇਸ ਚੁਨ ਨਾ ਪਈਏ !!!

ਨਵੀਂ ਅਸਾਡੀ ਨੂੰਹ ਖਾਤਰੂ ਨਵੀਂ ਆਈ ਮੁਕਲਾਵੇ !
ਭਰਵੱਟੇ ਤਲਵਾਰਾਂ ਵਰਗੇ ਹਰ ਗੱਲ - ਕੱਖੇ ਵਾਹਵੇ !!
ਹਰ ਗੱਲ-ਕੱਖੇ ਵਾਹਵੇ ਕਰੇ ਹਰ ਗੱਲ ਦਾ ਕੁਤਰਾ !
ਜਾਇ ਰਸੋਈ ਪੀਏ ਵੋਦਕਾ ਕਹੇ ਸਭਨ ਕੋ ਪੁੱਤਰਾ !!
ਆਇਆ ਕਲਯੁਗ ਭਾਈ ਕਰੋ ਜੇ ਹੁੰਦੈ ਚਾਰਾ !
ਨਾ ਕੋਈ ਸਾਕ ਨਾ ਸੈਣ ਅਡੀ ਤੋਂ ਗੁਰੂ ਹਮਾਰਾ !!

(ਅਗਸਤ, 1995)

ਵਿਅੰਗ-ਵਢਾਂਗਾ

ਕੁਲ ਸਟੇਜੀਂ ਸਨ ਬੁੜ੍ਹਕਦੇ - ਲੈਣੈ ਖਾਲਿਸਤਾਨ !
ਖਾਤਕੂਆਂ ਦੀ ਸੱਜੀ ਬਾਂਹ ਹਾਂ ਅਸੀਂ ਉਹਨਾਂ ਦੀ ਜਾਨ !
ਅਸੀਂ ਉਹਨਾਂ ਦੀ ਜਾਨ ਪੈ ਗਿਐ ਕੰਮ ਪਰ ਠੰਢਾ ।
ਆਓ ਚਲਾਈਏ ਹੋਰ ਕਿਸੇ ਢੰਗ ਹਲਵਾ - ਮੰਡਾ ।
ਰੱਖ ਟੂਰਨਾਮੈਂਟ ਲੱਗੇ ਕੌਡੀ ਕਰਵਾਉਂਣੇ !
ਛੱਡ ਦੇਸ ਦੀ ਮੰਗ ਪੰਥ ਦੇ ਪੱਟ ਬਣਾਉਂਣੇ !!

ਵਿੰਛੜੀਂ ਨਾ ਪ੍ਰਧਾਨਗੀਏ ਨੀਂ ! ਮੈਂ ਨਹੀਂ ਜਿਉਂਦੇ ਰਹਿਣਾ !
ਬੁੱਢੇ-ਵਾਰੇ ਹੇ ਹਰਿਕਿਸਨੇ ! ਪਏ ਵਿਛੋੜਾ ਸਹਿਣਾ !!
(ਨਾ) ਪਏ ਵਿਛੋੜਾ ਸਹਿਣਾ-ਦਿੱਲੀ ਨੂੰ ਦੋਇ ਕਰ ਜੋੜਾਂ।
ਕਰੇ ਨਾ ਸੱਜਰੀ ਚੋਣ ਏਸ ਤੋਂ ਸਦ ਸਦ ਹੋੜਾਂ।
ਅੱਧੇ ਗਏ ਪ੍ਰਲੋਕ ਕੁਝ ਤਾਂ ਇਸ ਸਾਲ ਜਾਣਗੇ !
ਜਿਉਂਦੇ ਚੁਣਨ ਪ੍ਰਧਾਨ ਮੈਨੂੰ ਹੀ ਵੋਟ ਪਾਣਗੇ !!

ਮਾਲਦਾਰ ਹੇ ਸਿੱਖ-ਪ੍ਰਦੇਸੀ ! ਗੁਰ-ਘਰ ਆ ਬਣਵਾਈਏ !!
ਦਿੱਤਾ ਵਕਤ ਸਤਿਗੁਰਾਂ ਆਪਾਂ ਉਘੀ ਸੇਵ ਕਮਾਈਏ !
ਉਘੀ ਸੇਵ ਕਮਾਈਏ ਚਾਰ ਬੰਦੇ ਵੀ ਜਾਨਣ !
ਬਣ ਜਾਈਏ ਪ੍ਰਧਾਨ ਸੰਗਤ ਵਿਚ ਹੋਵੇ ਚਾਨਣ !!
ਦਿਲ ਤੇ ਘਰੇ ਹਨੇਰ ! ਏਸਨੂੰ ਮੋਏ ਨੇ ਪੁੱਛਣਾ ?
ਸਿੱਖੀਏ ਇੱਕੋ ਗੁਰ - ਕਿਸੇ ਕਿੰਵ ਦੇਣੀ ਤੁੱਖਣਾ ?

ਦਿੱਲੀ ਦੇ ਵਿਚ ਚੋਣ ਹੋਈ ਤੇ ਡਿੱਗਿਆ ਅਹੁ ਰਛਪਾਲ !
ਸੁਰਤ ਸਿੱਖਾਂ ਨੂੰ ਆਈ ਐਸੀ ਸਿੱਖ ਤੁਰੇ ਨਾ ਨਾਲ !!
ਸਿੱਖ ਤੁਰੇ ਨਾ ਨਾਲ ਭੋਲੇ - ਭਾਅ ਵੋਟਾਂ ਪਾ ਗਏ।
ਪਿੱਪਲ ਪੱਟ ਪੰਥ ਦੇ ਵਿਹੜੇ ਬੋਹੜ ਲਗਾ ਗਏ !
ਬਾਦਲ ਬੋਹੜ -ਸਮਾਨ ਖਾਓ ਰੱਜ ਗੋਹਲਾਂ ਭਾਈ !
ਅੰਬਰਸਰ ਤੇ ਦਿੱਲੀ ਦੋਹਾਂ ਨੂੰ ਹੋਏ ਵਧਾਈ !!

ਭਾਨ ਗਿਣਦਿਆਂ ਉਮਰਾ ਬੀਤੀ, ਕੰਮ ਨਾ ਆਇਆ ਲੋਟ !
ਬਣੋ ਲਿਖਾਰੀ ਬਣੋ ਭਿਖਾਰੀ-ਬੱਦਲ ਲਾ ਗਏ ਚੋਟ !!
ਬੱਦਲ ਲਾ ਗਏ ਚੋਟ-ਕਰੀ ਜਾਓ ਕਲਮ-ਘਸਾਈ !
ਬੱਕਰੇ ਬਣ ਜਾਓ ਆਪ ਜਿਹਨਾਂ ਤੇ ਲਿਖੋ ਕਸਾਈ !!
ਬਹੁਤੀ ਗਈ ਵਿਹਾਇ ਗੁਰਾਂ ਦੀ ਤੱਕੀਏ ਓਟ !
ਲਾਹ ਲੀਡਰਾਂ ਚੰਮ ਬਣੇ ਇਕ 'ਸਿੱਖ ਦੀ ਵੋਟ' !!

(ਅਗਸਤ, 1995)

ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ !

ਅਖੌਤੀ 'ਵਿਸ਼ਵ ਸਿੱਖ-ਸੰਮੇਲਨ' ਬਨਾਮ ਸਿੱਖ-ਮਸਲੇ

ਇਸ ਮਹੀਨੇ ਭਾਵ 21 ਤੋਂ 25 ਸਤੰਬਰ, 95 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਝੰਡੇ ਹੇਠ ਇਕ 'ਵਿਸ਼ਵ ਸਿੱਖ-ਸੰਮੇਲਨ' ਕਰਵਾਇਆ ਜਾ ਰਿਹਾ ਹੈ। ਜਾਤੀ ਤੌਰ ਤੇ ਮੇਰਾ ਵਿਚਾਰ ਹੈ ਕਿ ਅਜਿਹੇ ਸੰਮੇਲਨ/ਸਮਾਗਮ ਸਾਡੀਆਂ ਪ੍ਰਤੀਨਿਧ ਸਿੱਖ-ਸੰਸਥਾਵਾਂ, ਵਿਸ਼ੇਸ਼ਕਰ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸਮੇਂ ਸਮੇਂ ਜ਼ਰੂਰ ਬੁਲਾਏ ਜਾਂਦੇ ਰਹਿਣੇ ਚਾਹੀਦੇ ਹਨ, ਜਿਹਨਾਂ ਵਿਚ ਦੇਸ਼-ਵਿਦੇਸ਼ ਵਿਚਲੇ ਸਿੱਖ ਸਿਰ ਜੋੜ ਕੇ ਬੈਠਣ ਤੇ ਪੰਥ ਨੂੰ ਦਰਪੇਸ਼ ਮਾਮਲਿਆਂ ਤੇ ਸਿੱਖ-ਮਸਲਿਆਂ ਨੂੰ ਵਿਚਾਰ ਕੇ ਉਹਨਾਂ ਦੇ ਹੱਲ ਤਲਾਸ਼ ਕੀਤਾ ਕਰਨ। ਪਰ ਕੇਵਲ ਤੇ ਕੇਵਲ ਅਜਿਹੀ ਸੁੱਚੀ-ਭਾਵਨਾ ਨਾਲ ਬੁਲਾਏ ਸੰਮੇਲਨ ਹੀ ਕੌਮ ਦੀ ਬਿਹਤਰੀ ਲਈ ਲਾਹੇਵੰਦ ਸਾਬਤ ਹੋ ਸਕਦੇ ਹਨ।

ਇਹਨਾਂ ਸਤਰਾਂ ਦਾ ਮੰਤਵ ਸ਼੍ਰੋਮਣੀ ਕਮੇਟੀ ਵਲੋਂ ਕਰਵਾਏ ਜਾ ਰਹੇ ਉਪਰੋਕਤ 'ਵਿਸ਼ਵ ਸਿੱਖ-ਸੰਮੇਲਨ' ਦੇ ਪ੍ਰਸੰਗ ਵਿਚ ਇਹ ਵੇਖਣਾ-ਵਿਚਾਰਨਾ ਹੈ ਕਿ ਕੀ ਇਹ ਸੰਮੇਲਨ ਕਿਸੇ ਅਜਿਹੀ ਸੁੱਚੀ-ਭਾਵਨਾ ਨਾਲ ਹੀ ਬੁਲਾਇਆ ਗਿਆ ਹੈ ਜਿਸ ਵਿਚ ਵਰਤਮਾਨ ਪੰਥਕ ਜਾਂ ਕੌਮੀ-ਮਸਲਿਆਂ ਨੂੰ ਵਿਚਾਰ ਕੇ ਇਹਨਾਂ ਦਾ ਹੱਲ ਢੂੰਡ ਕੇ ਸਿੱਖਾਂ ਨੂੰ ਕੋਈ ਸੇਧ ਦਿੱਤੀ ਜਾਣੀ ਹੈ ਜਾਂ ਇਸਦਾ ਕੋਈ ਹੋਰ ਗੁੱਝਾ ਮੰਤਵ ਹੈ ?

ਸਿੱਖ-ਖੇਤਰ ਦੀਆਂ ਗਤੀ-ਵਿਧੀਆਂ ਨੂੰ ਗਹੁ ਨਾਲ ਵਾਚਣ ਵਾਲੇ ਚਿੰਤਨ-ਸਿੱਖਾਂ ਨੂੰ ਇਸ ਗੱਲ ਦਾ ਚੰਗੀ ਤਰਾਂ ਚੇਤਾ ਹੋਵੇਗਾ ਕਿ 'ਵਿਸ਼ਵ ਸਿੱਖ-ਸੰਮੇਲਨ' ਬੁਲਾਣ ਦਾ ਐਲਾਨ ਕੁਝ ਦੇਰ ਪਹਿਲੋਂ ਸੰਤ ਸੁੱਚਾ ਸਿੰਘ ਜਵੱਦੀ ਵਲੋਂ ਕੀਤਾ ਗਿਆ ਸੀ ਜਿਸ ਨੂੰ ਬਤੌਰ ਪ੍ਰਧਾਨ ਸ਼੍ਰੋਮਣੀ ਕਮੇਟੀ, ਟੌਹੜੇ ਨੇ ਆਪਣੇ ਲਈ ਇਕ ਚੈਲੰਜ-ਚੁਣੌਤੀ ਸਮਝ ਕੇ ਇਹ ਸੰਮੇਲਨ ਸ਼੍ਰੋਮਣੀ ਕਮੇਟੀ ਵਲੋਂ ਕਰਵਾਏ ਜਾਣ ਦਾ ਰੇੜਕਾ ਪਾਇਆ, ਜਿਸ ਕਾਰਨ ਕਾਫੀ ਵਾ-ਵੇਲੇ ਤੇ ਲੰਬੇ ਵਾਦ-ਵਿਵਾਦ ਉਪਰੰਤ ਹੁਣ ਇਹ ਸੰਮੇਲਨ ਸ਼੍ਰੋਮਣੀ ਕਮੇਟੀ ਦੀ ਛਤਰ-ਛਾਇਆ ਹੇਠ ਕਰਵਾਇਆ ਜਾ ਰਿਹਾ ਹੈ। ਇਸਤਰਾਂ ਇਹ ਸੰਮੇਲਨ ਬੁਲਾਉਣਾ ਟੌਹੜਾ-ਜੁੰਡਲੀ ਦੀ ਪੰਥ-ਪ੍ਰਤੀ ਕਿਸੇ ਸੁੱਚੀ-ਭਾਵਨਾ ਦਾ ਪ੍ਰਤੀਕ ਨਹੀਂ ਸਗੋਂ ਸੰਤ ਜਵੱਦੀ ਦੇ 'ਵਿਸ਼ਵ ਸਿੱਖ ਸੰਮੇਲਨ' ਬੁਲਾਉਣ ਦੇ ਐਲਾਨ ਮਗਰੋਂ ਈਰਖਾ-ਵਤ ਉਪਜਿਆ ਪ੍ਰਤੀਕ੍ਰਮ ਜਾਂ ਪ੍ਰਤੀਫਲ ਹੀ ਹੈ।

ਨਿਰਸੰਦੇਹ ਸੁੱਤਰਵਿਆਂ ਵਿਚ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਲਗਪਗ ਇਸੇ ਤਰਜ਼ ਦਾ ਇਕ ਸੰਮੇਲਨ ਕਰਵਾਇਆ ਗਿਆ ਸੀ ਜਿਸਦਾ ਮੰਤਵ ਸਮੇਂ ਦੇ ਪ੍ਰਸੰਗ ਵਿਚ ਸਿੱਖਾਂ ਵਿਚ ਧਾਰਮਿਕ ਪੁਨਰ-ਜਾਗਰਿਤੀ ਦੀ ਲਹਿਰ ਨੂੰ ਪ੍ਰਚੰਡ ਕਰਨਾ ਸੀ। ਟੌਹੜੇ ਦੇ ਕਾਲੇ-ਕਾਲ ਦੇ ਉਰਲੇ ਸਮੇਂ ਵਿਚ ਪੰਥ ਇਕ ਘੋਰ ਬਿਪਤਾ ਦੇ ਦੌਰ 'ਚੋਂ ਗੁਜ਼ਰਿਆ ਹੈ ਪਰ ਇਸ ਸੰਕਟਮਈ ਸਮੇਂ ਵਿਚ ਪੰਥ ਦੀ ਪੇਚੀਦਾ-ਸਮੱਸਿਆ ਦੇ ਸਮਾਧਾਨ ਲਈ ਅਜਿਹਾ ਕੋਈ ਸੰਮੇਲਨ ਬੁਲਾਣ ਦਾ ਪਹਿਲੋਂ ਟੌਹੜਾ-ਜੁੰਡਲੀ ਦੇ ਮਨ ਵਿਚ ਕਦੇ ਫੁਰਨਾ ਨਹੀਂ ਫੁਰਿਆ। ਕਾਰਨ ਪਰਤੱਖ ਸਨ, ਪਹਿਲਾ-ਦਿੱਲੀ ਨੂੰ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਦੀ ਦ੍ਰਾਅਵਤ ਦੇਣ ਵਾਲੇ ਇਹ ਲੋਕ ਖਾੜਕੂ-ਲਹਿਰ ਦੇ ਉਭਾਰ ਵੇਲੇ ਕਿਸੇ ਅਜਿਹੇ ਸੰਮੇਲਨ ਦਾ ਸਾਹਮਣਾ ਹੀ ਨਹੀਂ ਸਨ ਕਰ ਸਕਦੇ ਤੇ ਦੂਸਰਾ, ਸਿੱਖ-ਸਮੱਸਿਆ ਦੇ ਸਥਾਈ-ਸਮਾਧਾਨ ਅਥਵਾ ਪੱਕੇ ਹੱਲ ਭਾਵ ਸੁਤੰਤਰ ਸਿੱਖ-ਰਾਜ ਦੀ ਗੱਲ ਸਿੱਖਾਂ ਸਾਹਵੇਂ ਕਰਨ ਦਾ ਹਿਆਂ-ਹੌਂਸਲਾ ਇਹਨਾਂ ਤੋਂ ਹੋ ਹੀ ਨਹੀਂ ਸਕਦਾ। ਹੁਣ ਬੁਲਾਏ ਇਸ ਸੰਮੇਲਨ ਵਿਚ ਪੰਥ ਦੇ ਕਿਹੜੇ ਕਿਹੜੇ ਮਸਲੇ ਵਿਚਾਰੇ ਜਾਣੇ ਹਨ ? ਇਸਦੀ ਸੂਚੀ ਮੈਨੂੰ ਕਿਧਰੋਂ ਉਪਲਬਧ ਨਹੀਂ ਹੋ ਸਕੀ। ਸਿਰਫ ਅਖਬਾਰਾਂ ਵਿਚ ਇਸਦਾ 'ਗੋਲ-ਮੋਲ ਏਜੰਡਾ' ਪੜ੍ਹਨ ਦਾ ਅਵਸਰ ਹੀ ਮਿਲਿਆ ਹੈ। ਇਸ ਸਬੰਧ ਵਿਚ ਪ੍ਰੋ: ਮਨਜੀਤ ਸਿੰਘ ਜੀ ਤੇ ਟੌਹੜੇ ਦੇ ਬਿਆਨ ਵੀ ਪੜ੍ਹੇ ਹਨ ਜਿਹਨਾਂ ਅਨੁਸਾਰ ਇਸ ਸੰਮੇਲਨ ਦੇ ਏਜੰਡੇ ਦੀ ਭਾਸ਼ਾ-ਸ਼ਬਦਾਵਲੀ ਤੇ ਪ੍ਰੋਗਰਾਮ ਉਸੇ ਤਰਾਂ ਦੀ ਰਵਾਇਤੀ ਹੈ ਜਿਸਤਰਾਂ ਦੀ ਰਵਾਇਤੀ ਇਹ ਸ਼੍ਰੋਮਣੀ ਕਮੇਟੀ ਦੀ ਸੁਆਰਥੀ ਸਿੱਖ-ਲੀਡਰਸ਼ਿਪ ! ਜਿਹੋ ਜਿਹੀ ਨੰਦੋ ਬਾਹਮਣੀ ਉਹੋ ਜਿਹਾ ਘੁੱਦੂ ਜੇਠ ! ਦਿੱਲੀ ਦੇ

ਬ੍ਰਾਹਮਣ-ਸੈਕੂਲਰਇਜ਼ਮ ਦੇ ਢੌਂਗ ਨਾਲ ਭਾਰਤ ਵਿਚ ਹੋਰਾਂ ਵਰਗੇ ਘੱਟ-ਗਿਣਤੀਆਂ ਦਾ ਸ਼ੋਸ਼ਣ ਕਰਦੇ ਭਾਵ ਉਹਨਾਂ ਨੂੰ ਠੱਗਦੇ ਹਨ ਪਰ ਇਸ 'ਸੁਬਤ ਦੇ ਭਲੇ' ਦੀ ਭਾਵਨਾ ਦਾ ਪ੍ਰਭਾਵ ਦਿੰਦੇ 'ਗੁਰਮਤਿ ਸਮਾਗਮ' ਅਥਵਾ 'ਵਿਸ਼ਵ ਸਿੱਖ ਸੰਮੇਲਨ' ਬਾਰੇ ਪੜ੍ਹ ਕੇ ਮੈਨੂੰ ਇੰਞ ਮਹਿਸੂਸ ਹੋਇਆ ਹੈ ਜਿਵੇਂ ਇਸ ਸੰਮੇਲਨ ਦੇ ਕਰਤੇ-ਧੌਧਰੀਆਂ ਨੂੰ ਸਿੱਖ 'ਸੁਬੱਤ' ਵਿਚ ਆਉਂਦੇ ਨਹੀਂ ਦਿਸਦੇ ਤੇ ਉਹ ਇਸ ਸੰਮੇਲਨ ਰਾਹੀਂ ਸਿੱਖਾਂ ਨੂੰ ਹੀ ਠੱਗਦੇ ਅਥਵਾ ਉਹਨਾਂ ਨਾਲ ਧੋਖਾ-ਦੇਹੀ ਕਰ ਰਹੇ ਹਨ। ਜਾਪਦਾ ਹੈ ਕਿ ਇਸ ਅਖੌਤੀ 'ਵਿਸ਼ਵ ਸਿੱਖ-ਸੰਮੇਲਨ' ਵਿਚ ਸਿੱਖਾਂ ਦੇ ਮੌਜੂਦਾ ਮੁਖਦੇ-ਮਸਲਿਆਂ ਨੂੰ ਬਾਈਪਾਸ ਕਰਕੇ ਇਕ ਫੈਸ਼ਨ ਵਾਂਗ ਉਹਨਾਂ ਅੱਗੇ ਸਿੱਖੀ-ਸਿਧਾਂਤਾਂ ਦੀ ਕਥਾ-ਚਰਚਾ ਕਰ ਕੇ ਅਥਵਾ ਸਿੱਖਾਂ ਨੂੰ ਧਾਰਮਿਕ-ਅਧੋਗਤੀ ਵਿਚੋਂ ਕੱਢਣ, ਦੇਸ਼-ਵਿਦੇਸ਼ ਵਿਚ ਆਪਣੀ ਬੋਲੀ, ਧਰਮ ਤੇ ਸਭਿਆਚਾਰ ਨਾਲ ਜੋੜਨ, ਤੇ ਸਿੱਖਾਂ ਨੂੰ ਆਪਣੇ ਅਮੀਰ ਵਿਰਸੇ ਨੂੰ ਸਾਂਭਣ-ਸੰਭਾਲਣ ਦੇ ਉਪਦੇਸ਼-ਇਸ਼ਾਰੇ ਹੀ ਕੀਤੇ ਜਾਣਗੇ ਤੇ ਸਿੱਖੀ ਨਾਲ ਜ਼ੁਬਾਨੀ ਹੇਜ ਜਤਲਾ ਅਥਵਾ ਵਿਸ਼ੇਸ਼ਕਰ ਵਿਦੇਸ਼ੀ ਸਿੱਖਾਂ ਦੀ ਨਬਜ਼ ਟੋਹ ਕੇ ਤੇ ਸਿੱਖਾਂ ਸਾਹਵੇਂ ਆਪਣੀ ਚੌਧਰ ਚਮਕਾ ਕੇ ਇਸ ਸੰਮੇਲਨ ਦੀ ਸਮਾਪਤੀ ਕਰਕੇ ਟੌਹੜਾ-ਵਾਧੇ ਵਲੋਂ ਇਸ ਸੰਮੇਲਨ ਦੀ ਸਫਲਤਾ ਦੇ ਸੋਹਲੇ ਗਾਏ ਜਾਣਗੇ।

ਨਿਰਸੰਦੇਹ ਪੰਥ ਉਤੇ ਸੰਕਟ ਸਮੇਂ 'ਸਰਬੱਤ ਖਾਲਸਾ' ਬੁਲਾਉਣਾ ਸਾਡੀ ਸਿੱਖਾਂ ਦੀ ਸ਼ਾਨਦਾਰ-ਪ੍ਰੰਪਰਾ ਹੈ, ਜੋ ਅੱਜ ਦੇ ਲੋਕ-ਰਾਜਾਂ ਲਈ ਪ੍ਰੇਰਨਾ ਸ੍ਰੋਤ ਹੈ। ਸੁਬੱਤ-ਖਾਲਸੇ ਵਿਚ ਆਮ ਸਿੱਖਾਂ ਦੀ ਰਾਇ ਲੈ ਕੇ ਸਿੱਖ-ਲੀਡਰਸ਼ਿਪ ਉਸਨੂੰ ਖਿੜੇ-ਮੱਥੇ ਸਵੀਕਾਰ ਕਰਕੇ ਉਸ ਸਾਹਵੇਂ ਸਿਰ ਝੁਕਾ, ਸਿੱਖਾਂ ਦਾ ਸਤਿਕਾਰ ਕਰ ਉਸਦੀ ਰੌਸ਼ਨੀ 'ਚ ਪੰਥ ਦੀ ਚੜ੍ਹਦੀ-ਕਲਾ ਲਈ ਤੁਰਦੀ ਰਹੀ ਹੈ ਪਰ ਅੱਜ ਆਲਮ ਇਹ ਹੈ ਕਿ ਅੱਧੀ ਦਰਜਣ ਤੋਂ ਘੱਟ-ਸੁਆਰਥੀ, ਗੰਦਾਰ ਤੇ ਸਿਧਾਂਤ-ਹੀਣ ਅਖੌਤੀ-ਲੀਡਰ ਕੌਮ ਨੂੰ ਭੇਡਾਂ-ਬੱਕਰੀਆਂ ਜਾਣ ਕੇ ਮਨ-ਚਾਹੀ ਦਿਸ਼ਾ ਵੱਲ ਹੱਕ, ਧੱਕ ਤੇ ਤੋਰ ਰਹੇ ਹਨ। ਪਰ ਜੇ ਗੁਰੂ ਕੇ ਸਿੱਖ 'ਸਿੰਘ' ਅਥਵਾ ਸ਼ੇਰ ਹਨ ਤਾਂ ਉਹਨਾਂ ਨੂੰ ਇਸ ਗੀਦੀ-ਗੰਦਾਰ ਲੀਡਰਸ਼ਿਪ ਨੂੰ ਵਿਸ਼ੇਸ਼ਕਰ ਪੰਥ ਦੇ ਅਜਿਹੇ ਸੰਕਟ-ਕਾਲ ਵਿਚ ਸਿੱਧੇ ਰਸਤੇ ਤੁਰਨ ਲਈ ਵੰਗਾਰਨਾ ਹੋਏਗਾ ਨਾ ਕਿ ਭੇਡਾਂ ਵਾਂਗੂਰ ਉਹਨਾਂ ਮਗਰ ਸਿਰ ਸੁੱਟਕੇ ਤੁਰਨਾ ਹੋਏਗਾ।

'ਵਿਸ਼ਵ ਸਿੱਖ-ਸੰਮੇਲਨ' ਅੱਜ ਸਿੱਖਾਂ ਦੇ ਤਿੱਲ-ਫੁੱਲ ਨਾਲ ਚਲਦੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ-ਕਮੇਟੀ ਬੁਲਾਉਂਦੀ ਹੈ। ਜੀ ਸਦਕੇ ਬੁਲਾਵੇ-ਸਿੱਖਾਂ ਦੇ ਵੀ ਧੰਨ ਭਾਗ ਹਨ ! ਪਰ ਸਿੱਖਾਂ ਦੀ ਬਦਕਿਸਮਤੀ ਨਾਲ ਸਿੱਖਾਂ ਦੀ ਇਸ ਸਰਬੋਤਮ-ਸੰਸਥਾ ਉਤੇ "ਧਰਮਰਾਜ ਦਾ ਸੱਦਾ ਆਉਂਣ ਤੱਕ" ਪ੍ਰਧਾਨ ਬਣੇ ਰਹਿਣ ਦੇ ਤਲਬਗਾਰ ਟੌਹੜੇ ਤੇ ਉਸਦੀ ਜੁੰਡਲੀ ਨੂੰ ਵਿੱਦਿਤ ਹੋਵੇ ਕਿ ਇਸ ਸੰਮੇਲਨ ਵਿਚ ਵਿਚਾਰ-ਅਧੀਨ ਸਿੱਖਾਂ ਦਾ ਮੁੱਖ ਮਸਲਾ ਹੈ-ਸੁਤੰਤਰ ਸਿੱਖ-ਰਾਜ ਅਥਵਾ ਖਾਲਿਸਤਾਨ ਦਾ ! ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ 29 ਅਪ੍ਰੈਲ 1986 ਨੂੰ ਐਲਾਨਿਆ ਗਿਆ ਤੇ ਇਸਦਾ ਘੱਟੋ-ਘੱਟ ਪਹਿਲਾ ਤੇ ਤੁਹਾਡਾ ਸ੍ਰੀ ਅਕਾਲ ਤਖਤ ਉਤੇ ਪ੍ਰਣ ਕਰਕੇ ਐਲਾਨਿਆ ਪੜਾਅ ਹੈ "ਅੰਮ੍ਰਿਤਸਰ-ਐਲਾਨਨਾਮਾ" ! ਜੇ ਤੁਸੀਂ ਸ੍ਰੀ ਅਕਾਲ ਤਖਤ ਸਾਹਵੇਂ ਸਿੱਖਾਂ ਨੂੰ ਇਸ ਤੇ ਡਟਣ ਲਈ ਕਹਿੰਦੇ ਤੇ ਵਿਰੋਧੀਆਂ ਉਤੇ ਇਸ ਤੋਂ ਭੱਜਣ ਦੇ ਇਲਜ਼ਾਮ ਲਾਉਂਦੇ ਰਹੇ ਹੋ ਤਾਂ ਤੁਸੀਂ ਆਪ ਤਾਂ ਇਸ ਤੇ ਖੜ੍ਹੋ! ਇਸ ਸੰਮੇਲਨ 'ਚ ਸਿੱਖ-ਨਿਸ਼ਾਨੇ ਜਾਂ ਘੱਟੋ-ਘੱਟ ਇਸਦੇ ਪਹਿਲੇ ਪੜਾਅ ਅਥਵਾ 'ਅੰਮ੍ਰਿਤਸਰ-ਐਲਾਨਨਾਮੇ' ਦੀ ਪੂਰਤੀ-ਪ੍ਰਾਪਤੀ ਲਈ ਵਿਚਾਰ ਕਰਕੇ ਅਮਲ ਲਈ ਸੋਚੋ। ਦੇਸ਼-ਵਿਦੇਸ਼ ਦੀਆਂ ਜਿਹਲਾਂ ਵਿਚ ਕਿੰਨੇ ਨਿਹੱਕੇ ਸਿੱਖ-ਸੜ ਰਹੇ ਹਨ-ਸੰਮੇਲਨ ਵਿਚ ਉਹਨਾਂ ਦੀ ਰਿਹਾਈ ਲਈ ਕਾਗਜ਼ੀ-ਮਤੇ ਨਹੀਂ, ਕੋਈ ਠੋਸ ਪ੍ਰੋਗਰਾਮ ਉਲੀਕੋ। ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ 'ਚ ਦੰਗਿਆਂ ਦੇ ਜ਼ਿਮੇਵਾਰਾਂ ਨੂੰ ਸਜ਼ਾਵਾਂ ਦਿਵਾਉਂਣ ਲਈ ਅੰਦੋਲਨ ਵਿੱਢਣ ਦਾ ਪ੍ਰੋਗਰਾਮ-ਉਲੀਕੋ ਜਾਂ ਘੱਟੋ-ਘੱਟ ਕੇਂਦਰ ਦੇ ਕਰਿੰਦੇ ਤੇ ਤਾਬਿਆਦਾਰ ਤਾਂ ਨਾ ਬਣੋ। ਤੁਹਾਡੀ ਕੌਮ ਦੇ ਭਵਿੱਖ ਲਈ ਜਿਹੜੇ ਤੁਹਾਡੇ ਪੁੱਤ ਜ਼ਿੰਦਗੀਆਂ ਲਾ ਗਏ ਹਨ, ਸਿੱਖਾਂ ਦੀ ਸਮਰੱਥਾ ਸਹਾਰੇ ਗੰਦੀਆਂ ਭੋਗਦਿਓ! ਤੁਸੀਂ ਸਿੱਖਾਂ-ਬਖਸ਼ੀਆਂ ਸੰਸਥਾਵਾਂ ਰਾਹੀਂ ਹੀ ਉਹਨਾਂ ਦੇ ਪ੍ਰਵਾਰਾਂ ਦੀ ਬਾਂਹ ਫੜਨ ਦਾ ਕੋਈ ਵਿੰਢੂਣ ਵਿੰਢੋ। ਕੋਈ ਬ੍ਰਾਨਣੂੰ ਬ੍ਰੰਨੋ !

ਖਾਲਿਸਤਾਨ ਦੀ ਪ੍ਰਾਪਤੀ ਜਿਹਾ ਹੀ ਮਸਲਾ ਹੈ ਸਿੱਖਾਂ ਸਾਹਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਆਜ਼ਾਦੀ ਦਾ ਮਸਲਾ ! ਅੱਜ ਪ੍ਰਸਥਿਤੀਆਂ ਨੇ ਅਕਾਲ ਪੁਰਖ ਦੀ ਫੌਜ ਆਜ਼ਾਦ-ਖਾਲਸਾ

ਦਾ ਜਰਨੈਲ ਹੀ ਗੁਲਾਮ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਤੇ ਕਾਬਜ਼ ਟਹੜ ਵਰਗ ਲੋਕ ਆਜ ਕਿਸ 'ਆਪਣੇ ਬੰਦੇ' ਨੇ ਭਾਲ-ਟੋਲ ਕੇ ਇਸ 'ਨੌਕਰੀ' ਉਤੇ ਲਾਉਂਦੇ ਹਨ ਤੇ ਮਗਰੋਂ ਉਸਨੂੰ ਆਪਣੀ ਸਿਆਸੀ-ਹਵਸ ਲਈ ਵਰਤ ਕੇ 'ਦਲ-ਭੰਜਨ ਗੁਰ ਸੂਰਮੇ' ਦੀ ਸਥਾਪਤ ਕੀਤੀ ਇਸ ਸੰਸਥਾ ਦੇ ਸਤਿਕਾਰ ਨੂੰ ਸੱਟ ਮਾਰਦੇ ਹਨ। ਇਹ ਕੁਝ ਭਖਦੇ ਮਸਲੇ ਹਨ ਪੰਥ ਦੇ, ਜਿਹਨਾਂ ਬਾਰੇ ਜੇ ਇਹ ਸੰਮੇਲਨ ਸੱਦਿਆ ਹੈ ਤਾਂ ਇਸ ਵਿਚ-ਵਿਚਾਰ ਕਰਕੇ ਨਿਰਣੇ ਲੈਣੇ ਬਣਦੇ ਹਨ। ਪਰ ਜੇ ਇਸ ਸੰਮੇਲਨ ਵਿਚ ਇਹ ਮਸਲੇ ਵਿਚਾਰ ਕੇ ਨਹੀਂ, ਤਰ ਕੇ ਲੂਣ ਘਸਾ ਕੇ ਤੇ ਸਿੱਖਾਂ ਸਾਹਵੇਂ ਆਪਣੀ ਲੀਡਰੀ ਦਾ ਜਲੌਅ ਵਿਖਾਣ ਦਾ ਹੀ ਜਲਵਾ ਹੈ ਤਾਂ "ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ!"

ਇਕ ਇਤਲਾਹ ਅਨੁਸਾਰ ਟੌਹੜਾ-ਜੁੰਡਲੀ ਨੇ ਉਹਨਾਂ ਲੋਕਾਂ ਨੂੰ ਇਸ ਸੰਮੇਲਨ ਵਿਚ ਸੱਦਿਆ ਹੈ ਜੋ 'ਖਾਲਿਸਤਾਨ ਦੀ ਗੱਲ ਭੁੱਲ ਕੇ ਵੀ ਇਸ ਸੰਮੇਲਨ ਵਿਚ ਨਾ ਕਰਨ'। ਇਸ ਗੱਲ ਦੀ ਤਸਦੀਕ ਟੌਹੜੇ ਦਾ ਉਹ ਬਿਆਨ ਵੀ ਕਰਦਾ ਹੈ ਜਿਸ 'ਚ ਉਹ ਡਾ: ਔਲਖ ਤੇ ਡਾ: ਜਗਜੀਤ ਸਿੰਘ ਨੂੰ 'ਵਿਸ਼ੇਸ਼ ਸੱਦੇ' ਨਾ ਭੇਜਣ ਦੀ ਗੱਲ ਕਹਿੰਦਾ ਹੈ। ਇਸਦਾ ਸਪੱਸ਼ਟ-ਅਰਥ ਹੈ ਕਿ ਟੌਹੜਾ ਸੁਤੰਤਰ ਸਿੱਖ-ਰਾਜ ਦੇ ਪੂਰਾ ਵਿਰੋਧ ਵਿਚ ਤੇ ਕੁਰਸੀ ਕਾਇਮ ਰੱਖਣ ਲਈ ਕੇਂਦਰ ਨਾਲ ਖੜਾ ਹੈ। ਪਰ ਜੇ ਉਹ ਕਹਿੰਦਾ ਹੈ ਕਿ ਜੇ ਡਾ: ਜਗਜੀਤ ਸਿੰਘ ਇਥੇ ਭਾਵ ਪੰਜਾਬ ਆਏਗਾ ਤਾਂ ਉਸ ਨੂੰ ਭਾਰਤ ਸਰਕਾਰ ਹੀ ਲਿਆਏਗੀ ਤਾਂ ਟੌਹੜੇ ਤੋਂ ਪੁੱਛਣਾ ਬਣਦਾ ਹੈ ਕਿ ਜਿਹੜੇ ਲੋਕ ਇਸ ਅਖੌਤੀ 'ਵਿਸ਼ਵ ਸਿੱਖ-ਸੰਮੇਲਨ' ਵਿਚ ਵਿਦੇਸ਼ਾਂ ਤੋਂ ਜ਼ੋਰ ਪਾ ਪਾ ਕੇ ਮੰਗਵਾਏ ਜਾ ਰਹੇ ਹਨ ਇਹਨਾਂ ਨੂੰ ਵੀ ਭਾਰਤ ਸਰਕਾਰ ਦੀ ਅਸ਼ੀਰਵਾਦ ਪ੍ਰਾਪਤ ਹੈ ਜਾਂ ਇਹਨਾਂ ਦੀ ਸਿਫਾਰਸ਼ ਗੱਦਾਰ ਅਖੌਤੀ ਸਿੱਖ-ਲੀਡਰਾਂ ਨੇ ਕੀਤੀ ਹੈ ? ਜੇ ਖਾਲਿਸਤਾਨ-ਪੱਖੀ ਸਿੱਖਾਂ ਦਾ ਪੰਜਾਬ 'ਚ ਵੜਨਾ ਮਨ੍ਹਾ ਹੈ ਤੇ ਤੁਸੀਂ ਖਾਲਿਸਤਾਨ ਪੱਖੀ ਸਿੱਖਾਂ ਨੂੰ ਇਸ ਸਮਾਗਮ ਤੋਂ ਪਰ੍ਹੇ ਰੱਖ ਰਹੇ ਹੋ ਤਾਂ ਇਹ ਸੰਮੇਲਨ ਕਿਸ ਕੌਮ ਦੇ ਲੀਡਰ ਕਹਾਉਂਣ ਨਾਤੇ, ਕਿਸ ਕੌਮ ਦੇ ਖਰਚ ਉਤੇ ਕਿਹਤੀ ਕੌਮ ਦੇ ਭਵਿੱਖ ਲਈ ਹੋ ਰਿਹਾ ਹੈ ?

ਘੋਰ-ਕੁਰਬਾਨੀਆਂ ਦੇ ਦੌਰ 'ਚੋਂ ਗੁਜ਼ਰੇ ਸਿੱਖਾਂ ਨੂੰ ਅੱਜ ਸੋਚਣਾ ਚਾਹੀਦਾ ਹੈ ਕਿ ਜੇ ਸਿੱਖਾਂ ਦੇ ਧਾਨ ਤੇ ਲੀਡਰੀਆਂ ਭੋਗਦੀ ਟੌਹੜਾ-ਜੁੰਡਲੀ ਅੱਜ ਸਿੱਖਾਂ ਦੇ ਫੌਰੀ-ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਕੇ ਜਾਂ ਸਿੱਖ-ਨਿਸ਼ਾਨੇ ਵਲੋਂ ਸਿੱਖਾਂ ਦੀਆਂ ਅੱਖਾਂ ਬਿਤਕਾ ਕੇ ਕੇਂਦਰ, ਨੂੰ ਖੁਸ਼ ਰੱਖਕੇ ਕੁਰਸੀਆਂ ਮੱਲੀ ਰੱਖਣ ਲਈ ਇਸ ਅਖੌਤੀ 'ਵਿਸ਼ਵ ਸਿੱਖ ਸੰਮੇਲਨ' ਵਿਚੋਂ ਪੰਜਾਬ 'ਚੋਂ ਸ: ਮਾਨ ਤੇ ਵਿਦੇਸ਼ਾਂ 'ਚ ਵਸਦੇ ਖਾਲਿਸਤਾਨੀ-ਸਿੱਖਾਂ ਨੂੰ ਪਾਸੇ ਰੱਖ ਰਹੀ ਹੈ ਤਾਂ ਇਹ ਸੰਮੇਲਨ ਸੰਸਾਰ ਦੇ ਸਿੱਖਾਂ ਦਾ ਸਿੱਖ-ਮੁੱਦਿਆਂ ਨੂੰ ਵਿਚਾਰਨ ਤੇ ਉਹਨਾਂ ਦਾ ਹੱਲ ਢੂੰਡਣ ਲਈ ਸੱਦਿਆ ਸੰਮੇਲਨ ਨਹੀਂ। ਇਹ ਸੰਮੇਲਨ ਸਿਰਫ ਉਹਨਾਂ ਕੁਝ ਕੇਂਦਰ ਦੇ ਪਾਲਤੂ-ਲੀਡਰਾਂ ਦਾ ਸੰਤ ਜਵੰਦੀ ਦੇ ਐਲਾਨੇ ਸੰਮੇਲਨ ਦੇ ਵਿਰੋਧ ਵਿਚ ਈਰਖਾ-ਵੱਸ ਸੱਦਿਆ ਸੰਮੇਲਨ ਹੈ ਜਿਸ ਵਿਚ ਉਹ ਸਿੱਖ-ਸੰਘਰਸ਼ ਦਾ ਸ਼ਰੇਆਮ ਵਿਰੋਧ ਕਰਕੇ ਦਿੱਲੀ ਨਾਲ ਭਿਆਲੀ ਪਾਲ ਰਹੇ ਹਨ।

ਮੇਰੇ ਵਿਚਾਰ ਵਿਚ ਇਹ ਸੰਮੇਲਨ ਸਿੱਖਾਂ ਲਈ ਇਕ ਕਸਵੱਟੀ ਦਾ ਕੰਮ ਵੀ ਕਰੇਗਾ ਕਿਉਂਕਿ ਜਿਹੜੇ ਲੇਖਕ, ਬੁੱਧੀਜੀਵੀ, ਧਾਰਮਿਕ-ਸਮਾਜਿਕ ਤੇ ਰਾਜਨੀਤਕ-ਨੇਤਾ ਇਸ 'ਚ ਸ਼ਾਮਲ ਹੋਣਗੇ ਉਹ ਨਿਸਚੇ ਹੀ ਉਹਨਾਂ ਸਫਾਂ 'ਚ ਗਿਣੇ ਜਾਣਗੇ ਜੋ ਇਹਨਾਂ ਮੌਕਾ-ਪ੍ਰਸਤ ਲੀਡਰਾਂ ਮਗਰ ਅਥਵਾ ਸਿੱਖ-ਸੰਘਰਸ਼ ਜਾਂ ਸਿੱਖ-ਸੁਤੰਤਰਤਾ ਦੇ ਵਿਰੋਧ ਵਿਚ ਖੜੇ ਹਨ।

ਦੇਸ਼-ਵਿਦੇਸ਼ ਵਿਚਲੇ ਸੁਹਿਰਦ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਅੱਜ ਕੌਮ ਉਤੇ ਬਿਪਤਾ ਦੇ ਸਮੇਂ ਸੁਜਾਖੇ ਹੋ ਕੇ ਤੁਰਨ ਤੇ ਇਹਨਾਂ ਸੁਆਰਥੀ ਅਖੌਤੀ ਸਿੱਖ-ਲੀਡਰਾਂ ਦੇ ਇਸ ਫਰੇਬੀ-ਜਾਲ ਵਿਚ ਫਸ ਕੇ ਕੇਂਦਰ ਦੀ ਗੁਲਾਮੀ ਦੇ ਖੂਹ ਵਿਚ ਨਾ ਡਿੱਗਣ ਸਗੋਂ ਇਸ ਸਮਾਗਮ ਤੋਂ ਬਾਹਰ ਰਹਿ ਕੇ ਆਪਣੇ ਸਾਧਨਾਂ ਰਾਹੀਂ ਇਹਨਾਂ ਦਗੇਬਾਜ਼ ਕੇਂਦਰ ਦੇ ਦੂੰਮ-ਛੱਲਿਆਂ ਤੋਂ ਪੁੱਛਣ ਕਿ ਜੇ ਇਹ ਸੰਮੇਲਨ ਭਖਦੇ ਸਿੱਖ-ਮਸਲਿਆਂ ਨੂੰ ਵਿਚਾਰਨ ਲਈ ਨਹੀਂ ਰੱਖਿਆ ਤਾਂ ਰੱਖਿਆ ਕਿਸ ਲਈ ਹੈ ? ਕੇਵਲ ਕੇਂਦਰ ਦੀ ਖੁਸ਼ੀ ਹਾਸਲ ਕਰਨ ਲਈ ?

(9 ਸਤੰਬਰ, 1995)

ਵਰਤਮਾਨ ਪੰਥਕ ਹਾਲਾਤ-ਖ਼ਤਰੇ ਤੇ ਖ਼ਦਸ਼ੇ !

ਸਿੱਖ-ਸੰਮੇਲਨ ਇਕ ਫੋਕਾ ਫਾਇਰ ਕਿ ਗੰਭੀਰ-ਸਾਜ਼ਿਸ਼ ?

ਰਵਾਇਤੀ ਅਕਾਲੀ ਲੁੰਗ-ਲਾਣੇ ਦੀ ਅਰਧੰਗੀ ਟੌਹੜਾ-ਜੁੰਡਲੀ ਵਲੋਂ ਸਿੱਖਾਂ ਦੀਆਂ ਦੋ ਪ੍ਰਮੁੱਖ ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਵਿੱਤਰ ਨਾਂ ਵਰਤ ਕੇ ਕਰਵਾਇਆ ਅਖੌਤੀ 'ਵਿਸ਼ਵ ਸਿੱਖ ਸੰਮੇਲਨ' ਆਖਰ ਪਿਛਲੇ ਮਹੀਨੇ ਨਿਰਵਿਘਨ ਸਮਾਪਤ ਹੋ ਗਿਆ। ਭਾਵੇਂ ਏਨੀ ਭਾਰੀ ਸਰਕਾਰੀ-ਸੁਰੱਖਿਆ ਤੇ ਪੁਲੀਸ-ਪ੍ਰੋਟੈਕਸ਼ਨ ਨਾ ਵੀ ਹੁੰਦੀ ਇਸ ਵਿਚ ਕਿਸੇ ਵਿਘਨ ਦੀ ਕਦਾਚਿਤ ਵੀ ਕੋਈ ਸੰਭਾਵਨਾ ਨਾ ਸੀ। ਪਰ ਇਸਦੀ ਸਮਾਪਤੀ ਪਿੱਛੋਂ ਹੁਣ ਚਿੰਤਨ, ਸੁਝਾਵਾਨ ਤੇ ਸੁਹਿਰਦ ਸਿੱਖਾਂ ਦੇ ਵਿਚਾਰਨ, ਘੋਖਣ ਤੇ ਨਿਤਾਰਨ ਵਾਲੀ ਗੱਲ ਇਹ ਹੈ ਕਿ ਇਸ ਨਾਜ਼ੁਕ ਮੋੜ ਉਤੇ ਕੌਮ ਦੇ ਏਡੇ ਵੱਡੇ ਖਰਚੇ ਨਾਲ ਕਰਵਾਏ ਗਏ ਇਸ ਸੰਮੇਲਨ 'ਚੋਂ ਸਿੱਖਾਂ ਨੇ ਕੀ ਖੱਟਿਆ ਤੇ ਕੀ ਗਵਾਇਆ ਹੈ ?

ਕਹਿਣ ਨੂੰ ਤਾਂ ਟੌਹੜਾ-ਜੁੰਡਲੀ ਵਲੋਂ ਇਸ ਸੰਮੇਲਨ ਸੰਬੰਧੀ ਸਿੱਧੇ-ਅਸਿੱਧੇ ਤਰੀਕੇ ਨਾਲ ਸਿੱਖਾਂ ਵੱਲੋਂ ਸੁਝਾਅ ਵੀ ਮੰਗੇ ਗਏ ਸਨ। ਦੇਸ਼-ਵਿਦੇਸ਼ ਵਿਚੋਂ ਇਸ ਸੰਬੰਧੀ ਸਿੱਖਾਂ ਦੇ ਸੁਝਾਅ-ਪੱਤਰ ਸ਼੍ਰੋਮਣੀ ਕਮੇਟੀ ਤੱਕ ਪਹੁੰਚੇ ਵੀ ! ਇੰ: ਸਿ: ਯੂ: ਫੈਡਰੇਸ਼ਨ (ਯੂ. ਕੇ.) ਅਤੇ ਹੋਰ ਵਿਦੇਸ਼ੀ ਜਥੇਬੰਦੀਆਂ/ਸੰਸਥਾਵਾਂ ਨੇ ਸੰਮੇਲਨ ਵਿਚ ਵਿਚਾਰਨ ਵਾਲੇ ਮਸਲਿਆਂ ਬਾਰੇ ਆਪਣੀ ਰਾਇ ਭੇਜੀ। ਬੱਬਰ ਖਾਲਸਾ ਵਲੋਂ ਜਰਮਨ 'ਚੋਂ ਉਚੇਚੇ ਉਦੱਮ ਰਾਹੀਂ ਭੇਜੇ ਮਤੇ ਸੰਮੇਲਨ ਦੇ ਰਾਮ ਬਾਗ ਅੰਮ੍ਰਿਤਸਰ 'ਚ ਹੋਏ ਖੁਲ੍ਹੇ ਇਜਲਾਸ ਵਿਚ ਵੀ ਵੰਡੇ ਗਏ। ਪਰ ਸਿੱਖਾਂ ਵਲੋਂ ਭੇਜੇ ਗਏ ਇਹਨਾਂ ਮਤਿਆਂ-ਸੁਝਾਵਾਂ ਨਾਲ ਟੌਹੜਾ-ਜੁੰਡਲੀ ਨੂੰ ਨਾ ਕੋਈ ਸਰੋਕਾਰ ਸੀ ਨਾ ਲਗਾਅ ! ਇਹਨਾਂ ਸੁਝਾਵਾਂ ਉਤੇ ਸੰਮੇਲਨ ਵਿਚ ਅਮਲ ਕਰਨ ਵੱਲ ਤੁਰਨ ਦੀ ਗੱਲ ਤਾਂ ਦੂਰ ਰਹੀ ਸਗੋਂ ਭਖਦੇ ਸਿੱਖ-ਮਸਲਿਆਂ ਸੰਬੰਧੀ ਦੋ ਸਬਦ ਕਹਿਣ ਤੋਂ ਵੀ ਗੁਰੇਜ਼ ਕੀਤਾ ਗਿਆ। ਅਜਿਹੇ ਖਦਸ਼ੇ ਦਾ ਇਜ਼ਹਾਰ ਮੈਂ ਸੰਮੇਲਨ ਤੋਂ ਪਹਿਲੋਂ ਹੀ ਲਿਖੇ ਆਪਣੇ ਇਕ ਲੇਖ ਵਿਚ ਸਿੱਖਾਂ ਸਾਹਵੇਂ ਸਪੱਸ਼ਟ ਸ਼ਬਦਾਂ ਵਿਚ ਕੀਤਾ ਸੀ।

ਅਸਲ ਵਿਚ ਇਹ ਸੰਮੇਲਨ ਟੌਹੜੇ ਨੇ ਵਿਸ਼ਵ ਵਿਚ ਵਸਦੇ ਸਿੱਖਾਂ ਦੇ ਰੌਸ਼ਨ-ਭਵਿੱਖ ਜਾਂ ਕੌਮ ਦੇ ਮਸਲਿਆਂ ਦੇ ਹੱਲ ਲਈ ਨਹੀਂ ਸੀ ਰੱਖਿਆ। ਇਹ ਤਾਂ ਪੰਥ ਦੀ ਚੜ੍ਹਦੀ-ਕਲਾ ਦੀ ਚਮਕ ਦਾ ਚੋਗਾ ਖਿਲਾਰ ਕੇ ਭੋਲੇ ਸਿੱਖ-ਪੰਛੀਆਂ ਨੂੰ ਫਾਹੁਣ ਲਈ ਲਾਇਆ ਉਸਦਾ ਇਕ ਸਰਕਾਰੀ-ਸੁਨਹਿਰੀ-ਜਾਲ ਸੀ ਜਿਸਨੂੰ ਵਰਤਦਿਆਂ ਉਹ ਸਿੱਖੀ-ਮੁਫਾਦ ਦਾ ਨਾਅਰਾ ਲਾ ਕੇ ਇਕ ਪਾਸੇ ਸਿੱਖ-ਆਜ਼ਾਦੀ ਦਾ ਵਿਰੋਧ ਕਰਕੇ ਸਰਕਾਰ ਨੂੰ ਖੁਸ਼ ਕਰਨਾ ਚਾਹੁੰਦਾ ਸੀ ਤੇ ਦੂਸਰੇ ਪਾਸੇ ਆਪਣੇ ਵਿਰੁੱਧ ਬਗਾਵਤ ਦਾ ਪਰਚਮ ਲਹਿਰਾ ਸਕਣ ਵਾਲੇ ਜੁਝਾਰੂ-ਸੋਚ ਦੇ ਨੌਜਵਾਨਾਂ ਤੇ ਉਹਨਾਂ ਨਾਲ ਖੜੇ ਸਰਦਾਰ ਮਾਨ ਅਤੇ ਆਪਣੇ ਰਕੀਬ ਬਾਦਲ ਉਤੇ ਵਿਜੈ ਪਾਉਂਣੀ ਚਾਹੁੰਦਾ ਸੀ। ਪਰ ਇਸ ਸਾਰੇ ਕੁਝ ਦੇ ਨਾਲ ਸੰਮੇਲਨ ਕਰਵਾਣ ਦਾ ਉਸਦਾ ਅੰਤਮ ਸਵਾਰਥੀ-ਨਿਸ਼ਾਨਾ ਇਹ ਸੀ ਕਿ ਇਸ ਨਾਲ ਉਹ ਸਰਕਾਰ ਦੀ ਹਮਾਇਤ ਅਤੇ ਕੁਝ ਵਿਦੇਸ਼ੀ-ਸਿੱਖਾਂ ਦੀ ਸਹਾਇਤਾ ਪ੍ਰਾਪਤ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤਕੇ 'ਧਰਮ-ਰਾਜ ਦਾ ਸੱਦਾ ਆਉਂਣ ਤੱਕ' ਇਸਦਾ ਪ੍ਰਧਾਨ ਬਣੇ ਰਹਿਣ ਦੀ ਆਪਣੀ ਤਮੰਨਾ ਨੂੰ ਤੋੜ ਚੜ੍ਹਾ ਸਕੇਗਾ।

ਜਿਸ ਕਦਰ ਦਮਦਮੀ-ਟਕਸਾਲ, ਜੁਝਾਰੂ-ਨੌਜਵਾਨ, ਸੰਤ-ਸਮਾਜ ਅਤੇ ਸੁਹਿਰਦ-ਸਿੱਖ ਇਸ ਸੰਮੇਲਨ ਤੋਂ ਦੂਰ ਰਹੇ ਹਨ, ਇਹ ਪੰਥ ਵਿਚ ਆਈ ਜਾਗਰੂਕਤਾ ਅਤੇ ਰਾਜਸੀ-ਚੇਤੰਨਤਾ ਦੀ ਨਿਸ਼ਾਨੀ ਹੈ। ਜਿਸ ਤਰਾਂ ਇਸ ਸੰਮੇਲਨ ਨੂੰ ਸਫਲ ਦਿਖਾਣ ਲਈ ਵਗਾਰਾਂ ਪਾ ਪਾ ਕੇ ਇਸਦੇ ਸੈਸ਼ਨਾਂ ਵਿਚ ਸਕੂਲਾਂ ਦੇ ਬੱਚੇ-ਬੱਚੀਆਂ ਬਿਠਾਏ ਗਏ, ਦੇਸ਼-ਵਿਦੇਸ਼ ਚੋਂ ਆਪਣੇ ਪਿਛਲੱਗ ਮਿੰਨਤਾਂ ਕਰ ਕਰ ਮੰਗਵਾਏ ਗਏ ਅਤੇ ਚਿੱਟ-ਕੱਪੜੀਏ ਪੁਲਸੀਏ ਪੰਡਾਲਾਂ ਦੀ ਰੌਣਕ ਬਣਾਏ ਗਏ ਇਸਤੋਂ ਪ੍ਰਤੱਖ ਹੋ ਗਿਆ ਕਿ ਸਰਕਾਰ ਨਾਲ ਮਿਲੀ-ਭੁਗਤ ਕਾਰਨ ਟੌਹੜਾ-ਜੁੰਡਲੀ ਭਾਵੇਂ ਸਿੱਖਾਂ ਦੀ ਸਰਬੋਤਮ-ਸੰਸਥਾ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਤਾਂ ਹੈ ਪਰ ਇਹ ਸਿੱਖਾਂ ਦੀ ਪ੍ਰਤੀਨਿਧ ਜਾਂ ਲੋਕ-ਪ੍ਰਿਅ ਹਰਗਿਜ਼ ਨਹੀਂ ! ਜੇ ਇਸ ਸਿੱਖ-ਸੰਮੇਲਨ ਵਿਚ ਆਪੂੰ ਸੱਦੇ ਸਿੱਖਾਂ ਸਾਹਵੇਂ ਹੀ ਇਸ ਜੁੰਡਲੀ ਨੂੰ ਭਾਰੀ ਸਰਕਾਰੀ ਸੁਰੱਖਿਆ-ਅਮਲੇ ਦੀ ਜ਼ਰੂਰਤ ਪੈਂਦੀ ਹੈ ਤਾਂ ਇਹ

ਸਿੰਘਾਂ ਦੀ ਪ੍ਰਤੀਨਿਧ ਕਿਵੇਂ ਹੋਈ ? ਜੇ ਇਸ ਸੰਮੇਲਨ ਵਿਚ ਸਾਧਾਰਨ ਸਿੰਘਾਂ ਤੇ ਰਵਾਇਤੀ-ਖਾਣ ।ਵਚ ਸਜੇ ਸਿੰਘਾਂ ਦੀਆਂ ਤਾਂ ਕੁੱਤਾ-ਸੁਕਐਡ ਛੱਡ ਕੇ ਅਤੇ ਮੈਟਲ-ਡੀਟੈਕਟਰਾਂ ਨਾਲ ਤਲਾਸ਼ੀਆਂ ਲਈਆਂ ਜਾਂਦੀਆਂ ਹਨ ਅਤੇ ਟੋਹੜ-ਜੁੰਡਲੀ ਦੀ ਸੁਰੱਖਿਆ ਲਈ ਸਰਕਾਰ ਭਾਰੀ ਸੁਰੱਖਿਆ-ਅਮਲਾ ਤਾਇਨਾਤ ਕਰਦੀ ਹੈ ਤਾਂ ਸਿੰਘ ਹੁਣ ਸਮਝ ਗਏ ਹਨ ਕਿ ਉਹਨਾਂ ਦਾ ਖੂੰਨ ਪੀਣ ਵਾਲੇ ਇਹ ਅਖੌਤੀ ਪੰਥਕ-ਨੇਤਾ ਦਸਮ ਪਿਤਾ ਦੇ ਸਪੁੱਤਰ ਨਹੀਂ ਦਿੱਲੀ ਦੇ ਪਾਲਤੂ-ਪੁੱਤਰ ਹਨ। ਜੋ ਹੀ ਸਿੰਘ-ਸੰਸਥਾਵਾਂ ਨੂੰ ਦਿੱਲੀ ਕੋਲ ਗਹਿਣੇ ਪਾਉਣ ਤੇ ਕੌਮ ਦੇ ਵਰਤਮਾਨ ਦੁਖਾਂਤ ਲਈ ਜ਼ਿਮੇਵਾਰ ਹਨ।

ਸਿੰਘ-ਸੰਮੇਲਨ ਦੇ 'ਐਲਾਨਨਾਮੇ' ਦੀ ਇਬਾਰਤ ਨੂੰ ਮੈਂ ਪੂਰੇ ਗਹੁ ਨਾਲ ਪੜ੍ਹਿਆ ਤੇ ਵਿਚਾਰਿਆ ਹੈ। ਇਸਨੂੰ ਲਿਖਣ ਵਾਲਾ ਸਿੰਘਾਂ ਦੀ ਅਜੋਕੀ ਲੋੜ ਭਾਵ ਸੁਤੰਤਰ ਸਿੰਘ-ਰਾਜ ਦੀ ਗੱਲ ਤੋਂ ਬੜੀ ਚੁਸਤੀ ਨਾਲ ਮੋੜ ਕੱਟ ਕੱਟ ਕੇ 'ਸੁੱਕੇ ਸੁੱਕੇ' ਲੰਘਿਆ ਹੈ। ਉਸਨੇ ਸਿਆਣੇ ਭਲਵਾਨ ਵਾਂਗ ਆਪਣੀ ਕੰਡ ਨੂੰ ਭੋਰਾ ਮਿੱਟੀ ਨਹੀਂ ਲੱਗਣ ਦਿੱਤੀ। ਪਰ ਬਚ ਬਚ ਮੋੜ ਕਟਦਿਆਂ ਵੀ ਸਿੰਘ-ਧਰਮ ਅਥਵਾ ਖਾਲਸੇ ਪ੍ਰਥਾਏ ਉਸ ਤੋਂ ਸੱਚ ਕਹਿ ਹੋ ਜਾਂਦਾ ਹੈ ਕਿ ਇਹ 'ਗੁਰੂ ਦੀ ਬਖਸ਼ੀ ਆਜ਼ਾਦ ਹਸਤੀ ਦਾ ਸੁਆਮੀ ਹੈ'। ਪਰ ਜੇ ਟੋਹੜਾ-ਜੁੰਡਲੀ ਸਿੰਘ-ਧਰਮ ਦੇ ਵਾਰਸ ਖਾਲਸੇ ਨੂੰ ਸੱਚਮੁੱਚ 'ਗੁਰੂ ਦੀ ਬਖਸ਼ੀ ਆਜ਼ਾਦ ਹਸਤੀ ਦਾ ਸੁਆਮੀ' ਮੰਨਦੀ ਹੈ ਤਾਂ ਪੰਥ ਉਤੇ ਅਜਿਹੇ ਸੰਕਟ-ਸਮੇਂ 'ਚ ਕਰਵਾਏ ਇਸ ਸੰਮੇਲਨ ਵਿਚ ਅੱਜ ਖਾਲਸੇ ਦੀ ਇਸ ਪਹਿਲੀ ਲੋੜ ਨੂੰ ਹੀ ਨਜ਼ਰ-ਅੰਦਾਜ਼ ਕਿਉਂ ਕੀਤਾ ਗਿਆ? ਕਿਉਂ ਸੁਤੰਤਰ ਸਿੰਘ-ਰਾਜ ਦੀ ਗੱਲ ਇਸਦੇ ਏਜੰਡੇ ਵਿਚ ਪਹਿਲੇ ਨੰਬਰ ਉਤੇ ਹੀ ਨਾ ਰੱਖੀ ਗਈ ? ਕਿਉਂ ਕੌਮ ਲਈ ਮਹਾਨ ਕੁਰਬਾਨੀ ਕਰਨ ਵਾਲੇ ਜ਼ਿੰਦਾ-ਸ਼ਹੀਦ ਅਥਵਾ ਸੁਤੰਤਰ ਸਿੰਘ-ਰਾਜ ਦੇ ਮੁਦੱਈ ਤੇ ਝੰਡਾ-ਬਰਦਾਰ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਸੰਮੇਲਨ ਵਿਚ ਸ਼ਾਮਲ ਹੋਣ ਲਈ ਸੱਦਾ ਨਾ ਦਿੱਤਾ ਗਿਆ ? ਕਿਉਂ ਵਿਦੇਸ਼ਾਂ ਵਿਚ ਵਸਦੇ ਖਾਲਿਸਤਾਨ-ਲਹਿਰ ਦੇ ਨੇਤਾਵਾਂ ਨੂੰ ਇਸ ਵਿਚ ਸੱਦਣ ਤੋਂ ਅਣਗੌਲਿਆਂ ਕੀਤਾ ਗਿਆ ? ਐਲਾਨਨਾਮਾ ਅੱਖਰਾਂ ਰਾਹੀਂ ਤਾਂ 'ਕੌਮ ਦੇ ਉਜਲੇ ਭਵਿੱਖ ਦੇ ਵਾਰਸ ਸਿੰਘ-ਨੌਜਵਾਨਾਂ ਨੂੰ ਪੰਥ ਦੀ ਚੜਦੀ-ਕਲਾ ਦੇ ਸਮੂਹ ਕਾਰਜਾਂ ਵਿਚ ਅਗਲੀਆਂ ਸਫਾਂ ਵਿਚ ਖਲੋਣ ਅਤੇ ਕਾਰਜਸ਼ੀਲ ਹੋਣ ਲਈ ਆਵਾਜ਼ ਮਾਰਦਾ ਹੈ' ਪਰ ਕੌਮ ਲਈ ਜਾਨਾਂ ਤਲੀ ਤੇ ਧਰਨ ਵਾਲੇ ਨੌਜਵਾਨਾਂ ਲਈ ਇਸ ਅਖੌਤੀ-ਸੰਮੇਲਨ ਦੇ ਦਰਵਾਜ਼ੇ ਵੀ ਬੰਦ ਹਨ। ਐਲਾਨ-ਨਾਮੇ ਵਿਚ ਸਮੂਹ ਸਿੰਘਾਂ ਨੂੰ 'ਕੁਰਬਾਨੀ ਤਿਆਗ ਅਤੇ ਪਰਉਪਕਾਰ ਦੇ ਧਾਰਨੀ ਹੋਣ ਲਈ' ਚਿਤੰਨ ਕੀਤਾ ਗਿਆ ਹੈ। ਪਰ ਐਲਾਨਨਾਮੇ ਦੇ ਉਕਤ ਸ਼ਬਦਾਂ ਦੀ ਰੌਸ਼ਨੀ 'ਚ ਮੈਂ ਕੌਮ ਦੇ ਸਰਵੱਚ ਸਤਿਕਾਰ ਯੋਗ ਜਥੇਦਾਰ ਪ੍ਰੋ: ਮਨਜੀਤ ਸਿੰਘ ਜੀ ਤੋਂ ਇਕ ਨਿਮਾਣੇ ਸਿੰਘ ਵਜੋਂ ਖਿਮਾ-ਯਾਚਨਾ ਸਹਿਤ ਪੁੱਛਣ ਦੀ ਗੁਸਤਾਖੀ ਰਿਹਾ ਹਾਂ ਕਿ ਸਿੰਘਾਂ ਦੀ ਅਤਿ ਪਿਆਰੀ ਤੇ ਸਰਬੋਤਮ ਸਿੰਘ-ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸਦੇ ਝੰਡੇ ਹੇਠ ਇਹ 'ਵਿਸ਼ਵ ਸਿੰਘ ਸੰਮੇਲਨ ਹੋਇਆ ਹੈ, ਇਸਦੇ ਪ੍ਰਧਾਨ ਗੁਰਚਰਨ ਸਿੰਘ ਟੋਹੜੇ ਨੇ ਪਿਛਲੇ ਬਾਈ ਸਾਲਾਂ ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸਾਂਭੀ ਰੱਖਣ ਲਈ ਹਰ ਹਰਬਾ ਵਰਤਿਆ ਹੈ। ਸਿੰਘਾਂ ਦੀ ਇਸ ਸਿਰਮੌਰ ਧਾਰਮਿਕ ਸੰਸਥਾ ਦੇ ਮੁਖੀ ਹੁੰਦਿਆਂ ਵੀ ਸਾਰੇ ਪੰਥ ਦੇ, ਪੰਥਕ-ਪਰੰਪਰਾਵਾਂ ਉਤੇ ਪਹਿਰਾ ਦੇਣ ਦੀ ਹਾਲ-ਪਾਹਰਿਆ ਪਾਉਂਣ ਉਤੇ ਵੀ ਇਸਨੇ ਪਾਰਲੀਮੈਂਟ ਦੀ ਮੈਂਬਰੀ ਨਾ ਛੱਡੀ ਭਾਵੇਂ ਕਿ ਇਸਨੂੰ ਗਾਂਧੀ ਦੀ ਸਮਾਧ ਉਤੇ ਸਿਰ ਝੁਕਾਉਂਣਾ ਪਿਆ। ਨਾਲ ਮੁੱਖ-ਮੰਤਰੀ ਬਣਨ ਲਈ ਇਹ ਹੁਣ ਤੱਕ ਤੜਪਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਰਧਾਨਗੀ ਦਾ ਇਹ ਸਦਾ ਤਲਬਗਾਰ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਦੀ ਹਰੀ ਝੰਡੀ ਇਸਨੇ 26 ਮਈ '84 ਨੂੰ ਗਵਰਨਰ ਪੰਜਾਬ ਪਾਂਡੇ ਨੂੰ ਚੰਡੀਗੜ੍ਹ ਜਾ ਕੇ ਆਪ ਦਿੱਤੀ। ਹਮਲੇ ਸਮੇਂ ਸਮੇਤ ਸੰਤ ਜਰਨੈਲ ਸਿੰਘ ਜੀ ਅਤੇ ਅਨੇਕ ਧਰਮੀ ਸਿੰਘ, ਮਾਸੂਮ ਤੇ ਬੇਕਸੂਰ ਬੱਚੇ-ਬੁੱਢੇ, ਬੀਬੀਆਂ ਤੇ ਸਿੰਘ ਇਸ ਨੇ ਮਰਵਾਏ ਤੇ ਧਰਮ-ਯੁਧ ਮੋਰਚੇ ਦੀ ਸਟੇਜ ਤੋਂ ਹਰ ਸਿੰਘ-ਪ੍ਰਵਾਰ ਨੂੰ ਆਪਣਾ ਇਕ ਬੱਚਾ ਪੰਥ ਲਈ ਦੇਣ ਦੀਆਂ ਅਪੀਲਾਂ ਕਰਨ ਵਾਲਾ ਇਹ ਗੱਦਾਰ ਗੁਰਧਾਮਾਂ ਉਤੇ ਹਮਲਾ ਹੋਣ ਸਮੇਂ ਬਤੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਸਭ ਤੋਂ ਵੱਡਾ ਜ਼ਿੰਮੇਵਾਰ ਕੌਮ ਨੂੰ ਬਲਦੀ ਦੇ ਬੂਥੇ ਦੇ ਕੇ ਹੱਥ ਖੜੇ ਕਰ ਕੇ ਸਰਕਾਰੀ-ਹਿਫਾਜ਼ਤ ਵਿਚ ਆਪ ਪਹੁੰਚਿਆ। ਉਦੋਂ ਤੋਂ ਹੁਣ ਤੱਕ ਕੌਮ ਲਈ ਕੁਰਬਾਨ ਹੋਣ ਵਾਲੇ ਅਥਵਾ ਜੁਝਾਰੂ-ਸੋਚ ਰਖਦੇ ਸਿੰਘਾਂ ਦਾ ਵਿਰੋਧ ਉਹਨਾਂ ਦਾ ਨੰਬਰ ਇਕ ਦੁਸ਼ਮਣ ਬਣ ਕੇ ਇਹ ਕਰ ਰਿਹਾ ਹੈ। ਭਰੇ ਦੀਵਾਨਾਂ ਵਿਚ ਸੰਗਤਾਂ ਦੇ ਸਨਮੁਖ ਕਦੇ ਸ਼੍ਰੋਮਣੀ ਕਮੇਟੀ ਦੀ ਚੋਣ ਨਾ ਲੜਨ ਦੀਆਂ ਸੋਗੰਧਾਂ ਖਾ ਖਾ ਐਲਾਨ ਕਰ ਕਰ ਕੇ ਅੱਜ ਜੀ. ਟੀ. ਵੀ. ਉਤੇ 'ਧਰਮ-ਰਾਜ ਦਾ ਸੱਦਾ ਆਉਂਣ ਤੱਕ' ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣੇ ਰਹਿਣ

ਦਾ ਦਾਅਵਾ ਇਹ ਸ਼ਰੇਆਮ ਕਰਦਾ ਹੈ। ਸਤਿਕਾਰਤ ਜੱਥੇਦਾਰ ਸਾਹਿਬ ! ਕੀ ਉਕਤ ਤੱਥਾਂ ਦੇ ਆਧਾਰ ਉਤੇ ਪੰਥ ਨੂੰ ਦੱਸਣ ਦੀ ਕ੍ਰਿਪਾਲਤਾ ਕਰੋਗੇ ? ਕਿ ਸਿੰਘ-ਸਰਮਾਏ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ਵ ਸਿੰਘ-ਸੰਮੇਲਨ ਸੱਦਣ ਵਾਲੇ ਇਸ ਪ੍ਰਧਾਨ ਨੇ ਕੌਮ ਲਈ ਕਿਹੜੀ ਕੁਰਬਾਨੀ ਕੀਤੀ ? ਕਿਹੜਾ ਤਿਆਗ ਦਿਖਾਇਆ ? ਅਤੇ ਕੌਮ ਉਤੇ ਕਿਹੜਾ ਪਰ-ਉਪਕਾਰ ਕਰਕੇ ਐਲਾਨਨਾਮੇ ਦੇ ਉਪਰੋਕਤ ਸ਼ਬਦਾਂ ਉਤੇ ਫੁੱਲ ਚੜ੍ਹਾਏ ਹਨ ? ਨਾਲੇ ਸਿੰਘ-ਸੰਗਤ ਇਹ ਜਾਨਣ ਦੀ ਵੀ ਤੀਬਰਤਾ ਨਾਲ ਅਭਿਲਾਖੀ ਹੈ ਕਿ "ਆਜ਼ਾਦ ਹਸਤੀ ਦੇ ਸੁਆਮੀ" ਸਿੰਘ-ਧਰਮ ਦੇ ਵਾਰਸ ਖਾਲਸੇ ਦੀ ਸਿੰਘ-ਲੀਡਰਸ਼ਿਪ ਨੇ 1 ਮਈ 1994 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਆਪ ਜੀ ਦੀ ਨਿਗਰਾਨੀ ਹੇਠ ਜੋ 'ਇਤਿਹਾਸਕ-ਦਸਤਾਵੇਜ਼' "ਅੰਮ੍ਰਿਤਸਰ-ਐਲਾਨਨਾਮਾ" ਅਰਦਾਸ ਕਰਕੇ ਖਾਲਸਾ-ਪੰਥ ਲਈ ਜਾਰੀ ਕੀਤਾ ਸੀ। ਉਸ ਉਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਤੋਂ ਬਿਨਾਂ ਸਿੰਘਾਂ ਦੀ 'ਜੂਤ-ਪਟ-ਬਚਨੀਂ' ਅਕਾਲੀ-ਲੀਡਰਸ਼ਿਪ 'ਚੋਂ ਹੋਰ ਕਿਹੜਾ ਖੜ੍ਹਿਆ ? ਜੇ ਇਸਦਾ ਜਬਾਬ 'ਨਹੀਂ' ਵਿਚ ਹੈ ਤਾਂ ਫਿਰ ਸਿੰਘਾਂ ਦੇ ਪੁੱਤਾਂ ਨੂੰ ਮਰਵਾਣ ਦੇ ਸੱਦੇ ਦੇ ਕੇ ਉਹਨਾਂ ਦੇ ਸਿਵਿਆਂ ਦੀ ਅੱਗ ਸੇਕਦੇ ਇਹਨਾਂ ਰਵਾਇਤੀ ਅਥਵਾ ਕੌਮ ਉਤੇ ਆਈ ਇਸ ਔਖੀ-ਘੜੀ ਦੇ ਇਮਤਿਹਾਨ ਵਿਚ ਰਿਆਇਤੀ ਪਾਸ ਵੀ ਨਾ ਹੋ ਸਕਣ ਵਾਲੇ ਸੁਆਰਥੀ ਅਖੌਤੀ-ਅਕਾਲੀਆਂ ਤੋਂ ਤੁਸੀਂ ਹੀ ਪਾਸਾ ਵੱਟ ਜਾਂਦੇ ! ਤੁਸੀਂ ਨੌਜਵਾਨ ਹੋ! ਗਿਆਨਵਾਨ ਹੋ !! ਸਾਡੇ ਉਚ-ਦੁਮਾਲੜੇ ਗੁਰੂ ਦੇ ਪਹਿਲਵਾਨ ਹੋ !!! ਤੁਹਾਡੇ ਵਿਚ ਤਾਂ ਏਨੀ ਸ਼ਕਤੀ ਹੋਣੀ ਚਾਹੀਦੀ ਸੀ ਕਿ ਜਦ ਤੁਹਾਡੇ ਹੱਥੀਂ ਕੀਤੇ ਕੌਮੀ-ਇਕਰਾਰ ਤੋਂ ਇਹ ਕੌਮ ਨੂੰ ਦਗਾ ਦੇ ਕੇ ਭੱਜੇ ਸਨ ਤਾਂ ਤੁਸੀਂ ਇਹਨਾਂ ਦੇ ਝੂਠ ਦਾ ਭਾਂਡਾ ਸੰਗਤਾਂ ਸਾਹਵੇਂ ਭੰਨਦੇ। ਪਰ ਤੁਸੀਂ ਉਸ ਸੂਰਮੇ-ਗੁਰੂ ਹੱਥੋਂ ਵਰੋਸਾਏ ਸ਼ਾਹ-ਸਵਾਰ ਹੁੰਦੇ ਹੋਏ ਵੀ ਉਸ ਹਨੇਰ ਤੋਂ ਮਗਰੋਂ ਇਸ ਅਖੌਤੀ 'ਵਿਸ਼ਵ ਸਿੰਘ-ਸੰਮੇਲਨ' ਵਿਚ ਵੀ ਟੋਹੜੇ ਦੀ ਇਸ ਸਿਆਸੀ-ਬਦਮਾਸ਼ੀ ਵਿਚ ਸ਼ਾਮਲ ਹੋ ਕੇ ਉਸ ਹੱਥੋਂ ਵਰਤੇ ਗਏ। ਇਸਤਰਾਂ ਤਾਂ ਤੁਹਾਡੇ ਨਾਲੋਂ ਤੁਹਾਡੇ ਪੂਰਵਰਤੀ ਪ੍ਰੋ: ਦਰਸ਼ਨ ਸਿੰਘ ਜੀ ਕਿਤੇ ਵੱਧ ਦਲੇਰ ਨਿਕਲੇ ਜੋ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਸਤਿਕਾਰ ਕਰਦੀ ਟੋਹੜ-ਜੁੰਡਲੀ ਦਾ ਕਿਰਦਾਰ ਵੇਖ ਕੇ ਇਸਨੂੰ ਵੰਗਾਰ ਕੇ ਟੋਹੜੇ ਤੋਂ ਵੱਖ ਹੋ ਗਏ। ਪਰ ਉਸ ਹੱਥੋਂ ਵਰਤੇ ਨਾ ਗਏ ! ਤੁਸੀਂ ਤਾਂ ਸਿੰਘ-ਆਜ਼ਾਦੀ ਦੇ ਅਲੰਬਰਦਾਰ ਬਣ ਕੇ ਸਾਨੂੰ ਆਜ਼ਾਦੀ ਲਈ ਵੰਗਾਰ ਪਾਉਂਣੀ ਸੀ ਪਰ ਆਲਮ ਇਹ ਹੈ ਕਿ ਟੋਹੜੇ ਵਰਗੇ ਮੌਕਾ-ਪ੍ਰਸਤ ਨੇ ਤੁਹਾਡੀ ਆਜ਼ਾਦੀ ਹੀ ਖੋਹ ਰੱਖੀ ਹੈ! ਸਿੰਘ ਤਾਂ ਸਗੋਂ ਤੁਹਾਡੀ ਆਜ਼ਾਦੀ ਲਈ ਯਤਨਸ਼ੀਲ ਹਨ। ਬੱਬਰ ਖਾਲਸਾ ਦਾ ਬਿਆਨ ਤਾਂ ਤੁਸਾਂ ਅਖਬਾਰਾਂ ਵਿਚ ਪੜ੍ਹਿਆ ਹੀ ਹੋ ਹੋਏਗਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਸਾਰੀਆਂ ਸਿੰਘ-ਜਥੇਬੰਦੀਆਂ ਦੀ ਸਲਾਹ ਨਾਲ ਹੋਵੇ। ਅਜਿਹੇ ਹੀ ਖਿਆਲ ਇਸ ਮਸਲੇ ਉਤੇ ਲਗਪਗ ਸਭੇ ਸਿੰਘਾਂ ਦੇ ਹਨ।

ਸਿੰਘ-ਆਜ਼ਾਦੀ ਦੇ ਭਖਦੇ ਮਸਲੇ ਵੱਲੋਂ ਸਿੰਘਾਂ ਦਾ ਧਿਆਨ ਬਿਤਕਾ ਕੇ, ਜੁਝਾਰੂ-ਲਹਿਰ ਨੂੰ ਢਾਹ ਲਾ ਕੇ, ਕੇਂਦਰ ਦੀ ਖੁਸ਼ੀ ਹਾਸਲ ਕਰ ਕੇ ਤੇ ਵਿਦੇਸ਼ੀ ਸਿੰਘਾਂ ਨੂੰ ਸੁਆਰਥ ਲਈ ਗੰਢ ਕੇ ਆਪਣੀ ਚੌਧਰ ਚਮਕਾਉਂਣ ਅਥਵਾ ਆਉਂਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤਣ ਦੀ ਗੁਹਝ-ਭਾਵਨਾ ਹਿਤ ਕਰਵਾਏ ਇਸ ਅਰਥਹੀਣ-ਅਡੰਬਰ ਲਈ ਟੋਹੜੇ ਵਲੋਂ ਕੌਮ ਦਾ ਇਕ ਸੌ ਕਰੋੜ ਰੁਪਿਆ ਅਜਾਈਂ ਬਰਬਾਦ ਕੀਤਾ ਗਿਆ ਹੈ। ਇਹ ਮੇਰਾ ਅਨੁਮਾਨ ਨਹੀਂ। ਉਘੇ ਸਿੰਘ-ਨਿਆਂਇਕ ਸਰਦਾਰ ਅਜੀਤ ਸਿੰਘ ਬੈਂਸ ਦਾ ਬਿਆਨ ਹੈ। ਇਹੀ ਗੱਲ ਮੈਂ ਕਰਨਲ ਪ੍ਰਤਾਪ ਸਿੰਘ ਗਿੱਲ, ਜੋ ਹੁਣ ਤੱਕ ਇਸੇ ਰਵਾਇਤੀ-ਅਕਾਲੀ-ਲੀਡਰਸ਼ਿਪ, ਵਿਸ਼ੇਸ਼ਕਰ ਬਾਦਲ ਦੀ ਪੈੜ 'ਚ ਪੈਰ ਧਰਕੇ ਤੁਰਦਾ ਰਿਹਾ ਹੈ ਤੇ ਇਸ ਲੀਡਰਸ਼ਿਪ ਦੇ 'ਘਰ ਦਾ ਭੇਤੀ' ਹੈ, ਦੇ ਲੇਖ 'ਚੋਂ ਪ੍ਰਤੀ ਹੈ। ਸਿਆਣੇ-ਬਿਆਣੇ ਇਹਨਾਂ ਸਿੰਘ-ਮਨੁੱਖਾਂ ਦਾ ਕਥਨ ਨਿਸਚੇ ਹੀ ਕਿਸੇ ਠੋਸ ਸਚਾਈ ਉਤੇ ਆਧਾਰਿਤ ਹੋਵੇਗਾ। ਪਰ ਜੇ ਡੇੜ ਲੱਖ ਸਿੰਘ ਸ਼ਹੀਦ ਹੋਣ ਉਪਰੰਤ ਵੀ ਸੰਮੇਲਨ ਵਿਚ ਸਿੰਘ-ਆਜ਼ਾਦੀ ਦੀ ਗੱਲ, ਟੋਹੜੇ ਦੇ ਮੂੰਹੋਂ ਨਹੀਂ ਸੀ ਨਿਕਲ ਸਕਦੀ ਤੇ ਇਸ ਵਿਚ 'ਵਿਸ਼ਵ ਸਿੰਘ ਯੂਨੀਵਰਸਿਟੀ' ਅਤੇ 'ਵਿਸ਼ਵ ਸਿੰਘ-ਕੌਂਸਲ' ਕਾਇਮ ਕਰਨ ਦੇ ਮਤੇ ਹੀ ਪਾਸ ਹੋਣੇ ਸਨ (ਜੁ ਨਿਰਸੰਦੇਹ ਚੰਗੀ ਗੱਲ ਹੈ !) ਤਾਂ ਅਜਿਹੇ ਸੁਝਾਅ ਤਾਂ ਸਿੰਘ-ਵਿਦਵਾਨਾਂ ਨੇ ਸ਼੍ਰੋਮਣੀ ਕਮੇਟੀ ਦੀ ਇੱਕੋ ਮੰਗ ਉਤੇ ਆਪਣੇ ਆਪ ਹੀ ਭੇਜ ਦੇਣੇ ਸਨ। ਇਹੀ ਸੁਝਾਅ ਸੁਹਿਰਦ ਸਿੰਘਾਂ ਦੇ ਵਿਸ਼ੇਸ਼ਕਰ ਇੰਗਲੈਂਡ ਦੀਆਂ ਅਖਬਾਰਾਂ ਵਿਚ ਮੈਂ ਸੰਮੇਲਨ ਤੋਂ ਪਹਿਲੋਂ ਹੀ ਪੜ੍ਹਦਾ ਰਿਹਾ ਹਾਂ। ਬੜੀ ਖਾਤਰ ਵਿਸ਼ਵ ਦੇ-ਵੀਹ ਚੋਣਵੇਂ ਸੁਹਿਰਦ ਸਿੰਘ-ਵਿਦਵਾਨਾਂ ਨੂੰ ਇਸ ਕਾਰਜ ਲਈ ਅੰਮ੍ਰਿਤਸਰ ਬੁਲਾਇਆ ਜਾ ਸਕਦਾ ਸੀ ਜੋ ਚਾਰ ਦਿਨ ਨਾਨਕ-ਨਿਵਾਸ ਵਿਚ ਠਹਿਰ ਕੇ ਅਤੇ

ਗੁਰੂ ਰਾਮਦਾਸ ਜੀ ਦੇ ਅਤੁੱਟ-ਲੰਗਰ ਵਿਚੋਂ ਪਰਸ਼ਾਦਾ ਛਕ ਕੇ ਸ਼੍ਰੋਮਣੀ-ਕਮੇਟੀ ਦੀਆਂ ਸਾਦੀਆਂ ਤੇ ਸੰਜੀਦਾ-ਇਕੱਤਰਤਾਵਾਂ ਵਿਚ ਵਿਸ਼ਵ 'ਚੋਂ ਆਏ ਸੁਝਾਵਾਂ ਨੂੰ ਘੋਖ ਕੇ ਅਤੇ ਆਪਣੇ ਵਿਚਾਰ ਦੇ ਕੇ ਖੁਸ਼ੀ ਅਨੁਭਵ ਕਰਦੇ ਤੇ ਫਿਰ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਵਜੋਂ ਸ਼੍ਰੋਮਣੀ ਕਮੇਟੀ ਇਹਨਾਂ ਵਿਚਾਰਾਂ ਨੂੰ ਮਤਿਆਂ ਦੇ ਰੂਪ 'ਚ ਪਾਸ ਕਰਕੇ ਇਹਨਾਂ ਫੈਸਲਿਆਂ ਉਤੇ ਅਮਲ ਲਈ 'ਵਿਸ਼ਵ ਸਿੱਖ-ਸੰਸਥਾ' ਰਾਹੀਂ ਵਿਸ਼ਵ ਦੇ ਸਿੱਖਾਂ ਨੂੰ ਆਵਾਜ਼ ਮਾਰਦੀ। ਤੇ ਫਿਰ ਇਹੀ ਇਕ ਸੌ ਕਰੋੜ ਰੁਪਿਆ ਸਿੱਖ-ਸੰਘਰਸ਼ ਵਿਚ ਸ਼ਹੀਦ ਹੋਇਆਂ ਦੇ ਪ੍ਰਵਾਰਾਂ, ਉਹਨਾਂ ਦੇ ਯਤੀਮ ਬੱਚਿਆਂ ਦੀ ਸੰਭਾਲ ਤੇ ਵਿੱਦਿਆ ਅਤੇ ਬੱਚੀਆਂ ਦੇ ਵਿਆਹਾਂ ਤੇ ਖਰਚ ਕਰ ਦਿੱਤਾ ਜਾਂਦਾ। ਇਸਤਰਾਂ ਸਿੱਖਾਂ ਦੇ ਸਰਮਾਏ ਨਾਲ ਸਿੱਖਾਂ ਦਾ ਪਾਪੀ-ਪੋਪ ਟੌਹੜਾ ਕੁਝ ਤਾਂ ਆਪਣੇ ਪਾਪ ਧੋ ਲੈਂਦਾ ! ਪਰ ਡੂੱਬੀ ਤਾਂ ਤਾਂ ਜੇ ਸਾਹ ਨਾ ਆਇਆ! ਜੇ ਟੌਹੜੇ ਦੇ ਦਿਲ 'ਚ ਕੌਮ ਦਾ ਏਨਾ ਹੀ ਦਰਦ ਹੁੰਦਾ ਤਾਂ ਉਹ ਕੌਮ ਨੂੰ ਇਹ ਦਿਨ ਹੀ ਕਿਉਂ ਦਿਖਾਉਂਦਾ ? ਉਹ ਤਾਂ ਇਹ ਸਾਰਾ ਕੁਝ ਕਰ ਕੇ ਵੀ ਅਜੇ ਆਪਣੀ ਲੀਡਰੀ ਦਾ ਕੌਮ ਨੂੰ ਹੋਰ ਜਲੌਅ-ਜਲਵਾ ਵਿਖਾਉਂਣ ਦਾ ਤਲਬਗਾਰ ਹੈ। ਟੌਹੜਾ ਸਿੱਖਾਂ ਦਾ ਨੀਰੋ ਹੈ ! ਜੋ ਸਿੱਖਾਂ ਦਾ ਰੋਮ ਅਥਵਾ ਅੰਮ੍ਰਿਤਸਰ ਸਤਦਾ ਵੇਖਦੇ ਹੀ ਨਹੀਂ, ਹੱਥੀਂ ਸਤਵਾ ਕੇ ਵੀ ਅੱਜ ਤੱਕ ਲੀਡਰੀ ਦੀ ਬੰਸਰੀ ਅਥਵਾ ਸਾਰੰਗੀ ਵਜਾਉਂਦਾ ਚਲਿਆ ਆ ਰਿਹਾ ਹੈ !

ਸੰਮੇਲਨ ਵਿਚ ਕੀਤੇ ਸਨਮਾਨਾ ਦੀ ਪ੍ਰੈਸ 'ਚ ਅੱਜ ਕਲ ਚੋਖੀ ਚਰਚਾ ਹੈ। ਟੌਹੜਾ ਨਿੱਤ ਨਵੇਂ ਸੂਰਜ ਨਵਾਂ ਬਿਆਨ ਦਾਗ ਕੇ ਚੌਧਰ ਚਮਕਾ ਕੇ ਕੌਮ ਦਾ ਹੀਰੋ ਬਣਨ ਦਾ ਨਿਰਾਰਥਿਕ ਯਤਨ ਕਰ ਰਿਹਾ ਹੈ। ਇਹਨਾਂ ਬਿਆਨਾਂ ਵਿਚ ਉਹ ਮੱਸੇ ਰੰਘੜ ਨੂੰ ਸੋਧਣ ਵਾਲਿਆਂ ਦਾ ਵੱਡਾ ਮੁਦੱਈ ਬਣ ਕੇ ਸ਼ਹੀਦਾਂ ਦਾ ਆਪਣੇ ਆਪ ਨੂੰ ਵੱਡਾ ਸਮਰਥਕ ਤੇ ਹਮਾਇਤੀ ਸਾਬਤ ਕਰ ਰਿਹਾ ਹੈ ਅਤੇ ਉਹਨਾਂ ਦੇ ਖ਼ੂਨ ਦਾ ਸਿਆਸੀ-ਲਾਹਾ ਲੈਣ ਲਈ ਤਰਲੋ-ਮੱਛੀ ਹੈ। ਮੈਨੂੰ ਇਸ ਮਸਲੇ ਉਤੇ ਅਜਿਹੇ ਨਿਲੱਜ ਤੇ ਬਲੱਜ-ਲੀਡਰ ਦੇ ਇਹ ਬਿਆਨ ਕਿਸੇ ਸ਼ੈਤਾਨ ਦੇ ਮੂੰਹੋਂ ਪਵਿੱਤਰ-ਆਇਤਾਂ ਉਚਾਰਨ ਵਰਗੇ ਲਗਦੇ ਹਨ। ਉਸਦਾ ਕਿਰਦਾਰ ਉਸ ਬੰਦੇ ਵਰਗਾ ਲਗਦਾ ਹੈ ਜੋ ਕਿਸੇ ਘਰ ਨੂੰ ਅੱਗ ਲਾ ਕੇ ਆਪ ਹੀ ਮਾਛਕੀ ਬਣ ਤੁਰੇ। ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਕਰਵਾਉਂਣ ਦਾ ਇਹ ਮੁੱਖ ਦੋਸ਼ੀ ਜਿਸਦੇ ਹੱਥ ਰੰਗੇ ਹੀ ਸ਼ਹੀਦਾਂ ਦੇ ਖ਼ੂਨ ਨਾਲ ਹਨ ਉਹ ਹੀ ਸ਼ਹੀਦਾਂ ਦੇ ਸਨਮਾਨ ਦਾ ਨਾਟਕ ਕਰ ਕੇ ਸ਼ਰੇਆਮ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਿਹਾ ਹੈ! ਸ਼ਹੀਦਾਂ ਨੂੰ ਸਨਮਾਨਣ ਵਿਚ ਸਭ ਤੋਂ ਵੱਡੀ ਸ਼ੈਤਾਨੀਅਤ ਇਹ ਰਹੀ ਕਿ ਇਕ ਪਾਸੇ ਜੁਝਾਰੂ-ਲਹਿਰ ਅਤੇ ਸ: ਮਾਨ ਦਾ ਇਤਨਾ ਵਿਰੋਧ ਕਰਕੇ ਉਹ ਸਿੱਖਾਂ ਵਿਚ ਅਜੇ ਵੀ ਮਕਬੂਲ ਹੋਣਾ ਚਾਹੁੰਦਾ ਹੈ ਤੇ ਦੂਜੇ ਪਾਸੇ ਅਜਿਹਾ ਕਰਕੇ ਬਾਦਲ ਤੋਂ ਬਾਜ਼ੀ ਲੈਣਾ ਚਾਹੁੰਦਾ ਹੈ ! ਹਾਸੇ ਹੀਣੀ ਗੱਲ ਹੈ ਕਿ ਜਿਸ ਸਟੇਜ ਉਤੇ ਸਰਕਾਰੀ-ਮਸ਼ੀਨਰੀ ਤੇ ਸਰਕਾਰੀ-ਸੁਰੱਖਿਆ ਅਮਲਾ ਹਜ਼ਰ ਹੈ ਉਸੇ ਸਟੇਜ ਉਤੇ ਟੌਹੜਾ ਕੇਂਦਰ ਦੇ ਅੱਖ-ਤਿਣ ਬਣੇ ਸ਼ਹੀਦਾਂ ਦਾ ਸਨਮਾਨ ਕਰ ਰਿਹਾ ਹੈ। ਜੇ ਸ: ਮਾਨ ਨੂੰ ਇਕ ਮਾਤੀ-ਮੋਟੀ ਗੱਲ ਲਈ ਹਰ ਤੀਜੇ ਦਿਨ ਸੀਖਾਂ ਪਿੱਛੇ ਤੁੰਨ ਦਿੱਤਾ ਜਾਂਦਾ ਹੈ ਤਾਂ ਇਹ ਕੁਝ ਕਰਦਿਆਂ ਸਰਕਾਰ ਟੌਹੜੇ ਦੀ ਸਗੋਂ ਸੁਰੱਖਿਆ ਕਰ ਰਹੀ ਹੈ। ਇਸ ਤੋਂ ਵੱਡਾ ਕੇਂਦਰ ਟੌਹੜੇ ਦੀ ਭਿਆਲੀ ਦਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ ? ਪਰ ਇਹ ਸਾਰਾ ਨਾਟਕ ਸਿੱਖ-ਸਟੇਜ ਉਤੇ ਸਿੱਖ ਸਰਮਾਏ ਨਾਲ ਸਿੱਖਾਂ ਦੇ ਸਾਹਮਣੇ ਸਿੱਖਾਂ ਨੂੰ ਬੇਵਕੂਫ ਬਨਾਣ ਲਈ ਹੋ ਰਿਹਾ ਹੈ। ਕੁਝ ਚਿੰਤਨ ਸਿੱਖ ਹਨ ਜੋ ਇਸ ਸਾਰੀ ਚਾਲ ਨੂੰ ਦੂਰੋਂ ਵੀ ਦਾਤਾਰ ਬਖ਼ਸ਼ੀਆਂ ਅੱਖਾਂ ਨਾਲ ਨਿਹਾਰ ਕੇ ਖ਼ੂਨ ਦੇ ਅੱਥਰੂ ਚੋਅ ਰਹੇ ਹਨ ! ਤੇ ਕੁਝ ਸੁਆਰਥੀ-ਖੁਸ਼ਾਮਦੀ ਕੌਮੀ-ਕੋਕੜੂ ਹਨ ਜੋ ਇਸ ਨਾਟਕ ਦੇ ਅਦਾਕਾਰਾਂ ਦੀ ਹਰ ਅਦਾ ਉਤੇ ਜੈਕਾਰਿਆਂ ਦੀਆਂ ਤਾਲੀਆਂ ਮਾਰ ਕੇ ਅਦਾਕਾਰਾਂ ਦੀ ਖੁਸ਼ੀ ਹਾਸਲ ਕਰ ਰਹੇ ਹਨ!! ਸੰਮੇਲਨ ਵਿਚ ਕੁਝ ਇਕ ਗੁਰੂ-ਪਿਆਰੇ ਪੰਥਕ-ਪਿਆਰ ਲੈ ਕੇ ਵੀ ਪਹੁੰਚੇ ਹਨ ਜੋ ਇਹ ਸਭੋ ਹਨੇਰ ਵੇਖ ਕੇ ਜਿੰਨਾ ਸੱਚ ਕਹਿ ਹੋਇਆ ਕਹਿ ਕੇ ਅਤੇ ਅੱਗੇ ਲਈ ਇਕ ਸਬਕ ਲੈ ਕੇ ਘਰਾਂ ਨੂੰ ਪਰਤ ਆਏ ਹਨ !!! ਭਾਵੇਂ ਬਿਨਾ ਸ਼ੱਕ ਟੌਹੜੇ ਦਾ ਟੀਚਾ ਸਿਆਸੀ ਹੈ ਪਰ ਇਸ ਸੰਮੇਲਨ ਵਿਚ ਸਿੱਖ-ਸ਼ਹੀਦਾਂ, ਮਹਾਂਪੁਰਸ਼ਾਂ, ਵਿੰਦਵਾਨਾਂ, ਲਿਖਾਰੀਆਂ ਕਲਾਕਾਰਾਂ ਅਤੇ ਆਗੂਆਂ ਨੂੰ ਸਨਮਾਨਿਤ ਕਰਨ ਲਈ ਪ੍ਰਧਾਨ ਟੌਹੜਾ ਤੇ ਸਮੁੱਚੀ ਸ਼੍ਰੋ : ਗੁ: ਪ੍ਰ: ਕਮੇਟੀ ਨੂੰ ਮੈਂ ਹਾਰਦਿਕ ਵਧਾਈ ਦਿੰਦਾ ਹਾਂ। ਵਿਸ਼ੇਸ਼ਕਰ ਪੰਥ ਦੇ ਹੀਰੇ ਪ੍ਰੋ: ਗੁਰਮੁਖ ਸਿੰਘ ਜੀ ਦਾ ਸਨਮਾਨ ਕਰਨ ਉਤੇ ! ਜਿਹਨਾਂ ਦੀ ਪੰਥ ਲਈ ਵੱਡੀ ਘਾਲਣਾ ਬਦਲੇ ਅਣਗਹਿਲੀ ਕਾਰਨ ਲੰਬੇ ਸਮੇਂ ਤੋਂ ਉਹਨਾਂ ਪੱਲੇ ਪੰਥ ਵਲੋਂ ਅਨਿਆਂ ਹੀ ਪਿਆ ! ਇਸ ਅਨਿਆਂ ਸਬੰਧੀ ਮੈਂ ਇਸੇ ਸਾਲ ਦੇ ਆਰੰਭ ਵਿਚ ਆਪਣੇ ਲੇਖ 'ਰਾਜ ਕਰੇਗਾ ਖਾਲਸਾ' ਵਿਚ ਜ਼ਿਕਰ ਕੀਤਾ ਸੀ।

ਗੁਰਮਤਿ-ਸਿਧਾਂਤ-ਪ੍ਰਚਾਰਕ ਸੰਤ-ਸਮਾਜ ਨੇ ਗੁ: ਦਮਦਮਾ ਸਾਹਿਬ ਮਨਸੂਰਾਂ (ਲੁਧਿਆਣਾ) 'ਚ ਹੋਈ ਆਪਣੀ ਇਕੱਤਰਤਾ 'ਚ ਕਿਹਾ ਸੀ ਕਿ ਇਹ ਸੰਮੇਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਮੁੱਚੇ ਪੰਥ ਲਈ ਨਹੀਂ ਵਿਅਕਤੀ-ਵਿਸ਼ੇਸ਼ਤਾ ਪ੍ਰਫੁੱਲਤ ਕਰਨ ਦੀ ਇਕ ਕੋਸ਼ਿਸ਼ ਹੈ ਤੇ ਸੰਮੇਲਨ ਦੌਰਾਨ ਟੌਹੜੇ ਨੇ ਇਸਦਾ ਉਤਰ ਬੜੀ ਚਤੁਰਤਾ ਨਾਲ ਦਿੰਦਿਆਂ ਸਗੋਂ ਪ੍ਰੋ: ਮਨਜੀਤ ਸਿੰਘ ਹੋਰਾਂ ਨੂੰ ਵੀ ਆਪਣੇ ਨਾਲ ਨਰਤਦਿਆਂ ਕਿਹਾ ਕਿ ਵੇਖੋ ਇਹ ਸੰਮੇਲਨ ਜਥੇਦਾਰ ਟੌਹੜਾ ਜਾਂ ਪ੍ਰੋ: ਮਨਜੀਤ ਸਿੰਘ ਦਾ ਸੰਮੇਲਨ ਨਹੀਂ, ਇਹ ਕੋਈ ਸਿਆਸੀ-ਸ਼ੋਅ ਨਹੀਂ। ਨਾ ਹੀ ਕਿਸੇ ਧੜੇ ਦੀ ਗੱਲ ਕੀਤੀ ਗਈ ਹੈ ... ਨਾ ਹੀ ਵਿਅਕਤੀ-ਵਿਸ਼ੇਸ਼ ਦਾ ਨਾਅਰਾ ਬੁਲੰਦ ਕੀਤਾ ਗਿਆ ... ਵਗੈਰਾ ਵਗੈਰਾ।

ਪਰ ਸਮਾਗਮ ਵਿਚ ਜਿਥੇ ਸਿੱਖ-ਸ਼ਹੀਦਾਂ, ਕਲਮਕਾਰਾਂ ਤੇ ਨੇਤਾਵਾਂ ਆਦਿ ਦੇ ਸਨਮਾਨ ਕੀਤੇ ਗਏ ਉਥੇ ਘੋਗੀ ਹਰਭਜਨ ਸਿੰਘ (ਅਮਰੀਕਾ) ਵੱਲੋਂ 'ਵੱਖੋ-ਵੱਖ ਦੇਸ਼ਾਂ ਤੋਂ ਆਏ ਸਿੱਖਾਂ ਦੀ ਨੁਮਾਇੰਦਗੀ ਕਰਦਿਆਂ' ਟੌਹੜੇ ਨੂੰ ''ਸਾਲ 1995 ਦਾ ਖਾਲਸਾ'' ਕਹਿ ਕੇ ਸਨਮਾਨਿਤ ਕੀਤਾ ਗਿਆ ਤੇ ਇਹ ਸਨਮਾਨ ਪ੍ਰੋ: ਮਨਜੀਤ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਦਿੱਤਾ ਗਿਆ। ਸੰਮੇਲਨ ਵਿਚ ਸ਼ਹੀਦਾਂ, ਮਹਾਂਪੁਰਸ਼ਾਂ, ਕਲਮਕਾਰਾਂ ਆਦਿ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ ਉਹਨਾਂ ਦੇ ਸਨਮਾਨ ਕਰਨ ਦਾ ਤਾਂ ਕੋਈ ਅਰਥ ਬਣਦਾ ਹੈ। ਪਰ ਸੰਮੇਲਨ ਦੇ ਮੇਜ਼ਬਾਨ ਦੀ ਹੈਸੀਅਤ ਰਖਦੇ ਟੌਹੜੇ ਦਾ ਸਨਮਾਨ ਕਰਨਾ ਤੇ ਫਿਰ ਕਰਨਾ ਵੀ ਉਸਨੂੰ ਕਹਿ ਕੇ "ਸਾਲ 1995 ਦਾ ਖਾਲਸਾ" ? ਹਨੇਰ ਸਾਂਈਂ ਦਾ ! ਕੀ ਸਮੇਂ ਦੇ ਪ੍ਰਸੰਗ ਵਿਚ ਟੌਹੜੇ ਦਾ ਪੰਥ ਪ੍ਰਤੀ ਕਿਰਦਾਰ ਇਸ ਨਾਲ ਮੇਲ ਖਾਂਦਾ ਹੈ ? ਟੌਹੜੇ ਦੀ ਵਿਸ਼ੇਸ਼ਕਰ ਪਿਛਲੇ ਦਹਾਕੇ ਵਿਚ ਸਿੱਖੀ, ਸਿੱਖ-ਸੰਘਰਸ਼ ਤੇ ਸਿੱਖਾਂ ਪ੍ਰਤੀ ਨਿਭਾਈ ਭੂਮਿਕਾ ਦਾ ਜ਼ਿਕਰ ਮੈਂ ਪਹਿਲੋਂ ਹੀ ਕਰ ਚੁੱਕਾ ਹਾਂ। ਉਸਦੀ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਉਪਰੰਤ ਹੁਣ ਤੱਕ ਪੰਥ ਲਈ ਕੀਤੀ ਕੁਰਬਾਨੀ ਤੇ ਸੇਵਾ ਦਾ ਮੋਟਾ ਜਿਹਾ ਲੇਖਾ-ਜੋਖਾ ਹੀ ਕੀਤਾ ਜਾਵੇ ਤਾਂ ਟੌਹੜੇ ਨੂੰ ਕੌਮੀ 'ਹੀਰੋ' ਕਦਾਚਿਤ ਨਹੀ ਹਾਂ 'ਜ਼ੀਰੋ' ਹਰਗਿਜ਼ ਗਿਰਦਾਨਿਆ ਜ ਸਕਦਾ ਹੈ। ਪਿਛਲੇ ਬਾਈ ਵਰ੍ਹਿਆਂ ਤੋਂ ਸ਼੍ਰੋਮਣੀ ਕਮੇਟੀ ਦੁਆਰਾ ਸਿੱਖਾਂ ਦੇ ਦਸਵੰਧ ਦਾ ਲੂਣ ਖਾਂਦੇ ਟੌਹੜੇ ਦਾ ਰੋਲ ਸਿੱਖ-ਰਾਜ ਅਥਵਾ ਖਾਲਿਸਤਾਨ ਦੀ ਗੱਲ ਖਤਮ ਕਰਨ ਲਈ ਬਿਲਕੁਲ ਉਸੇ ਤਰਾਂ ਦਾ ਹੈ ਜਿਸ ਤਰਾਂ ਦਾ ਪਿਛਲੀ ਸਦੀ ਵਿਚ ਖਾਲਸਾ-ਰਾਜ ਨੂੰ ਖਤਮ ਕਰਨ ਲਈ ਟੌਹੜੇ ਵਾਂਗ ਹੀ ਲੰਬੇ ਸਮੇਂ ਤੋਂ ਖਾਲਸਾ-ਰਾਜ ਦਾ ਲੂਣ ਖਾਂਦੇ, ਲੂਣ-ਹਰਾਮੀ ਧਿਆਨ ਸਿੰਘ ਡੋਗਰੇ ਦਾ ਸੀ। ਸੋ ਜੇ ਇਤਿਹਾਸ ਦੀ ਰੌਸ਼ਨੀ ਵਿਚ ਨਿਰਪੱਖ ਤੇ ਨਿਰਸੁਆਰਥ ਹੋ ਕੇ ਸਨਮਾਨ ਚੁਣਨਾ ਹੋਵੇ ਤਾਂ ਟੌਹੜੇ ਦੀਆਂ ਪਿਛਲੇ ਦਹਾਕੇ ਦੀਆਂ ਪੰਥ ਵਿਰੁਧ ਸਿਆਸੀ-ਸੁਆਰਥ ਹਿਤ ਕੀਤੀਆਂ ਕਰਤੂਤਾਂ ਦੇ ਆਧਾਰ ਉਤੇ ਉਸਨੂੰ ਇਸ ਮਹਾਨ-ਸੇਵਾ ਬਦਲੇ ਸਿਰਫ 1995 ਦਾ ਹੀ ਨਹੀਂ "1984 ਤੋਂ 1995 ਦਾ ਗੱਦਾਰ ਧਿਆਨ ਸਿੰਘ ਡੋਗਰਾ" ਸਨਮਾਨ ਮਿਲਣਾ ਚਾਹੀਦਾ ਹੈ ! ਪਰ ਯੋਗੀ ਜੀ ਨੇ ਪਤਾ ਨਹੀਂ ਕਿਸ ਆਸ਼ੇ ਨਾਲ ਜਾਂ ਭੁੱਲ ਕੇ ਇਹ ਖਿਤਾਬ ਟੌਹੜੇ ਨੂੰ ਦੇ ਦਿੱਤਾ ਤੇ ਦਿੱਤਾ ਵੀ 'ਵੱਖ-ਵੱਖ ਦੇਸ਼ਾਂ ਵਿਚ ਵਸੇ ਸਿੱਖਾਂ ਦੀ ਨੁਮਾਇੰਦਗੀ ਕਰਦਿਆਂ ਹੈ। ਇਹ ਮੇਰੇ ਗਿਆਨ ਜਾਂ ਧਿਆਨ ਵਿਚ ਨਹੀਂ ਆਇਆ ਕਿ ਯੋਗੀ ਜੀ ਨੂੰ ਵੱਖ-ਵੱਖ ਦੇਸ਼ਾਂ 'ਚ ਵਸਦੇ ਸਿੱਖਾਂ ਨੇ ਇਹ ਮਹਾਨ ਸੇਵਾ ਕਰਨ ਦੀ ਜ਼ਿਮੇਵਾਰੀ ਕਦੋਂ ਤੇ ਕਿਥੇ ਲਾਈ ਸੀ ? ਇਸੇ ਸਮੇਂ ਵਿਚ ਸੰਮੇਲਨ ਵਿਚ ਬਾਹਰੋਂ ਆਏ ਸਿੱਖਾਂ ਦੇ ਸਨਮਾਨ ਲਈ ਦਿੱਲੀ ਦੇ ਮੁੱਖ-ਮੰਤਰੀ ਸ੍ਰੀ ਮਦਨ ਲਾਲ ਖੁਰਾਣਾ (ਭਾਜਪਾ) ਨੇ ਇਕ ਸਨਮਾਨ-ਸਮਾਰੋਹ ਰਚਾਇਆ ਜਿਸ ਵਿਚ ਯੋਗੀ ਜੀ ਤੇ ਹੋਰਨਾਂ ਨੂੰ ਆਪਣੀ ਪਰੰਪਰਾ ਅਨੁਸਾਰ ਸ੍ਰੀ ਕ੍ਰਿਸ਼ਨ ਵਲੋਂ ਅਰਜਨ ਨੂੰ ਗੀਤਾ ਦਾ ਉਪਦੇਸ਼ ਕਰਦਿਆਂ ਦੀਆਂ ਮੂਰਤੀਆਂ ਅਤੇ ਨਾਲ ਹੀ ਬੁੱਧ ਮੂਰਤੀਆਂ ਤੇ ਸ਼ਾਲਾਂ ਭੇਟ ਕੀਤੀਆਂ। ਸਾਡੇ ਸਿੱਖਾਂ ਦੀ ਵੀ ਆਪਣੀ ਪਰੰਪਰਾ ਹੈ ਜਦ ਵੀ ਕੋਈ ਸ੍ਰੀ ਦਰਬਾਰ ਸਾਹਿਬ ਜਾਂ ਸਾਡੇ ਕਿਸੇ ਸਮਾਗਮ-ਸੰਮੇਲਨ ਵਿਚ ਆਵੇ ਅਸੀਂ ਉਸਨੂੰ ਸਿਰੋਪਾ ਜਾਂ ਨਾਲ ਆਪਣਾ ਚ੍ਹਿਨ ਕਿਰਪਾਨ ਦਿੰਦੇ ਹਾਂ। ਯੋਗੀ ਜੀ ਵਿਦੇਸ਼ਾਂ ਵਿਚ ਸਾਡੇ ਸਿੱਖੀ ਦੇ ਪ੍ਰਚਾਰਕ ਹਨ ਉਹਨਾਂ ਦੇ ਸਿੱਖੀ-ਪ੍ਰਚਾਰ ਦੇ ਆਪਣੇ ਹੀ ਆਧੁਨਿਕ, ਵਿਲੱਖਣ ਤੇ ਅਦਭੁੱਤ ਤਰੀਕੇ ਹਨ। ਇਹਨਾਂ ਨਾਲ ਕਿਸੇ ਨੂੰ ਮਤਭੇਦ ਵੀ ਹੋਵੇ ਤਾਂ ਉਹਨਾਂ ਦੀ ਸਿਹਤ ਉਤੇ ਕੀ ਅਸਰ ? ਗੁਰੂ-ਬਖਸ਼ਿਸ਼ ਸਦਕਾ ਉਹਨਾਂ ਕੋਲ ਚਾਰ ਛਿੱਲਤ ਵੀ ਹਨ। ਤਦੇ ਹੀ ਤਾਂ ਟੌਹੜੇ ਵਰਗੇ 'ਰੁੱਸ-ਰੁੱਸ ਕੇ' ਉਹਨਾਂ ਦੇ ਨੇੜ ਨੇੜ ਪਏ ਹੁੰਦੇ ਹਨ। ਕੁਲ ਨੂੰ ਚੋਣਾਂ ਵਾਸਤੇ ਮਾਇਆ ਕਿਤੇ ਅਸਮਾਨ ਵਿਚੋਂ ਡਿੱਗਣੀ ਹੈ ? ਰੱਬ ਨੇ ਯੋਗੀ ਜੀ ਵਰਗੇ ਬੰਦਿਆਂ ਵਿਚੋਂ ਹੀ ਬਹੁੜਨਾ ਹੈ ! ਇਹ ਤਾਂ ਇਕ ਹੱਥ ਦੇ ਤੇ ਇਕ ਹੱਥ ਲੈ ਵਾਲੀ ਗੱਲ ਹੈ। ਸਾਧ ਸੰਗਤ ਦੀ ਕਿਸੇ ਜ਼ੁਬਾਨ ਫੜ ਲੈਣੀ ਹੈ? ਜਦੋਂ ਕਾਫੀ ਦੂਰੇ ਪਹਿਲਾਂ ਟੌਹੜਾ ਤੇ

ਹੋਰ ਯੋਗੀ ਜੀ ਦੀ ਟਹਿਲ-ਸੇਵਾ ਤੋਂ ਨਿਹਾਲ ਹੋ ਜਾਣ ਮਗਰੋਂ ਯੋਗੀ ਜੀ ਅੰਮ੍ਰਿਤਸਰ ਗਏ ਤਾਂ ਕਈ ਝੱਲੇ ਸਿੱਖ ਝੱਲ-ਵਲੱਲੀਆਂ ਲਗੇ ਮਾਰਨ। ਅਖੇ-ਜੀ ਟੌਹੜੇ ਨੇ ਯੋਗੀ ਨੂੰ 'ਸਿੰਘ ਸਾਹਿਬ' ਕਹਿ ਕੇ ਕਿਉਂ ਸਨਮਾਨਿਆ ? ਇਹ ਲਕਬ ਤਾਂ ਅਸਾਂ ਸਿੱਖਾਂ ਦੇ ਤਖਤਾਂ ਦੇ ਜਥੇਦਾਰਾਂ ਲਈ ਰਾਖਵਾਂ ਹੈ। ਰਾਮ-ਰੌਲਾ ਬਹੁਤ ਪਿਆ! ਟੌਹੜਾ ਮੁਕੱਰਦਾ ਨਾ ਤਾਂ ਕੀ ਕਰਦਾ ! ਲੀਡਰੀ ਸਿੱਖਾਂ-ਲੋਕਾਂ ਦੇ ਸਿਰ ਤੇ ਕਰਨੀ ਹੈ ਕਿ ਕਬੂਤਰਾਂ ਦੇ ਸਿਰ ਤੇ ? ਹੁਣ ਯੋਗੀ ਜੀ ਨੇ ਟੌਹੜੇ ਨੂੰ ਉਸਦੀ ਚਤੁਰ-ਬੁਧੀ ਨੂੰ ਵੇਖਦਿਆਂ '1995 ਦਾ ਖਾਲਸਾ' ਕਹਿ ਦਿੱਤਾ ਤਾਂ ਕਈ ਸਿਰ-ਫਿਰੇ ਲਿਖਣਗੇ-ਯੋਗੀ ਜੀ ਵੀ ਟੌਹੜੇ ਤੋਂ ਕੁਝ ਭਾਲਦੇ ਹਨ ! ਯੋਗੀ ਜੀ ਨੂੰ ਟੌਹੜੇ ਦੀ ਕੀ ਪ੍ਰਵਾਹ ? ਯੋਗੀ ਜੀ ਦੀ ਦਿੱਲੀ ਵਾਲਿਆਂ ਨਾਲ ਸਿੱਧੀ ਗੱਲ ਐ। ਜੇ ਅੱਗੇ ਟੌਹੜ-ਟੋਲੀ ਉਹਨਾਂ ਕੋਲੋਂ ਅਮਰੀਕਾ ਦੀ ਸੈਲ ਨਾਲ ਨਿਹਾਲ ਨਿਹਾਲ ਹੋ ਕੇ ਗਈ ਸੀ ਤਾਂ ਹੁਣ ਭਾਜਪਾ ਵਾਲੇ ਭਾ ਜੀ ਮਦਨ ਲਾਲ ਖੁਰਾਣਾ ਨੇ ਵੀ ਤਾਂ ਭਰਾਤਰੀ-ਭਾਵ ਵਧਾਉਂਣ ਲਈ ਝੱਟ ਦੇਣੇ ਸੱਦਾ ਕਬੂਲਿਆ ਹੈ ਹੀ ਨਾ! ਨਾਲੇ ਯੋਗੀ ਜੀ ਨੇ ਹੁਣੇ ਹੀ ਤਾਂ ਸਨਮਾਨ ਵੇਲੇ ਖੁਰਾਣਾ ਜੀ ਨੂੰ ਦਿੱਲੀ ਗਣੇਸ਼ ਜੀ ਦੀ ਮੂਰਤੀ ਭੇਟ ਕੀਤੀ ਹੈ। ਕਿਰਪਾਨ ਦੇ ਕੇ ਸਿੱਖੀ ਦਾ ਕੋਈ ਬਹੁਤਾ ਪ੍ਰਚਾਰ ਹੁੰਦੈ ? ਲੋਕ ਤਾਂ ਐਵੇਂ ਧਰਮ ਦੇ ਨਾਂ ਤੇ ਵੰਡੀਆਂ ਪਏ ਪਾਂਦੇ ਨੇ। ਗਣੇਸ਼ ਦੀ ਮੂਰਤੀ ਭੇਟ ਕੀਤੀ ਸੀ ਤਦੇ ਤਾਂ ਖੁਰਾਣਾ ਭਾ ਜੀ ਨੇ ਕਿਹਾ ਏ ਵਈ ਯੋਗੀ ਜੀ 'ਭਾਰਤੀ ਸੰਸਕ੍ਰਿਤੀ' ਦਾ ਵਿਦੇਸ਼ਾਂ 'ਚ ਸੋਹਣਾ ਪ੍ਰਚਾਰ ਪਏ ਕਰਦੇ ਨੇ ! ਜੇ ਇਤਨਾ ਪਿਆਰ ਵੱਧ ਗਿਆ ਤਾਂ ਟੌਹੜਾ ਤਾਂ ਯੋਗੀ ਜੀ ਦੇ 'ਮੱਗਰ ਮੱਗਰ' ਫਿਰੇਗਾ ਕਿ ਦਿੱਲੀ ਵਾਲਿਆਂ ਨਾਲ ਸਾਡਾ ਰਹਿੰਦਾ-ਖੂੰਹਦਾ ਦਿਲ ਵੀ ਪੂਰੀ ਤਰਾਂ ਮਿਲਾ ਦਿਓ। ਫੇਰ ਕੋਈ ਬੜਾ-ਬਾਦਲ ਸਾਥੋਂ ਬਾਜ਼ੀ ਨਹੀਂ ਲੈ ਸਕਦਾ- ਕੋਈ ਮੜਾ-ਮਾਨ ਸਾਡੇ ਮੂਹਰੇ ਨਹੀਂ ਅੜ ਸਕਦਾ, ਕੋਈ ਖੜਾ-ਖਾੜਕੂ ਸਾਡੇ ਸਾਹਮਣੇ ਨਹੀਂ ਖੁੜ ਸਕਦਾ। ਫੇਰ ਸ਼੍ਰੋਮਣੀ ਕਮੇਟੀ ਦੀ ਆਉਂਦੀ ਚੋਣ ਨੂੰ ਪੂਰੇ ਜਿੱਦੇ ! ਜੇ ਹੋ ਵੀ ਗਈ ਕਿਸੇ ਨੂੰ ਜਿੱਤਣ ਨਹੀਂ ਦਿੱਦੇ !! ਖੈਰ -

ਇਸੇ ਸੰਮੇਲਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਟੌਹੜੇ ਦਾ 73 ਵਾਂ ਜਨਮ-ਦਿਨ ਮਨਾਉਂਣ ਲਈ 'ਕੇਕ ਕੱਟਿਆਂ' ਗਿਆ ਤੇ ਇਸ ਖੁਸ਼ੀ ਵਿਚ ਲੱਡੂ ਵੰਡੇ ਗਏ। ਵਿਦੇਸ਼ੀ-ਸਭਿਆਚਾਰਾਂ ਦੇ ਪ੍ਰਭਾਵ ਥੱਲੇ ਅਸੀਂ ਅੱਜ ਆਮ ਤੇ ਸਾਧਾਰਨ ਜਿਹੇ ਸਿੱਖਾਂ ਨੂੰ ਨਿੱਕੇ-ਨਿੱਕੇ ਕਾਕਿਆਂ ਦੇ ਜਨਮ-ਦਿਨਾਂ ਉਤੇ ਅਕਸਰ ਕੇਕ ਕਟਦੇ ਦੇਖਦੇ ਹਾਂ। ਪਰ 'ਵਿਸ਼ਵ ਸਿੱਖ-ਸੰਮੇਲਨ' ਸਮੇਂ ਕੌਮ ਨੂੰ ਗੁਰਮਤਿ ਗਾਡੀ-ਰਾਹ ਉਤੇ ਤੋਰਨ ਦੇ ਜ਼ਿਮੇਵਾਰ 73 ਸਾਲਾ ਕਾਕੇ ਦੇ ਕੇਕ ਕੱਟੇ ਜਾਣ ਨੂੰ ਵੀ ਸੰਮੇਲਨ ਦਾ ਇਕ ਇਤਿਹਾਸਕ-ਕਾਰਨਾਮਾ ਹੀ ਸਮਝਣਾ ਚਾਹੀਏ ! ਕੌਮ ਦੀ ਤਕਦੀਰ ਬਨਾਣ ਵਾਲੇ ਨੌਜਵਾਨ ਸੁੱਖਾ-ਜਿੰਦਾ ਤਾਂ ਕੌਮ ਲਈ ਫਾਂਸੀ ਝੂਟ ਜਾਣ ਸਮੇਂ ਕੈਦੀਆਂ ਨੂੰ ਲੱਡੂ ਵੰਡਦੇ ਹਨ ਪਰ ਕੌਮ ਦਾ ਘਾਣ ਕਰਵਾਉਂਣ ਵਾਲੇ ਸੱਤਰੇ-ਬਹੱਤਰੇ ਹੀ ਨਹੀਂ ਤਹੇਤਰ ਸਾਲ ਦੇ ਟੌਹੜੇ-ਕਾਕੇ ਦਾ ਜਨਮ-ਦਿਨ ਸੰਮੇਲਨ ਦੇ ਰੁਝੇਵਿਆਂ ਵਿਚ ਵੀ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਧੂਮ-ਧਾਮ ਨਾਲ ਖੁਸ਼ੀ-ਸਹਿਤ ਮਨਾਇਆ ਜਾਂਦਾ ਹੈ। ਸਿੱਖਾਂ ਨੂੰ ਵਿੰਦਿਤ ਹੋਵੇ ਕਿ ਇਹ ਸਿੱਖਾਂ ਦੀ ਸਰਬੱਤਮ ਸੰਸਥਾ ਦੇ ਪ੍ਰਧਾਨ ਅਥਵਾ ਸਭ ਤੋਂ ਵੱਡੇ ਜ਼ਿਮੇਵਾਰ ਵਿਅਕਤੀ ਦਾ ਖੁਸ਼ੀਆਂ-ਭਰਿਆ ਤਹੇਤਰਵਾਂ ਜਨਮ ਦਿਨ ਸੀ ਜੋ ਹਰੇਕ ਪਰਿਵਾਰ ਨੂੰ ਆਪਣਾ ਇਕ ਬੱਚਾ ਧਰਮ-ਯੁੱਧ ਮੋਰਚੇ ਵਿਚ ਦੇਣ ਦੀਆਂ ਕਾਲਾਂ ਦਿੰਦਾ ਰਿਹਾ ਹੈ। ਉਪਰੋਕਤ ਸਨਮਾਨ ਤੇ ਜਨਮ-ਦਿਨ ਦੀਆਂ ਦੋ ਨਿੱਕੀਆਂ ਲਗਦੀਆਂ ਸੰਮੇਲਨ ਦੌਰਾਨ ਵਾਪਰੀਆਂ ਇਹਨਾਂ ਗੱਲਾਂ ਦਾ ਵਿਵਰਣ ਸਿਰਫ ਸਿੱਖਾਂ ਦੇ ਗਿਆਤ ਹਿਤ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਸਿੱਖ ਜਾਣ ਸਕਣ ਕਿ ਇਸ 'ਵਿਸ਼ਵ ਸਿੱਖ ਸੰਮੇਲਨ' ਵਿਚ ਵੱਡੇ ਸਿੱਖ-ਮਸਲਿਆਂ ਮੁਕਾਬਲੇ ਕਿਸੇ 'ਵਿਅਕਤੀ-ਵਿਸ਼ੇਸ਼' ਲਈ ਕੋਈ ਵਿਸ਼ੇਸ਼ਤਾ ਕੀਤੀ ਗਈ ਹੈ ਕਿ ਨਹੀਂ ? ਜਿਥੋਂ ਤੱਕ ਟੌਹੜੇ ਦਾ ਸੰਮੇਲਨ ਨੂੰ ਧਤਿਆਂ ਤੋਂ ਉਪਰ ਉਠ ਕੇ ਬੁਲਾਇਆ ਕਹਿਣਾ ਹੈ ਇਹ ਚਿੱਟਾ-ਕੋਰਾ ਝੂਠ ਹੈ। ਜੇ ਨਹੀਂ ਤਾਂ ਫਿਰ ਸ: ਮਾਨ, ਖਾਲਿਸਤਾਨੀ ਤੇ ਖਾੜਕੂ ਸਿੱਖਾਂ ਨੂੰ ਇਸ ਸੰਮੇਲਨ ਤੋਂ ਬਾਹਰ ਰੱਖਣ ਦੀ ਗੱਲ ਦਾ ਉਸ ਕੋਲ ਕੋਈ ਜਬਾਬ ਹੈ ? ਕੀ ਟੌਹੜੇ ਦੇ ਨਿੱਘਰੇ ਅਤੇ ਸੁਆਰਥੀ-ਕਿਰਦਾਰ ਮੁਕਾਬਲੇ ਕੌਮ ਲਈ ਨਿਰਸੁਆਰਥ ਹੋ ਕੇ ਕੁਰਬਾਨੀਆਂ ਕਰਨ ਵਾਲੇ ਇਹ ਲੋਕ ਟੌਹੜੇ ਨੂੰ ਸਿੱਖ ਨਹੀਂ ਦਿਸਦੇ ? ਕੀ ਕੁਝ ਸਿੱਖਾਂ ਨੂੰ ਸੰਮੇਲਨ ਲਈ ਸੱਦ ਕੇ ਅਤੇ ਕੁਝਨਾਂ ਨੂੰ ਛੱਡ ਕੇ ਉਹ ਸਿੱਖਾਂ ਵਿਚ ਪਾੜਾ ਪਾਉਂਣ ਦੀ ਆਪਣੀ ਨੀਤੀ ਨਹੀਂ ਵਰਤ ਰਿਹਾ ? ਕੀ ਇੰਵ ਉਹ ਸਿੱਖੀ-ਪਰੰਪਰਾਵਾਂ ਤੇ ਪਹਿਰਾ ਦੇ ਰਿਹਾ ਹੈ ? ਕੀ ਸਿੱਖਾਂ ਦੇ ਸਰਮਾਏ ਨਾਲ ਕਿਸੇ ਧਾਰਮਿਕ ਅਸਥਾਨ ਉਤੇ ਸਿੱਖ-ਮਸਲਿਆਂ ਲਈ ਕੀਤੇ ਸੰਮੇਲਨ ਤੋਂ ਕੁਝ ਸਿੱਖਾਂ ਨੂੰ ਬਾਹਰ ਰਖਦਿਆਂ ਸਿੱਖ-ਧਰਮ ਅਸਥਾਨਾਂ ਨੂੰ ਉਸਨੇ ਨਿੱਜੀ-ਜਾਇਦਾਦ ਸਮਝ ਰੱਖਿਆ ਹੈ। **ਨਿਰਸੰਦੇਹ ਸਿੱਖ**-ਪੰਥ ਨੂੰ ਹੁਣ ਇਸ ਗੱਲੋਂ ਸਾਵਧਾਨ ਹੋਣਾ ਪਵੇਗਾ ਕਿ ਜੇ ਟੌਹੜਾ ਇਸੇ ਧਤੇਬੰਦਕ-ਸੋਚ ਦਾ ਧਾਰਣੀ ਹੈ ਤਾਂ ਕੀ 'ਵਿਸ਼ਵ ਸਿੱਖ ਯੂਨੀਵਰਸਿਟੀ' ਸਥਾਪਤ ਕਰਨ ਲਈ ਗਠਨ ਕੀਤੀ ਜਾਣ ਵਾਲੀ 'ਵਿਸ਼ਵ ਸਿੱਖ ਕੌਂਸਲ' ਦਾ ਕਾਰਜ ਉਸਦੇ ਹੱਥਾਂ ਵਿਚ ਦਿੱਤਾ ਜਾ ਸਕਦਾ ਹੈ ? ਕੀ ਉਹ ਇਸ ਵਿਚੋਂ ਅੱਧੇ ਸਿੱਖ ਬਾਹਰ ਰੱਖ ਕੇ ਮਨ-ਚਾਹੀ ਭਰਤੀ ਇਸ 'ਚ ਨਹੀਂ ਕਰੇਗਾ ? ਪਿੱਛਾ ਵਿਚ ਕਈ ਸ਼ਰੁਰਗਾਂ ਦਾ ਇਕ ਤਕੀਆ-ਕਲਾਮ 'ਲੱਖ ਰੁਪਈਏ ਦੀ ਗੱਲ' ਹੁੰਦਾ ਹੈ ਪਰ ਸੰਮੇਲਨ ਦੀ ਕਾਰ-ਕਰਦਗੀ ਵੇਖਕੇ ਮੈਨੂੰ ਜਾਪਦਾ ਹੈ ਕਿ ਸਿੱਖਾਂ ਨੂੰ ਹੁਣ ਆਪਣੇ ਤਕੀਏ-ਕਲਾਮ ਨੂੰ 'ਸੌ ਕਰੋੜ ਰੁਪੱਈਏ' 'ਚ ਬਦਲ ਲੈਣਾ ਚਾਹੀਦਾ ਹੈ। ਸੁਭਾਵਾਨ ਸਿੱਖਾਂ ਦੇ ਮਨ ਵਿਚ ਸੁਪਨੇ ਤੇ ਪੰਥ ਲਈ ਪਿਆਰ ਸੀ ਉਹਨਾਂ ਸੰਮੇਲਨ 'ਚ ਪਹੁੰਚ ਕੇ 'ਵਿਸ਼ਵ ਸਿੱਖ ਯੂਨੀਵਰਸਿਟੀ' 'ਵਿਸ਼ਵ ਸਿੱਖ ਕੌਂਸਲ' ਅਤੇ 'ਜਤਾਬਦੀ ਸਿੱਖ ਫੰਡ 1999' ਸਥਾਪਤ ਕਰਨ ਦੇ ਸ਼ਲਾਘਾ ਯੋਗ ਫੈਸਲੇ ਆਪਣੇ ਸੁਭਾਵਾ ਨਾਲ ਕਰਵਾਏ ਹਨ। ਪਰ ਸਿੱਖਾਂ ਨੂੰ ਇਹ ਸਭ ਆਪਣੇ ਸੁਝਾਅ 'ਸੌ ਕਰੋੜ' ਵਿਚ ਪਏ ਹਨ ਤੇ ਮੈਂ ਸੌ ਕਰੋੜ ਦੀ ਇਕ ਗੱਲ ਅਜੇ ਵੀ ਕਹਿੰਦਾ ਹਾਂ ਕਿ ਸੌ ਕਰੋੜ ਖਰਚ ਕੇ ਆਪਣੇ ਇਹ ਸੁਝਾਅ ਰੌਦੋ ਬਿਲਕੁਲ ਨਾ, ਪਰ ਢਿੱਲੀ ਦੇਰ ਇਸੇ ਤਰਾਂ ਪਏ ਰਹਿਣ ਦਿਓ, ਜਿੰਨੀ ਦੇਰ ਤੁਸੀਂ ਆਪਣੀ ਪਿਆਰੀ ਸਰਬੋਤਮ-ਸੰਸਥਾ ਸ਼੍ਰੋਮਣੀ-ਕਮੇਟੀ ਦੀ ਟੌਹੜਾ-ਲੀਡਰਸ਼ਿਪ ਨਹੀਂ ਲਾਹ ਦਿੰਦੇ ਵਰਨਾ ਟੌਹੜੇ ਦੇ ਪ੍ਰਧਾਨ ਹੁੰਦਿਆਂ ਸਮੁੱਚੇ ਸਿੱਖਾਂ ਦਾ ਭਰੋਸਾ ਜਿੱਤ ਕੇ ਤੁਰੇ ਬਿਨਾਂ ਇਹਨਾਂ ਸੰਸਥਾਵਾਂ ਨੂੰ ਸਿੱਖ ਬਲਵਾਨ ਬਣਾ ਕੇ ਕੌਮ ਦੇ ਭਲੇ ਲਈ ਕਦੇ ਵੀ ਵਰਤ ਨਹੀਂ ਸਕਣਗੇ। ਹਾਂ ਜੇ ਸਿੱਖ ਪਿਛਲੇ ਛੇਤ ਦਹਾਕੇ ਵਿਚ ਜੋ ਕੁਝ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦਾ ਟੌਹੜੇ ਦੀ ਪਰਧਾਨਗੀ ਹੇਠ ਹੋਇਆ ਹੈ ਇਸ ਕਾਰਗੁਜ਼ਾਰੀ ਤੋਂ ਅਤੀ ਪ੍ਰਸੰਨ ਹਨ ਤਾਂ ਇਹ ਤਾਂ ਕੀ, ਵਿਸ਼ਵ ਦੀਆਂ ਕੁੱਲ ਸੰਸਥਾਵਾਂ ਟੌਹੜੇ ਦੇ ਹਵਾਲੇ ਕਰ ਕੇ ਆਪ ਸਿਰਹਾਣੇ ਥੱਲੇ ਬਾਂਹ ਦੇ ਕੇ ਸੌ ਜਾਣਾ ਫਿਕਰ ਦੀ ਗੱਲ ਕੋਈ ਨਹੀਂ, ਫਿਰ ਨਾ ਰਹੇਗਾ ਬਾਂਸ ਨਾ ਬਜੇਗੀ ਬਾਂਸੁਰੀ ! ਫਿਰ ਉਸਨੇ ਸਾਰੀਆਂ ਸਿੱਖ-ਸੰਸਥਾਵਾਂ ਦਾ ਕੀਰਤਨ-ਸੋਹਿਲਾ ਪੜ੍ਹ ਹੀ ਦੇਣਾ ਹੈ !

ਸੰਮੇਲਨ ਦੀ ਸਾਰੀ ਕਾਰਵਾਈ ਦਾ ਅੱਖੀਂ ਦੇਖ ਕੇ ਪਰ ਪ੍ਰਭਾਵਸ਼ਾਲੀ ਸ਼ਬਦਾਂ ਰਾਹੀਂ ਕੀਤਾ ਜਥਾਰਥਿਕ ਅਥਵਾ ਸੱਚਾ-ਚਿਤਰਣ ਡਾ: ਜਸਪਾਲ ਸਿੰਘ ਦਿੱਲੀ ਦੀ ਜ਼ੁਬਾਨੀ ਤੁਹਾਨੂੰ ਸੁਣਾ ਕੇ ਮੈਂ ਅਸਲੀ ਗੱਲ ਵੱਲ ਮੁੜਾਂਗਾ। ਉਹ ਕਹਿੰਦੇ ਹਨ-'ਇਹ ਸੰਮੇਲਨ ਮਾੜੀਆਂ-ਮੋਟੀਆਂ ਗੱਲਾਂ ਕਰਕੇ ਹੀ ਖਤਮ ਹੋ ਗਿਆ' ਤੇ ਮੈਂ ਇਸ 'ਚ ਆਪਣੇ ਵਲੋਂ ਸਿਰਫ ਇਹਨਾਂ ਅੱਖਰਾਂ ਦਾ ਵਾਧਾ ਕਰਨਾ ਚਾਹਾਂਗਾ-'ਇਹ ਗੱਲਾਂ ਸਿੱਖਾਂ ਨੂੰ ਸੌ ਕਰੋੜ 'ਚ ਪਈਆਂ' !

ਪਰ ਗੁਰੂ ਕੇ ਗੋਲੇ ਤੇ ਭੋਰੇ ਪੰਥ ਨੂੰ ਵਿੰਦਿਤ ਹੋਵੇ ਕਿ ਗੱਲਾਂ 'ਚੋਂ ਗੱਲ ਇਸ ਸੰਮੇਲਨ ਦੀ ਤਹਿ ਹੇਠ ਸ਼੍ਰੋਮਣੀ-ਕਮੇਟੀ ਦੀਆਂ ਸੰਭਾਵਿਤ ਚੋਣਾਂ ਦੀ ਸੀ। ਮੈਂ ਇਸ ਸੰਮੇਲਨ ਤੋਂ ਪਹਿਲਾਂ ਇਸ ਬਾਰੇ ਲਿਖਿਆ ਸੀ ਕਿ ਇਹ ਸੰਮੇਲਨ ਟੌਹੜੇ ਨੇ ਸੰਤ ਜਵੰਦੀ ਵਲੋਂ ਬੁਲਾਏ ਸੰਮੇਲਨ ਨੂੰ ਚੁਣੌਤੀ ਸਮਝ ਈਰਖਾ-ਵੱਸ ਸੁਆਰਥ ਲਈ ਬੁਲਾਇਆ ਹੈ। ਟੌਹੜੇ ਲਈ ਨਾ ਸਿੱਖ-ਧਰਮ ਸੁਪਰੀਮ ਹੈ, ਨਾ ਸ਼੍ਰੋਮਣੀ ਕਮੇਟੀ ! ਆਪਣੀ ਕੁਰਸੀ ਸੁਪਰੀਮ ਹੈ। ਉਹ ਇਸ ਕੁਰਸੀ ਕੋਈ ਸੰਤ ਜਾਂ ਸੰਤ-ਸਮਾਜ ਤਾਂ ਕੀ ਜੁਝਾਰੂਆਂ ਦੀਆਂ ਜੜ੍ਹਾਂ ਵੀ ਵੱਢ ਸਕਦਾ ਹੈ। ਗੁਰਧਾਮ ਢੇਰੀ ਕਰਵਾ ਸਕਦਾ ਹੈ। ਹੋਰ ਤਾਂ ਹੋਰ ਬੇਅੰਤ ਸਿੰਘ ਵਰਗੇ ਸਿੱਖ-ਦੋਖੀ ਅਖ਼ਾਸ ਮੁੱਖ-ਮੰਤਰੀ ਨਾਲ ਵੀ ਮੇਲ-ਮੁਲਾਕਾਤਾਂ ਕਰ ਸਕਦਾ ਹੈ। ਕੇਦਰ 'ਚ ਬੈਠੇ ਸੰਗੀਨ-ਗਲਤੀਆਂ ਕਰਨ ਵਾਲੇ, ਸ੍ਰੀ ਅਕਾਲ ਤਖਤ ਤੋਂ ਬਖਸ਼ਵਾ ਸਕਦਾ ਹੈ। ਹੋਰ ਕਿਧਰੇ ਹੱਥ ਪਵੇ ਨਾ ਪਵੇ ਪਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਕਿਸੇ ਕੀਮਤ ਤੇ ਨਹੀਂ ਛੱਡਣੀ ਚਾਹੁੰਦਾ। ਬਾਦਲ ਦੇ ਅਕਾਲੀ ਦਲ ਦਾ ਪ੍ਰਧਾਨ ਬਣਨ ਮਗਰੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਗੱਲ ਚਲਣ ਨਾਲ ਉਸਨੂੰ ਹੱਥਾਂ ਪੈਰਾਂ ਦੀ ਪੈ ਗਈ। ਅਸੀਂ ਅੰਦਰਖਾਤੇ ਉਹ ਕੇਂਦਰ ਤੋਂ ਇਹ ਚੋਣਾ ਅੱਗੇ ਪੁਆਣ ਲਈ ਹੱਥ-ਪੈਰ ਮਾਰੇਗਾ ਇਸਦਾ ਸਬੂਤ ਉਸਦਾ ਛਗਵਾਚੇ ਤੋਂ ਲੰਗਿਆ ਸੰਜਰਾ ਬਿਆਨ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਇਹਨਾਂ ਚੋਣਾਂ 'ਚ ਜ਼ਰੂਰ ਦਖਲ-ਅੰਦਾਜ਼ੀ ਕਰੇਗੀ। ਤੇ ਚੋਣਾਂ ਹੋਣ ਦੀ ਸੂਰਤ 'ਚ ਉਸਨੂੰ ਆਪਣੇ ਕਿਰਦਾਰ ਸਦਕਾ ਕੁਰਸੀ ਜਾਂਦੀ ਦਿਸਦੀ ਹੈ। ਇਸ ਤੇ ਕੇਵਲ ਇਸ ਖਦਸ਼ੇ ਲਈ ਉਸਨੇ ਆਪਣੀ ਸਿੱਖਾਂ 'ਚ ਡਿੱਗੀ ਸ਼ਾਖ ਨੂੰ ਬਹਾਲ ਕਰਨ ਲਈ 'ਵਿਸ਼ਵ ਸਿੱਖ ਸੰਮੇਲਨ' ਦੀ ਸਟੇਜ ਨੂੰ ਸਿਆਸੀ-ਹਿਤ ਲਈ ਵਰਤ ਲੈਣ ਦਾ ਇਹ ਸੁਭਾਗ ਪ੍ਰਾਪਤ ਕੀਤਾ ਹੈ। ਸੰਸਥਾਵਾਂ ਤੇ ਵਿਅਕਤੀਆਂ ਨੂੰ ਆਪਣੇ ਹਿਤ ਲਈ ਕਿਵੇਂ ਵਰਤਣਾ ਹੈ ? ਇਹ ਗੁਰ ਟੌਹੜੇ ਨੇ ਆਪਣੀ ਲੀਡਰੀ ਦੇ ਲੰਬੇ ਤਜਰਬੇ 'ਚੋਂ ਸੋਹਣੀ ਤਰਾਂ ਸਿੱਖਿਆ ਹੋਇਆ ਹੈ। ਸਾਡੇ ਇਕ ਮਿੱਤਰ ਨੇ ਸ਼੍ਰੋਮਣੀ ਕਮੇਟੀ ਦੇ

ਅਖੁਦੇਦਾਰਾਂ ਦੀ ਪਿਛਲੇ ਸਾਲ ਦੀ ਚੋਣ ਦਾ ਰੋਗਟੇ ਖੜੇ ਕਰਨ ਵਾਲਾ ਕਿੱਸਾ ਸਾਨੂੰ ਕੁਝ ਅਰਸਾ ਪਹਿਲੇ ਸੁਣਾਇਆ ਕਿ ਕਿਸ ਤਰਾਂ ਟੋਹੜੇ ਦੀ ਛਤਰ-ਛਾਇਆ ਹੇਠ ਸ਼੍ਰੋਮਣੀ ਕਮੇਟੀ ਦੇ ਸਿੰਘੇ-ਸਾਧਾਰਨ ਮੈਂਬਰਾਂ ਨੂੰ ਫਾਈਵ-ਸਟਾਰ ਹੋਟਲਾਂ 'ਚ ਠਹਿਰਾ ਕੇ ਉਹਨਾਂ ਉਤੇ ਨੀਕਰੀ-ਪਹਿਰਾ ਲਾਇਆ ਤੇ ਕਿਸ ਤਰਾਂ ਉਹਨਾਂ ਦੀ ਖਾਤਰ-ਤਵੱਜੋ ਕੀਤੀ ਗਈ ਤੇ ਫਿਰ ਕਿਸ ਤਰਾਂ ਉਹਨਾਂ ਨੂੰ ਬੱਸਾਂ ਵਿਚ ਤੁੜੀ ਵਾਂਗ ਤੂੜ ਕੇ ਤੋਰਾ ਸਿੰਘ ਸਮੁੰਦਰੀ ਹਾਲ 'ਚ ਬੱਸਾਂ 'ਚੋਂ ਸਿੱਧੇ ਅੰਦਰ ਲਿਆ ਕੇ ਤੇ ਆਪਣੇ ਹੱਕ 'ਚ ਭੁਗਤਾ ਕੇ ਬਾਦਲ ਨੂੰ ਤਿੰਬੀ ਲਾਈ ਗਈ। ਉਹਨਾਂ ਕੁਝ ਮਹੀਨੇ ਪਹਿਲਾ ਇਸ ਰਾਜ ਤੋਂ ਵੀ ਪਰਦਾ ਚੁੱਕਿਆ ਸੀ ਕਿ ਟੋਹੜਾ ਦਿਲੋਂ ਭਾਵੇਂ ਖੋਜੀ ਜੀ ਨਾਲ ਔਖਾ ਹੈ ਪਰ ਖੋਜੀ ਦੀਆਂ ਛਾਪਾਂ ਨੇ ਉਸਦਾ ਮਾਇਆ-ਮੋਹਣਾ ਮਨ ਮੋਹ ਲਿਆ ਹੈ ਤੇ ਉਹ ਖੋਜੀ ਨੂੰ ਭੇਟਣ ਦਾ ਮਨ ਵਿਚ ਪੂਰਾ ਤਾਣਾ-ਪੇਟਾ ਵਲੀ ਬੈਠਾ ਹੈ। ਖੋਜੀ ਜੀ ਹੁਣ ਸਿੰਘੇਲਨ 'ਚ ਜਾ ਅਏ ਹਨ-ਰੱਬ ਖੈਰ ਕਰੇ !

ਸਿੱਖਾਂ ਦਾ ਭਵਿੱਖ ਸ਼੍ਰੋ: ਗੁ: ਪ੍ਰ: ਕਮੇਟੀ ਉਤੇ ਨਿਰਭਰ ਕਰਦਾ ਹੈ। ਨਿਰਸੰਦੇਹ ਸੰਤ-ਸਮਾਜ ਪ੍ਰਤੀ ਟੋਹੜੇ ਦਾ ਵਤੀਰਾ ਹੈਕੜਾਨਾ ਹੈ। ਸੰਤ-ਮਹਾਂਪੁਰਸ਼ਾਂ ਨੇ ਸਿੱਖੀ ਦੀ ਪੁਛੌਲਤਾ ਵਿਚ ਬਹੁਤ ਯੋਗਦਾਨ ਪਾਇਆ ਹੈ। ਗੁਰਦੁਆਰਾ ਸਹਿਬਾਨ ਦੀ ਕਾਰ ਸੇਵਾ ਲਈ ਟੋਹੜੇ ਨੂੰ ਸੰਤ-ਮਹਾਂਪੁਰਸ਼ ਹੀ ਬਹੁਤਦੇ ਰਹੇ ਹਨ। ਇਹ ਵੀ ਇਕ ਹਕੀਕਤ ਹੈ ਕਿ ਪੰਥ ਦੀ ਬੰਝਵੀਂ ਮਰਯਾਦਾ ਲਈ ਸਾਡੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਕੇਵਲ ਤੇ ਕੇਵਲ ਸ਼੍ਰੋ: ਗੁ: ਪ੍ਰ: ਕਮੇਟੀ ਹੀ ਹੈ ਜਿਸਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ। ਪਰ ਇਸਦਾ ਪ੍ਰਬੰਧ ਪਿਛਲੇ ਚਾਲੀ ਦਹਾਕੇ ਤੋਂ ਟੋਹੜੇ ਵਰਗੇ ਨਿੱਘਰੇ ਤੇ ਨਾਸਤਿਕ ਮਨੁੱਖ ਦੇ ਹੱਥਾਂ 'ਚ ਹੈ। ਅਸੀਂ ਸਾਡੀ ਇਸ ਧਾਰਮਿਕ-ਸੰਸਥਾ ਨੂੰ ਟੋਹੜਾ-ਜੁੰਡਲੀ ਤੋਂ ਹੁਣ ਉਵੇਂ ਹੀ ਆਜਾਦ ਕਰਵਾਉਣਾ ਹੈ ਜਿਵੇਂ ਕਦੇ ਅਕਾਲੀਆਂ ਨੇ ਮਹੰਤਾਂ ਤੋਂ ਗੁਰਦੁਆਰੇ ਆਜਾਦ ਕਰਵਾਏ ਸਨ। ਹੁਣ ਜਦੋਂ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਉਡੀਕ ਉਡੀਕ ਕੇ ਮਸੀਂ ਹੋਣ ਲੱਗੀਆਂ ਹਨ (ਜੇ ਹੋ ਜਾਣ!) ਤਾਂ ਜਰੂਰਤ ਹੈ ਕਿ ਦੇਸ-ਵਿਦੇਸ ਵਿਚਲੇ ਸਿੱਖ ਰਲ ਕੇ ਇਕ ਜੋਰਦਾਰ ਹੋਕਾ ਮਾਰਨ ਤਾਂ ਉਹ ਟੋਹੜਾ-ਵਾਧੇ ਨੂੰ ਗੁਰਦੁਆਰਾ-ਪ੍ਰਬੰਧ ਚੋਂ ਉਖੇੜ ਕੇ ਖਿਅੰਡ ਕੁਰਬਾਨੀਆਂ ਨਾਲ ਹੋਂਦ ਵਿਚ ਆਈ ਆਪਣੀ ਇਸ ਸਰਬੋਤਮ-ਸੰਸਥਾ ਨੂੰ ਸੁਰਾ ਸਕਦੇ ਹਨ ਪਰ ਮੁੱਖ ਰੂਪ 'ਚ ਇਹ ਕੌਮ ਦੇਸ ਪੰਜਾਬ 'ਚ ਵਸਦੇ ਸਿੱਖਾਂ ਨੇ ਕਰਨਾ ਹੈ। ਪੰਜਾਬੋਂ ਬਾਹਰਲੇ ਸਿੱਖ ਤਾਂ ਉਹਨਾਂ ਦੀਆਂ ਬਾਂਹਾਂ ਹੀ ਬਣ ਸਕਦੇ ਹਨ ਤੇ ਬਣਨਗੇ ਵੀ !

ਪਰ ਮੈਂ ਇਸ ਅਤਿ ਜਰੂਰੀ ਮਸਲੇ ਸੰਬੰਧੀ ਬਤੌਰ ਮਾਣ ਤਾਣ ਸ: ਮਾਨ, ਖਾਲਸਾ-ਪਿਰਾ, ਦਮਦਮੀ-ਟਕਸਾਲ, ਸੰਤ-ਸਮਾਜ, ਫੈਡਰੇਸ਼ਨਾਂ, ਰੋਡੇ-ਪ੍ਰਵਾਰ ਅਤੇ ਸਮੂਹ ਪੰਥ-ਹਿਤੈਸੀ ਸਿੱਖਾਂ ਨੂੰ ਇਕ ਆਵਾਜ਼ ਮਾਰਨ ਲੈਣਾ ਹਾਂ।

ਉਹ ਆਵਾਜ਼ ਇਹ ਕਿ ਟੋਹੜਾ-ਵਾਧੇ ਕੇ ਕਬਜ਼ੇ ਚੋਂ ਸ਼੍ਰੋਮਣੀ ਕਮੇਟੀ ਆਜਾਦ ਕਰਵਾਏ ਬਿਨਾਂ ਕੌਮ ਦਾ ਭਵਿੱਖ ਕਿਵੇਂ ਵੀ ਰੌਸ਼ਨ ਨਹੀਂ ਜੇ ਹੋ ਸਕਦਾ। ਤੇ ਸ਼੍ਰੋਮਣੀ ਕਮੇਟੀ ਟੋਹੜਾ-ਜੁੰਡਲੀ ਤੋਂ ਤੁਸੀਂ ਤਦ ਹੀ ਖੋਹ ਸਕੋਗੇ ਜੇ ਇਹਨਾਂ ਚੋਣਾਂ ਨੂੰ ਤੁਸੀਂ ਇਕਮੁੱਠ ਹੋ ਕੇ ਲੜੋਗੇ। ਹਰੇਕ ਮੀਟ ਉਤੇ ਟੋਹੜਾ-ਜੁੰਡਲੀ ਦੇ ਮੁਕਾਬਲੇ ਉਤੇ ਤੁਹਾਡਾ ਇਕ ਉਮੀਦਵਾਰ, ਤੁਹਾਡੀ ਜਿੱਤ ਦਾ ਜਾਮਨ ਹੈ। ਤੁਹਾਡੇ ਦੇ ਉਮੀਦਵਾਰ ਹੋਣੇ ਨਹੀਂ ਕਿ ਤੁਹਾਡੀ ਹਾਰ ਲਾਜਮੀ ਹੈ। ਇਸ ਲਈ ਸਿਆਣਪ ਇਸੇ 'ਚ ਹੈ ਕਿ ਘਟੋ-ਘੱਟ ਸ਼੍ਰੋਮਣੀ ਕਮੇਟੀ ਦੀ ਇਹ ਚੋਣ ਪੰਥ ਦੇ ਭਲੇ ਲਈ ਇਕੱਠੇ ਰਹਿ ਕੇ ਜਰੂਰ ਲੜੋ। ਐਸਾ ਨਾ ਹੋਵੇ ਕਿ ਤੁਸੀਂ ਮਨ ਦਲ, ਸੰਯੁਕਤ ਦਲ ਦੇ ਝੰਡੇ ਗੱਡ ਕੇ ਸਿੱਖਾਂ ਨੂੰ ਸਦਾ ਲਈ ਨਿਰਾਸਤਾ ਦੀ ਦਲਦਲ ਵਿਚ ਸੁੱਟ ਪਾਵੋ। ਮੈਂ ਅੱਗੇ ਵੀ ਸੁਝਾਅ ਦਿੱਤਾ ਸੀ ਕਿ ਮੀਰੀ ਤੇ ਪੀਰੀ ਦੋਵੇਂ ਮੁਹਾਜ਼ਾਂ ਨੂੰ ਯੋਗਤਾ ਅਨੁਸਾਰ ਸਾਂਭ ਲਵੋ। ਰਲ ਕੇ ਮੀਰੀ ਤੇ ਪੀਰੀ ਦੇ ਖੇਤਰ ਵੰਡ ਲਵੋ ਪਰ ਦਲ ਤੁਹਾਡੇ ਦੋ ਨਹੀਂ ਰਹਿਣੇ ਚਾਹੀਦੇ ਤੇ ਨਾ ਹੀ ਇਕ ਦੂਸਰੇ ਤੋਂ ਇਹ ਆਸ ਰੱਖਿਓ ਕਿ ਦੂਸਰਾ ਮੇਰੇ ਦਲ 'ਚ ਆਵੇ ਤਾਂ ਹੀ ਮੇਰੀ ਰਹਿੰਦੀ ਹੈ। ਪੰਥ ਦੀ ਵਡਿਆਈ ਲਈ ਛੋਟੇ ਜਣ ਜਾਂ ਗੁਰੂ ਵਡਿਆਈਆਂ ਨਾਲ ਝੋਲੀ ਭਰ ਦੇਵੇਗਾ। ਜੇ ਆਪਣੀ ਆਪਣੀ ਬਾਂਹੀਂ ਅੜੇ ਰਹੇ ਹੁਣ ਗਿਆ-ਗੁਜਰਿਆ ਟੋਹੜਾ ਤੁਹਾਨੂੰ ਵੱਡੇ ਪੰਥ-ਹਿਤੂਆਂ ਨੂੰ ਨਿਹੋਰਾਂ ਦੇ ਡੋਲ ਵਾਂਗੂ ਮਾਰ ਦੇਵੇਗਾ ! ਵਾਸਤਾ ਗੁਰੂ ਕੇ ਪੰਥ ਦਾ ! ਕੌਮ ਦੀ ਤਕਦੀਰ ਸੰਵਾਰਨ ਦਾ ਇਹ ਮਸੀਂ ਮਿਲਿਆ ਮੌਕਾ ਨਾ ਗਵਾਇਓ!

ਪਹਿਲੋਂ ਮੀਰੀ ਅਤੇ ਪੀਰੀ ਦੇ ਖੇਤਰ ਬੈਠੇ ਕੇ ਵੰਡ ਲਵੋ ਤਾਂ ਕਿ ਕਲ ਨੂੰ ਤੁਹਾਡੇ 'ਚ ਹੋਰੇ ਦੀ ਗੁੰਜਾਇਸ਼ ਨਾ ਰਹੇ। ਫਿਰ ਹੁਣ ਪੀਰੀ ਅਥਵਾ ਧਰਮ-ਖੇਤਰ ਦੀ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਟੋਹੜਾ-ਵਾਧੇ

ਮੁਕਾਬਲੇ ਹਰ ਹਲਕੇ ਚੋਂ ਧਾਰਮਿਕ, ਪੜ੍ਹਿਆ-ਲਿਖਿਆ ਤੇ ਕੁਰਬਾਨੀ ਵਾਲਾ ਸਾਰੇ ਰਲ ਕੇ ਇਕੋ ਉਮੀਦਵਾਰ ਖੁਣੋ ਜੋ ਸਿੱਖੀ ਨੂੰ ਸਮਰਪਿਤ ਹੋਵੇ। ਜੇ ਤੁਸਾਂ ਇਹ ਮਸਲਾ ਹੱਲ ਕਰ ਲਿਆ ਤਾਂ ਦੇਸ-ਵਿਦੇਸ ਵਸਦੇ ਸਿੱਖਾਂ ਵਿਚ ਉਤਸਾਹ ਦੀ ਇਕ ਤਰੰਗ ਦੌੜ ਜਾਵੇਗੀ ਤੇ ਇਹੀ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਟੋਹੜਾ-ਜੁੰਡਲੀ ਜੇ ਤੁਹਾਨੂੰ ਟਿੱਚ ਜਾਣਦੀ ਹੈ, ਤੁਹਾਡੇ ਸਾਹਮਣੇ ਅਟਕ ਨਹੀਂ ਸਕੇਗੀ ?

ਡੇਕੜਲੀ ਗੱਲ ਹੈ ਮੀਰੀ ਦੀ ! ਮੈਂ ਇਸ ਪੁਸਤਕ 'ਚ ਪਹਿਲਾ ਇਸ ਮਸਲੇ ਦਾ ਪੰਥ ਸਾਹਵੇਂ ਵਿਸਥਾਰ-ਸਹਿਤ ਜਿਕਰ ਕੀਤਾ ਹੈ। ਸਿੱਖ-ਆਜਾਦੀ ਅਤੇ ਸਿੱਖ-ਰਾਜ ਲਈ ਆਪਾ ਸਰਦਾਰ ਮਾਨ ਉਤੇ ਭਰੋਸਾ ਰੱਖੀਏ। ਉਹਨਾਂ ਦੀ ਅਗਵਾਈ ਵਿਚ ਤੁਰੀਏ-ਸਾਰੇ ਮਿਲ ਕੇ ਉਹਨਾਂ ਦੀ ਕਮਾਨ ਥੱਲੇ ਚੱਲੀਏ। ਆਜਾਦੀ-ਲਹਿਰ ਦੀ ਅਗਵਾਈ ਸ: ਮਾਨ ਨੇ ਕਰਨੀ ਹੈ ਪਰ ਸ: ਮਾਨ ਨੂੰ ਬਲ ਸਾਡੀਆਂ ਬਾਂਹਾਂ ਨੇ ਹੀ ਦੇਣਾ ਹੈ। ਮੈਂ ਪਹਿਲੋਂ ਵੀ ਜਿਕਰ ਕੀਤਾ ਸੀ ਕਿ ਜੇ ਘਰ-ਘਾਟ ਛੱਡ ਕੇ ਸ: ਮਾਨ ਨੇ ਆਜਾਦੀ-ਲਹਿਰ ਨੂੰ ਸਬੋਧਨ ਕਰਨਾ ਤੇ ਇਸਨੂੰ ਅਗਵਾਈ ਦੇਣੀ ਹੈ ਤੇ ਸਰਕਾਰ ਹੀ ਨਹੀਂ ਘਰ ਬੈਠੇ ਵਿਰੋਧੀਆਂ ਮੁਕਾਬਲੇ ਵੀ ਸਕਤੀਵਰ ਬਣਨਾ ਹੈ, ਬਿਨਾ ਕਿਸੇ ਸਰਕਾਰ ਜਾਂ ਸੰਸਥਾ ਉਤੇ ਕਬਜ਼ੇ ਦੇ ਉਹਨਾਂ ਦੀ ਧਿਰ ਸੁਹਿਰਦ ਸਿੱਖ ਹੀ ਹਨ। ਜੇ ਜਿਕਰ ਤੇ ਕੁਰਬਾਨੀ ਵਲੋਂ ਉਹ ਨਹੀਂ ਡੋਲੇ ਤਾਂ ਮਾਇਕ-ਪੱਖੋਂ ਸਿੱਖ ਉਹਨਾਂ ਨੂੰ ਕਦੇ ਨਾ ਡੋਲਣ ਦੇਣ। ਸਿੱਖਾਂ ਅਤੇ ਸੰਸਥਾਵਾਂ ਨੂੰ ਇਸ ਮੁਹਾਜ਼ ਉਤੇ ਉਹਨਾਂ ਦਾ ਸਾਥ ਆਪਣੇ ਆਪ ਦੇਣਾ ਚਾਹੀਦਾ ਹੈ। ਸਿੱਖਾਂ ਕੋਲ ਸਰਮਾਏ ਦੀ ਘਾਟ ਨਹੀਂ। ਸਿੱਖਾਂ ਪਾਸ ਸਖਾਵਤ ਦਾ ਤੋਟਾ ਨਹੀਂ। ਸਿੱਖਾਂ ਨੇ ਜੇ ਸੋਚ ਲਿਆ ਤਾਂ ਸੰਸਥਾਵਾਂ ਸੰਸਾਰ 'ਚ ਸਥਾਪਤ ਕੀਤੀਆਂ ਤਾਂ ਲਾਸਾਨੀ ਪਰ ਜਦ ਮੌਕਾ ਪੈਂਦਾ ਹੈ ਇਹਨਾਂ ਨੂੰ ਕੌਮ ਦੇ ਹਿਤ ਵਿਚ ਵਰਤਣ ਦਾ, ਇਹ ਲਾਭ-ਲਾਹਾ ਪ੍ਰਾਪਤ ਕਰਨਾ ਸਿੱਖਾਂ ਦਾ ਸੁਭਾਗ ਨਹੀਂ, ਉਹਨਾਂ ਦੇ ਵੱਸ ਦਾ ਰੋਗ ਨਹੀਂ। ਸਿੱਖਾਂ ਨੇ ਅਨੇਕ ਕੁਰਬਾਨੀਆਂ ਕਰਕੇ ਸ਼੍ਰੋਮਣੀ ਕਮੇਟੀ ਹੋਂਦ ਵਿਚ ਲਿਆਂਦੀ ਹੈ। ਵਿਸ਼ਵ ਦੇ ਸਿੱਖ ਇਸ ਨਾਲ ਜੁੜੇ ਵੀ ਹਨ ਪਰ ਲਾਭ ਸਿੱਖਾਂ ਲਈ ਇਸਦਾ ਨਾ 'ਮੀਰੀ' ਦੇ ਖੇਤਰ ਵਿਚ ਹੋ ਰਿਹਾ ਹੈ-ਭਾਵ ਧਰਮ ਦਾ ਪਰਸਾਰ ! ਨਾ ਲਾਭ ਇਸਦਾ ਸਿੱਖਾਂ ਨੂੰ 'ਮੀਰੀ' ਦੇ ਖੇਤਰ 'ਚ ਹੋ ਰਿਹਾ ਹੈ ਭਾਵ ਰਾਜ ਦੀ ਗੱਲ ਇਹ ਨਹੀਂ ਕਰਦੀ। ਸਗੋਂ ਸਿੱਖਾਂ ਦੇ ਸਰਮਾਏ ਦੀ ਵਰਤੋਂ ਅੱਜ ਸਿੱਖ-ਰਾਜ ਦੀ ਸਥਾਪਤੀ ਦੇ ਵਿਰੁਧ ਵਰਤੀ ਜਾ ਰਹੀ ਹੈ। ਅੱਜ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਟੋਹੜਾ ਮਨ ਚਾਹੇ ਤਾਂ ਸਿੱਖਾਂ ਦਾ ਸੌ ਕਰੋੜ ਰੁਪਇਆ ਆਪਣੀ ਸੁਹਰਤ ਲਈ ਸੌਖ ਨਾਲ ਵਰਤ ਸਕਦਾ ਹੈ ਕਿਉਂਕਿ ਉਸਦੇ ਪਿਛਲੱਗ ਮੈਂਬਰ ਤਾਂ ਫੈਸਲਾ ਲੈਣ ਮਗਰੋਂ ਵੀ ਉਸ ਤੋਂ ਪਾਸੇ ਨਹੀਂ ਪਰ ਸਿੱਖਾਂ ਦੀ ਆਜਾਦੀ ਲਈ ਲੜਦੇ ਮਨ ਲਈ ਸੰਸਾਰ ਭਰ ਚੋਂ ਆਏ ਸਿੱਖਾਂ ਦੇ ਸਮਾਗਮ ਵਿਚ ਸ਼ਾਮਲ ਹੋਣਾ ਵੀ ਮਨਾ ਹੈ। ਸਿੱਖ-ਰਾਜ ਦੀ ਗੱਲ ਸ੍ਰੀ ਅਕਾਲ ਤਖਤ ਤੋਂ ਤਾਂ ਹੋ ਹੀ ਸਕਦੀ ਹੈ ਪਰ ਅਕਾਲ ਤਖਤ ਦਾ ਸਥੇਦਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਗੁਲਾਮ ਬਣਾ ਦਿੱਤਾ ਗਿਆ ਹੈ। ਫਿਰ ਮਸਲ ਦਾ ਪੱਕਾ ਇਲਾਜ ਕੇਵਲ ਤੇ ਕੇਵਲ ਇਹੀ ਰਿਹਾ ਕਿ ਖਾਲਿਸਤਾਨ ਲੈਣ ਤੋਂ ਪਹਿਲੋਂ ਸਿੱਖ-ਰਾਜ ਲੈਣ ਦੇ ਇਛੁਕ ਸਿੱਖ ਹਰ ਹੀਲੇ ਆਪਣੀ ਸ਼੍ਰੋਮਣੀ ਕਮੇਟੀ ਦਾ ਰਾਜ ਅਥਵਾ ਕਬਜ਼ਾ ਲੈਣ ਤੇ ਫਿਰ ਸਿੱਖਾਂ ਨੂੰ ਪੰਜਾਬ ਦਾ ਰਾਜ ਖੋਹ ਲੈਣ ਵਿਚ ਔਨੀ ਦੇਰ ਨਹੀਂ ਲੱਗੇਗੀ ਜਿਨੀ ਹੁਣ ਲਗ ਰਹੀ ਹੈ ! ਸੋ ਜੇ ਸਿੱਖਾਂ ਨੇ ਪੰਜਾਬ ਦੀ ਧਰਤ ਉਤੇ ਆਪਣਾ ਸੁਤੰਤਰ ਰਾਜ-ਭਾਗ ਸਥਾਪਤ ਕਰਨਾ ਹੈ ਤਾਂ ਇਸਦੇ ਪਹਿਲੇ ਪੜਾਅ ਵਿਚ ਸਿੱਖ ਦੇਸ-ਵਿਦੇਸ ਦੀਆਂ ਆਪਣੀਆਂ ਸਫਾਂ-ਸੰਸਥਾਵਾਂ ਵਿਚ ਇਨਕਲਾਬੀ-ਤਬਦੀਲੀਆਂ ਕਰਕੇ ਤੇ ਇਹਨਾਂ ਦੀ ਰਵਾਇਤੀ-ਲੀਡਰਸ਼ਿਪ ਉਲੰਦਣ ਅਤੇ ਇਸ ਦੀਆਂ ਰਗਾਂ ਵਿਚ ਨਵੇਂ ਖੂੰਨ ਦਾ ਸੰਚਾਰ ਕਰਨ ਜੋ ਸਿੱਖ-ਆਜਾਦੀ ਲਈ ਆਵਾਜ਼ ਬੁਲੰਦ ਕਰੇ ਨਾ ਕਿ ਹੁਣ ਦੀ ਬੇਅੰਤ ਸਿੱਖ ਜਿਹੇ ਬੁੱਚੜ ਦੀ ਮੌਤ ਉਤੇ ਅੰਬਰੂ ਕੇਰੇ!

(ਸਤੰਬਰ, 1995)

ਵਿਅੰਗ-ਵਢਾਂਗਾ !

ਜਥੇਬੰਦੀ ਹੈ ਪਤਨੀ ਵਰਗੀ ਅਸੀਂ ਤਾਬਿਆਦਾਰ !
ਜੇ ਨਾ ਹੋਵੇ ਨਾਲ ਅਸਾਡੇ ਬਣਦਾ ਨਹੀਂ ਵਕਾਰ!!
ਬਣਦਾ ਨਹੀਂ ਵਕਾਰ 'ਕੱਲੇ ਕੁਝ ਕਹਿ ਨਹੀਂ ਹੁੰਦਾ ।
ਜਥੇਬੰਦੀ ਮਹਿਬੂਬਾ! ਇਸ ਬਿਨ ਰਹਿ ਨਹੀਂ ਹੁੰਦਾ।
ਭੈਤੀ ਇਸ ਕਰਤੂਤ ! ਅਸਾਂ ਨਹੀਂ ਏਹਨੂੰ ਛੱਡਣਾ !
ਲੋਕ-ਰਾਜ ਹੈ ਲੋਕਾਂ ਵਿਚ ਨਹੀਂ ਮਾੜੇ ਵੱਜਣਾ !!

ਫੱਕਰ ਕਹੇ ਸੁਣ ਟੌਹੜਿਆ ! ਪਾ ਲੈ ਲੱਖ ਜੰਜਾਲ !
ਕਰ ਲੈ ਲੱਖ ਸ਼ੈਤਾਨੀਆਂ ਨਹੀਂ ਨਿਭਣੀਆਂ ਨਾਲ !!
ਨਹੀਂ ਨਿਭਣੀਆਂ ਨਾਲ ਪੰਥ ਨੇ ਲੇਖਾ ਲੈਣਾ ।
ਇਕ ਨਾ ਇਕ ਦਿਨ ਕੰਧ ਕੂੜ ਦੀ ਕਿਰ ਢਹਿ ਪੈਣਾ।
ਵਰਤ ਪੰਥ ਦਾ ਨਾਂਓਂ ਕਰਨ ਜੋ ਰੱਜ ਕੇ ਮੌਜਾਂ !
ਕਰਨ ਸੁਆਗਤ ਅੰਤ ਉਹਨਾਂ ਦਾ ਗੁਰ ਕੀਆਂ ਫੌਜਾਂ !!

ਢਾਡੀ ਵਿਕਦੇ ਕੀਰਤਨੀਏ ਵੀ ਕਥਾ-ਵਾਚਕ ਬਹੁ ਭਾਂਤ!
ਝੂਠਾ ਇਹ ਬਾਜ਼ਾਰ ਪਿਆਰੇ ਅਪਨੀ ਬਤਾਓ ਚਾਹਤ !!
ਅਪਨੀ ਬਤਾਓ ਚਾਹਤ ਯਹਾਂ ਸਭ ਕੁਛ ਬਿਕਤਾ ਹੈ ।
ਲਓ ਕਾਗ਼ਜ਼ ਕਾ ਸ਼ੇਰ ਗਊ ਆਗੇ ਝੁਕਤਾ ਹੈ ।
ਸੀਨਰੀਆਂ ਕਾ ਬਾਦਲ ਚੁਲ੍ਹੂ ਭਰ ਪੱਲੇ ਨਾ ਪਾਨੀ !
ਟਕੇ ਭਾਵ ਯਹਾਂ ਬਿਕੇ ਜੈਲ ਸਿੰਘ ਜੈਸੇ ਗਿਆਨੀ !!

ਅਗਲੇ ਜਨਮ 'ਚ ਦਾਅ ਲੱਗਾ ਤਾਂ ਮਨ ਜੀ ਬਣੀਏਂ ਸੰਤ !
ਕਹਿੰਦੇ ਸੰਤ ਬਣਦਿਆਂ ਮਿਲਦੇ ਤੱਤੇ-ਘਾਹ ਭਗਵੰਤ!!
ਤੱਤੇ-ਘਾਹ ਭਗਵੰਤ ਦਿਲਾਂ ਦੀ ਆਸ ਪੁਗਾਉਂਦੇ ।
ਵਸਦੇ ਕ੍ਰਿਪਾ ਧਾਰ ਮਨਾਂ ਦੀਆਂ ਭੁੰਝਾਂ ਲਾਹੁੰਦੇ ।
ਚਿੱਟਾ ਬਾਣਾ ਪਹਿਨ ਸੰਗਤ ਹੱਥ ਸਰ੍ਹੋਂ ਜਮਾਈਏ !
ਮਾਰ ਅੰਨ੍ਹੇ ਦੀਆਂ ਬੇਹ ਮਾਇਆ ਦੀ ਢੇਰੀ ਲਾਈਏ !!

ਟੌਹਤਾ ਕਹੇ ਕਲਕੱਤਿਆ ! ਆਇਆ ਮਨ ਦੇ ਵਿੱਚ !
ਸੰਤ ਜਵੱਦੀ ਵਾਲਤੇ ਕਰਦੇ ਸਾਨੂੰ ਜਿੱਚ !!
ਕਰਦੇ ਸਾਨੂੰ ਜਿੱਚ 'ਸੰਮੇਲਨ-ਸਿੱਖ' ਬੁਲਾਉਂਦੇ ।
ਵੱਢਦੇ ਸਾਡੀ ਪੂਛ ਸਿੱਖਾਂ ਨੂੰ ਨਾਲ ਰਲਾਉਂਦੇ ।
(ਆਪਾਂ) ਆਪ ਸੰਮੇਲਨ ਸੱਦੀਏ ਚੱਲੀਏ ਐਸੀ ਚਾਲ !
ਭੰਬਲ - ਭੂਸੇ ਪੈਣ ਸਿੱਖ, ਚੱਲੇ ਫੁਲਕਾ - ਦਾਲ !!

ਪਤਨੀ ਤੋਂ ਜਾਂ ਪੰਥ ਤੋਂ ਜੇਕਰ ਜਾਈਏ ਅੱਕ !
ਨੁਸਖਾ ਦਸਦੇ ਸਾਧ - ਜਨ ਲਈਏ ਭਾਈ ਟਰੱਕ !!
ਲਈਏ ਭਾਈ ਟਰੱਕ ਲੇਹੜਵਾਂ ਦਾਮ ਕਮਾਈਏ ।
ਚੁੱਕ ਦੂਰ ਦਾ ਲੋਡ, ਲੋਡ ਸਭ ਮਨ ਦਾ ਲਾਹੀਏ।
ਸਿੰਘਣੀ ਹੋਏ ਨਰਾਜ਼ ਨੋਟਾਂ ਦਾ ਸਿੱਟੀਏ ਦੱਬਾ ।
ਪੰਥ ਵੀ ਰਹੇ ਨਿਹਾਲ ਕਦੇ ਨਾ ਪਾਵੇ ਪੱਬਾ !!

(ਅਕਤੂਬਰ, 1995)

ਏਨੀ ਮੇਰੀ ਬਾਤ !

ਭਾਰਤੀ ਲੋਕ-ਸਭਾ ਦੀਆਂ ਹੁਣੇ ਹੋਈਆਂ ਚੋਣਾਂ ਦੀ ਚੰਡੋਲ ਝੁਟ ਕੇ ਹਟਿਆ ਹਰ ਵੋਟਰ, ਵਰਕਰ ਤੇ ਦਰਸ਼ਕ ਇਸ ਦੇ ਨਤੀਜਿਆਂ ਨੂੰ ਦੇਖ ਕੇ ਚੰਕ੍ਰਿਤ ਤੇ ਚਕਾਚੌਂਧ ਹੈ ਕਿ ਇਹਨਾਂ ਵਿਚ ਪੰਜਾਬ 'ਚ 'ਫਤਹ-ਦਰਸਣੀ' ਬੰਦਈ ਅਥਵਾ ਬਾਦਲ ਦਲ ਦੀ ਪਰਚੀ ਇਸ ਕਦਰ ਕਿਵੇਂ ਤਰ ਆਈ ਅਤੇ ਤੱਤ-ਖਾਲਸਾ ਮਾਨ ਦੀ ਕਮਾਨ ਥੱਲੇ ਹਾਰ ਕਿਵੇਂ ਗਿਆ ਹੈ? ਨਿਰਸੰਦੇਹ ਸੁਹਿਰਦ ਸਿੱਖਾਂ ਲਈ ਇਹ ਇਕ ਅਫਸੋਸਨਾਕ ਖਬਰ ਹੈ। ਪਰ ਇਹ ਹੋਇਆ ਕਿਉਂ? ਸਿੱਖਾਂ ਲਈ ਇਹ ਅੱਜ ਸਿਰ ਨਹਾ ਕੇ ਸੋਚਣ ਦਾ ਸਮਾਂ ਹੈ!

ਪਹਿਲੀ ਗੱਲ ਜਿਹੜੀ ਪਰਚੀ ਅਥਵਾ 'ਵੋਟ' ਦੇ ਚੱਕਰ ਵਿਚ ਸਿੱਖ ਅੱਜ ਪਏ ਹੋਏ ਹਨ ਇਹ ਖਾਲਸਾ-ਪੰਥ ਦੀ ਪਰੰਪਰਾ ਹੀ ਨਹੀਂ। ਪਰ ਸਿੱਖਾਂ ਦਾ ਦੁਖਾਂਤ ਦੇਖੋ ਰਾਜਸੀ ਗੱਲ ਤਾਂ ਪਾਸੇ ਰਹੀ ਅੱਜ ਸਿਖਾਂ ਦੀ ਸਰਬੋਤਮ ਧਾਰਮਿਕ-ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵੀ ਵੋਟਾਂ ਨਾਲ ਹੁੰਦੀ ਹੈ। ਵਾਸਤਵ ਵਿਚ ਇਹ ਇਕ ਐਸੀ ਚੰਦਰੀ ਗੋਲ-ਗੰਢ ਹੈ ਜੋ ਸਿੱਖ-ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਇਕ ਲੜੀ 'ਚ ਪਰੋਣ ਦੀ ਪ੍ਰਸ਼ੰਸਾਜਨਕ ਭਾਵਨਾ ਨਾਲ ਸਿੱਖਾਂ ਦੀਆਂ ਅਨੰਤ ਕੁਰਬਾਨੀਆਂ ਕਰਵਾ ਕੇ ਸਿਖ-ਲੀਡਰਸ਼ਿਪ ਨੇ ਆਪਣੀ ਘੱਟ ਦੂਰ-ਅੰਦੇਸ਼ੀ ਨਾਲ ਸਿੱਖ-ਪਰੰਪਰਾ ਦੇ ਵਿਪਰੀਤ ਜਾ ਕੇ ਕੌਮ ਦੀ ਕਿਸਮਤ ਨੂੰ ਦਿੱਤੀ ਜਿਸਨੂੰ ਹਾਲਾਤ ਦੇ ਜਬ੍ਹਾੜਿਆਂ 'ਚ ਆਏ ਸਿੱਖ ਕਦੇ ਸਬੱਬੀਂ ਸਮਾਂ ਅਤੇ ਸੁਰਤ ਆਏ ਹੀ ਦੰਦਾਂ ਨਾਲ ਖੋਹਲ ਸਕਣਗੇ! ਵੋਟ-ਪ੍ਰਣਾਲੀ ਦੇ ਇਸ ਯੁੱਗ ਵਿਚ ਬਹੁ-ਗਿਣਤੀ ਦੇ ਘੱਟ-ਗਿਣਤੀਆਂ ਨੂੰ ਖਾ ਜਾਣ ਦੇ ਖਦਸ਼ੇ ਨੂੰ ਭਾਂਪਦਿਆਂ ਹੀ ਅਕਾਲੀ-ਨੇਤਾ ਮ: ਤਾਰਾ ਸਿੰਘ ਸਦਾ ਹੀ ਸਿੱਖਾਂ ਦੀ ਗਿਣਤੀ ਘਟਾਉਣ ਦੇ ਸੰਤਾਨ-ਸੰਜਮ ਆਦਿਕ ਸਾਧਨਾਂ ਦੇ ਵਿਰੋਧੀ ਸਨ। ਮੌਜੂਦਾ ਸਿੱਖ-ਸੰਘਰਸ਼ ਦੇ ਮੁਹਰੈਲਾਂ ਵਿਚੋਂ ਡਾ: ਪ੍ਰੀਤਮ ਸਿੰਘ ਸੇਖੋਂ ਦੇ ਵੀ ਕੁਝ ਐਸੇ ਹੀ ਵਿਚਾਰ ਹਨ। ਇਹ ਹੈ ਵੀ ਠੀਕ! ਕਿਉਂਕਿ ਜੇ ਸਿੱਖਾਂ ਨੇ ਵਰਤਮਾਨ ਰਾਜਸੀ-ਸਥਿਤੀ ਵਿਚ ਵਿਚਰਨਾ ਹੈ ਤਾਂ ਮੇਰੇ ਵਿਚਾਰ ਵਿਚ ਖਾਲਸੇ ਨੇ ਅੱਜ ਦੇਸ਼ ਹੀ ਨਹੀਂ ਬਲਕਿ ਸੰਸਾਰ ਵਿਚ ਖਿਲਰਨ, ਫੈਲਰਨ ਅਤੇ ਵਧਣ ਦੇ ਸਿਧਾਂਤ ਨੂੰ ਅਪਣਾਉਣਾ ਹੋਏਗਾ ਤੇ ਗੁਣਾਤਮਿਕ ਦੇ ਨਾਲ-ਨਾਲ ਗਿਣਨਾਤਮਿਕ ਪੱਖ ਤੋਂ ਵੀ ਵਿਕਸਤ ਹੋਣਾ ਹੋਵੇਗਾ। ਖੈਰ !

ਭਾਵੇਂ ਬੰਦਈ-ਬਾਦਲ ਖਾਲਸੇ ਨੇ ਉਪਰੋਕਤ ਚੋਣਾਂ ਵਿਚ ਪੰਜਾਬ 'ਚ ਪ੍ਰਮੁੱਖਤਾ ਹਾਸਲ ਕਰ ਲਈ ਹੈ ਪਰ ਸਿੱਖਾਂ ਦੇ ਵੇਖਣ-ਵਿਚਾਰਨ ਵਾਲੀ ਗੱਲ ਅੱਜ ਇਹ ਹੈ ਕਿ ਕੀ ਸ: ਪ੍ਰਕਾਸ਼ ਸਿੰਘ ਬਾਦਲ ਸਿੱਖ-ਮਾਨਸਿਕਤਾ ਦੀ ਸਹੀ ਅਰਥਾਂ 'ਚ ਤਰਜਮਾਨੀ ਕਰਦੇ ਹਨ? ਕੀ ਉਹ ਪੰਥਕ-ਪਰੰਪਰਾਵਾਂ ਉਤੇ ਪਹਿਰਾ ਦੇ ਰਹੇ ਹਨ? ਇਸ ਦਾ ਉਤਰ ਕੋਈ ਸਿੱਖ ਹਿੱਕ ਥਾਪੜ ਕੇ 'ਹਾਂ' ਵਿਚ ਨਹੀਂ ਦੇ ਸਕਦਾ। ਸ: ਬਾਦਲ ਨੇ ਜੇ ਸਿੱਖ-ਪੰਥ ਦੀ ਅਗਵਾਈ ਕਰਨੀ ਹੈ ਤਾਂ ਗੁਰਾਂ-ਤੋਰੀ ਪੰਥ-ਪਰੰਪਰਾ ਇਸ ਪ੍ਰਸੰਗ ਵਿਚ ਹੈ-ਪ੍ਰਵਾਰ ਨਾਲੋਂ ਪ੍ਰਾਥਮਿਕਤਾ ਪੰਥ ਨੂੰ ਦੇਣੀ ! ਪਰ ਹੋਰਨਾਂ ਉਤੇ ਭਾਈ-ਭਤੀਜਾਵਾਦ ਦੇ ਦੂਸ਼ਣ ਲਾਉਣ ਵਾਲੇ ਸ: ਬਾਦਲ ਜੇ ਪਰਸੋਂ ਆਪਣੇ ਭਰਾ ਗੁਰਦਾਸ ਸਿੰਘ ਬਾਦਲ ਨੂੰ ਐਮ. ਪੀ., ਕੁਲ ਆਪਣੇ ਭਤੀਜੇ ਮਨਪ੍ਰੀਤ ਸਿੰਘ ਨੂੰ ਐਮ. ਐਲ. ਏ. ਤੇ ਅੱਜ ਆਪਣੇ ਪੁੱਤ ਸੁਖਬੀਰ ਸਿੰਘ ਨੂੰ ਪਾਰਲੀਮੈਂਟ ਵਿਚ ਪਹੁੰਚਾਉਂਦੇ ਹਨ ਤਾਂ ਉਹ ਕਾਂਗਰਸ ਅਤੇ ਹੋਰਨਾਂ ਦੇ 'ਭਾਈ- ਭਤੀਜਾਵਾਦ' ਨਾਲੋਂ ਇਕ ਗਜ਼ ਅੱਗੇ ਦੀ ਛਾਲ ਮਾਰ ਕੇ ਪੰਥਕ-ਪਰੰਪਰਾ ਦੇ ਉਲਟ 'ਭਾਈ-ਭਤੀਜਾ-ਪੁੱਤਵਾਦ' ਦਾ ਨੀਂਹ ਪੱਥਰ ਹੀ ਰੱਖ ਰਹੇ ਹਨ। ਹਾਂ ਜੇ ਬਾਦਲ ਆਪਣੇ ਭਾਈ, ਭਤੀਜੇ ਤੇ ਪੁੱਤ ਨੂੰ ਪੱਲਿਓਂ ਪੈਸਾ ਖਰਚ ਕੇ ਸਿਆਸਤ ਵਿਚ ਲਿਆ ਕੇ ਸਿੱਖੀ ਦੀ ਗੱਲ ਕਰਦੇ ਹਨ ਤਾਂ ਨਿਰਸੰਦੇਹ ਪੰਥ ਦੀ ਧੰਨਤਾ ਦੇ ਪਾਤਰ ਹੋਣਗੇ ਪਰ ਜੇ ਉਹ ਇਹ ਸੱਭੋ ਕੁਝ ਕਰਦਿਆਂ ਵੀ ਸਿੱਖ-ਪਰੰਪਰਾਵਾਂ ਦੇ ਵਿਰੁੱਧ ਜਾ, ਸਿੱਖਾਂ ਨੂੰ ਦਿੱਲੀ ਕੋਲ ਵੇਚਦੇ ਹਨ ਤਾਂ ਉਹ ਸਿੱਖਾਂ ਦੇ ਸਤਿਕਾਰ ਦੇ ਹਰਗਿਜ਼ ਪਾਤਰ ਨਹੀਂ ਹੋ ਸਕਦੇ। ਉਹ ਅੱਜ ਸਿੱਖ-ਪਰੰਪਰਾਵਾਂ ਨੂੰ ਪਿੱਠ ਦੇ ਕੇ, ਫਿਰਕਾ-ਪ੍ਰਸਤ ਹਿੰਦੂਆਂ ਦੀ ਸਹਾਇਤਾ ਲੈ, ਜ਼ੁਲਮ ਦੇ ਸਤਾਏ ਸਿੱਖਾਂ ਦੀਆਂ ਵੋਟਾਂ ਬਟੋਰ ਕੇ ਪਾਰਲੀਮੈਂਟ ਦੀ ਚੋਣ ਜਿੱਤ ਲੈਂਦੇ ਹਨ ਤੇ ਕੁਲ ਨੂੰ ਪੰਜਾਬ ਵਿਚ

ਆਪਣੀ ਸਰਕਾਰ ਵੀ ਬਣਾ ਸਕਦੇ ਹਨ। ਪਰ ਇਸ ਨੀਤੀ ਉਤੇ ਚੱਲ ਕੇ ਉਹ ਸਿੱਖਾਂ ਦੀ ਲੱਖੀ ਦਸਤਾਰ ਕਦਾਚਿਤ ਸਿੱਖਾਂ ਦੇ ਸਿਰ ਤੇ ਨਹੀਂ ਰੱਖ ਸਕਦੇ। ਹਾਂ, ਦਿੱਲੀ ਦੇ ਦਰ ਤੇ ਰੋਲ ਜ਼ਰੂਰ ਰਹੇ ਹੋਣਗੇ !

ਭਾਜਪਾ ਦਾ ਪੰਥ, ਬਲਿਊ-ਸਟਾਰ ਆਪਰੇਸ਼ਨ, ਪੰਜਾਬੀ ਅਤੇ ਪੰਜਾਬ ਪ੍ਰਤੀ ਕੀ ਰੋਲ ਹੈ? ਇਹ ਕਿਸੇ ਸਿੱਖ ਤੋਂ ਭੁੱਲਾ ਨਹੀਂ। ਪਰ ਅੱਜ ਸਿੱਖਾਂ ਦੀ ਅਖੌਤੀ-ਪ੍ਰਤੀਨਿਧ ਰਾਜਸੀ-ਪਾਰਟੀ ਸ਼੍ਰੋ: ਅਕਾਲੀ ਦਲ ਦਾ ਪ੍ਰਧਾਨ ਬਾਦਲ ਤੇ ਸਰਬੋਤਮ ਧਾਰਮਿਕ-ਸੰਸਥਾ ਸ਼੍ਰੋ: ਕਮੇਟੀ ਦਾ ਪ੍ਰਧਾਨ ਟੋਹੜਾ ਦੋਵੇਂ ਭਾਜਪਾ ਨੂੰ ਬਿਨਾਂ ਸ਼ਰਤ ਹਿਮਾਇਤ ਦੇਣ ਲਈ ਹਰਵਲੇ ਫਿਰ ਰਹੇ ਹਨ ਤਾਂ ਇਹ ਸਿੱਖ ਹੱਕਾਂ ਦੇ ਰਾਖੇ ਹੋਏ ਕਿ ਸਿੱਖ ਪੰਥ ਨੂੰ ਦਿੱਲੀ ਕੋਲ ਨੀਲਾਮ ਤੇ ਗੁਲਾਮ ਕਰਨ ਵਾਲੇ ਪੰਥ-ਦੋਖੀ?

ਦਰਅਸਲ ਸਿੱਖੀ ਦਾ ਭਵਿੱਖ ਸ਼੍ਰੋ: ਗੁ: ਪ੍ਰ: ਕਮੇਟੀ ਉਤੇ ਨਿਰਭਰ ਕਰਦਾ ਹੈ। ਇਸ ਦਾ ਪ੍ਰਧਾਨ ਸਿੱਖੀ-ਸ਼ਰਧਾ ਨਾਲ ਸਰਸ਼ਾਰ ਕੋਈ ਦੂਰ-ਅੰਦੇਸ਼, ਗੁਰਮੁਖ-ਗਿਆਨੀ ਤੇ ਵੱਧ ਤੋਂ ਵੱਧ ਭਾਸ਼ਾਵਾਂ ਦਾ ਗਿਆਤਾ ਹੋਣਾ ਚਾਹੀਦਾ ਹੈ। ਪਰ ਇਸ ਦਾ ਪ੍ਰਬੰਧ ਪਿਛਲੇ ਤੇਈ ਵਰ੍ਹਿਆਂ ਤੋਂ ਇਕ ਐਸੇ ਨਾਸਤਿਕ ਤੇ ਛਟੇ-ਸਿਆਸੀ ਮਨੁੱਖ ਟੋਹੜੇ ਦੇ ਹੱਥ ਹੈ ਜੋ ਸਿੱਖੀ-ਪ੍ਰਚਾਰ ਦੀ ਥਾਂਵੇਂ ਸਿੱਖਾਂ ਦੇ ਵਰਤਮਾਨ ਨਿਘਾਰ ਦਾ ਵੱਡਾ ਜ਼ਿਮੇਵਾਰ ਹੈ। ਸਿੱਖ ਧਰਮ ਦੀ ਹਾਨੀ ਕਰਵਾਉਣ ਤੇ ਸਿੱਖ-ਅਜ਼ਾਦੀ ਦੀ ਲਹਿਰ ਨੂੰ ਵੱਡੀ ਢਾਹ ਲਾਉਣ ਦੇ ਉਸਦੇ ਕਾਲੇ-ਕਿਰਦਾਰ ਦਾ ਬਾਰ-ਬਾਰ ਜ਼ਿਕਰ ਕਰਨਾ ਕਾਗਜ਼ ਕਾਲੇ ਕਰਨਾ ਹੀ ਹੈ। ਸਿੱਖ ਇਸ ਤੋਂ ਭਲੀ-ਭਾਂਤ ਪ੍ਰੀਚਿਤ ਹਨ।

ਇਕ ਸ਼ਾਮੀਂ ਕੰਮ ਤੋਂ ਆ ਮੈਂ ਕੈਨੇਡਾ ਤੋਂ ਪ੍ਰਕਾਸ਼ਿਤ ਹੁੰਦਾ ਅਖਬਾਰ 'ਚੜ੍ਹਦੀ ਕਲਾ' ਖੋਹਲਿਆ। ਕੋਈ ਪੰਥਕ-ਅਖਬਾਰ ਜਿਸ ਦਿਨ ਘਰ 'ਚ ਆਵੇ ਜਾਣੀਂਦੀ ਸੇਰ ਲਹੂ ਵਧ ਜਾਂਦਾ ਹੈ! ਪਰਚਾ ਖੋਲ੍ਹ ਕੇ ਪੰਨੇ ਉਲੱਦੇ ਤਾਂ ਸਫਾ ਸੱਤ ਉਤੇ ਖਬਰ ਸੀ- "ਜਥੇਦਾਰ ਟੋਹੜਾ ਨੇ ਮੰਦਰ ਵਿਚ ਪੂਜਾ ਕੀਤੀ !" ਹੇਠਾਂ ਖਬਰ ਦਾ ਵਿਵਰਣ ਸੀ ਕਿ ਕਿਵੇਂ ਪ੍ਰੋ: ਚੰਦੂਮਾਜਰਾ ਦੀ ਜਿੱਤ ਮਗਰੋਂ ਪਟਿਆਲੇ ਦੇ ਸ਼ਿਵ-ਮੰਦਰ ਵਿਚ ਸਿੱਖਾਂ ਦੀ ਸਰਬੋਤਮ ਧਾਰਮਿਕ-ਸੰਸਥਾ ਦਾ ਇਹ ਪ੍ਰਧਾਨ ਸ਼ਿਵ-ਪੂਜਾ ਹਿਤ ਪਹੁੰਚਾ। ਇਸ ਤੋਂ ਅੱਗੇ ਅਖਬਾਰ ਮੈਂ ਪੜ੍ਹ ਨਾ ਸਕਿਆ! ਕਈਆਂ ਦੀ ਕਿਣ-ਮਿਣ ਵਿਚ ਬਾਹਰ ਟਹਿਲਦਾ ਰਿਹਾ। ਮੇਰੇ ਮਨ 'ਚ ਬਾਦਲ ਦੇ ਆਪਣੇ ਭਤੀਜੇ ਮਨਪ੍ਰੀਤ ਦੇ ਜਿੱਤਣ ਉਪਰੰਤ ਸ੍ਰੀ ਦਰਬਾਰ ਸਾਹਿਬ ਮਗਰੋਂ ਦੁਰਗਿਆਣਾ ਮੰਦਰ ਜਾਣ ਦੀ ਗੱਲ ਅਜੇ ਜਗਦੀ ਸੀ ਪਰ ਬਾਦਲ ਤਾਂ ਇਕ ਸਿਆਸੀ ਸਿੱਖ-ਨੇਤਾ ਤੇ ਨਿੱਕਰਧਾਰੀ ਸਿੱਖ ਠਹਿਰੇ ! ਉਹ ਸਿਆਸੀ-ਲਾਭ ਹਿਤ ਅਜਿਹੀ ਸੋਚ ਖੇਡ ਖੇਡ ਸਕਦੇ ਹਨ ਪਰ ਸਾਡੀ ਸਿਰਮੌਰ ਧਾਰਮਿਕ-ਸੰਸਥਾ ਦਾ ਪ੍ਰਧਾਨ ਹੀ ਸ਼ਿਵ-ਮੰਦਰ ਜਾ ਕੇ ਸ਼ਿਵਲਿੰਗ ਨੂੰ ਸਿਜਦੇ ਕਰਦਾ ਫਿਰੇ, ਇਹ ਤਾਂ ਜੱਗੋਂ ਤੇਰਵੀਂ ਹੀ ਹੋਈ ਨਾ ! ਇਹ ਇਹਨਾਂ ਅਖੌਤੀ ਸਿੱਖ-ਲੀਡਰਾਂ ਦੀਆਂ ਸਿੱਖੀ-ਪਰੰਪਰਾਵਾਂ ਉਤੇ ਪਹਿਰਾ ਦੇਣ ਜਾਂ ਸਿੱਖ-ਭਾਵਨਾਵਾਂ ਦੀ ਤਰਜਮਾਨੀ ਕਰਨ ਦੀਆਂ ਕਰਤੂਤਾਂ ਦੇ ਕਿੱਸੇ ਹਨ। ਜੋ ਸਿੱਖ ਰੋਜ਼ ਅਖਬਾਰਾਂ 'ਚੋਂ ਪੜ੍ਹਦੇ ਹਨ। ਜੇ ਸਿੱਖ ਅਜੇ ਵੀ ਇਹਨਾਂ ਸਿੱਖੀ-ਪਰੰਪਰਾਵਾਂ ਦੀਆਂ ਧਜੀਆਂ ਉਡਾਉਣ ਵਾਲੇ, ਸ੍ਰੀ ਦਰਬਾਰ ਸਾਹਿਬ ਉਤੇ ਦਿੱਲੀ ਨੂੰ ਹਮਲੇ ਦੀਆਂ ਦਾਅਵਤਾਂ ਦੇਣ ਤੇ ਖੁਦ ਹਮਲੇ ਕਰਵਾਉਣ ਵਾਲੇ ਅਖੌਤੀ-ਲੀਡਰਾਂ ਨੂੰ ਜਿਤਾ ਕੇ ਉਹਨਾਂ ਦੇ ਗਲਾਂ 'ਚ ਚਾਈਂ-ਚਾਈਂ ਜਿੱਤ ਦੇ ਹਾਰ ਪਾਉਂਦੇ ਹਨ ਤਾਂ ਸਿੱਖਾਂ ਨੂੰ ਆਪਣਾ ਰਾਜ-ਭਾਗ ਸਥਾਪਿਤ ਕਰਨ ਲਈ ਕੁਝ ਸਮਾਂ ਹੋਰ ਖੁਆਰੀਆਂ ਦੇ ਦੌਰ 'ਚੋਂ ਗੁਜ਼ਰਨਾ ਪਏਗਾ !

ਵਰਤਮਾਨ ਚੋਣਾਂ ਦੀਆਂ ਖਬਰਾਂ ਪੜ੍ਹਦੇ-ਸੁਣਦੇ ਮੈਨੂੰ ਵੀ ਹੋਰਨਾਂ ਬਹੁਤੇ ਸਿੱਖਾਂ ਵਾਂਗ ਆਸ ਤੇ ਸਿੱਕ ਸੀ ਕਿ ਘੱਟੋ-ਘੱਟ ਸੰਗਰੂਰ ਸੀਟ ਤੋਂ ਸ: ਸਿਮਰਨਜੀਤ ਸਿੰਘ ਮਾਨ ਜ਼ਰੂਰ ਜਿੱਤ ਜਾਣ ਕਿਉਂਕਿ ਵਰਤਮਾਨ ਸਮੇਂ ਸਾਡੇ ਸਿੱਖਾਂ ਕੋਲ ਲਾ-ਪਾ ਕੇ ਵਕਤ ਨਾਲ ਭਿੜਨ ਵਾਲਾ ਇਕੋ-ਇਕ ਲੀਡਰ ਸ: ਮਾਨ ਹੀ ਤਾਂ ਹੈ ! ਉਹਨਾਂ ਦੀ ਰਿਵਾਇਤੀ ਅਕਾਲੀ-ਲੀਡਰਸ਼ਿਪ ਮੁਕਾਬਲੇ ਕੁਰਬਾਨੀ, ਯੋਗਤਾ ਤੇ ਤਿਆਗ ਸਦਕਾ ਮੇਰੀ ਦਿਲੀ ਇੱਛਾ ਸੀ ਸ: ਮਾਨ ਆਪੂੰ ਚੋਣ ਨਾ ਲੜਨ। ਹਾਂ, ਚੋਣ-ਜ਼ਾਬਤੇ ਲਈ ਭਾਂਵੇਂ ਸਮੇਂ ਅਨੁਸਾਰ ਜੇ ਚੋਣਾਂ ਉਹਨਾਂ ਦੇ ਦਲ ਨੇ ਲੜਨੀਆਂ ਹਨ ਤਾਂ ਕੋਈ ਵੀ ਪੈਂਤੜਾ ਲੈ ਲੈਣ। ਪਰ ਆਪਣੀ ਕੁਰਬਾਨੀ ਤੇ ਕਿਰਦਾਰ ਸਦਕਾ ਉਹ ਸਾਡੇ ਸਿੱਖਾਂ ਦੇ ਇਤਨੇ ਸਰ-ਬੁਲੰਦ ਤੇ ਸਿਰਕੱਢ ਲੀਡਰ ਬਣ ਨਿਬੜੇ ਹਨ ਕਿ ਕੋਈ ਪਾਰਲੀਮੈਂਟ ਜਾਂ ਵਿਧਾਨ-ਸਭਾ ਦੀ ਚੋਣ ਲੜਨੀ ਹੀ ਉਹਨਾਂ ਦੀ ਸ਼ਾਨ ਦੇ ਖਿਲਾਫ ਹੈ। ਹਾਂ, ਟੋਹੜਾ-ਵਾਧੇ ਨੂੰ ਸਿੱਖ-ਸੰਸਥਾਵਾਂ ਵਿਚੋਂ ਭਜਾਉਣ ਹਿਤ ਉਹ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਕੁੱਦਦੇ ਹਨ ਤਾਂ ਇਹ ਕਿਵੇਂ ਵੀ ਗਲਤ ਨਹੀਂ। ਪਰ ਕੇਡੀ ਵੱਡੀ ਗਲਤੀ ਕਿ ਪਾਰਲੀਮੈਂਟ ਦੀ ਇਸ ਚੋਣ ਵਿਚ ਸ: ਮਾਨ ਸੰਗਰੂਰ

ਤੋਂ ਆਪੂੰ ਜਾ ਖੜ੍ਹੇ ਹੋਏ ਤੇ ਸੁਹਿਰਦਤਾ ਨਾਲ ਬਿਆਨ ਵੀ ਦਾਗਿਆ ਕਿ ਲੋਕ ਇਸ ਚੋਣ 'ਚ ਫੈਸਲਾ ਕਰਨਗੇ ਕਿ ਉਹ ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਕਰਨ ਵਾਲੇ ਨੂੰ ਪਸੰਦ ਕਰਦੇ ਹਨ ਕਿ ਇਸਦੇ ਵਿਰੋਧ ਵਿਚ ਖੜ੍ਹਨ ਵਾਲੇ ਨੂੰ ? ਸ਼੍ਰੋ: ਅਕਾਲੀ ਦਲ (ਅੰ) ਦੇ ਸ: ਸੁੱਚਾ ਸਿੰਘ ਛੋਟੇਪੁਰ ਨੇ ਸ: ਮਾਨ ਦੇ 'ਅੰਮ੍ਰਿਤਸਰ-ਐਲਾਨਨਾਮੇ' ਤੇ 'ਕਿਰਪਾਨ' ਸਬੰਧੀ ਚੋਣਾਂ ਦੇ ਪ੍ਰਸੰਗ ਵਿਚ ਇਕ ਬਿਆਨ ਵੀ ਜਾਰੀ ਕੀਤਾ। ਨਿਰਸੰਦੇਹ ਇਹ ਇਲੈਕਸ਼ਨ ਲੜਨ ਦੀ ਮਜਬੂਰੀ ਕਾਰਨ ਹੀ ਹੋਏਗਾ। ਸ: ਮਾਨ ਸੁਹਿਰਦ ਹਨ ਪਰ ਸਿਆਸੀ ਨਹੀਂ! ਸਿਆਸੀ ਹੁੰਦੇ ਤਾਂ ਉਹ 'ਅੰਮ੍ਰਿਤਸਰ-ਐਲਾਨਨਾਮੇ' ਤੇ 'ਕ੍ਰਿਪਾਨ' ਬਾਰੇ ਚੁੱਪ ਰਹਿੰਦੇ, ਇਹ ਕੁੱਝ ਕਹਿੰਦੇ-ਕਹਾਉਂਦੇ ਹੀ ਨਾ। ਇਹੀ ਦੋ ਗੱਲਾਂ ਤਾਂ ਉਹਨਾਂ ਦੀਆਂ ਅਖੌਤੀ ਅਕਾਲੀ-ਲੀਡਰਾਂ ਤੋਂ ਵਿਸ਼ੇਸ਼ ਹਨ ਜਿਹਨਾਂ ਕਾਰਨ ਸਿੱਖਾਂ ਨੂੰ ਉਹ ਸਿੱਖਾਂ ਦੀ ਗੱਲ ਅੱਗੇ ਤੋਰਦੇ ਲਗਦੇ ਹਨ। ਜੇ ਉਹ ਇਹੀ ਪੰਜਾਲੀ ਸਿੱਟ ਜਾਂਦੇ ਹਨ ਤਾਂ ਉਹ ਬਾਦਲ-ਟੋਹੜੇ ਨਾਲੋਂ ਵਿਸ਼ੇਸ਼ ਕੀ ਹੋਏ ?

ਮੈਂ ਜਾਤੀ ਤੌਰ ਤੇ 'ਅੰਮ੍ਰਿਤਸਰ-ਐਲਾਨਨਾਮੇ' ਨੂੰ ਵੀ ਸਿੱਖਾਂ ਸਾਹਵੇਂ ਸੁਟਿਆ ਇਕ ਭੰਬਲ-ਭੂਸਾ ਹੀ ਮੰਨਦਾ ਹਾਂ। ਸ: ਮਾਨ ਸਮੇਤ ਸਿਆਣੇ ਸਿੱਖ 'ਕਨਫੈਡਰੇਸ਼ਨ' ਨੂੰ ਸਿੱਖ-ਆਜ਼ਾਦੀ ਤੋਂ ਉਰ੍ਹੇ ਦਾ ਇਕ ਮੁਕਾਮ ਮੰਨਦੇ ਹਨ ਪਰ ਮੈਨੂੰ ਇਹ ਵੀ ਰੋਂਦੇ ਸਿੱਖ-ਬੱਚੇ ਸਾਹਵੇਂ ਸੁੱਟਿਆ ਇਕ ਖਿਡੌਣਾ ਹੀ ਲਗਦਾ ਹੈ। ਸਿੱਖ ਅੱਜ ਦੇਸ਼ ਅਤੇ ਵਿਸ਼ੇਸ਼ਕਰ ਬਾਹਰ ਵਿਦੇਸ਼ਾਂ ਵਿਚ ਵੱਖੋ-ਵੱਖਰੇ ਖੇਤਰਾਂ 'ਚ ਵੱਡੀਆਂ ਮੱਲਾਂ ਮਾਰ ਕੇ ਬੈਠੇ ਹਨ। ਪਰ ਏਨਾ ਕੁੱਝ ਕਰ ਕੇ ਵੀ ਸੰਸਾਰ ਦੇ ਹਰ ਕੋਨੇ ਵਿਚ ਬੈਠੇ ਹਰ ਸਿੱਖ ਦੀ ਸਥਿੱਤੀ ਇਕ ਕਿਰਾਏਦਾਰ ਵਸਿੰਦੇ ਵਾਲੀ ਹੈ। ਮਾਲਕ-ਮਕਾਨ ਦੀ ਸੰਤੁਸ਼ਟੀ ਉਸਦੇ ਜਿਹਨ ਵਿਚ ਨਹੀਂ। ਸਾਰ-ਸਤ ਜਾਂ ਮੁੱਖ ਕਾਰਨ ਇਹ ਕਿ ਖਾਲਸੇ ਦੇ ਖ਼ੂਨ ਵਿਚ ਸਤਿਗੁਰਾਂ ਆਜ਼ਾਦੀ ਭਰੀ ਹੈ ਅਤੇ ਬਹਾਦਰ ਖਾਲਸਾ, ਜਿਸ 'ਚ ਸੰਸਾਰ ਤੇ ਛਾਅ ਜਾਣ ਦੀ ਸਮਰੱਥਾ ਹੈ ਉਹ ਆਪਣੇ ਘਰ ਪੰਜਾਬ ਵਿਚ ਵੀ ਆਜ਼ਾਦ ਨਹੀਂ। 'ਅੰਮ੍ਰਿਤਸਰ-ਐਲਾਨਨਾਮਾ' ਵੀ ਸਿੱਖ ਨੂੰ ਇਕ ਕਿਸਮ ਨਾਲ ਇਕ ਕਿਰਾਏਦਾਰ ਤੋਂ ਵੱਧ ਕੇ ਪਟੇਦਾਰ (Lease-holder) ਹੀ ਬਣਾਉਂਦਾ ਹੈ। ਪੂਰਨ ਰੂਪ ਵਿਚ ਮਾਲਕ-ਮਕਾਨ ਨਹੀਂ ! ਪਰ ਚਲੋ ਜੇ ਸ: ਮਾਨ ਇਸਨੂੰ ਸਥਿੱਤੀ ਅਨੁਸਾਰ ਸਿੱਖਾਂ ਦੀ ਸੰਪੂਰਨ-ਆਜ਼ਾਦੀ ਦਾ ਇਕ ਪੜਾਅ ਮੰਨ ਕੇ ਤੁਰਦੇ ਹਨ ਤਾਂ ਉਹ ਕਿਸੇ ਇਲੈਕਸ਼ਨ ਲੜਨ ਲਈ ਲੋਕਾਂ ਨੂੰ ਇਸ ਤੋਂ ਹੀ ਪਾਸਾ ਵੱਟਦੇ ਕਿਉਂ ਲੱਗਣ? ਮੰਨਿਆ, ਸਮਾਂ ਬੜਾ ਭੀਹਾਵਲਾ ਹੈ ਪਰ ਸਿੱਖ-ਬੇੜੇ ਨੂੰ ਕਿਸੇ ਕੰਢੇ-ਕਿਨਾਰੇ ਲਾਉਣ ਲਈ ਸ: ਮਾਨ ਹੀ ਇਕ ਅਜਿਹੇ ਕੁਰਬਾਨੀ ਵਾਲੇ ਸਿੱਖ ਨਜ਼ਰੀਂ ਪੈਂਦੇ ਹਨ ਤੇ ਜੇ ਗੁਰੂ ਬਖਸ਼ਿਸ਼ ਦੁਆਰਾ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੰਥ ਵਿਚ ਗੁਣਾ ਵੀ ਉਹਨਾਂ ਦਾ ਹੀ ਪਿਆ ਹੈ ਤਾਂ ਉਹਨਾਂ ਦੇ ਸਟੈਂਡ 'ਚ ਕਿਸੇ ਕਾਰਨ ਕਰਕੇ ਵੀ ਕੋਈ ਕਮਜ਼ੋਰੀ ਕਦਾਚਿਤ ਨਹੀਂ ਆਉਣੀ ਚਾਹੀਦੀ ਸਗੋਂ ਸਮਾਂ ਮੰਗ ਕਰਦਾ ਹੈ ਕਿ ਜੇ ਸੁਆਰਥੀ ਅਥਵਾ ਰਵਾਇਤੀ-ਅਕਾਲੀਆਂ ਨੂੰ ਕੱਟ ਕੇ ਉਹਨਾਂ ਕੌਮ ਦੀ ਕਿਸਮਤ ਸੰਵਾਰਨੀ ਹੈ ਤਾਂ ਉਹ ਵਰਤਮਾਨ ਲੋਕ ਸਭਾ ਦੀ ਚੋਣ 'ਚ ਖੜ੍ਹਨ ਦੀ ਗਲਤੀ ਤੇ ਹਾਰ ਨੂੰ ਭੁੱਲ ਕੇ ਸਿੱਖ-ਆਜ਼ਾਦੀ ਦੇ ਨਿਸ਼ਾਨੇ ਉਤੇ ਅਡੇ ਰਹਿਣ। ਰਵਾਇਤੀ ਅਕਾਲੀ-ਲੀਡਰ ਉਹਨਾਂ ਨੂੰ ਅਕਸਰ 'ਅਤਿੱਕਾ ਸਿੰਘ' ਕਹਿੰਦੇ ਹਨ ਪਰ ਸਮੇਂ ਦੇ ਵਹਿਣ ਵਿਚ ਰੁੜ੍ਹੇ ਜਾ ਰਹੇ ਸਿੱਖ-ਬੇੜੇ ਲਈ ਜੇ ਸ: ਮਾਨ ਅੱਜ ਇਕ 'ਅਤਿੱਕਾ ਸਿੰਘ' ਬਣਦੇ ਹਨ ਤਾਂ ਇਸਤੋਂ ਵਡੇਰੇ ਸਿੱਖਾਂ ਦੇ ਭਾਗ ਹੋਰ ਕੀ ਹੋ ਸਕਦੇ ਹਨ?

ਪਹਿਲੋਂ ਵੀ ਜ਼ਿਕਰ ਹੋ ਚੁੱਕਾ ਹੈ ਕਿ ਇਹਨਾਂ ਚੋਣਾਂ ਵਿਚ ਸ: ਮਾਨ ਘੱਟੋ-ਘੱਟ ਆਪਣੀ ਹਾਰ ਤੋਂ ਤਾਂ ਜ਼ਰੂਰ ਬਚ ਸਕਦੇ ਸਨ ਤੇ ਉਹਨਾਂ ਨੂੰ ਬਚਣਾ ਚਾਹੀਦਾ ਸੀ। ਚਲੋ, ਪਰ ਉਹਨਾਂ ਦੀ ਇਹ ਹਾਰ ਕੋਈ ਅਨੋਖੀ ਜਾਂ ਅਲੋਕਾਰ ਨਹੀਂ। ਪਹਿਲੀ ਗੱਲ, ਕੀ ਸਰਕਾਰ ਤੇ ਕੀ ਸਿੱਖ-ਸਫ਼ਾਂ ਦੇ ਅੰਦਰ ਤੇ ਬਾਹਰ ਬੈਠੇ ਸਿੱਖ-ਆਜ਼ਾਦੀ ਦੇ ਸਾਰੇ ਵਿਰੋਧੀ ਸ: ਮਾਨ ਨੂੰ ਹਰਾਉਂਣ ਲਈ ਇਕਮੁੱਠ ਸਨ। ਦੂਸਰੇ, 'ਅੰਮ੍ਰਿਤਸਰ-ਐਲਾਨਨਾਮੇ' ਬਾਰੇ ਬਿਆਨ ਦੀ ਗਲਤ-ਫਹਿਮੀ ਨੇ ਵਿਰੋਧੀਆਂ ਨੂੰ ਉਹਨਾਂ ਵਿਰੁੱਧ ਪ੍ਰਚਾਰ ਦਾ ਮਸਾਲਾ ਮੁਹੱਈਆ ਕੀਤਾ। ਖਬਰ ਇਹ ਵੀ ਹੈ ਕਿ ਇਕ ਗੱਲ ਉਹਨਾਂ ਦੇ ਨਾਨਾ ਜੀ ਅਰੂੜ ਸਿੰਘ ਸਰਬਰਾਹ ਸ੍ਰੀ ਅਕਾਲ ਤਖਤ ਵਲੋਂ ਜਲ੍ਹਿਆਂ ਵਾਲਾ ਬਾਗ-ਕਾਂਡ ਦੇ ਜ਼ਿਮੇਵਾਰ ਜਨਰਲ ਡਾਇਰ ਨੂੰ ਸਿਰੋਪਾ ਦੇਣ ਦੀ ਵੀ ਪ੍ਰਚਾਰੀ ਗਈ। ਸਿੱਖ ਅਤੇ ਭਾਰਤੀ-ਸਿਆਸਤ ਵਿਚ ਰਾਜਸੀ-ਵਿਰੋਧੀ ਅਜਿਹੇ ਹੱਥ-ਕੰਡੇ ਅਕਸਰ ਵਰਤਦੇ ਹਨ। ਪਰ ਕੀ ਅਜੋਕੇ ਸਮੇਂ ਵਿਚ ਕਿਸੇ ਨਾਨੇ ਦੇ ਕਿਰਦਾਰ ਲਈ ਕਿਸੇ ਦੋਹਤੇ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ? ਹਰਗਿਜ਼ ਨਹੀਂ ! ਹਾਂ, ਜੇ ਸ: ਮਾਨ ਆਪਣੇ ਸਟੈਂਡ ਤੋਂ ਖਿਸਕਣ ਤਾਂ ਸਿੱਖਾਂ ਦਾ ਉਹਨਾਂ ਨੂੰ ਦੋਸ਼

ਦੇਣਾ ਕਦਾਚਿਤ ਗਲਤ ਨਹੀਂ। ਖੈਰ- ਵਿਰੋਧੀ ਤਾਂ ਇਸ ਹਾਰ ਨੂੰ ਸਿੱਖਾਂ ਦਾ ਖਾਲਿਸਤਾਨ ਵਿਰੁੱਧ ਫਤਵਾ ਵੀ ਪ੍ਰਚਾਰ ਰਹੇ ਹਨ। ਇਹ ਸਰਾਸਰ ਗਲਤ ਹੈ। ਸ: ਮਾਨ ਨੂੰ ਵੋਟਾਂ ਸਿੱਖ-ਆਜ਼ਾਦੀ ਦੇ ਸਮਰੱਥਕਾਂ ਨੇ ਪਾਈਆਂ ਹਨ ਤੇ ਸਾਰਾ ਭਾਜਪਾਈ ਹਿੰਦੂ-ਲੁੰਗਲਾਣਾ ਸਮੇਤ ਸਾਰੇ ਸਰਕਾਰੀਏ, ਨਿਰੰਕਾਰੀਏ ਤੇ ਦਿੱਲੀ-ਦਰਬਾਰੀਏ ਅਕਾਲੀ ਤੇ ਸਿੱਖ-ਵਿਰੋਧੀ ਤਾਂ ਭੁਗਤੇ ਹੀ ਸ: ਮਾਨ ਦੀ ਸੋਚ ਦੇ ਵਿਰੁੱਧ ਹਨ, ਫਿਰ ਇਸਨੂੰ ਸਿੱਖਾਂ ਦਾ ਖਾਲਿਸਤਾਨ ਦੇ ਵਿਰੁੱਧ ਫਤਵਾ ਕਿਵੇਂ ਕਿਹਾ ਜਾਵੇ। ਹਾਂ, ਉਕਤ ਧਿਰਾਂ ਨੇ ਸਮੇਤ ਰਵਾਇਤੀ-ਅਕਾਲੀਆਂ ਦੇ, ਜਿਸ ਤਰਾਂ ਬਰਨਾਲੇ ਨੂੰ ਜਿਤਾਇਆ ਹੈ ਉਸ ਤਰਾਂ ਉਹਨਾਂ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਨੂੰ ਜਾਇਜ਼ ਮੰਨ ਕੇ ਹਮਲਾਵਰ ਨੂੰ ਸ਼ਾਬਾਸ਼ ਜ਼ਰੂਰ ਦਿੱਤੀ ਹੈ !

ਸਿੱਖ-ਆਜ਼ਾਦੀ ਦੀ ਲਹਿਰ ਦੇ ਸਮਰੱਥਕਾਂ ਨੂੰ ਸ: ਮਾਨ ਦੀ ਇਸ ਹਾਰ ਤੋਂ ਹਰਗਿਜ਼ ਨਿਰਾਸ ਨਹੀਂ ਹੋਣਾ ਚਾਹੀਦਾ ਹੈ। ਸਗੋਂ ਹਾਰ ਪਿਛਲੇ ਕਾਰਨਾਂ ਤੇ ਸਾਧਨਾਂ ਨੂੰ ਘੋਖ ਕੇ ਸ: ਮਾਨ ਨੂੰ ਹੋਰ ਤਾਕਤਵਰ ਤੇ ਤਕੜਿਆਂ ਕਰਨਾ ਚਾਹੀਦਾ ਹੈ। ਕੀ ਇਸ ਛੋਟੀ ਜਿਹੀ ਘਟਨਾ ਲਈ ਇਸ ਲੰਬੇ ਸਮੇਂ 'ਚ ਉਹਨਾਂ ਦੀ ਕੀਤੀ ਮਹਾਨ ਕੁਰਬਾਨੀ ਨੂੰ ਹੀ ਸਿੱਖ ਨਜ਼ਰ-ਅੰਦਾਜ਼ ਕਰ ਦੇਣ? ਅਜਿਹਾ ਸੋਚਣ ਵਾਲੇ ਸਿੱਖਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖਾਂ ਕੋਲ ਅੱਜ ਆਪਣੀ ਆਜ਼ਾਦੀ ਦੀ ਲਹਿਰ ਨੂੰ ਅੱਗੇ ਤੋਰਨ ਲਈ ਇੱਕੋ ਇਕ ਇਮਾਨਦਾਰ ਨੇਤਾ ਸ: ਮਾਨ ਹੀ ਹੈ। ਅਜਿਹੇ ਲੀਡਰ ਕੌਮਾਂ ਹਫਤੇ-ਦਸ ਦਿਨਾਂ ਵਿਚ ਨਹੀਂ ਉਸਾਰ ਲਿਆ ਕਰਦੀਆਂ। ਵਰ੍ਹਿਆਂ-ਬੱਧੀ ਹਾਲਾਤ ਦੀਆਂ ਲਹਿਰਾਂ ਵਿਚ ਰਿੜਕੇ ਜਾਣ ਉਪਰੰਤ ਹੀ ਆਪਣੇ ਉਚੇ ਕਿਰਦਾਰ ਸਦਕਾ ਕੋਈ ਲੀਡਰ ਕੌਮੀ-ਸਫ਼ਾ ਵਿਚ ਉਪਰ ਆ ਕੇ ਕਿਸੇ ਕੌਮ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਦਾ ਹੈ। ਲੋਕ ਕਹਿੰਦੇ ਹਨ ਤੇ ਸੱਚ ਹੀ ਕਹਿੰਦੇ ਹੋਣਗੇ ਕਿ ਸ: ਮਾਨ ਮਾਨਸਿਕ ਤੇ ਸਰੀਰਕ-ਤਸੀਹਿਆਂ ਨਾਲ 'ਚਿੱਬ-ਖੜਿੱਬੇ' ਹੋਏ ਹਨ ਪਰ ਸਿੱਖ-ਆਜ਼ਾਦੀ ਦੀ ਗੱਲ ਪੰਜਾਬ ਵਿਚ ਸੰਤ ਜਰਨੈਲ ਸਿੰਘ ਖਾਲਸਾ ਤੇ ਮਗਰੋਂ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਤੁਰ ਜਾਣ ਪਿੱਛੋਂ ਦ੍ਰਿੜ੍ਹੱਤਾ ਤੇ ਦਲੇਰੀ ਨਾਲ ਕਰਨ ਵਾਲਾ ਸ: ਮਾਨ ਤੋਂ ਬਿਨਾ ਹੋਰ ਕੋਈ ਲੀਡਰ ਅਜੇ ਨਿਗਾਹ ਨਹੀਂ ਚੜ੍ਹਦਾ ਤੇ ਜੇ ਹੁਣ ਇਹ ਗੱਲ ਸਿੱਖਾਂ ਨੇ ਅੱਗੇ ਤੋਰਨੀ ਹੈ ਤਾਂ ਸਿੱਖਾਂ ਨੇ ਸ: ਮਾਨ ਦੇ 'ਚਿੱਬ' ਕੱਢ ਕੇ ਉਹਨਾਂ ਮਗਰ ਹੀ ਲੱਗਣਾ ਹੋਏਗਾ। ਸੋ ਸਿੱਖ ਉਹਨਾਂ ਮਗਰ ਲੱਗਣ ਪਰ ਲੱਗਣ ਅੱਖਾਂ ਮੀਚ ਕੇ ਨਹੀਂ, ਅੱਖਾਂ ਖੋਹਲ ਕੇ ! ਜੇ ਸ: ਮਾਨ ਪੂਰੀ ਤਰ੍ਹਾਂ ਸਿੱਖਾਂ ਦੀ ਸੰਪੂਰਨ-ਆਜ਼ਾਦੀ ਦੀ ਗੱਲ ਕਰਦੇ ਹਨ ਤਾਂ ਸਿੱਖ ਉਹਨਾਂ ਦੇ ਕਹੇ ਅੱਗ ਵਿਚ ਵੀ ਛਾਲ ਮਾਰ ਜਾਣ ਪਰ ਜੇ ਉਹ ਇਸ ਤੋਂ ਖਿਸਕਦੇ ਹਨ ਤਾਂ ਸਿੱਖ ਇਕ ਕਦਮ ਵੀ ਉਹਨਾਂ ਮਗਰ ਨਾ ਤੁਰਨ !

ਲੱਖ ਝੱਖੜ-ਔਤਾਂ ਆਉਂਣ, ਸਿੱਖੀ ਦਾ ਭਵਿੱਖ-ਭਵਾਨ ਰੌਸ਼ਨ ਹੀ ਰੌਸ਼ਨ ਹੈ ਪਰ ਇਸ ਗੱਲ ਦੀ ਗਰੰਟੀ ਜਾਂ ਜ਼ਾਮਨੀ ਹੈ ਸ਼੍ਰੋ: ਗੁ: ਪ੍ਰ: ਕਮੇਟੀ ਦੀ ਲੀਡਰਸ਼ਿਪ ਬਦਲ-ਉਲੱਦ ਕੇ ਇਸ ਦੀਆਂ ਸਫ਼ਾਂ ਵਿਚ ਇਨਕਲਾਬ ਲਿਆਉਂਣਾ ! ਸਿੱਖਾਂ ਦੀ ਅਸਲੀ ਸਰਕਾਰ ਸਾਡੀ ਸ਼੍ਰੋਮਣੀ ਕਮੇਟੀ ਹੀ ਹੈ। ਸਿੱਖ ਦਾ ਸਿਰ ਅੰਮ੍ਰਿਤਸਰ ਸਾਹਿਬ ਵੱਲ ਝੁਕਣਾ ਚਾਹੀਦਾ ਹੈ ਚੰਡੀਗੜ੍ਹ ਜਾਂ ਦਿੱਲੀ ਵੱਲ ਨਹੀਂ। ਪਰ ਹੁਣ ਕਹਾਣੀ ਸਾਡੀ ਸਿੱਖਾਂ ਦੀ ਮੂਲੋਂ ਹੀ ਉਲਟ ਹੈ। ਅਸੀਂ ਪਾਰਲੀਮੈਂਟ ਤੇ ਵਿਧਾਨ ਸਭਾ ਨੂੰ ਵਡੇਰਾ ਸਮਝ ਰਹੇ ਹਾਂ ਤੇ ਸ਼੍ਰੋਮਣੀ ਕਮੇਟੀ ਨੂੰ ਛੁਟੇਰਾ! ਸਿੱਖ ਧਰਮ ਦੀ ਪ੍ਰਫੁੱਲਤਾ ਤੋਂ ਵੱਧ ਕੇ ਸਿੱਖ-ਆਜ਼ਾਦੀ ਦਾ ਬੇਸ ਅਥਵਾ ਅਧਾਰ ਇਸੇ ਨੇ ਹੀ ਬਣਨਾ ਹੈ। ਸ: ਮਾਨ ਨੂੰ ਆਪਣਾ ਧਿਆਨ ਅਸਲ 'ਚ ਅੱਜ ਇਸੇ ਕੇਂਦਰ-ਬਿੰਦੂ ਤੇ ਕੇਂਦਰਿਤ ਕਰਨਾ ਚਾਹੀਦਾ ਹੈ ਤੇ ਇਸ ਕਾਰਜ ਲਈ ਸੰਤਾਂ, ਵਿਦਵਾਨਾਂ ਤੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ। ਸੰਤ-ਮਹਾਤਮਾ ਇਸ ਕਾਰਜ ਵਿਚ ਇਕ ਅਹਿਮ-ਰੋਲ ਅਦਾ ਕਰ ਸਕਦੇ ਹਨ। ਪਰ ਐਸਾ ਕਰਨਗੇ ਪੰਥ-ਹਿਤੈਸ਼ੀ ਸੰਤ ਹੀ! ਸੰਤਾਂ ਦਾ ਤਾਂ ਸਿੱਖੀ ਵਿਚ ਘਾਟਾ ਨਹੀਂ। ਸਿੱਖ-ਸਫ਼ਾ ਵਿਚ ਇਸ ਪ੍ਰਭਾਏ ਤਾਂ ਸਥਿੱਤੀ "ਕੀਹਦੇ ਕੀਹਦੇ ਪੈਰੀਂ ਹੱਥ ਲਾਵਾਂ ਸੰਤਾਂ ਦੇ ਵੇਸ ਵਿਰਦੇ" ਵਾਲੀ ਹੈ। ਭੇਖੀ ਸਿੱਖ-ਸਾਧ ਦਿੱਲੀ ਨੇ ਪ੍ਰਚਕਾਰ-ਬੁਸ਼ਕਾਰ ਕੇ ਆਪਣੇ ਮਗਰ ਲਾਏ ਹੋਏ ਹਨ ਤੇ ਉਹਨਾਂ ਦੀ ਸਰਪਰਸਤੀ ਕਰਕੇ ਉਹ ਸਿੱਖਾਂ ਦੀਆਂ ਜੜ੍ਹਾਂ ਵੱਢ ਰਹੀ ਹੈ। ਸਿੱਖੀ ਨੂੰ ਮਜ਼ਬੂਤ ਕਰਨ ਲਈ ਅੱਜ ਸਿੱਖਾਂ ਨੇ ਸੁਜਾਖੇ ਹੋ ਕੇ ਅਜਿਹੇ 'ਬਨਾਰਸਿ ਕੇ ਠਗ' ਤੇ 'ਹਰਿ ਕੇ ਸੰਤ' ਨਿਖੇੜ-ਨਿਤਾਰ ਕੇ ਗੁਰੂ ਕੇ ਖੇਤੀ ਉਜਾੜਨ ਵਾਲੇ ਸਰਕਾਰੂ-ਸਾਧਾਂ ਨੂੰ ਨਕਾਰਨਾ ਹੋਵੇਗਾ ਅਤੇ ਸਿੱਖ-ਸਫ਼ਾ ਵਿਚ ਇਨਕਲਾਬ ਲਿਆਉਂਣ ਲਈ ਸੰਤ ਅਤਰ ਸਿੰਘ, ਬਾਬਾ ਰਾਮ ਸਿੰਘ ਤੇ ਸੰਤ ਜਰਨੈਲ ਸਿੰਘ ਵਰਗੇ ਸੂਰਮੇਂ ਸੰਤਾਂ ਨੂੰ ਸਤਿਕਾਰਨਾ ਹੋਏਗਾ। ਅੱਜ ਪੰਥ ਨੂੰ ਗਿਆਨੀ ਗਿਆਨ ਸਿੰਘ, ਪ੍ਰੋ: ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਪੰਡਤ ਕਰਤਾਰ ਸਿੰਘ ਦਾਖਾ ਤੇ ਸ: ਸ਼ਮਸ਼ੇਰ ਸਿੰਘ ਅਸ਼ੋਕ

ਤੇ ਸਿਰਦਾਰ ਕਪੂਰ ਸਿੰਘ ਵਰਗੇ ਸਿਰਤੀ ਵਿਦਵਾਨਾਂ ਦੀ ਲੋੜ ਹੈ ਜੋ ਪੰਥਕ-ਚੌਗਿਰਦੇ 'ਚੋਂ ਅਗਿਆਨ, ਸਵਾਰਥ ਤੇ ਨਿਰਾਸਤਾ ਦੀ ਧੁੰਦ ਨੂੰ ਉਡਾਉਣ-ਖਿਡਾਉਣ ਲਈ ਸਿੱਖੀ ਚਾਨਣ ਦੇ ਛਿੱਟੇ ਦੇਣ।

ਬੰਦਾ ਬਹਾਦਰ ਦੀ ਗ੍ਰਿਫਤਾਰੀ ਤੇ ਸ਼ਹੀਦੀ ਉਪਰੰਤ ਮੁਗਲਾਂ ਦੇ ਜ਼ਮਾਨੇ ਸਿੱਖ ਸਖਤੀ ਦੇ ਦੌਰ 'ਚੋਂ ਲੰਘੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਅਤੇ ਖਾਲਸਾ-ਰਾਜ ਖੁੱਸਣ ਮਗਰੋਂ ਨਿਰਾਸਤਾ-ਨਮੋਸ਼ੀ 'ਚੋਂ ਵਿਚਰੇ ਸਨ। ਹੁਣੇ ਵਾਪਰੇ ਤੀਸਰੇ ਘੱਲੂਘਾਰੇ ਸਮੇਂ ਹੁਣ ਸਿੱਖਾਂ ਦੇ ਹਾਲਾਤ ਇਹ ਹਨ ਕਿ ਸਿੱਖਾਂ ਦਾ ਵਾਹ ਅੱਜ ਮੁਗਲਾਂ ਤੇ ਅੰਗਰੇਜ਼ਾਂ ਨਾਲੋਂ ਚਤਰ ਦੁਸ਼ਮਣ ਨਾਲ ਹੈ। ਹੁਣ ਸਿੱਖਾਂ ਨੂੰ ਦੂਬੇਲ ਬਣਾ ਕੇ ਰੱਖਣ ਲਈ ਮਿੱਠੀ-ਛੁਰੀ ਨਾਲ ਜ਼ਿਬਾਹ ਕੀਤਾ ਜਾਣਾ ਹੈ ਪਰ ਸਿੱਖ ਤੇ ਸਿੱਖੀ ਦੀ ਸਲਾਮਤੀ ਇਸੇ ਵਿਚ ਹੈ ਕਿ ਸਿੱਖ ਆਪਣੀ ਆਜ਼ਾਦੀ ਦੀ ਤਹਿਰੀਕ ਨੂੰ ਹੁਣ ਦਬਣ ਨਾ ਦੇਣ। ਭਾਰਤ ਨੇ ਖਿਲਰਨਾ ਹੀ ਖਿਲਰਨਾ ਹੈ ਤੇ ਟੁੱਟੇਗਾ ਵੀ ਸਭ ਤੋਂ ਪਹਿਲਾਂ ਭਾਰਤ ਨਾਲੋਂ ਇਸਦਾ ਉਤਰੀ ਹਿੱਸਾ! ਅਤੇ ਸਿੱਖ ਅਵੱਸ਼ ਆਜ਼ਾਦ ਹੋਣਗੇ !! ਪਰ ਵਰਤਮਾਨ ਚੋਣਾਂ ਦੇ ਉਰਵਾਰ ਅੱਜ ਸਿੱਖਾਂ ਨੂੰ ਆਪਣੀ ਆਜ਼ਾਦੀ ਦੀ ਲਹਿਰ ਨੂੰ ਸੰਗਠਿਤ ਕਰਨ ਦੀ ਸਖਤ ਜ਼ਰੂਰਤ ਹੈ। ਪੰਦਰਾਂ ਵਰ੍ਹੇ ਸੰਘਰਸ਼ ਦੇ ਲੰਬੇ ਸਮੇਂ 'ਚੋਂ ਗੁਜ਼ਰਨ ਉਪਰੰਤ ਅੱਜ ਦੇਸ਼-ਵਿਦੇਸ਼ 'ਚ ਬੈਠੇ ਸਿੱਖਾਂ ਨੂੰ ਸੰਘਰਸ਼ ਦੀਆਂ ਉਕਾਈਆਂ ਦਾ ਚੰਗੀ ਤਰਾਂ ਚਾਨਣ ਤੇ ਇਲਮ ਹੋ ਗਿਆ ਹੋਣਾ ਚਾਹੀਦਾ ਹੈ ਤੇ ਸੰਘਰਸ਼ ਨੂੰ ਅੱਗੇ ਤੋਰਨ ਵਾਲੀਆਂ ਈਮਾਨਦਾਰ ਧਿਰਾਂ ਤੇ ਤਾਕਤਾਂ ਦਾ ਵੀ। ਸਿੱਖ-ਸੰਘਰਸ਼ ਨੂੰ ਖਾੜਕੂ ਆਪਣੇ ਸਿਰ ਬੀਜ ਕੇ ਕਿਥੋਂ ਤੱਕ ਕਿਵੇਂ ਲਿਆਏ ਤੇ ਕੇਸਰੀ-ਫਸਲ 'ਚ ਰਲਾ ਪੈ ਕੇ ਇਸਦਾ ਵਢਾਂਗਾਂ ਕਿਵੇਂ ਹੋਇਆ ਹੈ ? ਇਤਨੇ ਵੱਡੇ ਕੌਮੀ-ਨੁਕਸਾਨ ਤੇ ਹਾਨੀ ਮਗਰੋਂ ਦੇਸ਼ 'ਚ ਸਿੱਖਾਂ ਦੀਆਂ ਧਾਰਮਿਕ-ਰਾਜਸੀ ਸੰਸਥਾਵਾਂ ਉਤੇ ਕਾਬਜ਼ ਰਵਾਇਤੀ-ਅਕਾਲੀ ਲੀਡਰਾਂ ਸਮੇਤ ਜਥੇਦਾਰ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ, ਇਹਨਾਂ 'ਚੋਂ ਕੌਣ-ਕੌਣ ਕੌਮ ਦੇ ਕਿੰਨਾ ਕੁ ਹੱਕ ਵਿਚ ਭੁਗਤਿਆ ਹੈ ਤੇ ਕੌਣ ਕੁਰਸੀ ਲਈ ਦੁਸ਼ਮਣਾਂ ਦੀ ਕਤਾਰ 'ਚ ਕਿੰਨਾ ਕੁ ਖਲੋਇਆ ਹੈ ? ਵਿਦੇਸ਼ੀ ਸਿੱਖ-ਜਥੇਬੰਦੀਆਂ ਨਾਮੂਰਿਆਂ-ਨੈਕਾਰਿਆਂ ਦੇ ਦੌਰ 'ਚੋਂ ਨਿਕਲ ਕੇ ਸਿੱਖ-ਆਜ਼ਾਦੀ ਲਈ ਕਿੰਨਾ ਕੁ ਸਾਰਥਿਕ ਤੇ ਨਿੱਗਰ ਉਦਮ ਕਰ ਸਕੀਆਂ ਹਨ? ਕਿਸ ਕਿਸ ਵਿਦੇਸ਼ੀ ਸਿੱਖ-ਲੀਡਰ ਦੀ ਸੰਘਰਸ਼ ਪ੍ਰਤੀ ਕਿਜੇਹੀ ਭੂਮਿਕਾ ਰਹੀ ਹੈ ? ਜਨਰਲ ਭੁੱਲਰ ਸੰਘਰਸ਼ ਦੌਰਾਨ ਵਿਦੇਸ਼ਾਂ 'ਚ ਅਹਿਮ-ਭੂਮਿਕਾ ਨਿਭਾਅ ਕੇ ਗਏ ਹਨ, ਉਸ ਨਾਲ ਕੌਮ ਦਾ ਕਿਤਨਾ ਕੁ ਕੁਝ ਸੰਵਰ ਸਕਿਆ ਹੈ ? ਲੰਬਾ ਅਰਸਾ ਖਾੜਕੂ-ਸੰਘਰਸ਼ ਦੇ ਸੰਚਾਲਕ ਰਹੇ ਡਾ: ਸੋਹਣ ਸਿੰਘ ਦੀ ਭੇਦਭਰੀ ਗ੍ਰਿਫਤਾਰੀ, ਜਿਹਲ-ਯਾਤਰਾ ਤੇ ਰਿਹਾਈ ਮਗਰੋਂ ਇਸ ਸੰਘਰਸ਼ ਦੀਆਂ ਗਤੀਵਿਧੀਆਂ ਪ੍ਰਤੀ ਅਗਿਆਨਤਾ ਆਦਿ ਬਾਰੇ ਬਿਆਨਾਂ 'ਚ ਕਿੰਨੀ ਕੁ ਸੱਚਾਈ ਹੈ। ਸੰਘਰਸ਼ ਦੌਰਾਨ ਸਿੱਖੀ-ਪਰੰਪਰਾਵਾਂ ਉਤੇ ਖਾੜਕੂਆਂ ਨੇ ਕਿੰਨਾ ਕੁ ਪਹਿਰਾ ਦਿੱਤਾ ਹੈ ਤੇ ਖਿਸਕੂ-ਅਕਾਲੀ ਕਿੰਨੇ ਕੁ ਖਿਸਕੇ ਹਨ? ਅੱਜ ਇਸ ਪੜਾਅ ਤੋਂ ਸਿੱਖ-ਸੰਘਰਸ਼ ਨੂੰ ਅੱਗੇ ਤੋਰਨ ਲਈ.ਇਹਨਾਂ ਸਭਨਾਂ ਤਥਾਂ ਦੀ ਪੁਣ-ਛਾਣ ਤੇ ਪਰਖ-ਪੜਚੋਲ ਕਰਨੀ ਪਏਗੀ ਤੇ ਫਿਰ ਰਹੀਆਂ ਉਕਾਈਆਂ ਤੇ ਹੋਈਆਂ ਗਲਤੀਆਂ ਨੂੰ ਸੋਧ ਕੇ ਹੀ ਅੱਗੇ ਤੁਰਨਾ ਹੋਏਗਾ।

ਜੇ ਇਸ ਅਰਸੇ ਦੌਰਾਨ ਅਸੀਂ ਮਸੀਂ ਮਿਲੇ ਸੰਤ ਜਰਨੈਲ ਸਿੰਘ ਮਗਰੋਂ ਭਾਈ ਗੁਰਦੇਵ ਸਿੰਘ ਕਾਉਂਕੇ ਜਿਹੇ ਦ੍ਰਿੜ ਇਰਾਦੇ ਵਾਲੇ, ਸਿੱਖਾਂ ਦਾ ਭਵਿੱਖ ਬਣਾਉਣ ਵਾਲੇ ਲੀਡਰ ਗੁਆ ਲਏ ਹਨ। ਗਿਣਤੀ ਦੇ ਖਾੜਕੂ-ਯੋਧਿਆਂ ਤੋਂ ਬਿਨਾ ਸਾਰੇ ਜਰਨੈਲ ਸ਼ਹੀਦ ਕਰਵਾ ਲਏ ਹਨ। ਹਰਮਿੰਦਰ ਸਿੰਘ ਸੰਧੂ ਵਰਗੇ ਕਿੰਨੇ ਨੌਜਵਾਨ ਹੀਰੇ ਭੰਗ ਦੇ ਭਾਣੇ ਹੀ ਗੁਆ ਲਏ ਹਨ। ਜਥੇਦਾਰ ਜਗਦੇਵ ਸਿੰਘ ਖੁੱਡੀਆਂ ਵਰਗੇ ਸਾਧ-ਸਿੱਖ ਖੁਹਾ ਲਏ ਹਨ ਤੇ ਆਪਣੇ ਲੋਕ-ਹਿਤੂ ਖਾਲਤੇ ਵਰਗੇ ਖਪਾ ਲਏ ਹਨ, ਤਾਂ ਸਾਨੂੰ ਅੱਜ ਬੁੱਧ-ਬਲ ਵਰਤਦਿਆਂ ਉਹ ਬ੍ਰਾਨਣੂੰ ਬੁੰਨਣਾ ਚਾਹੀਦਾ ਹੈ ਜਿਸ ਨਾਲ ਅਜਿਹਾ ਕੁਝ ਫੇਰ ਨਾ ਵਾਪਰੇ। ਭਾਰਤੀ-ਤਸ਼ੱਦਦ ਦੇ ਸਤਾਏ ਜਿਹੜੇ ਸਾਡੇ ਕਤੀਆਂ ਵਰਗੇ ਨੌਜਵਾਨ ਦੇਸ਼ ਵਿਚ ਰੂਪੋਸ਼ ਹੋ ਅਤੇ ਵਿਦੇਸ਼ਾਂ ਵਿਚ ਸਖਤ ਦਿਨ ਬਤੀਤ ਕਰ ਰਹੇ ਹਨ, ਉਹਨਾਂ 'ਚੋਂ ਹੁਣ ਕਿਸੇ ਦੀ ਕੀਮਤੀ ਜਾਨ ਅਜਾਈਂ ਨਾ ਜਾਵੇ। ਸਗੋਂ ਜਿਹੜੇ ਕੌਮ ਲਈ ਜਾਨਾਂ ਵਾਰ ਗਏ ਹਨ ਅਸੀਂ ਉਹਨਾਂ ਦੀ ਕੁਰਬਾਨੀ ਸਹਾਰੇ ਕੌਮ ਲਈ ਕੁਝ ਪ੍ਰਾਪਤ ਕਰੀਏ ਤੇ ਉਹਨਾਂ ਦੇ ਪ੍ਰਵਾਰਾਂ ਦੀ ਕੋਈ ਸੁਰਤ-ਸੰਭਾਲ ਦੀ ਜੁਗਤ ਬਣਾਈਏ।

ਸਾਡੀ ਕੌਮੀ ਕੇਸਰੀ-ਫਸਲ ਦੀ ਵਾਢੀ ਲਈ ਦਿੱਲੀ ਦੀ ਦੱਾਤੀ ਦਾ ਦਸਤਾ ਬਹੁਤਾ ਕਰਕੇ ਸਿੱਖ ਹੀ ਬਣੇ ਹਨ। ਅੱਜ ਇਕ ਪਾਸੇ ਤਾਂ ਸਿੱਖ-ਆਜ਼ਾਦੀ ਦੇ ਅੰਦੋਲਨ ਵਿਚ ਨੌਜਵਾਨ ਕੁਰਬਾਨ ਹੋ ਗਏ ਤੇ ਪੰਥ-ਹਿਤੈਸ਼ੀ ਆਪਣੇ ਘਰ-ਬਾਰ ਪ੍ਰਵਾਰ ਲਾ-ਲੁਟਾ ਗਏ ਹਨ ਤੇ ਵਰ੍ਹਿਆਂ-ਬੱਧੀ ਕਿੰਨੇ ਹੀ ਕੌਮ-ਦਰਦੀ ਘਰ-

ਘਾਟ ਤੇ ਬਾਲ-ਬੱਚੇ ਛੱਡ ਦੇਸ਼-ਵਿਦੇਸ਼ ਦੀਆਂ ਜਿਹਲਾਂ 'ਚ ਰੁਲਦੇ ਰਹੇ ਤੇ ਅੱਜ ਵੀ ਰੁਲ ਰਹੇ ਹਨ ਤੇ ਦੂਸਰੇ ਪਾਸੇ ਕੌਮੀ-ਫਸਲ ਦੀਆਂ ਕਾਂਗਿਆਰੀਆਂ, ਦੇਸ਼-ਵਿਦੇਸ਼ ਵਿਚ ਸ਼ਕਲੋਂ-ਦਿਸਦੇ ਉਹ ਵੀ ਕੁਝ ਸਿੱਖ ਹਨ ਜੋ ਇਸ ਕੌਮੀ-ਦੁਖਾਂਤ ਦੌਰਾਨ ਵੀ ਕੁਰਸੀਆਂ ਤੇ ਨਿਗੂਣੇ ਮਾਣ-ਸਨਮਾਨਾਂ ਲਈ ਦਿੱਲੀ ਦਾ ਪੱਖ ਪੂਰ ਰਹੇ ਹਨ। ਸਿੱਖ-ਆਜ਼ਾਦੀ ਦੀ ਲਹਿਰ ਨੂੰ ਬਲਵਾਨ ਬਣਾਉਣ ਲਈ ਜ਼ਰੂਰੀ ਹੈ ਕਿ ਸਿੱਖ ਅੱਜ ਅਜਿਹੇ ਸਰਕਾਰ-ਪ੍ਰਸੱਤ ਸਾਧਾਂ, ਸਿਆਤਦਾਨਾਂ, ਪ੍ਰਚਾਰਕਾਂ ਤੇ ਕਲਮ ਨੂੰ ਕੈਂਚੀ ਬਣਾ ਕੇ ਕੌਮ ਨੂੰ ਕਤਰਨ ਵਾਲੇ ਅਖੌਤੀ ਕਲਮਕਾਰਾਂ ਦਾ ਤ੍ਰਿਸਕਾਰ ਕਰਨ ਅਤੇ ਵਿਸ਼ੇਸ਼ਕਰ ਮੀਡੀਏ ਦੇ ਮਹੱਤਵ ਨੂੰ ਸਮਝਦੇ ਹੋਏ ਸਿੱਖ-ਆਜ਼ਾਦੀ ਦੇ ਸਮਰਥਕ ਅਖਬਾਰਾਂ, ਟੀ. ਵੀ. ਅਤੇ ਰੇਡੀਓ ਪ੍ਰੋਗਰਾਮਾਂ ਨੂੰ ਤਕੜਿਆਂ ਕਰਨ।

ਮੁਕਦੀ ਗੱਲ, ਇਹਨਾਂ ਚੋਣਾਂ ਉਪਰੰਤ ਸ: ਮਾਨ ਇਕ ਗੱਲ ਦ੍ਰਿੜਾ ਲੈਣ ਕਿ ਉਹਨਾਂ ਹੁਣ ਤੋਂ ਕੋਈ ਰਾਜਸੀ ਅਥਵਾ ਪਾਰਲੀਮੈਂਟ ਜਾਂ ਵਿਧਾਨ-ਸਭਾ ਦੀ ਚੋਣ ਆਪੂੰ ਨਹੀਂ ਲੜਨੀ ਸਗੋਂ ਸਿੱਖਾਂ ਦੇ ਵਜ਼ੀਰੀਆਂ-ਕੁਰਸੀਆਂ ਵੰਡਣ ਵਾਲੇ ਸਿਰਮੌਰ-ਨੇਤਾ ਬਣ ਕੇ ਵਿਚਰਨਾ ਹੈ ਅਤੇ ਸਿੱਖ-ਆਜ਼ਾਦੀ ਦੇ ਝੰਡੇ ਨੂੰ ਸਦਾ ਬੁਲੰਦ ਰੱਖ ਕੇ ਹੁਣ ਸਿੱਖਾਂ ਦੀ ਆਜ਼ਾਦੀ ਲਈ ਇਕ ਪੁਰਅਮਨ ਪਰ ਜ਼ਬਰਦਸਤ-ਲਹਿਰ ਚਲਾਉਣੀ ਹੈ। ਕਲ੍ਹ ਨੂੰ ਪੰਜਾਬ 'ਚ ਵਿਧਾਨ-ਸਭਾ ਦੀਆਂ ਚੋਣਾਂ ਆ ਰਹੀਆਂ ਹਨ, ਸ਼੍ਰੋ: ਅਕਾਲੀ ਦਲ (ਅੰ) ਇਹ ਚੋਣਾਂ ਲੜਨਾ ਚਾਹੁੰਦਾ ਹੈ, ਉਹ ਆਪਣੇ ਉਮੀਦਵਾਰ ਖੜੇ ਕਰੇ ਪਰ ਸ: ਮਾਨ ਆਪ ਇਹ ਇਲੈਕਸ਼ਨ ਬਿਲਕੁਲ ਨਾ ਲੜਨ। ਮੈਂ ਪੰਥ ਦੇ ਘਰੋਂ ਭੱਜੇ (ਨਹੀਂ! ਅਕਾਲੀਆਂ ਦੇ ਭਜਾਏ !!) ਨੌਜਵਾਨਾਂ ਦੀ ਸ਼ਕਤੀ ਪੰਥ ਲਈ ਵਰਤਣ ਦਾ ਸਦਾ ਹੀ ਸਮਰਥਕ ਰਿਹਾ ਹਾਂ। ਸ: ਜਗਮੀਤ ਸਿੰਘ ਬਰਾੜ ਅਜਿਹੇ ਹੀ ਇਕ ਕੌਮ ਦੇ ਨੌਜਵਾਨ ਹਨ। ਮੈਂ ਅੱਗੇ ਵੀ ਇਕ ਦੋ ਵੇਰ ਉਹਨਾਂ ਨੂੰ ਨਿਸੰਗਤਾ ਨਾਲ ਸੁਝਾਅ ਦਿੱਤੇ ਹਨ ਕਿ ਉਹ ਆਪਣੀ ਸ਼ਕਤੀ ਕੌਮ ਲਈ ਵਰਤਣ। ਖੈਰ, ਹੁਣ ਉਹ ਕਾਂਗਰਸ ਦੇ ਚੱਕਰ ਕੱਢ ਕੇ, ਪੰਥੀ ਦਾ ਭੌਣ ਵੇਖ ਚੁੱਕੇ ਹਨ ਤੇ ਅਜੇ ਵੀ ਕੋਈ ਹੋਰ ਪਾਰਟੀ ਬਣਾਉਣ ਬਾਰੇ ਸੋਚਦੇ ਹਨ। ਪਰ ਇਕ ਗੱਲ ਉਹਨਾਂ ਨੂੰ ਇਕ ਟੋਟਕੇ ਰਾਹੀਂ ਸੰਕੇਤ ਕਰ ਰਿਹਾ ਹਾਂ- "ਆਖਰ ਪੁੱਤ ਬਸੰਤਿਆ ਤੂੰ ਹੱਟੀ ਬਹਿਣਾ !" ਇਸ ਬਿਨਾ ਉਹਨਾਂ ਦੀ ਬਾਤ ਕਦੇ ਵੀ ਨਹੀਂ ਬਣ ਸਕਣੀ। ਹੁਣ ਬਥੇਰੀ ਹੋ ਗਈ, ਉਹ ਹੁਣ ਘਰ ਪਰਤ ਆਉਣ ਤੇ ਸ: ਮਾਨ ਦੀ ਕਮਾਨ ਕਬੂਲ ਕੇ ਪੰਥ ਦੀ ਸੇਵਾ 'ਚ ਜੁੱਟ ਜਾਣ। ਸ: ਮਾਨ ਨੂੰ ਵੀ ਇਕ ਸੁਝਾਅ ਹੈ ਕਿ ਉਹ ਪੰਥਕ-ਪੰਧ ਉਤੇ ਦਿਆਨਤਦਾਰੀ ਨਾਲ ਤੁਰਨ ਦੀ ਗਰੰਟੀ ਲੈ ਕੇ ਵਿਧਾਨ-ਸਭਾ ਦੀ ਟੀਮ ਤਿਆਰ ਕਰਨ ਲਈ ਸ: ਜਗਮੀਤ ਸਿੰਘ ਨੂੰ ਮੈਦਾਨ ਵਿਚ ਉਤਾਰਨ ਤੇ ਆਪ ਪਹਿਲ-ਪ੍ਰਾਥਮਿਕਤਾ ਸ਼੍ਰੋ: ਗੁ: ਪ੍ਰ: ਕਮੇਟੀ ਦੀ ਚੋਣ ਨੂੰ ਦੇਣ। ਅੱਗੇ ਅਕਾਲੀਆਂ ਨੇ ਵਿਧਾਨ-ਸਭਾ ਦੀਆਂ ਚੋਣਾਂ ਜਿੱਤ-ਜਿੱਤ ਕੇ ਸਰਕਾਰਾਂ ਬਣਾ-ਬਣਾ ਕੇ ਵੇਖ ਲਈਆਂ ਪਰ ਉਹ ਪੰਥਕ ਅਥਵਾ ਸਿੱਖ-ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰ ਸਕੇ। ਅੱਜ ਲੋੜ ਹੈ ਕਿ ਕੌਮ ਦੀ ਕਮਾਨ ਕਰਦਿਆਂ ਸ: ਮਾਨ ਨੂੰ ਵਿਧਾਨ-ਸਭਾ ਦੀ ਬਜਾਏ ਵੱਡਾ ਫਿਕਰ ਸ਼੍ਰੋਮਣੀ ਕਮੇਟੀ ਦੀਆਂ ਚਾਬੀਆਂ ਲੈਣ-ਖੋਹਣ ਦਾ ਹੋਣਾ ਚਾਹੀਦਾ ਹੈ ਤੇ ਇਸ ਕੌਮੀ-ਕਾਰਜ ਵਿਚ ਵਿਸ਼ੇਸ਼ ਕਰ ਪੰਥ-ਹਿਤੈਸ਼ੀ ਵਿਦਵਾਨ ਤੇ ਨੌਜਵਾਨ ਸ: ਮਾਨ ਦੀ ਕਮਾਨ ਥੱਲੇ ਇਕ ਜ਼ੋਰਦਾਰ ਹੱਲਾ ਬੋਲ ਕੇ ਇਸ ਦੇ ਦਰਵਾਜ਼ੇ, ਖਿੜਕੀਆਂ ਤੇ ਰੋਸ਼ਨਦਾਨਾਂ ਰਾਹੀਂ ਭਾਵ ਹਰ-ਹੀਲੇ ਤੇਜਾ ਸਿੰਘ ਸਮੁੰਦਰੀ ਹਾਲ (ਦਫਤਰ ਸ਼੍ਰੋ: ਗੁ: ਪ੍ਰ: ਕਮੇਟੀ !) ਵਿਚ ਪ੍ਰਵੇਸ਼ ਕਰਨ ਤੇ ਸਾਡੀ ਇਸ ਸਰਬੋਤਮ ਧਾਰਮਿਕ-ਸੰਸਥਾ ਦੀ ਇਮਾਰਤ 'ਚੋਂ ਭ੍ਰਿਸ਼ਟ-ਲੀਡਰਸ਼ਿਪ ਦਾ ਮਲਬਾ ਹੂੰਝ, ਇਸਦੀਆਂ ਛਤਾਂ-ਕੰਧਾਂ ਤੋਂ ਅਨਪੁੜਤਤਾ, ਜਹਾਲਤ ਤੇ ਸੁਆਰਥ ਦੇ ਜਾਲੇ ਲਾਹ ਅਤੇ ਝਾੜ-ਝੰਬ ਸੁਆਰ-ਬੁਹਾਰ ਇਸ ਨੂੰ ਇਕ ਐਸੀ ਰੌਸ਼ਨ ਕੌਮੀ-ਇਮਾਰਤ ਵਿਚ ਤਬਦੀਲ ਕਰਨ ਜਿਸ ਦੇ ਝਰੋਖਿਆਂ 'ਚੋਂ ਗੁਰਮਤ ਦਾ ਚਾਨਣ ਜਹਾਨ ਵਿਚ ਚੁਫੇਰੇ ਝਰ-ਕਿਰ-ਵੁਰ ਤੁਰੇ ਤੇ ਜਿਸਦੇ ਗੁੰਬਦਾਂ-ਮਮਟੀਆਂ 'ਚੋਂ ਸਿੱਖ-ਸੁਤੰਤਰਤਾ ਦੀ ਆਵਾਜ਼ ਬੁਲੰਦ ਹੋ ਕੇ ਸਮੁੱਚੀ-ਮਾਨਵਤਾ ਅਥਵਾ ਸੰਸਾਰ ਭਰ ਵਿਚ ਖਿੲਲਰ ਜਾਵੇ!

(27 ਜੂਨ, 1996)



ਸ੍ਰ: ਗਿਆਨੀ ਦੀਨਾਣ ਸਿੰਘ ਜੀ ਨਾਂਹਤਰ (ਮੈਂਬਰ ਸ੍ਰੋ: ਗੁ: ਪ੍ਰ: ਕ:) ਜਿਹਨਾਂ ਲੇਖਕ ਨੂੰ ਸਿੱਖੀ ਅਤੇ ਸਿੰਘ-ਸਿੰਘਾਸਣ ਦੀ ਕੁਝ ਤੀ ਦਿੱਤੀ !

ਸ਼ੇਰ ਸਿੰਘ ਕੰਵਲ

ਸਵੇਰ

ਦੁਪਹਿਰ

ਢਲਦੇ ਪੁਰਛੰਵੇਂ



ਦਲ-ਭੰਜਨ, ਗੁਰ-ਸੂਰਮੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਸਕਤੀ ਤੇ ਭਗਤੀ ਦਾ ਸੁਮੇਲ ਅਤੇ ਮੀਰੀ-ਪੀਰੀ ਦਾ ਮੁਜੱਸਮਾ ਸ੍ਰੀ ਅਕਾਲ ਤਖਤ ਸਾਹਿਬ ਜਿਸ ਨੂੰ ਭਾਰਤੀ ਫੌਜਾਂ ਨੇ ਜੂਨ-1984 ਵਿਚ ਤੋਪਾਂ ਨਾਲ ਉਡਾਇਆ !



ਆਨੰਦਪੁਰ ਆਖਦਾ ਦਿਲੀਏ
ਆਨੰਦਪੁਰ ਜਾਗਦੇ ਰਹਿਣਾ !
ਜ਼ੁਲਮ ਨੂੰ ਮਾਰਦਾ ਦਿੱਲੀ
ਜ਼ੁਲਮ ਇਸ ਮਾਰਦੇ ਰਹਿਣਾ !!
ਨੀਚ ਸਤਿਕਾਰਦਾ ਦਿੱਲੀਏ
ਇਕਨੇ ਸਤਿਕਾਰਦੇ ਰਹਿਣਾ !!
ਲਈ [illegible] ਜਿੰਦ
ਸਦ[illegible] !!

ਦਿੱਲੀਏ ! ਜ਼ੁਲਮ ਦੇ ਕਿੰਗਰੇ,
ਆਨੰਦਪੁਰ ਮੋੜਦਾ ਰਹਿਸੀ
ਜ਼ੁਲਮ ਦੀ ਧਾਰ ਨੂੰ ਦਿੱਲੀਏ
ਆਨੰਦਪੁਰ ਮੋੜਦਾ ਰਹਿਸੀ !! "